
ਭਾਰਤ ਮੇਰੀ ਨਜ਼ਰ ਵਿੱਚ

ਖੁਸ਼ਵੰਤ ਸਿੰਘ



ਭਾਰਤ ਮੇਰੀ ਨਜ਼ਰ ਵਿੱਚ

ਖ਼ੁਸ਼ਵੰਤ ਸਿੰਘ

ਭਾਰਤ ਮੇਰੀ ਨਜ਼ਰ ਵਿੱਚ

ਖ਼ੁਸ਼ਵੰਤ ਸਿੰਘ

ਸੰਪਾਦਕ: ਰਾਹੁਲ ਸਿੰਘ

ਅਨੁਵਾਦਕ: ਅਭੈ ਸਿੰਘ

Prose/Essay/India/Socio-Religious streams/Freedom Movement/ Personalities/Culture/Literature

ISBN : 978-93-5204-249-4

Bharat Meri Nazar Vich Khushwant Singh

Edited By

Rahul Singh

Translated by

Abhai Singh


2015

Published, printed & bound by
Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

ਤਤਕਰਾ

ਭਾਰਤ ਮੇਰੀ ਨਜ਼ਰ ਵਿੱਚ

ਖੁਸ਼ਵੰਤ ਸਿੰਘ



ਸੰਪਾਦਕ ਦਾ ਨੋਟ

ਕੁਝ ਦੇਰ ਪਹਿਲਾਂ ਮੇਰੇ ਪਿਤਾ ਖੁਸ਼ਵੰਤ ਸਿੰਘ ਨੇ ਕਾਗਜ਼ਾਂ ਦਾ ਇਕ ਬੰਡਲ ਮੇਰੇ ਹਵਾਲੇ ਕੀਤਾ ਤੇ ਦੱਸਿਆ ਕਿ ਇਹ ਉਹਨਾਂ ਦੇ ਲੈਕਚਰ ਹਨ ਜੋ ਅਮਰੀਕਾ ਦੇ ਸਵਾਰਥਮੋਰ ਕਾਲਜ ਵਿਚ ਭਾਰਤ ਬਾਰੇ ਦਿੱਤੇ ਸਨ। ਮੈਨੂੰ ਯਾਦ ਆਇਆ ਕਿ ਇਸ ਤਰ੍ਹਾਂ ਦੇ ਹੀ ਵਿਸ਼ੇ ਉਪਰ ਉਹਨਾਂ ਦੇ ਲੇਖ 'ਖੁਸ਼ਵੰਤ ਸਿੰਘ ਦਾ ਭਾਰਤ' ਕਾਫੀ ਕਾਮਯਾਬ ਹੋਏ ਸਨ, ਮੈਂ ਉਹਨਾਂ ਨੂੰ ਧਿਆਨ ਨਾਲ ਪੜ੍ਹਨਾ ਸ਼ੁਰੂ ਕੀਤਾ।

ਉਸ ਦਾ ਨਤੀਜਾ ਇਹ ਕਿਤਾਬ ਹੈ ਜੋ ਭਾਰਤ ਦੇ ਲੋਕ, ਧਰਮ, ਇਤਿਹਾਸ, ਰਾਜਨੀਤੀ, ਕਲਾ ਤੇ ਸਾਹਿਤ ਬਾਰੇ ਜਾਣਕਾਰੀ ਦੇਂਦੀ ਹੈ। ਖੋਜੀ ਵਿਦਵਾਨ ਲੋਕ ਇਸ ਕਿਤਾਬ ਵਿਚ ਕਈ ਨੁਕਸ ਕੱਢਣਗੇ ਪਰ ਇਹ ਕਿਤਾਬ ਉਹਨਾਂ ਵਾਸਤੇ ਨਹੀਂ। ਫਿਰ ਵੀ ਜੇ ਉਹ ਪੜ੍ਹਨਾ ਚਾਹੁਣ ਤਾਂ ਦਿਲਚਸਪੀ ਤੋਂ ਖਾਲੀ ਨਹੀਂ ਰਹਿਣਗੇ। ਅਸਲ ਵਿਚ ਇਹ ਕਿਤਾਬ ਉਹਨਾਂ ਲੋਕਾਂ ਵਾਸਤੇ ਹੈ ਜੋ ਭਾਰਤ ਬਾਰੇ ਜਾਨਣਾ ਚਾਹੁੰਦੇ ਹਨ ਪਰ ਉਹਨਾਂ ਕੋਲ ਵੱਖ ਵੱਖ ਵਿਸ਼ੇ ਦੀਆਂ ਮੋਟੀਆਂ ਤੇ ਕਈ ਕਿਤਾਬਾਂ ਪੜ੍ਹਨ ਦਾ ਵਕਤ ਨਹੀਂ ਹੈ।

ਇਹ ਕਿਤਾਬ ਵੱਖ ਵੱਖ ਲੋਕਾਂ ਲਈ ਵੱਖ ਵੱਖ ਤਰੀਕੇ ਨਾਲ ਲਾਭਕਾਰੀ ਹੋ ਸਕਦੀ ਹੈ। ਜੇ ਤੁਸੀਂ ਕਿਸੇ ਜੈਨੀ ਬਿਜ਼ਨੈਸਮੈਨ ਨਾਲ ਡਿਨਰ ਉਪਰ ਜਾ ਰਹੇ ਹੋ ਅਤੇ ਤੁਹਾਡੇ ਕੋਲ ਉਸ ਦੇ ਧਰਮ ਦੀ ਬੁਨਿਆਦੀ ਜਾਣਕਾਰੀ ਹੋਵੇਗੀ ਤਾਂ ਉਸ ਉਪਰ ਚੰਗਾ ਪ੍ਰਭਾਵ ਪਵੇਗਾ। ਇਸ ਪ੍ਰਭਾਵ ਨਾਲ ਉਹ ਤੁਹਾਨੂੰ ਆਪਣੇ ਕਾਰੋਬਾਰ ਵਿਚ ਨੌਕਰੀ ਜਾਂ ਹਿੱਸਾ ਪੱਤੀ ਦੇ ਸਕਦਾ ਹੈ।

ਫਿਰ ਵੀ ਇਹਨਾਂ ਲੈਕਚਰਾਂ ਦੀ ਪਹਿਲੀ ਸਿਫ਼ਤ ਇਹ ਹੈ ਕਿ ਇਹ ਪੜ੍ਹਨਯੋਗ ਹਨ। ਇਸ ਵਿਚ ਕੁਝ ਵੀ ਵਧਾ ਚੜ੍ਹਾ ਕੇ ਕੀਤਾ ਗਿਆ ਪ੍ਰਚਾਰ ਨਹੀਂ ਹੈ ਤੇ ਨਾ ਹੀ ਇਤਿਹਾਸਕ ਖੋਜ ਦਾ ਪ੍ਰਗਟਾਵਾ ਹੈ, ਜਿਸ ਤਰ੍ਹਾਂ ਸਾਡੇ ਵਿਦਵਾਨ ਆਮ ਹੀ ਕਰਦੇ ਹਨ। ਸਪੱਸ਼ਟ ਹੈ ਕਿ ਖੁਸ਼ਵੰਤ ਸਿੰਘ ਨੇ ਇਹ ਲੈਕਚਰ ਦੇਂਦਿਆਂ ਆਨੰਦ ਮਾਣਿਆ ਹੋਵੇਗਾ ਤੇ ਮੈਨੂੰ ਯਕੀਨ ਹੈ ਕਿ ਇਸ ਨੂੰ ਪੜ੍ਹ ਕੇ ਸਾਡੇ ਪਾਠਕ ਵੀ ਆਨੰਦ ਮਾਨਣਗੇ। ਕਿਉਂਕਿ ਇਹ ਉਹਨਾਂ ਅੰਗਰੇਜ਼ ਤੇ ਅਮਰੀਕਨ ਸਰੋਤਿਆਂ ਵਾਸਤੇ ਤਿਆਰ ਕੀਤੇ ਲੈਕਚਰ ਹਨ, ਜਿਹਨਾਂ ਨੂੰ ਭਾਰਤ ਬਾਰੇ ਕੋਈ ਗਿਆਨ ਨਹੀਂ ਸੀ, ਇਸ ਵਾਸਤੇ ਇਹ ਸਪੱਸ਼ਟ ਤੌਰ 'ਤੇ ਸਿਰਫ਼ ਮੁਢਲੀ ਜਾਣਕਾਰੀ ਹੈ।

ਖੁਸ਼ਵੰਤ ਸਿੰਘ ਨੇ ਆਕਸਫੋਰਡ ਯੂਨੀਵਰਸਿਟੀ ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ 'ਭਾਰਤ ਦੇ ਧਰਮ' ਅਤੇ 'ਸਿੱਖ ਮੱਤ' ਬਾਰੇ ਵੀ ਲੈਕਚਰ ਦਿੱਤੇ ਹੋਏ ਹਨ। ਉਸ ਦੀ ਪੜ੍ਹਾਉਣ ਦੀ ਕਲਾ ਵਿਦਿਆਰਥੀਆਂ ਨੂੰ ਕੀਲ ਕੇ ਰੱਖਦੀ ਹੈ। ਉਹ ਜਿਤਨਾ ਕੁਝ ਵਿਦਿਆਰਥੀਆਂ ਨੂੰ ਸਿਖਾਉਂਦਾ, ਉਸ ਤੋਂ ਵੱਧ ਆਪ ਉਹਨਾਂ ਕੋਲੋਂ ਸਿੱਖਦਾ। ਇਸੇ

ਤਰ੍ਹਾਂ ਮੈਂ ਸਮਝਦਾ ਹਾਂ ਕਿ ਲਿਖਣ ਵਿਚ ਵੀ ਉਹ ਪਾਠਕਾਂ ਨਾਲ ਨਿਰੰਤਰ ਰਾਬਤਾ ਤੇ ਸੰਵਾਦ ਰੱਖਦਾ ਹੈ। ਹੋ ਸਕਦਾ ਹੈ ਕਿ ਉਸ ਦੇ ਵਿਚਾਰ ਜ਼ਿਆਦਾ ਹੀ ਸੰਖੇਪ ਕੀਤੇ ਜਾਂ ਕੁਝ ਹੱਦ ਤੱਕ ਵਿਵਾਦਗ੍ਰਸਤ ਵੀ ਹੋਣ ਪਰ ਉਹ ਕਦੇ ਵੀ ਬੋਝਲ ਨਹੀਂ ਹੁੰਦੇ। ਉਹ ਡੂੰਘੇ ਤੇ ਔਖੇ ਲਗਦੇ ਵਿਸ਼ਿਆਂ ਨੂੰ ਵੀ ਆਮ ਪਾਠਕ ਦੀ ਪਹੁੰਚ ਤੱਕ ਰੱਖਣਾ ਜਾਣਦਾ ਹੈ।

ਹੱਥ ਲਿਖਤ ਖਰੜਿਆਂ ਨੂੰ ਪੜ੍ਹਦਿਆਂ ਮੈਂ ਇਕ ਜਗ੍ਹਾ ਹਾਸ਼ੀਏ ਦੇ ਬਾਹਰ ਪੈਨਸਿਲ ਨਾਲ ਕੁਝ ਲਿਖਿਆ ਵੇਖਿਆ। ਇਹ ਖੁਸ਼ਵੰਤ ਸਿੰਘ ਦੇ ਅਧਿਆਪਕ 'ਰੱਬੀ ਹਲੇਲ' ਦੀ ਟਿਪਣੀ ਸੀ ਕਿ "ਮੈਂ ਆਪਣੇ ਅਧਿਆਪਕਾਂ ਕੋਲੋਂ ਬਹੁਤ ਕੁਝ ਸਿੱਖਿਆ, ਆਪਣੇ ਸਾਥੀਆਂ ਕੋਲੋਂ ਉਹਨਾਂ ਤੋਂ ਵੀ ਵੱਧ ਤੇ ਆਪਣੇ ਵਿਦਿਆਰਥੀਆਂ ਕੋਲੋਂ ਤਾਂ ਇਹਨਾਂ ਦੋਹਾਂ ਤੋਂ ਵੱਧ ਸਿੱਖ ਰਿਹਾ ਹਾਂ।" ਮੈਂ ਸਮਝਦਾ ਹਾਂ ਕਿ ਇਹ ਖੁਸ਼ਵੰਤ ਸਿੰਘ ਦੇ ਗਿਆਨ ਤੇ ਉਸ ਦੀ ਲਿਖਣ ਕਲਾ ਬਾਰੇ ਚੰਗਾ ਪ੍ਰਮਾਣ ਹੈ।

ਜਦੋਂ ਖੁਸ਼ਵੰਤ ਸਿੰਘ ਨੂੰ ਇਸ ਕਿਤਾਬ ਦੇ ਤਿਆਰ ਹੋ ਜਾਣ ਦੀ ਸੂਚਨਾ ਦਿੱਤੀ ਤਾਂ ਉਸ ਨੇ ਕੁਝ ਹੋਰ ਨਾਵਾਂ ਦੇ ਨਾਲ ਹੀ 'ਇਕਨਾਮਿਕ ਟਾਈਮਜ਼' ਦੇ ਸਤਿੰਦਰ ਸਿੰਘ ਦਾ ਧੰਨਵਾਦ ਕਰਨ ਦੀ ਹਿਦਾਇਤ ਕੀਤੀ ਜਿਸ ਨੇ ਲੈਕਚਰਾਂ ਨੂੰ ਸੋਧਿਆ ਸੀ ਤੇ ਫਿਰ ਮੇਰਾ ਵੀ ਧੰਨਵਾਦ ਕੀਤਾ ਕਿ ਮੈਂ ਬਿਖਰੇ ਕਾਗਜ਼ ਇਕੱਠੇ ਕਰਕੇ ਉਹਨਾਂ ਨੂੰ ਕਿਤਾਬ ਦੀ ਸ਼ਕਲ ਦਿੱਤੀ ਹੈ।

–ਰਾਹੁਲ ਸਿੰਘ

ਬੰਬਈ, 19 ਫਰਵਰੀ, 1973

ਅਨੁਵਾਦਕ ਦਾ ਨੋਟ

ਪਹਿਲੀ ਨਜ਼ਰੇ ਹੀ ਇਸ ਕਿਤਾਬ ਵਿਚ ਇਕ ਨੁਕਸ ਨਜ਼ਰ ਆ ਜਾਵੇਗਾ ਕਿ ਇਹ 40 ਸਾਲ ਪੁਰਾਣੀ ਹੈ। ਇਸ ਸਮੇਂ ਵਿਚ ਪੁਲਾਂ ਹੇਠੋਂ ਪਾਣੀ ਤਾਂ ਬਹੁਤ ਨਿਕਲ ਚੁਕਾ ਹੋਵੇਗਾ ਪਰ ਦੋ ਚੈਪਟਰ ਛੱਡ ਕੇ ਇਸ ਦੇ ਬਾਕੀ ਸਾਰੇ ਚੈਪਟਰਾਂ ਦੀ ਕਥਾ ਉਥੇ ਹੀ ਖੜੀ ਹੈ ਤੇ ਆਉਣ ਵਾਲੇ ਸਾਲਾਂ ਵਿਚ ਵੀ ਉਥੇ ਹੀ ਖੜੀ ਰਹੇਗੀ। 'ਭਾਰਤ ਵਿਚ ਕਮਿਊਨਿਜ਼ਮ' ਤੇ 'ਇੰਦਰਾ ਗਾਧੀ' ਦੇ ਚੈਪਟਰ ਸਚਮੁੱਚ ਅਧੂਰੇ ਹਨ ਪਰ ਬਾਕੀ ਦੇ ਸਾਰੇ ਨਿਰਸੰਦੇਹ ਪੂਰਨ ਹਨ। ਚਾਰ ਹਜ਼ਾਰ ਸਾਲ ਪਹਿਲਾਂ ਦੀ ਸਿੰਧ ਘਾਟੀ ਦੀ ਸਭਿਅਤਾ ਤੋਂ ਲੈ ਕੇ 1971 ਵਿਚ ਬੰਗਲਾ ਦੇਸ਼ ਦੀ ਸਥਾਪਨਾ ਤੱਕ ਦਾ ਇਤਿਹਾਸ ਇਤਨਾ ਮੁਕੰਮਲ ਤੇ ਇਤਨੇ ਥੋੜੇ ਸ਼ਬਦਾਂ ਵਿਚ ਦੱਸ ਸਕਣ ਦਾ ਕੰਮ ਸਿਰਫ਼ ਖੁਸ਼ਵੰਤ ਸਿਘ ਵਰਗਾ ਲੇਖਕ ਹੀ ਕਰ ਸਕਦਾ ਹੈ। (*ਬਦਲਦੇ ਆਂਕੜੇ ਤੇ ਕੁਝ ਵਜ਼ਾਹਤ ਦੇਣ ਦੀ ਖਾਤਿਰ ਅਨੁਵਾਦਕ ਨੇ ਕਈ ਜਗ੍ਹਾ ਬਰੈਕਟਾਂ ਵਿਚ ਇਟੈਲਿਕ ਕਰਕੇ ਨੋਟ ਵੀ ਦਿੱਤੇ ਹਨ*)।

ਲਗਦਾ ਨਹੀਂ ਕਿ ਇਸ ਵਿਚੋਂ ਕੋਈ ਅਤਿ ਦੀ ਲੋੜੀਂਦੀ ਜਾਣਕਾਰੀ ਰਹਿ ਗਈ ਹੋਵੇ ਤੇ ਨਾ ਹੀ ਕਿਹਾ ਜਾ ਸਕਦਾ ਹੈ ਕਿ ਕੋਈ ਬੇਲੋੜੀ ਜਾਣਕਾਰੀ ਦਿੱਤੀ ਗਈ ਹੋਵੇ। ਜਿਵੇਂ ਰਾਹੁਲ ਸਿੰਘ ਨੇ ਕਿਹਾ ਹੈ, ਹੋ ਸਕਦਾ ਹੈ ਕਿ ਇਹ ਕਿਤਾਬ ਖੋਜੀ ਦਾਨਸ਼ਵਰਾਂ ਵਾਸਤੇ ਨਾ ਹੋਵੇ ਪਰ ਜਿਹਨਾਂ ਨੂੰ ਵੀ ਸੰਖੇਪ ਇਤਿਹਾਸ ਸਮੇਤ ਭਾਰਤ ਦੀ ਮੁਢਲੀ ਜਾਣਕਾਰੀ ਦੀ ਲੋੜ ਹੈ, ਉਹਨਾਂ ਵਾਸਤੇ ਇਹ ਕਿਤਾਬ ਵਧੀਆ ਚੋਣ ਹੈ ਤੇ ਇਸ ਜਾਣਕਾਰੀ ਦੀ ਲੋੜ ਬਹੁਤ ਲੋਕਾਂ ਨੂੰ ਹੈ, ਪੱਤਰਕਾਰ, ਲੇਖਕ, ਰਾਜਨੇਤਾ, ਅਧਿਆਪਕ ਤੇ ਸੈਰ ਸਪਾਟਾ ਦੇ ਸ਼ੌਕੀਨਾਂ ਵਾਸਤੇ ਵੀ। ਇਤਿਹਾਸਕ ਸਥਾਨਾਂ ਦੇ ਦਰਸ਼ਨ ਇਤਿਹਾਸ ਦੀ ਜਾਣਕਾਰੀ ਹੋਣ ਨਾਲ ਵੱਖਰਾ ਅਨੰਦ ਦੇਂਦੇ ਹਨ।

ਜਿਹੜੇ ਦੋ ਚੈਪਟਰ ਅਧੂਰੇ ਹਨ, ਉਹਨਾਂ ਦੀ ਸ਼ੁਰੂਆਤ ਹੀ ਅਗਲੇ ਸਮੇਂ ਦੀ ਸੂਚਕ ਹੈ। 'ਇਦਰਾ ਗਾਂਧੀ' ਦੀ ਕਹਾਣੀ 1972 ਤੱਕ ਦੀ ਹੈ ਜਿਸ ਕਰਕੇ ਉਸ ਦੇ ਜੀਵਨ ਦੇ ਵੱਡੇ ਮਾਮਲੇ, ਐਮਰਜੈਂਸੀ, ਗੈਰ ਕਾਂਗਰਸੀ ਸਰਕਾਰ ਦੀ ਸਥਾਪਨਾ, ਇੰਦਰਾ ਗਾਂਧੀ ਦੀ ਭਾਰੀ ਬਹੁਗਿਣਤੀ ਨਾਲ ਵਾਪਸੀ, ਨੀਲਾ ਤਾਰਾ ਤੇ ਇੰਦਰਾ ਦੀ ਮੌਤ ਰਹਿ ਗਏ ਹਨ। ਸਿਰਫ਼ ਇਹੀ ਨਹੀਂ, ਉਸ ਦੀ ਮੌਤ ਤੋਂ ਬਾਅਦ ਦੇ ਕੁਝ ਦਿਨ ਵੀ ਇੰਦਰਾ ਗਾਂਧੀ ਦੀ ਕਹਾਣੀ ਦਾ ਮਹੱਤਵਪੂਰਨ ਹਿੱਸਾ ਬਣਦਾ ਸੀ।

ਇਸੇ ਤਰ੍ਹਾਂ 'ਭਾਰਤ ਵਿਚ ਕਮਿਊਨਿਜ਼ਮ' ਬਾਰੇ ਵੀ 1972 ਤੋਂ ਬਾਅਦ ਦੇ ਵਾਕਿਆਤ ਜ਼ਿਆਦਾ ਅਹਿਮ ਸਨ। ਸੋਵੀਅਤ ਯੂਨੀਅਨ ਦੇ ਟੁੱਟਣ ਤੇ ਭਾਰਤ ਉਪਰ ਉਸ ਦੇ ਪ੍ਰਭਾਵ ਤੋਂ ਬਿਨਾਂ ਇਹ ਵਿਸ਼ਾ ਅਧੂਰਾ ਹੈ। ਜੇ ਇਹ ਪੱਖ ਸਾਹਮਣੇ ਆ ਜਾਂਦੇ ਤਾਂ ਜਿਹੜੇ ਪਹਿਲੇ ਸਵਾਲ ਦਾ ਜਵਾਬ ਖੁਸ਼ਵੰਤ ਸਿੰਘ ਕਹਿ ਰਿਹਾ ਹੈ, ਬਹੁਤ ਮੁਸ਼ਕਿਲ ਹੈ,

ਇਤਨਾ ਮੁਸ਼ਕਿਲ ਨਹੀਂ ਲੱਗਣਾ ਸੀ। ਅਤੇ ਅਖੀਰਲੇ ਵਾਕ ਵਿਚ ਦਿੱਤਾ ਇਸ ਦਾ ਜਵਾਬ ਵੀ ਹੁਣ ਦਰੁਸਤ ਨਹੀਂ ਲੱਗਣਾ ਸੀ।

ਅਖਰੀਲਾ ਚੈਪਟਰ 'ਕਲਾ ਤੇ ਸਾਹਿਤ' ਵੀ ਚੱਲਦਾ ਵੇਗ ਹੈ। ਇਸ ਦਾ ਇਤਿਹਾਸ ਪੂਰਾ ਨਹੀਂ ਹੋ ਸਕਦਾ। ਮੰਨਿਆ ਕਿ 1972 ਤੋਂ ਬਾਆਦ ਭਾਰਤ ਦੇ ਕਲਾ ਤੇ ਸਾਹਿਤ ਦੀ ਤਸਵੀਰ ਬਹੁਤ ਬਦਲੀ ਹੈ ਪਰ ਮੁਢਲੇ ਸਮੇਂ ਦੀ ਜੋ ਜਾਣਕਾਰੀ ਖੁਸ਼ਵੰਤ ਸਿੰਘ ਨੇ ਦਿੱਤੀ ਹੈ, ਉਹ ਅਣਮੋਲ ਹੈ। ਇਹ ਚੈਪਟਰ ਸਾਹਿਤ ਵਿਚ ਡੂੰਘੀ ਦਿਲਚਸਪੀ ਰੱਖਣ ਵਾਲੇ ਪਾਠਕਾਂ ਤੇ ਸਾਡੇ ਲੇਖਕ ਵਰਗ ਵਾਸਤੇ ਬਹੁਤ ਦਿਲਚਸਪ ਹੋਵੇਗਾ। ਇਸ ਵਿਚੋਂ ਵਿਵਾਦ ਗ੍ਰਸਤ ਧਾਰਨਾਵਾਂ ਵੀ ਲੱਭਣਗੀਆ ਜਿਸ ਉਪਰ ਅੱਗੇ ਵਿਚਾਰ ਵਟਾਂਦਰਾ ਹੋ ਸਕਦਾ ਹੈ। ਇਸ ਚੈਪਟਰ ਵਿਚ ਖੁਸ਼ਵੰਤ ਸਿੰਘ ਨੇ ਮੁੱਖ ਤੌਰ 'ਤੇ ਅੰਗਰੇਜ਼ੀ ਵਿਚ ਲਿਖਣ ਵਾਲੇ ਭਾਰਤੀ ਲੇਖਕਾਂ ਦਾ ਲੇਖਾ ਜੋਖਾ ਕੀਤਾ ਹੈ ਪਰ ਆਪਣਾ ਜ਼ਿਕਰ ਤੱਕ ਨਹੀਂ ਕੀਤਾ। ਲਗਦਾ ਹੈ ਕਿ ਉਸ ਨੇ ਲੇਖਣੀ ਦੇ ਮਾਪ ਦੰਡ ਦਾ ਚੌਖਟਾ ਬਣਾ ਦਿੱਤਾ ਹੈ ਤੇ ਇਹ ਗੱਲ ਪਾਠਕਾਂ 'ਤੇ ਛੱਡ ਦਿੱਤੀ ਹੈ ਕਿ ਉਹ ਜਿੱਥੇ ਮੁਨਾਸਬ ਸਮਝਣ, ਖੁਸ਼ਵੰਤ ਸਿੰਘ ਨੂੰ ਫਿੱਟ ਕਰ ਲੈਣ।

ਇਸ ਕਿਤਾਬ ਨੂੰ ਅਨੁਵਾਦ ਕਰਦਿਆਂ ਅਨੁਵਾਦਕ ਨੂੰ ਜਾਣਕਾਰੀ ਵੀ ਮਿਲਦੀ ਰਹੀ ਜਿਹੜੀ ਉਸ ਕੋਲ ਪਹਿਲਾਂ ਨਹੀਂ ਸੀ ਤੇ ਸੁਆਦ ਵੀ ਆਉਂਦਾ ਰਿਹਾ। ਉਮੀਦ ਹੈ ਕਿ ਇਹੀ ਕੁਝ ਪਾਠਕ ਵੀ ਹਾਸਿਲ ਕਰਨਗੇ।

–ਅਭੈ ਸਿੰਘ

ਚੈਪਟਰ 1

ਭਾਰਤ ਦੀ ਭੂਮੀ ਤੇ ਲੋਕ

ਦੁਨੀਆ ਦਾ ਨਕਸ਼ਾ ਵੇਖੋ ਤੇ ਭਾਰਤ ਦੇ ਆਕਾਰ ਉਪਰ ਨਜ਼ਰ ਫੇਰੋ। ਇਹ ਦੁਨੀਆ ਦਾ ਸਤਵਾਂ ਵੱਡਾ ਮੁਲਕ ਹੈ ਤੇ ਏਸ਼ੀਆ ਵਿਚ ਚੀਨ ਤੋਂ ਬਾਅਦ ਦੂਜਾ ਵੱਡਾ ਦੇਸ਼। ਇਸ ਦਾ ਕੁੱਲ ਖੇਤਰਫਲ 11 ਲੱਖ 27 ਹਜ਼ਾਰ ਵਰਗਮੀਲ (*32 ਲੱਖ 87 ਹਜ਼ਾਰ 590 ਵਰਗ ਕਿਲੋਮੀਟਰ-ਅਨੁ:*) ਹੈ, ਇਸ ਦੀ ਲੰਬਾਈ ਉੱਤਰ ਤੋਂ ਦੱਖਣ ਤੱਕ 2 ਹਜ਼ਾਰ ਮੀਲ (*ਤਿੰਨ ਹਜ਼ਾਰ 200 ਕਿਲੋਮੀਟਰ*) ਤੇ ਚੌੜਾਈ ਪੱਛਮ ਤੋਂ ਪੂਰਬ ਤੱਕ 1 ਹਜ਼ਾਰ 7 ਸੌ ਮੀਲ (*ਦੋ ਹਜ਼ਾਰ 900 ਕਿਲੋਮੀਟਰ*) ਹੈ। ਇਸ ਦੀ ਸੀਮਾ ਪਾਕਿਤਸਾਨ, ਅਫ਼ਗਾਨਿਸਤਾਨ, ਚੀਨ, ਬੰਗਲਾਦੇਸ਼, ਨੇਪਾਲ ਤੇ ਬਰਮਾ ਨਾਲ ਲੱਗਦੀ ਹੈ ਜਿਸ ਦੀ ਕੁੱਲ ਲੰਬਾਈ 8 ਹਜ਼ਾਰ 2 ਸੌ ਮੀਲ ਹੈ ਤੇ ਜੋ ਉੱਚੇ ਪਹਾੜਾਂ, ਰੇਗਿਸਤਾਨਾਂ ਤੇ ਜੰਗਲਾਂ ਵਿਚੋਂ ਦੀ ਗੁਜਰਦੀ ਹੈ। ਇਸ ਦੇ ਸਮੁੰਦਰੀ ਕਿਨਾਰੇ ਦੀ ਲੰਬਾਈ 3 ਹਜ਼ਾਰ 5 ਸੌ ਮੀਲ (*7 ਹਜ਼ਾਰ 516 ਕਿਲੋਮੀਟਰ*) ਹੈ।

ਭਾਰਤ ਦੀ ਧਰਤੀ ਤਿੰਨ ਮੁੱਖ ਖੇਤਰਾਂ ਵਿਚ ਵੰਡੀ ਹੋਈ ਹੈ: ਹਿਮਾਲੀਆ, ਗੰਗਾ ਤੇ ਸਿੰਧ ਦਾ ਮੈਦਾਨ ਅਤੇ ਦੱਖਣ ਦੀਆਂ ਪਠਾਰਾਂ। ਪਾਕਿਸਤਾਨ ਦੀ ਕਾਇਮੀ ਤੋਂ ਪਹਿਲਾਂ ਇਸ ਉਪ ਮਹਾਂਦੀਪ ਦੀਆਂ ਸਰਹੱਦਾਂ ਉੱਤਰ ਪੱਛਮ ਦੇ ਪਹਾੜਾਂ ਨਾਲ ਚੱਲਦੀਆਂ ਸਨ। ਇਹਨਾਂ ਪਹੜਾਂ ਦਾ ਵੱਡਾ ਮਹੱਤਵ ਇਹ ਹੈ ਕਿ ਇਹਨਾਂ ਦੇ ਆਰ ਪਾਰ ਨਹੀਂ ਜਾਇਆ ਜਾ ਸਕਦਾ। ਇਸ ਦੀਆਂ ਚੋਟੀਆਂ ਦੁਨੀਆ ਭਰ ਵਿਚੋਂ ਸਭ ਤੋਂ ਉੱਚੀਆਂ ਹਨ ਜਿਵੇਂ ਮਾਊਂਟ ਐਵਰੈਸਟ 29 ਹਜ਼ਾਰ ਫੁੱਟ ਉੱਚੀ ਤੇ ਇਹਨਾਂ ਵਿਚੋਂ ਜ਼ਿਆਦਾਤਰ ਸਾਰਾ ਸਾਲ ਬਰਫ਼ ਨਾਲ ਢੱਕੀਆਂ ਰਹਿੰਦੀਆਂ ਹਨ। ਇਸੇ ਕਰਕੇ ਇਸ ਦਾ ਨਾਮ ਹਿਮਾਲੀਆ ਪਿਆ ਹੈ। 'ਹਿਮ' ਯਾਨੀ ਕਿ ਬਰਫ਼ ਅਤੇ 'ਆਲੀਆ' ਯਾਨੀ ਕਿ ਰਹਿਣ ਦੀ ਜਗ੍ਹਾ। ਯਾਨੀ ਬਰਫ਼ ਦੇ ਰਹਿਣ ਦੀ ਜਗ੍ਹਾ। ਇਹਨਾਂ ਨਾ ਲੰਘੇ ਜਾ ਸਕਣ ਵਾਲੇ ਪਹਾੜਾਂ ਦੀਆਂ ਉੱਚੀਆਂ ਚੋਟੀਆਂ ਦੇ ਵਿਚੋ ਵਿਚ ਵੀ ਕੁਝ ਲਾਂਘੇ ਇਤਿਹਾਸਕ ਮਹੱਤਤਾ ਵਾਲੇ ਮੌਜੂਦ ਹਨ ਜੋ ਡੈਮ ਦੇ ਗੇਟਾਂ ਦੀ ਤਰ੍ਹਾਂ ਖੁੱਲਦੇ ਹਨ। ਇਸ ਨਾਲ ਦੋਹਾਂ ਪਾਸਿਆਂ ਦੇ ਲੋਕਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਰਿਹਾ ਹੈ। ਬੋਲਾਂ, ਖੁਰੰਮ ਤੇ ਖੈਬਰ ਦੇ ਅਜਿਹੇ ਲਾਂਘੇ ਉੱਤਰ ਪੱਛਮ ਵਿਚ ਹਨ ਅਤੇ ਅਜਿਹੇ ਹੋਰ ਬਹੁਤ ਹਨ ਜੋ ਭਾਰਤ ਤੇ ਤਿੱਬਤ ਨੂੰ ਜੋੜਦੇ ਹਨ। ਇਹਨਾਂ ਲਾਂਘਿਆਂ ਰਾਹੀ ਹੀ ਭੇਡਾਂ ਬੱਕਰੀਆਂ ਦੇ ਚਰਵਾਹੇ ਆਰ ਪਾਰ ਜਾਂਦੇ ਰਹੇ, ਹੱਥ ਉਦਯੋਗਾਂ ਦੇ ਕਾਰੀਗਰ ਤੇ ਵਪਾਰੀ ਵੀ ਇਹਨਾਂ ਲਾਂਘਿਆਂ ਦਾ ਇਸਤੇਮਾਲ ਕਰਦੇ ਰਹੇ। ਨਿਰ ਸੰਦੇਹ ਇਹਨਾਂ ਹੀ ਲਾਂਘਿਆਂ ਦਾ ਪ੍ਰਯੋਗ ਹਮਲਾਵਰਾਂ ਨੇ ਕੀਤਾ ਜੋ ਭਾਰਤ ਦੇ ਉਪਜਾਊ ਮੈਦਾਨਾਂ ਦੀ ਲੁੱਟ ਕਰਨ ਆਉਂਦੇ ਰਹੇ।

ਭਾਰਤ ਦਾ ਇਤਿਹਾਸ ਉਕਤਾ ਦੇਣ ਵਾਲਾ ਤੇ ਹਿਮਾਲੀਆ ਦੇ ਲਾਂਘਿਆਂ

ਵਿਚੋਂ ਹੁੰਦੇ ਦੁੱਖਦਾਈ ਹਮਲੇ ਦੁਹਰਾਉਂਦੇ ਜਾਣ ਨਾਲ ਭਰਿਆ ਪਿਆ ਹੈ। ਇਹਨਾਂ ਹਮਲਿਆਂ ਦੇ ਵਕਤ ਬਿਲਕੁੱਲ ਕੈਲੰਡਰਾਂ ਦੀਆਂ ਤਾਰੀਖਾਂ ਅਨੁਸਾਰ ਬਣਦੇ ਰਹੇ। ਹਮਲਾਵਰ ਆਪਣੀ ਤਿਆਰੀ ਪੱਤਝੜ ਤੋਂ ਪਹਿਲਾਂ ਕਰਦੇ ਰਹਿੰਦੇ ਤੇ ਫਿਰ ਸਰਦੀਆਂ ਤੋਂ ਪਹਿਲਾਂ, ਬਰਫ ਜੰਮਣ ਤੋਂ ਪਹਿਲਾਂ ਚੱਲਦੇ ਤੇ ਸਰਦੀਆਂ ਦੇ ਮੁਢਲੇ ਦਿਨਾਂ ਵਿਚ ਹੀ ਭਾਰਤ ਦੇ ਮੈਦਾਨਾਂ ਉਪਰ ਝਪਟਦੇ ਜਦੋਂ ਅਕਾਸ਼ ਅਜੇ ਸਾਫ ਨੀਲੇ ਹੁੰਦੇ ਤੇ ਠੰਡੀ ਹਵਾ ਸਰਸੋਂ ਦੇ ਫੁੱਲਾਂ, ਕਣਕ ਦੇ ਸਿੱਟਿਆਂ ਤੇ ਮਿੱਠੀ ਰਹੁ ਦੇ ਗੰਨਿਆਂ ਦੀ ਖੁਸ਼ਬੋ ਨਾਲ ਭਰੀ ਹੁੰਦੀ। ਹਮਲਾਵਰਾਂ ਤੇ ਭਾਰਤੀਆਂ ਵਿਚਕਾਰ ਬਹੁਤੀਆਂ ਲੜਾਈਆਂ ਪੰਜਾਬ ਦੀ ਧਰਤੀ ਉਪਰ ਲੜੀਆਂ ਗਈਆਂ ਅਤੇ ਜੇ ਹਮਲਾਵਰ ਜੇਤੂ ਹੋ ਜਾਣ, ਜਿਹੜੇ ਕਿ ਉਹ ਅਕਸਰ ਹੁੰਦੇ ਸਨ, ਉਹ ਸਾਰੀਆਂ ਸਰਦੀਆਂ ਮੁਲਕ ਨੂੰ ਲੁੱਟਦੇ। ਲਾਹੌਰ, ਕਰਨਾਲ, ਪਾਨੀਪਤ, ਦਿੱਲੀ ਮਥਰਾ ਤੇ ਆਗਰਾ ਖਾਸ ਤੌਰ 'ਤੇ ਉਹਨਾਂ ਦੇ ਨਿਸ਼ਾਨੇ ਉਪਰ ਰਹਿੰਦੇ। ਜਦੋਂ ਗਰਮੀਆਂ ਸ਼ੁਰੂ ਹੁੰਦੀਆਂ ਤਾਂ ਉਹ ਲੁੱਟੇ ਹੋਏ ਮਾਲ ਦੇ ਨਾਲ ਹੀ ਹਾੜ੍ਹੀ ਦੀ ਫਸਲ ਵੀ ਸਮੇਟਦੇ ਅਤੇ ਪਹਾੜਾਂ ਦੇ ਉਹਨਾਂ ਹੀ ਲਾਂਘਿਆਂ ਵਿਚੋਂ, ਦੱਰਿਆਂ ਵਿਚੋਂ ਵਾਪਸ ਚਲੇ ਜਾਂਦੇ ਜਿਹਨਾਂ ਵਿਚੋਂ ਲੰਘ ਕੇ ਆਏ ਸਨ।

ਜਦੋਂ ਕਿ ਹਿਮਾਲੀਆ ਭਾਰਤੀਆਂ ਨੂੰ ਇਹ ਅਹਿਸਾਸ ਦੇਂਦਾ ਰਿਹਾ ਕਿ ਇਹ ਇਕ ਅਜਿਹੀ ਦੀਵਾਰ ਹੈ ਜੋ ਉਹਨਾਂ ਦੀ ਹਿਫ਼ਾਜ਼ਤ ਕਰਦੀ ਹੈ, ਉਹਨਾਂ ਨੂੰ ਗੰਗਾ ਤੇ ਸਿੰਧ ਦੇ ਉਪਜਾਊ ਮੈਦਾਨ ਦਾ ਵੀ ਬਹੁਤ ਭਰੋਸਾ ਤੇ ਮਾਣ ਸੀ। ਦਰਿਆਵਾਂ ਵੱਲੋਂ ਵਿਛਾਈ ਕੀਮਤੀ ਮਿੱਟੀ ਦਾ ਇਹ ਦੁਨੀਆ ਭਰ ਦਾ ਸਭ ਤੋਂ ਵੱਡਾ ਪੱਧਰਾ ਤੇ ਉਪਜਾਊ ਮੈਦਾਨ ਹੈ ਜਿਸ ਦਾ ਕੁਲ ਰਕਬਾ 70 ਹਜ਼ਾਰ ਵਰਗ ਮੀਲ (*ਦੋ ਲੱਖ ਬਾਰਾਂ ਹਜ਼ਾਰ ਵਰਗ ਕਿਲੋਮੀਟਰ*) ਬਣਦਾ ਹੈ। ਸ਼ਹਿਰ, ਕਸਬੇ ਤੇ ਪਿੰਡ ਇਕ ਦੂਜੇ ਦੇ ਨੇੜੇ ਨੇੜੇ ਹੀ ਇਹਨਾਂ ਦਰਿਆਵਾਂ ਦੇ ਕਿਨਾਰਿਆਂ 'ਤੇ ਵੱਸਦੇ ਗਏ। ਮਿਸਾਲ ਦੇ ਤੌਰ 'ਤੇ ਅੱਜ ਦਾ ਉਤਰ ਪ੍ਰਦੇਸ਼, ਬਿਹਾਰ ਤੇ ਪੱਛਮੀ ਬੰਗਾਲ ਵਿਚ ਆਬਾਦੀ ਦਾ ਸੰਘਣਾਪਣ ਸੰਯੁਕਤ ਰਾਜ ਅਮਰੀਕਾ ਦੇ ਮੁਕਾਬਲੇ 6 ਗੁਣਾ ਹੈ। ਜਦੋਂ ਮੌਨਸੂਨ ਪੂਰੀ ਤਰ੍ਹਾਂ ਨਹੀਂ ਆਉਂਦਾ ਤਾਂ ਉਤਰ ਪ੍ਰਦੇਸ਼ ਦੇ ਪੂਰਬੀ ਜਿਲ੍ਹੇ, ਬਿਹਾਰ, ਉੜੀਸਾ ਤੇ ਰਾਜਸਥਾਨ ਦੇ ਰੇਤਲੇ ਇਲਾਕਿਆਂ ਵਿਚ ਲੱਖਾਂ ਲੋਕ ਖੁਰਾਕ ਤੋਂ ਹੀਣੇ ਹੋ ਜਾਂਦੇ ਹਨ ਤੇ ਅਕਾਲ ਵਰਗੀ ਹਾਲਤ ਪੈਦਾ ਹੋ ਜਾਂਦੀ ਹੈ।

ਤੀਸਰਾ ਮੁੱਖ ਵਿਭਾਜਨ ਦੱਖਣ ਦੀਆਂ ਪਠਾਰਾਂ ਦਾ ਹੈ। ਇਹ ਇਕ ਵੱਡੀ ਤਿਕੋਣ ਵਰਗਾ ਹੈ। ਛੋਟੇ ਛੋਟੇ ਟਿੱਬਿਆਂ ਵਰਗੇ ਘਾਟ ਦੋਹਾਂ ਪਾਸਿਓਂ ਸਮੁੰਦਰ ਦੇ ਕਿਨਾਰੇ ਕਿਨਾਰੇ ਚੱਲਦੇ ਹਨ ਜਦੋਂ ਕਿ ਵਿੰਧਿਆ ਤੇ ਸਤਪੁਰਾ ਦੇ ਪਹਾੜ ਨਰਮਦਾ ਅਤੇ ਤਪੀ ਦਰਿਆਵਾਂ ਦੇ ਨਾਲ ਚੱਲਦੇ ਹਨ ਜੋ ਦੱਖਣ ਤੇ ਉੱਤਰ ਨੂੰ ਇਕ ਦੂਜੇ ਨਾਲੋਂ ਅੱਡ ਕਰਦੇ ਹਨ। ਭੂਗੋਲਿਕ ਤੌਰ 'ਤੇ ਇਹ ਇਲਾਕਾ ਇੱਕੋ ਹੈ ਪਰ ਇਸ ਵਿਚ ਦੋ ਵੱਖਰੇ ਵੱਖਰੇ ਨਸਲੀ ਗਰੁੱਪ ਰਹਿੰਦੇ ਹਨ। ਇਸ ਇਲਾਕੇ ਦੇ ਉਪਰਲੇ, ਉੱਤਰ ਦੇ ਪਾਸੇ ਵਾਲੇ, ਹਿੱਸੇ ਨੂੰ ਉੱਤਰੀ ਆਖਿਆ ਜਾਂਦਾ ਹੈ ਤੇ ਇਥੋਂ ਦੇ ਲੋਕ ਆਪਸ ਵਿਚ ਮਿਲਦੀਆਂ ਜੁਲਦੀਆਂ ਭਾਸ਼ਾਵਾਂ ਬੋਲਦੇ ਹਨ। ਦੱਖਣ ਵਾਲੇ ਹਿੱਸੇ ਵਿਚ ਦਰਾਵੜ ਲੋਕ ਰਹਿੰਦੇ ਹਨ ਤੇ ਇਹ

ਦਰਾਵੜੀ ਭਾਸ਼ਾਵਾਂ ਬੋਲਦੇ ਹਨ ਜਿਵੇਂ ਕਿ ਤੇਲਗੂ, ਤਾਮਿਲ, ਕੰਨੜ ਤੇ ਮਲਿਆਲਮ। ਭਾਰਤ ਦੇ ਲੋਕ ਆਪਣੇ ਮੁਲਕ ਦੇ ਨਕਸ਼ੇ ਨੂੰ ਮਨੁੱਖੀ ਸਰੀਰ ਨਾਲ ਤੁਲਨਾ ਦੇਂਦਿਆਂ, ਸਿਰ, ਧੜ, ਬਾਹਵਾਂ ਤੇ ਪੈਰਾਂ ਦੇ ਹਿਸਾਬ ਨਾਲ ਵੰਡਦੇ ਹਨ। ਹਿਮਾਲੀਆ ਦੇ ਉਪਰਲੇ ਬਰਫੀਲੇ ਇਲਾਕਿਆਂ ਨੂੰ ਭਾਰਤ ਮਾਤਾ ਦਾ ਸਿਰ ਤਸੱਵਰ ਕੀਤਾ ਜਾਂਦਾ ਹੈ। ਪੰਜਾਬ ਤੋਂ ਲੈ ਕੇ ਅਸਾਮ ਤੱਕ ਫੈਲੇ ਮੋਟੇ ਹਿੱਸੇ ਨੂੰ ਧੜ ਸਮਝਿਆ ਜਾਂਦਾ ਹੈ। ਕਿਉਂਕਿ ਭਾਰਤੀਆਂ ਵਿਚ ਖੂਬਸੂਰਤ ਔਰਤ ਵਾਸਤੇ ਵੱਡੀਆਂ ਛਾਤੀਆਂ ਤੇ ਚੌੜੇ ਕੂਲ੍ਹੇ ਚੰਗੇ ਮੰਨੇ ਜਾਂਦੇ ਹਨ, ਤਾਂ ਗੰਗਾ ਤੇ ਸਿੰਧ ਦਾ ਮੈਦਾਨ ਭਾਰਤ ਮਾਤਾ ਦਾ ਧੜ ਮੰਨਿਆ ਗਿਆ। ਦੱਖਣ ਉਸ ਦੇ ਪੈਰ ਹਨ ਜੋ ਹਿੰਦ ਮਹਾਂਸਾਗਰ ਵਿਚ ਟਿਕਾਏ ਹੋਏ ਹਨ ਜਾਂ ਸ੍ਰੀ ਲੰਕਾਂ ਨੂੰ ਕੰਵਲ ਦੇ ਫੁੱਲ ਦਾ ਪੈਰ ਰੱਖਣ ਵਾਲਾ ਪਾਏਦਾਨ ਸਮਝਿਆ ਗਿਆ ਜਿਸ ਉਪਰ ਭਾਰਤ ਮਾਤਾ ਆਪਣੇ ਪੈਰ ਰੱਖਦੀ ਹੈ। ਇਸ ਤਰ੍ਹਾਂ ਇਸ ਦੀ ਤਸਵੀਰ ਮਾਂ ਲੱਛਮੀ ਦੇਵੀ ਦੀ ਤਰ੍ਹਾਂ ਬਣਾ ਦਿੱਤੀ ਜੋ ਸਰਸਵਤੀ ਵੀ ਹੈ ਤੇ ਕਲਾ ਅਤੇ ਹੁਨਰ ਦੀ ਦੇਵੀ ਵੀ (ਕਿਉਂਕਿ ਭਾਰਤ ਦੇ ਨਕਸ਼ੇ ਵਿਚ ਪਾਕਿਸਤਾਨ ਤੇ ਬਰਮਾ ਆਮ ਹੀ ਵਿਖਾਏ ਜਾਂਦੇ ਹਨ, ਲੋਕ ਇਸ ਨੂੰ ਗਾਂਧੀ ਦੀ ਬੱਕਰੀ ਵੀ ਕਹਿੰਦੇ ਰਹੇ -ਅਨੁ:)। ਜਦੋਂ 1947 ਵਿਚ ਪਾਕਿਸਤਾਨ ਬਣਿਆ ਤਾਂ ਭਾਰਤ ਮਾਤਾ ਦੇ ਪੱਛਮੀ ਸਿਰੇ ਅਤੇ ਇਸੇ ਤਰ੍ਹਾਂ ਧੜ ਦੇ ਵਿਚੋਂ ਵੀ ਇੱਕ ਹਿੱਸਾ ਕੱਟ ਕੇ ਦੋ ਖਿੱਤਿਆਂ ਦਾ ਪਾਕਿਸਤਾਨ ਬਣਾ ਦਿੱਤਾ, ਪੱਛਮੀ ਪਾਕਿਸਤਾਨ ਤੇ ਪੂਰਬੀ ਪਾਕਿਸਤਾਨ। ਇਸ ਤਰ੍ਹਾਂ ਭਾਰਤ ਦੀ ਸ਼ਕਲ ਬਿਨਾਂ ਬਾਹਵਾਂ ਦੇ ਵੀਨਸ (Venus de Milo) ਵਾਂਲੇ ਮਸ਼ਹੂਰ ਬੁੱਤ ਵਰਗੀ ਹੋ ਗਈ।

ਪੌਣਪਾਣੀ ਤੇ ਰੁੱਤਾਂ

ਭਾਰਤ ਵਿਚ ਕਈ ਤਰ੍ਹਾਂ ਦੇ ਮੌਸਮ ਤੇ ਪੌਣ ਪਾਣੀ ਮਿਲਦੇ ਹਨ। ਰਾਜਸਥਾਨ ਦੇ ਰੇਤਲੇ ਇਲਾਕਿਆਂ ਵਿਚ ਗਰਮੀਆਂ ਦਾ ਤਾਪਮਾਨ 125 ਡਿਗਰੀ ਫਾਰਨਹੀਟ ਹੋ ਜਾਂਦਾ ਹੈ। ਓਦੋਂ ਹੀ ਹਿਮਾਲੀਆ ਦੇ ਕਈ ਹਿੱਸੇ, ਬਰਫ਼ਾਂ ਲੱਦੇ ਇਲਾਕੇ, ਸਿਫਰ ਤੋਂ ਵੀ ਹੇਠਾਂ ਦੇ ਤਾਪਮਾਨ ਵਿਚ ਹੁੰਦੇ ਹਨ। ਹਾਲਾਂਕਿ ਦੱਖਣ ਵਿਚ ਆਮ ਤੌਰ ਤੇ ਗਰਮ ਮੌਸਮ ਰਹਿੰਦਾ ਹੈ।

ਭਾਰਤ ਦੇ ਪੌਣਪਾਣੀ ਵਿਚ ਸਭ ਤੋਂ ਮਹੱਤਵਪੂਰਣ ਭੂਮਿਕਾ ਮੌਨਸੂਨ ਦੀ ਹੈ। ਇਸ ਨਾਲ ਦਸੰਬਰ ਜਾਂ ਜਨਵਰੀ ਦੇ ਮਹੀਨੇ ਵਿਚ ਥੋੜੀ ਜਿਹੀ ਬਾਰਸ਼ ਹੁੰਦੀ ਹੈ ਜਿਸ ਨਾਲ ਹਾੜੀ ਦੀਆਂ ਫਸਲਾਂ ਨੂੰ ਲਾਭ ਮਿਲਦਾ ਹੈ ਅਤੇ ਇਸ ਦਾ ਲੰਬਾ ਦੌਰ ਜੂਨ ਦੇ ਅੱਧ ਤੋਂ ਲੈ ਕੇ ਸਿਤਬਰ ਤੱਕ ਚਲੇ ਜਾਂਦਾ ਹੈ ਜਦੋਂ ਚੰਗੀ ਬਾਰਸ਼ ਪੈਂਦੀ ਹੈ। ਗਰਮੀਆਂ ਦੀ ਬਰਸਾਤਾਂ ਨਾਲ ਦਰਿਆਵਾਂ ਵਿਚ ਅਕਸਰ ਹੜ੍ਹ ਆਉਂਦੇ ਰਹਿੰਦੇ ਹਨ ਜਿਹਨਾਂ ਨਾਲ ਬਹੁਤ ਸਾਰੇ ਘਰ ਤੇ ਪਿੰਡ ਰੁੜ ਜਾਂਦੇ ਹਨ ਪਰ ਉਹਨਾਂ ਨਾਲ ਚੌਲਾਂ ਦੀ ਫਸਲ ਦੀ ਵੀ ਸਿੰਚਾਈ ਹੁੰਦੀ ਹੈ। ਮੌਨਸੂਨ ਦਾ ਘੱਟ ਵੱਧ ਹੋਣਾ ਵੱਖ ਵੱਖ ਇਲਾਕਿਆਂ ਵਿਚ ਵੱਖ ਵੱਖ ਹੁੰਦਾ ਹੈ। ਮੌਨਸੂਨ ਅਰਬੀ ਭਾਸ਼ਾ ਦੇ ਸ਼ਬਦ 'ਮੌਸੀਮ' ਤੋਂ ਲਿਆ ਹੈ ਜਿਸ ਦਾ ਮਤਲਬ ਹੈ - ਮੀਂਹ ਦਾ ਵਕਤ। ਅਸਾਮ ਦੇ ਕਸਬੇ ਚਿਰਾਪੂੰਜੀ ਵਿਚ ਸੰਸਾਰ ਦੀ ਸਭ ਤੋਂ ਵੱਧ ਬਾਰਸ਼, 500 ਇੰਚ, ਹੁੰਦੀ ਹੈ। ਉਧਰ ਸੌਰਾਸ਼ਟਰ ਦੇ ਕੁਝ ਜਿਲ੍ਹਿਆਂ ਵਿਚ 3 ਇੰਚ

ਤੋਂ ਵੀ ਘੱਟ ਬਾਰਸ਼ ਹੁੰਦੀ ਹੈ ਤੇ ਨਤੀਜੇ ਵਜੋਂ ਉਹ ਸੁੱਕੇ ਤੇ ਅਬਾਦੀ ਰਹਿਤ ਇਲਾਕੇ ਬਣ ਗਏ ਹਨ।

ਮੋਟੇ ਤੌਰ 'ਤੇ ਭਾਰਤ ਵਿਚ ਚਾਰ ਰੁੱਤਾਂ ਹਨ। ਗਰਮੀ, ਬਰਸਾਤ, ਪੱਤਝੜ ਜਾਂ ਸਰਦੀ ਤੇ ਬਹਾਰ। ਗਰਮੀ ਤੇ ਬਰਸਾਤ ਮਿਲ ਕੇ ਸਾਲ ਦਾ ਅੱਧਾ ਹਿੱਸਾ ਹੋ ਜਾਂਦੇ ਹਨ। ਇਹਨਾਂ ਮਹੀਨਿਆਂ ਵਿਚ ਜਦੋਂ ਬਹੁਤ ਸਾਰੀ ਗਰਮੀ ਪੈਂਦੀ ਹੈ ਤੇ ਫਿਰ ਮੀਂਹ ਵੱਸਣ ਲੱਗਦਾ ਹੈ ਤਾਂ ਭਾਰਤੀ ਲੋਕ ਕੁਝ ਨਹੀਂ ਕਰਦੇ ਸਿਵਾਏ ਸਿਰ ਲੁਕਾਉਣ ਵਾਸਤੇ ਕੋਈ ਜਗ੍ਹਾ ਲੱਭਣ ਦੇ। ਇਹ ਇਕ ਕਾਰਣ ਹੋ ਸਕਦਾ ਹੈ ਕਿ ਭਾਰਤੀ ਲੋਕ ਸੁਸਤ ਕਿਉਂ ਹੁੰਦੇ ਹਨ। ਮਲੇਰੀਆ, ਟਾਈਫਾਈਡ ਤੇ ਹੈਜ਼ੇ ਵਰਗੀਆਂ ਜਾਨ ਲੇਵਾ ਬੀਮਾਰੀਆਂ ਵੀ ਇਹਨਾਂ ਰੁੱਤਾਂ ਵਿਚ ਹੀ ਪੈਦਾ ਹੁੰਦੀਆਂ ਹਨ। ਦੂਜੇ ਪਾਸੇ ਜੇ ਮੀਂਹ ਘੱਟ ਪੈਂਦੇ ਹਨ ਤਾਂ ਫਸਲਾਂ ਦਾ ਝਾੜ ਬਹੁਤ ਘਟ ਜਾਂਦਾ ਹੈ ਜਾਂ ਉਹ ਸੁੱਕ ਜਾਂਦੀਆਂ ਹਨ ਤੇ ਅਕਾਲ ਵਰਗੀ ਹਾਲਤ ਪੈਦਾ ਹੋ ਜਾਂਦੀ ਹੈ। ਇਹ ਵੀ ਇਕ ਕਾਰਨ ਹੈ ਜਿਸ ਨਾਲ ਭਾਰਤ ਦੇ ਲੋਕਾਂ ਦਾ ਰੱਬ ਉਪਰ ਵੱਡਾ ਆਸਰਾ ਬਣਦਾ ਹੈ ਤੇ ਉਹ ਕਿਸਮਤ ਨੂੰ ਬਹੁਤ ਮਹੱਤਵ ਦੇਂਦੇ ਹਨ। ਸਭ ਕੁਝ ਭਾਗਾਂ ਨਾਲ ਹੀ ਮਿਲਣ ਦੀ ਸੋਚ ਇਥੋਂ ਹੀ ਪੈਦਾ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਇਕ ਲੇਖਕ ਨਿਰਾਦ ਸੀ. ਚੌਧਰੀ ਨੇ ਲਿਖਿਆ ਹੈ ਕਿ 'ਭਾਰਤੀਆਂ ਦੀ ਬੌਧਿਕ ਤੇ ਸਰੀਰਕ ਬਣਤਰ ਮੁੱਖ ਤੌਰ 'ਤੇ ਇਥੋਂ ਦੇ ਮੌਸਮਾਂ ਤੇ ਖੁਰਾਕ ਦੀ ਵਜ੍ਹਾ ਨਾਲ ਹੈ।' ਉਸ ਵੱਲੋਂ ਆਪਣੀ ਕਿਤਾਬ ਦਾ ਸਿਰਲੇਖ ਹੀ ਦੱਸਦਾ ਹੈ ਕਿ ਭਾਰਤ 'ਜਾਦੂਗਰਾਂ ਦਾ ਮਹਾਂਦੀਪ' (Continent of Circe) ਹੈ ਕਿਉਂਕਿ ਜੋ ਵੀ ਇਥੇ ਆਪਣੇ ਘਰ ਬਣਾਉਂਦੇ ਹਨ ਉਹ ਦੇਰ ਜਾਂ ਅਵੇਰ ਵਹਿਸ਼ੀ ਸੂਰ ਬਣ ਜਾਂਦੇ ਹਨ (because those who make their homes here are sooner or later turned into swine)।

ਖਣਿਜ ਪਦਾਰਥ

ਭਾਰਤ ਕੋਲ ਦੁਨੀਆ ਦੇ ਕੋਲੇ ਦੇ ਵੱਡੇ ਭੰਡਾਰਾਂ ਵਿਚੋਂ ਇਕ ਹੈ। ਇਸ ਦੀ ਗੁਣਵਕਤਾ ਭਾਵੇਂ ਵਧੀਆ ਨਹੀਂ ਹੈ ਪਰ ਇਹ ਵੱਡੀ ਮਾਤਰਾ ਵਿਚ ਮਿਲਦਾ ਹੈ। ਭਾਰਤ ਕੋਲ ਲੋਹਾ ਵੀ ਵੱਡੀ ਮਾਤਰਾ ਵਿਚ ਹੈ। ਇਸ ਮੁਲਕ ਨੇ ਪੈਟਰੋਲੀਅਮ ਤੇ ਗੈਸ ਦੇ ਵੀ ਵੱਡੇ ਭੰਡਾਰ ਲੱਭੇ ਹਨ ਅਤੇ ਹਰ ਸਾਲ ਇਕ ਕਰੋੜ ਗੈਲਨ ਤੇਲ ਕੱਢਿਆ ਜਾਂਦਾ ਹੈ। ਭਾਰਤ ਕੋਲ ਦੁਨੀਆਂ ਦਾ 75 ਫੀ ਸਦੀ ਅਬਰਕ ਹੈ ਤੇ ਰੂਸ ਤੋਂ ਬਾਅਦ ਦੁਨੀਆ ਦਾ ਦੂਜਾ ਵੱਡਾ ਮੈਗਾਨੀਜ਼ ਦਾ ਭੰਡਾਰ ਵੀ ਭਾਰਤ ਕੋਲ ਹੈ। ਭਾਵੇਂ ਸੋਨਾ, ਚਾਂਦੀ, ਸਿੱਕਾ ਤੇ ਤਾਂਬੇ ਦਾ ਭਾਰਤ ਕੋਲ ਵੱਡਾ ਹਿੱਸਾ ਨਹੀਂ ਪਰ ਇਸ ਕੋਲ ਚੰਗੀ ਮਾਤਰਾ ਵਿਚ ਯੂਰੇਨੀਅਮ ਤੇ ਵੱਖ ਵੱਖ ਤਰ੍ਹਾਂ ਦੀਆਂ ਕੀਮਤੀ ਮਿੱਟੀਆਂ ਹਨ।

ਬਨਸਪਤੀ ਤੇ ਜੀਵ ਜੰਤੂ

(Flora and Fauna)

ਭਾਰਤ ਵਿਚ ਕਈ ਕਿਸਮ ਦੇ ਪੌਣਪਾਣੀ ਹੋਣ ਕਰਕੇ ਵੱਖ ਵੱਖ ਕਿਸਮਾਂ ਦੀ ਬਨਸਪਤੀ ਤੇ ਜੀਵ ਜੰਤੂ ਮਿਲਦੇ ਹਨ। ਚੀਨ ਤੋਂ ਬਾਅਦ ਭਾਰਤ ਦੁਨੀਆ ਦਾ ਸਭ ਤੋਂ

ਵੱਡਾ ਚੌਲ ਉਤਪਾਦਕ ਹੈ। ਇਹ ਹੁਣ ਨਾ ਸਿਰਫ ਵੱਡੀ ਆਬਾਦੀ ਵਾਸਤੇ ਪੂਰਾ ਅਨਾਜ, ਕਣਕ, ਮੱਕੀ ਤੇ ਜਵਾਰ ਪੈਦਾ ਕਰਦਾ ਹੈ ਬਲਕਿ ਬਾਹਰਲੇ ਮੁਲਕਾਂ ਨੂੰ ਭੇਜਣ ਵਾਸਤੇ ਵੀ ਬਚ ਜਾਂਦਾ ਹੈ। ਚਾਹ, ਕਾਫ਼ੀ, ਜੂਟ, ਗੰਨਾ ਤੇ ਤੇਲਾਂ ਦੇ ਬੀਜ ਵਰਗੀਆਂ ਵਪਾਰੀ ਲਾਹੇ ਵਾਲੀ ਜਿਨਸਾਂ ਦੀ ਪੈਦਾਵਾਰ ਵੀ ਕੌਫ਼ੀ ਹੈ। ਇਹਨਾਂ ਚੀਜ਼ਾਂ ਵਿਚ ਵੀ ਭਾਰਤ ਚੀਨ ਤੋਂ ਬਾਅਦ ਦੂਜਾ ਵੱਡਾ ਮੁਲਕ ਹੈ।

ਭਾਰਤ ਦਾ 15 ਫੀ ਸਦੀ ਅਜੇ ਵੀ ਜੰਗਲਾਂ ਦਾ ਭਰਿਆ ਹੋਇਆ ਹੈ ਜਿਸ ਵਿਚ ਸਾਗਵਾਨ, ਸਾਅਲ, ਫੱਰ, ਪਾਈਨ ਤੇ ਕਈ ਕਿਸਮ ਦੇ ਰੁਖ ਪਾਏ ਜਾਂਦੇ ਹਨ ਤੇ ਇਸ ਤਰ੍ਹਾਂ ਇਸ ਮੁਲਕ ਕੋਲ ਇਮਾਰਤੀ ਲੱਕੜੀ ਦਾ ਵੱਡਾ ਖਜ਼ਾਨਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੰਗਲਾਂ ਨੂੰ ਤੇਜ਼ੀ ਨਾਲ ਕੱਟਿਆ ਜਾ ਰਿਹਾ ਹੈ ਪਰ ਵਣ ਮਹਾਂ ਉਤਸਵ ਵਰਗੇ ਕਈ ਅੰਦੋਲਨਾਂ ਰਾਹੀਂ ਨਵੇਂ ਰੁੱਖ ਲਗਾਉਣ ਦਾ ਕੰਮ ਵੀ ਤੇਜ਼ੀ ਨਾਲ ਚਲਾਇਆ ਜਾ ਰਿਹਾ ਹੈ। ਉਮੀਦ ਲਗਾਈ ਜਾ ਰਹੀ ਹੈ ਕਿ ਜ਼ਿਆਦਾ ਰੁੱਖ ਲਗਾਉਣ ਨਾਲ ਰੇਗਿਸਤਾਨੀ ਇਲਾਕਿਆਂ ਵਿਚ ਵੀ ਮੌਨਸੂਨ ਦੀ ਬਾਰਿਸ਼ ਨੂੰ ਖਿੱਚਿਆ ਜਾ ਸਕਦਾ ਹੈ।

ਇਕ ਵਕਤ ਭਾਰਤ ਅੰਦਰ ਵੀ ਅਫਰੀਕਾ ਤੇ ਭੂ-ਮੱਧ ਇਲਾਕੇ ਦੀ ਤਰ੍ਹਾਂ ਹੀ ਜੰਗਲੀ ਜਾਨਵਰਾਂ ਦੀ ਭਰਮਾਰ ਸੀ। ਇਹਨਾਂ ਵਿਚ ਸ਼ੇਰ, ਹਾਥੀ, ਗੈਂਡਾ, ਚੀਤੇ, ਬਘਿਆੜ, ਰਿੱਛ ਤੇ ਹਿਰਨਾਂ ਦੇ ਝੁੰਡ ਵੀ ਸਨ। ਕੋਈ ਵੀ ਅਜਿਹਾ ਜਾਨਵਰ ਨਹੀਂ ਜਿਸ ਦਾ ਨਾਂ ਲਿਆ ਜਾਵੇ ਤੇ ਉਹ ਭਾਰਤ ਵਿਚ ਨਹੀਂ ਮਿਲਦਾ ਹੋਵੇਗਾ। ਅਜੇ ਵੀ ਅਜਿਹੀਆਂ ਨਸਲਾਂ ਦਾ ਕਾਫੀ ਹਿੱਸਾ ਮੌਜੂਦ ਹੈ। ਲੇਕਿਨ ਇਨਸਾਨ ਨੇ ਜੰਗਲੀ ਜੀਵਾਂ ਦਾ ਨਾਸ ਬਹੁਤ ਬੇ ਰਹਿਮੀ ਨਾਲ ਕੀਤਾ ਹੈ। ਚੀਤਾ ਤੇ ਚਿਨਕਾਰਾ ਹਿਰਨਾਂ ਵਰਗੀਆਂ ਬਹੁਤ ਸਾਰੀ ਜੀਵ ਜਾਤੀਆਂ ਭਾਰਤ ਵਿਚੋਂ ਲਗਭਗ ਲੋਪ ਹੋ ਚੁਕੀਆਂ ਹਨ ਤੇ ਲੋਪ ਹੋ ਰਹੀਆਂ ਹਨ।

ਲਗਭਗ 15 ਕਰੋੜ ਗਾਵਾਂ, 4 ਕਰੋੜ ਮੱਝਾਂ ਤੇ 5 ਕਰੋੜ ਭੇਡਾਂ ਬੱਕਰੀਆਂ ਦੀ ਹੋਂਦ ਨਾਲ ਭਾਰਤ ਕੋਲ ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਦੁਨੀਆ ਵਿਚ ਸਭ ਤੋਂ ਵੱਧ ਹੈ। ਹਾਲਾਂਕਿ ਭਾਰਤੀ ਗਾਵਾਂ ਬਹੁਤ ਥੋੜ੍ਹਾ ਦੁੱਧ ਦੇਂਦੀਆਂ ਹਨ। ਜ਼ਿਆਦਾਤਰ ਲੋਕ ਮੱਝਾਂ ਜਾਂ ਬੱਕਰੀਆਂ ਦਾ ਦੁੱਧ ਪੀਂਦੇ ਹਨ। ਪਸ਼ੂਆਂ ਵੱਲੋਂ ਦਿੱਤੀ ਜਾਂਦੀ ਸਭ ਤੋਂ ਵੱਡੀ ਦਾਤ ਗੋਹਾ ਫੋਸ ਹੈ ਪਰ ਉਸ ਨੂੰ ਖੇਤਾਂ ਵਿਚ ਚੰਗੀ ਰੂੜੀ ਦੇ ਤੌਰ 'ਤੇ ਵਰਤਣ ਦੀ ਬਜਾਏ ਇਸ ਵਿਚ ਕੱਖ ਤੂੜੀ ਪਾ ਕੇ ਪਾਥੀਆਂ ਪੱਥੀਆਂ ਜਾਂਦੀਆਂ ਹਨ ਜੋ ਜਲਾਉਣ ਦੇ ਕੰਮ ਆਉਂਦੀਆਂ ਹਨ। ਇਹਨਾਂ ਵਿਚ ਵੱਡੀ ਤਬਦੀਲੀ ਸ਼ੁਰੂ ਹੋ ਗਈ ਹੈ। ਭਾਰਤ ਹੁਣ ਰਸਾਇਣਕ ਖਾਦ, ਪਣ-ਬਿਜਲੀ ਤੇ ਸੋਧੇ ਹੋਏ ਤੇਲ (refined oil) ਪੈਦਾ ਕਰ ਰਿਹਾ ਹੈ।

ਭਾਰਤ ਦੇ ਲੋਕ

ਜੁਲਾਈ, 1972 ਵਿਚ ਭਾਰਤ ਦੀ ਆਬਾਦੀ 54 ਕਰੋੜ 80 ਲੱਖ ਗਿਣੀ ਗਈ ਸੀ (*2011 ਦੀ ਮਰਦਮ ਸ਼ੁਮਾਰੀ ਮੁਤਾਬਕ ਇਹ 121 ਕਰੋੜ 1 ਲੱਖ 93 ਹਜ਼ਾਰ ਹੈ*)

ਜਿਸ ਵਿਚ ਹਰ ਸਾਲ 1 ਕਰੋੜ 30 ਲੱਖ ਦਾ ਵਾਧਾ ਹੋ ਰਿਹਾ ਹੈ (*ਪ੍ਰਵਾਰ ਨਿਯੋਜਨ ਦੀਆਂ ਕਈ ਸਕੀਮਾਂ ਨਾਲ ਵਾਧੇ ਦਾ ਪ੍ਰਤੀਸ਼ਤ ਦਰ ਤਾਂ ਹਰ ਜਨ ਗਣਨਾ ਵੇਲੇ ਘਟ ਜਾਂਦਾ ਹੈ ਪਰ ਗਿਣਤੀ ਵਿਚ ਵਾਧਾ 1 ਕਰੋੜ 90 ਲੱਖ ਦੇ ਆਸ ਪਾਸ ਹੀ ਚੱਲ ਰਿਹਾ ਹੈ-ਅਨੁ:*)। ਪਰਿਵਾਰ ਨਿਯੋਜਨ ਦੇ ਪ੍ਰੋਗਰਾਮਾਂ ਨੂੰ ਬਹੁਤ ਥੋੜੀ ਸਫਲਤਾ ਮਿਲ ਰਹੀ ਹੈ। ਨਸਲਾਂ ਦੀ ਭਿੰਨਤਾ ਦੇ ਲਿਹਾਜ਼ ਨਾਲ ਭਾਰਤ ਨੂੰ ਆਮ ਤੌਰ 'ਤੇ ਪ੍ਰਾਚੀਨ ਵਕਤ ਦਾ ਅਜਾਇਬ ਘਰ (ethnic museum) ਕਿਹਾ ਜਾਂਦਾ ਹੈ। ਬੇਸ਼ੱਕ ਨਸਲੀ ਵਖਰੇਵਿਆਂ ਦੀ ਤਿੱਖੀ ਨਿਸ਼ਾਨਦੇਹੀ ਨਹੀਂ ਕੀਤੀ ਜਾ ਸਕਦੀ ਫਿਰ ਵੀ ਇਕ ਅਨੁਮਾਨ ਹੈ ਕਿ ਭਾਰਤ ਦੇ ਵੱਖ ਵੱਖ ਖੇਤਰਾਂ ਵਿਚ 6 ਮੁੱਖ ਨਸਲੀ ਭੇਦਾਂ ਵਾਲੇ ਲੋਕ ਰਹਿੰਦੇ ਹਨ।

ਸਭ ਤੋਂ ਪੁਰਾਣੀ ਤੇ ਮੁੱਢਲੀ ਨਸਲ ਆਦੀਵਾਸੀਆਂ (first settlers) ਦੀ ਹੈ ਜਿਹਨਾਂ ਨੂੰ ਭਾਰਤ ਦੇ ਮੂਲਵਾਸੀ (aborginals) ਮੰਨਿਆ ਜਾ ਰਿਹਾ ਹੈ। ਇਹਨਾਂ ਦੇ ਨੈਣ ਨਕਸ਼ ਕੁਝ ਹੱਦ ਤੱਕ ਹਬਸ਼ੀਆਂ ਨਾਲ ਮਿਲਦੇ ਹਨ ਤੇ ਸਿਰਫ ਥੋੜੀ ਦੇਰ ਪਹਿਲਾਂ ਤੱਕ ਹੀ ਇਹ ਜੰਗਲਾਂ ਤੇ ਪਹਾੜਾਂ ਵਿਚ ਰਹਿਦੇ ਸਨ। ਇਹ ਅੱਗੋਂ ਕਈ ਨਸਲਾਂ ਵਿਚ ਵੰਡੇ ਹਨ ਤੇ ਹਰ ਇਲਾਕੇ ਦੇ ਲੋਕਾਂ ਦੀ ਰਹਿਣੀ ਬਹਿਣੀ ਬਿਲਕੁੱਲ ਵੱਖਰੀ ਹੈ।

ਦੂਜਾ ਵੱਡਾ ਪ੍ਰਾਚੀਨ ਗਰੁੱਪ 'ਦਰਾਵੜ' ਅਖਵਾਉਂਦਾ ਹੈ। ਉਹ ਦੱਖਣ ਦੀਆਂ ਪਠਾਰਾਂ ਦੇ ਦੱਖਣੀ ਹਿੱਸੇ ਵਿਚ ਵੱਸਦੇ ਹਨ। ਇਕ ਵਿਸ਼ਵਾਸ ਇਹ ਵੀ ਹੈ ਕਿ ਇਹ ਦਰਾਵੜ ਹੀ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਦੀਵਾਸੀਆਂ ਨੂੰ ਗੰਗਾ ਤੇ ਸਿੰਧ ਦੇ ਉਪਜਾਊ ਜ਼ਮੀਨਾਂ ਤੋਂ ਖਦੇੜ ਕੇ ਪਹਾੜਾਂ ਤੇ ਜੰਗਲਾਂ ਵੱਲ ਧੱਕ ਦਿੱਤਾ ਸੀ। ਇਸ ਤੋਂ ਬਾਅਦ ਖਦੇੜੇ ਜਾਣ ਦੀ ਉਹਨਾਂ ਦੀ ਆਪਣੀ ਵਾਰੀ ਆਈ। ਉਹਨਾਂ ਨੂੰ ਕਿਧਰੋਂ ਮੱਧ ਏਸ਼ੀਆਂ ਤੋਂ ਆਏ ਆਰੀਆ ਲੋਕਾਂ ਨੇ ਦੱਖਣ ਵਾਲੇ ਪਾਸੇ ਧੱਕ ਦਿੱਤਾ।

ਆਰੀਅਨ ਲੋਕ ਗੰਗਾ ਤੇ ਸਿੰਧ ਦੇ ਮੈਦਾਨ ਵਿਚ ਵੱਸ ਗਏ। ਉਹ ਸ਼ੁਰੂ ਵਿਚ ਕਾਕੇਸ਼ੀਅਨ ਦੀ ਤਰ੍ਹਾਂ ਹੀ ਨੀਲੀਆਂ ਅੱਖਾਂ ਵਾਲੇ ਤੇ ਯੂਰਪੀਨ ਭਾਸ਼ਾਵਾਂ ਬੋਲਣ ਵਾਲੇ ਸਨ। ਅਜੇ ਵੀ ਲਾਤੀਨੀ ਤੇ ਸੰਸਕ੍ਰਿਤ ਦੇ ਬਹੁਤ ਸਾਰੇ ਸ਼ਬਦ ਸਾਂਝੇ ਹਨ ਤੇ ਇਹਨਾਂ ਦੀ ਇਕੋ ਜਿਹੀ ਗਰੈਮਰ ਹੈ। ਸਮਝਿਆ ਜਾਂਦਾ ਹੈ ਕਿ ਆਇਰਲੈਂਡ ਵਾਸਤੇ 'ਆਇਰ' ਤੇ ਪਰਸ਼ੀਆ ਵਾਸਤੇ 'ਇਰਾਨ' ਸ਼ਬਦ ਵੀ 'ਆਰੀਆ' ਤੋਂ ਹੀ ਬਣੇ ਹਨ। ਕਿਉਂਕਿ ਭਾਰਤ ਵਿਚ ਆਰੀਅਨ ਲੋਕ 2000 ਈਸਾ ਪੂਰਵ ਤੋਂ ਵੱਸਣੇ ਸ਼ੁਰੂ ਹੋ ਗਏ, ਇਸ ਕਰਕੇ ਇਸ ਮੁਲਕ ਦਾ ਨਾਂ ਵੀ 'ਆਰੀਆਵਰਤ' ਪੈ ਗਿਆ ਯਾਨੀ ਕਿ ਆਰੀਅਨ ਲੋਕਾਂ ਦੀ ਧਰਤੀ। 'ਭਾਰਤਾ' ਵੀ ਇਕ ਆਰੀਅਨ ਨਸਲ ਦਾ ਨਾਂ ਸੀ ਜੋ ਗੰਗਾ ਤੇ ਸਿੰਧ ਦਰਿਆਵਾਂ ਦੇ ਵਿਚਕਾਰ ਵੱਸੀ ਇਸ ਕਰਕੇ 'ਭਾਰਤਾ' ਲੋਕਾਂ ਦੀ ਧਰਤੀ ਦਾ ਨਾਂ 'ਭਾਰਤਵਰਸ਼' ਵੀ ਪੈ ਗਿਆ।

ਆਰੀਅਨ ਤੋਂ ਬਾਅਦ ਅਰਬ ਦੇ ਯਾਹੂਦੀ ਆਏ। ਫਿਰ ਮੰਗੋਲ ਤੇ ਯੂਰਪੀਨ ਵੀ ਆਏ। ਯਾਹੂਦੀ ਤਾਂ ਯੂਰਪੀਨ ਲੋਕਾਂ ਵਿਚ ਹੀ ਰਲ ਮਿਲ ਗਏ। ਉਹਨਾਂ ਆਪਣੀ ਕੋਈ ਵੱਖਰੀ ਸਲਤਨਤ ਨਹੀਂ ਕਾਇਮ ਕੀਤੀ ਤੇ ਕੋਈ ਵੱਖਰੀ ਭੂਗੋਲਿਕ ਇਕਾਈ ਨਹੀਂ ਸਥਾਪਤ ਕੀਤੀ। ਮੰਗੋਲ ਵੀ ਇਸ ਤਰ੍ਹਾਂ ਰਹੇ ਪਰ ਪੂਰਬੀ-ਦੱਖਣੀ ਭਾਰਤ ਵਿਚ ਇਹਨਾਂ

ਦੀਆਂ ਕੁਝ ਬਸਤੀਆਂ ਪਾਈਆਂ ਗਈਆਂ ਜਿਸ ਦੀਆਂ ਨਿਸ਼ਾਨੀਆਂ ਅੱਜ ਵੀ ਮਿਲਦੀਆਂ ਹਨ।

ਭਾਸ਼ਾਵਾਂ

ਵੱਖ ਵੱਖ ਨਸਲਾਂ ਦੀ ਵਸੋਂ ਨੇ ਵੱਡੀ ਗਿਣਤੀ ਦੀਆਂ ਭਾਸ਼ਾਵਾਂ ਪੈਦਾ ਕੀਤੀਆਂ। ਭਾਸ਼ਾ ਵਿਗਿਆਨੀਆਂ ਨੇ 225 ਵੱਖ ਵੱਖ ਭਾਸ਼ਾਵਾਂ ਤੇ 845 ਉੱਪ ਭਾਸ਼ਾਵਾਂ (dialects) ਦਰਜ ਕੀਤੀਆਂ ਹਨ। ਭਾਰਤ ਦਾ ਸੰਵਿਧਾਨ ਅੰਗਰੇਜ਼ੀ ਤੇ ਸੰਸਕ੍ਰਿਤ ਸਮੇਤ 15 ਭਾਸ਼ਾਵਾਂ ਨੂੰ ਮਾਨਤਾ ਦਿੰਦਾ ਹੈ (*ਹੁਣ ਇਹਨਾਂ ਗਿਣਤੀ 22 ਹੋ ਚੁਕੀ ਹੈ*)। ਭਾਸ਼ਾਵਾਂ ਦੇ ਪੱਖੋਂ ਭਾਰਤ ਇਕ ਬਹੁ ਭਾਸ਼ੀ ਮੁਲਕ ਹੈ। ਅਗਰ ਦੁਨੀਆ ਵਿਚ ਕਿਧਰੇ ਕਾਂਵਾਂਰੌਲੀ ਦੀ ਮੀਨਾਰ (Tower of Babel) ਹੈ ਤਾਂ ਭਾਰਤ ਉਹੀ ਬਹੁਭਾਸ਼ੀ ਮੀਨਾਰ ਹੈ। ਵੱਡੀ ਪੱਧਰ 'ਤੇ ਬੋਲੀ ਜਾਣ ਵਾਲੀ ਭਾਸ਼ਾ ਹਿੰਦੀ ਹੈ ਜਿਸ ਨੂੰ ਹਿੰਦੁਸਤਾਨੀ ਵੀ ਆਖਿਆ ਜਾਂਦਾ ਹੈ। ਕੁੱਲ ਆਬਾਦੀ ਦੇ 30 ਪ੍ਰਤੀਸ਼ਤ ਤੋਂ ਵੱਧ ਲੋਕ ਇਹ ਭਾਸ਼ਾ, ਹਿੰਦੀ ਜਾਂ ਹਿੰਦੁਸਤਾਨੀ, ਕਿਸੇ ਨਾ ਕਿਸੇ ਹੱਦ ਤੱਕ ਸਮਝ ਸਕਦੇ ਹਨ। ਇਸੇ ਕਰਕੇ ਇਸ ਨੂੰ ਰਾਸ਼ਟਰੀ ਭਾਸ਼ਾ ਦੇ ਤੌਰ 'ਤੇ ਮਾਨਤਾ ਦਿੱਤੀ ਗਈ ਤੇ ਇਸੇ ਦੇ ਰੂਪ ਵਿਚ ਇਸ ਦਾ ਵਿਕਾਸ ਕੀਤਾ ਜਾ ਰਿਹਾ ਹੈ (*ਦਰ ਅਸਲ ਹਿੰਦੀ ਨੂੰ ਰਾਜ ਭਾਸ਼ਾ* (official language) *ਦਾ ਦਰਜਾ ਦਿੱਤਾ ਗਿਆ ਹੈ ਤੇ ਬਾਕੀ ਸਾਰੀਆਂ ਭਾਸ਼ਾਵਾਂ ਹੀ ਰਾਸ਼ਟਰੀ ਭਾਸ਼ਾਵਾਂ ਹਨ। ਇਸੇ ਤਰ੍ਹਾਂ ਹਿੰਦੀ ਨੂੰ ਹਿੰਦੁਸਤਾਨੀ ਤੇ ਉਰਦੂ ਦੇ ਰੂਪ ਵਿਚ ਵੀ ਮਿਲਾ ਕੇ ਸਮਝਣ ਵਾਲਿਆਂ ਦਾ ਅਨੁਪਾਤ ਹੁਣ 30 ਪ੍ਰਤੀਸ਼ਤ ਨਹੀਂ 70 ਪ੍ਰਤੀਸ਼ਤ ਦਾ ਦਾਅਵਾ ਕੀਤਾ ਜਾ ਰਿਹਾ ਹੈ- ਅਨੁ:*।

ਬਹੁਤੀਆਂ ਭਾਰਤੀ ਭਾਸ਼ਾਵਾਂ ਦੋ ਹਿੱਸਿਆਂ ਵਿਚ ਵੰਡੀਆਂ ਜਾ ਸਕਦੀਆਂ ਹਨ। ਸੰਸਕ੍ਰਿਤ ਸਰੋਤ ਵਾਲੀਆਂ ਭਾਸ਼ਾਵਾਂ ਭਾਰਤ ਦੇ ਅੱਧੇ ਹਿੱਸੇ ਵਿਚ ਬੋਲੀਆਂ ਜਾਂਦੀਆਂ ਹਨ ਜੋ ਉੱਤਰ ਦੇ ਖਿੱਤੇ ਵਿਚ ਪੈਂਦਾ ਹੈ ਤੇ ਦੱਖਣ ਦੇ ਅੱਧ ਵਿਚ ਦਰਾਵੜੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਉੱਤਰ ਦੀਆਂ ਬਹੁਤੀਆਂ ਭਾਸ਼ਾਵਾਂ ਵਿਚ ਆਪਸੀ ਸਾਂਝੇ ਸ਼ਬਦ ਹਨ ਤੇ ਦੱਖਣ ਦੀਆਂ ਭਾਸ਼ਾਵਾਂ ਵਿਚ ਭਾਵੇਂ ਸੰਸਕ੍ਰਿਤ ਦੇ ਬਹੁਤ ਸਾਰੇ ਸ਼ਬਦ ਹਨ ਪਰ ਉਹ ਉੱਤਰ ਦੀਆਂ ਭਾਸ਼ਾਵਾਂ ਨਾਲੋਂ ਬਹੁਤ ਅਲਗ ਹਨ।

ਭਾਰਤ ਨੇ ਆਪਣੀ ਹੀ ਇਕ ਤਰ੍ਹਾਂ ਦੀ "ਭਾਰਤੀ ਅੰਗਰੇਜ਼ੀ" ਪੈਦਾ ਕੀਤੀ ਹੈ। ਅੰਗਰੇਜ਼ੀ ਭਾਸ਼ਾ ਨੇ ਭਾਰਤੀ ਭਾਸ਼ਾਵਾਂ ਤੋਂ ਹਜ਼ਾਰਾਂ ਸ਼ਬਦ ਗ੍ਰਹਿਣ ਕੀਤੇ ਹਨ ਜਿਵੇਂ ਕਿ 'ਵਰਾਂਡਾ', 'ਬੰਗਲੋ', 'ਚੱਟਨੀ' ਤੇ 'ਐਡਮਰਲ' ਵਗੈਰਾ। ਇਥੋਂ ਤੱਕ ਕਿ ਅੰਗਰੇਜ਼ੀ ਭਾਸ਼ਾ ਦਾ ਇਕ ਨਾਮ 'ਬਲਾਈਟੀ' ਵੀ ਭਾਰਤੀ ਭਾਸ਼ਾਵਾਂ ਤੋਂ ਲਿਆ ਗਿਆ ਹੈ। ਭਾਰਤੀਆਂ ਨੇ ਅੰਗਰੇਜ਼ੀ ਕੋਲੋਂ ਇਸ ਤੋਂ ਵੀ ਵੱਧ ਸ਼ਬਦ ਲਏ ਹਨ ਤੇ ਉਹਨਾਂ ਨੂੰ ਆਪਣੇ ਤਰੀਕੇ ਨਾਲ ਤੋੜ ਮਰੋੜ ਕਰਕੇ ਅਪਣਾਇਆ ਹੈ। ਇਸ ਕਿਰਿਆ ਨੂੰ 'ਹੌਬਸਨ, ਜੌਬਸਨ' ਦਾ ਨਾਮ ਦਿੱਤਾ ਗਿਆ ਹੈ ਤੇ ਇਹ ਸ਼ਬਦ ਭਾਰਤੀ ਭਾਸ਼ਾਵਾਂ ਦੇ ਸ਼ਬਦ ਕੋਸ਼ਾਂ ਵਿਚ ਆਪਣਾ ਸਥਾਨ ਬਣਾ ਚੁੱਕੇ ਹਨ (*ਅਸਲ ਵਿਚ ਹੌਬਸਨ ਜੌਬਸਨ ਇਕ ਡਿਕਸ਼ਨਰੀ ਹੈ ਜਿਸ ਵਿਚ ਹਿੰਦੀ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਤੇ ਅਰਬੀ, ਫਾਰਸੀ ਦੇ ਵੀ*

ਅੰਗਰੇਜ਼ੀ ਵਿਚ ਸ਼ਾਮਿਲ ਕੀਤੇ ਸ਼ਬਦਾਂ ਤੇ ਮੁਹਾਵਰਿਆਂ ਦਾ ਵਰਨਣ ਹੈ। ਇਹ ਸਭ ਤੋਂ ਪਹਿਲਾਂ 1886 ਤੇ ਹੁਣ ਨਵਾਂ ਐਡੀਸ਼ਨ 2013 ਵਿਚ ਛਪਿਆ ਹੈ-ਅਨੁ:)। ਅੰਗਰੇਜ਼ੀ ਦੇ ਸ਼ਬਦਾਂ ਦਾ ਜਿਸ ਤਰ੍ਹਾਂ ਦਾ ਉਚਾਰਣ ਭਾਰਤੀ ਲੋਕ ਕਰਦੇ ਹਨ, ਉਹ ਅਕਸਰ ਅੰਗਰੇਜ਼ੀ ਭਾਸ਼ੀ ਲੋਕਾਂ ਨੂੰ ਅਚੰਭੇ ਵਿਚ ਪਾ ਦਿੰਦੇ ਹਨ। ਆਮ ਤੌਰ 'ਤੇ ਜਦੋਂ ਕੋਈ ਭਾਰਤੀ ਵਸਨੀਕ ਕੋਈ ਭਾਰਤੀ ਭਾਸ਼ਾ ਬੋਲਦਾ ਹੈ ਤਾਂ ਇਹ ਨਹੀਂ ਪਤਾ ਲੱਗਦਾ ਕਿ ਉਹ ਭਾਰਤ ਦੇ ਕਿਹੜੇ ਹਿੱਸੇ ਵਿਚੋਂ ਆਇਆ ਪਰ ਜਿਵੇਂ ਹੀ ਉਹ ਅੰਗਰੇਜ਼ੀ ਦੇ ਸ਼ਬਦ ਬੋਲਦਾ ਹੈ ਤਾਂ ਝੱਟ ਪਤਾ ਲੱਗ ਜਾਂਦਾ ਹੈ ਕਿ ਉਸ ਦਾ ਇਲਾਕਾ ਕਿਹੜਾ ਹੈ।

ਭਾਰਤ ਦੇ ਧਰਮ

ਭਾਰਤ ਵਿਚ ਵੱਖ ਵੱਖ ਕਿਸਮ ਦੇ ਅੱਠ ਧਰਮਾਂ ਨੂੰ ਮੰਨਿਆ ਜਾਂਦਾ ਹੈ। ਇਹ ਹਨ: ਹਿੰਦੂ, ਇਸਲਾਮ, ਇਸਾਈ, ਸਿੱਖ, ਬੁੱਧ, ਜੈਨ, ਪਾਰਸੀ (Zoroastreian) ਤੇ ਯਹੂਦੀ (Judaism)।

ਇਸ ਮੁਲਕ ਦੀ 80 ਫੀਸਦੀ ਆਬਾਦੀ ਹਿੰਦੂ ਹੈ ਪਰ ਕਿਉਂਕਿ ਹਿੰਦੂਇਜ਼ਮ ਦੀ ਕੋਈ ਪੱਕੀ ਪਰਿਭਾਸ਼ਾ ਨਹੀਂ ਹੈ ਤੇ ਇਸ ਦੀਆਂ ਬਹੁਤ ਸਾਰੀਆਂ ਵੰਨਗੀਆਂ ਹਨ, ਇਸ ਨੂੰ ਹਿੰਦੂ ਮੁਲਕ ਨਹੀਂ ਕਿਹਾ ਜਾਂਦਾ।

ਇਸ ਤੋਂ ਬਾਅਦ ਮੁਸਲਮਾਨਾਂ ਦਾ ਨੰਬਰ ਆਉਂਦਾ ਹੈ ਜਿਹਨਾਂ ਦਾ ਹਿੱਸਾ 10 ਫੀ ਸਦੀ ਹੈ ਤੇ ਕੁੱਲ ਆਬਾਦੀ 6 ਤੋਂ 7 ਕਰੋੜ ਦੇ ਬਰਾਬਰ ਹੈ (*ਹੁਣ ਇਹਨਾਂ ਦੀ ਆਬਾਦੀ, 2011 ਦੀ ਜਨ ਗਣਨਾਂ ਮੁਤਾਬਕ 13 ਕਰੋੜ 80 ਲੱਖ ਹੈ ਤੇ ਇਹ ਕੁੱਲ ਆਬਦੀ ਦਾ 13 ਫੀ ਸਦੀ ਬਣਦਾ ਹੈ-ਅਨੁ:*)। ਇਸ ਵਾਸਤੇ ਇੰਡੋਨੇਸ਼ੀਆ ਤੇ ਬੰਗਲਾਦੇਸ਼ ਤੋਂ ਬਾਅਦ ਭਾਰਤ ਦੁਨੀਆ ਦਾ ਤੀਸਰਾ ਵੱਡਾ ਮੁਸਲਿਮ ਆਬਾਦੀ ਵਾਲਾ ਮੁਲਕ ਹੈ (*ਅਸਲ ਵਿਚ ਭਾਰਤ ਹੀ ਇੰਡੋਨੇਸ਼ੀਆ ਤੋਂ ਬਾਅਦ ਦੂਜੇ ਨੰਬਰ ਦਾ ਮੁਸਲਿਮ ਮੁਲਕ ਹੈ। ਬੰਗਲਾ ਦੇਸ਼ ਦੀ ਆਬਾਦੀ ਭਾਰਤ ਵਿਚ ਰਹਿੰਦੇ ਮੁਸਲਮਾਨਾਂ ਨਾਲੋਂ ਕਰੀਬ ਕਰੀਬ ਅੱਧੀ ਹੈ-ਅਨੁ:*)। ਕੁਝ ਇਲਾਕਿਆਂ ਵਿਚ ਵੱਡੀ ਮੁਸਲਿਮ ਆਬਾਦੀ ਪਾਈ ਜਾਂਦੀ ਹੈ ਜਿਵੇਂ ਕਿ ਕਸ਼ਮੀਰ ਤੋਂ ਇਲਾਵਾ ਕੇਰਲ ਤੇ ਉੱਤਰ ਪ੍ਰਦੇਸ਼ ਦੇ ਕੁਝ ਜ਼ਿਲ੍ਹੇ। ਇਹਨਾਂ ਥਾਵਾਂ ਤੇ ਮੁਸਲਿਮ ਬਹੁ ਗਿਣਤੀ ਵਿਚ ਹਨ।

ਮੁਸਲਮਾਨਾਂ ਤੋਂ ਬਾਅਦ ਇਸਾਈਆਂ ਦਾ ਨੰਬਰ ਆਉਂਦਾ ਹੈ ਜਿਹਨਾਂ ਦੀ ਗਿਣਤੀ ਕਰੀਬ ਡੇਢ ਕਰੋੜ (*ਹੁਣ 2011 ਵਿਚ ਦੋ ਕਰੋੜ 40 ਲੱਖ*) ਹੈ। ਭਾਰਤ ਵਿਚ ਇਸਾਈਆਂ ਦਾ ਆਉਣਾ ਯੂਰਪ ਵਿਚ ਆਉਣ ਤੋਂ ਪਹਿਲਾਂ ਦਾ ਹੈ ਪਰ ਇਸ ਦਾ ਫੈਲਾਵ ਪੁਰਤਗਾਲੀ, ਡੱਚ, ਫਰਾਂਸੀਸੀ ਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਤੋਂ ਬਾਅਦ ਹੀ ਹੋਇਆ। ਇਸਾਈਆਂ ਦਾ ਵੱਡਾ ਇਕੱਠ ਕੇਰਲਾ, ਗੋਆ ਤੇ ਕੁਝ ਆਦਿਵਾਸੀ ਇਲਾਕਿਆਂ, ਮੁੱਖ ਤੌਰ 'ਤੇ ਅਸਾਮ, ਬਿਹਾਰ, ਉੜੀਸਾ, ਤੇ ਮੱਧ ਪ੍ਰਦੇਸ ਵਿਚ ਪਾਇਆ ਜਾਂਦਾ ਹੈ। ਹੋਰ ਧਰਮਾਂ ਦੀ ਤਰ੍ਹਾਂ ਇਸਾਈ ਵੀ ਅੱਗੋਂ ਕਈ ਫਿਰਕਿਆਂ ਵਿਚ ਵੰਡੇ ਹੋਏ ਹਨ ਜਿਵੇਂ ਕਿ ਰੋਮਨ ਕੈਥੋਲਿਕ, ਸੀਰੀਅਨ ਤੇ ਪ੍ਰੋਟੇਸਟੈਂਟ।

ਸਿੱਖਾਂ ਦੀ ਗਿਣਤੀ ਇਕ ਕਰੋੜ ਤੋਂ ਇਕ ਕਰੋੜ 20 ਲੱਖ ਦੇ ਵਿਚਕਾਰ ਹੈ (*ਹੁਣ*

2011 ਵਿਚ ਇਕ ਕਰੋੜ 90 ਲੱਖ ਪਾਈ ਗਈ ਹੈ) ਤੇ ਇਹ ਕੁੱਲ ਆਬਾਦੀ ਦਾ ਦੋ ਫ਼ੀਸਦੀ (*ਹੁਣ 1.9 ਫੀ ਸਦੀ*) ਬਣਦੇ ਹਨ। ਫਿਰ ਵੀ ਇਹ ਪੂਰਬੀ ਪੰਜਾਬ ਦੇ ਇਕ ਹਿੱਸੇ ਵਿਚ ਇਕੱਠੇ ਹਨ ਤੇ ਉਥੇ ਬਹੁ ਗਿਣਤੀ ਵਿਚ ਹਨ। ਹੋਰਨਾਂ ਧਰਮਾਂ ਦੇ ਲੋਕ ਆਪਣੇ ਆਪਣੇ ਇਲਾਕਿਆਂ ਦੀਆਂ ਭਾਸ਼ਾਵਾਂ ਬੋਲਦੇ ਹਨ, ਜਿੱਥੇ ਉਹ ਰਹਿੰਦੇ ਹਨ ਪਰ ਸਿੱਖ ਜਿੱਥੇ ਵੀ ਰਹਿੰਦੇ ਹੋਣ ਇਕੋ ਭਾਸ਼ਾ, ਪੰਜਾਬੀ, ਬੋਲਦੇ ਹਨ।

ਬਾਕੀ ਦੇ ਮਜ਼ਹਬਾਂ ਦਾ ਗਿਣਤੀ ਦੇ ਹਿਸਾਬ ਨਾਲ ਬਹੁਤ ਮਾਮੂਲੀ ਮਹੱਤਵ ਹੈ। ਜੈਨ ਧਰਮ ਦੇ ਲੋਕ ਹੁਣ ਅਮਲ ਵਿਚ ਹਿੰਦੂ ਹੀ ਬਣ ਗਏ ਹਨ। ਜ਼ੋਰਾਸਤਰੀਅਨ ਜਿਹਨਾਂ ਨੂੰ ਭਾਰਤ ਵਿਚ ਪਾਰਸੀ ਕਹਿ ਕੇ ਬੁਲਾਇਆ ਜਾਂਦਾ ਹੈ, ਗਿਣਤੀ ਵਿਚ ਮਸਾਂ ਇਕ ਲੱਖ ਦੇ ਕਰੀਬ ਹੋਣਗੇ ਤੇ ਇਹ ਸ਼ਹਿਰਾਂ ਵਿਚ ਹੀ ਰਹਿੰਦੇ ਹਨ, ਮੁੱਖ ਤੌਰ 'ਤੇ ਬੰਬਈ ਵਿਚ। ਉਹਨਾਂ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਉਹ ਬਹੁਤ ਅਗਾਂਹ ਵਧੂ ਵਿਚਾਰਾਂ ਵਾਲੇ ਹਨ ਤੇ ਵੱਡੇ ਉਦਯੋਗਿਕ ਅਦਾਰਿਆਂ ਦੇ ਮਾਲਕ ਹਨ। ਯਹੂਦੀਆਂ ਦੀ ਗਿਣਤੀ ਕੇਵਲ 5 ਕੁ ਹਜ਼ਾਰ ਹੀ ਹੋਵੇਗੀ। ਪ੍ਰਾਚੀਨ ਯਹੂਦੀ ਮੰਦਿਰ ਕੇਰਲਾ ਦੇ 'ਯਹੂਦੀ ਨਗਰ' ਵਿਚ ਹੈ ਤੇ ਮਹਾਰਾਸ਼ਟਰ ਵਿਚ ਕੁਝ ਬੇਨੀ ਇਸਰਾਈਲੀ ਜਹੂਦੀ ਰਹਿੰਦੇ ਹਨ। ਹਾਲਾਂਕਿ ਭਾਰਤ ਵਿਚ ਯਹੂਦੀ ਵਿਰੋਧੀ ਰੁਝਾਨ ਦੀ ਕੋਈ ਅਲਾਮਤ ਨਹੀਂ, ਫਿਰ ਵੀ ਕਾਫ਼ੀ ਗਿਣਤੀ ਦੇ ਭਾਰਤੀ ਯਹੂਦੀ ਇਸਰਾਈਲ ਵਿਚ ਜਾ ਵੱਸੇ ਹਨ।

ਭਾਰਤ ਸਦੀਆਂ ਤੋਂ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਦੇਸ਼ ਰਿਹਾ ਹੈ ਤੇ ਅੱਜ ਵੀ ਹੈ। ਇਸ ਦੀ 82 ਫੀ ਸਦੀ ਆਬਾਦੀ (*ਅੱਜ 68.84 ਫੀ ਸਦੀ*) ਪਿੰਡਾਂ ਵਿਚ ਰਹਿੰਦੀ ਹੈ। ਹਾਲਾਂਕਿ ਪਿਛਲੇ ਕੁਝ ਵਕਤ ਤੋਂ ਕਾਫ਼ੀ ਆਬਾਦੀ ਨਵੇਂ ਉਸਰ ਰਹੇ ਉਦਯੋਗਿਕ ਨਗਰਾਂ ਤੇ ਸ਼ਹਿਰਾਂ ਵੱਲ ਜਾ ਕੇ ਵੱਸ ਰਹੀ ਹੈ। ਅਸੀ ਹਰ ਦਸਾਂ ਸਾਲਾਂ ਬਾਅਦ ਬਹੁਤ ਵਿਸਤ੍ਰਤ ਜਨ ਗਣਨਾ ਕਰਦੇ ਹਾਂ ਅਤੇ 1971 ਦੀ ਤਾਜ਼ਾ ਜਨ ਗਣਨਾ ਦੇ ਮੁਤਾਬਕ ਭਾਰਤ ਵਿਚ 5 ਲੱਖ 66 ਹਜ਼ਾਰ 8 ਸੌ 78 ਪਿੰਡ ਅਤੇ 2 ਹਜ਼ਾਰ 6 ਸੌ 99 ਕਸਬੇ ਜਾਂ ਸ਼ਹਿਰ ਹਨ (*ਅੱਜ 2011 ਦੀ ਜਨਗਣਨਾ ਮੁਤਾਬਕ ਪਿੰਡਾਂ ਦੀ ਗਿਣਤੀ 5 ਲੱਖ 97 ਹਜ਼ਾਰ ਹੈ*)। ਸਾਡੇ ਕੋਲ ਸਿਰਫ਼ 187 ਅਜਿਹੇ ਸ਼ਹਿਰ ਹਨ ਜਿਹਨਾਂ ਦੀ ਆਬਾਦੀ ਇਕ ਲੱਖ ਤੋਂ ਵੱਧ ਹੈ। ਇਹ ਸ਼ਹਿਰ ਹਨ, ਬੰਬਈ, ਕਲਕੱਤਾ, ਦਿੱਲੀ, ਮਦਰਾਸ, ਹੈਦਰਾਬਾਦ, ਅਹਿਮਦਾਬਾਦ, ਬੰਗਲੌਰ, ਕਾਨਪੁਰ ਤੇ ਹੋਰ ਕਈ। *(2011 ਦੀ ਜਨਗਣਨਾ ਮੁਤਾਬਕ 2 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦੀ ਗਿਣਤੀ 200 ਹੈ, 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਨੂੰ 'ਮਿਲੀਅਨ ਪਲੱਸ ਸ਼ਹਿਰ' ਆਖਿਆ ਗਿਆ ਹੈ ਤੇ ਇਹਨਾਂ ਦੀ ਗਿਣਤੀ 46 ਹੈ, 40 ਲੱਖ ਤੋਂ ਉਪਰ ਦੀ ਆਬਾਦੀ ਵਾਲੇ ਸ਼ਹਿਰ 'ਮੇਗਾ ਸਿਟੀ' ਕਹਿਲਾਏ ਗਏ ਜਿਹਨਾਂ ਦੀ ਗਿਣਤੀ 8 ਹੈ। ਮੁੰਬਈ ਦੀ ਆਬਾਦੀ ਸਭ ਤੋਂ ਵੱਧ 1 ਕਰੋੜ 24 ਲੱਖ, ਦਿੱਲੀ ਦੀ 1 ਕਰੋੜ 10 ਲੱਖ ਤੇ ਕੋਲਕਾਤਾ ਹੁਣ 44 ਲੱਖ ਦੀ ਆਬਾਦੀ ਨਾਲ 7ਵੇਂ ਨੰਬਰ 'ਤੇ ਚਲਾ ਗਿਆ ਹੈ)।*

ਚੈਪਟਰ 2

ਹਿੰਦੂਵਾਦ -1

ਭਾਰਤ ਦੀ ਆਬਾਦੀ ਦਾ ਵੱਡਾ ਹਿਸਾ ਹਿੰਦੂ ਹਨ। ਜੇ ਜੈਨੀਆਂ, ਬੋਧੀਆਂ ਤੇ ਸਿੱਖਾਂ ਨੂੰ ਹਿੰਦੂਆਂ ਵਿਚ ਗਿਣਨਾ ਹੋਵੇ, ਜਿਸ ਦੇ ਕਾਫੀ ਪਾਏਦਾਰ ਕਾਰਨ ਹਨ, ਤਾਂ ਭਾਰਤ ਦੀ ਆਬਾਦੀ ਕਰੀਬ ਕਰੀਬ 87 ਫੀ ਸਦੀ ਹਿੰਦੂ ਹੈ। ਤਾਂ ਇਹ ਹਿੰਦੁਸਤਾਨ ਹੈ ਜਿਸ ਬਾਰੇ ਅਸੀਂ ਗੱਲ ਕਰ ਰਹੇ ਹੋਵਾਂਗੇ *(ਦਰ ਅਸਲ ਹਿੰਦੁਸਤਾਨ ਦੇ ਲਫ਼ਜ਼ੀ ਅਰਥ ਹਿੰਦੂਆਂ ਦਾ ਮੁਲਕ ਨਹੀਂ। ਸਿੰਧ ਦਰਿਆ ਦੇ ਨਾਮ ਉਪਰ ਇਸ ਦਾ ਨਾਮ ਹਿੰਦ ਤੇ ਹਿੰਦੁਸਤਾਨ ਪਿਆ ਜੋ ਫ਼ਾਰਸੀ ਭਾਸ਼ਾਈ ਲੋਕਾਂ ਨੇ ਰੱਖਿਆ। ਇਥੇ ਰਹਿਣ ਵਾਲੇ ਲੋਕਾਂ ਨੂੰ ਹਿੰਦੂ ਕਿਹਾ ਗਿਆ ਤੇ ਬਹੁਤ ਬਾਅਦ ਵਿਚ ਜਾ ਕੇ ਇਹ ਨਾਮ ਇਕ ਮਜ਼ਹਬ ਦਾ ਨਾਮ ਬਣ ਗਿਆ ਜੋ ਹੁਣ ਵਿਹਾਰਕ ਹੈ। ਪ੍ਰਾਚੀਨ ਹਿੰਦੂ ਗ੍ਰੰਥਾਂ ਵਿਚ ਕਿਧਰੇ ਵੀ ਇਹ 'ਹਿੰਦੂ' ਲਫ਼ਜ਼ ਨਹੀਂ ਹੈ ਤੇ ਨਾ ਹੀ ਇਸ ਮਜ਼ਹਬ ਦੇ ਬਾਨੀਆਂ ਨੇ ਇਸ ਦਾ ਇਹ ਨਾਮ ਰੱਖਿਆ ਸੀ। ਇਸੇ ਤਰ੍ਹਾਂ ਅੱਜ ਜੈਨੀਆਂ, ਬੋਧੀਆਂ ਤੇ ਸਿੱਖਾਂ ਨੂੰ ਹਿੰਦੂਆਂ ਨਾਲ ਰਲਗੱਡ ਨਹੀਂ ਕੀਤਾ ਜਾ ਸਕਦਾ ਹੈ, ਇਹ ਪ੍ਰਵਾਨਤ ਤੌਰ 'ਤੇ ਵੱਖਰੇ ਧਰਮ ਹਨ। ਬੇਸ਼ੱਕ ਇਹਨਾਂ ਦੀਆਂ ਬਹੁਤ ਸਾਰੀਆਂ ਰਸਮਾਂ ਆਪਸ ਵਿਚ ਮਿਲਦੀਆਂ ਹਨ ਪਰ ਬਹੁਤ ਸਾਰੀਆਂ ਅਲਗ ਹਨ। ਮੁਸਲਮਾਨਾਂ ਤੋਂ ਬਾਅਦ ਸਿੱਖਾਂ ਨੂੰ ਦੂਜੀ ਅਹਿਮ ਘੱਟ ਗਿਣਤੀ ਤਸੱਵਰ ਕੀਤਾ ਗਿਆ ਹੈ –ਅਨੁ:)*।

ਭਾਰਤ ਦੀ ਇਤਿਹਾਸਕ ਜ਼ਿੰਦਗੀ ਵਿਚ ਧਰਮ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ ਪਰ ਇਹ ਕਹਿਣਾ ਕਿ ਭਾਰਤੀ ਲੋਕ ਦੁਨੀਆ ਦੇ ਹੋਰ ਹਿੱਸਿਆਂ ਦੇ ਲੋਕਾਂ ਨਾਲੋਂ ਜ਼ਿਆਦਾ ਅਧਿਆਤਮਕ ਹਨ ਤੇ ਦੁਨੀਆਵੀ ਸੋਚਾਂ ਤੋਂ ਦੂਰ ਹਨ, ਬਿਲਕੁਲ ਬਕਵਾਸ ਗੱਲ ਹੋਵੇਗੀ। ਕਥਿਤ ਪਦਾਰਥਵਾਦੀ ਸਮਾਜਾਂ ਨਾਲੋਂ ਭਾਰਤੀ ਲੋਕ ਜ਼ਿਆਦਾ ਪਦਾਰਥਵਾਦੀ ਤੇ ਪੈਸੇ ਦੇ ਪੁਜਾਰੀ ਹਨ। ਫਿਰ ਵੀ ਧਰਮ, ਧਾਰਮਿਕ ਰਸਮਾਂ ਤੇ ਪੂਜਾ ਪਾਠ ਵਿਚ ਭਾਰਤੀ ਲੋਕ ਹੋਰਨਾਂ ਨਾਲੋ ਵੱਧ ਸਮਾਂ ਬਤੀਤ ਕਰਦੇ ਹਨ। ਬਹੁਤ ਵਾਰ ਧਾਰਮਿਕ ਕਦਰਾਂ ਕੀਮਤਾਂ ਆਰਥਕ ਪਹਿਲੂਆਂ ਨਾਲੋਂ ਹਾਵੀ ਹੋ ਸਕਦੀਆਂ ਹਨ। ਬਾਰ ਬਾਰ ਪੈਂਦੀ ਭੁੱਖ ਮਰੀ ਤੇ ਅਕਾਲਾਂ ਦੀ ਉਦਾਹਰਣ ਲਵੋ। ਅਹਿੰਸਾ ਦਾ ਪੁਜਾਰੀ ਹਿੰਦੂ ਜੋ ਮਰਨ ਕਿਨਾਰੇ ਪਿਆ ਹੋਵੇਗਾ, ਭੁੱਖਿਆਂ ਮਰ ਜਾਣਾ ਬੇਹਤਰ ਸਮਝੇਗਾ ਪਰ ਆਪਣੀ ਜਾਨ ਬਚਾਉਣ ਵਾਸਤੇ ਕਿਸੇ ਜਾਨਵਰ ਦਾ ਕਤਲ ਨਹੀਂ ਕਰੇਗਾ।

ਗਾਂ ਬਾਰੇ ਬਣ ਚੁਕੀ ਸੋਚ ਇਕ ਹੋਰ ਵਧੀਆ ਉਦਾਹਰਣ ਹੈ। ਸੋਚਵਾਨ ਹਿੰਦੂ ਮਹਿਸੂਸ ਕਰਦੇ ਹਨ ਕਿ ਇਸ ਮੁਲਕ ਵਿਚ ਜ਼ਰੂਰਤ ਨਾਲੋਂ ਕਿਤੇ ਵੱਧ ਗਾਂਵਾਂ ਹਨ ਤੇ ਉਹ ਬਹੁਤ ਥੋੜਾ ਦੁੱਧ ਦੇਂਦੀਆਂ ਹਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਗਲੀਆਂ ਤੇ ਮੈਦਾਨਾਂ ਵਿਚ ਭੁੱਖੀਆਂ ਤੇ ਅਣ ਸੁਰੱਖਿਅਤ ਘੁੰਮਦੀਆਂ ਹਨ। ਕੁਝ ਇਹ ਵੀ ਮਹਿਸੂਸ ਕਰਦੇ ਹਨ ਕਿ ਚੰਗਾ ਹੋਵੇ ਜੇ ਇਹਨਾਂ ਦਾ ਮਾਸ ਖੁਰਾਕ ਦੇ ਤੌਰ 'ਤੇ ਇਸਤੇਮਾਲ ਹੋਵੇ

ਤੇ ਇਹਨਾਂ ਦੀ ਗਿਣਤੀ ਘਟਾਈ ਜਾਵੇ ਪਰ ਜਦੋਂ ਇਸ ਵਿਚਾਰ ਨੂੰ ਅਮਲ ਵਿਚ ਲਿਆਉਣ ਦੀ ਗੱਲ ਹੁੰਦੀ ਹੈ ਤਾਂ ਉਹ ਘਬਰਾਹਟ ਵਿਚ ਕੰਬਣ ਲੱਗ ਪੈਂਦੇ ਹਨ।

ਭਾਰਤ ਦੇ ਸੰਵਿਧਾਨ ਦਾ ਖਰੜਾ ਉੱਚ ਕੋਟੀ ਦੇ ਵਿਦਵਾਨ ਹਿੰਦੂਆਂ ਨੇ ਤਿਆਰ ਕੀਤਾ ਹੈ ਜੋ ਅਮਰੀਕਾ ਤੇ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਵਿਚੋਂ ਡਿਗਰੀਆਂ ਕਰ ਕੇ ਆਏ ਹਨ ਤੇ ਵਿਦੇਸ਼ਾਂ ਵਿਚ ਰਹਿੰਦਿਆਂ ਜਿਹਨਾਂ ਨੇ ਗਾਂ ਦੇ ਮੀਟ ਦੀਆਂ ਬੀਫ ਸਟੀਕਸ ਪੇਟ ਭਰ ਕੇ ਖਾਧੀਆਂ ਹੋਈਆਂ ਸਨ। ਲੇਕਿਨ ਜਦੋਂ ਸੰਵਿਧਾਨ ਦੇ ਖਰੜੇ ਉਪਰ ਕਲਮ ਚਲਾਉਣ ਦਾ ਵਕਤ ਆਇਆ ਤਾਂ ਉਹਨਾਂ ਨੇ ਇਕ ਉਚੇਚੀ ਧਾਰਾ ਗਊ ਦੀ ਰੱਖਿਆ ਦੀ ਦਰਜ ਕੀਤੀ। ਇਸ ਧਾਰਾ ਨੂੰ ਬਹੁਤ ਸਮਝਦਾਰੀ ਦੇ ਤਰਕੇ ਨਾਲ ਕਲਮਬੰਦ ਕੀਤਾ ਤਾਂ ਜੋ ਬਾਹਰ ਦੀ ਦੁਨੀਆ ਉਹਨਾਂ ਦਾ ਮਜ਼ਾਕ ਨਾ ਉਡਾਏ ਤੇ ਉਹਨਾਂ ਨੂੰ ਪਿਛੜੇ ਹੋਏ ਨਾ ਸਮਝੇ। ਧਾਰਾ ਦੇ ਸ਼ਬਦ ਇਸ ਤਰ੍ਹਾਂ ਹਨ:

ਰਾਜ ਖੇਤੀ ਬਾੜੀ ਤੇ ਪਸ਼ੂਪਾਲਣ ਨੂੰ ਵੱਡਾ ਮਹੱਤਵ ਦੇਵੇਗਾ। ਇਹਨਾਂ ਨੂੰ ਅਧੁਨਿਕ ਤੇ ਵਿਗਿਆਨਕ ਲੀਹਾਂ 'ਤੇ ਵਿਕਸਿਤ ਕੀਤਾ ਜਾਵੇਗਾ। ਪਸ਼ੂਆਂ ਦੀਆਂ ਨਸਲਾਂ ਵਿਚ ਸੁਧਾਰ ਤੇ ਸੁਰੱਖਿਆਂ ਦੇ ਪੂਰੇ ਇੰਤਜ਼ਾਮ ਕੀਤੇ ਜਾਣਗੇ ਤੇ ਇਸੇ ਤਰ੍ਹਾਂ ਗਾਵਾਂ, ਵੱਛੜਿਆਂ ਤੇ ਦੁੱਧ ਦੇਣ ਵਾਲੇ ਹੋਰ ਪਸ਼ੂਆਂ ਨੂੰ ਕੱਟਣ ਉੱਪਰ ਪਾਬੰਦੀ ਲਗਾਈ ਜਾਵੇਗੀ।

ਭਾਰਤੀ ਧਰਮ ਜਾਂ ਦੂਜੇ ਸ਼ਬਦਾਂ ਵਿਚ ਹਿੰਦੂ ਧਰਮ ਮਾਨਵ ਦੀਆਂ ਸਮੱਸਿਆਵਾਂ ਨੂੰ ਅਰਬ ਮੁਲਕਾਂ ਵਿਚ ਪੈਦੇ ਹੋਏ ਧਰਮਾਂ, ਯਾਹੂਦੀ, ਇਸਾਈਅਤ ਤੇ ਇਸਲਾਮ ਨਾਲੋਂ ਵੱਖਰੀ ਤਰ੍ਹਾਂ ਵੇਖਦਾ ਹੈ। ਇਸ ਨੂੰ ਚੰਗੀ ਤਰ੍ਹਾਂ ਸਮਝਣ ਵਾਸਤੇ ਤਿੰਨ 'ਸੰਬੰਧਾਂ' ਦਾ ਅਧਿਐਨ ਕਰਨ ਪਵੇਗਾ ਜਿਹਨਾਂ ਦੀ ਧਾਰਨਾ ਸਾਰੇ ਧਰਮਾਂ ਵਿਚ ਪਾਈ ਜਾਂਦੀ ਹੈ। ਇਹਨਾਂ ਵਿਚੋਂ ਸਭ ਤੋਂ ਪਹਿਲਾ ਮਨੁੱਖ ਦਾ ਈਸ਼ਵਰ ਨਾਲ ਰਿਸ਼ਤਾ ਹੈ ਜੋ ਉਸ ਦਾ ਜਨਮਦਾਤਾ, ਪਾਲਣਹਾਰ ਤੇ ਉਸ ਨੂੰ ਮੌਤ ਦੇਣ ਵਾਲਾ ਹੈ। ਦੂਜਾ ਮਨੁੱਖ ਦਾ ਹੋਰ ਮਨੁੱਖਾਂ ਨਾਲ ਸੰਬੰਧ ਹੈ ਭਾਵ ਕਿ ਉਸ ਸਮਾਜ ਪ੍ਰਤੀ ਉਸ ਦੇ ਅਧਿਕਾਰ ਤੇ ਕਰਤੱਵ ਜਿਸ ਵਿਚ ਉਹ ਰਹਿੰਦਾ ਹੈ। ਤੀਸਰੇ ਨੰਬਰ ਉਪਰ ਮਨੁੱਖ ਦਾ ਆਪਣੇ ਆਪ ਨਾਲ ਰਿਸ਼ਤਾ ਹੈ ਭਾਵ ਕਿ ਉਸ ਦਾ ਆਪਣੀ ਆਤਮਾ ਨਾਲ ਸੰਬੰਧ ਦਾ ਹੈ।

ਸਾਰਿਆਂ ਧਰਮਾਂ ਦੀ ਇਹਨਾਂ 'ਸੰਬੰਧਾਂ' ਬਾਰੇ ਕੁਝ ਨਾ ਕੁਝ ਵੱਖਰੀ ਵਿਚਾਰਧਾਰਾ ਹੈ। ਇਸ ਦੀ ਚੋਣ ਵਿਚੋਂ ਹੀ ਅਸੀਂ ਮਨੁੱਖੀ ਮਸਲਿਆਂ ਬਾਰੇ ਧਰਮਾਂ ਦੇ ਵੱਖਰੇ ਦ੍ਰਿਸ਼ਟੀਕੋਣ ਵੇਖਦੇ ਹਾਂ। ਯਾਹੂਦੀਆਨਕ ਮਜ਼ਹਬਾਂ (Judaic religions) ਵਿਚ ਮਨੁੱਖ ਦੇ ਮਨੁੱਖਾਂ ਨਾਲ ਸੰਬੰਧਾਂ ਦਾ ਵੱਡਾ ਮਹੱਤਵ ਰੱਖਿਆ ਗਿਆ ਹੈ ਲੇਕਿਨ ਹਿੰਦੂ ਧਰਮ ਵਿਚ ਜ਼ਿਆਦਾ ਮਹੱਤਵ ਮਨੁੱਖ ਦੇ ਆਪਣੇ ਅੰਦਰ ਦੀ ਆਤਮਾ ਨਾਲ ਸੰਬੰਧਾ ਬਾਰੇ ਰੱਖਿਆ ਗਿਆ ਹੈ। ਯਾਹੂਦੀਵਾਦ, ਇਸਾਈਅਤ ਤੇ ਇਸਲਾਮ ਵਿਚ ਬਹੁਤ ਸਾਰੇ ਫਰਜ਼ਾਂ ਤੇ ਮਨਾਹੀਆਂ (do's and don'ts) ਦਾ ਜ਼ਿਕਰ ਹੈ। ਜਿਵੇਂ ਕਿ ਕਿਸੇ ਦੀ ਚੀਜ਼ ਨਹੀਂ ਚੁਰਾਣੀ ਤੇ ਕਿਸੇ ਦੀ ਇੱਜ਼ਤ ਨਹੀਂ ਲੁੱਟਣੀ ਵਗੈਰਾ। ਓਧਰ ਹਿੰਦੂ ਗਰੁੱਪ ਦੇ ਧਰਮਾਂ ਵਿਚ ਆਪਣੀ ਆਤਮਾਂ ਨੂੰ ਸਮਝਣਾ, ਆਪਣੇ ਮਨ ਉਪਰ ਕਾਬੂ ਪਾਉਣਾ ਤੇ ਮਨ ਦੀ ਸ਼ਾਂਤੀ ਹਾਸਲ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ।

ਪੱਛਮੀ ਧਾਰਮਿਕ ਬੰਦਾ ਆਪਣੇ ਆਪ ਵਿਚ ਇਕ ਧਾਰਮਿਕ ਦੂਤ (missionary), ਨੇਕ ਚਾਲ ਚਲਨੀ ਵਾਲਾ (do gooder) ਤੇ ਤਤਪਰ ਸੇਵਾਦਾਰ (boy scout) ਹੁੰਦਾ ਹੈ। ਹਿੰਦੂ ਧਰਮ ਦਾ ਉਦਾਹਰਣੀ ਸਰੂਪ ਸਾਧੂ ਜਾਂ ਯੋਗੀ ਹੈ ਜੋ ਇਕਾਂਤ ਵਿਚ ਬੈਠ ਕੇ ਆਪਣੇ ਇਰਦ ਗਿਰਦ ਤੋਂ ਬੇ ਫਿਕਰ ਬੰਦਗੀ ਕਰਦਾ ਹੈ। ਉਹ ਪੜੋਸ ਵਿਚ ਕੁਝ ਵੀ ਹੋਣ ਦੀ ਪਰਵਾਹ ਨਹੀਂ ਕਰਦਾ। ਇਹਨਾਂ ਵੱਖਰੀਆਂ ਭੂਮਿਕਾਵਾਂ ਵਿਚੋਂ ਹੀ ਮਹੱਤਵਪੂਰਣ ਵਿਹਾਰਕ ਸਰੂਪ ਪੈਦਾ ਹੁੰਦੇ ਹਨ। ਹਿੰਦੂ ਆਪਣੇ ਅੰਦਰ ਧੁਰ ਤੱਕ ਝਾਤੀ ਮਾਰਨ ਵਾਲਾ ਬੰਦਾ ਹੈ। ਪੱਛਮ ਦਾ ਧਰਮੀ ਬੰਦਾ ਆਪਣੇ ਬਾਹਰ ਵੇਖਦਾ ਹੈ ਤੇ ਉਸ ਸਮਾਜ ਦੀ ਬੇਹਤਰੀ ਸੋਚਦਾ ਹੈ ਜਿਸ ਵਿਚ ਉਹ ਰਹਿ ਰਿਹਾ ਹੁੰਦਾ ਹੈ।

ਅਸਾਂ ਪਹਿਲੇ ਵਿਚਾਰਿਆ ਹੋਇਆ ਹੈ ਕਿ ਹਿੰਦੂਵਾਦ ਆਪਣੀ ਪਰਿਭਾਸ਼ਾ ਨਹੀਂ ਦੇਂਦਾ। ਹਿੰਦੂ ਧਰਮ ਨਾਲ ਸੰਬੰਧਤ ਪ੍ਰਾਚੀਨ ਧਾਰਮਿਕ ਗ੍ਰੰਥਾਂ ਵਿਚ ਸ਼ਬਦ 'ਹਿੰਦੂ' ਨਹੀਂ ਹੈ। ਹਿੰਦੂ ਧਰਮ ਦਾ ਕੋਈ ਪੈਗੰਬਰ, ਮਸੀਹਾ ਜਾਂ ਬਾਨੀ ਨਹੀਂ ਹੈ ਜਿਵੇ ਕਿ ਯਹੂਦੀਆਂ, ਇਸਾਈਆਂ ਤੇ ਮੁਸਲਮਾਨਾਂ ਦੇ ਪੈਗੰਬਰ ਜਾਂ ਮਸੀਹਾ ਹਨ। ਇਸ ਦੀ ਤੋਰਾਹ, ਬਾਈਬਲ ਜਾਂ ਕੁਰਆਨ ਦੀ ਤਰ੍ਹਾਂ ਕੋਈ ਇਕ ਪਵਿਤਰ ਪੁਸਤਕ ਨਹੀਂ ਹੈ। ਇਸ ਦਾ ਕੋਈ ਵਿਸ਼ੇਸ਼ ਅਧਿਆਤਮਕ ਸਿਧਾਂਤ (specific creed) ਨਹੀਂ ਹੈ। ਹਿੰਦੂਵਾਦ ਦੇ ਪ੍ਰਸਿੱਧ ਵਿਆਖਿਆਕਾਰ ਡਾਕਟਰ ਰਾਧਾ ਕ੍ਰਿਸ਼ਨ ਦੇ ਸ਼ਬਦਾਂ ਵਿਚ ਹਿੰਦੂ ਬਿਨਾਂ ਕਿਸੇ ਵਿਸ਼ੇ ਵਸਤੂ ਵਾਲਾ ਨਾਮ ਹੈ। ਉਸ ਨੇ ਇਕ ਸਵਾਲ ਪੇਸ਼ ਕੀਤਾ ਕਿ ਕੀ ਇਹ ਬਹੁਤ ਸਾਰੇ ਵਿਸ਼ਵਾਸਾਂ ਦਾ ਮਜਮੂਹਾ ਨਹੀਂ, ਜਾਂ ਫਿਰ ਮੰਤਰਾਂ ਦੀ ਲੰਮੀ ਸੂਚੀ ਤੇ ਇਕ ਭੂਗੋਲਿਕ ਨਕਸ਼ਾ ਨਹੀਂ। ਉਹ ਖੁਦ ਜਵਾਬ ਦੇਂਦੇ ਹਨ ਕਿ ਜੇ ਇਸ ਦਾ ਕੋਈ ਵਿਸ਼ਾ ਵਸਤੂ ਹੈ ਤਾਂ ਉਹ ਸਮਿਆਂ ਤੇ ਸੰਪਰਦਾਇਆਂ ਦੇ ਹਿਸਾਬ ਨਾਲ ਬਦਲਦਾ ਰਹਿੰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਇਹ ਵੈਦਿਕ ਕਾਲ ਵਿਚ ਹੋਰ ਬ੍ਰਾਹਮਣੀ ਯੁੱਗ ਵਿਚ ਹੋਰ ਤੇ ਬੋਧਿਕ ਕਾਲ ਵਿਚ ਤੀਸਰਾ ਰੂਪ ਲੈਂਦਾ ਹੈ। ਪਹਿਲਾ ਸ਼ਿਵਾ ਹੈ, ਦੂਸਰਾ ਵੈਸ਼ਨਵ ਤੇ ਤੀਸਰਾ ਸਕਤਾ ਹੈ।

ਇਕ ਪ੍ਰਸਿੱਧ ਭਾਰਤ-ਵਿਸ਼ੇਸ਼ੱਗ ਮੈਕਨੀਕੋਲ ਦਾ ਕਹਿਣਾ ਹੈ ਕਿ ਹਿੰਦੂ ਧਰਮ ਦਰ ਅਸਲ ਧਰਮਾਂ ਦਾ ਵਿਸਵ ਕੋਸ਼ ਹੈ ਜਿਸ ਵਿਚ ਕਈ ਕਿਸਮ ਦੇ ਤੇ ਆਪਸ ਵਿਚ ਆਪਾ-ਵਿਰੋਧੀ ਵਿਸ਼ਵਾਸ ਪਨਪਦੇ ਪਏ ਹਨ। ਇਹ ਸਾਰੇ ਵਿਸ਼ਵਾਸ ਇਕ ਸ਼ਕਤੀਸ਼ਾਲੀ ਵਿਚਾਰਧਾਰਾ ਤੇ ਸਮਾਜਕ ਧਾਰਨਾਵਾਂ ਵਿਚ ਪਰੋਏ ਹੋਏ ਹਨ। ਇਕ ਹੋਰ ਹਿੰਦੂ ਬੁੱਧੀਜੀਵੀ ਸੇਨ ਦਾ ਕਥਨ ਹੈ ਕਿ ਹਿੰਦੂ ਧਰਮ ਕਿਸੇ ਇਮਾਰਤਸਾਜ਼ ਦੀ ਬਣਾਈ ਇਮਾਰਤ ਦੀ ਬਜਾਏ ਇਕ ਰੁੱਖ ਨਾਲ ਜ਼ਿਆਦਾ ਮੇਲ ਖਾਂਦਾ ਹੈ।

ਹਿੰਦੂਵਾਦ ਨੂੰ ਤਿੰਨ ਪੱਖਾਂ ਤੋਂ ਘੋਖਿਆ ਜਾ ਸਕਦਾ ਹੈ। ਇਕ ਦਾਰਸ਼ਨਿਕ ਤੇ ਦੂਜਾ ਸਮਾਜਕ ਗਿਆਨ ਦਾ ਪੱਖ ਹੈ ਜਿਸ ਵਿਚ ਸਮਾਜ ਨੂੰ ਵੱਖ ਵੱਖ ਜਾਤਾਂ ਵਿਚ ਵੰਡਿਆ ਗਿਆ ਹੈ। ਤੀਜਾ ਪੱਖ ਸਧਾਰਨ ਪੂਜਾ ਪਾਠ ਦਾ ਹੈ ਜਿਸ ਨੂੰ ਬਹੁਗਿਣਤੀ ਹਿੰਦੂ ਲੋਕ ਆਪਣੇ ਆਪਣੇ ਹਿਸਾਬ ਨਾਲ ਕਰਦੇ ਰਹਿੰਦੇ ਹਨ। ਇਹ ਤਰਤੀਬ ਇਸ ਤੋਂ ਵਿਪਰੀਤ ਦਿਸ਼ਾ ਵੱਲੋਂ ਵੀ ਦਿੱਤੀ ਜਾ ਸਕਦੀ ਹੈ ਤੇ ਪਹਿਲਾ ਪੱਖ ਉਸ ਪੂਜਾ ਪਾਠ ਨੂੰ ਦਿੱਤਾ ਜਾ ਸਕਦਾ ਹੈ ਜਿਸ ਦਾ ਕੋਈ ਕੇਂਦਰੀ ਰੂਪ ਨਹੀਂ, ਕਈ ਕਿਸਮ ਦੇ ਰੂਪ ਹਨ।

ਇਸ ਵਿਚ ਕਈ ਸਾਰੇ ਦੇਵਤਾਵਾਂ, ਦੇਵੀਆਂ, ਰੁੱਖਾਂ, ਸੱਪਾਂ ਤੇ ਹੋਰ ਜੀਵਾਂ ਦੀ ਪੂਜਾ ਸ਼ਾਮਿਲ ਹੈ। ਦੂਜਾ ਪੱਖ ਜਾਤੀ ਵੰਡ ਦਾ ਹੈ ਜਿਹੜਾ ਆਦਿਵਾਸੀਆਂ ਦੇ ਆਰੀਅਨ ਲੋਕਾਂ ਨਾਲ ਸੰਬੰਧਾਂ ਵਿਚੋਂ ਪੈਦਾ ਹੋਇਆ। ਧਾਰਮਿਕ ਫਿਲਾਸਫੀ ਤੀਸਰੇ ਨੰਬਰ ਉਪਰ ਆਉਂਦੀ ਹੈ।

ਹਿੰਦੂ ਧਰਮ-ਦਰਸ਼ਨ

ਹਿੰਦੂ ਧਰਮ ਦਾ ਧਾਰਮਿਕ ਸਾਹਿਤ ਵੱਖ ਵੱਖ ਸਮਿਆਂ ਵਿਚ ਪੈਦਾ ਹੋਇਆ ਤੇ ਇਸ ਨੂੰ ਕਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

ਸਭ ਤੋਂ ਪਹਿਲਾ ਸਮਾਂ ਵੈਦਿਕ ਕਾਲ ਦਾ ਸੀ ਜਿਸ ਬਾਰੇ ਅਨੁਮਾਨ ਹੈ ਕਿ ਉਹ 2500 ਈਸਾ ਪੂਰਵ ਤੋਂ ਲੈ ਕੇ 600 ਈਸਾ ਪੂਰਵ ਦੇ ਦਰਮਿਆਨ ਦਾ ਸਮਾਂ ਸੀ। ਕੁੱਲ ਚਾਰ ਵੇਦ ਭਾਵ ਕਿ ਗਿਆਨ ਦੇ ਗ੍ਰੰਥ ਹਨ। ਇਹ ਕਰਮਵਾਰ ਰਿੱਗ, ਯਜੁਰ, ਸਾਮਾ ਤੇ ਅਥਰਵਾ ਹਨ। ਇਹਨਾਂ ਨੂੰ ਲਿਖਣ ਵਾਲੇ ਵਿਦਵਾਨਾਂ ਦਾ ਨਾਮ ਪ੍ਰਮਾਣਿਤ ਨਹੀਂ ਪਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਸਭ ਆਰੀਆ ਨਸਲ ਦੇ ਲੋਕਾਂ ਨੇ ਲਿਖੇ ਹਨ।

ਸਭ ਤੋਂ ਪੁਰਾਣਾ ਤੇ ਮਹੱਤਵਪੂਰਣ ਵੇਦ ਰਿੱਗ ਵੇਦ ਹੈ। ਬਾਕੀ ਦੇ ਮੁੱਖ ਤੌਰ 'ਤੇ ਭਜਨ ਬੰਦਗੀ, ਪੂਜਾ ਦੇ ਤੌਰ ਤਰੀਕਿਆਂ, ਅੰਤਰ-ਧਿਆਨ ਵਿਧੀ ਤੇ ਕਰਾਮਾਤਾਂ ਨਾਲ ਭਰੇ ਹਨ।

ਰਿੱਗ ਵੇਦ ਭਜਨ ਗੀਤਾਂ ਦੀ ਬਹੁਤ ਵੱਡੀ ਸੰਪਾਦਨਾ ਹੈ। ਅੰਦਰੂਨੀ ਪ੍ਰਮਾਣਾਂ ਦੇ ਹਿਸਾਬ ਨਾਲ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸ ਦੇ ਪਹਿਲੇ ਤੇ ਅਖੀਰਲੇ ਸ਼ਲੋਕ ਨੂੰ ਲਿਖਣ ਵਿਚ ਲੱਗਪੱਗ 100 ਸਾਲ ਲੱਗੇ ਹੋਣਗੇ। ਜਦੋਂ ਇਹ ਮੁਕੰਮਲ ਹੋਇਆ ਸੀ ਤਾਂ ਓਦੋਂ ਤੱਕ ਵੀ ਅਜੇ ਆਰੀਅਨ ਲੋਕ ਭਾਰਤ ਵਿਚ ਯਮਨਾ ਦਰਿਆ ਦੇ ਅੱਗੇ ਤੱਕ ਨਹੀਂ ਗਏ ਸਨ। ਸਾਰੇ ਰਿੱਗ ਵੇਦ ਵਿਚ ਸਿਰਫ਼ ਇਕੋ ਜਗ੍ਹਾ ਗੰਗਾ ਨਦੀ ਦਾ ਵਰਨਣ ਆਉਂਦਾ ਹੈ।

ਦੂਸਰਾ ਯੁੱਗ ਮਹਾਂ ਕਾਵਾਂ ਦਾ ਜਾਂ ਪੁਰਾਣਿਕ ਸਮਾਂ ਅਖਵਾਉਂਦਾ ਹੈ। ਈਸਾ ਪੂਰਵ ਦੇ 600 ਸਾਲ ਤੋਂ ਲੈ ਕੇ 200 ਈਸਵੀ ਤੱਕ ਦਾ ਇਹੀ ਉਹ ਸਮਾਂ ਸੀ ਜਿਸ ਵਿਚ ਮਹਾਨ ਹਿੰਦੂ ਗ੍ਰੰਥ 'ਮਹਾਭਾਰਤ' ਤੇ 'ਰਮਾਇਣ' ਲਿਖੇ ਗਏ। ਇਹੀ ਉਸ ਸਮਾਂ ਸੀ ਜਿਸ ਵਿਚ ਉੱਤਰ ਭਾਰਤ ਅੰਦਰ, ਇਕ ਦੂਜੇ ਦੇ ਵਿਰੋਧੀ, ਜੈਨ ਮੱਤ ਤੇ ਬੁੱਧ ਮੱਤ ਦੇ ਧਰਮ ਪੈਦਾ ਹੋਏ ਤੇ ਇਸ ਨਾਲ ਇਹ ਸਾਬਿਤ ਹੁੰਦਾ ਹੈ ਕਿ ਓਦੋਂ ਤੱਕ ਆਰੀਆ ਲੋਕ ਗੰਗਾ ਤੇ ਸਿੰਧ ਦੇ ਸਾਰੇ ਮੈਦਾਨ ਵਿਚ ਫੈਲ ਚੁੱਕੇ ਸਨ।

ਇਹੀ ਉਹ ਕਾਲ ਸੀ ਜਿਸ ਵਿਚ ਹਿੰਦੂ ਧਰਮ-ਦਰਸ਼ਨ ਆਪਣੇ ਪੂਰੇ ਰੂਪ ਵਿਚ ਫੈਲਣ ਲੱਗਾ। ਵੇਦਾਂ ਦੀਆਂ ਸਟੀਕਾਂ ਜਿਹਨਾਂ ਨੂੰ 'ਉਪਨਿਸ਼ਦ' ਆਖਿਆ ਜਾਂਦਾ ਹੈ ਲਿਖੇ ਜਾਣੇ ਸ਼ੁਰੂ ਹੋਏ। ਕੁੱਲ ਮਿਲਾ ਕੇ 200 ਉਪਨਿਸ਼ਦ ਹਨ। 'ਭਗਵਤ ਗੀਤਾ' ਨੂੰ ਹਿੰਦੂ ਧਰਮ ਦੀ ਸਭ ਤੋਂ ਮਹਾਨ ਪਵਿੱਤਰ ਪੁਸਤਕ ਗਿਣਿਆ ਗਿਆ ਜੋ ਮਹਾਭਾਰਤ ਦਾ ਹੀ ਇਕ ਹਿੱਸਾ ਹੈ।

ਇਸ ਤੋਂ ਅਗਲਾ ਸਮਾਂ ਜੋ 1000 ਈਸਵੀ ਤੱਕ ਜਾਂਦਾ ਹੈ, ਵਿਚ ਹਿੰਦੂ ਧਰਮ ਦੀ ਫਿਲਾਸਫੀ ਵਿਚ ਹੋਰ ਵਿਕਾਸ ਹੋਇਆ ਤੇ ਇਸ ਦੀ ਪਾਲਣਾ ਵੀ। ਇਸੇ ਵਕਤ ਦੇ ਅਖੀਰ ਵਿਚ ਭਾਰਤ ਦੇ ਉੱਤਰ ਵੱਲ ਇਸਲਾਮ ਵੀ ਆਪਣਾ ਦਖਲ ਬਣਾ ਰਿਹਾ ਸੀ। ਬਹੁਤ ਸਾਰੇ ਹਿੰਦੂ ਵਿਦਵਾਨ ਤੇ ਦਾਰਸ਼ਨਿਕ ਦੱਖਣ ਵੱਲ ਚਲੇ ਗਏ, ਜਿੱਥੇ ਉਹ ਈਸਾ ਦੀ 17ਵੀ ਸਦੀ ਤੱਕ ਧਾਰਮਿਕ ਪੁਸਤਕਾਂ ਲਿਖਦੇ ਰਹੇ।

ਅਸੀਂ ਹਿੰਦੂ ਦਰਸ਼ਨ ਦੇ ਵਿਕਾਸ ਦੀ ਚਰਚਾ ਵਾਸਤੇ ਸਭ ਤੋਂ ਪਹਿਲਾਂ ਰਿੱਗ ਵੇਦ ਤੇ ਉਪਨਿਸ਼ਦਾਂ ਦੀ ਗੱਲ ਕਰਾਂਗੇ, ਫਿਰ ਸੰਖੇਪ ਵਿਚ ਮਹਾਭਾਰਤ ਦਾ ਵਰਨਣ ਕਰਾਂਗੇ ਜਿਸ ਵਿਚ ਗੀਤਾ ਵੀ ਸ਼ਾਮਿਲ ਹੈ ਅਤੇ ਉਸ ਤੋਂ ਬਾਅਦ ਰਮਾਇਣ ਦਾ। ਇਸ ਤੋਂ ਇਲਾਵਾ ਅਸੀਂ 'ਪੁਰਾਣਾਂ' ਦੀ ਗੱਲ ਕਰਾਂਗੇ, ਇਹਨਾਂ ਦੀ ਸ਼ੁਰੂਆਤ, ਪ੍ਰਭਾਵ ਖੇਤਰ, ਜਾਤੀ ਪ੍ਰਣਾਲੀ ਅਤੇ ਅਖੀਰ ਵਿਚ ਉਥੇ ਆਵਾਂਗੇ ਜਿੱਥੇ ਅੱਜ ਦੇ ਹਿੰਦੂ ਸਮਾਜ ਦਾ ਵਰਨਣ ਹੋਵੇਗਾ।

ਰਿੱਗ ਵੇਦ *(ਰਿੱਗ = ਪ੍ਰਸ਼ੰਸਾ, ਵੇਦ = ਗਿਆਨ)*

ਜਿਵੇਂ ਕਿ ਪਹਿਲਾਂ ਵੀ ਦੱਸਿਆ ਹੈ, ਰਿੱਗ ਵੇਦ ਆਰੀਅਨ ਦਾ ਲਿਖਿਆ ਹੋਇਆ ਹੈ। ਹਾਲਾਂਕਿ ਆਰੀਅਨ ਤੋਂ ਪਹਿਲਾ ਵੱਸਣ ਵਾਲੇ ਲੋਕਾਂ ਦਾ ਆਪਣਾ ਧਰਮ ਸੀ ਤੇ ਆਪਣੇ ਤਰੀਕੇ ਦੇ ਪੂਜਾ ਪਾਠ ਸਨ। ਸਭ ਤੋਂ ਪਹਿਲਾਂ ਆਦਿਵਾਸੀ ਸਨ ਤੇ ਫਿਰ ਦਰਾਵੜ ਆਏ ਜਿਹਨਾਂ ਨੇ ਆਦਿਵਾਸੀਆਂ ਨੂੰ ਭਜਾਇਆ ਤੇ ਫਿਰ ਆਰੀਅਨ ਨੇ ਆ ਕੇ ਦਰਾਵੜਾਂ ਨੂੰ ਵੀ ਭਜਾਇਆ ਜਾਂ ਦਬਾਇਆ। ਕਿਉਂਕਿ ਰਿੱਗ ਵੇਦ ਦੇ ਪੂਰਾ ਹੋਣ ਵਿਚ ਕਈ ਸਾਲਾਂ ਦਾ ਲੰਮਾ ਵਕਤ ਲੱਗਿਆ, ਅਸੀਂ ਵੇਖ ਰਹੇ ਹਾਂ ਕਿ ਪਹਿਲੇ ਚੈਪਟਰ ਪੂਰੀ ਤਰ੍ਹਾਂ ਆਰੀਅਨ ਤੇ ਅਖੀਰਲੇ ਹਿੱਸਿਆਂ ਉਪਰ ਦਰਾਵੜਾਂ ਤੇ ਆਦਿਵਾਸੀਆਂ ਦੇ ਧਾਰਮਿਕ ਵਿਸ਼ਵਾਸਾਂ ਦਾ ਪ੍ਰਭਾਵ ਹੈ।

ਸਾਨੂੰ ਆਦਿਵਾਸੀਆਂ ਦੇ ਧਾਰਮਿਕ ਵਿਸ਼ਵਾਸਾਂ ਬਾਰੇ ਜ਼ਿਅਦਾ ਕੁਝ ਨਹੀਂ ਪਤਾ ਕਿਉਂਕਿ ਉਹਨਾਂ ਨੇ ਲਿਖਣ ਦਾ ਹੁਨਰ ਨਹੀਂ ਗ੍ਰਹਿਣ ਕੀਤਾ ਸੀ। ਅਸੀਂ ਕੁਝ ਜਾਣਕਾਰੀ ਸਿਰਫ਼ ਉਹਨਾਂ ਦੇ ਲੋਕ ਗਾਣਿਆਂ ਤੋਂ ਲੈਂਦੇ ਹਾਂ ਜਾਂ ਕਰਾਮਾਤੀ ਸ਼ਲੋਕਾਂ ਤੋਂ ਜੋ ਜੰਗਲ ਦੇ ਵਾਸੀ ਹੋਣ ਕਰਕੇ ਵਾਪਰਨ ਵਾਲੀਆਂ ਕੁਦਰਤੀ ਆਫ਼ਤਾਂ ਦੀ ਪੂਜਾ ਵਾਸਤੇ ਵਰਤਦੇ ਸਨ। ਅਸੀਂ ਜਾਣਦੇ ਹਾਂ ਕਿ ਸੱਪਾਂ ਤੋਂ ਡਰਦਿਆਂ ਉਹ ਨਾਗ ਦੇਵਤਾ ਦੀ ਪੂਜਾ ਕਰਦੇ ਸਨ ਤੇ ਸ਼ੇਰਾਂ ਤੋਂ ਡਰਦਿਆਂ ਸਿੰਘ ਸ਼ਕਤੀ ਦੀ। ਇਸੇ ਤਰ੍ਹਾਂ ਦਾ ਸਹਾਰਾ ਉਹ ਰੁੱਖਾਂ ਤੋਂ ਲੈਂਦੇ ਸਨ ਆਪਣੀਆਂ ਆਤਮਾਵਾਂ ਦੀ ਰਾਖੀ ਵਾਸਤੇ ਪਿੱਪਲ ਤੇ ਬੋਹੜ ਦੀ ਪੂਜਾ ਕਰਦੇ ਸਨ ਤੇ ਇਹਨਾਂ ਵਿਚ ਚੰਗੀਆਂ ਆਤਮਾਵਾਂ ਦਾ ਵਾਸਾ ਸਮਝਦੇ ਸਨ। ਉਹ ਕੁਝ ਬੀਮਾਰੀਆਂ ਨੂੰ ਵੀ ਦੇਵੀ ਦੇਵਤਿਆਂ ਨਾਲ ਜੋੜਦੇ ਸਨ ਜਿਵੇਂ ਕਿ ਚੇਚਕ ਨੂੰ ਸ਼ੀਤਲਾ ਮਾਤਾ ਮੰਨਿਆ ਜਾਂਦਾ ਸੀ। ਵੱਖ ਵੱਖ ਬੀਮਾਰੀਆਂ ਤੇ ਮੁਸੀਬਤਾਂ ਤੋ ਬਚਣ ਵਾਸਤੇ ਉਹ ਜਾਨਵਰਾਂ ਦੀ ਬਲੀ ਦਿੰਦੇ ਸਨ ਜਿਹਨਾਂ ਵਿਚ ਬਲਦ ਤੇ ਬਾਜ ਵਰਗੇ ਪੰਛੀ ਵੀ ਸ਼ਾਮਿਲ ਸਨ। ਬਹੁਤੀਆਂ ਧਾਰਮਿਕ ਰਸਮਾਂ ਜਾਦੂਗਰ ਕਿਸਮ ਦੇ ਬੰਦੇ ਨਿਭਾਉਂਦੇ ਸਨ। ਆਦਿਵਾਸੀ ਇਕ ਰੱਬ ਨੂੰ ਵੀ ਮੰਨਦੇ ਸਨ ਤੇ ਜਿਸ ਨੂੰ ਆਪਣੇ ਵਰਗਾ ਹੀ ਸਮਝਦੇ ਹੋਏ

ਕਾਲਾ ਭਗਵਾਨ ਕਹਿੰਦੇ ਸਨ। ਆਦਿਵਾਸੀਆਂ ਦੀ ਅਜਿਹੀਆਂ ਬਹੁਤ ਸਾਰੀਆਂ ਧਾਰਮਿਕ ਰੀਤਾਂ ਆਰੀਅਨ ਨੇ ਵੀ ਅਪਣਾਈਆਂ। ਉਹਨਾਂ ਨੇ ਕਾਲਾ ਭਗਵਾਨ ਦੇ ਰੂਪ ਵਿਚ ਹੀ ਕ੍ਰਿਸ਼ਨ ਨੂੰ ਜਾਣਿਆ ਤੇ ਇਹਨਾਂ ਦੀਆਂ ਬਹੁਤ ਸਾਰੀਆਂ ਰੀਤਾਂ ਅੱਜ ਵੀ ਉਹੋ ਜਿਹੀਆਂ ਹਨ ਜਿਹੜੀਆਂ 3000 ਈਸਾ ਪੂਰਵ ਪਾਈਆਂ ਜਾਂਦੀਆਂ ਸਨ।

ਇਸ ਤੋਂ ਉਲਟ ਦਰਾਵੜਾਂ ਦੇ ਧਾਰਮਿਕ ਵਿਸ਼ਵਾਸਾਂ ਬਾਰੇ ਸਾਡੇ ਕੋਲ ਕਾਫ਼ੀ ਜਾਣਕਾਰੀਆਂ ਉਪਲਬਧ ਹਨ। ਉਹਨਾਂ ਦੀਆਂ ਬਸਤੀਆਂ ਤੇ ਸ਼ਹਿਰ ਜੋ 1920 ਵਿਚ ਖੋਦੇ ਗਏ ਸਨ, ਵਿਚੋਂ ਸਾਨੂੰ ਬਹੁਤ ਸਾਰੀਆਂ ਮੋਹਰਾਂ, ਬਰਤਨ ਤੇ ਬੁੱਤ ਮਿਲੇ ਹਨ ਜਿਹਨਾਂ ਨਾਲ ਉਹਨਾਂ ਦੇ ਧਾਰਮਿਕ ਵਿਸ਼ਵਾਸਾਂ ਦਾ ਪਤਾ ਲੱਗਦਾ ਹੈ। ਸਾਨੂੰ ਧਰਤੀ ਦੀ ਦੇਵੀ ਦੀਆਂ ਮੂਰਤੀਆਂ ਮਿਲੀਆਂ ਜੋ ਗਰਭਵਤੀ ਵਿਵਸਥਾ ਵਿਚ ਵਿਖਾਈ ਗਈ ਹੈ ਤੇ ਸਰੀਰ ਉਪਰ ਯੋਨੀ ਦੇ ਰਿੰਗ ਵੀ ਅੰਕਤ ਕੀਤੇ ਹਨ। ਸਾਡੇ ਸਾਹਮਣੇ ਇਸ ਦੇਵੀ ਦਾ ਨਰ ਰੂਪ ਵੀ ਸਾਹਮਣੇ ਆਇਆ ਜੋ ਵੱਡੇ ਸਿੰਗਾਂ ਵਾਲਾ ਬਲਦ ਸੀ। ਉਹ ਰਾਜ ਦਾ ਦੇਵਤਾ ਤੇ ਜੰਗਲੀ ਜਾਨਵਰਾਂ ਦਾ ਸਿਰਤਾਜ 'ਪਸ਼ੂਪਤੀ' ਸੀ।

ਦਰਾਵੜੀ ਇਤਿਹਾਸ ਦੇ ਇਕ ਕਾਲ ਵਿਚ ਇਸ ਬਲਦ ਦਾ ਧੜ ਵੱਖਰਾ ਹੋ ਜਾਂਦਾ ਹੈ। ਦੇਵੀ ਦੇ ਮਾਲਕ ਦੇ ਰੂਪ ਵਿਚ 'ਸ਼ਿਵਾ' ਪ੍ਰਗਟ ਹੋ ਗਿਆ। ਬਲਦ ਨੰਦੀ ਉਸ ਦੀ ਸਵਾਰੀ ਬਣ ਗਿਆ ਤੇ 'ਲਿੰਗ' ਉਸ ਦਾ ਸਰੀਰ ਹੋ ਗਿਆ, ਮਰਦਾਨੀ ਤਾਕਤ ਦਾ ਚਿੰਨ। ਸ਼ਿਵਾ ਤੇ ਦੇਵੀ ਇਕੱਠੇ ਵਿਖਾਏ ਜਾਣ ਲੱਗ ਪਏ। ਸ਼ਿਵਾ ਦਾ ਲਿੰਗ ਯੋਨੀ ਦੇ ਬਿੱਲਕੁੱਲ ਵਿਚਕਾਰ ਵਿਖਾਇਆ ਜਾਣ ਲੱਗ ਪਿਆ, ਭਗਵਾਨ ਵੱਲੋਂ ਸੰਸਾਰ ਦੀ ਉਤਪਤੀ ਦਾ ਚਿੰਨ। ਆਦਿਵਾਸੀਆਂ ਦੇ ਵਕਤ ਦੇ ਪਵਿੱਤਰ ਰੁੱਖ, ਪਿੱਪਲ ਤੇ ਬੋਹੜ, ਉਸੇ ਤਰ੍ਹਾਂ ਪੂਜਾ ਦੇ ਚਿੰਨ ਬਣਾ ਕੇ ਰੱਖੇ ਗਏ। ਦਰਾਵੜੀ ਰਸਮਾਂ ਮੁਤਾਬਕ ਪੂਜਾ ਵਾਸਤੇ ਸੰਖ ਦੀ ਵਰਤੋਂ ਤੇ ਔਰਤਾਂ ਦੇ ਵਾਲਾਂ ਦੇ ਵਿਚਕਾਰ ਸੰਧੂਰ ਦਾ ਸੇਵਨ ਆਰੀਅਨ ਦੀਆਂ ਰੀਤਾਂ ਵਿਚ ਵੀ ਸ਼ਾਮਿਲ ਰਿਹਾ। ਬਹੁਤ ਸਾਰੇ ਦਰਾਵੜੀ ਚਿੰਨ ਅੱਜ ਵੀ ਹਿੰਦੂ ਰਸਮਾਂ ਦਾ ਹਿਸਾ ਹਨ।

ਇਸ ਆਦਿਵਾਸੀ ਤੇ ਦਰਾਵੜੀ ਧਰਾਤਲ ਉੱਪਰ ਹੀ ਆਰੀਅਨ ਆਏ। ਸਾਡੇ ਪਾਸ ਇਹ ਵਿਸ਼ਵਾਸ ਕਰਨ ਦੇ ਪੱਕੇ ਕਾਰਨ ਹਨ ਕਿ ਉਹ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਦੇ ਸਨ ਜਿਵੇਂ ਕਿ ਅਗਨੀ, ਪ੍ਰਿਥਵੀ, ਦਿਆਉਸ (ਆਸਮਾਨ), ਇੰਦਰ (ਵਰਖਾ), ਸੂਰਿਆ (ਸੂਰਜ) ਤੇ ਵਾਯੂ (ਹਵਾ) ਵਗੈਰਾ। ਉਹ ਵਾਕ (ਆਵਾਜ਼) ਨੂੰ ਵੀ ਦੇਵਤਿਆਂ ਦਾ ਦਿੱਤਾ ਇਕ ਵਰਦਾਨ ਸਮਝਦੇ ਸਨ। ਆਦਿਵਾਸੀਆਂ ਵੱਲੋਂ ਪਸ਼ੂਆਂ ਤੇ ਰੁੱਖਾ ਦੀ ਕੀਤੀ ਜਾ ਰਹੀ ਪੂਜਾ ਵੀ ਆਰੀਅਨ ਨੇ ਅਪਣਾ ਲਈ। ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਵਾਸਤੇ ਭਜਨ ਸ਼ਲੋਕ ਰਿਗ ਵੇਦ ਦੇ ਪਹਿਲੇ ਹਿੱਸੇ ਵਿਚ ਪਾਏ ਗਏ ਹਨ।

ਇਸ ਤੋਂ ਅਗਲਾ ਕਦਮ ਕੁਝ ਦੇਵਤਿਆਂ ਨੂੰ ਦੂਜਿਆਂ ਨਾਲੋਂ ਉੱਪਰ ਸਮਝਣ ਦਾ ਆਇਆ। ਇਹ ਇਕ ਤਰ੍ਹਾਂ ਦੀ 'ਇਕ ਦੇਵਵਾਦ' (henotheism) ਦੀ ਪ੍ਰਕਿਰਿਆ ਸੀ ਜਿਸ ਵਿਚ ਇਕ ਮਹਾਨ ਦੇਵ ਤਾਂ ਮੰਨਿਆ ਜਾਂਦਾ ਹੈ ਪਰ ਇਹ ਨਹੀਂ ਮੰਨਿਆ

ਜਾਂਦਾ ਕਿ ਉਹੀ ਈਸ਼ਵਰ ਹੈ। ਇਸ ਅਨੁਸਾਰ 'ਵਰਣ' ਨੂੰ ਇਹ ਅਹੁਦਾ ਦਿੱਤਾ ਗਿਆ ਕਿ ਉਹ ਇਸ ਬ੍ਰਹਿਮੰਡ ਦਾ ਕਰਤਾ ਧਰਤਾ ਹੈ ਤੇ ਇਸ ਦੇ ਚੱਲਣ ਦੇ ਨਿਰਦੇਸ਼ ਦੇਂਦਾ ਹੈ। 'ਵਿਸ਼ਵਕਰਮਾ' ਉਤਪਾਦਕ ਬਣ ਗਿਆ, 'ਪੁਸ਼ਪਾ' ਆਦਿ ਮਨੁੱਖ, ਯਾਨੀ ਅਜ਼ਲੀ ਇਨਸਾਨ ਬਣ ਗਿਆ। ਜੋ ਕੁਝ ਵੀ ਬ੍ਰਹਿਮੰਡ ਵਿਚ ਮੌਜੂਦ ਹੈ, ਉਸ ਸਭ ਦਾ ਰਖਵਾਲਾ 'ਵਿਸ਼ਨੂੰ' ਨੂੰ ਮੰਨਿਆ ਗਿਆ। ਇਸ ਤਰ੍ਹਾਂ ਉਸ ਵਕਤ ਵਿਚ ਸਭ ਦੇਵਤਿਆਂ ਉਪਰ ਉਹ ਹੀ ਵੱਡਾ ਦੇਵਤਾ ਹੋ ਗਿਆ ਤੇ ਇਕ ਅਰਥ ਵਿਚ ਭਗਵਾਨ ਦਾ ਰੂਪ ਬਣ ਗਿਆ।

ਇਸ ਸਮੇਂ ਆਰੀਅਨ ਇਸ ਮਸਲੇ ਉਪਰ ਵੀ ਸੋਚਾਂ ਲਗਾਉਣ ਲੱਗੇ ਕਿ ਇਹ ਬ੍ਰਹਿਮੰਡ ਕਿਸ ਤਰ੍ਹਾਂ ਹੋਂਦ ਵਿਚ ਆਇਆ। ਇਸ ਤਰ੍ਹਾਂ ਦੇ ਵਿਚਾਰ ਪੈਦਾ ਹੋਣ ਲੱਗੇ ਕਿ ਕੋਈ ਇਕ ਸ਼ਕਤੀ ਇਸ ਨੂੰ ਪੈਦਾ ਕਰਨ ਵਾਲੀ, ਇਸ ਦਾ ਸੰਚਾਲਨ ਕਰਨ ਵਾਲੀ ਤੇ ਇਸ ਨੂੰ ਖ਼ਤਮ ਕਰਨ ਵਾਲੀ ਵੀ ਹੋਵੇਗੀ। ਇਸ ਤਰ੍ਹਾਂ ਇਕ ਪ੍ਰਧਾਨ ਦੇਵਤਾ, ਇਕ ਭਗਵਾਨ ਦਾ ਵਿਚਾਰ ਪੈਦਾ ਹੋਣ ਲੱਗਾ। ਰਿੱਗ ਵੇਦ ਵਿਚ ਬ੍ਰਹਿਮੰਡ ਨੂੰ ਉਤਪੰਨ ਕਰਨ ਵਾਲੇ ਦੀ ਪ੍ਰਸ਼ੰਸਾ ਦੇ ਸ਼ਲੋਕ ਹਨ ਪਰ ਉਸ ਬਾਰੇ ਸ਼ੰਕੇ ਵੀ ਜ਼ਾਹਿਰ ਹੁੰਦੇ ਆਏ ਹਨ।

ਕਦੇ ਕੁਝ ਵੀ ਨਹੀਂ ਸੀ
ਕੋਈ ਹਵਾ ਨਹੀਂ ਸੀ ਤੇ ਨਾ ਹੀ ਉਸ ਉਪਰ ਆਸਮਾਨ ਸੀ
ਕੀ ਸੀ ਢੱਕਿਆ ਹੋਇਆ? ਕਿੱਥੇ? ਤੇ ਕਿਸ ਦੀ ਸੁਰੱਖਿਆ ਹੇਠ?
ਤੇ ਕੀ ਆਥਾਹ ਡੂੰਘਾ ਪਾਣੀ ਵੀ ਨਹੀਂ ਸੀ?

ਓਦੋਂ ਨਾ ਕਿਧਰੇ ਮੌਤ ਸੀ ਤੇ ਨਾ ਹੀ ਅਮਰ ਜ਼ਿੰਦਗੀ
ਨਾ ਰਾਤ ਸੀ ਤੇ ਨਾ ਦਿਨ ਦਾ ਕੋਈ ਨਿਸ਼ਾਨ ਸੀ
ਆਪਣੇ ਅੰਦਰ ਦੀ ਹੀ ਸ਼ਕਤੀ ਨਾਲ ਕਿਸੇ ਨੇ ਬਿਨਾਂ ਹਵਾ ਦਾ ਸਾਹ ਖਿੱਚਿਆ
ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ।

ਸਭ ਤੋਂ ਪਹਿਲਾਂ ਹਨੇਰੇ ਵਿਚ ਲੁਕਿਆ ਹਨੇਰਾ ਹੀ ਸੀ
ਬਿਨਾਂ ਕਿਸੇ ਵੱਖਰੀ ਨਿਸ਼ਾਨੀ ਦੇ, ਇਹ ਸਾਰਾ ਪਾਣੀ ਹੀ ਸੀ
ਜੋ ਬਣ ਰਿਹਾ ਸੀ, ਉਹ ਢੱਕਿਆ ਹੋਇਆ ਸੀ
ਫਿਰ ਉਹ ਤਪਸ਼ ਦੀ ਇਕ ਸ਼ਕਤੀ ਨਾਲ ਹੋਂਦ ਵਿਚ ਆ ਗਿਆ

ਆਰੰਭ ਵਿਚ ਇਕ ਦੇ ਅੰਦਰ ਉਮੰਗ ਉਤਪੰਨ ਹੋਈ
ਇਹ ਮੁਢਲਾ ਬੀਜ ਸੀ ਅਗਲੀ ਪੈਦਾਇਸ਼ ਦਾ
ਵਿਚਾਰਾਂ ਕਰਨ ਵਾਲੇ ਦਿਲ ਦੇ ਅੰਦਰੋਂ ਖੋਜ ਕਰ ਰਹੇ ਸਨ
ਉਹਨਾਂ ਨੇ ਹੋਂਦ ਤੇ ਨਾ ਹੋਂਦ ਦਾ ਭੇਦ ਪਾ ਲਿਆ

ਉਹਨਾਂ ਦੀ ਕਿਰਣ ਹਨੇਰਿਆਂ ਨੂੰ ਚੀਰ ਗਈ
ਪਰ ਕੀ ਇਹ ਉਪਰ ਸੀ ਜਾਂ ਉਸ ਦੇ ਹੇਠਲੇ ਪਾਸੇ
ਉਥੇ ਉਸਾਰੀ ਦੀ ਸ਼ਕਤੀ ਆਈ ਤੇ ਉਪਜਾਊ ਤਾਕਤ
ਹੇਠਾਂ ਸ਼ਕਤੀ ਸੀ ਤੇ ਉਪਰ ਉਸ ਦੀ ਹਲਚਲ

ਕਿਸ ਨੂੰ ਯਕੀਨ ਸੀ? ਤੇ ਕੌਣ ਕਰੇਗਾ ਘੋਸ਼ਣਾ?
ਕਦੋਂ ਉਹ ਪੈਦਾ ਹੋਇਆ ਤੇ ਕਦੋਂ ਪੈਦਾਵਾਰ ਹੋਈ?
ਇਸ ਸੰਸਾਰ ਦੀ ਉਤਪਤੀ ਤੋਂ ਬਾਅਦ ਦੇਵਤੇ ਪੈਦਾ ਹੋਏ
ਫਿਰ ਕੌਣ ਕਹਿ ਸਕਦਾ ਹੈ ਕਿ ਇਹ ਸਭ ਕੁਝ ਕਿੱਥੋਂ ਆਇਆ?

ਕੋਈ ਨਹੀਂ ਜਾਣਦਾ ਕਿ ਇਹ ਸਭ ਕੁਝ ਕਿੱਥੋਂ ਪੈਦਾ ਹੋਇਆ
ਕੋਈ ਨਹੀਂ ਜਾਣਦਾ ਕਿ ਪ੍ਰਮਾਤਮਾ ਦੀ ਉਪਜ ਹੈ ਜਾਂ ਨਹੀਂ
ਉਹ ਜੋ ਉਪਰਲੇ ਆਸਮਾਨਾਂ ਵਿਚ ਇਸ ਦਾ ਅਧਿਐਨ ਕਰੇਗਾ
ਕੇਵਲ ਉਹ ਜਾਣ ਸਕਦਾ ਹੈ ਜਾਂ ਖੁਸ਼ ਹੋਵੇਗਾ ਕਿ ਨਹੀਂ ਜਾਣਦਾ।

–'ਭਾਰਤੀ ਦਰਸ਼ਨ ਦੀ ਰੂਪ ਰੇਖਾ' :
ਰਾਧਾਕ੍ਰਿਸ਼ਨਨ ਤੇ ਮੂਰੇ ਸਫ਼ਾ 23–24

ਇਹ ਸ਼ੰਕੇ ਪਰਜਾਪਤੀ, ਜਿਸ ਨੂੰ ਲੋਕਾਂ ਦਾ ਦੇਵਤਾ ਮੰਨਿਆਂ ਜਾਂਦਾ ਹੈ, ਦੀ ਉਸਤਤ ਵਿਚ ਬਣੇ ਸ਼ਲੋਕਾਂ ਵਿਚ ਹੋਰ ਪ੍ਰਗਟ ਹੁੰਦੇ ਹਨ। ਇਸ ਵਿਚ ਲੇਖਕ ਕਿਸੇ ਇਕ ਦੇਵਤਾ ਦੇ ਪਰਮ ਦੇਵਤਾ ਜਾਂ ਦੂਜੇ ਸ਼ਬਦਾਂ ਵਿਚ ਭਗਵਾਨ ਹੋਣ ਉਪਰ ਪ੍ਰਸ਼ਨ ਚਿੰਨ ਲਗਾਉਂਦਾ ਹੈ। ਉਹ ਆਪਣੇ ਹਰ ਸ਼ਲੋਕ ਦੇ ਅੰਤ ਵਿਚ ਪੁੱਛਦਾ ਹੈ ਕਿ 'ਉਹ ਕਿਹੜਾ ਪਰਮ ਦੇਵਤਾ ਹੋਵੇਗਾ ਜਿਸ ਦੀ ਅਸੀਂ ਆਪਣੀਆਂ ਭੇਟਾਵਾਂ ਨਾਲ ਪੂਜਾ ਕਰਾਂਗੇ'।

'ਰਿਗ ਵੇਦ' ਵੀ ਦੋ ਪ੍ਰਸ਼ਨ ਉਠਾਉਂਦਾ ਹੈ ਕਿ ਕੀ ਬ੍ਰਹਿਮੰਡ ਨੂੰ ਚਲਾਉਣ ਦੇ ਕੋਈ ਨਿਯਮ ਹਨ? ਤੇ ਕੀ ਮਨੁੱਖੀ ਸਮਾਜ ਨੂੰ ਚਲਾਉਣ ਦਾ ਕੋਈ ਕਾਨੂੰਨ ਹੈ? ਇਸ ਸ਼ਲੋਕ ਨੂੰ ਲਿਖਣ ਵਾਲਾ ਇਸ ਦਾ ਜਵਾਬ 'ਹਾਂ' ਵਿਚ ਦੇਂਦਾ ਹੈ। ਉਹ ਦੱਸਦਾ ਹੈ ਕਿ ਉਹ 'ਰੱਟਾ' ਭਾਵ ਕਿ ਦੁਹਰਾਉਣ ਦੀ ਕਿਰਿਆ ਹੈ ਜੋ ਸਾਡੇ ਬ੍ਰਹਿਮੰਡ ਨੂੰ ਗਤੀਸ਼ੀਲਤਾ ਪ੍ਰਧਾਨ ਕਰਦੀ ਹੈ। ਇਸ ਬ੍ਰਹਿਮੰਡੀ ਨਿਯਮ (Cosmic law) ਤੋਂ ਹੀ ਅਸੀਂ 'ਧਰਮ' ਪ੍ਰਾਪਤ ਕਰਦੇ ਹਾਂ ਜੋ ਮਨੁੱਖੀ ਸਮਾਜ ਦੇ ਆਪਸੀ ਸੰਬੰਧ ਨਿਰਧਾਰਤ ਕਰਨ ਵਾਲੀ 'ਆਚਰਣ-ਸੰਹਿਤਾ (Code of conduct) ਹੈ। ਇਸੇ ਤੋਂ ਅਸੀਂ ਨੈਤਿਕ ਧਾਰਨਾਵਾਂ ਜਿਵੇਂ ਕਿ 'ਦਯਾ' ਤੇ 'ਦਾਨ' ਦੇ ਸੰਕਲਪ ਪ੍ਰਾਪਤ ਕਰਦੇ ਹਾਂ।

ਰਿਗ ਵੇਦ ਦੇ ਲੇਖਕਾਂ ਨੇ ਸਾਡੀ ਮਰਨ ਤੋਂ ਬਾਅਦ ਦੀ ਜ਼ਿੰਦਗੀ ਦਾ ਵੀ ਵਰਨਣ ਕੀਤਾ ਹੈ। ਅਸੀਂ ਜਾਂ ਤਾਂ 'ਵੈਕੁੰਠ' ਵਿਚ ਜਾਂਦੇ ਹਾਂ ਜਾਂ 'ਜਮਲੋਕ' ਦੇ ਪੜਾਵ ਵਿਚ ਪਹੁੰਚ ਜਾਂਦੇ ਹਾਂ ਜੋ ਮੌਤ ਦਾ ਦੇਵਤਾ ਹੈ ਤੇ ਲੋਕਾਂ ਨੂੰ ਇਕੱਠੇ ਕਰਦਾ ਹੈ।

ਪ੍ਰਮਾਤਮਾ ਦੀ ਹੋਂਦ, ਬ੍ਰਹਿਮੰਡ ਤੇ ਮੌਤ ਤੋਂ ਬਾਅਦ ਜ਼ਿੰਦਗੀ ਦੇ ਸੰਕਲਪ ਨੂੰ ਰਿਗ ਵੇਦ ਦੇ ਸਾਰੇ ਲੇਖਕਾਂ ਨੇ ਨਹੀਂ ਮੰਨਿਆ। ਕੁਝ ਨੇ ਤਾਂ ਆਪਣੇ ਸ਼ੰਕੇ ਬਹੁਤ ਸਾਫ ਸ਼ਬਦਾਂ ਵਿਚ ਵਿਅਕਤ ਕੀਤੇ ਹਨ। 'ਕੋਈ ਇੰਦਰ ਨਹੀਂ ਜੋ ਮੀਂਹ ਵਰਸਾਉਂਦਾ ਹੈ' ਇਕ ਨੇ ਆਪਣੇ ਸ਼ਲੋਕ ਵਿਚ ਲਿਖਿਆ ਹੈ। ਉਹ ਆਪਣੇ ਆਪ ਦੇ ਬ੍ਰਾਹਮਣ ਹੋਣ ਤੇ ਸੱਚ ਦੇ ਵੱਡੇ ਗਿਆਨ ਦੇ ਮਾਲਕ ਹੋਣ ਦਾ ਦਾਅਵਾ ਕਰਦਾ ਹੈ। ਉਹ ਲਿਖਦਾ ਹੈ ਕਿ 'ਡੱਡੂਆਂ ਨੇ ਆਪਣਾ ਮੂੰਹ ਫੈਲਾਇਆ ਹੋਇਆ ਹੈ'।

ਰਿਗ ਵੇਦ ਬਾਰੇ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ 3000 ਸਾਲ ਪਹਿਲਾਂ ਕਈ ਲੋਕਾਂ ਨੇ ਮਨੁੱਖੀ ਜੀਵਨ ਦੇ ਬਹੁਤ ਅਹਿਮ ਪ੍ਰਸ਼ਨਾਂ ਤੇ ਦਾਰਸ਼ਨਿਕ ਸਮੱਸਿਆਵਾਂ ਉਪਰ ਘੋਰ ਡੂੰਘਾਈ ਨਾਲ ਖੋਜ ਕੀਤੀ। ਇਸ ਵਿਚ ਬਹੁਤ ਸਾਰੇ ਮੁੱਦੇ ਉਠਾਏ ਗਏ ਜਿਵੇਂ ਕੁਦਰਤ ਕੀ ਹੈ, ਸਿਰਜਣਹਾਰ ਕੌਣ ਹੈ, ਕਿਸ ਤਰ੍ਹਾਂ ਉਤਪਤੀ ਹੁੰਦੀ ਹੈ, ਕਿਸ ਤਰ੍ਹਾਂ ਜਨਮ ਹੁੰਦੇ ਹਨ, ਜ਼ਿੰਦਗੀ ਕੀ ਹੈ ਤੇ ਮੌਤ ਕੀ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਬਹੁਤ ਖੁਲ੍ਹੇ ਮਨ ਨਾਲ ਤੇ ਵੱਖ ਵੱਖ ਵਿਚਾਰ ਪੇਸ਼ ਕਰਦਿਆਂ ਵਰਨਣ ਕੀਤਾ ਹੈ ਤੇ ਵੱਖ ਵੱਖ ਅਨੁਮਾਨ ਲਗਾਏ ਹਨ। ਇਹ ਗੱਲਾਂ ਕਿਸੇ ਹੋਰ ਧਾਰਮਿਕ ਬੰਦੋਬਸਤ ਵਿਚ ਨਹੀਂ ਸਨ।

ਅਨੁਮਾਨ ਲਗਾਉਣ ਦਾ ਇਹ ਸਿਲਸਿਲਾ (process of speculation) ਉਪਨਿਸ਼ਦਾਂ (Upnishads) ਵਿਚ ਅੱਗੇ ਜਾਰੀ ਰਹਿੰਦਾ ਹੈ।

ਉਪਨਿਸ਼ਦ

ਸ਼ਬਦ ਉਪਨਿਸ਼ਦ ਵਿਚ ਸ਼ਾਮਿਲ ਉਪ-ਸ਼ਬਦਾਂ ਦੇ ਅਰਥ ਦੱਸਦੇ ਹਨ ਕਿ ਇਹ ਅਧਿਆਪਕ ਜਾਂ ਗੁਰੂ ਤੇ ਵਿਦਿਆਰਥੀ ਜਾਂ ਚੇਲੇ ਦੇ ਵਿਚਕਾਰ ਵਾਰਤਾਲਾਪ ਹੈ, ਡਾਇਲਾਗ ਹਨ। 'ਉੱਪ' ਦੇ ਇਥੇ ਅਰਥ ਹਨ 'ਕੋਲ ਜਾਂ ਨਜ਼ਦੀਕ', 'ਨਿ' ਦੇ ਅਰਥ ਕੁਝ ਸੰਬੋਧਨੀ ਸ਼ਬਦਾਂ ਨਾਲ ਜੁੜਦੇ ਹਨ ਜਿਹਨਾਂ ਨੂੰ ਅਸੀਂ ਬੈਠ ਜਾਓ, ਖਾ ਲਵੋ, ਤੁਰ ਪਵੋ ਵਿਚ ਜਾਓ, ਲਵੋ ਤੇ ਪਵੋ ਦੇ ਤੌਰ 'ਤੇ ਵਰਤਦੇ ਹਾਂ ਜਿਹਨਾਂ ਦੇ ਇਕੱਲਿਆਂ ਕੁਝ ਹੋਰ ਅਰਥ ਹੁੰਦੇ ਹਨ। 'ਸ਼ਦ' ਦਾ ਅਰਥ ਹੈ ਬੈਠਣਾ। ਇਸ ਤਰ੍ਹਾਂ 'ਉਪਨਿਸ਼ਦ' ਦੇ ਸ਼ਬਦੀ ਅਰਥ ਬਣੇ, 'ਮੇਰੇ ਕੋਲ ਬੈਠ ਜਾ'। ਵੈਸੇ ਤਾਂ ਉਪਨਿਸ਼ਦਾਂ ਦੀ ਗਿਣਤੀ 200 ਦੇ ਕਰੀਬ ਹੈ ਪਰ ਦਰਜਨ ਦੇ ਕਰੀਬ ਹੀ ਹਨ ਜਿਹਨਾਂ ਵੱਲ ਧਿਆਨ ਦਿੱਤਾ ਜਾਂਦਾ ਹੈ ਤੇ ਅਸੀਂ ਉਹਨਾਂ ਦਾ ਹੀ ਜ਼ਿਕਰ ਕਰਾਂਗੇ। ਇਹ ਸਤਵੀਂ ਤੋਂ ਅਠਵੀਂ ਸਦੀ ਈਸਾ ਪੂਰਵ ਉਹਨਾਂ ਲੇਖਕਾਂ ਵੱਲੋਂ ਲਿਖੇ ਗਏ ਜਿਹਨਾਂ ਦੇ ਨਾਮ ਦਾ ਨਹੀਂ ਪਤਾ ਸਿਵਾਏ ਕੁਝ ਦੇ ਜਿਹਨਾਂ ਦੀਆਂ ਲਿਖਤਾਂ ਵਿਚ ਹੀ ਲਿਖਣ ਵਾਲੇ ਦੇ ਨਾਮ ਦਾ ਵਰਨਣ ਹੈ।

'ਸੱਤਿਆ' ਭਾਵ ਕਿ ਸੱਚ ਬਾਹਰਮੁਖੀ (ਬ੍ਰਾਹਮਨ) ਵੀ ਹੁੰਦਾ ਹੈ ਅਤੇ ਅੰਤਰ ਮੁਖੀ (ਆਤਮਾ) ਵੀ। ਇਹ ਇਸਾਈਆਂ ਦੀ ਤਰ੍ਹਾਂ ਹੀ ਦੂਸਰੇ ਸ਼ਬਦਾਂ ਵਿਚ ਕੁਝ ਇਸ ਤਰ੍ਹਾਂ ਕਹਿੰਦਾ ਹੈ ਕਿ "ਮੈਂ ਤੇ ਮੇਰਾ ਪਿਤਾ ਇਕੋ ਹਾਂ" ਅਤੇ "ਭਗਵਾਨ ਦੀ ਪ੍ਰਭੁਸਤਾ ਤੁਹਾਡੇ ਵਿਚ ਹੈ"। ਸਾਡੇ ਵੱਲੋਂ ਇਹ ਨਾ ਵੇਖ ਸਕਣਾ ਕਿ ਭਗਵਾਨ ਤੇ ਅਸੀਂ ਇਕ ਹਾਂ ਕੋਈ ਦੋ ਨਹੀਂ ਦਾ ਕਾਰਨ ਸਾਡਾ ਮਾਇਆ (illusion) ਤੇ ਦਵੈਤ (duality) ਦੀ ਭਾਵਨਾ

ਦੇ ਭੁਲੇਖਿਆਂ ਵਿਚ ਫਸੇ ਹੋਣਾ ਹੈ। ਸੱਤਿਆ ਸਰਬ ਵਿਆਪਕਤਾ (omnipresent) ਤੋਂ ਵੀ ਵੱਡਾ ਹੈ ਤੇ ਇਹ ਉਹ ਸਭ ਕੁਝ ਹੈ ਜੋ ਪ੍ਰਤੱਖ (manifestation) ਹੈ।

ਸਭ ਤੋਂ ਵੱਧ ਜਾਣੇ ਜਾਂਦੇ ਉਪਨਿਸ਼ਦ 'ਛੰਦੋਗਿਆ' ਵਿਚ ਇਕ ਗੁਰੂ (ਅਧਿਆਪਕ) ਆਪਣੇ ਸ਼ਿਸ਼ (ਵਿਦਿਆਰਥੀ) ਨੂੰ ਕਹਿੰਦਾ ਹੈ ਕਿ ਇਕ ਬੋਹੜ ਦੇ ਰੁੱਖ ਦਾ ਫਲ, ਭਾਵ ਕਿ ਉਸ ਦੀ ਗੋਲ੍ਹ, ਲੈ ਕੇ ਆ, ਉਸ ਨੂੰ ਕੱਟ ਕੇ ਵਿਚੋਂ ਬੀਜ ਕੱਢ ਤੇ ਫਿਰ ਇਕ ਛੋਟੇ ਜਿਹੇ ਬੀਜ ਨੂੰ ਵੀ ਚੀਰ। ਤੇਰੀ ਅੱਖ ਉਸ ਬੀਜ ਵਿਚੋਂ ਕੁਝ ਵੀ ਨਹੀਂ ਲੱਭ ਸਕਦੀ। ਗੁਰੂ ਨੇ ਕਿਹਾ ਕਿ "ਇਸ ਛੋਟੇ ਜਿਹੇ ਵਸਤ ਵਿਚੋਂ ਜੋ ਅੱਖ ਨਾਲ ਨਹੀਂ ਵਿਖਾਈ ਦੇ ਰਿਹਾ, ਉਹ ਇਕ ਵਿਸ਼ਾਲ ਤੇ ਬਹੁਤ ਵੱਡਾ ਬੋਹੜ ਦਾ ਬ੍ਰਿਖਛ ਹੈ। ਇਹੀ ਅਦਿੱਖ ਤੇ ਅਤੀ ਸੂਖਮ ਜਿਹੀ ਵਸਤੂ ਇਸ ਬ੍ਰਹਿਮੰਡ ਦਾ ਤੱਤ (essence) ਹੈ। ਇਹੀ 'ਸੱਤਿਆ' ਹੈ। ਇਹੀ ਆਤਮਾ ਹੈ, ਇਹ '*ਤੱਤ ਤੱਵਾਂ ਅਸੀ*' ਭਾਵ ਕਿ 'ਇਹ ਸਭ 'ਤੇਰੀ' ਕਰਾਮਾਤ' ਹੈ।

ਸੱਤਿਆ ਨੂੰ ਨਾਂਹ ਪੱਖ ਤੋਂ ਬਿਨਾਂ ਨਹੀਂ ਜਾਣਿਆ ਜਾ ਸਕਦਾ ਹੈ, ਇਹ 'ਨੇਤੀ. . ਨੇਤੀ' ਹੈ ਭਾਵ ਕਿ ਇਹ ਵੀ ਨਹੀਂ ਤੇ ਉਹ ਵੀ ਨਹੀਂ। ਸੱਤਿਆ ਦਾ ਵਿਖਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਭ ਤਰ੍ਹਾਂ ਦੇ ਗੁਣਾਂ ਤੋਂ ਉਪਰ ਹੈ, ਇਹ 'ਨਿਰਗੁਣਾ' ਹੈ। ਜਦੋਂ ਇਕ ਵਿਅਕਤੀਗਤ ਭਗਵਾਨ ਦੀ ਭੂਮਿਕਾ ਗ੍ਰਹਿਣ ਕਰਦਾ ਹੈ ਤਾਂ ਸਭ ਗੁਣਾਂ ਦੀ ਪ੍ਰਾਪਤੀ ਕਰਕੇ ਨਿਰਗੁਣਾ ਹੋ ਜਾਂਦਾ ਹੈ। ਸੱਤਿਆ ਦੇ ਅਕੱਥ ਹੋਣ ਦੇ ਬਾਵਜੂਦ ਕੁਝ ਉਪਨਿਸ਼ਦ ਰਚਨਾਕਾਰਾਂ ਨੇ ਇਸ ਦੀ ਵਿਆਖਿਆ ਕੀਤੀ ਹੈ। ਸਭ ਤੋਂ ਛੋਟੇ ਅਕਾਰ ਵਾਲੇ ਉਪਨਿਸ਼ਦ 'ਇੱਸਾ' ਜਿਸ ਵਿਚ ਕੇਵਲ 18 ਸਲੋਕ ਹਨ, ਸੱਤਿਆ ਦਾ ਵਰਨਣ ਕਰਦਿਆਂ ਦਰਸਾਉਂਦਾ ਹੈ ਕਿ

> *"ਇਹ ਚੱਲਦਾ ਹੈ, ਇਹ ਨਹੀਂ ਚੱਲਦਾ ਹੈ*
> *ਇਹ ਬਹੁਤ ਦੂਰ ਹੈ, ਇਹ ਬਿਲਕੁੱਲ ਸਮੀਪ ਹੈ*
> *ਇਹ ਸਭਨਾਂ ਦੇ ਅੰਦਰ ਹੈ,*
> *ਇਸ ਸਭ ਕੁਛ ਦੇ ਬਾਹਰ ਹੈ।*
>
> *–'ਭਾਰਤੀ ਦਰਸ਼ਨ ਦੀਆਂ ਪਰੰਪਰਾਵਾਂ' ਰਾਧਾ ਕ੍ਰਿਸ਼ਨ ਤੇ ਮੂਰੇ, ਸਫ਼ਾ 40*

ਮੁੰਦਕਾ ਜਿਸ ਨੇ ਅਗਿਆਨਤਾ ਨੂੰ ਝਾੜਨ ਵਾਸਤੇ ਸੰਨਿਆਸੀਆਂ ਦੀ ਤਰ੍ਹਾਂ ਸਿਰ ਨੂੰ ਰਗੜ ਕੇ ਮੁੰਨਿਆ ਹੋਇਆ ਸੀ, ਕਹਿੰਦਾ ਹੈ "ਅਸੀਂ ਸੱਤਿਆ ਨੂੰ ਦ੍ਰਿਸ਼ਟੀ, ਧਵਨੀ, ਇੰਦਰੀ, ਸਾਦਗੀ, ਕਰਮ, ਸਿੱਖਿਆ ਤੇ ਗਿਆਨ ਨਾਲ ਨਹੀਂ ਸਮਝ ਸਕਦੇ। ਮਨੁੱਖੀ ਗਿਆਨ ਦੀ ਇਕ ਸੀਮਾ ਹੁੰਦੀ ਹੈ ਪਰ ਸੱਤਿਆ ਦੀ ਕੋਈ ਸੀਮਾ ਨਹੀਂ ਹੈ" *(ਰਾਧਾ ਕ੍ਰਿਸ਼ਨਨ ਤੇ ਮੂਰੇ ਪੰਨਾ 64, ਸਤਰ 8)*। ਇੱਸਾ ਉਪਨਿਸ਼ਦ ਅੱਗੇ ਦੱਸਦਾ ਹੈ ਕਿ "ਸੱਤਿਆ ਨੂੰ ਇੰਦਰੀਆਂ ਦੇ ਅਨੁਭਵ ਨਾਲ ਨਹੀਂ ਜਾਣਿਆ ਜਾ ਸਕਦਾ ਕਿਉਂਕਿ ਇਹ ਸਭ ਤਰ੍ਹਾਂ ਦੇ ਇੰਦਰੀ ਅਨੁਭਵਾਂ ਤੋਂ ਉਪਰ ਹੈ। ਧੁੰਨੀ ਵਾਸਤੇ ਸ਼ਬਦ ਹਨ, ਅੱਖਾਂ ਵਾਸਤੇ ਪ੍ਰਕਾਸ਼ ਹੈ, ਕੰਨਾਂ ਵਾਸਤੇ ਆਵਾਜ਼ ਹੈ, ਜੀਭ ਵਾਸਤੇ ਸੁਆਦ ਹੈ ਅਤੇ ਸਰੀਰ ਵਾਸਤੇ ਸਪਰਸ਼ ਹੈ।"

ਭਾਂਵੇ ਕਿ ਸੱਤਿਆ ਜਾਂ ਈਸ਼ਵਰ ਵਿਆਖਿਆਵਾਂ ਤੇ ਤਰਕਾਂ ਤੋਂ ਉਪਰ ਹੈ ਪਰ ਇਸ ਦੇ ਤਿੰਨ ਮਹੱਤਵਪੂਰਣ ਅੰਗ ਹਨ: ਸੱਚ (truth), ਚਿਦ (understanding) ਤੇ ਪਰਮ ਸੁੱਖ (bliss)।

ਭਾਂਵੇ ਕਿ ਸੱਤਿਆ ਜਾਂ ਈਸ਼ਵਰ ਵਿਚਾਰਾਂ ਤੇ ਤਰਕਾਂ ਦੀ ਪਹੁੰਚ ਤੋਂ ਦੂਰ ਹੈ, ਇਸ ਨੂੰ ਅਨੁਭਵ ਕੀਤਾ ਜਾ ਸਕਦਾ ਹੈ। 'ਕੇਨਾ' ਉਪਨਿਸ਼ਦਾਂ ਦਾ ਕਥਨ ਹੈ ਕਿ "ਪਰਮ ਆਨੰਦ ਦੀ ਵਿਵਸਥਾ ਇਕ ਜਗਰੂਕਤਾ ਹੈ ਜਿਹੜੀ ਅਮਰ ਹੋਣ ਵੱਲ ਨੂੰ ਮਾਰਗ ਖੋਲਦੀ ਹੈ, ਸਦੀਵਤਾ ਦਾ ਦਵਾਰ ਪ੍ਰਸਤੁਤ ਕਰਦੀ ਹੈ"। ਈਸ਼ਵਰ ਦਾ ਅਨੁਭਵ ਕਰਨਾ, ਈਸ਼ਵਰ ਬਣਨਾ ਹੈ।

ਮਨੁੱਖ ਵਰਗ ਦਾ ਉਦੇਸ਼ ਈਸ਼ਵਰਤਾ ਦਾ ਅਨੁਭਵ ਕਰਨਾ ਤੇ ਈਸ਼ਵਰਤਾ ਗ੍ਰਹਿਣ ਕਰਨਾ ਹੈ, ਭਾਵ ਈਸ਼ਵਰ ਬਣਨਾ ਹੈ। ਇਸ ਨੂੰ ਪ੍ਰਾਪਤ ਕਰਨ ਵਾਸਤੇ ਸਾਰੇ ਪੁਰਸ਼ਾਂ ਤੇ ਔਰਤਾਂ ਨੂੰ ਸਭ ਤੋਂ ਪਹਿਲਾਂ ਆਪਣੇ ਜੀਵਨ ਸਮਰਪਤ ਕਰਨੇ ਹੋਣਗੇ। ਆਪਣਾ ਸਭ ਕੁਝ ਜਿਵੇਂ ਕਿ ਚੇਤਨਾ, ਸਿੱਖਣ ਦੀ ਯੋਗਤਾ, ਸੋਚ-ਵਿਹਾਰ, ਤੇ ਪਿਆਰ ਕਰਨ ਦੀ ਸਮਰੱਥਾ ਨੂੰ ਈਸ਼ਵਰ ਅੱਗੇ ਸਮਰਪਤ ਕਰਨਾ ਹੈ। 'ਕੇਨਾ' ਉਪਨਿਸ਼ਦ ਦੇ ਅਨੁਸਾਰ ਜੀਵਨ ਦਾ ਉਦੇਸ਼ 'ਤੱਦਵਾਨਮ' ਹੋਣਾ ਚਾਹੀਦਾ ਹੈ, ਭਾਵ ਕਿ 'ਪ੍ਰੇਮ-ਲੋਚਨਾ ਦਾ ਅੰਤ' (end of love longing)।

ਅਸੀਂ ਸੱਤਿਆ, ਜੋ ਕਿ ਈਸ਼ਵਰ ਹੈ, ਦੀ ਖੋਜ ਕਰਨ ਦਾ ਕਾਰਜ ਕਿਸ ਤਰ੍ਹਾਂ ਕਰ ਸਕਦੇ ਹਾਂ। ਸਭ ਤੋਂ ਪਹਿਲਾਂ ਸਾਨੂੰ ਇਕ ਗੁਰੂ ਗ੍ਰਹਿਣ ਕਰਨ ਦੀ ਆਵੱਸ਼ਕਤਾ ਹੈ। ਗੁਰੂ ਆਪਣੇ ਚੇਲੇ ਦਾ ਮਾਰਗ ਦਰਸ਼ਕ ਵੀ ਹੁੰਦਾ ਹੈ, ਪਿਤਾ ਵੀ ਤੇ ਮਿੱਤਰ ਵੀ। ਸਾਰੇ ਉਪਨਿਸ਼ਦ ਗੁਰੂ-ਚੇਲਾ ਸੰਬੰਧਾਂ ਦਾ ਵਰਨਣ ਕਰਦੇ ਹਨ। ਇਸ ਬਾਰੇ ਨਿਰਦੇਸ਼ਣ ਦੇ ਬ੍ਰਹਿਮੰਡੀ ਵਾਰਤਾਲਾਪ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਵ ਕਿ ਚੇਲੇ ਵੱਲੋਂ ਪ੍ਰਸ਼ਨ ਪੁੱਛੇ ਜਾਂਦੇ ਹਨ ਤੇ ਗੁਰੂ ਵੱਲੋਂ ਉਹਨਾਂ ਦਾ ਉੱਤਰ ਦਿੱਤਾ ਜਾਂਦਾ ਹੈ। ਗੁਰੂ ਹੀ ਦੱਸੇਗਾ ਕਿ ਉਸ ਦੇ ਚੇਲਿਆਂ ਵਾਸਤੇ ਤਿੰਨਾਂ ਮਾਰਗਾਂ ਵਿਚੋਂ ਕਿਹੜਾ ਉਚਿਤ ਹੈ। ਉਹ ਤਿੰਨ ਮਾਰਗ ਹਨ: ਗਿਆਨ (knowledge), ਕਰਮ (deeds) ਤੇ ਭਗਤੀ (devotion)।

ਅਨੁਸਾਸ਼ਨ ਸਭ ਤੋਂ ਉਪਰ ਭਾਵ ਪਰਮ ਮਹੱਤਵਪੂਰਣ ਹੈ। ਉਪਨਿਸ਼ਦਾਂ ਵਿਚੋਂ ਸਭ ਤੋਂ ਦਾਰਸ਼ਨਿਕ ਸਮਝਿਆ ਜਾਂਦਾ ਉਪਨਿਸ਼ਦ 'ਕਾਥਾ ਉਪਨਿਸ਼ਦ' ਵਿਚ ਮੌਤ ਦੇ ਦੇਵਤਾ ਯੰਮ ਤੇ ਉਸ ਦਾ ਸ਼ਿਸ਼ ਬਣਨ ਦੇ ਚਾਹਵਾਨ 'ਨਚੀਕੇਤਾ' ਵਿਚਕਾਰ ਵਾਰਤਾਲਾਪ ਦਾ ਵਰਨਣ ਹੈ। ਯੰਮ ਤੋਂ ਪੁੱਛਿਆ ਜਾਂਦਾ ਹੈ ਕਿ ਮੌਤ ਤੋਂ ਬਾਅਦ ਇਕ ਵਿਅਕਤੀ ਨਾਲ ਕੀ ਵਾਪਰਦਾ ਹੈ। ਯੰਮ ਇਸ ਦਾ ਜਵਾਬ ਬਹੁਤ ਲੰਮੇ ਵਿਸਥਾਰ ਨਾਲ ਦੇਂਦਾ ਹੈ। ਉਹ ਆਪਣੇ ਪ੍ਰਸਤਾਵਿਤ ਸ਼ਿਸ਼ ਨੂੰ ਉਸ ਦੀ ਮੁਸਕ੍ਰਾਹਟ ਤੋਂ ਰੱਥ ਦੀ ਭਾਲਣਾ ਦੀ ਉਦਾਹਰਣ ਨਾਲ ਗਿਆਨ ਪ੍ਰਾਪਤ ਕਰਨ ਦਾ ਉਪਰਾਲਾ ਦੱਸਦਾ ਹੈ। ਉਹ ਮਨੁੱਖ ਦੇ ਸਰੀਰ ਦੀ ਰੱਥ ਨਾਲ ਤੁਲਨਾ ਕਰਦਾ ਹੈ, ਮਨ ਨੂੰ ਉਸ ਦੀਆਂ ਲਗਾਮਾਂ, ਚੇਤਨਾ ਉਸ ਦੇ ਘੋੜੇ ਹਨ ਅਤੇ ਮਨੁੱਖੀ ਰੂਹ ਭਾਵੇ ਕਿ ਤੂੰ ਆਪ ਉਸ ਦਾ ਯਾਤਰੀ ਹੈਂ। ਇਹ ਯਾਤਰਾ ਕਈ ਵਿਵਸਥਾਵਾਂ ਵਿਚੋਂ ਲੰਘਦੀ ਹੈ। ਅਸੀਂ ਚੇਤਨਾ ਉਪਰ ਨਿਰੰਤਣ ਕਰਨਾ ਸਿੱਖਣ

ਤੋਂ ਅਰੰਭ ਕਰਦੇ ਹਾਂ, ਫਿਰ ਅਸੀਂ ਅਨੁਭਵ ਕਰਦੇ ਹਾਂ ਕਿ ਜੋ ਕੁਝ ਗਿਆਨ ਇੰਦਰੀਆਂ ਨਾਲ ਵੇਖ ਰਹੇ ਹਾਂ, ਇਹ ਕੇਵਲ ਮਾਇਆ ਹੈ, ਭੁਲੇਖਾ ਹੈ। ਚੇਤਨਾ ਨੂੰ ਨਿਰੰਤਣ ਵਿਚ ਕਰਨ ਤੋਂ ਬਾਅਦ ਅਸੀਂ ਆਪਣੇ ਮਨ ਨੂੰ ਸੰਸਾਰਕ ਰਹਿੰਦ ਖੂੰਦ (wordly dross) ਤੋਂ ਮੁਕਤ ਕਰਨ ਦਾ ਪਰਿਆਸ ਕਰਦੇ ਹਾਂ ਤੇ ਉਹਨਾਂ ਨੂੰ ਸ਼ੁੱਧ ਤਰਕਾਂ ਦੇ ਯੋਗ ਬਣਾਉਂਦੇ ਹਾਂ। ਬਾਕੀ ਦੀਆਂ ਵਿਵਸਥਾਵਾਂ ਸਾਡੇ ਮਾਰਗ ਦੇ ਪੜਾਵਾਂ ਵਿਚ ਆਉਂਦੀਆਂ ਰਹਿੰਦੀਆਂ ਹਨ। ਅਸੀਂ ਆਪਣੇ ਅੰਦਰ ਦੀ ਆਤਮਾ ਦਾ ਸਵਭਾਵ ਅਨੁਭਵ ਕਰਦੇ ਹਾਂ ਅਤੇ ਇਸ ਦੀ ਸਭ ਤੋਂ ਉਪਰਲੀ ਆਤਮਾ, ਪਰਮ ਆਤਮਾ (Supreme Spirit) ਨਾਲ ਤੁਲਨਾ ਕਰਦੇ ਹਾਂ।

ਇਥੇ ਸੰਪੂਰਨ ਸ਼ਾਂਤੀ ਤੇ ਇਕਾਂਤ ਅੰਦਰ ਸਮਾਧੀ (meiditaion) ਦੀ ਆਵੱਸ਼ਕਤਾ ਹੈ ਜਦੋਂ ਮਨ ਦੇ ਅੰਦਰ ਈਸ਼ਵਰ ਨਾਲ ਯੋਗ (union) ਤੋਂ ਭਿੰਨ ਹੋਰ ਕਿਸੇ ਕਿਸਮ ਦਾ ਵਿਚਾਰ ਤੁਹਾਡੇ ਸਮੀਪ ਨਹੀਂ ਹੈ। ਫਿਰ ਇਹੀ ਤੁਹਾਡੇ ਜੀਵਨ ਦਾ ਮੁੱਖ ਅਭਿਆਸ ਬਣ ਜਾਂਦਾ ਹੈ। 'ਮੈਤਰੇਈ' ਉਪਨਿਸ਼ਦ ਦੱਸਦਾ ਹੈ ਕਿ, "ਕੁਝ ਹੈ ਜੋ ਸਾਡੇ ਮਨ ਤੋਂ ਵੀ ਉਪਰ ਦੀ ਵਸਤੂ ਹੈ। ਇਹ ਸਾਡੀਆਂ ਸੋਚਾਂ ਦੀ ਪਹੁੰਚ ਤੋਂ ਦੂਰ ਦਾ ਉੱਚਤਮ ਭੇਦ ਹੈ।"

ਉਪਰ ਕੀਤੇ ਗਏ ਸੰਖੇਪ ਵਰਨਣ ਦੇ ਇਲਾਵਾ ਉਪਨਿਸ਼ਦਾਂ ਵਿਚ ਹੋਰ ਵੀ ਬਹੁਤ ਕੁਝ ਹੈ। ਉਹ ਚੇਤਨਾ ਦੇ ਚਾਰ ਰੂਪਾਂ ਦੀ ਗੱਲ ਕਰਦੇ ਹਨ: ਚੱਲਣਾ, ਸੌਣਾ, ਸਵੱਪਨ ਰਹਿਤ ਨੀਂਦ ਤੇ ਮਹਾਂ ਚੇਤਨਾ। ਮਹਾਂ ਚੇਤਨਾ ਦੇ ਤਿੰਨ ਪੱਖ ਹਨ: 'ਸਤਵਿਕ' (ਸ਼ੁੱਧ), 'ਰਜਸਿਕ' (ਕਿਰਿਆਸ਼ੀਲ) ਤੇ 'ਤਮਸਿਕ' (ਰੋਣਾ)। ਰਹੱਸਮਈ ਚਿੰਨ 'ਓਮ' ਈਸ਼ਵਰ ਦੀ ਚੇਤਨਾ ਪ੍ਰਾਪਤੀ ਦਾ ਅੰਤ ਦਾ ਵਿਸ਼ਵਾਸੀ ਵਾਹਕ ਹੈ। "ਇਕ ਮੱਕੜੀ ਵੀ ਆਪਣੇ ਧਾਗੇ ਦੀ ਸਵਤੰਤਰਤਾ ਨਾਲ ਪੁਲਾੜ ਤੱਕ ਪਹੁੰਚ ਸਕਦੀ ਹੈ, ਇਸੇ ਤਰ੍ਹਾਂ ਮਨੁੱਖ ਵੀ 'ਓਮ' ਦੀ ਸਹਾਇਤਾ ਨਾਲ ਸਵਤੰਤਰਤਾ ਪ੍ਰਾਪਤ ਕਰਦਾ ਹੈ। ਈਸ਼ਵਰ ਧਵਨੀ ਵੀ ਹੈ ਤੇ ਚੁੱਪੀ ਵੀ। ਉਸ ਦਾ ਨਾਮ 'ਓਮ' ਹੈ।

ਉਪਨਿਸ਼ਦਾਂ ਬਾਰੇ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇਹ ਮਿੱਥ ਤੇ ਅੰਧਵਿਸ਼ਵਾਸ ਨੂੰ ਰੱਦ ਕਰਦੇ ਹਨ ਅਤੇ ਲੋਕਾਂ ਨੂੰ ਆਪਣੇ ਤਰੀਕਿਆਂ ਨਾਲ ਸੱਤਿਆ ਦੀ ਖੋਜ ਕਰਨ ਦੀ ਪ੍ਰੇਰਨਾ ਦੇਂਦੇ ਹਨ। ਉਪਨਿਸ਼ਦਾਂ ਵਿਚੋਂ ਸਭ ਤੋਂ ਪੁਰਾਣੇ ਤੇ ਵੱਡੇ ਉਪਨਿਸ਼ਦ, ਬਰੀਹਾਦ ਆਰਿਆਂਕਾ, ਵਿਚ ਇਸ ਦਾ ਕੁੰਜੀਵਤ ਸੰਖੇਪ ਵਰਨਣ ਇਕ ਪ੍ਰਸਤਾਵਿਤ ਪ੍ਰਾਰਥਨਾ ਵਿਚ ਕੀਤਾ ਹੈ ਕਿ:

ਮੈਨੂੰ ਭਰਮਾਂ ਵਿਚੋਂ ਨਿਕਲ ਕੇ ਸੱਚਾਈ ਵੱਲ ਜਾਣ ਦੀ ਅਗਵਾਈ ਦੇਵੋ
ਮੈਨੂੰ ਹਨੇਰਿਆਂ ਵਿਚੋਂ ਨਿਕਲ ਕੇ ਪ੍ਰਕਾਸ਼ ਵੱਲ ਜਾਣ ਦੀ ਅਗਵਾਈ ਦੇਵੋ
ਮੈਨੂੰ ਮੌਤ ਵਿਚੋਂ ਨਿਕਲ ਕੇ ਅਮਰ ਹੋਣ ਦੇ ਰਸਤੇ ਦੀ ਅਗਵਾਈ ਦੇਵੋ

ਇਥੇ ਇਹ ਦੱਸਣਾ ਵੀ ਤਰਕ ਸੰਗਤ ਰਹੇਗਾ ਕਿ ਇਹ 'ਬਰੀਆਦ ਆਰਿਆਂਕਾ' ਉਪਨਿਸ਼ਦ ਹੈ ਜਿਸਨੇ ਅੰਗਰੇਜ਼ੀ ਲੇਖਕ ਟੀ. ਐਸ. ਈਲੀਅਟ ਦੀ ਰਚਨਾ 'ਬੰਜਰ ਭੂਮੀ (The Waste Land)' ਦੀਆਂ ਅੰਤਮ ਸਤਰਾਂ ਬਣਾਈਆਂ ਕਿ 'ਈਸ਼ਵਰ ਸਾਡੇ ਅੰਦਰ ਹੈ' ਉਪਨਿਸ਼ਦ ਕਹਿੰਦੇ ਹਨ। ਜੇ ਤੁਸੀਂ ਆਪਣੇ ਅੰਦਰ ਦਾ ਅਨੁਭਵ ਕਰ ਲਵੋ ਤਾਂ

ਈਸ਼ਵਰ ਦਾ ਅਨੁਭਵ ਪ੍ਰਾਪਤ ਕਰ ਲਵੋਗੇ। ਤੁਸੀਂ ਦੈਵੀ ਬੁੱਧੀ (divine wisdom) ਦੇ ਸ਼ਬਦ ਗ੍ਰਹਿਣ ਕਰਕੇ ਆਪਣੇ ਅੰਦਰ ਦਾ ਅਨੁਭਵ ਕਰ ਸਕਦੇ ਹੋ, ਉਸ ਨੂੰ ਪ੍ਰਤੀਬਿੰਬਤ ਕਰਕੇ ਤੇ ਫਿਰ ਉਸ ਨਾਲ ਸਮਾਧੀ ਲਗਾ ਕੇ। ਇਸ ਨਾਲ ਤੁਸੀਂ ਦਵੈਤ ਦੀਆਂ ਸੋਚਾਂ ਤੋਂ ਮੁਕਤ ਹੋ ਕੇ ਸਚਾਈ ਪ੍ਰਾਪਤ ਕਰੋਗੇ। ਇਸ ਨਾਲ ਬੰਦਗੀ ਕਰਤਾ ਤੇ ਬੰਦਗੀ ਦਾ ਪਾਤਰ (worshiper and object of worship) ਭਾਵ ਤੁਸੀ ਆਪ ਤੇ ਤੁਹਾਡਾ ਈਸ਼ਵਰ ਇਕ ਹੋ ਜਾਂਦੇ ਹੋ। ਤੁਸੀਂ ਮੌਤ ਉਪਰ ਹਾਵੀ ਹੋ ਜਾਂਦੇ ਹੋ। ਜਿਵੇਂ ਕਿ 'ਬੰਜਰ ਭੂਮੀ' ਵਿਚ ਵਰਨਣ ਕੀਤਾ ਗਿਆ ਹੈ ਕਿ ਬੱਦਲਾਂ ਦੀ ਗਰਜ ਦੀ ਤਰ੍ਹਾਂ ਹੀ ਮੁੱਖ ਹਨ ਕਿ 'ਦਾ ਦਮਿਆਤਾ', ਭਾਵ ਆਪਣੇ ਆਪ ਨੂੰ ਕਾਬੂ ਕਰੋ (Control yourself), 'ਦਾ ਦਾਤਾ' ਭਾਵ ਦਾਨ ਪੁੰਨ ਕਰੋ (Give in Charity) ਤੇ 'ਦਾ ਦਵਾਧਵਨਾ', ਭਾਵ ਦਇਆਵਾਨ ਬਣੋ (Be compassionate)।

ਵੇਦਾਂ ਤੋਂ ਉਪਨਿਸ਼ਦਾਂ ਦੇ ਵਿਕਾਸ ਮਾਰਗ ਮਨੁੱਖ ਆਪਣੇ ਅੰਦਰ ਦੀ ਗ਼ਾਤ ਤੇ ਬਾਹਰ ਦੀ ਪ੍ਰਕਿਰਤੀ ਦੇ ਵਿਚਕਾਰ ਚੱਲਦਾ ਆਇਆ ਹੈ। ਬਹੁਤ ਸਾਰੇ ਦੇਵੀ ਦੇਵਤਿਆਂ ਦੇ ਵਿਸ਼ਵਾਸ ਤੋਂ ਬਾਅਦ ਕਿਸੇ ਉੱਚਤਮ ਦੇਵਤੇ ਦੇ ਵਿਸ਼ਵਾਸ ਵੱਲ ਵਧਿਆ ਹੈ। ਆਤਮ-ਵਿਦਿਆ ਦੀ ਲਲਕ ਅਤੇ ਬਰਹੱਮ-ਆਤਮਾ, ਸੱਤਿਆ ਦੇ ਦੋ ਨਾਮ ਸਾਹਮਣੇ ਆਏ, ਇਹ ਦੋਵੇਂ ਇਕ ਹੀ ਹਨ ਤੇ ਸਮਾਨ ਹਨ।

ਸ੍ਰੀ ਰਾਮਾਕ੍ਰਿਸ਼ਨਾ ਨੇ ਇਸ ਨੂੰ ਇਕ ਮਿੱਥ ਕਥਾ ਦੀ ਉਦਾਹਰਣ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਉਸ ਦੱਸਦੇ ਹਨ ਕਿ ਇਕ ਸ਼ੇਰਨੀ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਮਰ ਜਾਂਦੀ ਹੈ ਤਾਂ ਉਸ ਦੇ ਬੱਚੇ ਨੂੰ ਬੱਕਰੀਆਂ ਦਾ ਇਕ ਇੱਜੜ ਪਾਲਦਾ ਹੈ। ਉਹ ਵੱਡਾ ਹੋ ਕੇ ਘਾਹ ਦੇ ਪੱਤੇ ਖਾਣਾ, ਬੱਕਰੀਆਂ ਦੀ ਤਰ੍ਹਾਂ ਹੀ ਮਿਆਂਗਣਾਂ ਤੇ ਉਹਨਾਂ ਵਰਗਾ ਹੀ ਸਾਊ ਜਿਹਾ ਬਣ ਕੇ ਰਹਿਣਾ ਸਿੱਖਦਾ ਹੈ। ਇਕ ਰਾਤ ਇਕ ਸ਼ੇਰ ਨੇ ਇਸ ਇੱਜੜ ਉਪਰ ਹਮਲਾ ਕੀਤਾ। ਬੱਕਰੀਆਂ ਦੌੜ ਗਈਆਂ ਤੇ ਸ਼ੇਰਨੀ ਦਾ ਇਹ ਬੱਚਾ ਹਮਲਾਵਰ ਦੇ ਰਹਿਮ ਉਪਰ ਰਹਿ ਗਿਆ। ਇਸ ਨੇ ਸਹਾਇਤਾ ਵਾਸਤੇ ਦੁਹਾਈ ਮਚਾਈ ਤੇ ਘਾਹ ਦੇ ਪੱਤਿਆਂ ਨੂੰ ਮੂੰਹ ਮਾਰਨ ਲੱਗਾ। ਸ਼ੇਰ ਨੇ ਇਸ ਬੱਚੇ ਨੂੰ ਧੌਣ ਤੋਂ ਫੜਿਆ ਤੇ ਪਾਣੀ ਦੇ ਕੰਢੇ ਉਪਰ ਲੈ ਗਿਆ। ਉਥੇ ਇਸ ਨੂੰ ਹੁਕਮ ਕੀਤਾ ਕਿ ਪਾਣੀ ਵਿਚੋਂ ਆਪਣਾ ਅਕਸ ਵੇਖ। ਇਸ ਤੋਂ ਬਾਅਦ ਸ਼ੇਰ ਉਸ ਨੂੰ ਆਪਣੇ ਘੁਰਨੇ ਵਿਚ ਲੈ ਗਿਆ ਤੇ ਬੱਕਰੀ ਦਾ ਮੀਟ ਖਵਾਇਆ। ਇਸ ਤੋਂ ਬਾਅਦ ਹੀ ਉਸ ਬੱਚੇ ਨੂੰ ਆਪਣੀ ਵਾਸਤਵਿਕਤਾ ਦਾ ਗਿਆਨ ਹੋਇਆ ਤੇ ਉਹ ਸ਼ੇਰਾਂ ਦੀ ਤਰ੍ਹਾਂ ਦਹਾੜਨ ਲੱਗ ਪਿਆ।

ਚੈਪਟਰ 3

ਹਿੰਦੂਵਾਦ-2

ਮਹਾਂਕਾਵਾਂ ਦਾ ਸਮਾਂ ਤੇ ਭਗਵਤ ਗੀਤਾ

ਵੇਦਾਂ ਤੇ ਉਪਨਿਸ਼ਦਾਂ ਬਾਰੇ ਹਿੰਦੂਆਂ ਵਿਚ ਇਕ ਵਿਸ਼ਵਾਸ ਹੈ ਕਿ ਇਸ ਦੀ ਸਰੁਤੀ ਜਾਂ ਵਰਨਣ ਈਸ਼ਵਰ ਵੱਲੋਂ ਕੀਤਾ ਗਿਆ ਹੈ (have been revealed (sruti) by God)। ਉਪਨਿਸ਼ਦਾਂ ਨੂੰ ਵੈਦਿਕ ਦਰਸ਼ਨ ਦਾ ਪੂਰਣ ਰੂਪ ਮੰਨਿਆ ਗਿਆ ਹੈ। ਇਸ ਕਰਕੇ ਇਹਨਾਂ ਨੂੰ ਵੇਦਾਂਤ ਭਾਵ ਵੇਦਾਂ ਦਾ ਅੰਤ ਤੇ ਵੇਦਾਂ ਦਾ 'ਸੁੰਮ੍ਹਮ ਬਨੰਮ' ਭਾਵ ਨਿਚੋੜ ਵੀ ਮੰਨਿਆ ਗਿਆ ਹੈ।

ਸਰੁਤੀ ਦੀ ਤਰ੍ਹਾਂ ਹੀ ਦੋ ਪਰੰਪਰਾਵਾਂ ਮਹੱਤਵਪੂਰਣ ਹਨ, ਸਮਰਿਤੀ ਤੇ ਪੁਰਾਨ, ਭਾਵ ਕਿ ਬੀਤੇ ਸਮੇਂ ਦੀਆਂ, ਪੁਰਾਣੀਆਂ ਕਥਾਵਾਂ। ਕੁੱਲ ਦੋ ਪੁਰਾਨ ਹਨ, ਮਹਾਂਭਾਰਤ ਤੇ ਰਮਾਇਣ।

ਇਹਨਾਂ ਦੋਹਾਂ ਵਿਚੋਂ ਮਹਾਭਾਰਤ ਸਭ ਤੋਂ ਪੁਰਾਣਾ ਤੇ ਲੰਮਾ ਮਹਾਂ ਕਾਵ ਹੈ। ਅਸਲ ਵਿਚ ਇਹ ਸੰਸਾਰ ਦੀ ਸਭ ਤੋਂ ਵੱਡੀ ਪੁਸਤਕ ਹੈ ਜਿਸ ਦੇ 2009 ਚੈਪਟਰ ਹਨ। ਵਿਸ਼ਾਲਤਾ ਵਿਚ ਇਹ ਇਲਿਆਦ ਤੇ ਓਦੇਸੀ ਨੂੰ ਇਕੱਠਿਆਂ ਮਿਲਾ ਕੇ ਉਹਨਾਂ ਨਾਲੋਂ ਅੱਠ ਗੁਣਾ ਵੱਡਾ ਹੈ ਤੇ ਬਾਈਬਲ ਨਾਲੋਂ ਸਾਢੇ ਤਿੰਨ ਗੁਣਾ। ਭਗਵਤ ਗੀਤਾ, ਜਿਸ ਦੇ ਸ਼ਬਦੀ ਅਰਥ ਈਸ਼ਵਰ ਦੇ ਗੀਤ ਹਨ, ਮਹਾਂ ਭਾਰਤ ਦਾ ਹਿਸਾ ਹੈ। ਮਹਾਂਭਾਰਤ ਦੇ ਵੱਡੇ ਗ੍ਰੰਥ ਦਾ ਰਚਨਹਾਰ ਵਿਆਸ ਰਿਸ਼ੀ ਮੰਨਿਆ ਗਿਆ ਹੈ ਪਰ ਇਹ ਸਪੱਸ਼ਟ ਹੈ ਕਿ ਇਸ ਨੂੰ ਲਿਖਣ, ਤਰਤੀਬ ਦੇਣ ਤੇ ਫਿਰ ਗ੍ਰੰਥ ਬਣਾਉਣ ਦੀ ਪ੍ਰਕਿਰਿਆ ਵਿਚ ਕਈ ਪੁਸ਼ਤਾਂ ਦਾ ਕੰਮ ਰਿਹਾ ਹੈ। ਇਸ ਨੂੰ 400 ਪੂਰਵ ਈਸਵੀ ਤੋਂ ਲੈ ਕੇ 200 ਈਸਵੀ ਤੱਕ ਲਿਖਿਆ ਗਿਆ ਹੋਣ ਦਾ ਅਨੁਮਾਨ ਹੈ।

ਮਹਾਂਭਾਰਤ ਵਿਚ ਬਹੁਤ ਸਾਰੀਆਂ ਕਥਾਵਾਂ ਹਨ ਜਿਹਨਾਂ ਨੂੰ ਬਾਰ ਬਾਰ ਦੱਸਿਆ ਗਿਆ, ਬਾਰ ਬਾਰ ਲਿਖਿਆ ਗਿਆ ਤੇ ਬਾਰ ਬਾਰ ਹੀ ਉਹਨਾਂ ਦੀ ਵਿਆਖਿਆ ਕੀਤੀ ਗਈ ਹੈ। ਕੁਝ ਕਥਾਵਾਂ ਜਿਵੇਂ ਕਿ 'ਨਲ-ਦਮਿਅੰਤੀ', 'ਸਵਿੱਤਰੀ' ਤੇ 'ਸ਼ਕੁੰਤਲਾ' ਹਿੰਦੂ ਬੱਚਿਆਂ ਵਿਚ ਉਸੇ ਤਰ੍ਹਾਂ ਜਾਣੀਆਂ ਪਹਿਚਾਣੀਆਂ ਹਨ ਜਿਵੇਂ ਕਿ ਯੂਰਪੀਨ ਤੇ ਅਮਰੀਕਨ ਬੱਚਿਆਂ ਵਿਚ ਹਾਂਸ ਐਂਡਰਸਨ (Hans Anderson) ਦੀਆਂ ਕਹਾਣੀਆਂ ਹਨ। ਫਿਰ ਅਸੀਂ ਆਪਣੀ ਗੱਲ ਬਾਤ ਮਹਾਂਭਾਰਤ ਤੱਕ ਹੀ ਸੀਮਤ ਰੱਖਾਂਗੇ ਜਿਸ ਦਾ ਭਗਵਤ ਗੀਤਾ ਨਾਲ ਨੇੜਲਾ ਸੰਬੰਧ ਹੈ।

ਜਿਵੇਂ ਅਸਾਂ ਪਹਿਲਾਂ ਵੀ ਚਰਚਾ ਕੀਤੀ ਸੀ, ਮਹਾਂਭਾਰਤ ਉਸ ਸਮੇਂ ਲਿਖਿਆ ਗਿਆ ਜਦੋਂ ਆਰੀਆ ਲੋਕ ਉੱਤਰੀ ਭਾਰਤ ਵਿਚ ਆਪਣੇ ਪੈਰ ਜਮਾ ਰਹੇ ਸਨ। ਇਹ

ਮਹਾਂਕਾਵ ਆਰੀਆ ਲੋਕਾਂ ਦੇ ਵੱਖਰੇ ਵੱਖਰੇ ਤਬਕਿਆਂ ਦੀਆਂ ਆਪਸੀ ਲੜਾਈਆਂ ਬਾਰੇ ਦੱਸਦਾ ਹੈ ਜਿਹਨਾਂ ਨੂੰ ਭਾਰਤੇ (Bhartas) ਕਿਹਾ ਜਾਂਦਾ ਸੀ।

ਇਕ ਭਾਰਤਾ ਰਾਜਾ ਸੀ ਜਿਸ ਦੇ ਦੋ ਪੁੱਤਰ ਸਨ। ਵੱਡਾ ਧ੍ਰਿਤਰਾਸ਼ਟਰ ਅੰਨਾ ਸੀ ਇਸ ਕਰਕੇ ਉਸ ਨੇ ਤਖਤ ਉਪਰਲੇ ਆਪਣੇ ਹੱਕ ਨੂੰ ਛੱਡ ਦਿੱਤਾ ਤੇ ਇਹ ਆਪਣੇ ਛੋਟੇ ਭਰਾ ਪਾਂਡੂ ਨੂੰ ਦੇ ਦਿੱਤਾ। ਧਰਿਤਰਾਸ਼ਟਰ ਦੇ ਅੰਨੇ ਹੋਣ ਨਾਲ ਉਹ ਹੋਰ ਕਰਮਸ਼ੀਲਤਾਂ ਤੋਂ ਕਮਜ਼ੋਰ ਨਹੀਂ ਸੀ। ਉਸ ਨੇ 100 ਪੁੱਤਰ ਪੈਦਾ ਕੀਤੇ ਜਿਹਨਾਂ ਨੂੰ ਕੌਰਵ ਆਖਿਆ ਜਾਂਦਾ ਹੈ। ਇਸ ਮਾਮਲੇ ਵਿਚ ਉਸ ਦਾ ਛੋਟਾ ਭਾਈ ਪਾਂਡੂ ਸੰਜਮੀ ਸੀ ਤੇ ਪਿੱਛੇ ਰਹਿ ਗਿਆ। ਉਸ ਦੀ ਪਤਨੀ ਕੁੰਤੀ ਨੇ ਪੰਜ ਪੁੱਤਰ ਹੀ ਜਨਮੇ। ਯੁਧਿਸ਼ਟਰ ਦੂਰ ਅੰਦੇਸ਼, ਸਮਝਦਾਰ ਤੇ ਦਿਆਲੂ ਪੁਰਸ਼ ਸੀ, ਭੀਮ ਵੱਡੀ ਦੇਹ ਵਾਲਾ, ਲੜਾਕਾ, ਤਕੜਾ ਤੇ ਬਹੁਤ ਖੁਰਾਕ ਖਾਣ ਵਾਲ ਉਜੱਡ ਕਿਸਮ ਦਾ ਬੰਦਾ ਸੀ, ਅਰਜਨ ਬਹੁਤ ਭਲਾ ਮਾਣਸ, ਦਿਆਲੂ ਤੇ ਬਹਾਦਰ ਸੀ। ਬਾਕੀ ਦੇ ਭਰਾ ਨਕੁਲ ਤੇ ਸਹਿਦੇਵ ਚੰਗੇ ਸਨ ਪਰ ਆਪਣੇ ਭਰਾਵਾਂ ਦੀ ਤਰ੍ਹਾਂ ਕਿਸੇ ਵਿਲੱਖਣਤਾ ਦੇ ਧਾਰਨੀ ਨਹੀਂ ਸਨ।

ਜਿਤਨੀ ਦੇਰ ਤੱਕ ਪਾਂਡੂ ਜਿਊਂਦਾ ਸੀ, ਸਭ ਠੀਕ ਚੱਲਦਾ ਰਿਹਾ। ਉਸ ਦੇ ਮਰਨ ਤੋਂ ਬਾਅਦ ਧਰਿਤਰਾਸ਼ਟਰ ਦੇ 100 ਪੁੱਤਰਾਂ ਵਿਚੋਂ ਸਭ ਤੋਂ ਵੱਡੇ ਦੁਰਯੋਧਨ ਨੇ ਪਾਂਡੂਆਂ ਦਾ ਮਹਿਲ ਅੱਗ ਵਿਚ ਸਾੜ ਦਿੱਤਾ ਤੇ ਆਪਣੇ ਚਚੇਰੇ ਭਰਾਵਾਂ ਨੂੰ ਜੰਗਲ ਵੱਲ ਦੌੜਨ ਵਾਸਤੇ ਮਜਬੂਰ ਕਰ ਦਿੱਤਾ। ਪਾਂਡੂ ਦੇ ਪੰਜੇ ਪੁੱਤਰ ਕਈ ਸਾਲ ਜੰਗਲਾਂ ਵਿਚ ਘੁੰਮਦੇ ਆਪਣੀ ਵਿਧਵਾ ਮਾਤਾ ਦੀ ਦੇਖ ਭਾਲ ਕਰਦੇ ਰਹੇ। ਉਹ ਸ਼ਿਕਾਰ ਖੇਡਦੇ, ਧਾਰਮਿਕ ਗ੍ਰੰਥਾ ਦਾ ਅਧਿਐਨ ਕਰਦੇ ਤੇਂ ਕੌਰਵਾਂ ਨਾਲ ਨਜਿੱਠਣ ਵਿਚ ਆਪਣਾ ਸਮਾ ਬਤੀਤ ਕਰਦੇ।

ਮਹਾਂਭਾਰਤ ਬਹੁਤ ਸਾਰੀਆਂ ਕਹਾਣੀਆਂ ਤੇ ਕਹਾਣੀਆਂ ਵਿਚ ਕਹਾਣੀਆਂ ਨਾਲ ਭਰਿਆ ਪਿਆ ਹੈ ਤੇ ਉਹਨਾਂ ਵਿਚੋਂ ਬਹੁਤੀਆਂ ਦੇ ਅੰਤ ਵਿਚ ਪਾਠਕ ਨੂੰ ਕੋਈ ਨਾ ਕੋਈ ਸਿੱਖਿਆ ਮਿਲਦੀ ਹੈ। ਇਸ ਦੀ ਇਕ ਚੰਗੀ ਉਦਾਹਰਣ ਪਾਂਡਵਾਂ ਦੇ ਬਨਵਾਸ ਦੇ ਸਮੇਂ ਦੀ ਇਕ ਕਥਾ ਹੈ। ਇਹ ਦਿਨ ਨਕੁਲ ਸ਼ਿਕਾਰ ਖੇਡਦਾ ਖੇਡਦਾ ਇਕ ਤਲਾਬ ਦੇ ਕਿਨਾਰੇ ਚਲਾ ਗਿਆ। ਉਹ ਨੂੰ ਤੇਹ ਲੱਗੀ ਹੋਈ ਸੀ। ਜਿਵੇਂ ਹੀ ਪਾਣੀ ਪੀਣ ਵਾਸਤੇ ਤਲਾਬ ਦੇ ਕੰਢੇ ਬੈਠ ਕੇ ਝੁਕਿਆ ਤੇ ਗੋਢਿਆਂ ਭਾਰ ਹੋ ਕੇ ਪਾਣੀ ਦਾ ਇਕ ਬੁੱਕ ਭਰਿਆ, ਉਸ ਨੇ ਇਕ ਆਵਾਜ਼ ਸੁਣੀ, "ਪਾਣੀ ਪੀਣ ਤੋਂ ਪਹਿਲਾਂ ਮੇਰੇ ਪ੍ਰਸ਼ਨਾਂ ਦਾ ਉੱਤਰ ਦੇ"। ਇਹ ਇਕ ਲਮਢੀਂਗ ਸਾਰਸ (Crane) ਸੀ। ਨਕੁਲ ਨੇ ਸਾਰਸ ਦੀ ਗੱਲ ਸੁਣੀ ਅਣਸੁਣੀ ਕਰ ਦਿੱਤੀ ਪਰ ਜਿਵੇਂ ਹੀ ਉਸ ਨੇ ਪਾਣੀ ਵਾਸਤੇ ਬੁੱਕ ਨੂੰ ਮੂੰਹ ਲਗਾਇਆ, ਉਹ ਡਿੱਗ ਪਿਆ ਤੇ ਉਥੇ ਹੀ ਮਰ ਗਿਆ। ਇਸ ਤਰ੍ਹਾਂ ਇਕ ਤੋਂ ਬਾਅਦ ਇਕ, ਨਕੁਲ ਦੇ ਤਿੰਨ ਹੋਰ ਭਰਾ ਉਥੇ ਆਏ। ਸਾਰਿਆਂ ਨੇ ਸਾਰਸ ਦੀ ਗੱਲ ਸੁਣੀ ਅਣਸੁਣੀ ਕਰ ਦਿੱਤੀ ਤੇ ਪਾਣੀ ਪੀਣ ਦਾ ਯਤਨ ਕੀਤਾ ਪਰ ਉਹ ਤਿੰਨੇ ਹੀ ਨਕੁਲ ਦੇ ਨੇੜੇ ਉਥੇ ਹੀ ਢੇਰ ਹੋ ਗਏ। ਅਖੀਰ ਵਿਚ ਸਭ ਤੋਂ ਵੱਡਾ ਤੇ ਸਭ ਤੋਂ ਸਮਝਦਾਰ ਪਾਂਡਵ ਯੁਧਿਸ਼ਟਰ ਆਇਆ ਤੇ ਸਾਰਸ ਦੇ ਪ੍ਰਸ਼ਨਾਂ ਦੇ ਉੱਤਰ ਦੇਣਾ ਮੰਨ ਗਿਆ।

"ਸਵਰਗ ਨੂੰ ਜਾਣ ਦਾ ਮਾਰਗ ਕੀ ਹੈ?" ਪੰਛੀ ਨੇ ਪੁੱਛਿਆ

"ਸੱਚ ਉਪਰ ਚੱਲਣਾ," ਯੁਧਿਸ਼ਟਰ ਨੇ ਜਵਾਬ ਦਿੱਤਾ।

"ਪ੍ਰਸੰਨਤਾ ਕਿਵੇਂ ਪ੍ਰਾਪਤ ਹੁੰਦੀ ਹੈ? " ਸਾਰਸ ਦਾ ਅਗਲਾ ਪ੍ਰਸ਼ਨ ਸੀ।

"ਚੰਗੇ ਵਿਹਾਰ ਰਾਹੀਂ," ਯੁਧਿਸ਼ਟਰ ਦਾ ਉੱਤਰ ਸੀ।

"ਦੁੱਖਾਂ ਤੋਂ ਬਚਣ ਵਾਸਤੇ ਕਿਸ ਵਸਤੂ ਉਪਰ ਕਾਬੂ ਆਵੱਸ਼ਕ ਹੈ? "

"ਮਨ ਉਪਰ ਕਾਬੂ ਪਾਉਣਾ ਪਵੇਗਾ," ਪਾਂਡਵ ਨੇ ਕਿਹਾ।

"ਮਨੁੱਖ ਨੂੰ ਪਿਆਰ ਕਦੋਂ ਪ੍ਰਾਪਤ ਹੁੰਦਾ ਹੈ? " ਪੰਛੀ ਨੇ ਪੁੱਛਿਆ

"ਜਦੋਂ ਉਹ ਘੁਮੰਡ ਤੋਂ ਮੁਕਤ ਹੋਵੇ," ਉੱਤਰ ਮਿਲਿਆ

"ਸੰਸਾਰ ਦੇ ਕਈ ਅਚੰਭਿਆਂ ਵਿਚੋਂ ਕਿਹੜਾ ਕਰਿਸ਼ਮਾ ਸਭ ਤੋਂ ਵੱਧ ਅਚੰਭਾਜਨਕ ਹੈ? "

ਯੁਧਿਸ਼ਟਰ ਨੇ ਉੱਤਰ ਦਿੱਤਾ ਕਿ "ਭਾਵੇਂ ਹਰ ਮਨੁੱਖ ਆਪਣੇ ਘੇਰੇ ਵਿਚ ਕਈ ਲੋਕਾਂ ਨੂੰ ਮਰਦੇ ਹੋਏ ਵੇਖਦਾ ਹੈ ਪਰ ਕੋਈ ਵੀ ਆਪਣੀ ਮੌਤ ਨਹੀਂ ਵੇਖਦਾ, ਇਹ ਇਸ ਸੰਸਾਰ ਦਾ ਸਭ ਤੋਂ ਵੱਡਾ ਅਚੰਭਾਜਨਕ ਕਰਿਸ਼ਮਾ ਹੈ।"

"ਇਕ ਮਨੁੱਖ ਸੱਚੇ ਧਰਮ ਦੀ ਸਿੱਖਿਆ ਕਿਵੇਂ ਦੇ ਸਕਦਾ ਹੈ? " ਸਾਰਸ ਦਾ ਅੰਤਮ ਪ੍ਰਸ਼ਨ ਸੀ।

"ਬਹਿਸਾਂ ਨਾਲ ਨਹੀਂ, ਗ੍ਰੰਥਾਂ ਦੇ ਹਵਾਲਿਆਂ ਨਾਲ ਵੀ ਨਹੀਂ ਤੇ ਨਾ ਹੀ ਕਿਸੇ ਦਰਸ਼ਨ ਦੀ ਚਰਚਾ ਨਾਲ, ਧਰਮ ਦਾ ਸੱਚਾ ਮਾਰਗ ਉਹ ਹੈ ਜੋ ਸੰਤਾਂ ਨੇ ਦਰਸਾਇਆ ਹੈ," ਯੁਧਿਸ਼ਟਰ ਦਾ ਉਤਰ ਬਹੁਤ ਬੁਧੀਮਤੀ ਨਾਲ ਆਇਆ।

ਸਾਰਸ ਸੰਤੁਸ਼ਟ ਹੋ ਗਿਆ ਤੇ ਉਸ ਨੇ ਸਾਰੇ ਪਾਂਡਵਾਂ ਨੂੰ ਜੀਵਤ ਕਰ ਦਿੱਤਾ।

ਪਾਂਡਵਾਂ ਦਾ ਕੌਰਵਾਂ ਨਾਲ ਪਹਿਲਾ ਝਗੜਾ ਦਰੋਪਦੀ ਬਾਰੇ ਹੋ ਗਿਆ ਜੋ ਇਕ ਹਰ ਆਰੀਆ ਮਹਾਂ ਪੁਰਸ਼ ਦੀ ਬਹੁਤ ਸੁੰਦਰ ਧੀ ਸੀ। ਜਿਸ ਤਰ੍ਹਾਂ ਓਦੋਂ ਪਰੰਪਰਾ ਸੀ ਦਰੋਪਦੀ ਦੇ ਜਵਾਨ ਹੋਣ ਵੇਲੇ ਉਸ ਦੇ ਪਿਤਾ ਨੇ ਉਸ ਦੇ ਸੰਭਾਵੀ ਵਰਾਂ ਨੂੰ ਤੀਰ ਅੰਦਾਜ਼ੀ ਦੇ ਮੁਕਾਬਲੇ ਵਾਸਤੇ ਆਮੰਤ੍ਰਿਤ ਕੀਤਾ। ਪਹਿਲਾਂ ਸ਼ਕਤੀ ਦਾ ਪ੍ਰੀਖਸ਼ਣ ਸੀ ਜਿਸ ਵਾਸਤੇ ਇਕ ਵੱਡ ਅਕਾਰੀ ਤੇ ਸਖਤ ਕਮਾਨ, *ਗਾਂਦਵ*, ਰੱਖੀ ਸੀ ਜਿਸ ਵਿਚੋਂ ਰੱਸੀ ਦਾ ਖਿੱਚਿਆ ਜਾਣਾ ਸੀ। ਉਸ ਤੋਂ ਬਾਅਦ ਹੁਨਰ ਦੀ ਜਾਂਚ ਦਾ ਮਾਮਲਾ ਸੀ। ਜਿਸ ਵਿਚ ਉਪਰ ਘੁੰਮ ਰਹੀ ਇਕ ਮੱਛੀ ਦੀ ਅੱਖ ਵਿਚ ਤੀਰ ਮਾਰਨਾ ਸੀ ਉਹ ਵੀ ਹੇਠਾਂ ਇਕ ਦਰਪਣ ਵਿਚ ਉਸ ਦਾ ਪ੍ਰਤੀਬਿੰਬ ਵੇਖਦੇ ਹੋਏ। ਕੌਰਵ ਪੂਰੇ ਦੇ ਪੂਰੇ ਸੌ ਦੀ ਗਿਣਤੀ ਵਿਚ ਹਾਜ਼ਰ ਹੋ ਗਏ ਅਤੇ ਪੰਜੇ ਪਾਂਡਵ ਵੀ ਜੰਗਲ ਵਿਚੋਂ ਨਿਕਲ ਕੇ ਉਥੇ ਪਹੁੰਚ ਗਏ। ਹੋਰ ਉਮੀਦਵਾਰ ਵੀ ਉਥੇ ਪਹੁੰਚੇ ਸਨ ਜੋ ਵਿਆਹ ਸੰਬੰਧੀ ਮੁਕਾਬਲੇ ਵਿਚ ਭਾਗ ਲੈਣ ਆਏ ਸਨ ਜਿਸ ਨੂੰ 'ਸਵੰਬਰ' ਕਿਹਾ ਜਾਂਦਾ ਸੀ। ਕੇਵਲ ਅਰਜਨ ਹੀ ਪਹਿਲਾਂ ਗਾਂਦਵ ਦੀ ਰੱਸੀ ਖਿੱਚ ਸਕਿਆ ਤੇ ਫਿਰ ਮੱਛੀ ਦੀ ਅੱਖ ਵਿਚ ਤੀਰ ਵੀ ਉਸੇ ਨੇ ਲਗਾਇਆ।

ਪੰਜੇ ਪਾਂਡਵ ਭਰਾ ਸੁੰਦਰ ਤੇ ਮਨਮੋਹਣੀ ਦਰੋਪਦੀ ਨੂੰ ਲੈ ਕੇ ਜੰਗਲ ਵਿਚ ਪਹੁੰਚ ਗਏ ਤੇ ਮਾਂ ਨੂੰ ਪੁਕਾਰ ਕੇ ਕਹਿਣ ਲੱਗੇ, "ਮਾਂ ਵੇਖ ਅਸੀਂ ਆਪਣੇ ਨਾਲ ਕਿਸ ਨੂੰ

ਲਿਆਏ ਹਾਂ? " ਉਸ ਦੀ ਮਾਂ ਕੁੰਤੀ ਜੋ ਖਾਣਾ ਬਣਾਉਣ ਦੇ ਕੰਮ ਵਿਚ ਰੁੱਝੀ ਸੀ ਬਿਨਾਂ ਧਿਆਨ ਦਿੱਤਿਆਂ ਆਪਦੇ ਮਾਤਰੀ ਭਾਵ ਵਿਚ ਕਹਿ ਦਿੱਤਾ, "ਮੈਂ ਵਿਹਲੀ ਨਹੀਂ, ਬੀਬੇ ਪੁੱਤ ਬਣ ਕੇ ਇਸ ਨੂੰ ਆਪਸ ਵਿਚ ਬਰਾਬਰ ਵੰਡ ਲਵੋ।" ਪਾਂਡਵਾਂ ਨੇ ਬਿਲਕੁੱਲ ਉਸੇ ਤਰ੍ਹਾਂ ਕੀਤਾ ਜਿਵੇ ਉਹਨਾਂ ਦੀ ਮਾਂ ਨੇ ਕਿਹਾ ਸੀ, ਉਹਨਾਂ ਨੇ ਦਰੋਪਦੀ ਨੂੰ ਸਾਰਿਆਂ ਦੀ ਸਾਂਝੀ ਪਤਨੀ ਬਣਾ ਲਿਆ।

ਕਹਿਣ ਦੀ ਜ਼ਰੂਰਤ ਨਹੀਂ ਕਿ ਕੌਰਵ ਇਸ ਸਾਰੀ ਘਟਨਾ ਤੋਂ ਬਹੁਤ ਦੁਖੀ ਤੇ ਕ੍ਰੋਧਤ ਸਨ। ਉਹ ਆਪਣੇ ਚਚੇਰੇ ਭਰਾਵਾਂ ਵੱਲੋਂ ਅੱਧੇ ਰਾਜ ਦਾ ਦਾਅਵਾ ਕਰਨ ਤੋਂ ਵੀ ਪਰੇਸ਼ਾਨ ਸਨ। ਇਹ ਸਾਰੇ ਝਗੜੇ ਨਜਿੱਠਣ ਵਾਸਤੇ ਉਹਨਾਂ ਨੇ ਪਾਂਡਵਾਂ ਨੂੰ ਜੂਏ ਦੀ ਖੇਡ ਵਾਸਤੇ ਲਲਕਾਰਿਆ।

ਪਾਂਡਵਾਂ ਨੇ ਇਹ ਵੰਗਾਰ ਮੰਨਜ਼ੂਰ ਕਰ ਲਈ। ਕੌਰਵ ਚਲਾਕ ਸਨ, ਉਹਨਾਂ ਨੇ ਇਸ ਕੰਮ ਵਾਸਤੇ ਇਕ ਨਿਪੁੰਨ ਜੂਏਬਾਜ਼ 'ਸ਼ਕੁਨੀ' ਦੀ ਸੇਵਾ ਪ੍ਰਾਪਤ ਕਰ ਲਈ ਜੋ ਰਿਸ਼ਤੇ ਵਿਚ ਉਹਨਾਂ ਦਾ ਮਾਮਾ ਲੱਗਦਾ ਸੀ। ਪਾਂਡਵ ਹਾਰ ਗਏ, ਪਹਿਲਾਂ ਆਪਣਾ ਰਾਜ, ਫਿਰ ਆਪਣੀ ਪਤਨੀ ਦਰੋਪਦੀ ਤੇ ਫਿਰ ਆਪਣੇ ਆਪ ਨੂੰ ਵੀ। ਪਾਂਡਵਾਂ ਨੂੰ ਹੋਰ ਜ਼ਲੀਲ ਕਰਨ ਦੇ ਵਾਸਤੇ ਕੌਰਵਾਂ ਵਿਚੋਂ ਇਕ 'ਦੁਸ਼ਾਸਨ' ਨੇ ਦੋਰਪਦੀ ਨੂੰ ਵਾਲਾਂ ਤੋਂ ਫੜ ਕੇ ਭਰੇ ਰਾਜ ਦਰਬਾਰ ਦੀ ਹਾਜ਼ਰੀ ਵਿਚ ਧੂਹ ਕੇ ਖਿਚ ਲਿਆਂਦਾ। ਫਿਰ ਉਹ ਉਸ ਦਾ ਚੀਰ ਹਰਨ ਕਰਨ ਵਾਸਤੇ ਸਾੜੀ ਦੇ ਪੱਲੂ ਨੂੰ ਖਿਚਣ ਲੱਗ ਪਿਆ। ਲੇਕਿਨ ਸਭ ਦੀ ਹੈਰਾਨੀ ਸਨਮੁੱਖ ਉਹ ਜਿਤਨੀ ਵੀ ਸਾੜੀ ਖਿੱਚਦਾ ਉਤਨੀ ਹੀ ਉਸ ਦੇ ਸਰੀਰ ਉਪਰ ਹੋਰ ਲਿਪਟਦੀ ਜਾ ਰਹੀ ਸੀ। ਇਹ ਕਰਾਮਾਤ ਭਗਵਾਨ ਕ੍ਰਿਸ਼ਨ ਨੇ ਕੀਤੀ ਜੋ ਦਰੋਪਦੀ ਦਾ ਸਨਮਾਨ ਰੱਖਣ ਵਾਸਤੇ ਹੋਰ ਕੱਪੜੇ ਭੇਜਦਾ ਰਿਹਾ। ਭਗਵਾਨ ਵਿਸ਼ਨੂੰ ਦਾ ਅਵਤਾਰ ਹੋਣ ਦੇ ਨਾਲ ਨਾਲ ਕ੍ਰਿਸ਼ਨ ਪਾਂਡਵਾਂ ਦਾ ਰਿਸ਼ਤੇਦਾਰ ਵੀ ਸੀ। ਅੰਨੇ ਧਰਿਤਰਾਸ਼ਟਰ ਨੇ ਦਰੋਪਦੀ ਦਾ ਚੀਰ ਹਰਣ ਬੰਦ ਕਰਵਾ ਕੇ ਉਸ ਨੂੰ ਆਪਣੇ ਪਤੀਆਂ ਦੇ ਹਵਾਲੇ ਕਰ ਦਿੱਤਾ। ਪਾਂਡਵ, ਜਿਵੇਂ ਕਿ ਉਹਨਾਂ ਨੇ ਜੂਏ ਦੀ ਖੇਡ ਤੋਂ ਪਹਿਲਾਂ ਸਵੀਕਾਰ ਕੀਤਾ ਸੀ, 12 ਸਾਲਾਂ ਦੇ ਬਨਵਾਸ ਵਾਸਤੇ ਚੱਲ ਪਏ।

ਜਦੋਂ ਬਨਵਾਸ ਦੇ 12 ਸਾਲ ਪੂਰੇ ਹੋ ਗਏ ਤਾਂ ਪਾਂਡਵ ਵਾਪਸ ਆਏ ਤਾਂ ਉਹਨਾਂ ਨੇ ਆਪਣੇ ਵਿਰਸੇ ਵਿਚ ਮਿਲੇ ਰਾਜ ਦੀ ਮੰਗ ਕੀਤੀ। ਕੌਰਵਾਂ ਨੇ ਇਕ ਵਾਰ ਫਿਰ ਇਸ ਤੋਂ ਇਨਕਾਰ ਕਰ ਦਿੱਤਾ। ਇਸ ਵਾਰ ਪਾਂਡਵਾਂ ਨੇ ਇਸ ਬਾਰੇ ਲੜਨ ਦਾ ਫੈਸਲਾ ਕੀਤਾ। ਦੋਹਾਂ ਪਾਸਿਆਂ ਦੀਆਂ ਫੌਜਾਂ ਕਰੂਕਸ਼ੇਤਰ ਦੇ ਮੈਦਾਨ ਵਿਚ ਇਕੱਠੀਆਂ ਹੋਈਆਂ ਜੋ ਦਿੱਲੀ ਤੋਂ 80 ਮੀਲ ਦੂਰ ਹੈ। ਲੜਾਈ ਦੇ ਆਰੰਭ ਵਿਚ ਹੀ ਕ੍ਰਿਸ਼ਨ, ਜੋ ਹੁਣ ਅਰਜਨ ਦਾ ਰੱਥਵਾਨ ਸੀ, ਨੇ ਲੜਾਈ ਦੀ ਸਾਰਥਕਤਾ ਤੇ ਉਚਿੱਤਤਾ ਬਾਰੇ ਵਿਖਿਆਨ ਦਿੱਤਾ। ਇਹ ਵਿਖਿਆਨ ਮਹਾਂਭਾਰਤ ਦੇ ਇਕ ਪਾਠ ਵਿਚ ਅੰਕਤ ਕੀਤਾ ਗਿਆ ਜੋ ਸਭ ਤੋਂ ਮਹੱਤਵਪੂਰਣ ਪਾਠ ਹੈ।

'ਭਗਵਤ ਗੀਤਾ' ਦੇ ਨਾਮ ਨਾਲ ਪ੍ਰਸਿੱਧ ਹੋਏ ਇਸ ਪਾਠ ਦਾ ਵਰਨਣ ਕਰਨ ਤੋਂ ਪਹਿਲਾਂ ਅਸੀਂ ਮੁੱਖ ਕਥਾ ਵੱਲ ਝਾਤੀ ਮਾਰਦੇ ਹਾਂ।

ਕਰੂਕਸ਼ੇਤਰ ਦੀ ਲੜਾਈ 18 ਦਿਨ ਚੱਲੀ ਜਿਸ ਵਿਚ ਕੌਰਵਾਂ ਦੀ ਮੁਕੰਮਲ ਹਾਰ ਹੋਈ। ਪਾਂਡਵਾਂ ਨੇ ਆਪਣੇ ਰਾਜ ਦਾ ਹੱਕ ਪ੍ਰਾਪਤ ਕਰ ਲਿਆ ਤੇ ਅਗਲੇ 36 ਸਾਲ ਆਪਣੀ ਸਾਂਝੀ ਪਤਨੀ ਦਰੋਪਦੀ ਨਾਲ ਸੁੱਖੀ ਵੱਸਣ ਲੱਗ ਪਏ। ਇਸ ਤੋਂ ਬਾਅਦ ਚੰਗੇ ਹਿੰਦੂਆਂ ਦੀ ਭੂਮਿਕਾ ਨਿਭਾਉਂਦੇ ਉਹ ਸੰਸਾਰ ਨੂੰ ਤਿਆਗ ਕੇ ਸਵਰਗ ਦੀ ਯਾਤਰਾ ਵੱਲ ਚੱਲ ਪਏ ਜੋ ਹਿਮਾਲਿਆ ਵਿਚੋਂ ਦੀ ਹੋ ਕੇ ਜਾਂਦੀ ਸੀ। ਰਸਤੇ ਵਿਚ ਚਾਰ ਭਰਾ ਤੇ ਦਰੋਪਦੀ ਦੀ ਮੌਤ ਹੋ ਗਈ। ਅਰਜਨ ਇਕੱਲਾ ਹੀ ਆਪਣੇ ਵਫਾਦਾਰ ਕੁੱਤੇ ਨਾਲ ਇੰਦਰ ਦੇ ਸਵਰਗ ਦੇ ਦਵਾਰ 'ਤੇ ਪਹੁੰਚਿਆ। ਇਹ ਕੁੱਤਾ ਅਸਲ ਵਿਚ ਦੇਵਤਾ 'ਧਰਮਾ' ਸੀ ਜਿਸ ਨੇ ਇਹ ਰੂਪ ਧਾਰਿਆ ਹੋਇਆ ਸੀ। ਇਸ ਕਹਾਣੀ ਦਾ ਅੰਤ ਜੀਵ ਪ੍ਰੇਮੀਆਂ ਵਾਸਤੇ ਉਤਸਾਹ ਜਨਕ ਹੋ ਸਕਦਾ ਹੈ। "ਕੁੱਤੇ ਸਵਰਗ ਦੇ ਅੰਦਰ ਨਹੀਂ ਜਾ ਸਕਦੇ", ਇੰਦਰ ਨੇ ਕਿਹਾ। "ਤਾਂ ਫਿਰ ਮੈਂ ਤੇਰੇ ਸਵਰਗ ਵਿਚ ਨਹੀਂ ਆਉਂਦਾ, ਮੈਂ ਫਿਰ ਨਰਕ ਵਿਚ ਹੀ ਚਲੇ ਜਾਂਦਾ ਹਾਂ।" ਇਹ ਸੁਣ ਕੇ ਇੰਦਰ ਦਾ ਦਿਲ ਨਰਮ ਹੋ ਗਿਆ ਤੇ ਉਸ ਨੇ ਯੁਧਿਸ਼ਟਰ ਨੂੰ ਕੁੱਤੇ ਸਮੇਤ ਅੰਦਰ ਆ ਲੈਣ ਦਿੱਤਾ। ਉਸ ਨੇ ਆਪਣੇ ਭਰਾਵਾਂ ਤੇ ਦਰੋਪਦੀ ਨੂੰ ਵੀ ਜੀਵਤ ਕਰਵਾ ਕੇ ਆਪਣੇ ਕੋਲ ਬੁਲਵਾ ਲਿਆ ਤਾਂ ਜੋ ਸਭ ਮਿਲ ਕੇ ਸੁਖੀ ਰਹਿ ਸਕਣ।

ਮਹਾਂਭਾਰਤ ਵਿਚ ਗੀਤਾ ਤੋਂ ਇਲਾਵਾ ਵੀ ਦਾਰਸ਼ਨਿਕ ਪਹਿਲੂ ਹਨ ਜਿਵੇਂ ਕਿ ਇਕ ਪਾਠ 'ਸ਼ਾਤੀਪਰਵ' ਵਿਚ ਪਾਏ ਜਾਂਦੇ ਹਨ। ਇਸ ਵਿਚ ਦਰਸਾਈਆਂ ਸਾਰੀਆਂ ਕਹਾਵਤਾਂ, ਦ੍ਰਿਸ਼ਟਾਂਤ ਤੇ ਸ਼ਲੋਕਾਂ ਦਾ ਚਾਰ ਗੱਲਾਂ ਉਪਰ ਵਿਸ਼ੇਸ਼ ਧਿਆਨ ਹੈ, ਸਾਡੇ ਜੀਵਨ ਦੇ ਚਾਰ ਉਦੇਸ਼ ਹਨ, ਚਾਰ ਹੀ ਜੀਵਨ ਦੇ ਪੜਾਵ ਹਨ ਤੇ ਸਮਾਜ ਦੇ ਵੀ ਚਾਰ ਹੀ ਮੁੱਖ ਭਾਗ ਹਨ। ਸਾਡੇ ਜੀਵਨ ਦੇ ਚਾਰ ਉਦੇਸ਼ ਹੋਣੇ ਚਾਹੀਦੇ ਹਨ: 'ਧਰਮ' ਭਾਵ ਨਿਯਮ, 'ਅਰਥ' ਭਾਵ ਧਨ ਦੌਲਤ, 'ਕਰਮ' ਭਾਵ ਖੁਸ਼ੀ ਅਤੇ 'ਮੋਕਸ਼' ਭਾਵ ਮੁਕਤੀ। ਇਕ ਵਿਅਕਤੀ ਨੂੰ ਆਪਣਾ ਜੀਵਨ ਕਾਲ ਚਾਰ ਭਾਗਾਂ ਵਿਚ ਵਿਭਾਜਤ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ 'ਬ੍ਰਹਮਚਾਰੀ' ਹੋਵੇਗਾ ਜਦੋਂ ਉਹ ਸਿੱਖਿਆ ਹਾਸਿਲ ਕਰੇਗਾ ਬ੍ਰਹਮਚਾਰਤਾ ਦਾ ਪਾਲਣ ਕਰੇਗਾ। ਦੂਸਰਾ 'ਗ੍ਰਹਿਸਥ' ਹੈ ਜਦੋਂ ਉਹ ਸ਼ਾਦੀ ਕਰੇਗਾ, ਬੱਚੇ ਪੈਦਾ ਕਰੇਗਾ ਤੇ ਪੈਸਾ ਕਮਾਵੇਗਾ। ਤੀਸਰਾ ਦੌਰ 'ਵਨਪ੍ਰਸਥਾ' ਦਾ ਹੈ ਜਦੋਂ ਉਹ ਜੰਗਲਾਂ ਵਿਚ ਜਾਵੇਗਾ, ਭਗਤੀ ਕਰੇਗਾ ਤੇ ਚੌਥੀ ਵਿਵਸਥਾ ਦੀ ਤਿਆਰੀ ਕਰੇਗਾ ਜਿਸ ਨੂੰ 'ਸਨਿਆਸ' ਕਿਹਾ ਗਿਆ ਹੈ ਜਦੋਂ ਉਹ ਸੰਸਾਰ ਦੇ ਸਭ ਤਰ੍ਹਾਂ ਦਾ ਸੁੱਖਾਂ ਦਾ ਤਿਆਗ ਕਰੇਗਾ। ਮਹਾਂਭਾਰਤ ਨੇ ਮਨੁੱਖੀ ਸਮਾਜ ਨੂੰ ਵੀ ਚਾਰ ਜਾਤਾਂ ਵਿਚ ਵੰਡਿਆ ਹੈ, ਜਿਸ ਦਾ ਜ਼ਿਕਰ ਅਸੀਂ ਅੱਗੇ ਜਾ ਕੇ ਕਰਾਂਗੇ।

ਭਗਵਤ ਗੀਤਾ

ਹਿੰਦੂ ਧਰਮ ਦੀ ਸਭ ਤੋਂ ਮਹੱਤਵਪੂਰਣ ਪੁਸਤਕ 'ਭਗਵਤ ਗੀਤਾ' ਹੈ। ਇਹ ਵੇਦਾਂ ਤੇ ਉਪਨਿਸ਼ਦਾਂ ਦਾ ਨਿਚੋੜ ਹੈ, ਭਾਰਤ ਦੀਆਂ ਧਾਰਮਿਕ ਕਾਵਿ ਰਚਨਾਵਾਂ ਵਿਚੋਂ ਅਹਿਮ ਰਚਨਾ। ਇਹਨਾਂ ਧਾਰਮਿਕ ਕਾਵਿ ਰਚਨਾਵਾਂ ਨੂੰ ਸੰਸਕ੍ਰਿਤ ਵਿਚ 'ਬਸ਼ਮ' ਆਖਿਆ ਗਿਆ ਹੈ। ਭਗਵਤ ਗੀਤਾ ਅਧੁਨਿਕ ਹਿੰਦੂਵਾਦ ਦੀ ਬਾਈਬਲ ਹੈ। ਇਹ

ਅੱਜ ਦੇ ਹਿੰਦੂਵਾਦ ਦੀ ਜਾਗਰੂਕਤਾ ਪੂਰਕ ਮਾਰਗ ਦਰਸ਼ਕ ਹੈ। ਸਾਰੇ ਮੁਲਕ ਵਿਚ ਜਗ੍ਹਾ ਜਗ੍ਹਾ 'ਗੀਤਾ ਪ੍ਰਚਾਰਨੀ ਸਭਾ' ਵਰਗੇ ਨਾਵਾਂ ਦੀਆਂ ਕਈ ਜਥੇਬੰਦੀਆਂ ਬਣੀਆਂ ਹੋਈਆਂ ਹਨ। ਮਹਾਤਮਾ ਗਾਂਧੀ ਨੇ ਵੀ ਗੀਤਾ ਨੂੰ ਆਪਣੀ ਮਾਰਗ ਦਰਸ਼ਕ ਪੁਸਤਕ ਦੱਸਿਆ ਹੋਇਆ ਹੈ। ਉਸ ਨੇ ਲਿਖਿਆ ਕਿ "ਜਦੋਂ ਮੈਂ ਸ਼ੰਕਿਆਂ ਵਿਚ ਘਿਰਦਾ ਹਾਂ, ਜਦੋਂ ਮੈਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਮਹਿਸੂਸ ਹੁੰਦੀਆਂ ਹਨ ਤੇ ਜਦੋਂ ਮੈਨੂੰ ਕਿਧਰੋਂ ਵੀ ਕੋਈ ਉਮੀਦ ਦੀ ਕਿਰਨ ਨਜ਼ਰ ਨਾ ਆਉਂਦੀ ਹੋਵੇ, ਇਹਨਾਂ ਹਾਲਤਾਂ ਵਿਚ ਮੈਂ ਗੀਤਾ ਦੀ ਤਰਫ਼ ਆਉਂਦਾ ਹਾਂ ਮੈਨੂੰ ਰਸਤਾ ਵਿਖਾਉਣ ਵਾਲੀਆਂ ਤੁਕਾਂ ਮਿਲ ਜਾਂਦੀਆਂ ਹਨ। ਮੈਨੂੰ ਉਦਾਸੀਆਂ ਤੇ ਦੁੱਖਾਂ ਵਿਚ ਮੁਸਕਰਾਉਣਾ ਮਿਲ ਜਾਂਦਾ ਹੈ (Young India, Aug.6, 1925)।

ਗੀਤਾ ਨੇ ਧਾਰਮਿਕ ਤੇ ਧਰਮ ਨਿਰਪੱਖ ਲਿਖਤਾਂ ਨੂੰ ਵੀ ਉਤਸ਼ਾਹ ਦਿੱਤਾ ਹੈ। ਇਸ ਦੀ ਗੂੰਜ ਸਿੱਖ ਗੁਰੂਆਂ ਦੀ ਬਾਣੀ ਵਿਚ ਵੀ ਸੁਣਾਈ ਦੇਂਦੀ ਹੈ, ਵਿਸ਼ੇਸ਼ ਕਰਕੇ ਨੌਂਵੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ। ਕਿਪਲਿੰਗ ਦੀ ਮਸ਼ਹੂਰ ਨਜ਼ਮ 'ਜੇ ਕਿਤੇ' ਵਿਚ ਵੀ ਗੀਤਾ ਦੀ ਝਲਕ ਹੈ ਤੇ ਆਲਡੌਸ ਹਕਸਲੇ ਦੇ 'ਸਥਾਈ ਦਰਸ਼ਨ' ਵਿਚ ਵੀ ਗੀਤਾ ਤੋਂ ਅਧਾਰ ਲਿਆ ਗਿਆ ਹੈ।

ਅਸੀਂ ਅਜੇ ਤੱਕ ਵੀ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਗੀਤਾ ਦੀ ਰਚਨਾ ਕਦੋਂ ਹੋਈ ਸੀ। ਪਰ ਕਿਉਂਕਿ ਇਸ ਵਿਚ ਬੁੱਧਇਜ਼ਮ ਦਾ ਕੋਈ ਵਰਨਣ ਨਹੀਂ, ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਇਸ ਦੀ ਰਚਨਾ ਬੱਧ ਤੋਂ ਪਹਿਲਾਂ ਹੋਈ ਸੀ। ਇਸ ਦੀ ਭਾਸ਼ਾ ਵੀ ਮਹਾਭਾਰਤ ਦੇ ਪੁਰਾਣੇ ਹਿੱਸਿਆਂ ਨਾਲ ਮੇਲ ਖਾਂਦੀ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ 500 ਸਾਲ ਈਸਾ ਪੂਰਵ ਲਿਖੀ ਗਈ ਹੋਵੇਗੀ। ਮਹਾਂਭਾਰਤ ਦੀ ਤਰ੍ਹਾਂ ਇਸ ਦਾ ਲੇਖਕ ਵੀ ਰਿਸ਼ੀ ਵਿਆਸ ਹੀ ਸਮਝਿਆ ਜਾ ਰਿਹਾ ਹੈ।

ਸਾਨੂੰ ਇਸ ਗੱਲ ਦਾ ਵੀ ਪੱਕੀ ਤਰ੍ਹਾਂ ਪਤਾ ਨਹੀਂ ਲੱਗ ਰਿਹਾ ਕਿ ਗੀਤਾ ਨੂੰ ਮਹਾਂਭਾਰਤ ਦਾ ਹਿੱਸਾ ਕਿਉਂ ਬਣਾਇਆ ਗਿਆ। ਇਸ ਦਾ ਕੋਈ ਸੰਕੇਤ ਨਹੀਂ ਮਿਲ ਰਿਹਾ। ਸਿਰਫ਼ ਕੁਝ ਸਬੱਬ ਹਨ ਜਿਵੇਂ ਮਹਾਂਭਾਰਤ ਦੀ ਅਠਾਰਾਂ ਪੁਸਤਕਾਂ ਹਨ ਤੇ ਗੀਤਾ ਦੇ ਅਠਾਰਾਂ ਅਧਿਆਏ ਹਨ ਅਤੇ ਕਰੂਕਸ਼ੇਤਰ ਦਾ ਯੁੱਧ ਅਠਾਰਾਂ ਦਿਨ ਚੱਲਿਆਂ ਸੀ। ਹੋ ਸਕਦਾ ਹੈ ਕਿ ਇਸ ਨੂੰ ਹਰਮਨ ਪਿਆਰੀ ਪੁਸਤਕ ਬਣਾਉਣ ਵਾਸਤੇ ਦਾਰਸ਼ਨਿਕ ਰੰਗਤ ਦਿੱਤੀ ਗਈ ਹੋਵੇ, ਇਸ ਦੀ ਦਾਰਸ਼ਨਿਕ ਸ਼ੂਗਰ ਕੋਟਿੰਗ ਕੀਤੀ ਹੋਵੇ। ਇਸ ਨੂੰ ਆਮ ਤੌਰ 'ਤੇ ਮਹਾਂਭਾਰਤ ਰੂਪੀ ਮਹਾਨ ਮੰਦਰ ਦਾ ਅੰਦਰਲਾ ਆਸਣ ਕਿਹਾ ਜਾਂਦਾ ਹੈ।

ਕੁਝ ਸ਼ਬਦ ਕ੍ਰਿਸ਼ਨ ਬਾਰੇ ਕਹਿਣੇ ਜ਼ਰੂਰੀ ਬਣਦੇ ਹਨ ਜਿਸ ਨੂੰ ਗੀਤਾ ਦਾ ਦਰਸ਼ਨ ਦੇਵਤਾ ਮੰਨਿਆ ਜਾਂਦਾ ਹੈ। ਸਾਨੂੰ ਉਸ ਦੇ ਜਨਮ ਦੀ ਤਰੀਖ ਤੇ ਸਾਲ ਦਾ ਨਹੀਂ ਪਤਾ ਪਰ ਮੰਨਿਆਂ ਜਾਂਦਾ ਹੈ ਕਿ ਉਸ ਦਾ ਜਨਮ ਜਮੁਨਾ ਦਰਿਆ ਦੇ ਸੱਜੇ ਕੰਢੇ ਮਥਰਾ ਦੇ ਸਥਾਨ ਤੇ ਹੋਇਆ ਜੋ ਦਿੱਲੀ ਤੋਂ 80 ਮੀਲ ਦੂਰ ਹੈ। ਉਸ ਦਾ ਪਿਤਾ ਵਾਸੂਦੇਵ ਤੇ ਮਾਤਾ ਦੇਵਕੀ ਪਸ਼ੂ ਪਾਲਕ ਕਬੀਲੇ ਨਾਲ ਸੰਬੰਧਤ ਸਨ ਜਿਹਨਾਂ ਨੂੰ ਯਾਦਵ ਕਿਹਾ ਜਾਂਦਾ ਹੈ। ਦੇਵਕੀ ਦਾ ਭਰਾ 'ਕੰਸ' ਉਸ ਰਾਜ ਦਾ ਰਾਜਾ ਸੀ। ਕਿਸੇ ਜੋਤਸ਼ੀ ਨੇ ਉਸ ਨੂੰ

ਦੱਸਿਆ ਸੀ ਕਿ ਦੇਵਤੀ ਦਾ ਅੱਠਵਾਂ ਪੁੱਤਰ ਉਸ ਨੂੰ ਜਾਨ ਤੋਂ ਮਾਰ ਦੇਵੇਗਾ। ਇਸ ਲਈ ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਜਿਵੇਂ ਹੀ ਦੇਵਕੀ ਦੇ ਪੁੱਤਰ ਹੋਵੇ, ਉਸ ਨੂੰ ਮਾਰ ਦਿੱਤਾ ਜਾਵੇ। ਦੁਖੀ ਮਾਤਾ ਪਿਤਾ ਨੇ ਆਪਣਾ ਸੱਤਵਾਂ ਪੁੱਤਰ ਬਲਰਾਮ ਤੇ ਅੱਠਵਾਂ ਕ੍ਰਿਸ਼ਨ ਲੁਕੋ ਲਿਆ। ਇਹਨਾਂ ਬੱਚਿਆਂ ਨੂੰ ਦਰਿਆ ਤੋਂ ਪਾਰ ਬ੍ਰਿੰਦਾਬਨ ਭੇਜ ਦਿੱਤਾ ਗਿਆ ਜਿੱਥੇ ਇਕ ਗਵਾਲਾ ਨੰਦਾ ਤੇ ਉਸ ਦੀ ਪਤਨੀ ਯਸ਼ੋਧਾ ਨੇ ਉਹਨਾਂ ਦਾ ਪਾਲਣ ਪੋਸ਼ਣ ਕੀਤਾ।

ਕ੍ਰਿਸ਼ਨ ਦਾ ਰੰਗ ਸਾਂਵਲਾ, ਬਹੁਤ ਸੁੰਦਰ ਤੇ ਸ਼ਰਾਰਤੀ ਕਿਸਮ ਦਾ ਬੱਚਾ ਸੀ। ਉਹ ਗੁਲੇਲ ਨਾਲ ਔਰਤਾਂ ਦੇ ਪਾਣੀ ਦੇ ਘੜੇ ਤੋੜ ਦੇਂਦਾ ਤੇ ਜਦੋਂ ਉਹ ਨਹਾਉਣ ਵਾਸਤੇ ਨਦੀ ਵਿਚ ਜਾਂਦੀਆਂ ਤਾਂ ਉਹਨਾਂ ਦੇ ਕੱਪੜੇ ਲਕੋ ਦੇਂਦਾ। ਉਹ ਬਹੁਤ ਨਿਪੁੰਨ ਬਾਂਸਰੀ ਵਾਦਕ ਸੀ ਤੇ ਆਪਣੀ ਬੰਸੁਰੀ ਦੀ ਧੁੰਨ ਨਾਲ ਮਨੁੱਖ ਹੀ ਨਹੀਂ ਪਸ਼ੂਆਂ ਨੂੰ ਵੀ ਮੋਹਿਤ ਕਰ ਲੈਂਦਾ ਸੀ। ਉਹ ਬਹੁਤ ਸਾਰਾ ਦੁੱਧ ਪੀਂਦਾ, ਮੱਖਣ ਖਾਂਦਾ ਤੇ ਚੰਗੀ ਸਿਹਤ ਵਾਲਾ ਬਲਵਾਨ ਸੀ। ਉਸ ਨੇ ਬਹੁਤ ਸਾਰੇ ਰਾਕਸ਼ਾਂ ਨੂੰ ਮਾਰਿਆ ਜਿਹਨਾਂ ਵਿਚ ਇਕ ਉਸ ਦਾ ਮਾਮਾ ਕੰਸ ਵੀ ਸੀ ਤੇ ਇਕੋ ਉਂਗਲ ਨਾਲ ਪਹਾੜ ਚੁੱਕ ਕੇ ਗਾਵਾਂ ਦੇ ਗਿਰੋਹ ਨੂੰ ਤੂਫਾਨੀ ਮੀਂਹ ਤੋਂ ਬਚਾਇਆ ਸੀ। ਉਹ ਔਰਤਾਂ ਦਾ ਵੀ ਵੱਡਾ ਸ਼ੌਕੀਨ ਸੀ। ਕਿਹਾ ਜਾਂਦਾ ਹੈ ਕਿ ਉਸ ਦੀਆਂ 16 ਹਜ਼ਾਰ ਪਤਨੀਆਂ ਸਨ ਜਿਹਨਾਂ ਤੋਂ ਇਕ ਲੱਖ ਅੱਸੀ ਹਜ਼ਾਰ ਬੱਚੇ ਪੈਦਾ ਹੋਏ ਸਨ। ਫਿਰ ਵੀ ਉਸ ਦੀ ਸਭ ਤੋਂ ਚਹੇਤੀ ਇਕ ਗਵਾਲਣ ਰਾਧਾ ਸੀ ਜੋ ਕਿਸੇ ਹੋਰ ਗਵਾਲੇ ਦੀ ਪਤਨੀ ਸੀ।

ਕ੍ਰਿਸ਼ਨ ਨੇ ਬੁਰੇ ਲੋਕਾਂ ਦੇ ਵਿਰੁੱਧ ਕਈ ਲੜਾਈਆਂ ਲੜੀਆਂ। ਬਾਅਦ ਵਿਚ ਉਸ ਨੇ ਵਿਦਰਬਾ ਦੇ ਰਾਜੇ ਦੀ ਬੇਟੀ ਰੁਕਮਨੀ ਨਾਲ ਵਿਆਹ ਕਰ ਲਿਆ ਤੇ ਗੁਜਰਾਤ ਵਿਚ ਵੱਸਣ ਲੱਗ ਪਿਆ। ਉਸ ਦਾ ਅੰਤ ਇਕ ਸ਼ਿਕਾਰੀ ਦੇ ਹੱਥੋਂ ਹੋਇਆ ਜਿਸ ਨੇ ਉਸ ਨੂੰ ਹਿਰਣ ਸਮਝ ਲਿਆ ਤੇ ਤੀਰ ਮਾਰਿਆ ਜੋ ਇਸ ਦੀ ਅੱਡੀ ਵਿਚ ਲੱਗਿਆ।

ਕ੍ਰਿਸ਼ਨ ਭਾਰਤੀ ਸਾਹਿਤ, ਸੰਗੀਤ ਤੇ ਚਿੱਤਰਕਲਾ ਦਾ ਹਰਮਨ ਪਿਆਰਾ ਪਾਤਰ ਹੈ। ਉਸ ਦੀ ਦਿਲਕੱਸ਼ ਤਸਵੀਰ ਦੂਹਰਾ ਰੂਹਾਨੀ ਹੁਲਾਰਾ ਦੇਂਦੀ ਹੈ। ਕ੍ਰਿਸ਼ਨ ਭਗਵਾਨ ਹੈ ਤੇ ਉਸ ਦੀਆਂ ਪ੍ਰੇਮਕਾਵਾਂ, ਮੁੱਖ ਤੌਰ 'ਤੇ ਰਾਧਾ, ਦੇਵਤੀਆਂ ਹਨ। ਇਹ ਗੱਲ ਪ੍ਰਮਾਤਮਾ ਨਾਲ ਸਰੀਰਕ ਤੇ ਰੂਹਾਨੀ ਮਿਲਾਪ ਦੀ ਪ੍ਰਤੀਕ ਹੈ। ਕ੍ਰਿਸ਼ਨ ਵਿਸ਼ਨੂ ਦਾ ਅੱਠਵਾਂ ਅਵਤਾਰ ਬਣਿਆ।

ਹੁਣ ਅਸੀਂ ਭਗਵਤ ਗੀਤਾ ਦੇ ਵਰਨਣ ਵੱਲ ਆਉਂਦੇ ਹਾਂ। ਤੁਹਾਨੂੰ ਯਾਦ ਹੀ ਹੋਵੇਗਾ ਕਿ ਇਸ ਦੀ ਰਚਨਾ ਬਾਰੇ ਅਸਾਂ ਕਿਸ ਸਮੇਂ ਦਾ ਅੰਦਾਜ਼ਾ ਲਗਾਇਆ ਸੀ। ਪਾਂਡਵਾਂ ਤੇ ਕੌਰਵਾਂ ਦੀਆਂ ਫੌਜਾਂ ਆਹਮਣੇ ਸਾਹਮਣੇ ਸਨ। ਕ੍ਰਿਸ਼ਨ ਵੱਲੋਂ ਇਹ ਪੇਸ਼ਕੱਸ਼ ਕੀਤੀ ਗਈ ਸੀ ਕਿ ਉਹ ਧ੍ਰਿਤਰਾਸ਼ਟਰ ਦੀ ਦ੍ਰਿਸ਼ਟੀ ਸੁਰਜੀਤ ਕਰ ਦੇਵੇਗਾ ਤਾਂ ਜੋ ਕਿ ਉਹ ਲੜਾਈ ਨੂੰ ਆਪਣੀਆਂ ਅੱਖਾਂ ਨਾਲ ਵੇਖ ਸਕੇ। ਦੁਖੀ ਹਿਰਦੇ ਨਾਲ ਰਾਜਾ ਨੇ ਇਸ ਦਾ ਜਵਾਬ ਦਿੱਤਾ ਕਿ "ਜੇ ਤੂੰ ਚਾਹੁੰਦਾ ਹੈਂ ਕਿ ਮੈਂ ਆਪਣੇ ਪੁੱਤਰਾਂ, ਭਤੀਜਿਆਂ

ਤੇ ਭਾਣਜਿਆਂ ਨੂੰ ਇਕ ਦੂਜੇ ਦਾ ਕਤਲ ਕਰਦਿਆਂ ਵੇਖਾਂ ਤਾਂ ਇਸ ਨਾਲੋਂ ਤਾਂ ਮੈਂ ਅੰਨਾਂ ਹੀ ਰਹਿਣਾ ਪਸੰਦ ਕਰਾਂਗਾ"।

ਇਸੇ ਤਰ੍ਹਾਂ ਦਾ ਦੁੱਖ ਪਾਂਡਵਾਂ ਦੇ ਅਰਜਨ ਦੇ ਹਿਰਦੇ ਵਿਚ ਵੀ ਸੀ। ਅਰਜਨ ਸੋਚਦਾ ਸੀ ਕਿ, "ਇਹ ਯੁੱਧ ਚਾਹੇ ਬੁਰਾਈ ਦੇ ਵਿਰੁੱਧ ਵੀ ਹੋਵੇ ਤਾਂ ਵੀ ਅਣਉਚਿਤ ਹੈ ਕਿਉਂਕਿ ਇਸ ਨਾਲ ਇਕੋ ਪਰਿਵਾਰ ਦੀ ਤਬਾਹੀ ਹੋਵੇਗੀ ਤੇ ਸਾਰੇ ਸਮਾਜ ਵਾਸਤੇ ਮੁਸੀਬਤਾਂ ਪੈਦਾ ਹੋਣਗੀਆਂ। ਆਖਰ ਸੰਸਾਰਕ ਸੁੱਖਾਂ ਵਾਸਤੇ ਯੁੱਧ ਕਿਉਂ ਕੀਤੇ ਜਾਣ?" ਅਰਜਨ ਆਪਣੇ ਆਪ ਨੂੰ ਪੁੱਛਦਾ ਸੀ।

ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਰੁਕਸ਼ੇਤਰ ਦਾ ਯੁੱਧ ਜ਼ਿੰਦਗੀ ਤੇ ਮੌਤ ਦਾ ਯੁੱਧ ਸੀ। ਅਰਜਨ ਇਕ ਉੱਚ ਪਾਏ ਦੀ ਮਾਨਵੀ ਸੋਚ ਨੂੰ ਵਿਅਕਤ ਕਰਦਾ ਸੀ। ਉਸ ਦੇ ਸ਼ੰਕੇ ਮਾਨਵ ਜਾਤੀ ਦੇ ਉਹ ਸ਼ੰਕੇ ਸਨ ਜੋ ਵਿਅਕਤੀਗਤ ਲਾਭ ਵਾਸਤੇ ਹਿੰਸਾ ਨੂੰ ਪੈਦਾ ਕਰਦੇ ਸਨ।

ਕ੍ਰਿਸ਼ਨ ਹੀ ਅਜਿਹਾ ਮਿੱਤਰ, ਦਾਰਸ਼ਨਿਕ ਤੇ ਮਾਰਗ ਦਰਸ਼ਕ ਸੀ ਜੋ ਇਹਨਾਂ ਪ੍ਰਸ਼ਨਾਂ ਦੇ ਉੱਤਰ ਦੇਂਦਾ ਸੀ। ਇਹ ਰੱਥ, ਰੱਥਵਾਨ ਤੇ ਰੱਥ ਦੇ ਸਵਾਰ ਦੀ ਬਹੁ ਅਰਥੀ ਕਹਾਣੀ ਹੈ। ਇਸ ਤਰ੍ਹਾਂ ਦਾ ਵਰਨਣ ਉਪਨਿਸ਼ਦਾਂ ਵਿਚ ਵੀ ਹੈ ਜੋ ਅੱਗੇ ਦੁਹਰਾਇਆ ਗਿਆ ਹੈ ਇਸ ਦਾ ਵਿਸ਼ਾ ਮਾਨਵੀ ਆਤਮਾ ਦਾ ਨਿਪੁੰਨਤਾ ਵੱਲ ਨੂੰ ਮਾਰਗ ਹੈ।

ਅਰਜਨ ਦੀ ਦੁਬਿਧਾ ਨੂੰ ਸਾਫ਼ ਦਰਸਾਇਆ ਗਿਆ ਹੈ। ਉਹ ਕਾਇਲ ਸੀ ਕਿ ਉਸ ਦਾ ਮੰਤਵ ਉਚਿਤ ਹੈ ਤੇ ਜਿਹੜਾ ਯੁੱਧ ਉਹ ਲੜਨ ਜਾ ਰਿਹਾ ਹੈ, ਉਹ 'ਧਰਮ-ਯੁੱਧ' ਹੈ ਜੋ ਹੱਕ ਤੇ ਇਨਸਾਫ਼ ਵਾਸਤੇ ਕੀਤਾ ਜਾ ਰਿਹਾ ਹੈ। ਫਿਰ ਵੀ ਉਹ ਆਪਣੇ ਆਪ ਨੂੰ ਆਪਣੇ ਹੀ ਸਕੇ ਸੰਬੰਧੀਆਂ ਵਿਰੁੱਧ ਲੜਨ ਵਾਸਤੇ ਤਿਆਰ ਨਹੀਂ ਕਰ ਸਕਿਆ। ਉਹ ਮਾਯੂਸ (dejected) ਹੋ ਗਿਆ ਤੇ ਉਸ ਦੇ ਹੱਥ ਵਿਚੋਂ ਤੀਰ ਡਿੱਗ ਪਏ ਤੇ ਉਸ ਨੇ ਦ੍ਰਿੜਤਾ ਨਾਲ ਕਿਹਾ, "ਮੈਂ ਨਹੀਂ ਲੜਾਂਗਾ"। ਉਹ ਸਮਝਦਾ ਸੀ ਕਿ ਇਕ ਸੈਨਾਪਤੀ ਵੱਲੋਂ ਲੜਾਈ ਦੇ ਐਨ ਵਿਚਕਾਰ ਅਜਿਹਾ ਨਿਰਣਾ ਲੈਣਾ ਇਕ ਤਰ੍ਹਾਂ ਨਾਲ ਗੱਦਾਰੀ ਦੇ ਤੁਲ ਹੋ ਸਕਦਾ ਹੈ ਪਰ ਉਹ ਆਪਣੇ ਉਪਰ ਬੁਜ਼ਦਿਲੀ ਤੇ ਧੋਖੇਬਾਜ਼ੀ ਦਾ ਦੋਸ਼ ਲੈਣ ਵਾਸਤੇ ਤਿਆਰ ਸੀ, ਉਹ ਹਾਰ ਦਾ ਮੂੰਹ ਵੇਖਣ ਤੇ ਰਾਜ ਦਾ ਹੱਕ ਵੀ ਛੱਡਣ ਨੂੰ ਤਿਆਰ ਸੀ ਪਰ ਆਪਣੇ ਹੀ ਸਕੇ ਸੰਬੰਧੀਆਂ ਦੇ ਖ਼ੂਨ ਨਾਲ ਆਪਣੇ ਹੱਥ ਨਹੀਂ ਰੰਗਣੇ ਚਾਹੁੰਦਾ ਸੀ। ਉਸ ਦੇ ਰੱਥਵਾਨ ਕ੍ਰਿਸ਼ਨ ਨੇ ਇਸ ਦਾ ਜਵਾਬ ਦਿੱਤਾ ਕਿ ਸਿਰਫ਼ ਪ੍ਰਮਾਤਮਾ ਹੀ ਕਿਸੇ ਦੀ ਜਾਨ ਲੈਂਦਾ ਹੈ ਕਿਉਂਕਿ ਉਸੇ ਨੇ ਜਾਨ ਦਿੱਤੀ ਹੁੰਦੀ ਹੈ, ਉਸੇ ਨੇ ਜਨਮ ਦਿੱਤਾ ਹੁੰਦਾ ਹੈ। ਆਦਮ ਤਾਂ ਉਸ ਦੇ ਭੇਦ ਭਰੇ ਮਨੋਰਥਾਂ ਦਾ ਸਿਰਫ਼ ਸਾਧਨ ਮਾਤਰ ਹੀ ਬਣਦਾ ਹੈ। "ਜੋ ਇਹ ਸਮਝਦਾ ਹੈ ਕਿ ਉਸ ਨੇ ਕਿਸੇ ਨੂੰ ਮਾਰ ਦਿੱਤਾ ਹੈ ਤੇ ਜੋ ਇਹ ਸਮਝਦਾ ਹੈ ਕਿ ਉਸ ਨੂੰ ਕਿਸੇ ਨੇ ਮਾਰ ਦਿੱਤਾ ਹੈ, ਉਹ ਇਸ ਸੱਚਾਈ ਨੂੰ ਨਹੀਂ ਸਮਝਦਾ ਕਿ ਨਾ ਕੋਈ ਮਰ ਸਕਦਾ ਹੈ ਤੇ ਨਾ ਕੋਈ ਕਿਸੇ ਨੂੰ ਮਾਰ ਸਕਦਾ ਹੈ।" ਕ੍ਰਿਸ਼ਨ ਨੇ ਅੱਗੋਂ ਕਿਹਾ ਕਿ ਵਾਸਤਿਵ ਵਿਚ ਇਸ ਬ੍ਰਹਿਮੰਡ ਅੰਦਰ ਮੌਤ ਨਾਂ ਦੀ ਕੋਈ ਵਸਤੂ ਨਹੀਂ ਕਿਉਂਕਿ ਵਿਅਕਤੀ ਦੇ ਅੰਦਰ ਦੀ ਆਤਮਾ ਕਦੇ ਨਹੀਂ ਮਰਦੀ (because the

eternal in man cannot die), ਇਹ ਸਿਰਫ਼ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਜਾਂ ਇਕ ਜੀਵ ਤੋਂ ਦੂਜੇ ਜੀਵ ਤੱਕ ਆਵਾਗਮਣ ਕਰਦੀ ਰਹਿੰਦੀ ਹੈ। ਜਿਸ ਤਰ੍ਹਾਂ ਇਕ ਵਿਅਕਤੀ ਪੁਰਾਣੇ ਕੱਪੜੇ ਉਤਾਰ ਕੇ ਨਵੇਂ ਪਹਿਨ ਲੈਂਦਾ ਹੈ, ਇਸੇ ਤਰ੍ਹਾਂ ਵਿਅਕਤੀ ਜਦੋਂ ਆਪਣੇ ਅੰਦਰ ਦੀ ਤਾਰ ਨੂੰ ਕੱਟਦਾ ਹੈ ਤਾਂ ਓਦੋਂ ਹੀ ਨਵੇਂ ਜਨਮ ਵਿਚ ਜਾਂਦਾ ਹੈ। "ਜਿਹੜਾ ਜਨਮ ਲੈਂਦਾ ਹੈ, ਉਸ ਦੀ ਮੌਤ ਆਵੱਸ਼ਕ ਹੈ ਤੇ ਜਿਸ ਦੀ ਮੌਤ ਹੋਣੀ ਹੈ, ਉਸ ਦਾ ਜਨਮ ਵੀ ਨਿਸ਼ਚਿਤ ਹੈ।" ਕ੍ਰਿਸ਼ਨ ਨੇ ਇਹ ਸਮਝਾਉਂਦਿਆਂ ਕਿਹਾ ਕਿ ਵਿਅਕਤੀ ਨੂੰ ਕੇਵਲ ਆਪਣੇ ਫ਼ਰਜ਼ ਨਿਭਾਉਣੇ ਚਾਹੀਦੇ ਹਨ ਅਤੇ ਉਹਨਾਂ ਦੇ ਪਰਿਣਾਮ ਦੀ ਚਿੰਤਾ ਨਹੀਂ ਕਰਨੀ ਚਾਹੀਦੀ, "ਪਰੀਖਿਆ ਦੀ ਘੜੀ ਵਿਚ ਵਿਅਕਤੀ ਨੂੰ ਢਿੱਲਾਪਣ ਨਹੀਂ ਵਿਖਾਉਣਾ ਚਾਹੀਦਾ ਬਲਕਿ ਦ੍ਰਿੜ ਨਿਸ਼ਚੇ ਵਾਲਾ ਹੋਣਾ ਚਾਹੀਦਾ ਹੈ, ਨਹੀਂ ਤਾਂ ਉਹ ਧਰਤੀ ਤੇ ਪਰਲੋਕ ਦੋਹਾਂ ਦੇ ਸੁੱਖਾਂ ਤੋਂ ਵਾਂਝਿਆ ਰਹਿ ਜਾਵੇਗਾ, ਉਸ ਨੂੰ ਅੱਗ ਦੇ ਚੰਗਿਆਰੇ ਵਾਂਗੂ ਵਧਣਾ ਚਾਹੀਦਾ ਹੈ, ਜਿਸ ਦੇ ਅੱਗੇ ਜੋ ਆਵੇ ਝੁਲਸ ਜਾਂਦਾ ਹੈ।"

"ਤਾਂ ਫਿਰ ਇਕ ਵਿਅਕਤੀ ਦੇ ਕਰਤੱਵ ਕੀ ਹਨ? " ਅਰਜਨ ਨੇ ਪੁਛਿਆ।

"ਇਕ ਸਿਪਾਹੀ ਵਾਸਤੇ ਸਭ ਤੋਂ ਪਹਿਲਾ ਕਰਤੱਵ ਇਹ ਹੈ ਕਿ ਜਦੋਂ ਵੀ ਯੁਧ ਦਾ ਸੱਦਾ ਆਵੇ, ਉਹ ਲੜਾਈ ਵਾਸਤੇ ਤਿਆਰ ਰਹੇ। ਸਾਰੇ ਮਾਨਵ ਜਾਤੀ ਦੇ ਲੋਕ ਜੀਵਨ ਰੂਪੀ ਸੰਘਰਸ਼ ਜਾ ਯੁੱਧ ਵਿਚ ਇਕ ਤਰ੍ਹਾਂ ਨਾਲ ਸਿਪਾਹੀ ਹੀ ਹੁੰਦੇ ਹਨ ਤੇ ਉਹਨਾਂ ਨੂੰ ਆਪਣੇ ਕਰਤੱਵ ਇਸੇ ਦ੍ਰਿਸ਼ਟੀ ਨਾਲ ਨਿਭਾਉਣੇ ਚਾਹੀਦੇ ਹਨ। ਇਹ ਵੀ ਮਹੱਤਵਪੂਰਣ ਹੈ ਕਿ ਇਸ ਕਰਤੱਵ ਦੀ ਪਾਲਣਾ ਕਿਸੇ ਪੁਰਸਕਾਰ ਦੀ ਆਸ਼ਾ ਤੋਂ ਬਿਨਾਂ ਕੀਤੀ ਜਾਣੀ ਚਾਹੀਦੀ ਹੈ (*ਨਿਸ਼ਕਾਮ ਕਰਮਾ*)। ਕ੍ਰਿਸ਼ਨ ਦਾ ਕਹਿਣਾ ਹੈ ਕਿ, "ਯੁੱਧ ਵਿਚ ਜਾਣ ਤੋਂ ਪਹਿਲਾਂ ਤੁਹਾਨੂੰ ਇਹ ਸਿੱਖਣਾ ਪਵੇਗਾ ਕਿ ਖੁਸ਼ੀਆਂ ਤੇ ਦਰਦਾਂ, ਲਾਭਾਂ ਤੇ ਹਾਨੀਆਂ ਅਤੇ ਜਿੱਤਾਂ ਤੇ ਹਾਰਾਂ ਦੇ ਤੁਹਾਡੇ ਵਾਸਤੇ ਕੋਈ ਅਰਥ ਨਹੀਂ ਹਨ।" ਇਹੀ ਨਿਯਮ ਸਾਡੀ ਸਾਧਾਰਣ ਜ਼ਿੰਦਗੀ ਵਿਚ ਲਾਗੂ ਹੁੰਦੇ ਹਨ। ਆਪਣੇ ਕਰਤੱਵ ਦੀ ਪਾਲਣਾ ਹੀ ਸਾਡਾ ਅਧਿਕਾਰ ਤੇ ਫਰਜ਼ ਹੋਵੇਗਾ। ਸਾਨੂੰ ਆਪਣੀਆਂ ਘਾਲਣਾਵਾਂ ਦੇ ਪਰਿਣਾਮ ਤੇ ਫਲ ਪ੍ਰਾਪਤੀਆਂ ਬਾਰੇ ਨਹੀਂ ਸੋਚਣਾ ਚਾਹੀਦੀ। ਇਥੇ ਸਾਨੂੰ ਅੰਟਾਰਟਿਕ ਧਰੁਵ ਦੇ ਖੋਜੀ ਸਕਾਟ ਦਾ ਕਥਨ ਯਾਦ ਆਉਂਦਾ ਹੈ ਜੋ ਉਸ ਨੇ ਆਪਣੀ ਡਾਇਰੀ ਵਿਚ ਲਿਖਿਆ ਸੀ ਕਿ "ਇਹ ਸਿਰਫ਼ ਤੁਹਾਡੀਆਂ ਘਾਲਣਾਵਾਂ ਹੀ ਹਨ ਜਿਹੜੀਆਂ ਅਰਥ ਰੱਖਦੀਆਂ ਹਨ, ਉਹਨਾਂ ਉਪਰ ਵੱਜਣ ਵਾਲੀਆਂ ਤਾੜੀਆਂ ਨਹੀਂ।"

ਇਕ ਫਾਨੀ ਮਨੁੱਖ ਆਪਣੇ ਮਨ ਦਾ ਅਜਿਹਾ ਸਮਤੋਲ ਕਿਵੇਂ ਬਣਾ ਸਕਦਾ ਹੈ ਜਿਸ ਵਿਚ ਖੁਸ਼ੀ ਤੇ ਕਰੁਣਾ, ਲਾਭ ਤੇ ਹਾਨੀ ਅਤੇ ਹਾਰ ਜਾਂ ਜਿੱਤ ਵਿਚ ਕੋਈ ਅੰਤਰ ਹੀ ਨਾ ਵਿਖਾਈ ਦੇਵੇ? ਕਿਸ ਤਰ੍ਹਾਂ ਕੋਈ ਅਜਿਹੇ ਮੰਤਵ ਵਾਸਤੇ ਘਾਲਣਾ ਕਰ ਸਕਦਾ ਹੈ ਜਿਸ ਵਿਚ ਕਿਸੇ ਵੀ ਤਰ੍ਹਾਂ ਦੇ ਪ੍ਰੋਤਸਾਹਨ ਦੀ ਕੋਈ ਸੰਭਾਵਨਾ ਨਾ ਹੋਵੇ? "ਕੀ ਸਾਨੂੰ ਅਜਿਹੀ ਕਿਸੇ ਵਿਅਕਤੀ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ ਜੋ ਆਪਣੇ ਕਰਤੱਵਾਂ ਦੀ ਪਾਲਣਾ ਵਿਚ ਇਸ ਕਿਸਮ ਦੇ ਵਿਸ਼ਵਾਸ ਰੱਖਦਾ ਹੋਵੇ? ਉਹ ਕਿਸ ਤਰ੍ਹਾਂ ਬੋਲਦਾ ਹੈ, ਬੈਠਦਾ ਹੈ, ਸੌਂਦਾ ਹੈ ਤੇ ਜਾਗਦਾ ਹੈ? ਅਜਿਹੇ ਵਿਅਕਤੀ ਦੀ ਪਹਿਚਾਣ ਕਿਵੇਂ ਕੀਤੀ ਜਾ ਸਕਦੀ ਹੈ?" ਅਰਜਨ ਦਾ ਸਵਾਲ ਸੀ।

ਕ੍ਰਿਸ਼ਨ ਨੇ ਜਵਾਬ ਦਿੱਤਾ ਕਿ ਜਦੋਂ ਵਿਅਕਤੀ ਆਪਣੀਆਂ ਸਾਰੀਆਂ ਖਾਹਸ਼ਾਂ ਨੂੰ ਆਪਣੇ ਮਨ ਵਿਚੋਂ ਕੱਢ ਦੇਂਦਾ ਹੈ, ਜਦੋਂ ਉਸ ਦੀ ਰੂਹ ਆਪਣੇ ਆਪ ਵਿਚ ਹੁੰਦੀ ਹੈ, ਤਾਂ ਉਹ ਸਮਝਦਾਰੀ ਵਿਚ ਸਥਿਰ ਹੋ ਜਾਂਦਾ ਹੈ। ਉਸ ਨੂੰ ਆਪਣੀਆਂ ਇੰਦਰੀਆਂ ਉਹਨਾਂ ਦੇ ਮੰਤਵਾਂ ਤੋਂ ਅੰਦਰ ਨੂੰ ਖਿਚ ਲੈਣੀਆਂ ਚਾਹੀਦੀਆਂ ਹਨ, ਜਿਵੇਂ ਕਿ ਇਕ ਕਛੂਕੁੰਮਾ ਆਪਣੀ ਗਰਦਨ ਨੂੰ ਆਪਣੇ ਖੋਲ ਵਿਚ ਖਿੱਚ ਲੈਂਦਾ ਹੈ। ਇਸ ਦੇ ਉਲਟ ਜਿਹੜਾ ਵਿਅਕਤੀ ਇੰਦਰੀਆਂ ਦੇ ਮੰਤਵਾਂ ਨੂੰ ਖੁੱਲ ਦੇਂਦਾ ਹੈ, ਉਹ ਇਹਨਾਂ ਮੰਤਵਾਂ ਦੇ ਅਧੀਨ ਹੋ ਜਾਂਦਾ ਹੈ। ਇਹ ਅਧੀਨਤਾ ਖਾਹਸ਼ਾਂ ਨੂੰ ਪੈਦਾ ਕਰਦੀ ਹੈ, ਖਾਹਸ਼ਾਂ ਜਦੋਂ ਬੇਚੈਨ ਹੋ ਜਾਣ ਤਾਂ ਗੁੱਸਾ ਪੈਦਾ ਕਰਦੀਆਂ ਹਨ। ਗੁੱਸਾ ਮਨ ਦੀਆਂ ਉਲਝਣਾਂ ਪੈਦਾ ਕਰਦਾ ਹੈ ਤੇ ਮਨ ਦੀਆਂ ਉਲਝਣਾਂ ਨਾਲ ਯਾਦ-ਸ਼ਕਤੀ ਕਮਜ਼ੋਰ ਹੁੰਦੀ ਹੈ ਤੇ ਯਾਦ ਸ਼ਕਤੀ ਦੀ ਕਮਜ਼ੋਰੀ ਨਾਲ ਸਮਝਦਾਰੀ ਤਬਾਹ ਹੋ ਜਾਂਦੀ ਹੈ। ਇਸ ਤਰ੍ਹਾਂ ਵਿਅਕਤੀ ਦਾ ਵਿਨਾਸ਼ ਹੋ ਜਾਂਦਾ ਹੈ, ਪ੍ਰਮਾਤਮਾ ਜਿਸ ਵਿਅਕਤੀ ਦਾ ਵਿਨਾਸ਼ ਕਰਨਾ ਚਾਹੁੰਦਾ ਹੈ, ਉਸ ਦੀ ਬੁੱਧੀ ਭ੍ਰਿਸ਼ਟ ਕਰ ਦੇਂਦਾ ਹੈ।

ਉਹ ਜਿਸ ਦੇ ਅੰਦਰ ਚਾਹੇ ਜਾ ਸਕਦਾ ਹੈ ਜਿਵੇਂ ਸਮੁੰਦਰ ਵਿਚ ਪਾਣੀ ਜਾਂਦਾ ਹੈ। ਦਰਿਆ ਲਗਾਤਾਰ ਸਮੁੰਦਰ ਵਿਚ ਦਾਖਲ ਹੁੰਦੇ ਰਹਿੰਦੇ ਹਨ ਪਰ ਉਹ ਅਡੋਲ ਰਹਿੰਦਾ ਹੈ, ਸ਼ਾਂਤ ਰਹਿੰਦਾ ਹੈ। ਉਸ ਦਾ ਸ਼ਾਂਤ ਰਹਿਣਾ ਹੀ ਸਮਝਦਾਰੀ ਦਾ ਪ੍ਰਤੀਕ ਹੈ। ਇਸੇ ਦੇ ਅਰਥ ਵਿਅਕਤੀ ਵੱਲੋਂ ਆਪਣੇ ਜੀਵਨ ਕਾਲ ਵਿਚ ਹੀ ਮੋਕਸ਼ ਜਾਂ ਨਿਰਵਾਣ ਦੀ ਪ੍ਰਾਪਤੀ ਹੈ। ਇਸ ਨੂੰ ਜੀਵਨ-ਮੁਕਤੀ ਵੀ ਕਿਹਾ ਜਾਂਦਾ ਹੈ।

"ਇਕ ਵਿਅਕਤੀ ਜੀਵਨ ਮੁਕਤੀ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ?" ਅਰਜਨ ਨੇ ਪ੍ਰਸ਼ਨ ਕੀਤਾ।

ਕ੍ਰਿਸ਼ਨ ਨੇ ਉੱਤਰ ਦਿੱਤਾ ਕਿ "ਜੀਵਨ-ਮੁਕਤੀ ਪ੍ਰਾਪਤ ਕਰਨ ਦੇ ਕਈ ਵੱਖ ਵੱਖ ਮਾਰਗ ਹਨ। ਇਹ ਵੱਖ ਵੱਖ ਵਿਅਕਤੀਆਂ ਦੀ ਬਣਤਰ, ਵਿਅਕਤੀਤਵ ਤੇ ਸੁਭਾਵਾਂ ਦੇ ਅਨੁਸਾਰ ਹੁੰਦੇ ਹਨ। ਵਿਚਾਰਵਾਨ ਲੋਕਾਂ ਵਾਸਤੇ ਗਿਆਨ-ਮਾਰਗ ਦੀ ਚੋਣ ਕੀਤੀ ਜਾਂਦੀ ਹੈ ਅਤੇ ਮਿਹਨਤੀ ਲੋਕਾਂ ਵਾਸਤੇ ਕਰਮ-ਮਾਰਗ ਅਤੇ ਪ੍ਰੇਮ ਤੇ ਸ਼ਰਧਾਵਾਨਾਂ ਵਾਸਤੇ ਭਗਤੀ-ਮਾਰਗ।

"ਇਸੇ ਤਰ੍ਹਾਂ ਹੋ ਸਕਦਾ ਹੋਵੇਗਾ", ਅਰਜਨ ਨੇ ਕ੍ਰਿਸ਼ਨ ਦੀ ਗੱਲ ਟੋਕ ਕੇ ਕਿਹਾ ਕਿ "ਅਕਸਰ ਸੰਸਾਰ ਵਿਚ ਝੂਠ ਦੀ ਸੱਚ ਉਪਰ ਜਿੱਤ ਹੁੰਦੀ ਰਹਿੰਦੀ ਹੈ, ਅਕਸਰ ਭਲੇ ਲੋਕ ਨਿਤਾੜੇ ਜਾਂਦੇ ਹਨ ਤੇ ਬੁਰੇ ਲੋਕ ਲੰਮਾ, ਸਿਹਤਮੰਦ, ਖੁਸ਼ ਤੇ ਸੁਖਮਈ ਜੀਵਨ ਬਤੀਤ ਕਰਦੇ ਹਨ। ਅਗਰ ਭਲਾਈ ਵਾਸਤੇ ਕੋਈ ਇਨਾਮ ਨਹੀਂ ਤੇ ਬੁਰਾਈ ਵਾਸਤੇ ਕੋਈ ਦੰਡ ਨਹੀਂ ਤਾਂ ਕੋਈ ਭਲੇ ਬੁਰੇ ਦੇ ਚੱਕਰ ਵਿਚ ਕਿਉਂ ਪਵੇ।"

ਕ੍ਰਿਸ਼ਨ ਨੇ ਜਵਾਬ ਦਿੱਤਾ ਕਿ "ਜਦੋਂ ਚੰਗਿਆਈਆਂ ਥੱਲੇ ਡਿੱਗਦੀਆਂ ਹਨ ਤੇ ਬੁਰਾਈਆਂ ਉਪਰ ਚੜ੍ਹਦੀਆਂ ਹਨ ਤਾਂ ਮੇਰਾ ਮੁੜ-ਜਨਮ ਹੁੰਦਾ ਹੈ। ਮੈਂ ਚੰਗਿਆਈਆਂ ਦੀ ਰੱਖਿਆ ਕਰਨ, ਬੁਰਾਈਆਂ ਨੂੰ ਮਾਰਨ ਤੇ ਧਰਮ ਨੂੰ ਸਥਾਪਤ ਕਰਨ ਵਾਸਤੇ ਅਵਤਾਰ ਧਾਰਨ ਕਰਦਾ ਹਾਂ। ਇਸ ਕਾਰਨ ਮੈਂ ਇਸ ਸੰਸਾਰ ਵਿਚ ਵਾਰ ਵਾਰ ਜਨਮ

ਲੈਂਦਾ ਹਾਂ। ਇਸ ਸੰਬੰਧ ਵਿਚ ਅਧਿਕ ਚਿੰਤਾ ਨਾ ਕਰ, ਸੱਤ ਨੇ ਝੂਠ ਉਪਰ ਆਖਰ ਜਿੱਤ ਪ੍ਰਾਪਤ ਕਰਨੀ ਹੀ ਹੁੰਦੀ ਹੈ (*ਸੱਤਿਅਮੇਵ ਜਏਤੇ*)। ਮੈਂ ਭਗਵਾਨ ਹਾਂ ਗਲਤੀਆਂ ਨੂੰ ਸਹੀ ਕਰਨ ਵਾਲਾ ਤੇ ਸਦੀਵੀ ਨਿਯਮਾਂ, ਭਾਵ ਕਿ 'ਧਰਮ' ਨੂੰ ਲਾਗੂ ਕਰਵਾਉਂਦਾ ਹਾਂ। ਸਭ ਤੋਂ ਮੁੱਖ ਗੱਲ ਜੋ ਮੈਂ ਸਾਰੀ ਮਾਨਵ ਜਾਤੀ ਨੂੰ ਕਹਿੰਦਾ ਹਾਂ ਕਿ ਉਹ ਸਭ ਆਪਣੇ ਕਰਤੱਵਾਂ ਦਾ ਪਾਲਣ ਤਿਆਗ ਦੀ ਭਾਵਨਾ ਨਾਲ ਕਰਨ।

"ਤਿਆਗ? " ਅਰਜਨ ਨੇ ਜਾਨਣਾ ਚਾਹਿਆ, "ਕੀ ਇਸ ਦੇ ਅਰਥ ਇਹ ਹਨ ਕਿ ਸੰਸਾਰ ਵਿਚ ਜੋ ਕੁਝ ਵੀ ਸਾਡਾ ਆਪਣਾ ਹੈ, ਸਭ ਨੂੰ ਛੱਡ ਦੇਈਏ? "

"ਨਹੀਂ, ਇਸ ਦਾ ਅਰਥ ਇਹ ਨਹੀਂ ਹੈ" ਕ੍ਰਿਸ਼ਨ ਨੇ ਜਵਾਬ ਦਿੱਤਾ, "ਇਸ ਦਾ ਅਰਥ ਹੈ ਕਿ ਦਿੱਤੇ ਗਏ ਕੰਮਾਂ ਨੂੰ ਬਿਨਾਂ ਕਿਸੇ ਲਾਲਚ ਦੇ ਪੂਰਾ ਕਰਨਾ ਅਤੇ ਆਪਣੇ ਕਰਤੱਵਾਂ ਨੂੰ ਤਿਆਗ ਦੀ ਭਾਵਨਾ ਨਾਲ ਨਿਭਾਉਣਾ। ਇਹ ਸਭ ਕੁਝ ਕੇਵਲ 'ਯੋਗ' ਦੇ ਅਭਿਆਸ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸ ਤੋਂ ਬਾਅਦ ਕ੍ਰਿਸ਼ਨ ਨੇ ਯੋਗ ਦੀਆਂ ਤਕਨੀਕਾਂ ਸਮਝਾਉਣੀਆਂ ਆਰੰਭ ਕੀਤੀਆਂ। ਸਾਰੇ ਦੁਨਿਆਵੀ ਪ੍ਰਭਾਵਾਂ ਨੂੰ ਬੰਦ ਕਰ ਦਿਓ। ਆਪਣੀਆਂ ਅੱਖਾਂ ਪਿਛਲੀ ਅੰਦਰੂਨੀ ਜੋਤ ਵੱਲ ਧਿਆਨ ਦਿਓ। ਆਪਣੇ ਸਵਾਸਾਂ ਉਪਰ ਕਾਬੂ ਪਾਓ ਤੇ ਮਨ ਨੂੰ ਸਾਰੀਆਂ ਭਟਕਣਾਂ, ਉਮੰਗਾਂ, ਉਤਸੁਕਤਾਵਾਂ ਤੇ ਪਸੰਦੀਆਂ ਤੋਂ ਮੁਕਤ ਰੱਖੋ। ਸਾਧਨਾ ਦੀ ਇਸ ਮੁਢਲੀ ਅਵਸਥਾ ਵਿਚ ਤੁਸੀਂ ਅਨੁਭਵ ਕਰੋਗੇ ਕਿ ਸਭ ਬੁਰਾਈਆਂ ਦੀ ਜੜ੍ਹ ਤੁਹਾਡਾ ਅਹੰਕਾਰ ਹੈ, ਤੁਹਾਡੀ 'ਮੈਂ' ਹੈ। ਪਰ ਇਕ ਚੰਗੀ 'ਆਪਾ-ਪ੍ਰਸ਼ੰਸਾ' (ego) ਤੁਹਾਡੀ ਸਾਧਨਾ ਦਾ ਸਰੋਤ ਵੀ ਬਣ ਸਕਦੀ ਹੈ। ਇਕ ਵਿਅਕਤੀ ਨੂੰ ਆਪਣੇ ਆਪ ਉਪਰ ਵਿਜੈ ਪ੍ਰਾਪਤ ਕਰਨੀ ਹੋਵੇਗੀ। ਉਸ ਨੂੰ ਆਪਣੇ ਆਪ ਵਿਚ ਕਹਿਣਾ ਚਾਹੀਦਾ ਹੈ ਕਿ "ਕੇਵਲ ਮੈਂ ਹੀ ਆਪਣੇ ਨਿੱਜਤਵ ਦਾ ਸਵਾਮੀ ਹਾਂ ਤੇ ਨਿੱਜਤਵ ਹੀ ਮੁਕਤੀ ਤੇ ਨਿਰਮਾਣ ਦਾ ਸਰੋਤ ਹੁੰਦਾ ਹੈ (*ਅੱਤਾ ਹੀ ਅੱਤਾਨੋ ਨਾਥੋ, ਅੱਤਾ ਹੀ ਅੱਤਾਨੋ ਗਾਤੀਹ*)।

ਕ੍ਰਿਸ਼ਨ ਨੇ ਅੱਗੋਂ ਜੋਗ ਦੀ ਅਧਿਆਤਮਕ ਸ਼ਕਤੀ ਬਾਰੇ ਹੋਰ ਵਿਸਥਾਰ ਨਾਲ ਸਮਝਾਉਣਾ ਆਰੰਭ ਕੀਤਾ। ਉਸ ਦਾ ਕਹਿਣਾ ਸੀ ਕਿ ਇਸ ਵਾਸਤੇ ਇਕ ਵੱਡੀ ਸਰੀਰਕ ਸ਼ਕਤੀ ਤੇ ਕੱਦ ਕਾਠ ਦੀ ਜ਼ਰੂਰਤ ਨਹੀਂ ਹੈ। ਯੋਗ ਉਹਨਾਂ ਵਾਸਤੇ ਨਹੀਂ ਜੋ ਬਹੁਤ ਜ਼ਿਆਦਾ ਖਾਂਦੇ ਹਨ ਜਾਂ ਬਹੁਤ ਘੱਟ ਖਾਂਦੇ ਹਨ, ਜੋ ਬਹੁਤ ਜ਼ਿਆਦਾ ਸੌਂਦੇ ਹਨ ਜਾਂ ਬਹੁਤ ਘੱਟ ਸੌਂਦੇ ਹਨ। ਵਿਅਕਤੀ ਨੂੰ ਸਾਧਾਰਣ ਤੇ ਸੰਤੁਲਤ ਜੀਵਨ ਅਪਣਾਉਣਾ ਚਾਹੀਦਾ ਹੈ। ਇਕ ਸ਼ਾਂਤ ਸਥਾਨ ਲੱਭ ਕੇ ਹਿਰਨ ਦੀ ਖੱਲ ਉਪਰ ਚੌਂਕੜੀ ਮਾਰ ਕੇ ਬੈਠੋ ਤੇ ਮਨ ਨੂੰ ਇਕਾਗਰ ਕਰੋ। ਜਿਹੜਾ ਇਸ ਤਰ੍ਹਾਂ ਦੀ ਸਥਿਤੀ ਬਣਾ ਲਵੇ ਉਹ ਇਕ ਦੀਪਕ ਦੀ ਤਰ੍ਹਾਂ ਹੁੰਦੀ ਹੈ ਜੋ ਰੁਕੀ ਹੋਈ ਹਵਾ ਵਿਚ ਬਿਨਾਂ ਕਿਸੇ ਹਿਲਜੁਲ ਜਗ ਰਿਹਾ ਹੋਵੇ। ਇਸ ਵਿਵਸਥਾ ਵਿਚ ਹੀ ਜੋਗੀ ਆਪਣੇ ਨਿੱਜਤਵ, ਭਾਵ ਭਗਵਾਨ, ਨਾਲ ਇਕਸਾਰ ਹੁੰਦਾ ਹੈ। ਇਸ ਦੇ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ ਕਿ ਪ੍ਰਮਾਤਮਾ ਸਰਬ ਵਿਆਪਕ ਹੈ ਤੇ ਸਾਡੇ ਸਾਰਿਆਂ ਦੇ ਹਿਰਦਿਆਂ ਵਿਚ ਵਿਦਮਾਨ ਹੈ।

"ਮੈਂ ਹੀ ਸੰਸਕਾਰ ਹਾਂ ਤੇ ਅਰਪਤ ਹਾਂ ਪਵਿਤਰ ਸ਼ਲੋਕਾਂ ਨਾਲ" ਕ੍ਰਿਸ਼ਨ ਨੇ ਕਿਹਾ, "ਮੈਂ ਸਾਰੇ ਸਿਰਜਣਹਾਰਾਂ ਦੇ ਹਿਰਦਿਆਂ ਵਿਚ ਬੈਠਾ ਹਾਂ। ਮੈਂ ਹੀ ਆਰੰਭ, ਮੈਂ ਹੀ ਮੱਧ ਤੇ ਮੈਂ ਹੀ ਅੰਤ ਹਾਂ। ਦੇਵਤਿਆਂ ਵਿਚੋਂ ਮੈਂ ਵਿਸ਼ਨੂ ਹਾਂ, ਪ੍ਰਕਾਸ਼ ਦਾ ਵਿਸ਼ਨੂ, ਮੈਂ ਸੂਰਜ ਹਾਂ।"

"ਮੈਂ ਭਗਵਾਨ ਹਾਂ ਤੇ ਹਰ ਪ੍ਰਕਾਰ ਦੀ ਅਰਾਧਨਾ ਨੂੰ ਸਵੀਕਾਰ ਕਰਦਾ ਹਾਂ। ਕੋਈ ਸ਼ਰਧਾਲੂ ਕਿਸੇ ਵੀ ਤਰੀਕੇ ਨਾਲ ਮੇਰੀ ਅਰਾਧਨਾ ਕਰੇ ਮੈਂ ਉਸ ਨੂੰ ਨਿਰਾਸ਼ ਨਹੀਂ ਕਰਦਾ। ਉਹ ਜੋ ਵੀ ਕੁਝ ਭੇਟ ਕਰੇ, ਇਕ ਪੱਤਾ, ਇਕ ਫੁੱਲ, ਇਕ ਫਲ ਜਾਂ ਪਾਣੀ, ਮੈਂ ਪਿਆਰ ਨਾਲ ਭੇਟ ਕੀਤੀ ਹਰ ਵਸਤੂ ਨੂੰ ਆਪਣੇ ਹਿਰਦੇ ਨਾਲ ਗ੍ਰਹਿਣ ਕਰਦਾ ਹਾਂ।"

ਜੋ ਲੋਕ ਅਧਿਆਤਮਕ ਜੋਗਾ ਦਾ ਕਠਿਨ ਅਭਿਆਸ ਨਹੀਂ ਕਰ ਸਕਦੇ, ਉਹਨਾਂ ਵਾਸਤੇ ਕ੍ਰਿਸ਼ਨ ਨੇ 'ਭਗਤੀ' ਦਾ ਰਸਤਾ ਗ੍ਰਹਿਣ ਕਰਨ ਦਾ ਸੁਝਾਵ ਦਿੱਤਾ ਜਿਸ ਨੂੰ ਉਸ ਨੇ ਸਮਰਪਤ ਸ਼ਰਧਾ ਦਾ ਨਾਮ ਦਿੱਤਾ। ਇਹਨਾਂ ਲੰਮੇ ਵਿਖਿਆਨਾਂ ਤੋਂ ਬਾਅਦ ਅਰਜਨ ਨੇ ਸਵੀਕਾਰ ਕੀਤਾ ਕਿ ਉਸ ਦੇ ਭਰਮ ਦੂਰ ਹੋ ਗਏ ਹਨ। ਅਤੇ ਉਹ ਆਪਣੀ ਸੈਨਾ ਦੀ ਜਿੱਤ ਵੱਲ ਅਗਵਾਈ ਕਰਨ ਵਾਸਤੇ ਚੱਲ ਪਿਆ।

ਲੇਖਣੀ ਦੀ ਮਹਾਨਤਾ ਦੇ ਨਾਲ ਹੀ ਇਸ ਵਿਸ਼ੇ ਦੇ ਵਿਦਿਆਰਥੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਗੀਤਾ ਵਿਚ ਵਿਸ਼ਨੂ ਪਰਮ ਭਗਵਾਨ ਦੇ ਰੂਪ ਵਿਚ ਪ੍ਰਗਟ ਹੋਇਆ ਹੈ ਜੋ ਇਸ ਸੰਸਾਰ ਨੂੰ ਬਣਾਉਣ ਤੇ ਚਲਾਉਣ ਵਾਲਾ ਹੈ। ਕ੍ਰਿਸ਼ਨ ਕਿਉਂਕਿ ਆਦੀਵਾਸੀ ਜਾਂ ਦਰਾਵੜੀ ਦੇਵ ਮੰਨਿਆ ਗਿਆ, ਉਸ ਦੀਆਂ ਤਸਵੀਰਾਂ ਵਿਚ ਹਮੇਸ਼ਾਂ ਕਾਲਾ ਰੰਗ ਵਿਖਾਇਆ ਜਾਂਦਾ ਹੈ। ਉਸ ਨੂੰ ਆਮ ਤੌਰ 'ਤੇ ਨਟਖਟ, ਰਸੀਆ ਤੇ ਚਰਵਾਹਾ ਵਿਖਾਇਆ ਜਾਂਦਾ ਹੈ ਤੇ ਉਸ ਨੂੰ ਵਿਸ਼ਨੂ ਦਾ ਅਵਤਾਰ ਮੰਨਿਆ ਜਾਂਦਾ ਹੈ।

ਪ੍ਰਮਾਤਮਾ ਦਾ ਦੂਤ ਜਾਂ ਅਵਤਾਰ ਹੋਣਾ ਹਿੰਦੂ ਪਰਿਵਾਰ ਦੇ ਸਾਰੇ ਧਰਮਾਂ, ਬੋਧੀ, ਜੈਨ ਤੇ ਸਿੱਖ ਧਰਮ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ।

ਮੋਕਸ਼ ਜਾਂ ਮੁਕਤੀ ਦੇ ਤਿੰਨ ਮਾਰਗ ਦੱਸੇ ਗਏ ਹਨ। ਹਿੰਦੂ ਧਰਮ ਦੇ ਇਹ ਤਿੰਨ ਪੱਖ, ਗਿਆਨ, ਕਰਮ ਤੇ ਸ਼ਰਧਾ ਲਗਾਤਾਰ ਇਸ ਸਿਸਟਮ ਵਿਚ ਘੁੰਮਦੇ ਹਨ।

ਆਤਮਾ ਦੇ ਅਮਰ ਹੋਣ ਦੀ ਧਾਰਨਾ ਇਸ ਗਿਆਨ ਦਾ ਕੇਂਦਰ ਬਿੰਦੂ ਹੈ। ਕਰਮ ਵਿਚ ਵਿਸ਼ਵਾਸ ਦਾ ਭਾਵ ਵੱਖ ਵੱਖ ਰੂਪਾਂ ਵਿਚ ਜਨਮ ਤੇ ਪੁਨਰ ਜਨਮ ਦੀ ਪ੍ਰੀਵਿਰਤੀ ਹੈ। ਇਹਨਾਂ ਜਨਮਾਂ ਦੇ ਰੂਪ ਦਾ ਆਧਾਰ ਵਿਅਕਤੀ ਦੇ ਉਹ ਕਰਮ ਬਣਦੇ ਹਨ ਜਿਹੜੇ ਉਸ ਨੇ ਮਾਨਵ ਦੇ ਰੂਪ ਵਿਚ ਨਿਭਾਏ ਹੁੰਦੇ ਹਨ। ਇਹ ਹਿੰਦੂ ਵਿਚਾਰਧਾਰਾ ਦਾ ਮੂਲ ਹੈ। ਇਸ ਨੂੰ 'ਸਮਸਾਰਾ' ਵੀ ਕਿਹਾ ਜਾਂਦਾ ਹੈ, ਭਾਵ ਜਨਮ-ਮੌਤ-ਪੁਨਰਜਨਮ ਦਾ ਚੱਕਰ।

ਭਗਵਤ ਗੀਤਾ ਬਿਨਾ ਕਿਸੇ ਪੁਰਸਕਾਰ ਜਾਂ ਲਾਲਚ ਦੇ ਕਰਤੱਵ ਪਾਲਣ ਦੀ ਕਿਰਿਆ ਉਪਰ ਜ਼ੋਰ ਦੇਂਦੀ ਹੈ। 'ਨਿਸ਼ਕਾਮ ਕਰਮ' ਇਸ ਦੇ ਸੰਦੇਸ਼ ਦਾ ਮੂਲ ਪਾਠ ਹੈ। ਸ੍ਰੀ ਰਾਮਾਕ੍ਰਿਸ਼ਨਾ, ਜੋ ਉਨੀਵੀਂ ਸਦੀ ਦੇ ਬੰਗਾਲੀ ਵਿਦਵਾਨ ਹੋਏ ਹਨ, ਕਹਿੰਦੇ ਹੁੰਦੇ ਸਨ ਕਿ ਤਿਆਗ ਹੀ ਗੀਤਾ ਦਾ ਕੇਂਦਰ ਦਰਸ਼ਨ ਹੈ। ਉਸ ਦੀ ਉਦਾਹਰਣ ਦੇਂਦੇ ਸਨ ਕਿ ਜੇ ਤੁਸੀਂ ਲਗਾਤਾਰ 'ਗੀਤਾ. . . ਗੀਤਾ' ਉਚਾਰਦੇ ਜਾਓ ਤਾਂ 'ਤਾਗੀ. . . ਤਾਗੀ' ਦੀ ਆਵਾਜ਼ ਨਿਕਲਣੀ ਆਰੰਭ ਹੋ ਜਾਂਦੀ ਹੈ ਜਿਸ ਦਾ ਅਰਥ ਤਿਆਗ ਹੁੰਦਾ ਹੈ।

ਅੰਤ ਵਿਚ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਸਦਾਚਾਰ ਵਿਚ ਆਪਣੀ ਉੱਚਮਤਾ ਤੇ ਸੁਚਮਤਾ ਦੇ ਬਾਵਜੂਦ ਗੀਤਾ ਜਾਤ ਪਾਤ ਨੂੰ ਪ੍ਰਵਾਨ ਕਰਦੀ ਹੈ। ਬ੍ਰਾਹਮਣਾਂ ਨੂੰ ਸ਼ਿਰੋਮਣੀ, ਸੱਚੇ, ਸ਼ੁੱਧ ਤੇ ਅਨੁਸ਼ਾਸਤ ਮੰਨਿਆ ਗਿਆ ਹੈ, ਖੱਤਰੀ ਬਹਾਦਰ ਤੇ ਯੋਧੇ, ਵੈਸ਼ ਸੱਚੇ ਤੇ ਵਿਹਾਰ ਵਿਚ ਇਮਾਨਦਾਰ, ਸ਼ੂਦਰ ਸਖ਼ਤ ਮਿਹਨਤ ਕਰਨ ਵਾਲੇ ਪਰ ਅਛੂਤ ਜੋ ਮਨੁੱਖੀ ਸਮਾਜ ਦੇ ਪਿਛਵਾੜੇ ਵਿਚ ਰਹਿਣਗੇ।

ਚੈਪਟਰ 4

ਹਿੰਦੂਵਾਦ - 3

ਅਸੀਂ ਪਹਿਲਾਂ ਇਕ ਸਰਸਰੀ ਗੱਲ ਕਰ ਚੁਕੇ ਹਾਂ ਕਿ ਕਰੂਕਸ਼ੇਤਰ ਵਿਚ ਕ੍ਰਿਸ਼ਨ ਦੇ ਵਿਖਿਆਨਾਂ ਤੋਂ ਬਿਨਾਂ ਵੀ 'ਮਹਾਂਭਾਰਤ' ਵਿਚ ਬਹੁਤ ਸਾਰੀਆਂ ਦਾਰਸ਼ਨਿਕ ਲਿਖਤਾਂ ਹਨ। 'ਸ਼ਰੂਤੀਪਰਵ' ਵਿਚ ਵੇਦਾਂ, ਉਪਨਿਸ਼ਦਾਂ ਤੇ ਗੀਤਾ ਦੇ ਵਚਨਾਂ, ਇਹਨਾਂ ਵਿਚ ਪੇਸ਼ ਕੀਤੀਆਂ ਦ੍ਰਿਸ਼ਟਾਂਤ ਰੂਪ ਦੀ ਕਥਾਵਾਂ ਅਤੇ ਸਿੱਖਿਆਵਾਂ ਦਾ ਨਿਚੋੜ ਹੈ ਜਿਸ ਨੂੰ ਆਮ ਲੋਕਾਂ ਦੀ ਭਾਸ਼ਾ ਵਿਚ ਸਮਝਾਇਆ ਗਿਆ ਹੈ, ਜਿਸ ਨੂੰ ਉਹ ਸਮਝ ਸਕਦੇ ਹੋਣ। ਰਾਮਾਇਣ ਜੋ ਕਿ ਰਾਮ ਦੀ ਕਥਾ ਹੈ ਵਿਚ ਇਸੇ ਤਰ੍ਹਾਂ ਦਾ ਉਦੇਸ਼ ਝਲਕਦਾ ਹੈ।

'ਰਾਮਾਇਣ' ਕਾਫ਼ੀ ਬਾਅਦ ਵਿਚ ਜਾ ਕੇ ਲਿਖੀ ਗਈ ਸੀ ਤੇ ਇਹ ਆਕਾਰ ਵਿਚ ਮਹਾਂਭਾਰਤ ਨਾਲੋਂ ਇਕ ਚੌਥਾਈ ਛੋਟੀ ਹੈ। ਇਸ ਮਹਾਂਕਾਵਿ ਦੇ ਕਈ ਸਾਰੇ ਰੂਪ ਹਨ ਪਰ ਸਭ ਤੋਂ ਪੁਰਾਣਾ ਤੇ ਅਸਲੀ ਰੂਪ ਸੰਤ ਬਾਲਮੀਕ ਦਾ ਲਿਖਿਆ ਮੰਨਿਆ ਜਾਂਦਾ ਹੈ ਜੋ ਜਾਤੀ ਵਿਭਾਜਨ ਅਨੁਸਾਰ ਅਛੂਤ ਸੀ।

ਸੰਖੇਪ ਵਿਚ ਇਹ ਕਥਾ ਇਸ ਤਰ੍ਹਾਂ ਹੈ:

ਬਹੁਤ ਪਹਿਲਾਂ ਦੀ ਗੱਲ ਹੈ ਕਿ ਅਯੁੱਧਿਆ ਵਿਚ ਦਸਰਥ ਨਾਂ ਦਾ ਰਾਜਾ ਰਾਜ ਕਰਦਾ ਹੁੰਦਾ ਸੀ। ਉਸ ਦੀਆਂ ਤਿੰਨ ਰਾਣੀਆਂ ਸਨ ਜਿਹਨਾਂ ਰਾਹੀਂ ਰਾਮ, ਭਰਤ, ਲਸ਼ਮਣ ਤੇ ਸ਼ੱਤਰੂਘਣ, ਚਾਰ ਪੁੱਤਰ ਪੈਦਾ ਹੋਏ ਸਨ। ਇਹ ਸਾਰਾ ਪਰਿਵਾਰ ਸਾਰੀਆਂ ਰਾਣੀਆਂ ਸਮੇਤ ਬਹੁਤ ਖੁਸ਼ ਜੀਵਨ ਬਤੀਤ ਕਰ ਰਿਹਾ ਸੀ। ਕੇਵਲ ਇਕ ਰਾਣੀ ਕੌਸ਼ੱਲਿਆ ਖੁਸ਼ ਨਹੀਂ ਰਹਿੰਦੀ ਸੀ ਉਹ ਆਪਣੇ ਪਤੀ ਤੋਂ ਬਾਅਦ ਆਪਣੇ ਪੁੱਤਰ ਭਰਤ ਨੂੰ ਅਯੁੱਧਿਆ ਦਾ ਰਾਜਾ ਬਣਾਉਣਾ ਚਾਹੁੰਦੀ ਸੀ।

ਪੜੋਸੀ ਰਾਜ ਦਾ ਰਾਜਾ ਜਨਕ ਸੀ ਜਿਸ ਦੀ ਬਹੁਤ ਸੁੰਦਰ ਬੇਟੀ ਸੀਤਾ ਸੀ। ਜਦੋਂ ਸੀਤਾ ਦੀ ਉਮਰ ਵਿਆਹ ਦੇ ਯੋਗ ਹੋਈ ਤਾਂ ਰਾਜਾ ਜਨਕ ਨੇ ਉਸ ਦਾ ਰਿਸ਼ਤਾ ਕਰਨ ਵਾਸਤੇ ਸਾਰੇ ਮੁਲਕ ਦੇ ਸ਼ਾਹੀ ਖਾਨਦਾਨਾਂ ਦੇ ਨੌਜਵਾਨ ਬੁਲਾਏ ਤੇ ਤੀਰ ਅੰਦਾਜ਼ੀ ਦੇ ਮੁਕਾਬਲੇ ਦਾ ਸਵੰਬਰ ਰਚਿਆ। ਰਾਮ ਨੇ ਇਹ ਸਵੰਬਰ ਜਿੱਤ ਲਿਆ ਤੇ ਸੀਤਾ ਨੂੰ ਵਿਆਹ ਕੇ ਅਯੁੱਧਿਆ ਲੈ ਆਇਆ। ਸੀਤਾ ਸੁੰਦਰਤਾ ਦੇ ਨਾਲ ਹੀ ਬਹੁਤ ਸੰਸਕਾਰੀ ਤੇ ਫਰਜ਼ਾਂ ਪ੍ਰਤੀ ਨਿਸ਼ਟਾ ਵਾਲੀ ਲੜਕੀ ਸੀ। ਰਾਮ ਇਕ ਬਹਾਦਰ ਯੋਧਾ, ਸੱਚਾ ਸੁੱਚਾ, ਇਮਾਨਦਾਰ ਤੇ ਨਿਪੁੰਨ ਵਿਅਕਤੀ ਸੀ। ਕਿਸੇ ਨੂੰ ਵੀ ਸ਼ੱਕ ਨਹੀਂ ਸੀ ਕਿ ਉਹ ਇਕ ਦਿਨ ਅਯੁਧਿਆ ਦੇ ਰਾਜਾ ਤੇ ਰਾਣੀ ਬਣਨਗੇ।

ਇਸ ਸ਼ੁਭ ਸਮਾਚਾਰ ਨੂੰ ਸੁਣ ਕੇ ਰਾਣੀ ਕੱਕਈ ਬਹੁਤ ਖੁਸ਼ ਸੀ ਜੋ ਰਾਮ ਨੂੰ ਆਪਣੇ ਪੁੱਤਰ ਭਰਤ ਨਾਲੋਂ ਵੱਧ ਪਿਆਰ ਕਰਦੀ ਸੀ। ਪਰ ਉਸ ਦੀ ਇਕ ਦਾਸੀ, ਮਨਥਾਰਾ, ਨੇ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਜੇ ਰਾਮ ਨੂੰ ਰਾਜ ਗੱਦੀ ਮਿਲਦੀ

ਹੈ ਤਾਂ ਉਹ ਤੇ ਉਸ ਦਾ ਪੁਤਰ ਬਹੁਤ ਤ੍ਰਿਸਕਾਰ ਭਰਿਆ ਜੀਵਨ ਬਤੀਤ ਕਰਨਗੇ ਤੇ ਉਹਨਾਂ ਦੀ ਰਾਜ ਦਰਬਾਰ ਵਿਚ ਕੋਈ ਹਸਤੀ ਨਹੀਂ ਰਹਿ ਜਾਵੇਗੀ। ਇਸ ਨਾਲ ਕੱਕਈ ਕੁਝ ਸਾਵਧਾਨ ਹੋ ਗਈ ਤੇ ਰਾਮ ਨਾਲ ਈਰਖਾ ਵੀ ਕਰਨ ਲੱਗ ਪਈ। ਉਸ ਦੇ ਮਨ ਵਿਚ ਬਹੁਤ ਸਾਰੇ ਡਰ ਪੈਦਾ ਹੋ ਗਏ। ਜਦੋਂ ਦਸਰਥ ਉਸ ਦੇ ਕਮਰੇ ਵਿਚ ਆਇਆ ਤਾਂ ਉਹ ਗੁੱਸੇ ਵਿਚ ਘੁੱਟੀ ਵੱਟੀ ਚੁੱਪ ਕਰਕੇ ਬੈਠੀ ਸੀ। ਆਖਰ ਰਾਜਾ ਨੇ ਉਸ ਦੇ ਸਾਰੇ ਡਰ ਦੂਰ ਕਰਨ ਦਾ ਭਰੋਸਾ ਦਿੱਤਾ। ਫਿਰ ਜਿਸ ਤਰ੍ਹਾਂ ਮਨਥਰਾ ਨੇ ਸਿਖਾਇਆ ਸੀ, ਕੱਕਈ ਨੇ ਰਾਜਾ ਦਸਰਥ ਨੂੰ ਉਸ ਦਾ ਇਕ ਵਚਨ ਯਾਦ ਦਿਲਵਾਇਆ ਜੋ ਉਸ ਨੇ ਰਾਕਸ਼ਾਂ ਤੇ ਦੇਵਤਿਆਂ ਦੇ ਇਕ ਯੁੱਧ ਵਿਚ ਉਸ ਦੀ ਜਾਨ ਬਚਾਉਣ ਵੇਲੇ ਕੱਕਈ ਨੂੰ ਦਿੱਤਾ ਸੀ। ਜਦੋਂ ਉਹ ਤੀਰਾਂ ਨਾਲ ਛਲਣੀ ਹੋਇਆ ਪਿਆ ਸੀ ਤਾਂ ਕੱਕਈ ਨੇ ਉਸ ਨੂੰ ਬਚਾ ਕੇ ਦੋ ਵਰ ਮੰਗੇ ਸਨ ਜਿਹਨਾਂ ਨੂੰ ਪੂਰਾ ਕਰਨ ਦਾ ਦਸਰਥ ਨੇ ਵਚਨ ਦਿੱਤਾ ਸੀ। ਕਿਉਂਕਿ ਉਸੇ ਦਿਨ ਰਾਮ ਦਾ ਰਾਜ ਤਿਲਕ ਹੋਣਾ ਸੀ, ਦਸਰਥ ਨੇ ਰਾਣੀ ਤੋਂ ਮੰਗ ਕੀਤੀ ਕਿ ਉਹ ਵਰ ਪੂਰੇ ਕਰਵਾਉਣ ਦੀ ਗੱਲ ਇਸ ਤਿਲਕ ਦੀ ਰਸਮ ਤੋਂ ਬਾਅਦ ਹੀ ਕਰੇ। ਫਿਰ ਦਸਰਥ ਨੇ ਪੁੱਛ ਹੀ ਲਿਆ ਕਿ ਆਖਰ ਉਹ ਕਿਹੜੇ ਵਰ ਮੰਗਣਾ ਚਾਹੁੰਦੀ ਹੈ। ਰਾਣੀ ਕੱਕਈ ਨੇ ਕਿਹਾ ਕਿ ਇਕ ਤਾਂ ਉਸ ਦੇ ਪੁੱਤਰ ਭਰਤ ਨੂੰ ਅਯੁਧਿਆ ਦਾ ਰਾਜ ਦਿੱਤਾ ਜਾਵੇ ਤੇ ਦੂਸਰਾ ਰਾਮ ਚੰਦਰ ਨੂੰ 14 ਸਾਲਾਂ ਦਾ ਬਨਵਾਸ ਦਿੱਤਾ ਜਾਵੇ।

ਰਾਜਾ ਦਸਰਥ ਦਾ ਦਿਲ ਬੁਰੀ ਤਰ੍ਹਾਂ ਟੁੱਟ ਚੁਕਿਆ ਸੀ ਪਰ ਰਾਮ ਦਾ ਕਹਿਣਾ ਸੀ ਕਿ ਉਸ ਦੇ ਪਿਤਾ ਨੂੰ ਆਪਣਾ ਦਿੱਤਾ ਹੋਇਆ ਵਚਨ ਨਿਭਾਉਣਾ ਚਾਹੀਦਾ ਹੈ। ਇਸ ਤਰ੍ਹਾਂ ਰਾਮ, ਉਸ ਦੀ ਪਤਨੀ ਸੀਤਾ ਤੇ ਛੋਟਾ ਭਰਾ ਲਸ਼ਮਣ ਵੀ ਜੰਗਲਾਂ ਵੱਲ ਜਾਣ ਵਾਸਤੇ ਤਿਆਰ ਹੋ ਗਏ। ਭਰਤ ਨੇ ਆਪਣੇ ਵੱਡੇ ਭਰਾ ਦੇ ਤਖਤ 'ਤੇ ਬੈਠਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਤਖਤ ਉਪਰ ਰਾਮ ਦੀਆਂ ਖੜਾਵਾਂ ਰੱਖ ਦਿੱਤੀਆਂ ਤੇ ਉਸੇ ਨਾਮ ਉਪਰ ਰਾਜ ਦਾ ਕੰਮ ਕਾਜ ਚਲਾਉਣ ਲੱਗ ਪਿਆ।

ਰਾਮ, ਸੀਤਾ ਤੇ ਲਛਮਣ ਨੂੰ ਆਪਣੇ ਜੰਗਲ ਦੇ ਸਫ਼ਰ ਦੌਰਾਨ ਬਹੁਤ ਮੁਸੀਬਤਾਂ ਆਈਆਂ। ਇਕ ਮੌਕੇ ਲੰਕਾ ਦਾ ਰਾਜਾ ਰਾਵਣ ਜਿਸ ਨੇ ਸੀਤਾ ਦੀ ਸੁੰਦਰਤਾ ਬਾਰੇ ਸੁਣ ਰੱਖਿਆ ਸੀ, ਭਿਖਸ਼ੂ ਦੇ ਭੇਸ ਵਿਚ ਸੀਤਾ ਦੀ ਕੁਟੀਆ ਗਿਆ ਜਦੋਂ ਰਾਮ ਤੇ ਲਛਮਣ ਜੰਗਲ ਵਿਚ ਸ਼ਿਕਾਰ ਖੇਡਣ ਗਏ ਸਨ। ਉਸ ਨੇ ਸੀਤਾ ਨੂੰ ਉਠਾ ਲਿਆ ਤੇ ਆਪਣੇ ਰਾਜ ਵਿਚ ਲੈ ਆਂਦਾ। ਰਾਮ ਤੇ ਲਛਮਣ ਉਸ ਦੀ ਤਲਾਸ਼ ਵਿਚ ਨਿਕਲ ਪਏ। ਉਹਨਾਂ ਨੇ ਬਾਂਦਰਾਂ ਦੀ ਇਕ ਸੈਨਾ ਬਾਂਦਰ ਨਸਲ ਦੇ ਹੀ ਇਕ ਸੈਨਾਪਤੀ ਹਨੂੰਮਾਨ ਦੀ ਕਮਾਨ ਹੇਠ ਤਿਆਰ ਕੀਤੀ ਤੇ ਲੰਕਾ ਉਪਰ ਹਮਲਾ ਬੋਲ ਦਿੱਤਾ। ਉਹਨਾਂ ਨੇ ਰਾਵਣ ਨੂੰ, ਉਸ ਦੇ ਭਰਾ ਸਮੇਤ, ਮਾਰ ਦਿੱਤਾ, ਲੰਕਾ ਨੂੰ ਅੱਗ ਵਿਚ ਸਾੜ ਦਿੱਤਾ ਤੇ ਸੀਤਾ ਨੂੰ ਛੁਡਾ ਲਿਆ। ਬਨਵਾਸ ਦੇ ਦੌਰਾਨ ਹੀ ਸੀਤਾ ਨੇ ਰਾਮ ਨੂੰ ਦੋ ਪੁੱਤਰ, ਲਵ ਤੇ ਕੁਸ਼, ਦਿੱਤੇ।

ਜਦੋਂ ਬਨਵਾਸ ਦਾ ਸਮਾਂ ਪੂਰਾ ਹੋਇਆ ਤਾਂ ਰਾਮ ਵਾਪਸ ਅਯੁਧਿਆ ਆ ਗਿਆ। ਉਥੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਭਰਤ ਨੇ ਆਪਣੇ ਭਰਾ ਨੂੰ ਉਸ ਦੇ ਤਖ਼ਤ ਤੱਕ ਅਗਵਾਨੀ ਦਿੱਤੀ।

ਰਾਮ ਦੇ ਰਾਜ ਅਤੇ ਸੀਤਾ ਦੇ ਅਗਵਾ ਦੇ ਸਮੇਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਹਮੇਸ਼ਾਂ ਸਦਾਚਾਰੀ ਸੀਤਾ ਇਹ ਅਨੁਭਵ ਕਰਦੀ ਸੀ ਕਿ ਇਕ ਰਾਜੇ ਦੀ ਪਤਨੀ ਵਾਸਤੇ ਬਹੁਤ ਮਹੱਤਵਪੂਰਨ ਹੈ ਕਿ ਹਰ ਤਰ੍ਹਾਂ ਦੇ ਸ਼ੰਕਿਆਂ ਤੋਂ ਨਿਰਲੇਪ ਰਵ੍ਹੇ। ਉਸ ਨੇ ਧਰਤੀ ਮਾਤਾ ਨੂੰ ਪ੍ਰਾਰਥਨਾ ਕੀਤੀ ਕਿ ਉਹ ਉਸ ਨੂੰ ਆਪਣੀ ਗੋਦ ਵਿਚ ਲੈ ਲਵੇ। ਇਸ ਨਾਲ ਧਰਤੀ ਇਕ ਥਾਂ ਤੋਂ ਪਾਟ ਗਈ ਤੇ ਸੀਤਾ ਉਸ ਵਿਚ ਸਮੋ ਗਈ।

ਇਕ ਹਿੰਦੂ ਵਾਸਤੇ ਇਸ ਕਥਾ ਦਾ ਹਰ ਅੰਸ਼ ਅਰਥ ਭਰਪੂਰ ਹੈ। ਹਰ ਸਾਲ ਪਤਝੜ ਦੀ ਰੁੱਤੇ ਇਸ ਕਥਾ ਦਾ ਨਾਟਕ 'ਰਾਮ ਲੀਲਾ' ਦੇ ਨਾਮ ਹੇਠ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚ ਬਹੁਤ ਚਾਅ ਨਾਲ ਖੇਡਿਆ ਜਾਂਦਾ ਹੈ। ਇਕ ਹਿੰਦੂ ਵਾਸਤੇ ਰਾਮ ਕਿਸੇ ਇਨਸਾਨ ਵਿਚ ਪਾਈਆਂ ਜਾ ਸਕਦੀਆਂ ਸਭ ਚੰਗਿਆਈਆਂ ਦੀ ਉਦਾਹਰਣ ਹੈ। ਸੀਤਾ ਵਿਚ ਔਰਤ ਦੀਆਂ ਨੇਕੀਆਂ ਤੇ ਸੁੰਦਰਤਾ ਦੇ ਸਾਰੇ ਅੰਸ਼ ਹਨ। 'ਰਾਮ ਰਾਜ' ਹਰ ਹਿੰਦੂ ਵਾਸਤੇ ਇਕ ਆਦਰਸ਼ ਰਾਜ ਪ੍ਰਬੰਧ ਹੈ ਤੇ ਇਹੀ ਉਸ ਦੇ ਸੁਪਨਿਆਂ ਦਾ ਰਾਜ ਹੈ। ਦਰ ਅਸਲ 'ਰਾਮ' ਭਗਵਾਨ ਦਾ ਹੀ ਇਕ ਸਮ ਅਰਥੀ ਸ਼ਬਦ ਹੈ। ਉਹ ਵਿਸ਼ਨੂੰ ਦਾ ਸੱਤਵਾ ਅਵਤਾਰ ਹੈ। ਹਿੰਦੂਆਂ ਦੀਆਂ ਪ੍ਰਾਰਥਨਾਵਾਂ ਵਿਚ ਉਸ ਨੂੰ ਕ੍ਰਿਸ਼ਨ ਦੇ ਨਾਲ ਹੀ ਯਾਦ ਕੀਤਾ ਜਾਂਦਾ ਹੈ। ਕ੍ਰਿਸ਼ਨ ਚੇਤਨਾ ਨੂੰ ਸੁਰਜੀਤ ਕਰਨ ਦਾ ਉਦੇਸ਼ ਰੱਖਣ ਵਾਲੀਆਂ ਸੰਸਥਾਵਾਂ ਇਹਨਾਂ ਦੋਹਾਂ ਅਵਤਾਰਾਂ ਦਾ ਨਾਂ ਆਪਣੇ ਜਾਪ ਵਿਚ ਇਕੱਠਾ ਲੈਂਦੇ ਹਨ, ਜਿਵੇਂ ਕਿ 'ਹਰੇ ਰਾਮਾ, ਹਰੇ ਕ੍ਰਿਸ਼ਨਾ'। ਮਹਾਤਮਾ ਗਾਂਧੀ ਨੇ ਵੀ ਮਰਦੇ ਵਕਤ ਆਪਣੇ ਬੁੱਲਾਂ ਉਪਰ ਰਾਮ ਦਾ ਨਾਮ ਲਿਆਂਦਾ ਸੀ।

ਮਹਾਂਭਾਰਤ ਤੇ ਰਮਾਇਣ ਨੂੰ ਹਰ ਮਨ ਪਿਆਰਾ ਬਣਾਉਣ ਦਾ ਅਸਲੀ ਉਦੇਸ਼ ਹਿੰਦੂਵਾਦ ਨੂੰ ਵੇਦਾਂ, ਉਪਨਿਸ਼ਦਾਂ ਤੇ ਗੀਤਾ ਦੇ ਦਰਸ਼ਨ ਦੇ ਰੂਪ ਵਿਚ ਲੋਕਾਂ ਦੀ ਆਮ ਭਾਸ਼ਾ ਵਿਚ ਪੇਸ਼ ਕਰਨਾ ਹੈ। ਇਸ ਦੇ ਵਿਖਿਆਨ ਪਿੰਡਾਂ ਵਿਚ, ਘਰਾਂ ਵਿਚ ਤੇ ਖੇਤਾਂ ਵਿਚ ਆਮ ਕਿਸਾਨਾਂ ਦੀ ਸਮਝੀ ਜਾਂਦੀ ਬੋਲੀ ਵਿਚ ਕੀਤੇ ਜਾਂਦੇ ਹਨ। ਇਸ ਦੇ ਨਾਲ ਧਰਮਾਂ ਦੇ ਮਿਥਿਹਾਸਕ ਸਾਹਿਤ ਨੂੰ ਸੱਚ ਮੁੱਚ ਦੇ ਇਤਿਹਾਸ ਦੀ ਤੁਲਨਾ ਦਿੱਤੀ ਜਾਂਦੀ ਹੈ।

ਇਹਨਾਂ ਉਪਦੇਸ਼ਾਂ ਨਾਲ ਇਕ ਵਿਅਕਤੀ ਨੂੰ ਅਨੁਭਵ ਕਰਵਾਇਆ ਜਾਂਦਾ ਹੈ ਕਿ ਜ਼ਰੂਰ ਇਕ ਪ੍ਰਮਾਤਮਾ ਹੈ ਜਾਂ ਘੱਟੋ ਘੱਟ ਜ਼ਰੂਰ ਹੁੰਦਾ ਹੋਵੇਗਾ। ਉਸ ਨੂੰ ਹੋਰ ਜ਼ਿਆਦਾ ਸੰਤੁਸ਼ਟੀ ਮਿਲਦੀ ਹੈ ਜਦੋਂ ਭਗਵਾਨ ਨੂੰ ਤਿੰਨਾਂ ਰੂਪਾਂ ਵਿਚ, ਸਿਰਜਨਹਾਰ, ਪਾਲਣਹਾਰ ਤੇ ਨਾਸ਼ਕਰਤਾ (Creator, Preserver and Destroyer) ਦੀ ਭੂਮਿਕਾ ਨਾਲ ਪੇਸ਼ ਕੀਤਾ ਜਾਂਦਾ ਹੈ। ਇਕ ਭਗਵਾਨ ਦਾ ਨਾਮ ਆਪਣੇ ਮੁੱਖ ਤੋਂ ਰੱਟਾ ਲਾਉਣ ਦੀ ਤਰ੍ਹਾਂ ਜੱਪਦੇ ਰਹਿਣ ਦੇ ਬਾਵਜੂਦ ਇਕ ਵਿਅਕਤੀ ਇਹ ਮੰਨਣ ਤੋਂ ਇਨਕਾਰੀ ਨਹੀਂ ਹੁੰਦਾ ਕਿ ਭਗਵਾਨ ਤੇ ਵੱਖ ਵੱਖ ਦੇਵਤੇ ਵੱਖ ਵੱਖ ਵਕਤਾਂ ਵਿਚ ਤੇ ਵੱਖ ਵੱਖ ਜਨਮਾਂ ਵਿਚ ਇਸ ਸੰਸਾਰ ਉਪਰ ਆਉਂਦੇ ਰਹਿੰਦੇ ਹਨ। ਉਹਨਾਂ ਲੋਕਾਂ ਅੰਦਰ 'ਅਵਤਾਰ' ਦੀ ਧਾਰਨਾ ਬਹੁਤ ਡੂੰਗੀਆਂ ਜੜ੍ਹਾਂ ਰੱਖਦੀ ਹੈ ਜਿਹਨਾਂ ਦੇ ਪਵਿੱਤਰ ਪੂਜਾ ਅਸਥਾਨ ਹਮਲਾਵਰਾਂ

ਵੱਲੋਂ ਬਾਰ ਬਾਰ ਬਰਬਾਦ ਕੀਤੇ ਜਾਂਦੇ ਰਹੇ ਹਨ। ਇਕ ਕਮਜ਼ੋਰ, ਬੇ ਸਹਾਰਾ ਤੇ ਲੜਨ ਤੋਂ ਅਸਮਰੱਥ ਵਿਅਕਤੀ ਸਭ ਕੁਝ ਉਸ ਸਿਰਜਨਹਾਰ (Redeemer) ਦੇ ਭਰੋਸੇ ਸੁੱਟ ਦੇਂਦਾ ਰਿਹਾ।

ਜਾਤ ਪਾਤ ਦੀ ਪ੍ਰਣਾਲੀ ਉਪਰ ਅਜੇ ਤੱਕ ਵੀ ਗੰਭੀਰ ਸਵਾਲ ਨਹੀਂ ਉਠਾਏ ਗਏ ਹਨ। ਹਰ ਇਕ ਦੀ ਜਾਤ ਦਾ ਫੈਸਲਾ ਜਨਮ ਤੋਂ ਪਹਿਲਾਂ ਹੀ ਹੋ ਜਾਂਦਾ ਹੈ। ਅਸਲ ਵਿਚ ਇਹ ਪਿਛਲੇ ਜਨਮ ਵਿਚ ਕੀਤੇ ਚੰਗੇ ਕੰਮਾਂ ਦੇ ਇਨਾਮ ਤੇ ਮਾੜੇ ਕੰਮਾਂ ਦੀ ਸਜ਼ਾ ਦੇ ਰੂਪ ਵਿਚ ਨਿਸ਼ਚਿਤ ਸਮਝੀਆਂ ਜਾਂਦੀਆਂ ਹਨ। ਇਸ ਨੂੰ 'ਸਮਸਾਰਾ' ਦਾ ਨਿਯਮ (Cosmic law) ਵੀ ਕਿਹਾ ਗਿਆ ਹੈ ਕਿ ਜਿਹੋ ਜਿਹੇ ਕਰਮ ਕੋਈ ਕਮਾਵੇਗਾ ਉਹੋ ਜਿਹਾ ਹੀ ਫਲ ਪ੍ਰਾਪਤ ਕਰੇਗਾ। ਬਹੁਤ ਹੀ ਚੰਗੇ ਕਰਮਾਂ ਨਾਲ ਜਨਮਾਂ ਤੋਂ ਛੁਟਕਾਰੇ ਦੇ ਰੂਪ ਵਿਚ 'ਮੋਕਸ਼' (salvation) ਪ੍ਰਾਪਤ ਹੁੰਦਾ ਹੈ। ਇਹ ਸਿਰਫ ਮਾਨਵ ਵਰਗ ਹੀ ਹੈ ਜੋ ਆਪਣੇ ਵਾਸਤੇ ਚੰਗੇ ਕਰਮਾਂ ਦੀ ਪਾਲਣਾ ਕਰ ਸਕਦਾ ਹੈ। ਉਹ ਆਪਣੇ ਆਪ ਨੂੰ ਸੰਸਾਰ ਦੀਆਂ ਲਾਲਸਾਵਾਂ ਤੋਂ ਮੁਕਤ ਰੱਖ ਕੇ, ਆਪਣੇ ਮਨ ਉਪਰ ਕਾਬੂ ਪਾ ਕੇ 6 ਬਹੁਤ ਭੈੜੀਆਂ ਬੁਰਾਈਆਂ, ਕਾਮ (lust), ਕ੍ਰੋਧ (anger), ਹੰਕਾਰ (pride), ਨਿੰਦਾ (hatred), ਮੋਹ (attachment) ਤੇ ਮਾਇਆ (illusion) ਤੋਂ ਨਿਰਲੇਪ ਰਹਿ ਸਕਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਲੋਕ ਸੰਸਾਰਕ ਸੁਖਾਂ ਤੋਂ ਆਪਣੀ ਨਿਰਲੇਪਤਾ 'ਜਤੀ ਸਤੀ' ਦੀ ਵਿਵਸਥਾ ਤੱਕ ਅਪਣਾ ਲੈਂਦੇ ਹਨ। ਲੇਕਿਨ ਅਧਿਕ ਲੋਕ ਸੰਸਾਰ ਵਿਚ ਰਹਿੰਦੇ ਹੀ ਧਰਮ ਦੀ ਪਾਲਣਾ ਕਰਨ ਦਾ ਰਸਤਾ ਚੁਣਦੇ ਹਨ। ਇਸ ਧਾਰਮਿਕ ਮਾਨਤਾ ਨਾਲ ਹੀ 'ਗ੍ਰਹਿਸਥ ਧਰਮ' ਅਪਣਾਇਆ ਜਾਂਦਾ ਹੈ। ਧਰਮ ਵਿਚ ਵੀ ਵਿਅਕਤੀ ਨੂੰ ਚਾਰ ਵਿਵਸਥਾਵਾਂ ਦਾ ਪਾਲਣ ਕਰਨ ਵਾਸਤੇ ਆਦੇਸ਼ ਦਿੱਤਾ ਗਿਆ ਹੈ। ਉਹ ਹਨ: ਧਰਮ (law), ਅਰਥ (wealth) ਕਾਮ (desire) ਤੇ ਮੋਕਸ਼ (salvation)।

ਜਾਤ ਪ੍ਰਣਾਲੀ

ਹਿੰਦੂ ਸਮਾਜ ਵਿਚ ਜਾਤਾਂ ਦੀ ਵੰਡੀ ਭਾਵੇਂ ਕਿ ਧਾਰਮਿਕ ਗ੍ਰੰਥਾਂ ਦੀ ਲਿਖਤ ਅਨੁਸਾਰ ਹੀ ਅਪਣਾਈ ਗਈ ਹੈ ਪਰ ਇਸ ਨੂੰ ਅੱਜ ਧਾਰਮਿਕ ਘੱਟ ਤੇ ਸਮਾਜਕ ਮਸਲਾ ਅਧਿਕ ਸਮਝਿਆ ਜਾ ਰਿਹਾ ਹੈ।

ਜਾਤ ਪਾਤ ਦੀ ਸ਼ੁਰੂਆਤ ਨਸਲਾਂ ਦੀ ਤਕਸੀਮ ਤੋਂ ਵੇਖੀ ਜਾ ਰਹੀ ਹੈ। ਇਕ ਪਾਸੇ ਗੋਰੀ ਚਿੱਟੀ ਚਮੜੀ ਵਾਲੇ ਮੱਧ ਏਸ਼ੀਆਂ ਤੋਂ ਆਏ ਕੋਹ ਕਾਫ਼ ਦੇ ਨੀਲੀਆਂ ਅੱਖਾਂ ਵਾਲੇ ਲੋਕ ਤੇ ਦੂਜੇ ਪਾਸੇ ਕਾਲੀ ਚਮੜੀ ਵਾਲੇ ਦਰਾਵੜੀਅਨ। ਇਹਨਾਂ ਦੇ ਨਾਲ ਹੀ ਹੋਰ ਗੂੜੇ ਕਾਲੇ ਰੰਗ ਦੇ ਲੋਕ ਆਦੀਵਾਸੀ ਸਨ। ਜਾਤ ਵਾਸਤੇ ਸ਼ਬਦ 'ਵਰਣ' ਪ੍ਰਯੋਗ ਕੀਤਾ ਜਾਂਦਾ ਹੈ ਜਿਸ ਦੇ ਅਰਥ ਹਨ: ਰੰਗ।

ਹਰ ਸਮਾਜ ਦੇ ਆਪਣੇ ਆਪਣੇ ਜਾਤੀ ਸਿਸਟਮ ਹਨ। ਭਾਰਤ ਵਿਚ ਆਉਣ ਤੋਂ ਪਹਿਲਾਂ ਵੀ ਆਰੀਅਨ ਲੋਕਾਂ ਵਿਚ ਦੋ ਜਾਤੀਆਂ, ਖੱਤਰੀ ਤੇ ਵੈਸ਼ ਸਨ। ਖੱਤਰੀਆਂ ਨੂੰ ਨੇਬਲ ਗਿਣਿਆ ਜਾਂਦਾ ਸੀ ਤੇ ਵੈਸ਼ ਵਪਾਰੀ ਲੋਕਾਂ ਨੂੰ। ਜਦੋਂ ਉਹਨਾਂ ਨੇ 3000 ਤੋਂ

2000 ਹਜ਼ਾਰ ਸਾਲ ਈਸਾ ਤੋਂ ਪਹਿਲਾਂ ਦਰਾਵੜਾਂ ਉਪਰ ਕਬਜ਼ਾ ਕਰ ਲਿਆ ਤਾਂ ਤਿੰਨ ਜਾਤਾਂ ਬਣ ਗਈਆਂ ਤੇ ਤੀਸਰੀ ਹਾਰ ਚੁੱਕੇ ਲੋਕਾਂ ਦੀ ਸੀ। ਇਹਨਾਂ ਲੋਕਾਂ ਨੂੰ 'ਦਾਸ' ਜਾਂ ਗੁਲਾਮ ਕਿਹਾ ਗਿਆ। ਇਹ ਕਈ ਸਦੀਆਂ ਤੱਕ ਚੱਲਦਾ ਗਿਆ ਜਦੋਂ ਤੱਕ ਕਿ ਨਸਲਾਂ ਦਾ ਆਪਸ ਵਿਚ ਰਲਣਾ ਮਿਲਣਾ ਨਹੀਂ ਸ਼ੁਰੂ ਹੋ ਗਿਆ। ਇਸ ਨਾਲ ਆਪਣੇ ਆਪ ਨੂੰ ਸ਼ੁੱਧ ਆਰੀਅਨ ਸਮਝਣ ਵਾਲੇ ਲੋਕਾਂ ਨੇ ਇਕ ਖ਼ਤਰਾ ਅਨੁਭਵ ਕੀਤਾ। ਇਸ ਤਰ੍ਹਾਂ ਕਰਕੇ ਜਾਤੀਵਾਦ ਦੇ ਪਨਪਦਿਆਂ ਸਮਾਜ ਚਾਰ ਜਾਤਾਂ ਵਿਚ ਵੰਡਿਆ ਗਿਆ। ਪਹਿਲੇ ਨੰਬਰ ਉਪਰ ਬ੍ਰਾਹਮਣ ਸਨ ਜੋ ਭਗਵਾਨ ਨੂੰ ਪਹੁੰਚੇ ਸਮਝੇ ਜਾਂਦੇ ਸਨ ਅਤੇ ਇਹਨਾਂ ਵਿਚੋਂ ਹੀ ਵਿਦਵਾਨ ਤੇ ਪੁਜਾਰੀ ਬਣਦੇ ਸਨ। ਇਸ ਤੋਂ ਬਾਅਦ ਖੱਤਰੀ ਸਨ, ਯੋਧੇ ਜਿਹਨਾਂ ਦੇ ਬਹੁਤ ਸਾਰੇ ਹੱਕ ਬ੍ਰਾਹਮਣਾਂ ਵਾਲੇ ਸਨ। ਇਹਨਾਂ ਵਿਚੋਂ ਹੀ ਰਾਜੇ ਬਣਦੇ ਸਨ ਤੇ ਰਾਜਨੀਤਕ ਸ਼ਕਤੀ ਇਹਨਾਂ ਪਾਸ ਹੀ ਹੁੰਦੀ ਸੀ। ਵੈਸ਼ ਆਮ ਆਦਮੀ ਸਨ ਜਿਹੜੇ ਮੁੱਖ ਤੌਰ 'ਤੇ ਵਪਾਰ ਦਾ ਕੰਮ ਕਰਦੇ ਸਨ। ਅਖੀਰ ਵਿਚ 'ਸ਼ੂਦਰ' ਆਉਂਦੇ ਹਨ, ਇਸ ਦੇ ਸ਼ਬਦੀ ਅਰਥਾਂ ਦਾ ਪਤਾ ਨਹੀਂ ਲੱਗਾ ਪਰ ਸਮਝਿਆ ਜਾਂਦਾ ਹੈ ਕਿ ਸ਼ੂਦਰ ਆਰੀਅਨ ਤੋਂ ਪਹਿਲਾਂ ਇਥੇ ਰਹਿੰਦੇ ਲੋਕਾਂ ਵਿਚੋਂ ਸਨ। ਇਹ ਮਿਹਨਤ ਮਜਦੂਰੀ ਦਾ ਕੰਮ ਕਰਦੇ, ਖੇਤੀਂ ਹਲ ਜੋਤਦੇ ਤੇ ਪਸ਼ੂ ਪਾਲਦੇ। ਇਹਨਾਂ ਸਾਰੀਆਂ ਜਾਤਾਂ ਤੋਂ ਬਾਅਦ ਅਛੂਤ ਸਨ ਜਿਹਨਾਂ ਨੂੰ ਸਭ ਤੋਂ ਘਟੀਆ ਸਮਝਿਆ ਜਾਂਦਾ ਕੰਮ ਦਿੱਤਾ ਜਾਂਦਾ ਸੀ, ਜਿਵੇਂ ਕਿ ਮਲ ਮੂਤਰ ਚੁੱਕਣਾ, ਪਸ਼ੂਆਂ ਦੀਆਂ ਖੱਲਾਂ ਉਤਾਰਨੀਆਂ ਤੇ ਜੁੱਤੀਆਂ ਬਣਾਉਣੀਆਂ ਵਗੈਰਾ।

ਇਸ ਤਰ੍ਹਾਂ ਵੇਖਿਆ ਗਿਆ ਕਿ ਜਾਤੀ ਸਿਸਟਮ ਨਾਲ ਕੰਮਾਂ ਦੀ ਵੰਡ ਵੀ ਹੋਈ ਤੇ ਨਸਲਾਂ ਦੀ ਸ਼ੁੱਧਤਾ ਵੀ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਗਈ। ਮਹਾਂਭਾਰਤ ਵਿਚ ਇਕ ਪੈਰਾ ਹੈ ਕਿ 'ਬ੍ਰਾਹਮਣ ਗੋਰੇ ਰੰਗ ਦੇ ਹੁੰਦੇ ਹਨ, ਖੱਤਰੀ ਭੂਰੇ, ਵੈਸ਼ ਪੀਲੇ ਤੇ ਸ਼ੂਦਰ ਕਾਲੇ ਹੁੰਦੇ ਹਨ'। ਪਹਿਲੀਆਂ ਤਿੰਨ ਜਾਤਾਂ ਨੂੰ 'ਦਵਿਜਾ' ਮੰਨਿਆ ਜਾਂਦਾ ਹੈ ਭਾਵ ਕਿ ਦੋ ਵਾਰ ਪੈਦਾ ਹੋਏ ਤੇ ਕੇਵਲ ਇਹਨਾਂ ਜਾਤਾਂ ਨੂੰ ਹੀ ਪਵਿਤਰ ਧਾਗਾ, 'ਜੇਨੇਊ' ਪਹਿਨਣ ਦੀ ਆਗਿਆ ਹੈ। ਵੇਦ ਪੜਨ ਦੀ ਆਗਿਆ ਵੀ ਕੇਵਲ ਇਹਨਾਂ ਤਿੰਨਾਂ ਜਾਤਾਂ ਵਿਚ ਸੀ।

ਜਾਤ ਪ੍ਰਥਾ ਦੀਆਂ ਸ਼ੁਰੂ ਦੀਆਂ ਕਈ ਸਦੀਆਂ ਤੱਕ ਇਨਸਾਨਾਂ ਦੀਆਂ ਇਹਨਾਂ ਚਾਰਾਂ ਜਾਤਾਂ ਵਿਚ ਅਦਲੀਆਂ ਬਦਲੀਆਂ ਵੀ ਹੁੰਦੀਆਂ ਸਨ ਪਰ ਬਾਅਦ ਵਿਚ ਇਸ ਨੂੰ ਬਹੁਤ ਪੱਕਾ ਕਰ ਦਿੱਤਾ ਤੇ ਜਾਤ ਦਾ ਅਧਾਰ ਮਾਤਾ ਪਿਤਾ ਦੀ ਜਾਤ ਨਾਲ ਬੱਝ ਗਿਆ। ਜਾਤ ਪ੍ਰਥਾ ਦੇ ਸਿਸਟਮ ਨਾਲ ਜਿਹੜੇ ਦਾਰਸ਼ਨਿਕ ਦਾ ਨਾਮ ਬਹੁਤ ਜੁੜਿਆ ਹੈ ਉਹ 'ਮਨੂ' ਸੀ ਜਿਸ ਨੇ ਈਸਾ ਤੋਂ 600 ਸਾਲ ਪਹਿਲਾਂ 'ਧਰਮ ਸ਼ਾਸਤਰ' ਨਾਮ ਦੀ ਕਿਤਾਬ ਲਿਖੀ ਸੀ (*ਇਸੇ ਨੂੰ ਮਨੂ ਸਿਮਰਤੀ ਕਰਕੇ ਜਾਣਿਆ ਜਾਂਦਾ ਹੈ – ਅਨੁ:*)। ਉਹ ਆਪ ਵੀ ਬ੍ਰਾਹਮਣ ਸੀ ਤੇ ਉਸ ਨੇ ਇਸ ਜਾਤੀ ਨੂੰ ਸਭ ਤੋਂ ਸ਼੍ਰੇਸ਼ਟ ਰੱਖਿਆ। ਉਸ ਨੇ ਆਪਣੇ ਸ਼ਾਸਤਰ ਵਿਚ ਲਿਖਿਆ, "ਸੰਸਾਰ ਦੀ ਖੁਸ਼ਹਾਲੀ ਵਾਸਤੇ ਬ੍ਰਾਹਮਣ ਨੂੰ ਸਭ ਜਾਤੀਆਂ ਵਿਚੋਂ ਸ਼ਿਰੋਮਣੀ ਰੱਖਿਆ ਹੈ। ਪ੍ਰਮਾਤਮਾ ਨੇ ਉਹਨਾਂ ਨੂੰ ਆਪਣੇ ਮੁੱਖ ਵਿਚੋਂ

ਪੈਦਾ ਕੀਤਾ ਹੈ, ਖੱਤਰੀਆਂ ਨੂੰ ਬਾਹਵਾਂ ਵਿਚੋਂ, ਵੈਸ਼ਾਂ ਨੂੰ ਆਪਣੇ ਲੱਕ ਵਿਚੋਂ ਤੇ ਸ਼ੂਦਰਾਂ ਨੂੰ ਪੈਰਾਂ ਵਿਚੋਂ ਪੈਦਾ ਕੀਤਾ ਹੈ।"

ਮਨੂ ਨੇ ਬਹੁਤ ਸਾਰੇ ਵਿਸ਼ਿਆਂ ਬਾਰੇ ਬਹੁਤ ਕੁਝ ਆਖਿਆ ਹੈ। ਉਸ ਨੇ ਔਰਤ ਵਰਗ ਦੀ ਬਹੁਤ ਭੰਡੀ ਕੀਤੀ ਹੈ। ਉਸ ਨੇ ਔਰਤ ਵਾਸਤੇ ਬਹੁਤ ਸਖਤ ਨਿਯਮ ਬਣਾਏ ਤੇ ਨਿਯਮਾਂ ਦੀ ਉਲੰਘਣਾਂ ਦੀ ਸੂਰਤ ਵਿਚ ਵੱਡੀਆਂ ਸਜ਼ਾਵਾਂ ਰੱਖੀਆਂ। ਉਸ ਦੀਆਂ ਬਹੁਤ ਸਾਰੀਆਂ ਘੋਸ਼ਣਾਵਾਂ ਵਿਚੋਂ ਕੁਝ ਵਿਦਿਆਰਥੀਆਂ ਜਾਂ ਚੇਲਿਆਂ ਬਾਰੇ ਹਨ। ਉਹਨਾਂ ਵਾਸਤੇ ਕੁਆਰੇ ਰਹਿਣਾ ਜ਼ਰੂਰੀ ਹੈ। ਆਪਣਾ ਬ੍ਰਹਮਚਾਰੀ ਜੀਵਨ ਤੋੜਨਾ ਜਾਂ ਗੁਰੂ ਦੀ ਨਿੰਦਾ ਕਰਨਾ ਬਰਾਬਰ ਦੇ ਅਤਿ ਨੀਚ ਅਪਰਾਧ ਗਿਣੇ ਗਏ ਤੇ ਇਸ ਦੀ ਸਜ਼ਾ ਅਗਲੇ ਜਨਮ ਵਿਚ ਖੋਤਾ, ਕੁੱਤਾ ਜਾਂ ਕੀੜੇ ਦੀ ਜੂਨ ਵਿਚ ਪੈਣਾ ਸੀ। ਇਹਨਾਂ ਵਿਚੋਂ ਕਿਹੜੀ ਜੂਨ ਮਿਲੇਗੀ ਇਹ ਉਸ ਦੇ ਗੁਰੂ ਪ੍ਰਤੀ ਅਪਰਾਧ ਦੇ ਦਰਜੇ ਉਪਰ ਨਿਰਭਰ ਹੋਵੇਗੀ।

ਇਹ ਧਿਆਨ ਵਿਚ ਰੱਖਣ ਵਾਲੀ ਗੱਲ ਹੈ ਜਾਤੀ ਪ੍ਰਣਾਲੀ ਵਿਚ ਸਿਰਫ਼ ਚਾਰ ਜਾਤਾਂ ਦੀ ਵੰਡੀ ਹੀ ਮਹੱਤਵਪੂਰਣ ਨਹੀਂ, ਹਰ ਜਾਤ ਦੀਆਂ ਅੱਗੋਂ ਬਹੁਤ ਸਾਰੀਆਂ ਉਪ-ਜਾਤਾਂ ਰੱਖੀਆਂ ਗਈਆਂ ਜਿਹਨਾਂ ਨੂੰ 'ਗੋਤਰਾ' ਕਿਹਾ ਜਾਂਦਾ ਹੈ। ਇਹਨਾਂ ਦਾ ਵੱਡਾ ਮਹੱਤਵ ਹੈ। ਵਿਆਹ ਸੰਬੰਧ ਸਥਾਪਤ ਕਰਨ ਤੇ ਵਿਆਹਾਂ ਵਿਚ ਭੋਜਨ ਕਰਨ ਵੇਲੇ ਜਾਤੀਆਂ ਦਾ ਵੱਡਾ ਧਿਆਨ ਰੱਖਿਆ ਜਾਂਦਾ ਸੀ ਤਾਂ ਜੋ ਭੋਜਨ ਸ਼ੁੱਧ ਰਹੇ ਤੇ ਨੀਵੀਆਂ ਜਾਤੀਆਂ ਵੱਲੋਂ ਇਸ ਨੂੰ ਪਲੀਤ ਨਾ ਕੀਤਾ ਜਾਵੇ।

ਬਹੁਤ ਸਾਰੇ ਸੰਤਾਂ, ਮਹਾਂਪੁਰਸ਼ਾਂ ਵੱਲੋਂ ਇਸ ਦਾ ਭਰਪੂਰ ਖੰਡਨ ਕੀਤੇ ਜਾਣ ਦੇ ਬਾਵਜੂਦ ਭਾਰਤੀ ਸਮਾਜ ਵਿਚ ਜਾਤ ਪਾਤ ਦੀਆਂ ਡੂੰਘੀਆਂ ਜੜ੍ਹਾਂ ਹਨ। ਇਹ ਹਿੰਦੂਆਂ, ਮੁਸਮਾਨਾਂ, ਈਸਾਈਆਂ ਤੇ ਸਿੱਖਾਂ, ਸਾਰਿਆਂ ਵਿਚ ਪਾਈਆਂ ਜਾਂਦੀਆਂ ਹਨ। ਨੋਟ ਕਰਨ ਵਾਲੀ ਅਹਿਮ ਗੱਲ ਇਹ ਹੈ ਕਿ ਸਾਰੀ ਜਾਤੀ ਤਕਸੀਮ ਤੋਂ ਵੱਧ ਕੇ ਅਛੂਤਪੁਣਾ ਸਭ ਤੋਂ ਭਿਅੰਕਰ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਸਾਰੀ ਜਾਤੀ ਤਕਸੀਮ ਦੇ ਨਾਲ ਨਾਲ ਅਛੂਤਪੁਣੇ ਦੀ ਲਾਅਨਤ ਹੁਣ ਕਾਫ਼ੀ ਮੱਧਮ ਹੁੰਦੀ ਜਾ ਰਹੀ ਹੈ। ਅਛੂਤ ਮੰਨਣ ਦੀ ਧਾਰਨਾ ਨੂੰ ਕਾਨੂੰਨੀ ਜੁਰਮ ਬਣਾ ਦਿੱਤਾ ਗਿਆ ਹੈ। ਇਹਨਾਂ ਕਥਿਤ ਪਛੜੀਆਂ ਤੇ ਅਛੂਤ ਸਮਝੀਆਂ ਜਾਂਦੀਆਂ ਜਾਤੀਆਂ ਦੇ ਸੁਧਾਰ ਵਾਸਤੇ ਬਹੁਤ ਸਾਰੀਆਂ ਸਹੂਲਤਾਂ ਵੀ ਲਾਗੂ ਕੀਤੀਆਂ। ਇਹਨਾਂ ਕਾਰਣਾਂ ਕਰਕੇ ਅੱਜ ਇਹਨਾਂ ਜਾਤੀਆਂ ਦੇ ਬਹੁਤ ਸਾਰੇ ਲੋਕ ਪਾਰਲੀਮੈਂਟ ਦੇ ਮੈਂਬਰ, ਮੰਤਰੀ, ਮੁਲਕਾਂ ਦੇ ਸਫ਼ੀਰ ਤੇ ਉਚੇ ਅਹੁਦਿਆਂ ਦੇ ਅਫਸਰ ਲੱਗੇ ਮਿਲਦੇ ਹਨ।

ਆਮ ਪ੍ਰਚਲਤ ਹਿੰਦੂਵਾਦ

ਜੋ ਹਿੰਦੂਵਾਦ ਅੱਜ ਪ੍ਰਚਲਤ ਹੈ ਇਸ ਵਿਚ ਵੇਦ, ਉਪਨਿਸ਼ਦ ਜਾ ਗੀਤਾ ਦਾ ਦਰਸ਼ਨ ਬਹੁਤ ਮੁਸ਼ਕਿਲ ਨਾਲ ਹੀ ਵਿਖਾਈ ਦੇਂਦਾ ਹੈ। ਜਦੋਂ ਅਸੀਂ ਆਪਣੇ ਬੀਤੇ ਇਤਿਹਾਸ ਉਪਰ ਨਜ਼ਰ ਪਾਵਾਂਗੇ ਤਾਂ ਮੁਗਲ ਤੇ ਅੰਗਰੇਜ਼ੀ ਰਾਜ ਵਿਚ ਤਾਂ ਇਹ ਆਮ ਪੇਂਡੂ ਧਾਰਮਿਕ ਤੇ ਸਮਾਜਕ ਬਣਤਰ ਹੀ ਹਿੰਦੂਵਾਦ ਦਾ ਰੂਪ ਲੈਂਦੀ ਹੈ। ਇਸਲਾਮ ਤੇ

ਇਸਾਈਅਤ ਦੇ ਸਾਹਮਣੇ ਅਸੀਂ ਹਿੰਦੂਵਾਦ ਦੇ ਦੋ ਰੂਪ ਵੇਖਦੇ ਹਾਂ, ਇਕ ਤਾਂ ਸਹਿਣਸ਼ੀਲਤਾ ਤੇ ਸ਼ਾਂਤੀ ਦਾ ਹੈ ਜਿਸ ਵਿਚ ਸਭ ਧਰਮਾਂ ਪ੍ਰਤੀ ਸਤਿਕਾਰ ਪਾਇਆ ਜਾਂਦਾ ਹੈ ਤੇ ਦੂਸਰਾ ਹਮਲਾਵਰ ਰੁਖ ਹੈ ਜਿਸ ਵਿਚ ਭਾਰਤ ਦੇਸ਼ ਵਾਸਤੇ ਸਿਰਫ਼ ਹਿੰਦੂ ਧਰਮ ਨੂੰ ਹੀ ਮੰਨਿਆ ਜਾਂਦਾ ਹੈ ਤੇ ਬਾਕੀ ਧਰਮਾਂ ਦੀ ਹੋਂਦ ਨੂੰ ਰੱਦ ਕੀਤਾ ਜਾਂਦਾ ਹੈ। ਸਹਿਣਸ਼ੀਲਤਾ ਵਾਲਾ ਪੱਖ ਮੱਧਕਾਲੀਨ ਵਿਚ ਵੱਖ ਵੱਖ ਸੰਤਾਂ, ਚੈਤੰਨਿਆ, ਕਬੀਰ ਤੇ ਨਾਨਕ ਨੇ ਪੇਸ਼ ਕੀਤਾ ਜੋ ਬਾਅਦ ਵਿਚ ਵੀ ਬ੍ਰਾਹਮ ਸਮਾਜ, ਪ੍ਰਾਰਥਨਾ ਸਮਾਜ, ਥੀਓਸੋਫਿਸਟ ਤੇ ਰਾਮਾਕ੍ਰਿਸ਼ਨਾ ਮਿਸ਼ਨ ਦੇ ਵਿਚਾਰਾਂ ਰਾਹੀਂ ਅੱਗੇ ਚੱਲਦਾ ਹੈ। ਆਰਬਿੰਦੂ ਘੋਸ਼ ਦੀਆਂ ਸਿੱਖਿਆਵਾਂ ਤੇ ਜਵਾਹਰਲਾਲ ਜਾਂ ਉਸ ਦੀ ਬੇਟੀ ਦੇ ਸ਼ੰਕਾਵਾਦੀ ਵਿਚਾਰ ਵੀ ਇਸੇ ਲੜੀ ਦਾ ਅਗਲਾ ਦੌਰ ਹਨ। ਭਾਰਤੀ ਧਰਮ ਨਿਰਪੇਖਤਾ ਇਸ ਸਹਿਣਸ਼ੀਲਤਾ ਦੇ ਸਿਧਾਂਤ ਦੀ ਹੀ ਦੇਣ ਹੈ। ਦੂਸਰੇ ਕਿਸਮ ਦੀ ਸੋਚ ਉਹਨਾਂ ਲੜਾਕਿਆਂ ਦੇ ਗੁਣਗਾਨ ਤੋਂ ਸ਼ੁਰੂ ਹੁੰਦੀ ਹੈ ਜਿਹਨਾਂ ਨੇ ਮੁਸਲਮਾਨਾਂ ਦੇ ਖਿਲਾਫ਼ ਡਟ ਕੇ ਲੜਾਈਆਂ ਲੜੀਆਂ ਸਨ। ਇਹਨਾਂ ਵਿਚ ਪ੍ਰਿਥਵੀ ਰਾਜ ਚੌਹਾਨ, ਰਾਣਾ ਪ੍ਰਤਾਪ, ਸ਼ਿਵਾਜੀ (1627-1680) ਤੇ ਗੁਰੂ ਗੋਬਿੰਦ ਸਿੰਘ (1666-1708) ਦੇ ਨਾਮ ਅਹਿਮ ਹਨ। ਬਾਅਦ ਵਿਚ ਇਹ ਲਹਿਰ ਦਯਾਨੰਦ ਸਰਸਵਤੀ (1829-83) ਦੇ ਆਰੀਆ ਸਮਾਜ ਦੀ ਵਿਚਾਰਧਾਰਾ ਨਾਲ ਚੱਲਦੀ ਹੈ। ਇਸ ਦਾ ਵਰਤਮਾਨ ਰੂਪ ਭਾਰਤੀਆ ਜਨ ਸੰਘ ਤੇ ਉਸ ਦੇ ਮਾਰਗ ਦਰਸ਼ਕ ਆਰ ਐਸ ਐਸ ਦੀ ਫਿਲਾਸਫੀ ਵਿਚ ਪ੍ਰਗਟ ਹੁੰਦਾ ਹੈ (*ਹੁਣ ਭਾਰਤੀਆ ਜਨ ਸੰਘ ਭਾਰਤੀ ਜੰਤਾ ਪਾਰਟੀ ਵਿਚ ਤਬਦੀਲ ਹੋ ਚੁਕੀ ਹੈ, ਅਨੁ:*)। ਇਹਨਾਂ ਦੋ ਵਿਚਾਰਧਾਰਾਵਾਂ ਵਿਚਕਾਰਲਾ ਸੰਘਰਸ਼ ਓਦੋਂ ਸਿਖਰ ਤੇ ਪਹੁੰਚਿਆ ਜਦੋਂ ਨੱਥੂ ਰਾਮ ਗੌਡਸੇ ਜੋ ਆਰ ਐਸ ਐਸ ਦਾ ਕਾਰਕੁੰਨ ਸੀ ਨੇ ਮਹਾਤਮਾ ਗਾਂਧੀ ਦਾ ਕਤਲ ਕਰ ਦਿੱਤਾ ਸੀ।

ਅਸੀਂ ਇਕ ਝਾਤੀ ਉਸ ਹਿੰਦੂਵਾਦ ਉਪਰ ਫੇਰਦੇ ਹਾਂ ਜੋ ਅੱਜ ਅਮਲ ਵਿਚ ਚੱਲ ਰਿਹਾ ਹੈ।

ਹਿੰਦੂਆਂ ਦੀ ਭਾਰੀ ਬਹੁਗਿਣਤੀ ਬਹੁਤ ਸਾਰੇ ਦੇਵੀ ਦੇਵਤਿਆਂ ਨੂੰ ਮੰਨਦੀ ਹੈ ਜੋ ਇਨਸਾਨਾਂ, ਪਸ਼ੂਆਂ, ਪੰਛੀਆਂ ਤੇ ਰੁੱਖਾਂ ਦੇ ਰੂਪਾਂ ਵਿਚ ਹਨ। ਕਿਹਾ ਜਾਂਦਾ ਹੈ ਕਿ ਕੁੱਲ 33 ਕਰੋੜ ਦੇਵਤੇ ਹਨ। ਹਰ ਇਕ ਪਿੰਡ ਦਾ ਇਕ ਆਪਣਾ ਦੇਵਤਾ ਹੈ। ਤੁਸੀਂ ਵੇਖੋਗੇ ਕਿ ਬਹੁਤ ਸਾਰੇ ਪਿੰਡਾਂ ਤੇ ਕਸਬਿਆਂ ਦੇ ਬਾਹਰ ਬੋਹੜ ਜਾਂ ਪਿੱਪਲ ਦੇ ਰੁੱਖ ਦੇ ਹੇਠਾਂ ਪੱਥਰਾਂ ਦੀ ਮਮਟੀ ਬਣਾਈ ਹੋਈ ਹੈ ਤੇ ਉਸ ਉਪਰ ਸੱਪਾਂ ਤੇ ਬਾਂਦਰਾਂ ਦੇ ਚਿੱਤਰ ਵੀ ਬਣਾਏ ਹੁੰਦੇ ਹਨ। ਬਹੁਤ ਸਾਰੇ ਘਰਾਂ ਦਾ ਆਪਣਾ ਇਕ ਪਰਿਵਾਰਕ ਦੇਵਤਾ ਕਿਸੇ ਆਲੀ ਵਿਚ ਸਤਿਕਾਰ ਨਾਲ ਰੱਖਿਆ ਹੁੰਦਾ ਹੈ। ਉਹ ਇਸ ਦੇਵਤੇ ਨੂੰ ਸ਼ਲੋਕ ਪੜ੍ਹ ਕੇ ਜਾਂ ਘੰਟੀਆਂ ਵਜਾ ਕੇ ਜਗਾਉਂਦੇ ਹਨ, ਦਹੀਂ ਤੇ ਹੋਰ ਖੁਸ਼ਬੋਆਂ ਨਾਲ ਨਹਾਉਂਦੇ ਚੰਗੇ ਕੱਪੜੇ ਪਹਿਨਾਉਂਦੇ ਤੇ ਫੁੱਲਾਂ ਨਾਲ ਸਜਾਉਂਦੇ ਵੀ ਹਨ। ਉਸ ਨੂੰ ਕੁਝ ਖਾਣ ਵਾਸਤੇ ਅਨਾਜ ਤੇ ਫਲਾਂ ਦਾ ਖਾਣਾ ਤੇ ਨਾਰੀਅਲ ਜਾਂ ਮੱਝ ਗਾਂ ਦਾ ਦੁੱਧ ਦਾ ਭੋਗ ਵੀ ਲਗਵਾਉਂਦੇ ਹਨ। ਸੂਰਜ ਡੁੱਬਣ ਤੋਂ ਬਾਅਦ ਉਹ ਉਥੇ ਦੀਵੇ ਜਗਾਉਂਦੇ, ਧੂਪ ਬੱਤੀ

ਕਰਦੇ, ਸੰਖ ਪੂਰਦੇ ਤੇ ਕੁਝ ਘੰਟੀਆਂ ਵਜਾ ਕੇ ਅਰਾਮ ਕਰਨ ਵਾਸਤੇ ਛੱਡ ਦੇਂਦੇ।

ਤ੍ਰਿਮੂਰਤੀ ਭਾਵ ਕਿ ਤਿੰਨ ਪੱਖਾਂ ਵਾਲੇ ਭਗਵਾਨ ਵਿਚੋਂ ਸਿਰਜਨਹਾਰ ਬ੍ਰਹਮਾਂ ਦਾ ਹੁਣ ਘੱਟ ਹੀ ਧਿਆਨ ਕੀਤਾ ਜਾਂਦਾ ਹੈ। ਲੇਕਨ ਪਾਲਣਹਾਰ ਤੇ ਰੱਖਿਅਕ ਵਿਸ਼ਨੂੰ ਦੀ ਚੜ੍ਹਤ ਹੈ। ਉਸ ਦੇ ਦੋ ਅਵਤਾਰ, ਰਾਮ ਆਪਣੀ ਪਤਨੀ ਸੀਤਾ ਤੇ ਉਸ ਦੀ ਸੈਨਾ ਦੇ ਬਨਮਾਨਸ ਜਰਨੈਲ ਹਨੂੰਮਾਨ ਨਾਲ ਅਤੇ ਕ੍ਰਿਸ਼ਨ ਆਪਣੀ ਪ੍ਰੇਮਿਕਾ (ਪਤਨੀ ਨਹੀਂ) ਰਾਧਾ ਨਾਲ ਮੰਨੇ ਤੇ ਪੂਜੇ ਜਾਂਦੇ ਹਨ। ਵਿਸ਼ਨੂੰ ਦੇ ਦਸ ਅਵਤਾਰ ਹੋਏ ਹਨ। ਆਖਰੀ 'ਕਾਲਕੀ' ਹੈ ਜਿਸ ਨੇ ਅਜੇ ਆਪਣੀ ਹੋਂਦ ਪ੍ਰਗਟਾਉਣੀ ਹੈ।

ਸ਼ਿਵਾ ਜੋ ਨਾਸ਼ਹਾਰੀ ਹੈ ਦੀ ਲੋਕਪ੍ਰਿਅਤਾ ਵਿਸ਼ਨੂੰ ਦੇ ਬਰਾਬਰ ਦੀ ਹੈ। ਉਹ ਨਾ ਸਿਰਫ਼ ਨਾਸ਼ਹਾਰੀ ਹੈ ਤਿਆਗੀਆਂ ਤੇ ਜਤੀਆਂ ਸਤੀਆਂ ਦਾ ਮਹਾਰਾਜਾ ਹੈ। ਉਹ ਨਾਚ ਗਾਣੇ ਤੇ ਜਾਦੂ ਤੰਤਰਾਂ ਦਾ ਵੀ ਮੁਖੀਆ ਹੈ। ਮਾਨਵ ਰੂਪ ਵਿਚ ਉਸ ਦੀ ਪਹਿਚਾਣ ਜੂੜੇ ਵਿਚ ਦੂਜ-ਤੀਜ ਦਾ ਚੰਦ ਤੇ ਜੜ੍ਹਾਵਾਂ ਵਿਚੋਂ ਵਹਿੰਦੀ ਗੰਗਾ ਦੀ ਧਾਰਾ ਹੈ। ਉਹ ਗਰਦਨ ਦੁਆਲੇ ਫਨੀਅਰ ਨਾਗ ਪਹਿਨਦਾ ਹੈ। ਉਸ ਦੀ ਪ੍ਰਤੀਨਿਧਤਾ ਉਸ ਦੇ ਲਿੰਗ ਤੇ ਤ੍ਰਿਸ਼ੂਲ ਨਾਲ ਵੀ ਹੁੰਦੀ ਹੈ। ਉਸ ਦੀਆਂ ਸਾਥਣਾਂ, ਪਾਰਵਤੀ, ਦੁਰਗਾ, ਨੈਨਾ, ਭਵਾਨੀ, ਜਗਦਅੰਬਾ ਤੇ ਕਾਲੀ ਦੀ ਮਾਨਤਾ ਸ਼ਿਵ ਦੇ ਬਰਾਬਰ ਦੀ ਹੈ। ਉਹਨਾਂ ਨੂੰ ਦੇਵੀ ਮਾਤਾਵਾਂ ਮੰਨਿਆ ਜਾਂਦਾ ਹੈ, ਨਾਸ਼ਹਾਰੀ ਤੇ ਪੁਨਰ-ਸਿਰਜਨ ਦੀਆਂ ਦੇਵੀਆਂ। ਸ਼ਿਵ ਦਾ ਪੁੱਤਰ, ਹਾਥੀ ਦੇ ਸਿਰ ਵਾਲਾ ਗਨੇਸ਼, ਸ਼ੁਭ-ਆਰੰਭ-ਕਾਰਿਆਂ ਤੇ ਵਿਦਵਤਾ ਦਾ ਦੇਵਤਾ ਮੰਨਿਆਂ ਜਾਂਦਾ ਹੈ। ਬਹੁਤ ਸਾਰੇ ਹਿੰਦੂ ਘਰ ਇਸ ਦੀ ਮੂਰਤੀ ਨਾਲ ਸਜਾਏ ਹੁੰਦੇ ਹਨ। ਬਹੁਤ ਸਾਰੀਆਂ ਹਿੰਦੂ ਰਸਮਾਂ ਦੀ ਸ਼ੁਰੂਆਤ ਇਸ ਦੀ ਉਸਤਤ ਨਾਲ ਹੁੰਦੀ ਹੈ, 'ਸ਼੍ਰੀ ਗਨੇਸ਼ ਨਮਾਂਹ'।

ਤੀਰਥ ਯਾਤਰਾ ਤੇ ਪਵਿੱਤਰ ਨਦੀਆਂ ਵਿਚ ਇਸ਼ਨਾਨ ਇਕ ਸ਼ਰਧਾਵਾਨ ਹਿੰਦੂ ਵਾਸਤੇ ਬਹੁਤ ਜ਼ਰੂਰੀ ਕਰਮ ਕਾਂਡ ਹੈ। ਗੰਗਾ ਦੇ ਕਿਨਾਰੇ ਪਵਿੱਤਰ ਸ਼ਹਿਰ ਰਿਸ਼ੀਕੇਸ਼, ਹਰਦੁਆਰ, ਬਨਾਰਸ ਤੇ ਪ੍ਰਯਾਗ ਹੈ ਜਿਥੇ ਹੋਰ ਦੋ ਪਵਿੱਤਰ ਨਦੀਆਂ ਸਰਸਵਤੀ ਤੇ ਯਮੁਨਾ ਵੀ ਆਣ ਮਿਲਦੀਆਂ ਹਨ। ਪ੍ਰਯਾਗ ਦਾ ਵਰਤਮਾਨ ਨਾਮ ਅਲਾਹਬਾਦ ਹੈ। ਇਥੇ ਨਦੀਆਂ ਦੇ ਸੰਗਮ ਦੇ ਥਾਂ ਉਪਰ ਕੁੰਭ ਮੇਲਾ ਲੱਗਦਾ ਹੈ ਜੋ ਬਾਰਾਂ ਸਾਲ ਬਾਅਦ ਭਰਦਾ ਹੈ। ਉਸ ਵਕਤ ਕਰੀਬ 20 ਲੱਖ ਲੋਕ ਪਵਿੱਤਰ ਜਲ ਵਿਚ ਇਸ਼ਨਾਨ ਕਰਦੇ ਹਨ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਪਵਿੱਤਰ ਨਦੀਆਂ ਹਨ ਜਿਵੇਂ ਕਿ ਨਰਮਦਾ ਤੇ ਗੋਦਾਵਰੀ ਜਿਹਨਾਂ ਦੇ ਆਪਣੇ ਪਵਿੱਤਰ ਸ਼ਹਿਰ ਹਨ ਤੇ ਆਪਣੇ ਹੀ ਵੱਖਰੇ ਕਿਸਮ ਦੇ ਮੇਲੇ। ਇਹਨਾਂ ਵਿਚ ਇਸ਼ਨਾਨ ਕਰਨ ਦੇ ਵੀ ਵੱਖਰੇ ਵੱਖਰੇ ਦਿਨ ਨਿਸ਼ਚਿਤ ਕੀਤੇ ਹਨ ਜਿਹਨਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ।

ਭਾਰਤ ਤੀਰਥ ਅਸਥਾਨਾਂ (places of piligrimage) ਨਾਲ ਭਰਿਆ ਪਿਆ ਹੈ। ਉੱਤਰ ਵਿਚ ਇਹ ਕੁਰੂਕਸ਼ੇਤਰ, ਮਥੁਰਾ, ਬ੍ਰਿੰਦਾਬਨ, ਹਰਦੁਆਰ, ਬਨਾਰਸ ਤੇ ਜਗਨਨਾਥ ਪੁਰੀ ਹਨ। ਕੇਂਦਰੀ ਭਾਰਤ ਵਿਚ ਪੰਡਾਰਪੁਰ ਤੇ ਨਾਸਿਕ ਅਤੇ ਦੱਖਣ ਵਿਚ ਮਦੁਰਾਈ, ਤਰਿਪਤੀ, ਤਰੀਵੈਂਡਰਮ ਤੇ ਹੋਰ ਕਈ ਤੀਰਥ ਅਸਥਾਨ ਹਨ।

ਹਿੰਦੂ ਤਿਓਹਾਰ ਇਤਨੇ ਹਨ ਕਿ ਉਹਨਾਂ ਦੀ ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਇਕ ਹਰਮਨ ਪਿਆਰੀ ਹਿੰਦੀ ਅਖਾਉਤ ਹੈ, "ਸੱਤ ਵਾਰ ਤੇ ਅੱਠ ਤਿਓਹਾਰ" ਭਾਵ ਕਿ ਹਫ਼ਤੇ ਦੇ ਸੱਤ ਦਿਨ ਹੁੰਦੇ ਪਰ ਧਾਰਮਿਕ ਤਿਓਹਾਰ ਅੱਠ ਹੁੰਦੇ ਹਨ। ਸਭ ਤੋਂ ਵੱਧ ਮਹੱਤਵਪੂਰਣ ਤਿਓਹਾਰਾਂ ਵਿਚ ਇਕ ਹੈ ਦੁਸਹਿਰਾ ਜੋ ਰਾਮ ਦੇ ਬਨਵਾਸ ਤੋਂ ਵਾਪਸੀ ਦਾ ਤਿਓਹਾਰ ਹੈ ਪਰ ਬੰਗਾਲ ਵਿਚ ਇਸ ਨੂੰ ਦੇਵੀਮਾਤਾ ਕਾਲੀ ਦਾ ਦਿਵਸ ਮਨਾਇਆ ਜਾਂਦਾ ਹੈ। ਦੂਸਰਾ ਦਿਵਾਲੀ ਹੈ ਜਿਸ ਦਿਨ ਦੀਪਕ ਜਲਾਏ ਜਾਂਦੇ ਹਨ। ਸਰਦੀਆਂ ਦੇ ਅੰਤ ਦਾ ਤਿਓਹਾਰ ਹੋਲੀ ਹੈ ਜਿਸ ਵਿਚ ਇਕ ਦੂਜੇ ਉਪਰ ਰੰਗ ਸੁੱਟੇ ਜਾਂਦੇ ਹਨ। ਕ੍ਰਿਸ਼ਨ ਦੇ ਜਨਮ ਦਿਨ ਦਾ ਤਿਓਹਾਰ ਜਨਮ ਅਸ਼ਟਮੀ ਹੈ। ਮਹਾਰਾਸ਼ਟਰ ਦਾ ਤਿਓਹਾਰ ਗਨਪਤੀ ਹੈ ਤੇ ਸ਼ਿਵ ਦੀ ਰਾਤਰੀ ਦਾ ਤਿਓਹਾਰ ਸ਼ਿਵਰਾਤਰੀ ਹੁੰਦਾ ਹੈ। ਦੱਖਣ ਦਾ ਮੁੱਖ ਹਿੰਦੂ ਤਿਓਹਾਰ 'ਓਨਮ' ਹੈ।

ਹੁਣ ਦੇ ਦੌਰ ਵਿਚ ਬ੍ਰਾਹਮਣਾਂ ਪ੍ਰਤੀ ਸਤਿਕਾਰ ਘਟਦਾ ਜਾ ਰਿਹਾ ਹੈ। ਉਹਨਾਂ ਦਾ ਦਰਜਾ ਇਕ ਪੁਜਾਰੀ ਜਾਂ ਰਸੋਈਏ ਦਾ ਬਣਦਾ ਜਾ ਰਿਹਾ ਹੈ। ਫਿਰ ਵੀ ਓਹਨਾਂ ਵਿਚੋਂ ਕਈਆਂ ਨੇ ਆਪਣੇ ਆਪ ਨੂੰ ਸਵਾਮੀ, ਯੋਗੀ, ਸਾਧੂ ਤੇ ਗੁਰੂ ਦੇ ਰੂਪ ਵਿਚ ਸਥਾਪਤ ਕੀਤਾ ਹੈ ਤੇ ਉਹਨਾਂ ਦੇ ਭਗਤ ਵੀ ਜ਼ਿਆਦਾਤਰ ਬ੍ਰਾਹਮਣ ਹੀ ਹੁੰਦੇ ਹਨ। ਗੁਰੂ ਤੇ ਸ਼ਿਸ਼ ਦਾ ਪਹਿਲੇ ਵਾਲਾ ਸਵਰੂਪ ਨਹੀਂ ਰਿਹਾ ਫਿਰ ਵੀ ਇਹਨਾਂ ਕਈ ਆਪੇ ਬਣੇ ਗੁਰੂਆਂ ਦੇ ਵੱਡੇ ਆਸ਼ਰਮ ਤੇ ਮੱਠ ਹਨ ਜਿਥੇ ਇਹਨਾਂ ਦੇ ਚੇਲਿਆਂ ਤੇ ਸ਼ਰਧਾਲੂਆਂ ਦਾ ਇਕ ਕੇਂਦਰ ਹੁੰਦਾ ਹੈ। ਇਹ ਗੁਰੂ ਹਵਾਈ ਜਹਾਜ਼ਾਂ ਵਿਚ ਘੁੰਮਦੇ ਹਨ ਤੇ ਜਗ੍ਹਾ ਜਗ੍ਹਾ ਕਈ ਸਤਿਸੰਗਾਂ ਵਿਚ ਲਾਊਡਸਪੀਕਰਾਂ ਰਾਹੀਂ ਵਿਖਿਆਨ ਕਰਦੇ ਹਨ। ਇਹਨਾਂ ਦੇ ਡੇਰੇ ਯੂਰਪ ਤੇ ਅਮਰੀਕਾ ਵਿਚ ਵੀ ਬਣਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਹਨਾਂ ਤੋਂ ਰੂਹਾਨੀ ਅਸ਼ੀਰਵਾਦ ਪ੍ਰਾਪਤ ਕਰਨ ਆਉਂਦੇ ਹਨ।

ਰਾਸ਼ੀਫਲ ਤੇ ਜੋਤਿਸ਼ ਹਿੰਦੂ ਮਨਾਂ ਵਿਚ ਪਹਿਲਾਂ ਦੀ ਤਰ੍ਹਾਂ ਹੀ ਅੱਜ ਤੱਕ ਘਰ ਜਮਾਈ ਬੈਠੇ ਹਨ। ਪੱਛਮੀ ਸਿੱਖਿਆ, ਵਿਗਿਆਨ ਤੇ ਅਧੁਨਿਕਤਾ ਨੇ ਵੀ ਹਿੰਦੂ ਦਿਲ ਦਿਮਾਗ ਵਿਚੋਂ ਗ੍ਰਹਿਾਂ ਦੇ ਚੱਕਰ ਤੇ ਹੱਥਾਂ ਦੀ ਲਕੀਰਾਂ ਵਿਚੋਂ ਮਿਲਣ ਵਾਲੀਆਂ ਗੱਲਾਂ ਨਹੀਂ ਨਿਕਲੀਆਂ। ਵਿਆਹ ਸ਼ਾਦੀਆਂ ਨਿਰਧਾਰਤ ਕਰਨ ਵਾਸਤੇ ਜਨਮ ਪੱਤਰੀਆਂ ਦਾ ਮਿਲਣਾ ਜ਼ਰੂਰੀ ਸਮਝਿਆ ਜਾਂਦਾ ਹੈ। ਕੋਈ ਮਹੱਤਵਪੂਰਣ ਕੰਮ ਕਰਨ ਤੋਂ ਪਹਿਲਾਂ ਚੰਗਾ ਮਹੂਰਤ, ਭਾਵ ਕੋਈ ਖਾਸ ਦਿਨ ਤੇ ਵਕਤ, ਕੱਢਣ ਦੀ ਜ਼ਰੂਰਤ ਹੁੰਦੀ ਹੈ। ਇਥੋਂ ਤੱਕ ਸੁਣਿਆ ਹੋਇਆ ਹੈ ਕਿ ਕਮਿਊਨਿਸਟ ਪਾਰਟੀ ਦੇ ਕਾਰਡ ਹੋਲਡਰ ਮੈਂਬਰ ਵੀ ਚੁਨਾਵ ਦਾ ਪਰਚਾ ਦਾਖਲ ਕਰਨ ਵਾਸਤੇ ਸ਼ੁਭ ਮਹੂਰਤ ਦੀ ਭਾਲ ਕਰਦੇ ਹਨ। ਧਾਗੇ ਤਵੀਤ ਤੇ ਚੰਗੀ ਕਿਸਮਤ ਵਾਲੇ ਨਗ-ਜੜੀਆਂ ਮੁੰਦਰੀਆਂ ਪਹਿਨਣ ਦਾ ਆਮ ਹੀ ਰਿਵਾਜ ਹੈ। ਹੁਣੇ ਜਿਹੇ 1963 ਵਿਚ ਜਦੋਂ ਅੱਠ ਗ੍ਰਹਿ ਬਹੁਤ ਭਿਅੰਕਰ ਤੇ ਨਾਸ਼ਕਾਰੀ ਵਿਵਸਥਾ ਵਿਚ ਆ ਗਏ ਸਨ ਤਾਂ ਬਹੁਤ ਜਗ੍ਹਾ ਹਿੰਦੂਆਂ ਨੇ ਆਪਣੇ ਦੇਵਤਿਆਂ ਨੂੰ ਖੁਸ਼ ਕਰਨ ਵਾਸਤੇ ਦੇਸੀ ਘਿਓ ਦੇ ਕਈ ਟਨ ਅਗਨੀ ਦੀ ਭੇਂਟ ਕਰ ਦਿੱਤੇ ਸਨ। ਉੱਚੀਆਂ ਪਦਵੀਆਂ ਦੇ ਲੋਕ, ਮੰਤਰੀ, ਮਿਲਟਰੀ ਜਰਨੈਲ, ਸੈਕਰੇਟਰੀ ਤੇ ਵਿਭਾਗਾਂ ਦੇ ਮੁਖੀ ਲਗਾਤਾਰ ਜੋਤਸ਼ੀਆਂ ਦੀ ਸਲਾਹ ਲੈਂਦੇ ਰਹਿੰਦੇ ਹਨ।

ਆਪਣੇ ਜੀਵਨ ਕਾਲ ਵਿਚ ਇਕ ਹਿੰਦੂ ਮਨੁਖ ਕਈ ਸਾਰੀਆਂ ਧਾਰਮਿਕ ਪਰੰਪਰਾਵਾਂ ਵਿਚੋਂ ਗੁਜ਼ਰਦਾ ਹੈ। ਸਭ ਤੋਂ ਪਹਿਲਾਂ ਤਾਂ ਉਸ ਦਾ ਨਾਮਕਰਨ ਸੰਸਕਰਨ ਵੀ ਧਾਰਮਿਕ ਰਸਮ ਰਾਹੀਂ ਹੁੰਦਾ ਹੈ, ਫਿਰ ਮੁੰਡਨ ਦੀ ਵੀ ਲੰਬੀ ਧਾਰਮਿਕ ਪ੍ਰਕਿਰਿਆ ਹੁੰਦੀ ਹੈ। ਇਸ ਰਸਮ ਵਿਚ ਸਿਰ ਦੇ ਸਾਰੇ ਵਾਲ ਜੜ੍ਹ ਦੇ ਲਾਗੋਂ ਰਗੜ ਕੇ ਮੁੰਨੇ ਜਾਂਦੇ ਹਨ ਤੇ ਸਿਰਫ਼ ਇਕ ਬੋਦੀ ਰੱਖੀ ਜਾਂਦੀ ਹੈ ਜਿਸ ਨੂੰ ਚੋਟੀ ਵੀ ਆਖਿਆ ਜਾਂਦਾ ਹੈ। ਅਗਰ ਬੱਚਾ ਉਪਰਲੀਆਂ ਤਿੰਨ ਜਾਤਾਂ ਨਾਲ ਸੰਬੰਧ ਰੱਖਦਾ ਹੈ ਤਾਂ ਉਸ ਦੇ ਗਲ ਵਿਚ ਵੱਖੀ ਪਰਨੇ ਧਾਗਿਆਂ ਦੀ ਇਕ ਲੜੀ ਦੇ ਰੂਪ ਵਿਚ 'ਜੇਨੇਊ' ਪਹਿਨਾਇਆ ਜਾਂਦਾ ਹੈ। ਜਦੋਂ ਉਹ ਸੋਲਾਂ ਤੋਂ ਵੀਹ ਸਾਲਾਂ ਦੀ ਵਿਚਕਾਰ ਦੀ ਉਮਰ ਦਾ ਹੋ ਜਾਵੇ ਤਾਂ ਉਸ ਦਾ ਵਿਆਹ ਹੁੰਦਾ ਹੈ। ਵਿਆਹ ਦੀਆਂ ਧਾਰਮਿਕ ਰਸਮਾਂ ਬਹੁਤ ਲੰਮੀਆਂ ਤੇ ਗੁੰਝਲਦਾਰ ਹੁੰਦੀਆਂ ਹਨ ਪਰ ਸਭ ਤੋਂ ਮਹੱਤਵਪੂਰਣ ਹੁੰਦੀ ਹੈ ਅਗਨੀ ਦੇ ਗਿਰਦ ਸੱਤ ਫੇਰਿਆਂ ਦੀ। ਇਹਨਾਂ ਫੇਰਿਆਂ ਵਿਚ ਉਸ ਦੀ ਪਤਨੀ ਉਸ ਦੇ ਪਿੱਛੇ ਪਿੱਛੇ ਚੱਲਦੀ ਹੈ। ਜਦੋਂ ਉਹ ਮਰਦਾ ਹੈ ਤਾਂ ਉਸ ਦੀ ਰਾਖ ਨੂੰ ਪਵਿੱਤਰ ਨਦੀ, ਵਿਸ਼ੇਸ਼ ਕਰਕੇ ਗੰਗਾ ਵਿਚ ਬਹਾਇਆ ਜਾਂਦਾ ਹੈ। ਉਸ ਦੇ ਨਜ਼ਦੀਕੀ ਪੁੱਤਰ ਭਤੀਜੇ ਆਪਣਾ ਸਿਰ ਮੁੰਡਵਾਉਂਦੇ ਹਨ ਤੇ ਵਿਧਵਾ ਸਭ ਤਰ੍ਹਾਂ ਦੇ ਜੇਵਰਾਤ ਉਤਾਰ ਦੇਂਦੀ ਹੈ। ਉਹ ਸਿਰ ਵਿਚ ਸੰਧੂਰ ਲਗਾਉਣਾ ਬੰਦ ਕਰ ਦੇਂਦੀ ਹੈ। ਇਸ ਤੋਂ ਬਾਅਦ ਹਰ ਸਾਲ ਉਸ ਦੇ ਪਰਿਵਾਰ ਵਾਲੇ ਸ਼ਰਾਧ ਦੀ ਰਸਮ ਅਦਾ ਕਰਦੇ ਹਨ ਜਿਸ ਵਿਚ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਜਾਂਦਾ ਹੈ ਤੇ ਉਹਨਾਂ ਕੋਲੋਂ ਵਿਛੜੀ ਆਤਮਾ ਵਾਸਤੇ ਅਰਦਾਸ ਕਰਵਾਈ ਜਾਂਦੀ ਹੈ।

ਚੈਪਟਰ 5

ਜੈਨ ਮੱਤ ਤੇ ਬੁੱਧ ਮੱਤ

ਭਾਰਤ ਵਿਚ ਜੈਨੀਆਂ ਤੇ ਬੋਧੀਆਂ ਦੀ ਗਿਣਤੀ ਜ਼ਿਆਦਾ ਨਹੀਂ। ਜੋ ਥੋੜੇ ਜਿਹੇ ਹਨ, ਉਹਨਾਂ ਨੂੰ ਹਿੰਦੂ ਹੀ ਸਮਝਿਆ ਜਾਂਦਾ ਹੈ। ਇਹਨਾਂ ਦਾ ਇਤਿਹਾਸਕ ਮਹੱਤਵ ਇਹ ਹੈ ਕਿ ਇਹ ਬ੍ਰਾਹਮਣੀ ਹਿੰਦੂਵਾਦ ਤੇ ਬ੍ਰਾਹਮਣੀ ਵਿਚਾਰਧਾਰਾ ਦੇ ਵਿਰੋਧ ਵਿਚੋਂ ਪੈਦਾ ਹੋਏ। ਇਹ ਬ੍ਰਾਹਮਣੀ ਵਿਚਾਰਧਾਰਾ ਹੀ ਅੱਗੇ ਜਾ ਕੇ ਹਿੰਦੂ ਵਿਚਾਰਧਾਰਾ ਬਣ ਗਈ।

ਜੈਨ ਮੱਤ

'ਜੈਨ' ਸ਼ਬਦ 'ਜੀਨਾ' ਤੋਂ ਪੈਦਾ ਹੋਇਆ ਹੈ ਜਿਸਦੇ ਅਰਥ ਹਨ ਵਿਜਈ ਜਾਂ ਜੇਤੂ ਭਾਵ ਕਿ ਜਿਸ ਨੇ ਆਪਣੇ ਆਪ ਉਪਰ ਵਿਜੈ ਪ੍ਰਾਪਤ ਕਰ ਲਈ ਹੈ। ਜੈਨੀਆਂ ਦਾ ਵਿਸ਼ਵਾਸ ਹੈ ਕਿ ਉਹਨਾਂ ਦਾ ਧਾਰਮਿਕ ਸਿਸਟਮ 24 ਤੀਰਥਾਂਕਰਾਂ (ਭਾਵ ਕਿ ਘਾਟ ਜਾਂ ਪੱਤਣ ਲੱਭ ਕੇ ਨਦੀ ਪਾਰ ਕਰਨ ਦਾ ਪ੍ਰਬੰਧ ਤਿਆਰ ਕਰਨ ਵਾਲੇ) ਦਾ ਬਣਾਇਆ ਹੋਇਆ ਹੈ। ਇਹਨਾਂ ਵਿਚੋਂ ਤਿੰਨਾਂ, ਰਿਸ਼ੱਬਾ, ਅਜੀਤਨਾਥ ਤੇ ਅਰਿਸਤਾਨੇਮੀ ਨੇ ਆਪਣੇ ਧਾਰਮਿਕ ਦਰਸ਼ਨ ਨੂੰ ਨਿਯਮਬੰਧ ਕੀਤਾ। ਜੈਨ ਮੱਤ ਦੀਆਂ ਅਧਿਕਤਰ ਕਥਾਵਾਂ ਮਿਥਿਹਾਸਕ ਹਨ। ਲੇਕਿਨ ਸਾਡੇ ਕੋਲ ਭਰੋਸੇ ਯੋਗ ਇਤਿਹਾਸਕ ਸਬੂਤ ਹਨ ਕਿ ਪਾਰਸਵਨਾਥ (872–772 ਈਸਾ ਪੂਰਵ) ਨਾਂ ਦਾ 23ਵਾਂ ਤੇ ਮਹਾਂਵੀਰ (599–527 ਈਸਾ ਪੂਰਵ) ਨਾਂ ਦਾ 24ਵਾਂ ਤੀਰਥਾਂਕਰ ਜ਼ਰੂਰ ਹੋਏ ਹਨ। ਅਜਿਹਾ ਯਕੀਨ ਕਰਨ ਦੇ ਵੀ ਭਰੋਸੇਯੋਗ ਕਾਰਨ ਕਿ ਜੈਨ ਮੱਤ ਦਾ ਉਦੇ ਬ੍ਰਾਹਮਣੀ ਹਿੰਦੂਵਾਦ ਦੇ ਵਿਰੋਧ ਵਿਚੋਂ ਹੋਇਆ। ਜੈਨ ਮੱਤ ਨੇ ਹੋਰਨਾਂ ਧਰਮਾਂ ਤੋਂ ਵੀ ਪ੍ਰੇਰਨਾ ਲਈ ਜਿਵੇਂ ਕਿ ਜ਼ਰਤੂਸਤ ਮੱਤ (Zoroastrianism) ਜੋ ਉਸ ਵੇਲੇ ਇਰਾਨ (Persia) ਵਿਚ ਪ੍ਰਚਲਤ ਸੀ (*ਇਸ ਦਾ ਸੰਬੰਧ ਈਰਾਨ ਦੇ ਜ਼ਰਤੂਸਤ ਨਾਮ ਦੇ ਅਵਤਾਰ ਨਾਲ ਹੈ ਜਿਸ ਨੇ ਪ੍ਰਕਾਸ਼ ਤੇ ਹਨੇਰੇ ਦੇ ਦੇਵਤਿਆਂ ਦੇ ਵਾਰਤਾਲਾਪ ਉਪਰ ਅਧਾਰਤ ਧਰਮ ਦੀ ਨੀਂਹ ਰੱਖੀ ਸੀ – ਅਨੁ:*)। ਇਥੋਂ ਹੀ ਵੇਖਦੇ ਹਾਂ ਕਿ ਜੈਨ ਮੱਤ ਦੇ ਸ਼ੁਰੂ ਦੇ ਸਾਲਾਂ ਵਿਚ ਇਕ ਨਸਲ ਤੋਂ ਦੂਜੀ ਨਸਲ ਤੱਕ ਚੰਗਿਆਈ ਤੇ ਬੁਰਾਈ ਦੇ ਵਿਚਕਾਰ ਸੰਘਰਸ਼ ਨੂੰ ਚਾਨਣ ਤੇ ਹਨੇਰੇ ਦੀਆਂ ਸ਼ਕਤੀਆਂ ਵਿਚਕਾਰ ਯੁੱਧ ਨਾਲ ਜੋੜਿਆ ਜਾਂਦਾ ਰਿਹਾ। ਜ਼ਰਤੂਸਤ ਮੱਤ ਵਿਚ ਵੀ 'ਅਹੁਰਾ ਮਜ਼ਦਾ' ਤੇ 'ਆਂਗਰਾ ਮੈਨਿਯੂ' ਵਿਚਕਾਰ ਸੰਘਰਸ਼ ਨੂੰ ਕੇਂਦਰੀ ਬਿੰਦੂ ਬਣਾਇਆ ਗਿਆ ਹੈ। ਜ਼ਰਤੂਸਤ ਮੱਤ ਦਾ ਧਾਰਮਿਕ ਚਿੰਨ ਜਿਸ ਵਿਚ ਸ਼ੈਤਾਨ ਦੇ ਕੰਧੇ ਉਪਰ ਕੁੰਡਲੀ ਮਾਰ ਕੇ ਬੈਠਾ ਸੱਪ ਵਿਖਾਇਆ ਗਿਆ, ਇਕ ਹੱਦ ਤੱਕ ਜੈਨ ਧਰਮ ਨੇ ਵੀ ਅਪਣਾਇਆ।

ਇਸ ਦੇ ਬਾਵਜੂਦ ਅਧਿਕਤਰ ਜੈਨ ਵਿਦਵਾਨ ਆਪਣੇ ਧਰਮ ਦੀ ਉਤਪਤੀ

ਵੇਦਾਂ ਦੀ ਵਿਚਾਰਧਾਰਾ ਨਾਲ ਜੋੜਦੇ ਹਨ ਤੇ ਉਹ ਮਹਾਂਵੀਰ ਨੂੰ ਹੀ ਜੈਨ ਧਰਮ ਦਾ ਬਾਨੀ ਮੰਨਦੇ ਹਨ।

ਵਰਧਮਾਨ ਮਹਾਂਵੀਰ (ਸ਼ਾਬਦਿਕ ਅਰਥ ਉੱਚ ਕੋਟੀ ਦਾ ਵੱਡਾ ਸੂਰਮਾ) ਦਾ ਜਨਮ 599 ਈਸਾ ਪੂਰਵ ਵਿਚ ਪਟਨਾ ਦੇ ਉਪਰ ਵੱਲ ਦੇ ਇਕ ਕਸਬੇ 'ਕੁੰਦਾਗਰਾਮ' ਵਿਚ ਹੋਇਆ ਸੀ। ਉਹ ਇਕ ਅਮੀਰ ਆਦਮੀ ਦਾ ਵੱਡੇ ਤੋਂ ਛੋਟਾ ਪੁੱਤਰ ਸੀ ਤੇ ਬਹੁਤ ਲਾਡ ਪਾਲ ਤੇ ਸੁੱਖ ਆਰਾਮ ਵਿਚ ਪਲਿਆ ਸੀ। ਜੈਨੀ ਇਹਨਾਂ ਸਾਰਿਆਂ ਸੁੱਖਾਂ ਦਾ ਵਰਨਣ ਕਰਨਾ ਬਹੁਤ ਪਸੰਦ ਕਰਦੇ ਹਨ। ਉਹਨਾਂ ਅਨੁਸਾਰ ਬੱਚੇ ਮਹਾਂਵੀਰ ਦੀ ਦੇਖ ਭਾਲ ਪੰਜ ਨਰਸਾਂ ਕਰਦੀਆਂ ਸਨ ਤੇ ਉਸ ਨੂੰ ਜੀਵਨ ਦੀਆਂ ਹਰ ਖੁਸ਼ੀਆਂ ਦਿੱਤੀਆਂ ਜਾਂਦੀਆਂ ਸਨ। ਜਦੋਂ ਉਹ ਆਪਣੀ ਉਮਰ ਵਿਚ ਆਇਆ ਤਾਂ ਉਸ ਦਾ ਵਿਆਹ ਕਰ ਦਿੱਤਾ ਤੇ ਉਸ ਦੀ ਪਤਨੀ ਨੇ ਇਕ ਬੇਟੀ ਨੂੰ ਜਨਮ ਦਿੱਤਾ। ਪ੍ਰੰਤੂ ਨਾ ਉਸ ਦੀ ਪਤਨੀ, ਨਾ ਉਸ ਦਾ ਬੱਚਾ ਤੇ ਨਾ ਹੀ ਅਮੀਰੀ ਦੇ ਸਾਧਨ ਉਸ ਦਾ ਧਿਆਨ ਖਿੱਚ ਸਕੇ। ਜਦੋਂ ਉਸ ਦੇ ਮਾਤਾ ਪਿਤਾ ਪੂਰੇ ਹੋ ਗਏ (ਇਕ ਵਿਸ਼ਵਾਸ ਅਨੁਸਾਰ ਉਹਨਾਂ ਆਤਮ ਹੱਤਿਆ ਕੀਤੀ ਸੀ) ਤਾਂ ਉਹ ਆਪਣੇ ਵੱਡੇ ਭਰਾ ਦੀ ਆਗਿਆ ਲੈ ਕੇ ਜੰਗਲਾਂ ਵੱਲ ਬਨਵਾਸ ਧਾਰਨ ਕਰਨ ਚਲਾ ਗਿਆ। ਓਦੋਂ ਉਸ ਦੀ ਉਮਰ 30 ਸਾਲ ਦੀ ਸੀ। ਬਾਰਾਂ ਸਾਲ ਤੱਕ ਉਸ ਨੇ ਵਰਤ ਰੱਖੇ ਤੇ ਸਮਾਧੀ ਦੀ ਅਵਸਥਾ ਵਿਚ ਰਿਹਾ ਭਾਵ ਕਿ ਚੌਂਕੜੀ ਮਾਰ ਕੇ, ਦੋਵੇਂ ਹੱਥ ਜੋੜ ਕੇ ਤੇ ਸਿਰ ਨੀਵਾਂ ਕਰਕੇ ਪ੍ਰਾਰਥਨਾ ਦੇ ਰੂਪ ਵਿਚ ਬਣੇ ਰਹਿਣਾ। ਉਸ ਨੇ ਗਰਮੀ, ਸਰਦੀ ਦੇ ਤੇਜ਼ ਧੁੱਪ ਨੂੰ ਆਪਣੇ ਸਰੀਰ ਉਪਰ ਸਹਿਨ ਕੀਤਾ। ਇਸ ਤੱਪ ਤੇ ਸਮਾਧੀ ਦੀ ਵਿਵਸਥਾ ਵਿਚ ਉਹ 'ਕੇਰਵਾ' ਭਾਵ ਪੂਰਣ ਰੂਪ ਵਿਚ ਸਰਬ ਗਿਆਨ (total omniscience) ਨੂੰ ਪਹੁੰਚ ਗਿਆ। ਉਹ ਬਿਨਾਂ ਕਿਸੇ ਜੋੜ ਜਾਂ ਗੰਢ ਦੇ 'ਨਿਰਗ੍ਰੰਥਾ' ਵਿਅਕਤੀ ਬਣ ਗਿਆ।

ਮਹਾਂਵੀਰ ਨੇ ਕੱਪੜੇ ਪਹਿਨਣੇਂ ਛੱਡ ਦਿੱਤੇ ਤੇ ਆਪਣੇ ਜੀਵਨ ਦੇ ਅਗਲੇ 30 ਸਾਲ ਇਕ ਥਾਂ ਤੋਂ ਦੂਜੀ ਥਾਂ ਤੱਕ ਭਰਮਣ ਕਰਦਿਆਂ ਬਤੀਤ ਕੀਤੇ। ਉਹ ਕਿਸੇ ਨਾਲ ਨਾ ਬੋਲਦਾ, ਕਿਸੇ ਥਾਂ ਤੇ ਇਕ ਰਾਤ ਤੋਂ ਵੱਧ ਨਾ ਠਹਿਰਦਾ। ਹਮੇਸ਼ਾ ਕੱਚਾ ਭੋਜਨ ਖਾਂਦਾ ਤੇ ਪਾਣੀ ਨੂੰ ਪੁਣ ਕੇ ਪੀਂਦਾ। ਉਹ ਕੀੜਿਆਂ ਨੂੰ ਆਪਣੇ ਸਰੀਰ ਉਪਰੋਂ ਖਾਂਦੇ ਰਹਿਣ ਦੀ ਆਗਿਆ ਦੇਂਦਾ ਤੇ ਚੱਲਦੇ ਹੋਇਆਂ ਹੱਥ ਵਿਚ ਝਾੜੂ ਰੱਖ ਕੇ ਕੀੜੇ ਹਟਾਂਦਾ ਰਹਿੰਦਾ ਤਾਂ ਜੋ ਕੋਈ ਉਸ ਦੇ ਪੈਰ ਦੇ ਹੇਠਾਂ ਨਾ ਆ ਜਾਵੇ। ਲੋਕ ਉਸ ਦਾ ਮਜ਼ਾਕ ਉਡਾਉਂਦੇ ਰਹੇ ਪਰ ਉਹ ਕਿਸੇ ਨੂੰ ਕੁਝ ਨਾ ਕਹਿੰਦਾ। ਉਸ ਦੀ 527 ਈਸਾ ਪੂਰਵ ਵਿਚ 72 ਸਾਲ ਦੀ ਉਮਰ ਵਿਚ ਮੌਤ ਹੋ ਗਈ, ਜਿਵੇਂ ਕਿ ਜੈਨ ਵਿਦਵਾਨ ਦੱਸਦੇ ਹਨ 'ਉਸ ਨੇ ਜਨਮ, ਬੁਢਾਪਾ ਤੇ ਮੌਤ ਦੇ ਬੰਦਨਾਂ ਦੇ ਟੋਟੇ ਕਰ ਦਿੱਤੇ'।

ਮਹਾਂਵੀਰ ਨੇ ਵੀ ਆਪਣੇ ਤੋਂ ਪਹਿਲਾਂ ਹੋਏ ਜੈਨ ਰਿਸ਼ੀਆਂ ਦੀ ਤਰ੍ਹਾਂ ਵਿਸ਼ਿਆਂ ਦਾ ਵਰਗੀਕਰਨ ਕੀਤਾ ਤੇ ਉਹਨਾਂ ਦੀ ਗਿਣਤੀ ਮਿਣਤੀ ਕੀਤੀ। ਇਥੇ 9 ਕਿਸਮ ਦੇ ਬਹੁਤ ਮਹਾਨ ਤੇ ਪੁੰਨ ਵਾਲੇ ਕੰਮ ਗਿਣੇ ਗਏ, 18 ਪਾਪ ਵਾਲੇ ਕੰਮ ਨਿਰਧਾਰਤ ਕੀਤੇ ਤੇ 'ਜੀਵਾ', ਭਾਵ ਮਨੁੱਸ਼, ਨੂੰ ਦੱਸਿਆ ਕਿ ਉਹ ਆਪਣੇ ਪਾਪਾਂ ਦੀ ਸਜ਼ਾ 82 ਤਰੀਕਿਆਂ

ਨਾਲ ਪ੍ਰਾਪਤ ਕਰੇਗਾ। ਮਹਾਂਵੀਰ ਦੇ ਵਿਖਿਆਨਾਂ ਅਨੁਸਾਰ ਗਿਆਨ ਦੀਆਂ 5 ਕਿਸਮਾਂ ਹਨ। ਪਹਿਲਾ ਹੈ ਬੋਧ ਜਾਂ ਸੰਗਿਆਨਕ (ਮੱਤੀ) (cognitive) ਦੂਸਰਾ ਚਿੰਨ-ਮਾਤਰ (ਸਰੂਤੀ) (symbolic) ਤੀਸਰਾ ਅਸਧਾਰਨ ਬੁੱਧ ਜਾਂ 'ਦਿਵ ਦ੍ਰਿਸ਼ਟੀ' (ਅਰੂਧੀ) (clairvoyant), ਚੌਥਾ 'ਦੂਰ-ਸੰਵੇਦਨ' (ਮਾਨਹਾਪਰਾਇਆ) (telepathic) ਤੇ ਪੰਜਵਾਂ ਨਿਪੁੰਨ (ਕੇਵਾਲਾ) (perfect) (*ਇਥੇ ਬ੍ਰੈਕਟਾਂ ਵਿਚ ਦਿੱਤੇ ਗੁਰਮੁਖੀ ਅੱਖਰਾਂ ਦੇ ਸ਼ਬਦ ਉਸ ਵੇਲੇ ਦੀ ਸੰਸਕ੍ਰਿਤ ਦੇ ਮੂਲ ਸ਼ਬਦ ਹਨ ਜੋ ਮਹਾਂਵੀਰ ਨੇ ਪ੍ਰਯੋਗ ਕੀਤੇ ਤੇ ਜੈਨੀ ਸਾਹਿਤ ਵਿਚ ਆਮ ਮਿਲਦੇ ਹਨ, ਅਗਲੀਆਂ ਬ੍ਰੈਕਟਾਂ ਵਿਚ ਲੇਖਕ ਖੁਸ਼ਵੰਤ ਸਿੰਘ ਵੱਲੋਂ ਇਹਨਾਂ ਦਾ ਕੀਤਾ ਅੰਗਰੇਜ਼ੀ ਤਰਜਮਾ ਹੈ ਜੋ ਸਮਝਣ ਵਿਚ ਆਸਾਨੀ ਕਰਕੇ ਲਿਖ ਦਿੱਤਾ ਗਿਆ ਹੈ, ਅਨੁ:*)। ਸਾਨੂੰ ਇਥੇ ਗਿਆਨ ਦੇ ਮਹਾਂਵੀਰ ਵੱਲੋਂ ਦਿੱਤੇ ਸਿਧਾਤਾਂ ਦੀ ਪੜਚੋਲ ਕਰਨ ਦੀ ਜ਼ਰੂਰਤ ਨਹੀਂ। ਧਾਰਮਿਕ ਪੱਖ ਤੋਂ ਉਸ ਦਾ 'ਜੀਵਾ' (life-force) ਦਾ ਸਿਧਾਂਤ ਅਧਿਕ ਮਹੱਤਵਪੂਰਣ ਹੈ ਜੋ ਜੀਵਨ ਸ਼ਕਤੀ ਦੀ ਵਿਆਖਿਆ ਕਰਦਾ ਹੈ।

ਹਰ ਇਕ ਚੀਜ਼ ਚਾਹੇ ਉਹ ਜਾਨਦਾਰ ਹੋਵੇ ਚਾਹੇ ਜੜ੍ਹ ਵਸਤੂ, 'ਜੀਵਾ' ਹੈ, ਮਹਾਂਵੀਰ ਨੇ ਕਿਹਾ ਸੀ ਕਿ ਪੌਦੇ, ਅੱਗ, ਹਵਾ, ਪਾਣੀ ਤੇ ਧਰਤੀ ਸਭਨਾਂ ਵਿਚ ਜੀਵਨ ਹੈ। ਸਭ ਤੋਂ ਬੁਰਾ ਕੰਮ ਜੋ ਮਾਨਵ ਕਰ ਸਕਦਾ ਹੈ ਉਹ ਹੈ ਕਿਸੇ ਦਾ ਜੀਵਨ ਲੈਣਾ। "ਉਹ ਜੋ ਅੱਗ ਜਲਾਉਂਦਾ ਹੈ ਜੀਵਾਂ ਨੂੰ ਮਾਰਦਾ ਹਾਂ ਤੇ ਜੋ ਇਸ ਨੂੰ ਬੁਝਾਉਂਦਾ ਹੈ, ਉਹ ਅੱਗ ਨੂੰ ਮਾਰਦਾ ਹੈ" ਇਕ ਜੈਨ ਗ੍ਰੰਥ ਵਿਚ ਬਹੁਤ ਠੋਸ ਢੰਗ ਨਾਲ ਇਹ ਤਰਕ ਦਿੱਤਾ ਗਿਆ ਹੈ। ਇਹ ਜੈਨ ਧਰਮ ਦੇ 'ਪਦਾਰਥਕ ਜੀਵ ਵਾਦ (hylozoism)' ਦੀ ਬਹੁਤ ਉਮਦਾ ਉਦਾਹਰਣ ਹੈ।

'ਕਰਮ' ਜਾਂ ਸਾਡੀਆਂ ਹਰਕਤਾਂ ਦੀਆਂ 57 ਕਿਸਮਾਂ ਹੁੰਦੀਆਂ ਹਨ। "ਅਸੀਂ ਸ੍ਰਿਸ਼ਟੀ ਨੂੰ ਗ੍ਰਹਿਣ ਕਰਦੇ ਹਾਂ, ਜੋ ਕਿਣਕੇ ਜੀਵਾ ਦੇ ਅੰਦਰ ਜਾਂਦੇ ਹਨ ਉਹ ਮੂਤਰੀ ਤੇਜ਼ਾਬ ਬਣਦੇ ਹਨ ਤੇ ਸਾਡੇ ਸਰੀਰ ਤੇ ਹੱਡੀਆਂ ਨੂੰ ਉਸੇ ਤਰ੍ਹਾਂ ਭਰਦੇ ਹਨ ਜਿਸ ਤਰ੍ਹਾਂ ਇਕ ਬੋਰੀ ਵਿਚ ਰੇਤ ਭਰੀ ਜਾਂਦੀ ਹੈ। ਜੀਵਾ ਜਾਂ ਆਤਮਾ ਇਕ ਤਰ੍ਹਾਂ ਦਾ ਬੁਲਬੁਲਾ ਜਾਂ ਗੁਬਾਰਾ ਹੈ ਜੋ ਸੁਭਾ ਅਨੁਸਾਰ ਉਪਰ ਨੂੰ ਜਾਂਦਾ ਹੈ। ਇਹ ਕਰਮ ਹਨ ਜੋ ਇਹਨਾਂ ਨੂੰ ਹੇਠਾਂ ਲਿਆਉਂਦੇ ਹਨ। ਕਰਮ ਕੇਵਲ ਸਾਡੀ ਸੰਸਾਰਕ ਹੋਂਦ ਹੀ ਨਹੀਂ ਬਣਾ ਕੇ ਰੱਖਦੇ, ਸਾਨੂੰ ਜਨਮ, ਮੌਤ ਤੇ ਮੁੜ-ਜਨਮ ਦੇ ਪਹੀਏ ਨਾਲ ਵੀ ਬੰਨ ਕੇ ਰੱਖਦੇ ਹਨ। ਮਾਨਵ ਦੀਆਂ ਗਤੀਵਿਧੀਆਂ ਦਾ ਮੰਤਵ ਹੋਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਕਰਮ ਨੂੰ ਨਿਯਮਬੰਦ ਕੀਤਾ ਜਾਵੇ। ਇਸ ਨੂੰ 'ਸਮਸਾਰ' ਆਖਿਆ ਗਿਆ ਹੈ। ਫਿਰ ਜੋ ਕੁਝ ਬਚਦਾ ਹੈ, ਉਸ ਨੂੰ ਖਿੰਡਾਇਆ ਜਾਵੇ ਜਾਂ ਵੰਡਿਆ ਜਾਵੇ। ਇਸ ਨੂੰ 'ਮੀਰਜਾਰਾ' ਕਿਹਾ ਗਿਆ ਹੈ। ਫਿਰ 'ਤਪਸ' ਨਾਲ ਕਰਮ ਬੀਜ ਨੂੰ ਮੁੜ ਗਰਮਾਇਆ ਜਾਵੇ।

ਜੈਨ ਮੱਤ ਇਕ ਸੁਸਤ ਜਾਂ ਉਦਾਸੀਨ (passive) ਧਰਮ ਨਹੀਂ ਹੈ। ਇਹ ਤਿੱਖੀ ਗਤੀਵਿਧੀ ਭਾਵ 'ਕਿਰਿਆ' ਦਾ ਪ੍ਰਸਤਾਵ ਕਰਦਾ ਹੈ ਤਾਂ ਜੋ ਆਤਮਾ ਦੇ ਜੰਮੇ ਹੋਏ ਕਣ ਪਿਘਲ ਜਾਣ ਤੇ ਪੂਰਣ ਨਾ ਹੋ ਸਕੀਆਂ ਵਾਸਨਾਵਾਂ ਦੱਬ ਜਾਣ। ਇਕ ਜੈਨ ਗ੍ਰੰਥ

ਦੱਸਦਾ ਹੈ ਕਿ "ਬੰਦਿਆ ਤੇਰੀ ਕਲਾ ਹੀ ਤੇਰੀ ਮਿੱਤਰ ਹੈ ਤਾਂ ਕਿਸੇ ਹੋਰ ਦੀ ਮਿੱਤਰਤਾ ਕਿਉਂ ਲੋਚਦਾ ਹੈਂ?" ਅੱਗੇ ਲਿਖਿਆ ਹੈ ਕਿ "ਆਤਮਾ ਹੀ ਬਣਾਉਂਦੀ ਹੈ, ਆਤਮਾ ਹੀ ਵਿਗਾੜਦੀ ਹੈ, ਇਹ ਪ੍ਰਸੰਨਤਾਵਾਂ ਵੀ ਉਤਪੰਨ ਕਰਦੀ ਹੈ ਤੇ ਦੁੱਖ ਵੀ, ਇਹ ਆਪਣੇ ਨਿਯਮਾਂ ਨੂੰ ਆਪ ਹੀ ਨਿਰਧਾਰਤ ਕਰਦੀ ਹੈ, ਚੰਗਿਆਈ ਜਾਂ ਬੁਰਾਈ ਵੀ। ਇਹੀ 'ਵਿਰੀਆਰਨੀ' ਹੈ। ਇਸ ਨੂੰ 'ਕਰਿਆਵਾਦਾ' ਦੇ ਸਿਧਾਂਤ ਦਾ ਨਾਮ ਦਿੱਤਾ ਹੈ, ਭਾਵ ਕਿ ਆਪਾ (self)।

ਮਹਾਂਵੀਰ ਦੇ ਅਨੁਸਾਰ ਮੁਕਤੀ-ਪ੍ਰਾਪਤੀ (deliverance) ਵਾਸਤੇ ਤਿੰਨ ਹੀਰੇ, 'ਤ੍ਰੀ-ਰਤਨਾ' ਆਵੱਸ਼ਕ ਹਨ। ਇਹ ਤੁਹਾਡੇ ਵਿਹਾਰ ਦੇ ਨਿਯਮ ਹਨ। ਇਹ ਹਨ (1) ਉਚਿਤ ਵਿਸ਼ਵਾਸ, (2) ਉਚਿਤ ਗਿਆਨ ਤੇ (3) ਉਚਿਤ ਵਿਹਾਰ।

ਉਚਿਤ ਵਿਹਾਰ ਦੇ ਹੇਠ ਲਿਖੇ ਪੰਜ ਸਿਧਾਂਤ ਹਨ:

(1) ਜੀਵਨ ਦੀ ਪਵਿਤਰਤਾ – 'ਅਹਿੰਸਾ ਪਰਮੋ ਧਰਮਾ'

(2) ਸੱਤਤਾ

(3) ਸੰਮਤੀ ਦਾ ਸਤਿਕਾਰ

(4) ਦਾਨ ਪੁੰਨ

(5) ਸੰਸਾਰਕ ਸੁੱਖਾਂ ਦਾ ਤਿਆਗ

ਇਕ ਜੈਨੀ ਜਦੋਂ ਭਿਖਸ਼ੂ ਬਣਦਾ ਹੈ ਤਾਂ ਪ੍ਰਤਿਗਿਆ ਕਰਦਾ ਹੈ ਕਿ: "ਮੈਂ ਇਕ ਸਰਾਮਾਰਤ ਬਣੂੰਗਾ ਜਿਸ ਦਾ ਕੋਈ ਘਰ ਨਹੀਂ ਹੋਵੇਗਾ, ਕੋਈ ਸੰਮਤੀ ਨਹੀਂ ਹੋਵੇਗੀ, ਕੋਈ ਪੁੱਤਰ ਨਹੀਂ ਹੋਵੇਗਾ, ਕੋਈ ਪਸ਼ੂ ਨਹੀਂ ਹੋਵੇਗਾ। ਮੈਂ ਉਹੀ ਭੋਜਨ ਖਾਵਾਂਗਾ ਜੋ ਮੈਨੂੰ ਲੋਕ ਦੇਣਗੇ। ਮੈਂ ਕੋਈ ਵੀ ਪਾਪ ਵਾਲਾ ਕੰਮ ਨਹੀਂ ਕਰਾਂਗਾ।"

ਇਸ ਤਰੀਕੇ ਨਾਲ ਇਸ ਧਰਤੀ ਉਪਰਲਾ ਜੀਵਨ ਤੇ ਅਗਲਾ ਜੀਵਨ ਵੀ 'ਕਰਮ' ਦਾ ਸ਼ੁੱਧੀ ਪਾਤਰ (purgatory) ਬਣ ਜਾਂਦਾ ਹੈ ਤੇ ਜੀਵਾ ਪਰਮ ਆਤਮਾ ਨਾਲ ਇਕ ਮਿਕ ਹੋ ਜਾਂਦਾ ਹੈ। ਇਹ "ਸ਼ਾਂਤ ਸਮੁੰਦਰ ਵਿਚ ਤ੍ਰੇਲ ਦੇ ਤੁਪਕੇ ਦਾ ਪਿਘਲ ਕੇ ਡਿੱਗਣਾ ਹੈ"। ਪਰਮ ਆਤਮਾ ਨਾਲ ਇਕ ਮਿਕ ਹੋਣਾ ਹੀ ਜੈਨ ਜੀਵਨ ਦਾ ਮੂਲ ਮਨੋਰਥ ਹੈ। ਜੈਨੀ ਦਾ ਸਵਰਗ ਇਕ ਸੁਰੱਖਿਅਤ, ਖੁਸ਼ਨੁਮਾ ਤੇ ਸ਼ਾਂਤ ਅਸਥਾਨ ਹੁੰਦਾ ਹੈ ਜਿਥੇ ਕੋਈ ਬੁਢਾਪਾ ਨਹੀਂ ਹੁੰਦਾ, ਰੋਗ ਨਹੀਂ ਹੁੰਦਾ ਤੇ ਮੌਤ ਵੀ ਨਹੀਂ ਹੁੰਦੀ।

ਜੈਨ ਮੱਤ ਅੰਦਰ ਭਗਵਾਨ ਦਾ ਕੋਈ ਸਥਾਨ ਨਹੀਂ। ਇਸ ਦੇ ਵਿਪਰੀਤ ਜੈਨੀ 'ਗਿਆਨਵਾਨ ਮਾਨਵ' (enlightened human being) ਵਿਚ ਵਿਸ਼ਵਾਸ ਕਰਦੇ ਹਨ ਕਿਉਂਕਿ ਕੇਵਲ ਮਨੁੱਖੀ ਜੀਵਨ ਹੀ ਮੁਕਤੀ ਦਾ ਸਾਧਨ ਬਣ ਸਕਦਾ ਹੈ। ਜੈਨ ਮੱਤ ਵੇਦਾਂ ਨੂੰ ਰੱਦ ਕਰਦਾ ਹੈ ਤੇ ਇਸ ਦੇ ਨਾਲ ਹੀ ਬ੍ਰਾਹਮਣੀ ਪੁਜਾਰੀਵਾਦ ਤੇ ਜਾਤ ਪ੍ਰਣਾਲੀ ਨੂੰ ਵੀ।

ਜਲਦੀ ਹੀ ਜੈਨ ਮੱਤ ਦੋ ਧੜਿਆਂ ਵਿਚ ਵੰਡਿਆ ਗਿਆ। ਇਕ 'ਸਵੇਤੰਬਰਾ' (ਸਵੇਤ ਦਾ ਭਾਵ ਸਫ਼ੈਦ ਤੇ ਅੰਬਰਾ ਦਾ ਅਰਥ ਕਪੜੇ) ਤੇ ਦੂਜਾ ਦਿਗੰਬਰਾ (ਅਸਮਾਨੀ ਲਿਬਾਸ) ਭਾਵ ਕਿ ਅਸਮਾਨ ਦੇ ਚਾਰਾਂ ਕਿਨਾਰਿਆਂ ਵਿਚ ਲਿਪਟੇ ਹੋਏ। ਦਿਗੰਬਰ

ਨਿਰਵਸਤਰ ਹੋ ਗਏ ਤੇ ਔਰਤਾਂ ਨੂੰ ਆਪਣੇ ਪਵਿੱਤਰ ਪ੍ਰਬੰਧ ਵਿਚ ਸ਼ਾਮਿਲ ਕਰਨ ਤੋਂ ਮਨ੍ਹਾਂ ਕਰ ਦਿੱਤਾ ਤੇ ਉਹਨਾਂ ਉਪਰ ਕੋਈ ਵੀ ਧਾਰਮਿਕ ਰਹਿਤ ਲਾਗੂ ਨਹੀਂ ਕੀਤੀ। ਠੰਡੇ ਮੌਸਮਾਂ ਵਿਚ ਕੱਪੜੇ ਪਹਿਨਣਾਂ ਇਕ ਵੱਡੀ ਜ਼ਰੂਰਤ ਬਣ ਜਾਂਦੀ ਹੈ, ਇਹ ਵੀ ਇਕ ਕਾਰਨ ਹੋਵੇਗਾ ਕਿ ਦਿਗੰਬਰ ਧਰਮ ਦੱਖਣੀ ਭਾਰਤ ਦੇ ਗਰਮ ਇਲਾਕਿਆਂ ਵਿਚ ਹੀ ਫੈਲਿਆ। ਇਕ ਤੀਸਰਾ ਜੈਨ ਗਰੁੱਪ ਵੀ ਹੋਂਦ ਵਿਚ ਆਇਆ ਜਿਸ ਨੂੰ 'ਸਥਾਨਕਾਵਾਸਿਸ' ਕਿਹਾ ਗਿਆ। ਇਹਨਾਂ ਦਾ ਮੂਰਤੀ ਪੂਜਾ ਤੇ ਕਿਸੇ ਵੀ ਕਿਸਮ ਦੀ ਸੰਗਠਤ ਭਜਨ ਬੰਦਗੀ ਵਿਚ ਵਿਸ਼ਵਾਸ ਨਹੀਂ, ਇਹ ਕੇਵਲ ਆਤਮਾ ਦੀ ਹੋਂਦ ਵਿਚ ਯਕੀਨ ਰੱਖਦੇ ਹਨ ਕਿ ਉਹ ਸਭ ਜਗ੍ਹਾ ਮੌਜੂਦ ਹੈ।

ਸਾਡੇ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਕਿ ਵੱਖ ਵੱਖ ਸਮਿਆਂ ਵਿਚ ਕਿੰਨੇ ਲੋਕ ਜੈਨ ਮੱਤ ਨਾਲ ਜੁੜੇ ਰਹੇ ਪਰ ਉਹਨਾਂ ਦਾ ਅਸਰ ਸਾਡੇ ਬਹੁਤ ਸਾਰੇ ਵਿਦਵਾਨਾਂ ਉਪਰ ਪਿਆ, ਇਸ ਦੇ ਪੱਕੇ ਸਬੂਤ ਹਨ। ਇਹਨਾਂ ਦਾ ਪ੍ਰਭਵ ਉੱਤਰ ਵਿਚ ਚੰਦਰ ਗੁਪਤ ਮੋਰੀਆ ਉਪਰ ਤੇ ਦੱਖਣ ਵਿਚ 'ਹੋਇਆਸਾਲਾ' ਰਾਜ ਘਰਾਣੇ ਉਪਰ ਪਿਆ। ਇਹ ਹਮੇਸ਼ਾਂ ਅਮੀਰ ਕੁਨਬੇ ਰਹੇ ਤੇ ਕਲਾ ਨੂੰ ਉਤਸਾਹਤ ਕਰਦੇ ਰਹੇ। ਇਹਨਾਂ ਦੇ ਮੰਦਰ ਇਸ ਮੁਲਕ ਦੇ ਬਹੁਤ ਸੁੰਦਰ ਮੰਦਰਾਂ ਵਿਚੋਂ ਹਨ। ਮਾਊਂਟ ਪਾਰਸਨਾਥ, ਗਿਰਨਾਰ, ਪਾਲੀਟਾਨਾ ਵਿਚ ਸਤਰੁਨਜਾਇਆ, ਮਾਊਂਟ ਆਬੂ ਵਿਚ ਰਾਨਕਪੁਰ ਤੇ ਦਿਲਵਾਰਾ ਜੈਨ ਭਵਨ-ਕਲਾ ਤੇ ਸੁੰਦਰ ਮੰਦਰਾਂ ਦੇ ਨਿਰਮਾਣ ਦੀਆਂ ਵਧੀਆ ਉਦਾਹਰਣਾਂ ਹਨ। ਜੈਨ ਮੂਰਤੀਆਂ ਹਿੰਦੂ ਤੇ ਬੋਧੀ ਮੂਰਤੀਆਂ ਨਾਲੋਂ ਵੱਖਰੀ ਕਿਸਮ ਦੀਆਂ ਹਨ। ਜੈਨੀਆਂ ਦਾ ਕਹਿਣਾ ਹੈ ਕਿ, "ਪੂਜਕ ਦੇ ਸਾਹਮਣੇ ਮੂਰਤੀ, ਦਰਪਣ ਦੇ ਸਾਹਮਣੇ ਫੁੱਲ ਦੇ ਬਰਾਬਰ ਹੈ"। ਜੋ ਕੁਝ ਸਾਹਮਣੇ ਹੋਵੇ, ਉਸ ਤੋਂ ਮਨ ਪ੍ਰਤੀਬਿੰਬਤ ਹੁੰਦਾ ਹੈ ਤੇ ਉਸ ਦੀ ਰੰਗਤ ਗ੍ਰਹਿਣ ਕਰਦਾ ਹੈ। ਇਸ ਕਰਕੇ ਜੈਨ ਮੂਰਤੀਆਂ ਮਨੋਵੇਗ-ਰਹਿਤ (passionless) ਤੇ ਕੋਮਲ ਚਿਤ (alabaster-cool) ਹੁੰਦੀਆਂ ਹਨ। ਇਕ ਜੈਨ ਕਥਾ ਦੱਸਦੀ ਹੈ, "ਕਿਸੇ ਕਾਮੀ ਬੰਦੇ, ਕੁੱਤੇ ਜਾਂ ਸੰਤ ਦੀਆਂ ਹਰਕਤਾਂ ਵੱਲ ਧਿਆਨ ਦਿਓ ਕਿ ਉਹ ਇਕ ਖੂਬਸੂਰਤ ਨਗਨ ਔਰਤ ਦੇ ਅੰਗਾਂ ਵੱਲ ਕਿਵੇ ਵੇਖਦੇ ਹਨ। ਕਾਮੀ ਬੰਦਾ ਉਸ ਨਾਲ ਇਕ ਮਿਕ ਹੋਣਾ ਚਾਹੇਗਾ, ਕੁੱਤਾ ਉਸ ਨੂੰ ਚੀਰ ਕੇ ਖਾਣਾ ਚਾਹੇਗਾ ਤੇ ਸੰਤ ਉਸ ਦੀ ਆਤਮਾ ਵਾਸਤੇ ਪ੍ਰਾਰਥਨਾ ਕਰੇਗਾ। ਇਸ ਵਾਸਤੇ ਤੁਹਾਨੂੰ ਪੂਰੀ ਚੌਕਸੀ ਰੱਖਣੀ ਹੋਵੇਗੀ ਕਿ ਤੁਸੀਂ ਆਪਣੇ ਅੰਤਰ ਧਿਆਨ ਦੇ ਸਮੇਂ ਉਚਿਤ ਆਤਮਾਵਾਂ ਵੇਖੋ।"

ਮੱਧ ਕਾਲ ਵਿਚ ਹਿੰਦੂ ਧਰਮ ਦੀ ਪੁਨਰ ਜਾਗ੍ਰਤੀ ਤੇ ਪੁਨਰ ਸੁਰਜੀਤੀ ਦੀ ਕਾਰਵਾਈ ਵੇਲੇ ਜੈਨ ਧਰਮ ਦੇ ਬਹੁਤ ਸਾਰੇ ਲੋਕ ਮਾਰੇ ਗਏ ਸਨ। ਜੈਨੀਆਂ ਦਾ ਸਭ ਤੋਂ ਵੱਧ ਨੁਕਸਾਨ ਇਸ ਕਰਕੇ ਹੋਇਆ ਕਿ ਇਹ ਹਿੰਦੂਆਂ ਨਾਲ ਬਹੁਤ ਰਲ ਗੱਡ ਸਨ, ਸਾਂਝੇ ਵਿਆਹ ਵੀ ਬਹੁਤ ਸਨ। ਇਹਨਾਂ ਵਾਸਤੇ ਆਪਣੇ ਆਪ ਨੂੰ ਸੰਗਠਤ ਕਰਨਾ ਤੇ ਆਪਣੀ ਵੱਖਰੀ ਪਹਿਚਾਣ ਸਥਾਪਤ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਸੀ। ਸਿਰਫ਼ 1893 ਵਿਚ ਜਾ ਕੇ ਇਕ ਆਲ ਇੰਡਿਆਂ ਦਿਗੰਬਰ ਜੈਨ ਕਾਨਫਰੰਸ ਦੀ ਸਥਾਪਨਾ

ਹੋ ਸਕੀ। ਫਿਰ 6 ਸਾਲ ਬਾਅਦ ਹੀ 1899 ਵਿਚ ਜੈਨ ਯੰਗਮੈਨ ਐਸੋਸੀਏਸ਼ਨ ਬਣੀ ਅਤੇ ਅਖੀਰ 1910 ਵਿਚ ਭਾਰਤੀਆ ਜੈਨ ਮਹਾਂਮੰਡਲ ਦੀ ਨੀਂਹ ਰੱਖੀ ਗਈ। ਇਸ ਦਾ ਮਾਟੋ ਬਣਾਇਆ ਗਿਆ: 'ਮਾਤਰੀਭਵਾ ਸਰਵਾਮ ਜਿਓਤੀ' ਭਾਵ ਕਿ ਪ੍ਰੇਮ ਸਭਨਾ ਉਪਰ ਵਿਜੈ ਪ੍ਰਾਪਤ ਕਰਦਾ ਹੈ।

ਭਾਰਤ ਵਿਚ ਜੈਨ ਮੱਤ ਦਾ ਅਸਰ ਮੁੱਖ ਤੌਰ 'ਤੇ ਜੈਨ ਪਰਿਵਾਰਾਂ ਦੀ ਆਪਣੀ ਸੁਚਾਰੂ ਭੂਮਿਕਾ ਹੈ। ਭਾਰਤ ਦੇ ਕੁਝ ਵੱਡੇ ਉਦਯੋਗ ਘਰਾਣੇ ਜੈਨ ਮੱਤ ਨਾਲ ਸੰਬੰਧ ਰੱਖਦੇ ਹਨ ਜਿਵੇਂ ਕਿ ਡਾਲਮੀਆ, ਸਾਰਾਭਾਈ, ਵਾਲਚੰਦ, ਕਸਤੂਰਭਾਈ, ਲਾਲਭਾਈ ਤੇ ਸਾਹੂ ਜੈਨ ਆਦਿ। ਕੁਝ ਬਹੁਤ ਚੋਟੀ ਦੇ ਵਿਦਵਾਨ ਵੀ ਇਹਨਾਂ ਵਿਚੋਂ ਹਨ। ਮਹਾਤਮਾ ਗਾਂਧੀ ਜੈਨ ਧਰਮ ਦੇ ਸਿਧਾਂਤ ਅਹਿੰਸਾਂ ਤੋਂ ਬਹੁਤ ਪ੍ਰਭਾਵਤ ਸੀ ਤੇ ਇਸ ਨੂੰ ਕੇਵਲ ਆਪਣੇ ਨਿੱਜੀ ਵਿਚਾਰਾਂ ਤੱਕ ਹੀ ਨਹੀਂ ਸੀਮਤ ਰੱਖਿਆ ਸਗੋਂ ਕੌਮੀ ਪ੍ਰੋਗਰਾਮ ਦਾ ਧੁਰਾ ਬਣਾਇਆ।

ਬੁੱਧ ਮੱਤ

ਮਹਾਨ ਧਰਮਾਂ ਵਿਚੋਂ ਇਕ ਬੁੱਧ ਧਰਮ ਹੈ ਜਿਹੜਾ ਭਾਰਤ ਨੇ ਇਸ ਸੰਸਾਰ ਨੂੰ ਦਿੱਤਾ ਹੈ। ਬੇਸ਼ੱਕ ਇਸ ਨੂੰ ਏਥੇ ਤਿਲਾਂਜਲੀ ਦੇ ਦਿੱਤੀ ਗਈ ਪਰ ਭਾਰਤੀ ਵਿਚਾਰਧਾਰਾ ਉਪਰ ਇਸ ਦੀ ਵੱਡੀ ਛਾਪ ਹੈ ਤੇ ਇਹ ਹੁਣ 'ਨਵ-ਬੁੱਧਇਜ਼ਮ' ਦੇ ਨਾਮ ਉਪਰ ਸੁਰਜੀਤ ਵੀ ਹੋ ਰਿਹਾ ਹੈ।

ਚਲੋ ਅਸੀਂ ਸਭ ਤੋਂ ਪਹਿਲਾਂ ਮਹਾਤਮਾ ਬੁੱਧ ਦੀ ਜੀਵਨੀ ਦੀਆਂ ਉਹ ਗੱਲਾਂ ਕਰੀਏ ਜਿਹਨਾਂ ਨਾਲ ਬੁੱਧ ਮੱਤ ਦੇ ਵਿਦਵਾਨ ਸਹਿਮਤ ਹਨ।

ਕਿਸੇ ਵੇਲੇ ਸੁੱਧਹੋਦਾਨਾ ਨਾਮ ਦਾ ਖੱਤਰੀ ਰਾਜਾ ਸੀ ਜਿਸ ਦਾ ਰਾਜ ਅੱਜ ਦੇ ਭਾਰਤ ਨੇਪਾਲ ਬਾਰਡਰ ਦੇ ਨਾਲ ਵਾਲੇ ਇਲਾਕੇ ਵਿਚ ਸੀ। ਇਕ ਰਾਤ ਉਸ ਦੀ ਰਾਣੀ ਨੂੰ ਸੁਪਨਾ ਆਇਆ ਕਿ ਇਕ 6 ਸੁੰਢਾਂ ਵਾਲਾ ਹਾਥੀ ਉਸ ਦੀ ਕੁੱਖ ਵਿਚ ਆ ਗਿਆ ਹੈ। ਜੋਤਸ਼ੀਆਂ ਨੇ ਦੱਸਿਆ ਕਿ ਇਹ ਇਕ ਪੁੱਤਰ ਹੋਵੇਗਾ ਜਿਹੜਾ ਜਾਂ ਤਾਂ ਸਾਰੇ ਸੰਸਾਰ ਨੂੰ ਜਿੱਤੇਗਾ ਤੇ ਜਾਂ ਸਾਰੇ ਸੰਸਾਰ ਦੇ ਲੋਕਾਂ ਦੇ ਦਿਲਾਂ ਉਪਰ ਰਾਜ ਕਰੇਗਾ। ਈਸਾ ਪੂਰਵ 563 ਦੀ ਇਕ ਸ਼ਾਮ ਨੂੰ ਜਦੋਂ ਰਾਣੀ ਮਾਇਆ ਆਪਣੇ ਬਾਗ ਵਿਚ ਅਸ਼ੋਕਾ ਰੁੱਖ ਦੀ ਟਾਹਣੀ ਨੂੰ ਪਲੋਸ ਰਹੀ ਸੀ ਤਾਂ ਉਸ ਦੀ ਵੱਖੀ ਵਿਚੋਂ ਇੱਕ ਪੁੱਤਰ ਨੇ ਜਨਮ ਲਿਆ। ਬੱਚੇ ਦਾ ਨਾਮ ਸਿਧਾਰਥ ਰੱਖਿਆ ਗਿਆ ਜਿਸ ਦਾ ਅਰਥ ਹੈ ਕਿ ਉਹ ਜੋ ਆਪਣੇ ਮੰਤਵ ਨੂੰ ਸਮਝਦਾ ਹੈ। 'ਗੌਤਮ' ਉਸ ਦਾ ਪੈਤਰਿਕ ਨਾਮ ਸੀ ਜਿਸ ਨਾਲ ਉਹ ਆਮ ਜਾਣਿਆ ਜਾਂਦਾ ਹੈ। ਜਦੋਂ ਉਸ ਨੇ ਰੂਹਾਨੀਅਤ ਪ੍ਰਾਪਤ ਕਰ ਲਈ ਤਾਂ ਉਸ ਦਾ ਨਾਮ ਸਾਕਿਆ ਜਥੇ ਦੇ ਭਗਤਾਂ ਦੇ ਨਾਮ ਉਪਰ 'ਸਾਕਿਆਮੁੰਨੀ' ਪੈ ਗਿਆ ਤੇ ਬਾਅਦ ਵਿਚ ਉਸ ਨੂੰ ਆਪਣਾ ਹੁਣ ਤੱਕ ਦਾ ਪ੍ਰਚਲਤ ਨਾਮ ਗੌਤਮ ਬੁਧ ਮਿਲਿਆ। ਬੁੱਧ ਦਾ ਅਰਥ ਸਮਝਦਾਰ ਹੈ।

ਰਾਜ ਘਰਾਣੇ ਵਿਚ ਪੈਦਾ ਹੋਇਆ ਹੋਣ ਕਰਕੇ ਸਿਧਾਰਥ ਵਿਚ ਰਾਜਕੁਮਾਰਾਂ ਵਾਲੀਆਂ ਸਾਰੀਆਂ ਖਾਹਿਸ਼ਾਂ ਸਨ। ਲੇਕਿਨ ਸਿਧਾਰਥ ਦਾ ਪਿਤਾ ਸੁੱਦੋਹਦਾਨਾ ਸਮਝਦਾ

ਸੀ ਕਿ ਉਸ ਦਾ ਪੁੱਤਰ ਜੀਵਨ ਦੀਆਂ ਕਠਨਾਈਆਂ ਤੇ ਇਸ ਦੇ ਦੁਖਾਂ ਤੋਂ ਜਾਣੂ ਨਹੀਂ ਹੈ। ਉਸ ਨੇ ਇਸ ਦੀ ਸ਼ਾਦੀ ਇਕ ਬਹੁਤ ਖ਼ੂਬਸੂਰਤ ਕਜ਼ਨ 'ਯਸ਼ੋਧਰਾ' ਨਾਲ ਕਰ ਦਿੱਤੀ। ਕੁਝ ਹੱਦ ਤੱਕ ਯਸ਼ੋਧਰਾ ਨੇ ਆਪਣੇ ਪਤੀ ਨੂੰ ਸੰਸਾਰਕ ਕੰਮਾਂ ਵਿਚ ਖ਼ੁਸ਼ ਰੱਖਿਆ। ਉਸ ਨੇ ਇਕ ਪੁੱਤਰ ਨੂੰ ਵੀ ਜਨਮ ਦਿੱਤਾ ਜਿਸ ਦਾ ਨਾਮ 'ਰਾਹੁਲ' ਸੀ।

ਗੌਤਮ ਦਾ ਮਨ ਆਪਣੇ ਮਹੱਲ ਦੀ ਚਾਰ ਦਿਵਾਰੀ ਦੇ ਅੰਦਰ ਦੇ ਸੁਖ ਆਰਾਮ ਦੇ ਜੀਵਨ ਤੋਂ ਬਾਹਰ ਝਾਕਣ ਲੱਗ ਪਿਆ। ਇਕ ਦਿਨ ਉਹ ਆਪਣੀ ਬੱਘੀ ਵਿਚ ਸ਼ਹਿਰ ਦੀਆਂ ਗਲੀਆਂ ਅੰਦਰ ਗਿਆ। ਉਸ ਨੇ ਬਹੁਤ ਕੁਝ ਵੇਖਿਆ ਤੇ ਬੱਘੀਵਾਨ ਨੂੰ ਕਿਹਾ ਕਿ ਉਹ ਤਿੰਨ ਦਿਨ ਹੋਰ ਏਸੇ ਤਰ੍ਹਾਂ ਬੱਘੀ ਉਪਰ ਸ਼ਹਿਰ ਵਿਚ ਨਿਕਲਨਾ ਚਾਹੁੰਦਾ ਹੈ। ਇਹਨਾਂ ਚਾਰ ਦਿਨਾਂ ਵਿਚ ਉਸ ਨੇ ਚਾਰ ਅਜਿਹੇ ਦ੍ਰਿਸ਼ ਵੇਖੇ ਜਿਹਨਾਂ ਨੇ ਉਸ ਦੇ ਮਨ ਉਪਰ ਬਹੁਤ ਡੂੰਘਾ ਪ੍ਰਭਾਵ ਪਾਇਆ। ਪਹਿਲੇ ਦਿਨ ਉਸ ਨੇ ਹੱਡੀਆਂ ਦੀ ਮੁੱਠ ਇਕ ਬਹੁਤ ਕਮਜ਼ੋਰ ਬਿਰਧ ਆਦਮੀ ਨੂੰ ਵੇਖਿਆ। ਦੂਸਰੇ ਦਿਨ ਇਕ ਆਦਮੀ ਬੀਮਾਰੀ ਤੋਂ ਪੀੜਤ ਵੇਖਿਆ। ਤੀਸਰੇ ਦਿਨ ਇਕ ਮੁਰਦੇ ਨੂੰ ਸਸਕਾਰ ਵਾਸਤੇ ਮਾਤਮੀ ਜਲੂਸ ਦੀ ਸ਼ਕਲ ਵਿਚ ਲੈ ਕੇ ਜਾਂਦਿਆਂ ਵੇਖਿਆ। ਚੌਥੇ ਦਿਨ ਉਸ ਨੇ ਇਕ ਤਿਆਗੀ ਵੇਖਿਆ ਜੋ ਆਪਣੇ ਦਵਾਲੇ ਤੋਂ ਬਿਲਕੁਲ ਲਾਪਰਵਾਹ ਸੀ। ਸੱਚ ਜਾਨਣ ਦੀ ਘੜੀ ਆ ਗਈ ਸੀ। ਇਕ ਰਾਤ ਜਦੋਂ ਉਹ 29 ਸਾਲਾਂ ਦਾ ਸੀ ਗੌਤਮ ਚੋਰੀ ਜਿਹੇ ਮਹੱਲ ਤੋਂ ਬਾਹਰ ਨਿਕਲਿਆ ਤੇ ਸੰਸਾਰ ਦੇ ਦੁਖਾਂ ਦੇ ਉੱਤਰ ਜਾਨਣ ਦੀ ਪ੍ਰਤਿਗਿਆ ਕੀਤੀ।

ਉਹ ਸਭ ਤੋਂ ਪਹਿਲਾਂ ਰਾਜਗਰੀਹਾ ਗਿਆ ਤੇ ਦੋ ਬ੍ਰਾਹਮਣ ਵਿਦਵਾਨਾਂ ਕੋਲੋਂ ਸਿੱਖਿਆ ਪ੍ਰਾਪਤ ਕੀਤੀ। ਉਹ ਉਹਨਾਂ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਤ ਨਹੀਂ ਹੋਇਆ। ਉਸ ਤੋਂ ਬਾਅਦ ਉਹ ਪੰਜ ਤਿਆਗੀਆਂ ਦੀ ਟੋਲੀ ਵਿਚ ਸ਼ਾਮਿਲ ਹੋ ਗਿਆ, 6 ਸਾਲਾਂ ਵਾਸਤੇ ਲਗਾਤਾਰ ਉਪਵਾਸ ਰੱਖਦਾ ਰਿਹਾ ਤੇ ਆਪਣੇ ਸਰੀਰ ਨੂੰ ਅਨੇਕਾਂ ਕਸ਼ਟ ਦੇਂਦਾ ਰਿਹਾ। ਜਦੋਂ ਉਹ ਮਰਨ ਕਿਨਾਰੇ ਪਹੁੰਚ ਗਿਆ ਤਾਂ ਇਸ ਤਿਆਗਪੁਣੇ ਤੋਂ ਅਵਾਜ਼ਾਰ ਹੋ ਗਿਆ। ਉਸ ਨੇ ਕਿਹਾ "ਇਸ ਤਰ੍ਹਾਂ ਦੀ ਤਪੱਸਿਆ ਦਾ ਮੈਨੂੰ ਕੋਈ ਲਾਭ ਨਹੀਂ ਹੋਇਆ, ਮੇਰਾ ਸਰੀਰ ਮੇਰੀ ਬੁੱਧੀ ਦਾ ਸਹਾਰਾ ਨਹੀਂ ਬਣ ਸਕਦਾ, ਮੈਂ ਹੁਣ ਰੱਜ ਕੇ ਖਾਇਆ ਪੀਆ ਕਰਾਂਗਾ ਤੇ ਸਰੀਰ ਵਿਚ ਸ਼ਕਤੀ ਇਕੱਠੀ ਕਰਾਂਗਾ . . . . ਐਸ਼ ਆਰਾਮ ਦੀ ਜ਼ਿੰਦਗੀ ਤੇ ਤਿਆਗ ਦੇ ਵਿਚਕਾਰਲਾ ਰਸਤਾ ਹੋਣਾ ਚਾਹੀਦਾ ਹੈ। ਉਹ 'ਤੱਥਗਾਤਾ' ਭਾਵ ਸੱਚ ਦਾ ਖੋਜੀ ਬਣ ਗਿਆ। ਉਹ ਗਇਆ ਦੇ ਸਥਾਨ 'ਤੇ ਆਇਆ ਤੇ ਇਕ ਵਾਰ ਫਿਰ ਸੋਚਾਂ ਦੀਆਂ ਸਮਾਧੀਆਂ ਆਰੰਭ ਕੀਤੀਆਂ। ਉਹ ਪਰੰਪਰਾਗਤ ਪਵਿੱਤਰ ਬੋਹੜ ਦੇ ਰੁੱਖ ਹੇਠਾਂ ਬੈਠਾ ਤੇ ਇਕ ਪ੍ਰਤਿੱਗਿਆ ਕੀਤੀ "ਮੇਰੀਆਂ ਹੱਡੀਆਂ ਸੁੱਕ ਕੇ ਤੀਲਾ ਹੋ ਸਕਦੀਆਂ ਹਨ, ਮੇਰਾ ਖ਼ੂਨ ਮੁੱਕ ਸਕਦਾ ਹੈ ਤੇ ਚਮੜੀ ਚਿਪਕ ਸਕਦੀ ਹੈ ਪਰ ਮੈਂ ਗਿਆਨ ਪ੍ਰਾਪਤੀ ਤੱਕ ਏਥੇ ਬੈਠਾ ਰਹਾਂਗਾ।" ਕਈ ਦਿਨਾਂ ਦੀ ਤਪੱਸਿਆ ਤੇ ਡੂੰਘੀਆਂ ਸੋਚਾਂ ਵਿਚ ਮਗਨਤਾ ਤੋਂ ਬਾਅਦ ਉਸ ਨੇ ਇਕ ਦਿਨ ਆਪ ਹੀ ਕਿਹਾ, "ਅਗਿਆਨਤਾ ਦੂਰ ਹੋ ਚੁਕੀ ਹੈ, ਹਨੇਰਾ ਹਟ ਗਿਆ ਹੈ, ਗਿਆਨ ਦਾ ਸੂਰਜ ਉਦੈ ਹੋ ਗਿਆ ਤੇ ਪ੍ਰਕਾਸ਼ ਮਿਲ ਗਿਆ ਹੈ, ਮੇਰਾ ਮੰਤਵ ਪੂਰਾ ਹੋ ਗਿਆ ਹੈ।"

ਉਸ ਨੇ 'ਨਿਰਵਾਣ' ਪ੍ਰਾਪਤ ਕਰ ਲਿਆ। 'ਨਿਰ ਵਾ' ਦਾ ਅਰਥ ਹੁੰਦਾ ਹੈ ਬੁਝਾ ਦੇਣਾ ਜਾਂ ਇਕ ਦੀਪਕ ਦਾ ਤੇਲ ਮੁੱਕਣ ਤੋਂ ਬਾਦ ਬੁਝ ਜਾਣਾ, ਉਸ ਦਾ ਖ਼ਤਮ ਹੋ ਜਾਣਾ, 'ਵਾਣ' ਦਾ ਅਰਥ ਹੈ ਖਾਹਿਸ਼, ਖ਼ੁਦਗਰਜ਼ੀ। ਇਸ ਤਰ੍ਹਾਂ ਨਿਰਵਾਣ ਦੀ ਪ੍ਰਾਪਤੀ ਦਾ ਅਰਥ ਹੈ ਆਪਣੀਆਂ ਜ਼ਾਤੀ ਵਾਸ਼ਨਾਵਾਂ ਤੇ ਖਾਹਸ਼ਾਂ ਉਪਰ ਜਿੱਤ ਪ੍ਰਾਪਤ ਕਰ ਲੈਣਾ। ਤਾਮਿਲ ਭਾਸ਼ਾ ਵਿਚ ਇਸ ਦਾ ਅਰਥ 'ਨੰਗੇਜ' ਹੈ।

ਬੁੱਧ ਪੱਛਮ ਦੀ ਤਰਫ਼ ਚੱਲ ਪਿਆ ਤੇ ਹਿੰਦੂਆਂ ਦੇ ਤੀਰਥ ਅਸਥਾਨ ਬਨਾਰਸ ਪਹੁੰਚ ਗਿਆ। ਉਸ ਦੇ ਪਹਿਲੇ ਵਾਲੇ ਪੰਜ ਤਿਆਗੀ ਸਾਥੀ ਉਥੇ ਮਿਲ ਗਏ। ਉਸ ਨੇ ਬਨਾਰਸ ਦੇ ਕੋਲ ਹੀ ਇਕ ਪਿੰਡ 'ਸਾਰਨਾਥ' ਵਿਚ ਤਿਅਗ ਤੇ ਆਰਮ ਦੇ ਜੀਵਨ ਦੇ ਮੁਕਾਬਲੇ ਵਿਚਕਾਰਲਾ ਰਸਤਾ ਚੁਣਨ ਦਾ ਵਿਖਿਆਨ ਕੀਤਾ। ਉਸ ਨੇ ਕਿਹਾ ਕਿ "ਦੋ ਬਿਲਕੁੱਲ ਵਿਪਰੀਤ ਦੋ ਅੱਤ (extremes) ਹਨ ਜਿਹਨਾਂ ਤੋਂ ਬੰਦੇ ਨੂੰ ਪ੍ਰਹੇਜ਼ ਕਰਨਾ ਚਾਹੀਦਾ ਹੈ। ਉਹ ਕਿਹੜੇ ਅੱਤ ਹਨ। ਇਕ ਹੈ ਕਿ ਜੀਵਨ ਵਿਚ ਸਭ ਤਰ੍ਹਾਂ ਦੇ ਸੁੱਖ ਆਰਾਮ ਤੇ ਲਾਲਸਾਵਾਂ ਦਾ ਭੋਗ ਕਰਨਾ। ਇਹ ਘਟੀਆ ਤੇ ਹਾਨੀਕਾਰਕ ਰਸਤਾ ਹੈ। ਦੂਸਰਾ ਘੋਰ ਤਪੱਸਿਆ ਦਾ ਹੈ, ਇਹ ਪੀੜਾਕਾਰੀ ਹੈ ਤੇ ਕੋਈ ਲਾਭ ਨਹੀਂ ਦੇਂਦਾ। ਇਹਨਾਂ ਦੋਹਾਂ ਨੂੰ ਰੱਦ ਕਰਕੇ ਸੱਤ ਦਾ ਖੋਜੀ ਵਿਚਕਾਰਲਾ ਰਸਤਾ ਚੁਣਦਾ ਹੈ। ਇਸ ਨਾਲ ਅੰਤਰ ਧਿਆਨ, ਗਿਆਨ, ਰੋਸ਼ਨੀ ਤੇ ਸੁਖ ਮਿਲਦਾ ਹੈ। ਇਹ ਨਿਰਵਾਣ ਹੈ"।

ਉਸ ਨੇ ਆਪਣੇ ਵਿਖਿਆਨ ਵਿਚ ਚਾਰ ਉੱਤਮ ਸੱਤਿਆ (noble truths) ਤੇ ਅਠਾਰਾਂ ਅਨੁਸ਼ਾਸਨ (path of discipline) ਦੱਸੇ। ਬੋਧੀ ਸ਼ਬਦਾਵਲੀ ਵਿਚ ਇਸ ਨੂੰ 'ਨਿਯਮਾਂ ਦਾ ਪਹੀਆ' ਨਿਰਧਾਰਤ ਕਰਨਾ ਜਾਂ 'ਧਰਮ ਚੱਕਰ ਦੀ ਗਤੀ' ਕਿਹਾ ਜਾਂਦਾ ਹੈ।

ਬੁੱਧ ਧਰਮ ਵਿਚ ਸ਼ਾਮਲ ਹੋਣ ਵਾਲੇ ਪਹਿਲੇ ਪੰਜ ਬੰਦੇ ਗੌਤਮ ਦੇ ਪੰਜ ਤਿਆਗੀ ਸਾਥੀ ਸਨ। ਛੇਤੀ ਹੀ ਇਹ ਘੇਰਾ 60 ਬੰਦਿਆਂ ਤੱਕ ਪਹੁੰਚ ਗਿਆ ਜਿਹਨਾਂ ਵਿਚ ਗੌਤਮ ਦੇ ਦੋ ਚਚੇਰੇ ਭਰਾ ਆਨੰਦਾ ਤੇ ਦੇਵਦੱਤਾ ਸਨ। ਇਸ ਤੋਂ ਬਾਅਦ ਬਹੁਤ ਸਾਰੇ ਆਮ ਲੋਕ ਤੇ ਕੁਝ ਰਾਜਕੁਮਾਰ ਵੀ ਇਸ ਧਰਮ ਵਿਚ ਦਾਖਲ ਹੋ ਗਏ।

ਬੁੱਧ ਸਾਰੇ ਉੱਤਰੀ ਭਾਰਤ ਵਿਚ ਥਾਂ ਥਾਂ ਗਿਆ, ਆਪਣੇ ਚਾਰ ਉੱਤਮ ਸੱਤ ਤੇ ਅਠਾਰਾਂ ਅਨੁਸ਼ਾਸਨ ਬਿੰਦੂਆਂ ਦਾ ਪ੍ਰਚਾਰ ਕਰਦਾ ਰਿਹਾ ਤੇ ਹੋਰਨਾਂ ਵਿਸ਼ਵਾਸਾਂ ਵਾਲਿਆਂ ਨਾਲ ਵੀ ਵਿਚਾਰ ਵਟਾਂਦਰਾ ਕਰਦਾ ਰਿਹਾ। ਉਸ ਨੇ ਬੋਧੀ ਸੰਸਥਾ 'ਸਾਂਗਾ' ਦੀ ਸਥਾਪਨਾ ਕੀਤੀ। ਆਪਣੇ ਆਰੰਭ ਕੀਤੇ ਧਰਮ ਨੂੰ ਜਥੇਬੰਦਕ ਕਰਨ ਵਿਚ 45 ਸਾਲ ਦੀ ਸੇਵਾ ਕਰਨ ਤੋਂ ਬਾਅਦ ਗੌਤਮ ਬੁੱਧ 80 ਸਾਲ ਦੀ ਉਮਰ ਵਿਚ ਬਨਾਰਸ ਦੇ ਨਜ਼ਦੀਕ 'ਕੁਸੀਨਾਰਾ' ਵਿਚ ਪੂਰਾ ਹੋ ਗਿਆ। ਉਸ ਦਾ ਜਨਮ, ਨਿਰਵਾਣ ਤੇ ਪਰੀਨਿਰਵਾਣ ਭਾਵ ਮੌਤ, ਇਤਫ਼ਾਕ ਨਾਲ ਸਾਲ ਦੇ ਇਕੋ ਹੀ ਦਿਨ ਵਾਪਰੇ, ਹਾੜੀਆਂ ਦੇ ਮੌਸਮ ਵਿਚ ਪੂਰਨਮਾਸ਼ੀ ਦੀਆਂ ਰਾਤਾਂ ਨੂੰ।

ਬੁੱਧ ਨੇ ਕੀ ਉਪਦੇਸ਼ ਦਿੱਤੇ?

ਚਾਰ ਉੱਤਮ ਸੱਤਿ

1. ਸੰਸਾਰ ਕਸ਼ਟਾਂ ਤੇ ਦੁੱਖਾਂ ਦਾ ਭਰਿਆ ਹੋਇਆ ਹੈ। ਬੁੱਧ ਦੇ ਅਨੁਸਾਰ ਇਹ ਵਿਚਾਰ ਉਸ ਨੂੰ ਪਹਿਲਾ ਚੱਲਦੀਆਂ ਆ ਰਹੀਆਂ ਵਿਚਾਰਧਾਰਾਵਾਂ ਵਿਚੋਂ ਨਹੀਂ ਮਿਲਿਆ ਬਲਕਿ "ਮੇਰੇ ਰਾਹੀਂ, ਮੇਰੀਆਂ ਅੱਖੋਂ ਵਿਚੋਂ ਪੈਦਾ ਹੋਇਆ ਹੈ," ਬੱਧ ਨੇ ਕਿਹਾ ਸੀ। 'ਦੁੱਖ' ਦੇ ਬਾਰੇ ਬੁੱਧ ਦੇ ਬੋਲ ਸਨ ਕਿ "ਚਾਰ ਮਹਾਂਸਾਗਰਾਂ ਵਿਚ ਵੀ ਇਤਨਾ ਪਾਣੀ ਨਹੀਂ ਜਿੰਨੇ ਮਨੁੱਖ ਨੇ ਆਪਣੇ ਪਰਿਵਾਰਾਂ ਦੇ ਜੀਆਂ ਦੇ ਮਰਨ ਉਪਰ ਅੱਥਰੂ ਵਹਾਏ ਹਨ।"
2. ਇਹਨਾਂ ਕਸ਼ਟਾਂ ਤੇ ਦੁੱਖਾਂ ਦਾ ਕਾਰਣ 'ਤੱਨ੍ਹਾ' ਹੈ, ਭਾਵ ਲਾਲਸਾ ਦੀ ਕਿਰਿਆ **(craving)**।
3. ਤੱਨ੍ਹਾ ਉਪਰ ਕਾਬੂ ਪਾਇਆ ਜਾ ਸਕਦਾ ਹੈ।
4. ਤੱਨ੍ਹਾ ਉਪਰ ਕਾਬੂ ਪਾਉਣ ਤੇ 'ਨਿਰਵਾਣ' ਪ੍ਰਾਪਤ ਕਰਨ ਵਾਸਤੇ ਨੇਕੀ ਜਾਂ ਸੱਚਵਾਦਤਾ **(roghteosness)** ਦਾ ਅੱਠ ਧਾਰੀ ਮਾਰਗ ਅਪਣਾਉਣਾ ਹੋਵੇਗਾ ਭਾਵ ਕਿ ਸੱਚਾ ਵਿਸ਼ਵਾਸ, ਸੱਚੀ ਤਮੰਨਾ, ਸੱਚਾ ਬੋਲ ਚਾਲ, ਸੱਚਾ ਵਿਹਾਰ, ਸੱਚਾ ਜੀਵਨ ਤੇ ਸੱਚੀ ਘਾਲਣਾ।

ਬੁੱਧ ਨੇ ਹਰ ਤਰ੍ਹਾਂ ਦੀ ਖਾਹਸ਼ ਜਾ ਲਾਲਸਾ ਦੀ ਨਿੰਦਾ ਨਹੀਂ ਕੀਤੀ, ਕੇਵਲ ਉਹਨਾਂ ਲਾਲਸਾਵਾਂ ਨੂੰ ਅਣ ਉਚਿਤ ਦੱਸਿਆ ਹੈ ਜਿਹਨਾਂ ਨਾਲ ਦੁੱਖ ਪੈਦਾ ਹੁੰਦਾ ਹੈ। ਉਸ ਨੇ ਪਿਆਰ ਕਰਨ ਤੇ ਨਫਰਤ ਕਰਨ ਦੀ ਲਾਲਸਾ ਨੂੰ ਅਨੁਚਿਤ ਦੱਸਿਆ ਹੈ। ਉਸ ਦਾ ਕਹਿਣਾ ਸੀ, "ਜਿਹੜੇ ਕਿਸੇ ਨੂੰ ਪਿਆਰ ਨਹੀਂ ਕਰਦੇ ਤੇ ਕਿਸੇ ਨੂੰ ਨਫਰਤ ਨਹੀਂ ਕਰਦੇ, ਉਹਨਾਂ ਦੇ ਪੈਰਾਂ ਵਿਚ ਕੋਈ ਸੰਗਲ ਨਹੀਂ ਹਨ"। ਉਸ ਨੇ ਅੱਗੇ ਕਿਹਾ, "ਜਿਹੜੇ 100 ਨੂੰ ਪਿਆਰ ਕਰਦੇ ਹਨ, ਉਹਨਾਂ ਦੀਆਂ 100 ਮੁਸੀਬਤਾਂ ਹਨ, ਜਿਹੜੇ ਇਕ ਨੂੰ ਪਿਆਰ ਕਰਦੇ ਹਨ, ਉਹਨਾਂ ਦੀ ਇਕ ਮੁਸੀਬਤ ਹੈ, ਜਿਹੜੇ ਕਿਸੇ ਨੂੰ ਪਿਆਰ ਨਹੀਂ ਕਰਦੇ, ਉਹਨਾਂ ਦੀ ਕੋਈ ਮੁਸੀਬਤ ਨਹੀਂ"।

ਗੌਤਮ ਬੁੱਧ ਦਾ ਵੱਡਾ ਜ਼ੋਰ ਇਸ ਗੱਲ ਉਪਰ ਸੀ ਕਿ ਮਾਨਵ ਦੇ ਜੀਵਨ ਦਾ ਮੰਤਵ 'ਨਿਰਵਾਣ' ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ ਜਿਸ ਦਾ ਅਰਥ ਸਭ ਲਾਲਸਾਵਾਂ ਸਮਾਪਤ ਕਰ ਦੇਣਾ ਨਹੀਂ ਬਲਕਿ ਉਹਨਾਂ ਤੋਂ ਰਿਹਾ ਹੋਣਾ ਹੈ, ਸੁਤੰਤਰ ਹੋਣਾ ਹੈ। ਬੁੱਧ ਨੇ ਕਿਹਾ, "ਨਿਰਵਾਣ ਦੀ ਗਹਿਰਾਈ ਮਿਣੀ ਨਹੀਂ ਜਾ ਸਕਦੀ, ਇਹ ਡੂੰਘਾ ਸਮੁੰਦਰ ਹੈ ਤੇ ਇਸ ਦੀ ਪ੍ਰੀਭਾਸ਼ਾ ਵੀ ਨਹੀਂ ਦਿੱਤੀ ਜਾ ਸਕਦੀ।" ਅੱਗੇ ਜਾ ਕੇ ਬੁੱਧ ਨੇ ਇਸ ਬਾਰੇ ਕਿਹਾ ਕਿ "ਅਸਲੀ ਮਹੱਤਵ ਇਸ ਦੀ ਪ੍ਰੀਭਾਸ਼ਾ ਜਾਨਣਾ ਨਹੀਂ, ਇਸ ਨੂੰ ਪ੍ਰਾਪਤ ਕਰਨਾ ਹੈ. . . . . ਇਕ ਜ਼ਖ਼ਮੀ ਬੰਦਾ ਆਪਣੇ ਵੈਦ ਹਕੀਮ ਤੋਂ ਇਹ ਜਾਨਣ ਵਿਚ ਦਿਲਚਸਪੀ ਨਹੀਂ ਰੱਖਦਾ ਕਿ ਉਸ ਨੂੰ ਕਿਸ ਕਿਸਮ ਦਾ ਤੀਰ ਲੱਗਾ ਸੀ. . . . ਕੁਝ ਤਿਆਗੀ ਲੋਕ ਤੇ ਬ੍ਰਾਹਮਣ ਮੇਰੇ ਉਪਰ ਬਿਨਾਂ ਕਿਸੀ ਆਧਾਰ ਦੇ ਝੂਠਾ ਦੋਸ਼ ਲਗਾਉਂਦੇ

ਹਨ ਕਿ ਮੈਂ ਇਕ ਵਿਨਾਸ਼ਕਾਰੀ ਹਾਂ ਤੇ ਸਭ ਕੁਝ ਸਮਾਪਤ ਕਰ ਦੇਣ ਜਾਂ ਹੋਂਦ ਮਿਟਾ ਦੇਣ ਦਾ ਪ੍ਰਚਾਰ ਕਰਦਾ ਹਾਂ। ਇਸ ਵਿਚ ਸੱਚਾਈ ਨਹੀਂ, ਮੈਂ ਪੀੜਾ ਦਾ ਪ੍ਰਚਾਰ ਕਰਦਾ ਹਾਂ ਤੇ ਪੀੜਾ ਨੂੰ ਦੂਰ ਕਰਨ ਦਾ।"

ਬੁੱਧ ਨੇ ਵੇਦ ਤੇ ਉਹਨਾਂ ਵੱਲੋਂ ਦਰਸਾਏ 'ਗਿਆਨ ਮਾਰਗ' ਤੇ 'ਭਗਤੀ ਮਾਰਗ' ਨੂੰ ਰੱਦ ਕਰ ਦਿੱਤਾ ਤੇ ਤੀਸਰਾ ਬਦਲਵਾਂ ਰਸਤਾ 'ਕਰਮ ਮਾਰਗ' ਪ੍ਰਸਤੁਤ ਕੀਤਾ। ਬੁਧ ਦਾ ਵਿਸ਼ਵਾਸ ਵਿਹਾਰਕ (practical) ਸੀ। ਬੁੱਧ ਨੇ ਆਪਣੇ ਪੁੱਤਰ, ਰਾਹੁਲ, ਨੂੰ ਦੂਸਰਿਆਂ ਨਾਲ ਵਿਹਾਰ ਪ੍ਰਤੀ ਇਕ ਸੁਨਹਿਰੀ ਨਿਯਮ ਦੱਸਿਆ "ਜਦੋਂ ਤੁਸੀਂ ਕੋਈ ਕੰਮ ਕਰਨਾ ਲੋਚੋ ਤਾਂ ਇਹ ਸੋਚੋ ਕਿ ਕੀ ਇਸ ਨਾਲ ਮੇਰੀ ਹਾਨੀ ਨਹੀਂ ਹੋਵੇਗੀ, ਜਾਂ ਕਿਸੇ ਹੋਰ ਦੀ ਤੇ ਜਾਂ ਦੋਹਾਂ ਦੀ? ਜੇ ਇਹ ਹੋਵੇਗੀ ਤਾਂ ਉਹ ਕੰਮ ਠੀਕ ਨਹੀਂ।" ਉਸ ਨੇ ਆਪਣੇ ਪੈਰੋਕਾਰਾਂ ਨੂੰ ਕਿਹਾ, "ਆਪਣੇ ਹਿਰਦੇ ਤੇ ਮਸਤਕ ਵਿਚ ਪਿਆਰ ਨੂੰ ਬਿਠਾਓ, ਜੋ ਤੁਹਾਡੀ ਹੱਤਕ ਕਰਨ ਉਸ ਨੂੰ ਸਹਿਣ ਕਰੋ, ਵਿਰੋਧ ਨਾ ਕਰੋਂ ਕਿਉਂਕਿ ਨਫ਼ਰਤਾਂ ਨੂੰ ਨਫ਼ਰਤਾਂ ਨਾਲ ਦੂਰ ਨਹੀਂ ਕੀਤਾ ਜਾ ਸਕਦਾ, ਇਹ ਪਿਆਰ ਨਾਲ ਹੀ ਦੂਰ ਹੋ ਸਕਦੀ ਹੈ।"

ਉਸ ਨੇ ਆਪਣੇ ਸ਼ਰਧਾਲੂਆਂ ਵਾਸਤੇ ਸੰਯਮ ਦਾ ਪ੍ਰਚਾਰ ਕੀਤਾ। ਉਸ ਨੇ ਕਿਹਾ, "ਆਪਣੇ ਦੀਪਕ ਆਪ ਹੀ ਬਣੋ, ਆਪਣਾ ਸਹਾਰਾ ਵੀ ਆਪ ਹੀ ਬਣੋ, ਕਿਸੇ ਬਾਹਰਲੇ ਦਾ ਸਹਾਰਾ ਨਾ ਲਵੋ, ਸੱਤਿਆ ਉਪਰ ਪੂਰੀ ਤਰ੍ਹਾਂ ਕਾਇਮ ਰਹੋ"। ਬੁੱਧ ਨੇ ਆਪਣੇ ਹੀ ਚੋਟੀ ਦੇ ਸੰਦੇਸ਼ਾਂ ਦਾ ਨਿਚੋੜ 'ਧੱਮਾਪਾਡ' ਵਿਚ ਇਸ ਤਰ੍ਹਾਂ ਪੇਸ਼ ਕੀਤਾ:

ਅਸੀਂ ਆਪ ਹੀ ਬੁਰੇ ਕੰਮ ਕਰਦੇ ਹਾਂ ਤੇ ਆਪ ਹੀ ਉਹਨਾਂ ਦੀ ਪੀੜ ਸਹਿੰਦੇ ਹਾਂ
ਆਪ ਹੀ ਅਸੀਂ ਮਾੜੇ ਕੰਮ ਛੱਡ ਦੇਂਦੇ ਹਾਂ ਤੇ ਆਪ ਹੀ ਪਵਿੱਤਰ ਹੋ ਜਾਂਦੇ ਹਾਂ
ਅਸੀਂ ਆਪ ਹੀ ਆਪਣੇ ਆਪ ਨੂੰ ਬਚਾਉਂਦੇ ਹਾਂ, ਕੋਈ ਹੋਰ ਇਹ ਕੰਮ ਨਹੀਂ ਕਰ ਸਕਦਾ। ਅਸਾਂ ਆਪ ਹੀ ਆਪਣੇ ਮਾਰਗ ਉਪਰ ਚੱਲਣਾ ਹੈ, ਬੁੱਧ ਕੇਵਲ ਇਸ਼ਾਰਾ ਕਰੇਗਾ।

ਬੁੱਧ ਦਾ ਵਿਸ਼ਵਾਸ ਨਾ ਤਾਂ ਅਟਕਲਪੱਚੂ (speculative) ਸੀ ਤੇ ਨਾ ਹੀ ਪਰਾਭੌਤਿਕ (metaphysical) ਬਲਕਿ ਵਿਹਾਰਕ (pragmatic) ਸੀ। ਇਕ ਉਪਦੇਸ਼ ਵਿਚ ਉਸ ਨੇ ਕਿਹਾ ਸੀ, ਮੈ ਕਿਧਰੇ ਇਹ ਸਮਝਾਉਣ ਦਾ ਯਤਨ ਨਹੀਂ ਕੀਤਾ ਕਿ ਇਹ ਸੰਸਾਰ ਸਦੀਵੀ (eternal) ਹੈ, ਸੀਮਤ (finite) ਹੈ ਅਤੇ ਕਿ ਆਤਮਾ ਤੇ ਸਰੀਰ ਇਕ ਦੂਜੇ ਦੇ ਅਨੁਕੂਲ ਹਨ। ਕਿਉਂਕਿ ਇਸ ਦਾ ਕੋਈ ਲਾਭ ਨਹੀਂ ਤੇ ਇਸ ਦਾ ਧਰਮ ਦੇ ਮੂਲ ਨਾਲ ਕੋਈ ਸੰਬੰਧ ਨਹੀਂ ਬਣਦਾ।

ਬੁੱਧ ਦੇ 'ਕਰਮ' ਅਤੇ 'ਆਵਾਗੌਣ' ਬਾਰੇ ਪ੍ਰਗਟਾਏ ਵਿਚਾਰ ਬ੍ਰਾਹਮਣੀ ਵਿਚਾਰਧਾਰਾ ਨਾਲੋਂ ਵੱਖਰੇ ਸਨ। ਉਸ ਦਾ ਕਹਿਣਾ ਸੀ, "ਇਕ ਗਿਆਨਵਾਨ ਸੰਤ ਜਾਂ ਅਰਹਤ (enlightened monk) ਆਪਣੇ ਜੀਵਨ ਕਾਲ ਵਿਚ ਹੀ 'ਜੀਵਾ-ਮੁਕਤੀ' ਪ੍ਰਾਪਤ ਕਰ ਲੈਂਦਾ ਹੈ ਤੇ ਇਸ ਵਾਸਤੇ ਉਸ ਨੂੰ ਪੁਨਰ ਜਨਮ ਪ੍ਰਾਪਤ ਕਰਨ ਦੀ ਲੋੜ ਨਹੀਂ। ਗਿਆਨਵਾਨ ਦੀ ਮੌਤ ਦੇ ਨਾਲ ਹੀ ਲਾਲਸਾ ਦੀ ਅਗਨੀ ਇਕ ਦੀਪਕ ਦੀ ਤਰ੍ਹਾਂ ਬੁਝ ਜਾਂਦੀ ਪਰ ਜਿਹੜੇ ਹੋਰ ਜਿਊਂਦੇ ਤੇ ਸੁਖ ਪ੍ਰਾਪਤ ਕਰਦੇ ਰਹਿਣ ਦੀ ਚਾਹ

ਨਾਲ ਮਰਦੇ ਹਨ, ਉਹਨਾਂ ਵਿਚ ਇਹ ਅਗਨੀ ਬੁਝਦੀ ਨਹੀਂ ਤੇ ਉਹ ਅਗਲਾ ਜਨਮ ਪ੍ਰਾਪਤ ਕਰਦੇ ਹਨ।"

ਬੁੱਧ ਦੇ ਅਨੁਸਾਰ ਹੰਕਾਰ ਦੀ ਕਿਰਿਆ ਵਿਚ ਤੁਹਾਡਾ ਸਰੀਰ, ਅਨੁਭਵ, ਗਿਆਨ, ਸਹਿਜ ਗਿਆਨ ਅਤੇ ਨਿਰਣਾ (ਸਕੰਦਾ) ਸਾਰੇ ਸ਼ਾਮਿਲ ਹੁੰਦੇ ਹਨ। ਮੌਤ ਦੇ ਸਮੇਂ ਸਕੰਦਾ ਨਾਸ਼ ਹੋ ਜਾਂਦਾ ਹੈ। ਜਦੋਂ ਸ਼ਰਧਾਲੂਆਂ ਨੇ ਪੁੱਛਿਆ ਕਿ ਜੇ ਸਕੰਦਾ ਭਾਵ ਕਿ ਨਿਰਣਾ ਹੀ ਖ਼ਤਮ ਹੋ ਗਿਆ ਤਾਂ ਪੁਨਰ ਜਨਮ ਵਾਸਤੇ ਤਾਂ ਕੁਝ ਵੀ ਨਾ ਬਚਿਆ। ਬੁੱਧ ਨੇ ਉੱਤਰ ਦਿੱਤਾ ਕਿ ਪੁਨਰ ਜਨਮ ਹੋਰ ਕੁਝ ਨਹੀਂ ਬਸ ਇਕ ਲਾਟ ਤੋਂ ਦੂਜੀ ਲਾਟ ਜਗਾਉਣਾ ਜਾਂ ਗਿਆਨ ਦੇ ਗੁਰੂ ਵੱਲੋਂ ਸ਼ਿਸ਼ ਤੱਕ ਪ੍ਰਵੇਸ਼ ਦੀ ਕਿਰਿਆ ਹੈ। ਬੁੱਧ ਨੇ ਜਾਤ ਪ੍ਰਣਾਲੀ ਨੂੰ ਰੱਦ ਕਰਦਿਆਂ ਕਿਹਾ:

ਵਿਅਕਤੀਆਂ ਨੂੰ ਗੋਰੇ ਜਾਂ ਕਾਲੇ ਦਰਸਾਉਣਾ ਉਚਿਤ ਨਹੀਂ,
ਕਿਉਂਕਿ ਪਾਪ ਹੀ ਵਿਅਕਤੀ ਨੂੰ ਕਾਲਾ ਬਣਾਉਂਦੇ ਹਨ, ਚਮੜੀ ਦਾ ਰੰਗ ਨਹੀਂ,
ਨਾ ਵਾਲ ਮੁੰਨਣ ਦੇ ਢੰਗ, ਨਾ ਨਸਲ ਤੇ ਨਾ ਹੀ ਜਨਮ ਨਾਲ ਇਹ ਨਿਰਧਾਰਤ ਹੁੰਦਾ ਹੈ,
ਇਕ ਬ੍ਰਾਹਮਣ ਭਾਵੇਂ ਬ੍ਰਾਹਮਣਾਂ ਵਾਲਾ ਨਾਮ ਰੱਖ ਲਵੇ
ਪਰ ਉਸ ਦਾ ਮੁੱਲ ਉਸ ਦੇ ਕੀਤੇ ਕਰਮਾਂ ਨਾਲ ਹੀ ਪੈਣਾ ਹੈ।

ਗੌਤਮ ਬੁੱਧ ਦੀ ਮੌਤ ਤੋਂ ਬਾਅਦ ਉਸ ਦੇ 500 ਪੈਰੋਕਾਰ ਰਾਜਗਰੀਹ ਦੇ ਸਥਾਨ ਉਪਰ ਇਕੱਠੇ ਹੋਏ ਤੇ ਆਪਣੇ ਗੁਰੂ ਦੀਆਂ ਸਿੱਖਿਆਵਾਂ ਨੂੰ ਇਕੱਠਿਆਂ ਕਰਨ ਦਾ ਨਿਰਣਾ ਲਿਆ। ਉਸ ਸਮੇਂ ਸੰਸਕ੍ਰਿਤ ਉਪਰ ਬ੍ਰਾਹਮਣਾਂ ਦੀ ਇਜਾਰੇਦਾਰੀ ਸੀ ਇਸ ਵਾਸਤੇ ਇਹਨਾਂ ਸਿਖਿਆਵਾਂ ਨੂੰ ਪਾਲੀ ਵਿਚ ਸੰਗ੍ਰਹਿ ਕੀਤਾ ਗਿਆ ਜੋ ਓਦੋਂ ਆਮ ਲੋਕਾਂ ਦੀ ਭਾਸ਼ਾ ਸੀ। ਪਾਲੀ ਨਿਯਮਾਂ ਨੂੰ ਬਾਅਦ ਵਿਚ 'ਤਿਪਿਤਕਾ' ਦਾ ਨਾਮ ਦਿੱਤਾ ਜਿਸ ਦੇ ਸ਼ਬਦੀ ਅਰਥ 'ਤਿੰਨ ਟੋਕਰੀਆਂ' ਹਨ। ਪਹਿਲੀ 'ਵਿਨਿਆ ਪਿਤਾਕਾ' ਸੀ ਤੇ ਦੂਜੀ 'ਸੱਤਾ ਪਿਤਾਕਾ' ਜਿਸ ਵਿਚ ਬੁਧ ਦੇ ਸ਼ਲੋਕਾਂ ਦਾ ਸੰਗ੍ਰਹਿ ਕੀਤਾ ਗਿਆ। ਤੀਸਰੀ 'ਅਭਿਧਰਮ ਪਿਤਾਕਾ' ਬਣੀ ਜਿਸ ਵਿਚ ਮਾਨਸਿਕ ਉਲਝਣਾ ਦਾ ਵਿਸ਼ੇਸ਼ਣ ਕੀਤਾ ਗਿਆ।

ਭਿਕਸ਼ੂ ਮੱਠਾਵਲੀ ਬੋਧੀਆਂ ਦੀਆਂ ਧਾਰਮਿਕ ਗਤੀਵਿਧੀਆਂ ਦੀ ਕੇਂਦਰ ਬਿੰਦੂ ਬਣ ਗਈ। ਪੀਲੇ ਰੰਗ ਦੇ ਚੋਲੇ ਪਹਿਨ ਕੇ, ਸਿਰ ਨੂੰ ਰਗੜ ਕੇ ਮੁੰਨ ਕੇ ਅਤੇ ਹੱਥ ਵਿਚ ਕਰਮੰਡਲ ਫੜ੍ਹ ਕੇ ਬੋਧੀ ਭਿਕਸ਼ੂ ਘਰ ਘਰ ਘੁੰਮਣ ਲੱਗ ਪਏ। ਜੋ ਕੁਝ ਵੀ ਕੋਈ ਉਹਨਾਂ ਦੇ ਕਰਮੰਡਲਾਂ ਵਿਚ ਪਾਉਂਦਾ ਉਸ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰਦੇ। ਫਿਰ ਉਹ ਕਿਸੇ ਇਕਾਂਤ ਵਿਚ ਭਗਤੀ ਕਰਨ ਚਲੇ ਜਾਂਦੇ। ਬੋਧੀਆਂ ਦਾ ਧਰਮ ਸੂਤਰ ਬੁੱਧ ਪ੍ਰਤੀ ਵਿਸ਼ਵਾਸ ਸੀ, ਇਹ ਉਹਨਾਂ ਦੇ ਸਮਾਜ ਦਾ ਪਵਿੱਤਰ ਨਿਯਮ ਬਣਿਆ।

ਬੁੱਧਮ ਸਰਨਮ ਗੱਛਾਮੀ (ਮੈਂ ਬੁੱਧ ਦੀ ਸ਼ਰਣ ਵਿਚ ਹਾਂ)।
ਧੱਮਮ ਸਰਨਮ ਗੱਛਾਮੀ (ਮੈਂ ਨਿਯਮਾਂ ਦੀ ਸ਼ਰਣ ਵਿਚ ਹਾਂ)।
ਸੰਘਾਮ ਸਰਨਮ ਗੱਛਾਮੀ (ਮੈਂ ਆਦੇਸ਼ ਦੀ ਸ਼ਰਣ ਵਿਚ ਹਾਂ)।

ਬੁੱਧ ਭਿਕਸ਼ੂਆਂ ਵਾਸਤੇ 10 ਨਿਯਮ ਨਿਰਧਾਰਤ ਕੀਤੇ ਗਏ ਸਨ ਕਿ ਕਿਸੇ ਨੂੰ ਮਾਰੋ ਨਾ, ਚੋਰੀ ਨਾ ਕਰੋ, ਸ਼ੁੱਧ ਰਹੋ, ਝੂਠ ਨਾ ਬੋਲੋ, ਨਸ਼ੇ ਨਾ ਕਰੋ, ਥੋੜਾ ਖਾਓ, ਨਾਚ ਗਾਣੇ ਵਗੈਰਾ ਦੀਆਂ ਖੁਸ਼ੀਆਂ ਨਾ ਮਨਾਓ, ਸੁਗੰਧੀਆਂ ਤੇ ਗਹਿਣੇ ਨਾ ਪਾਓ, ਨਰਮ ਬਿਸਤਰਿਆਂ 'ਤੇ ਨਾ ਸੌਂਵੋ ਅਤੇ ਕਿਸੇ ਕੋਲੋਂ ਵੀ ਸੋਨੇ ਜਾਂ ਚਾਂਦੀ ਦੀ ਦਾਤ ਸਵੀਕਾਰ ਨਾ ਕਰੋ। ਵੇਖਿਆ ਜਾਵੇ ਤਾਂ ਪਹਿਲੇ ਚਾਰ ਨਿਯਮ ਬਿਲਕੁੱਲ ਉਹੀ ਹਨ ਜੋ ਜੈਨ ਧਰਮ ਨੇ ਅਪਨਾਏ ਸਨ। ਇਹ ਚਾਰ ਸਾਰੇ ਸਾਧਾਰਣ ਵਿਅਕਤੀਆਂ ਵਾਸਤੇ ਵੀ ਹਨ ਤੇ ਭਿਕਸ਼ੂਆਂ ਵਾਸਤੇ ਵੀ।

ਬੇਸ਼ੱਕ ਬੁੱਧ ਧਰਮ ਬਹੁਤ ਤੇਜ਼ੀ ਨਾਲ ਫੈਲਿਆ ਪਰ ਇਸ ਦੇ ਪੈਰੋਕਾਰ ਜਲਦੀ ਹੀ ਕਈ ਹਿੱਸਿਆਂ ਵਿਚ ਵੰਡੇ ਗਏ। ਇਕ ਸਦੀ ਅੰਦਰ ਹੀ ਬੁੱਧ ਧਰਮ ਦੇ ਅਠਾਰਾਂ ਵੱਖ ਵੱਖ ਗਰੁੱਪ ਬਣ ਗਏ। ਪਹਿਲੀ ਇਕੱਤਰਤਾ ਤੋਂ ਪੂਰੇ 100 ਸਾਲ ਬਾਅਦ ਦੂਸਰੀ ਇਕੱਤਰਤਾ ਵੈਂਡਾਲੀ ਦੇ ਸਥਾਨ 'ਤੇ ਕੀਤੀ ਗਈ। ਇਸ ਰਾਹੀਂ ਵੀ ਵੱਖ ਵੱਖ ਵਿਚਾਰਾਂ ਨੂੰ ਸਮੇਟਣ ਵਿਚ ਸਫਲਤਾ ਨਹੀਂ ਮਿਲੀ।

ਬੁੱਧ ਧਰਮ ਨੂੰ ਵੱਡੀ ਚੜ੍ਹਤ ਮੌਰਿਆ ਵੰਸ਼ ਦੇ ਰਾਜਿਆਂ ਵੇਲੇ ਮਿਲੀ। ਮਹਾਰਾਜਾ ਅਸ਼ੋਕ ਕਲਿੰਗਾ ਦੀ ਬਹੁਤ ਖੂਨੀ ਲੜਾਈ ਜਿੱਤਣ ਤੋਂ ਬਾਅਦ ਲੱਗਪੱਗ 273 ਈਸਵੀ ਪੂਰਵ ਬੁੱਧ ਧਰਮ ਵਿਚ ਸ਼ਾਮਿਲ ਹੋ ਗਿਆ। ਉਸ ਨੇ ਬੁੱਧ ਧਰਮ ਦੇ ਨਿਯਮਾਂ ਨੂੰ ਸ਼ਿਲਾਲੇਖਾਂ ਤੇ ਪੱਥਰਾਂ ਉਪਰ ਉਕਰਾ ਕੇ ਸਾਰੇ ਮੁਲਕ ਵਿਚ ਲਗਾ ਦਿੱਤੇ। ਉਸ ਨੇ ਪੜੋਸੀ ਮੁਲਕਾਂ ਵਿਚ ਆਪਣੇ ਦੂਤ ਭੇਜੇ। ਉਸ ਦਾ ਆਪਣਾ ਪੁੱਤਰ ਹੀ ਉਸ ਦਾ ਸੰਦੇਸ਼ ਲੈ ਕੇ ਸ੍ਰੀਲੰਕਾ ਗਿਆ। ਪੰਜਵੀ ਸਦੀ ਈਸਵੀ ਪੂਰਵ ਵਿਚ 'ਬੁੱਧਗੋਸਾ' ਦਾ ਪਾਲੀ ਤੋਂ ਸ੍ਰੀਲੰਕਾ ਦੀ ਭਾਸ਼ਾ ਸਿਨਲੀਜ਼ ਵਿਚ ਅਨੁਵਾਦ ਕੀਤਾ ਗਿਆ। ਇਸ ਤਰ੍ਹਾਂ ਲੱਗਪੱਗ ਸਾਰੇ ਸ੍ਰੀਲੰਕਾ ਨੇ ਬੁੱਧ ਧਰਮ ਅਪਣਾ ਲਿਆ।

ਈਸਾ ਪੂਰਵ ਦੀ ਪਹਿਲੀ ਸਦੀ ਵਿਚਕਾਰ ਬੁੱਧ ਧਰਮ ਤਿੱਬਤ ਦੇ ਰਾਹੀਂ ਚੀਨ ਵਿਚ ਪਹੁੰਚ ਗਿਆ ਤੇ ਅਗਲੇ 500 ਸਾਲਾਂ ਵਿਚ ਇਹ ਉਹਨਾਂ ਦੋਹਾਂ ਮੁਲਕਾਂ ਦਾ ਮੁੱਖ ਧਰਮ ਬਣ ਗਿਆ।

ਮਹਾਰਾਜਾ ਅਸ਼ੋਕ ਦੀ ਮੌਤ ਤੋਂ ਬਾਅਦ 800 ਸਾਲ ਤੱਕ ਭਾਰਤ ਦਾ ਸਭ ਤੋਂ ਵੱਡਾ ਤੇ ਮੁੱਖ ਧਰਮ ਬੁੱਧ-ਧਰਮ ਬਣ ਗਿਆ ਸੀ। ਲੇਕਿਨ 1000 ਈਸਵੀ ਦੇ ਮੌਕੇ ਇਹ ਪੂਰੀ ਤਰ੍ਹਾਂ ਪਿੱਛੇ ਹਟਣਾ ਸ਼ੁਰੂ ਹੋ ਗਿਆ ਤੇ ਇਸ ਦਾ ਸਥਾਨ ਹਿੰਦੂ ਧਰਮ ਲੈਣ ਲੱਗਾ। ਕਿਉਂਕਿ ਬੁੱਧ ਧਰਮ ਨੇ ਬਹੁਤ ਸਾਰੇ ਵਿਚਾਰ ਹਿੰਦੂ ਧਰਮ ਵਿਚੋਂ ਹੀ ਲਏ ਸਨ ਇਸ ਵਾਸਤੇ ਕੁਝ ਨਵੇਂ ਬੋਧੀ ਵਿਚਾਰਾਂ ਨੂੰ ਵੀ ਨਾਲ ਲੈ ਕੇ ਹਿੰਦੂ ਧਰਮ ਨੂੰ ਸੁਰਜੀਤ ਕਰਨ ਦੇ ਯਤਨ ਹੋਣ ਲੱਗੇ। ਇਸੇ ਕਾਰਣ ਜਦੋਂ ਮੁਸਲਮਾਨਾਂ ਨੇ ਭਾਰਤ ਉਪਰ ਕਬਜ਼ਾ ਕਰਨਾ ਸ਼ੁਰੂ ਕੀਤਾ ਤਾਂ ਇਸਲਾਮਿਕ ਦਬਾਓ ਦੇ ਅੱਗੇ ਹਿੰਦੂ ਧਰਮ ਟਿਕਿਆ ਰਹਿ ਸਕਿਆ। ਬੁੱਧ ਧਰਮ ਖੇਰੂ ਖੇਰੂ ਹੋ ਕੇ ਭਾਰਤ ਵਿਚੋਂ ਇਕ ਤਰ੍ਹਾਂ ਨਾਲ ਨਿਕਲ ਹੀ ਗਿਆ।

ਅਸੀਂ ਬੁਧ ਧਰਮ ਦੇ ਵੱਖ ਵੱਖ ਫਿਰਕਿਆਂ ਅੰਦਰ ਨਹੀਂ ਜਾਣਾ ਚਾਹੁੰਦੇ ਕਿਉਂਕਿ

ਇਹਨਾਂ ਵਿਚ ਜਿਹੜੇ ਮੁੱਖ ਹਨ ਉਹਨਾਂ ਦਾ ਭਾਰਤ ਨਾਲ ਕੋਈ ਸੰਬੰਧ ਨਹੀਂ। 'ਮਹਾਯਾਨਾ' ਜਿਸ ਦਾ ਅਰਥ ਵੱਡੀ ਵਾਹਨ ਹੈ ਤਿੱਬਤ ਦੇ ਲਾਮਾਵਾਦ ਨਾਲ ਸੰਬੰਧਤ ਹੈ। 'ਜ਼ੇਨ-ਬੁੱਧਾ' ਜਪਾਨ ਵਿਚ ਹੈ। ਓਧਰ 'ਹਿਨਾਯਾਨਾ' ਜਿਸ ਦਾ ਅਰਥ ਛੋਟੀ ਵਾਹਨ ਹੈ ਅਤੇ 'ਥੇਰਾਵਾਦ' ਕਿਸਮ ਦੇ ਬੋਧੀ ਫਿਰਕੇ ਸ੍ਰੀਲੰਕਾ, ਬਰਮਾ ਤੇ ਥਾਈਲੈਂਡ ਨਾਲ ਸੰਬੰਧ ਰੱਖਦੇ ਹਨ।

ਇਸ ਦੇ ਬਾਵਜੂਦ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਦਾ ਭਾਰਤੀ ਦਰਸ਼ਨ ਉਪਰ ਬਹੁਤ ਵੱਡਾ ਪ੍ਰਭਾਵ ਹੈ। ਡਾਕਟਰ ਰਾਧਾਕ੍ਰਿਸ਼ਨ ਦਾ ਕਹਿਣਾ ਹੈ, "ਬੁੱਧਵਾਦ ਉਹਨਾਂ ਭਾਰਤੀਆਂ ਦੇ ਹਿਰਦਿਆਂ ਵਿਚ ਵੱਸਿਆ ਪਿਆ ਹੈ ਜਿਹਨਾਂ ਨੇ ਆਪਣਾ ਪ੍ਰਾਚੀਨ ਨਹੀਂ ਛੱਡਿਆ। ਬੁੱਧ ਦਾ ਅਸਤਿੱਤਵ ਅਸੀਂ ਆਪਣੇ ਚਾਰ ਚਫੇਰੇ ਹੀ ਅਨੁਭਵ ਕਰਦੇ ਹਾਂ।"

ਬਾਅਦ ਵਿਚ ਭਾਰਤ ਅੰਦਰ ਇਕ ਤਰ੍ਹਾਂ ਨਾਲ ਬੁੱਧ ਧਰਮ ਦਾ ਪੁਨਰ ਜਨਮ ਵੀ ਹੋਇਆ। ਬ੍ਰਹਮ ਵਿੱਦਿਆ ਦੀ ਸਾਧਨਾ ਵਾਲੇ ਕੁਝ 'ਥੀਓਸੋਫਿਸਟਾਂ' (Theosophists) ਨੇ ਇਸ ਧਰਮ ਪ੍ਰਤੀ ਦਿਲਚਸਪੀ ਨੂੰ ਮੁੜ ਸੁਰਜੀਤ ਕੀਤਾ। ਪਹਿਲਾਂ 1891 ਵਿਚ 'ਮਹਾਬੋਧੀ ਸੁਸਾਇਟੀ' ਦਾ ਗਠਨ ਹੋਇਆ ਤੇ ਬਾਅਦ ਵਿਚ 'ਭਾਰਤੀਆ ਬੋਧ ਮਹਾਂਸਭਾ ਦੀ ਸਥਾਪਨਾ ਬੁੱਧ ਧਰਮ ਦੇ ਪ੍ਰਚਾਰ ਦੇ ਉਦੇਸ਼ ਨਾਲ ਹੋਈ। ਮਹਾਰਾਸ਼ਟਰ ਦੇ ਮਹਾਰ ਜਾਤੀ ਦੇ ਅਛੂਤਾਂ ਅਤੇ ਇਸਾਈਆਂ ਵੱਲੋਂ 1956 ਵਿਚ ਬੁੱਧ ਧਰਮ ਵੱਲ ਵੱਡੀ ਪੱਧਰ ਦੇ ਧਰਮ ਪ੍ਰੀਵਰਤਨ ਨਾਲ ਇਸ ਧਰਮ ਨੂੰ ਇਕ ਵੱਡਾ ਹੁਲਾਰਾ ਮਿਲਿਆ। ਚੀਨ ਵੱਲੋਂ ਤਿੱਬਤ ਉਪਰ ਹਮਲਾ ਕਰਕੇ ਆਪਣੇ ਕਬਜ਼ੇ ਵਿਚ ਲੈ ਲੈਣ ਨਾਲ ਭਾਰਤ ਨੂੰ ਬੋਧੀਆਂ ਦੀ ਵੱਡੀ ਆਬਾਦੀ ਮਿਲ ਗਈ ਜਿਹਨਾਂ ਵਿਚ ਤਿਬਤੀ ਬੋਧੀਆਂ ਦਾ ਗੁਰੂ ਦਲਾਈ ਲਾਮਾ ਵੀ ਸ਼ਾਮਿਲ ਹੋਇਆ। ਇਸ ਤਰ੍ਹਾਂ 1971 ਦੀ ਜਨਗਣਨਾ ਅਨੁਸਾਰ ਭਾਰਤ ਵਿਚ ਬੋਧੀਆਂ ਦੀ ਗਿਣਤੀ 32 ਲੱਖ, 50 ਹਜ਼ਾਰ, 227 ਦਰਜ ਕੀਤੀ ਗਈ (*ਹੁਣ ਇਹ 80 ਲੱਖ 90 ਹਜ਼ਾਰ ਹੈ*)।

ਇਹ ਨੋਟ ਕਰਨ ਵਾਲੀ ਗੱਲ ਹੈ ਕਿ ਆਜ਼ਾਦ ਭਾਰਤ ਦੇ ਦੋ ਰਾਸ਼ਟਰੀ ਚਿੰਨ: ਤਿੰਨ ਸ਼ੇਰਾਂ ਦੀ ਮੂਰਤੀ ਤੇ ਚੱਕਰ ਬੁੱਧ-ਕਾਲ ਨਾਲ ਜੁੜੇ ਹੋਏ ਹਨ।

ਚੈਪਟਰ 6

ਇਸਲਾਮ ਤੇ ਭਾਰਤੀ ਮੁਸਲਮਾਨ

ਮੁਸਲਮਾਨ ਭਾਰਤ ਦੀ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਹਨ ਤੇ ਇਹ ਕੁੱਲ ਅਬਾਦੀ ਦਾ 10.7 ਪ੍ਰਤੀਸ਼ਤ ਹਨ (*2011 ਦੀ ਜਨਗਣਨਾ ਮੁਤਾਬਕ ਇਹ 13 ਪ੍ਰਤੀਸ਼ਤ ਹਨ*)। ਇੰਡੋਨੇਸ਼ੀਆ ਤੇ ਬੰਗਲਾ ਦੇਸ਼ ਤੋਂ ਬਾਅਦ ਭਾਰਤ ਹੀ ਦੁਨੀਆ ਦਾ ਤੀਸਰਾ ਵੱਡਾ ਮੁਸਲਿਮ ਦੇਸ਼ ਹੈ (*ਲੇਕਿਨ ਅਸਲ ਵਿਚ ਭਾਰਤ ਇੰਡੋਨੇਸ਼ੀਆ ਤੋਂ ਬਾਅਦ ਦੂਜਾ ਵੱਡਾ ਮੁਸਲਿਮ ਦੇਸ਼ ਹੈ, ਇਥੋਂ ਦੇ ਮੁਸਲਮਾਨਾਂ ਦੀ13 ਕਰੋੜ 80 ਲੱਖ ਦੀ ਗਿਣਤੀ ਬੰਗਲਾ ਦੇਸ਼ ਦੀ ਕੁੱਲ ਆਬਾਦੀ ਨਾਲੋਂ ਕਰੀਬ ਦੁਗਣੀ ਹੈ - ਅਨੁ:*)। ਇਹਨਾਂ ਦੇ ਹਾਲਾਤ ਹੀ ਭਾਰਤ ਵੱਲੋਂ ਧਰਮ ਨਿਰਪੱਖ ਦੇਸ਼ ਹੋਣ ਦੇ ਦਾਅਵਿਆਂ ਦਾ ਵੱਡਾ ਇਮਤਿਹਾਨ ਹੈ। ਇਸਲਾਮ ਕਰਿਸਚੀਅਨਾਂ ਤੇ ਯਹੂਦੀਆਂ ਦੀ ਤਰ੍ਹਾਂ ਨਾ ਸਿਰਫ਼ ਹਿੰਦੂਆਂ ਤੋਂ ਬਿਲਕੁੱਲ ਵੱਖਰੀ ਕਿਸਮ ਦਾ ਧਰਮ ਹੈ, ਇਸ ਦੀ ਬਹੁ ਗਿਣਤੀ ਨੇ ਭਾਰਤ ਨਾਲੋਂ ਅੱਡ ਹੋ ਕੇ ਮੁਸਲਮਾਨਾਂ ਵਾਸਤੇ ਵੱਖਰਾ ਮੁਲਕ, ਪਾਕਿਸਤਾਨ, ਕਾਇਮ ਕਰਨ ਵਿਚ ਪੂਰੀ ਮਦਦ ਕੀਤੀ ਸੀ। ਗੈਰ ਮੁਸਲਿਮ ਆਬਾਦੀ ਵਿਚ ਅਜਿਹੇ ਬਹੁਤ ਲੋਕ ਹਨ ਜੋ ਮੁਸਲਮਾਨਾਂ ਦੀ ਇਸ ਮੁਲਕ ਪ੍ਰਤੀ ਵਫ਼ਾਦਾਰੀ ਉਪਰ ਸ਼ੰਕਾ ਕਰਦੇ ਹਨ। ਇਹਨਾਂ ਕਾਰਣਾਂ ਕਰਕੇ ਭਾਰਤੀ ਮੁਸਲਮਾਨਾਂ ਬਾਰੇ ਜਾਨਣਾ ਕਾਫੀ ਮਹੱਤਵਪੂਰਣ ਹੈ।

ਸਭ ਤੋਂ ਪਹਿਲਾਂ ਸਾਨੂੰ ਇਸਲਾਮ ਧਰਮ ਦੇ ਬਾਨੀ ਮੁਹੰਮਦ ਸਾਹਿਬ ਦੇ ਜੀਵਨ ਤੇ ਉਸ ਦੀਆਂ ਸਿਖਿਆਵਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਅਸੀਂ ਇਸਲਾਮ ਦੇ ਭਾਰਤ ਵਿਚ ਦਾਖਲੇ, ਹਿੰਦੂਵਾਦ ਉਪਰ ਉਸ ਦੇ ਪ੍ਰਭਾਵ ਤੇ ਭਾਰਤ ਦੇ ਸਮਾਜਕ ਨਕਸ਼ੇ ਦੀਆਂ ਤਬਦੀਲੀਆਂ ਬਾਰੇ ਜ਼ਿਕਰ ਕਰਾਂਗੇ।

6ਵੀਂ ਈਸਵੀ ਵਿਚ ਮੱਕਾ ਇਕ ਤਰੱਕੀ ਕਰਦਾ ਵਪਾਰਕ ਸ਼ਹਿਰ ਸੀ ਜਿਸ ਵਿਚ ਈਸਾਈ, ਯਹੂਦੀ ਤੇ ਬੁੱਤ-ਪੂਜਕਾਂ ਦੀ ਆਬਾਦੀ ਵੱਸਦੀ ਸੀ। ਮੱਕਾ ਦੇ ਬਹੁਗਿਣਤੀ ਬਸ਼ਿੰਦੇ ਇਕ ਵੱਡੇ ਸਾਰੇ ਪੱਥਰ ਦੀ ਪੂਜਾ ਕਰਦੇ ਸਨ ਜੋ ਕਾਅਬਾ ਵਿਚ ਉੱਭਰਿਆ ਹੋਇਆ ਸੀ ਤੇ ਜਿਸ ਉਪਰ ਹੂਬਲ ਅਤੇ ਤਿੰਨ ਦੇਵੀਆਂ ਦੀਆਂ ਮੂਰਤੀਆਂ ਉਕਰੀਆਂ ਹੋਈਆਂ ਸਨ। ਮੱਕਾ ਸਿਰਫ਼ ਵੱਖ ਵੱਖ ਤਰੀਕਿਆਂ ਨਾਲ ਪੂਜਾ ਕਰਨ ਵਾਲਿਆਂ ਵਿਚ ਹੀ ਨਹੀਂ ਨਸਲਾਂ ਤੇ ਫਿਰਕਿਆਂ ਵਿਚ ਵੀ ਵੰਡਿਆ ਹੋਇਆ ਸੀ ਜੋ ਆਪਸ ਵਿਚ ਲੜਦੇ ਰਹਿੰਦੇ ਸਨ। ਦੋ ਮੁੱਖ ਫਿਰਕੇ 'ਕੁਰੈਸ਼' ਤੇ 'ਖੋਜਾ' ਨਾਮ ਦੇ ਸਨ। ਕੁਰੈਸ਼ ਅੱਗੋਂ 'ਹਾਸ਼ੀਮਾਈਟ' ਤੇ 'ਓਮਿਆਦ' ਦੇ ਉਪ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਜਿਤਨੀ ਦੇਰ ਤੱਕ ਵਪਾਰ ਠੀਕ ਚੱਲਦਾ ਸੀ ਮੱਕਾ ਵਾਸੀ ਆਪਸ ਵਿਚ ਚੰਗੀ ਤਰ੍ਹਾਂ ਨਿਰਬਾਹ ਕਰੀ ਜਾ ਰਹੇ ਸਨ। ਲੇਕਿਨ 6ਵੀਂ ਸਦੀ ਦੇ ਸ਼ੁਰੂ ਵਿਚ ਹੀ ਕਾਰਵਾਂ ਵਾਲਿਆਂ ਨੇ ਨਵਾਂ ਰੂਟ ਅਪਣਾ ਲਿਆ ਤੇ ਮੱਕਾ ਨੂੰ ਬਾਈ ਪਾਸ ਕਰਕੇ ਲੰਘਣ ਲੱਗ ਪਏ। ਜਿਵੇਂ

ਜਿਵੇਂ ਆਮਦਨ ਘਟਣ ਲੱਗੀ ਤਾਂ ਫਿਰਕਿਆਂ ਵਿਚ ਵਿਰੋਧ ਵਧਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਮੱਕਾ ਵਿਚ ਉਹ ਸਾਰੀਆਂ ਬੁਰਾਈਆਂ ਪੈਦਾ ਹੋ ਗਈਆਂ ਜੋ ਮੰਦਵਾੜੇ ਵਿਚ ਪੈਦਾ ਹੋ ਜਾਂਦੀਆਂ ਹਨ ਜਿਵੇਂ ਕਿ ਗਰੀਬੀ, ਭੁੱਖ ਮਰੀ, ਜੂਆ, ਨਸ਼ੇਬਾਜ਼ੀ, ਵੇਸਵਾਗਮਨੀ ਤੇ ਹਿੰਸਾ ਵਗੈਰਾ।

570 ਈਸਵੀ ਦੇ ਸਾਲ ਵਿਚ ਕੁਰੈਸ਼ੀ ਫਿਰਕੇ ਦੇ ਹਸ਼ੀਮਾਈਟ ਵਰਗ ਦੇ ਘਰ ਵਿਚ ਮੁਹੰਮਦ ਸਾਹਿਬ ਦਾ ਜਨਮ ਹੋਇਆ। ਉਸ ਦਾ ਪਿਤਾ ਜਨਮ ਤੋਂ ਪਹਿਲਾਂ ਹੀ ਚੱਲ ਵੱਸਿਆ ਸੀ ਤੇ ਮਾਤਾ ਜਨਮ ਤੋਂ ਕੇਵਲ 6 ਸਾਲ ਬਾਅਦ ਹੀ ਪੂਰੀ ਹੋ ਗਈ। ਇਸ ਦੀ ਪਰਵਰਿਸ਼ ਇਸ ਦੇ ਦਾਦਾ ਨੇ ਕੀਤੀ ਤੇ ਉਸ ਤੋਂ ਬਾਅਦ ਉਸ ਦੇ ਚਾਚਾ ਅਬੂ ਤਾਲਿਬ ਨੇ।

ਆਪਣੇ ਚਾਚਾ ਦੇ ਕਾਰਵਾਂ ਵਿਚ ਸਫ਼ਰ ਕਰਦਿਆਂ ਮੁਹੰਮਦ ਨੇ ਹੋਰ ਅਰਬ ਇਲਾਕੇ ਸੀਰੀਆ ਤੇ ਪਲਸਤੀਨ ਵੇਖੇ। ਉਸ ਨੇ ਇਕ ਅਮੀਰ ਵਿਧਵਾ, ਖਦੀਜਾ ਕੋਲ ਊਠ ਵਾਹੁਣ ਦੀ ਨੌਕਰੀ ਕਰ ਲਈ ਤੇ ਬਾਅਦ ਵਿਚ ਉਸੇ ਨਾਲ ਵਿਆਹ ਕਰ ਲਿਆ ਜੋ ਉਸ ਨਾਲੋਂ 15 ਸਾਲ ਵੱਡੀ ਸੀ। ਜਿਤਨੀ ਦੇਰ ਤੱਕ ਉਹ ਜਿਊਂਦੀ ਰਹੀ ਮੁਹੰਮਦ ਨੇ ਹੋਰ ਕੋਈ ਸ਼ਾਦੀ ਨਹੀਂ ਕੀਤੀ। ਉਸ ਨੇ ਦੋ ਪੁੱਤਰਾਂ ਤੇ ਤਿੰਨ ਧੀਆਂ ਨੂੰ ਜਨਮ ਦਿੱਤਾ। ਦੋਵੇਂ ਪੁੱਤਰ ਬਾਲਪਣ ਵਿਚ ਹੀ ਮਰ ਗਏ। ਇਕ ਧੀ ਰੁਕਈਆ ਦੀ ਸ਼ਾਦੀ ਉਸਮਾਨ ਨਾਲ ਹੋ ਗਈ (ਜੋ ਬਾਅਦ ਵਿਚ ਤੀਸਰਾ ਖ਼ਲੀਫ਼ਾ ਬਣਿਆ ਸੀ)। ਫਾਤਮਾ ਦੀ ਸ਼ਾਦੀ ਅਬੂ ਤਾਲਿਬ ਦੇ ਪੁੱਤਰ ਅਲੀ ਨਾਲ ਹੋ ਗਈ ਸੀ। ਅਲੀ ਚੌਥਾ ਖ਼ਲੀਫ਼ਾ ਬਣਿਆ ਤੇ ਹਜ਼ਰਤ ਮੁਹੰਮਦ ਦੇ ਦੋਹਤਰੇ ਹਸਨ ਤੇ ਹੁਸੈਨ ਦਾ ਪਿਤਾ ਵੀ।

ਇਕ ਨਵਾਂ ਮਜ਼ਹਬ ਬਣਾਉਣ ਦਾ ਸੱਦਾ ਮੁਹੰਮਦ ਨੂੰ ਓਦੋਂ ਮਿਲਿਆ ਜਦੋਂ ਉਹ ਖਾਦੀਜਾ ਦੀ ਨੌਕਰੀ ਕਰ ਰਿਹਾ ਸੀ। ਪਸ਼ੂ ਚਰਾਂਦੇ ਵਕਤ ਉਸ ਨੇ ਅਰਾਮ ਕਰਨ ਵਾਸਤੇ ਇਕਾਂਤ ਦੀ ਥਾਂ ਹੀਰਾ ਪਹਾੜ ਦੀ ਗੁਫ਼ਾ ਲੱਭੀ। ਇਕ ਦਿਨ ਬਾਅਦ ਦੁਪਹਿਰ ਉਥੇ ਇਕ ਫਰਿਸ਼ਤਾ ਗਬਰੈਲ ਉਸ ਦੇ ਸਾਹਮਣੇ ਆਇਆ ਤੇ ਉਸ ਨੂੰ ਕੁਝ ਉਚਾਰਨ ਕਰਨ ਵਾਸਤੇ ਕਿਹਾ। ਮੁਹੰਮਦ ਨੇ ਉਸੇ ਤਰ੍ਹਾਂ ਕੀਤਾ ਜਿਵੇਂ ਉਸ ਨੇ ਕਿਹਾ ਸੀ ਤੇ ਉਸ ਦੇ ਵਿਚੋਂ ਰੱਬ ਦੀ ਆਵਾਜ਼ ਆਈ। ਪਹਿਲੇ ਬੋਲ ਭਾਵ ਕਿ ਕੁਰਾਨ ਸ਼ਰੀਫ਼ ਦਾ 46ਵਾਂ ਸੂਰਾ ਇਸ ਤਰ੍ਹਾਂ ਸੀ:

ਆਪਣੇ ਮਾਲਕ ਦੇ ਨਾਮ ਜਿਸ ਨੇ
ਖੂਨ ਦੇ ਧੱਬੇ ਦਾ ਆਦਮੀ ਬਣਾਇਆ, ਪੜ੍ਹੋ
ਅਤੇ ਉਹ ਮਾਲਕ ਬਹੁਤ ਮਿਹਰਬਾਨ ਹੈ
ਜਿਸ ਨੇ ਕਲਮ ਨਾਲ ਸਿਖਾਇਆ
ਆਦਮੀ ਨੂੰ ਸਿਖਾਇਆ ਜੋ ਉਹ ਨਹੀਂ ਜਾਣਦਾ ਸੀ

ਇਹ ਕਿਰਿਆ ਕੁਝ ਦਿਨ ਬਾਅਦ ਫਿਰ ਦੁਹਰਾਈ ਗਈ। ਮੁਹੰਮਦ ਨਾਲ ਜੋ ਬੀਤੀ ਉਸ ਨੇ ਆਪਣੀ ਪਤਨੀ ਨੂੰ ਦੱਸਿਆ। ਬਿਨਾਂ ਝਿਜਕ ਉਸ ਨੇ ਉਸ ਨੂੰ ਰੱਬ ਦਾ ਨਵਾਂ ਅਵਤਾਰ, ਨਬੀ ਐਲਾਨਿਆ ਤੇ ਇਸਲਾਮ ਦਾ ਰਸੂਲ। ਉਸ ਤੋਂ ਬਾਅਦ ਉਸ ਦਾ

ਚਚੇਰਾ ਭਾਈ ਅਲੀ, ਉਸ ਦਾ ਇਕ ਗੁਲਾਮ ਤੇ ਦੋ ਰਿਸ਼ਤੇਦਾਰ ਅਬੂ ਬਕਰ ਤੇ ਉਸਮਾਨ ਮੁਸਲਮਾਨ ਬਣ ਗਏ।

ਮੁਹੰਮਦ ਦੇ ਨਬੀ ਐਲਾਨੇ ਜਾਣ ਨਾਲ ਮੱਕਾ ਵਾਸੀਆਂ ਵਿਚ ਉਸ ਪ੍ਰਤੀ ਦੁਸ਼ਮਣੀ ਪੈਦਾ ਹੋ ਗਈ, ਖਾਸ ਕਰਕੇ, ਉਸ ਦੇ ਆਪਣੇ ਫਿਰਕੇ ਕਰੈਸ਼ ਦੇ ਅੰਦਰ। ਚਾਰ ਸਾਲਾਂ ਅੰਦਰ ਮੁਹੰਮਦ ਸਾਹਿਬ ਆਪਣੇ ਚਾਲੀ ਪੈਰੋਕਾਰ ਵੀ ਨਾ ਬਣਾ ਸਕੇ। ਇਹਨਾਂ ਚਾਰ ਸਾਲਾਂ ਵਿਚ ਉਸ ਦੀ ਅਮੀਰ ਪਤਨੀ, ਖਦੀਜਾ ਅਤੇ ਉਸ ਦਾ ਚਾਚਾ ਅਬੂ ਤਾਲਿਬ ਚੱਲ ਵੱਸੇ। ਉਹਨਾਂ ਦੀ ਮੌਤ ਤੋਂ ਬਾਅਦ ਮੱਕਾ ਵਾਸੀਆਂ ਦੀ ਮੁਹੰਮਦ ਸਾਹਿਬ ਨਾਲ ਦੁਸ਼ਮਣੀ ਹੋਰ ਵਧ ਗਈ। ਇਸ ਦੇ ਬਾਵਜੂਦ ਉਹਨਾਂ ਦਾ ਨਾਮ ਮੱਕਾ ਦੇ ਬਾਹਰ ਦੇ ਖਾਨਾਬਦੋਸ਼ ਕਬੀਲੇ ਬੇਦੋਇਨ ਵਿਚ ਚੰਗੀ ਤਰ੍ਹਾਂ ਫੈਲ ਗਿਆ ਤੇ ਮਦੀਨਾਂ ਸ਼ਹਿਰ ਵਿਚ ਉਹਨਾਂ ਨੂੰ ਰੱਬ ਦੇ ਦੂਤ ਦੀ ਤਰ੍ਹਾਂ ਜਾਨਣ ਵਾਲੇ ਕਈ ਲੋਕ ਹੋ ਗਏ। ਆਖਰ ਮਦੀਨਾ ਵਾਸੀਆਂ ਨੇ ਉਸ ਨੂੰ ਸ਼ਹਿਰ ਬਦਲ ਕਰਕੇ ਉਥੇ ਆ ਵੱਸਣ ਦਾ ਸੱਦਾ ਦਿੱਤਾ।

622 ਈਸਵੀ ਨੂੰ ਮੁਹੰਮਦ ਸਾਹਿਬ ਨੇ ਮੱਕਾ ਛੱਡ ਦਿੱਤਾ ਤੇ ਮਦੀਨਾ ਨੂੰ ਹਿਜਰਤ ਕਰ ਦਿੱਤੀ। ਮਦੀਨਾ ਵਿਚ ਹੀ ਸੰਸਾਰ ਦੀ ਪਹਿਲੀ ਮਸਜਿਦ ਦਾ ਨਿਰਮਾਣ ਹੋਇਆ ਤੇ ਉਸ ਦੀ ਮੀਨਾਰ ਤੋਂ ਹੀ ਪਹਿਲੀ ਵਾਰ ਅਜ਼ਾਨ ਦਿੱਤੀ ਗਈ। ਇਥੇ ਹੀ ਪਹਿਲੀ ਵਾਰ ਨਮਾਜ਼ ਪੜ੍ਹੀ ਗਈ, ਉਸ ਦੇ ਬੋਲ ਦੱਸੇ ਗਏ (*ਨਮਾਜ਼ ਵਾਸਤੇ ਮਸਜਿਦ ਤੋਂ ਆਵਾਜ਼ ਦਿੱਤੇ ਜਾਣ ਨੂੰ ਅਜ਼ਾਨ ਕਿਹਾ ਜਾਂਦਾ ਹੈ, ਪੰਜਾਬੀ ਵਿਚ ਇਸ ਨੂੰ ਬਾਂਗ ਦੇਣਾ ਵੀ ਕਿਹਾ ਜਾਂਦਾ ਹੈ, ਇਸ ਤਰ੍ਹਾਂ ਹਰ ਰੋਜ਼ ਪੰਜ ਵਾਰ ਨਮਾਜ਼ ਵਾਸਤੇ ਅਜ਼ਾਨ ਹੁੰਦੀ ਹੈ ਤੇ ਉਸ ਤੋਂ ਬਾਅਦ ਨਮਾਜ਼ ਪੜ੍ਹੀ ਜਾਂਦੀ ਹੈ – ਅਨੁ:*)।

ਮੱਕਾ ਵਾਲਿਆਂ ਨੇ ਇਥੇ ਆ ਕੇ ਵੀ ਮੁਹੰਮਦ ਸਾਹਿਬ ਨੂੰ ਫੜਨ ਦੀ ਕੋਸ਼ਿਸ਼ ਕੀਤੀ ਲੇਕਿਨ ਹੁਣ ਏਧਰ ਕਾਫੀ ਪੈਰੋਕਾਰ ਹੋ ਗਏ ਸਨ ਤੇ ਉਹਨਾਂ ਨੇ ਮੱਕਾ ਵਾਲਿਆਂ ਦਾ ਹਮਲਾ ਨਾਕਾਮ ਕਰ ਦਿੱਤਾ। ਬਲਕਿ ਇਸ ਤੋਂ ਬਾਅਦ ਮੁਹੰਮਦ ਸਾਹਿਬ ਦੇ ਪੈਰੋਕਾਰਾਂ ਨੇ ਮੱਕਾ ਉਪਰ ਕਬਜ਼ਾ ਕਰ ਲਿਆ ਤੇ ਕਾਅਬਾ ਦੇ ਬੁੱਤ ਤੋੜ ਦਿੱਤੇ। ਲੇਕਿਨ ਸ਼ਹਿਰ ਦੇ ਵਿਚਕਾਰਲੀ ਚੱਟਾਨ ਜਿਸ ਦੀ ਪੂਜਾ ਪੁਰਾਣੇ ਵਕਤਾਂ ਤੋਂ ਚੱਲਦੀ ਆ ਰਹੀ ਸੀ, ਉਸ ਨੂੰ ਉਸੇ ਤਰ੍ਹਾਂ ਚੱਲਦੀ ਰਹਿਣ ਦਿੱਤਾ ਤੇ ਉਸ ਨੂੰ ਫਿਰ ਇਸਲਾਮਕ ਰਸਮਾਂ ਦਾ ਵੀ ਹਿੱਸਾ ਬਣਾ ਲਿਆ।

632 ਈਸਵੀ ਵਿਚ ਮੁਹੰਮਦ ਸਾਹਿਬ ਦੀ ਮੌਤ ਹੋ ਗਈ। ਇਸ ਤੋਂ ਅਬੂ ਬਕਰ ਖ਼ਲੀਫ਼ਾ ਬਣੇ (*ਇਸ ਦੇ ਸ਼ਬਦੀ ਅਰਥ 'ਨਾਇਬ' ਜਾਂ 'ਉੱਪ' ਹਨ, ਅੰਗਰੇਜ਼ੀ ਵਿਚ ਸਹੀ ਤਰਜਮਾ ਵਾਇਸਰਾਏ ਯਾਨੀ ਉੱਪ ਰਾਜਾ ਬਣਦਾ ਹੈ, ਇਸ ਤਰ੍ਹਾਂ ਖਲੀਫ਼ਾ ਤੋਂ ਭਾਵ ਰੱਬ ਦਾ ਨਾਮਜ਼ਦ ਕੀਤਾ ਨਾਇਬ ਮੰਨਿਆ ਜਾ ਸਕਦਾ ਹੈ–ਅਨੁ:*)। ਇਸ ਤੋਂ ਬਾਅਦ ਉਮਾਰ, ਉਸਮਾਨ ਤੇ ਅਲੀ ਨੇ ਇਹ ਪਦਵੀਆਂ ਹਾਸਿਲ ਕੀਤੀਆਂ। ਲੇਕਿਨ ਇਹ ਜਾਂਨਸ਼ੀਨੀਆਂ ਝਗੜੇ ਵਿਚ ਚੱਲੀਆਂ ਜਿਸ ਕਰਕੇ ਇਸਲਾਮ ਵਿਚ ਧੜੇਬੰਦੀਆਂ (schism in Islam) ਪੈਦਾ ਹੋ ਗਈਆਂ ਜਿਹਨਾਂ ਦੀ ਅਸੀਂ ਅੱਗੇ ਜਾ ਕੇ ਚਰਚਾ ਕਰਾਂਗੇ।

ਬਹੁਤ ਸਾਰੇ ਵਿਦਵਾਨ ਹਨ ਜਿਹਨਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੀ ਨੁਕਤਾਚੀਨੀ ਕੀਤੀ ਤੇ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਹਨਾਂ ਵਿਚ 'ਡਾਂਟੇ' ਤੇ 'ਕਾਰਲਿਸਟੇ' ਨਾਮ ਦੇ ਲੇਖਕਾਂ ਦੀ ਖਲਨਾਇਕੀ ਭੂਮਿਕਾ ਪ੍ਰਸਿੱਧ ਹੈ। ਭਾਰਤ ਵਿਚ ਉਹਨਾਂ ਦਾ ਵੱਡਾ ਨੁਕਤਾਚੀਨ ਆਰੀਆ ਸਮਾਜ ਦਾ ਬਾਨੀ ਦਇਆਨੰਦ ਸਰਸਵਤੀ ਹੋਇਆ ਹੈ ਜਿਸ ਨੇ 19ਵੀਂ ਸਦੀ ਵਿਚ ਹਿੰਦੂ ਧਰਮ ਦੀ ਪੁਨਰ ਸੁਰਜੀਤੀ ਦਾ ਬੀੜਾ ਉਠਾਇਆ ਸੀ। ਉਸ ਨੇ ਈਸਾ ਮਸੀਹ ਤੇ ਹੋਰ ਕਈ ਧਾਰਮਿਕ ਰਹਿਮਨੁਮਾਵਾਂ ਦੀ ਨੁਕਤਾਚੀਨੀ ਕੀਤੀ ਸੀ ਸਮੇਤ ਸਿੱਖ ਗੁਰੂਆਂ ਦੇ। ਗਲਤ ਧਾਰਨਾ ਬਣਾ ਕੇ ਪੇਸ਼ ਕੀਤੇ ਐਹੋ ਜਿਹੇ ਵਿਚਾਰ ਹੀ ਸਨ ਜਿਸ ਨੇ ਕੁਝ ਕੱਟੜ ਮੁਸਲਮਾਨਾਂ ਨੂੰ ਦੂਜਿਆਂ ਧਰਮਾਂ ਪ੍ਰਤੀ ਚੌਕਸੀ, ਨਫਰਤ ਤੇ ਹਮਲਾਵਾਰ ਰੁਖ ਬਣਾਉਣ ਦਾ ਸੱਦਾ ਦਿੱਤਾ। ਮੁਸਲਮਾਨਾਂ ਵਾਸਤੇ ਕੁਰਾਨ ਰੱਬ ਦੇ ਲਫ਼ਜ਼ ਹਨ ਜੋ ਹਜ਼ਰਤ ਮੁਹੰਮਦ ਸਾਹਿਬ ਦੇ ਮੂੰਹੋਂ ਬੁਲਵਾਏ ਗਏ ਸਨ। ਇਸ ਵਿਸ਼ਵਾਸ ਦੇ ਵਿਰੁੱਧ ਕਹੀਆਂ ਗਈਆਂ ਗੱਲਾਂ ਨਾਲ ਮੁਸਲਿਮ ਧਰਮ ਦੇ ਪੈਰੋਕਾਰਾਂ ਅੰਦਰ ਇਤਨਾ ਭਿਆਨਕ ਗੁੱਸਾ ਪੈਦਾ ਹੋਇਆ ਜਿਸ ਦੀ ਮਿਸਾਲ ਹੋਰਨਾਂ ਧਰਮਾਂ ਵਿਚ ਨਹੀਂ ਮਿਲਦੀ।

ਮੁਹੰਮਦ ਸਾਹਿਬ ਦੀ ਸਿੱਖਿਆ ਕੀ ਹੈ? ਉਹਨਾਂ ਦੀਆਂ ਸਾਰੀਆਂ ਸਿਖਿਆਵਾਂ ਦਾ ਨਿਚੋੜ ਇਸਲਾਮ ਦੇ ਪੰਜ ਥੰਮ (pillers) ਹਨ ਜਿਹਨਾਂ ਨੂੰ ਅਰਬੀ ਵਿਚ 'ਅਰਕਾਮ' ਕਿਹਾ ਜਾਂਦਾ ਹੈ।

ਪਹਿਲਾ 'ਇਮਾਨ' ਹੈ ਜਿਸ ਨੂੰ ਅਸੀਂ ਧਰਮ ਸੂਤਰ (creed) ਕਹਿ ਸਕਦੇ ਹਾਂ। ਇਹ ਉਸ ਇਤਮਾਦੰ ਜਾਂ ਯਕੀਨ ਦਾ ਨਾਮ ਜਿਸ ਤਹਿਤ ਮੰਨਿਆ ਗਿਆ ਹੈ ਕਿ 'ਅੱਲ੍ਹਾ' ਤੋਂ ਬਿਨਾ ਹੋਰ ਕੋਈ ਰੱਬ ਨਹੀਂ ਤੇ ਹਜ਼ਰਤ ਮੁਹੰਮਦ ਉਸ ਦਾ ਪੈਗੰਬਰ ਹੈ। ਮੁਸਲਿਮ ਇਹ ਜ਼ਰੂਰ ਮੰਨਦੇ ਹਨ ਕਿ ਹੋਰ ਵੀ ਅਵਤਾਰ ਜਾਂ ਪੈਗੰਬਰ ਹੋਏ ਹਨ ਜਿਵੇਂ ਕਿ ਇਬਰਾਹੀਮ, ਹਜ਼ਰਤ ਮੂਸਾ ਤੇ ਯਸੂ ਮਸੀਹ ਵਗੈਰਾ ਪਰ ਨਾਲ ਹੀ ਮੰਨਿਆ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਤੋਂ ਬਾਅਦ ਕੋਈ ਪੈਗੰਬਰ ਨਹੀਂ ਆਇਆ। ਉਸ ਨੇ ਪੈਗੰਬਰੀ ਦੀ ਲੜੀ ਖ਼ਤਮ ਕਰ ਦਿੱਤੀ ਸੀ ਇਸ ਵਾਸਤੇ ਹਜ਼ਰਤ ਮੁਹੰਮਦ ਸਾਹਿਬ ਨੂੰ ਆਖਰੀ ਪੈਗੰਬਰ, 'ਖ਼ਤਮ-ਉਨ-ਨਬੀ' ਕਿਹਾ ਜਾਂਦਾ ਹੈ।

ਦੂਸਰਾ ਹੈ ਇਬਾਦਤ ਜਾਂ ਪ੍ਰਾਰਥਨਾ ਜਿਸ ਨੂੰ ਅਰਬੀ ਵਿਚ 'ਸਲਾਤ' ਕਿਹਾ ਜਾਂਦਾ ਹੈ ਫਾਰਸੀ ਤੇ ਉਰਦੂ ਵਿਚ ਨਮਾਜ਼ ਕਿਹਾ ਜਾਂਦਾ ਹੈ। ਦਿਨ ਵਿਚ ਪੰਜ ਨਮਾਜ਼ਾਂ ਹੁੰਦੀਆਂ ਹਨ ਜੋ ਕੁਰਾਨ ਸ਼ਰੀਫ ਦੇ 144 ਅਧਿਆਏ ਭਾਵ ਸੂਰਾ ਵਿਚੋਂ ਲਈਆਂ ਗਈਆਂ ਹਨ। ਨਮਾਜ਼ ਦੇ ਲਫ਼ਜ਼ਾਂ ਦੀ ਇਬਾਰਤ ਨੂੰ ਓਸਮਾਨ ਦੇ ਖ਼ਲੀਫ਼ਾ ਹੋਣ ਦੇ ਵਕਤ ਆਖਰੀ ਸ਼ਕਲ ਦਿੱਤੀ ਗਈ ਸੀ। ਇਕ ਮੁਸਲਮਾਨ ਵਾਸਤੇ ਹਰ ਰੋਜ਼ ਪੰਜ ਵਾਰ ਮੱਕਾ ਵੱਲ ਮੂੰਹ ਕਰਕੇ ਤੇ ਝੁਕ ਦੇ ਨਮਾਜ਼ ਪੜ੍ਹਨੀ ਜ਼ਰੂਰੀ ਹੈ।

ਤੀਸਰਾ 'ਜ਼ਕਾਤ' ਹੈ ਯਾਨੀ ਕਿ ਆਪਣੀ ਕਮਾਈ ਵਿਚੋ ਦਾਨ ਦੀ ਰਕਮ ਕੱਢਣਾ।

ਚੌਥਾ ਰੋਜ਼ਾ ਹੈ ਜਿਸ ਵਿਚ ਰਮਜ਼ਾਨ ਦੇ ਮਹੀਨੇ ਸੂਰਜ ਨਿਕਲਣ ਤੋਂ ਪਹਿਲਾਂ ਤੋਂ ਲੈ ਕੇ ਸ਼ਾਮ ਤੱਕ ਭੁੱਖੇ ਰਹਿਣਾ ਹੁੰਦਾ ਹੈ। ਇਹ ਚੰਦਰਮਾ ਦੇ ਕੈਲੰਡਰ ਦਾ ਨੌਵਾਂ ਮਹੀਨਾ ਹੁੰਦਾ ਹੈ।

ਪੰਜਵਾਂ ਹੱਜ ਜਾਂ ਯਾਤਰਾ (pilgrimage) ਦਾ ਹੈ, ਜਿਸ ਮੁਤਾਬਕ ਚੰਦਰਮਾ ਦੇ ਕੈਲੰਡਰ ਦੇ ਬਾਰ੍ਹਵੇਂ ਮਹੀਨੇ, ਦੂਹੀ ਹਿਜਰਾ, ਨੂੰ ਮੱਕੇ ਦਾ ਹੱਜ ਕਰਨਾ ਹੁੰਦਾ ਹੈ।

ਇਹਨਾਂ ਪੰਜ ਥੰਮਾਂ ਤੋਂ ਇਲਾਵਾ ਇਕ ਰਹਿਤਨਾਮਾ (code of conduct) ਹੈ ਜਿਸ ਨੂੰ 'ਇਹਸਾਨ' ਕਿਹਾ ਜਾਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਨਾਲ ਸੰਬੰਧਤ ਰਿਵਾਜਾਂ ਦੀ ਲਿਖਤ 'ਹਦੀਸ' ਵਿਚ ਮੁਸਲਮਾਨਾਂ ਨੂੰ ਜੂਆ ਖੇਡਣ, ਸ਼ਰਾਬ ਪੀਣ, ਮਿਲਾਵਟ ਕਰਨ, ਚੋਰੀ ਕਰਨ ਤੇ ਹੋਰ ਗੈਰ ਸਮਾਜੀ ਕੰਮ ਕਰਨ ਦੀ ਸਖ਼ਤ ਮਨਾਹੀ ਕੀਤੀ ਹੋਈ ਹੈ।

ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਫੁਰਮਾਨ ਹੈ, "ਆਪਣਾ ਚਿਹਰਾ ਪੂਰਬ ਜਾਂ ਪੱਛਮ ਵੱਲ ਕਰਨ ਨਾਲ ਕੋਈ ਪਵਿਤਰਤਾ ਨਹੀਂ ਹੈ ਪਰ ਉਹ ਇਨਸਾਨ ਮੁਕੱਦਸ ਹੈ ਜਿਹੜਾ ਅੱਲ੍ਹਾ ਵਿਚ ਯਕੀਨ ਕਰਦਾ ਹੈ, ਜਿਹੜਾ ਫੈਸਲੇ ਦੇ ਦਿਨ, ਫਰਿਸ਼ਤੇ, ਕੁਰਾਨ ਤੇ ਪੈਗੰਬਰ ਵਿਚ ਸ਼ਰਧਾ ਰੱਖਦਾ ਹੈ। ਜਿਹੜਾ ਅੱਲ੍ਹਾ ਨੂੰ ਪਿਆਰ ਕਰਦਾ ਹੈ, ਉਹ ਆਪਣਾ ਧਨ ਦੌਲਤ, ਲੋੜਵੰਦਾਂ, ਯਤੀਮਾਂ ਤੇ ਮੁਸਾਫਰਾਂ ਨੂੰ ਦੇਂਦਾ ਹੈ।"

ਇਕ ਗੱਲ ਜ਼ਰੂਰ ਵਿਚਾਰਨ ਵਾਲੀ ਹੈ ਜੋ ਪੈਗੰਬਰ ਨੇ ਗੈਰ ਮੁਸਲਮਾਨਾਂ ਬਾਰੇ ਕਹੀ ਸੀ। ਉਸ ਦਾ ਕਹਿਣਾ ਸੀ, "ਜਿਹੜੇ ਅੱਲ੍ਹਾ ਦੇ ਸ਼ਰੀਕ ਬਣਦੇ ਹਨ, ਉਹਨਾਂ ਨੂੰ ਖ਼ਤਮ ਕਰ ਦਿਓ"। ਕੁਰਾਨ ਦੇ ਸੂਰਾ 9 ਵਿਚ ਲਿਖਿਆ ਹੈ ਕਿ ਕਾਫਰਾਂ ਨਾਲ ਲੜਾਈ ਜਿਹਾਦ ਹੈ। ਨਬੀ ਨੇ ਖਾਸ ਤੌਰ 'ਤੇ ਇਹ ਵਿਹਾਰ ਜਹੂਦੀਆਂ ਤੇ ਇਸਾਈਆਂ ਦੇ ਵਿਰੋਧ ਵਿਚ ਰੱਖਿਆ ਤੇ ਉਹਨਾਂ ਨੂੰ ਸ਼ੀ-ਈ-ਕਿਤਾਬ ਕਿਹਾ ਗਿਆ ਕਿ ਉਹ ਬਾਈਬਲ ਵਰਗੀ ਕਿਤਾਬ ਦੇ ਪੂਜਕ ਹਨ। ਇਹਨਾਂ ਖਿਆਲਾਂ ਦੇ ਮੁਤਾਬਕ ਹੀ ਹਿੰਦੂ, ਜੈਨੀ ਜਾਂ ਬੋਧੀਆ ਬਾਰੇ ਮੁਸਲਮਾਨਾਂ ਦੇ ਖਿਆਲ ਵੱਖਰੇ ਨਹੀਂ ਹੋਣਗੇ ਤੇ ਨਾ ਹੀ ਉਹਨਾਂ ਮਜ਼ਹਬਾਂ ਬਾਰੇ ਜੋ ਉਹਨਾਂ ਦੇ ਮਜ਼ਹਬ ਵਿਚੋਂ ਨਿਕਲ ਕੇ ਬਣੇ।

ਇਸਲਾਮ ਦਾ ਫੈਲਾਵ

ਮੁਹੰਮਦ ਸਾਹਿਬ ਦੇ ਨਵੇਂ ਮਜ਼ਹਬ ਨੇ ਅਰਬ ਵਿਚ ਨਵੀਂ ਲਹਿਰ ਫੂਕ ਦਿੱਤੀ। ਮੱਕਾ ਸ਼ਹਿਰ ਇਕ ਵਾਰ ਕਾਰਵਾਂ ਦੇ ਰੂਟ ਉਪਰ ਆ ਗਿਆ ਤੇ ਮਜ਼ਹਬੀ ਜ਼ਿਆਰਤ (pilgrimage) ਦੀ ਜਗ੍ਹਾ ਬਣ ਗਿਆ। ਇਹ ਵੱਡਾ ਵਪਾਰਕ ਕੇਂਦਰ ਵੀ ਹੋ ਗਿਆ। ਇਸਲਾਮ ਨੇ ਅਰਬ ਦੇ ਆਪਸ ਵਿਚ ਲੜਦੇ ਫਿਰਕਿਆਂ ਨੂੰ ਇਕ ਕੌਮ ਵਿਚ ਪਰੋ ਦਿੱਤਾ। ਇਸ ਦਾ ਅਸਰ ਇਤਨਾ ਜ਼ਬਰਦਸਤ ਸੀ ਕਿ ਜਲਦੀ ਹੀ ਅਰਬ ਦੇ ਮੁਸਲਮਾਨ ਦੂਸਰੇ ਇਲਾਕਿਆਂ ਵਿਚ ਛਾ ਜਾਣ ਲੱਗ ਪਏ ਤੇ ਇਸਲਾਮ ਇਕ ਤਰ੍ਹਾਂ ਨਾਲ ਲੋਕ ਲਹਿਰ ਬਣ ਗਿਆ। ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਦੇ ਚਾਰ ਸਾਲ ਬਾਅਦ ਹੀ 636 ਈਸਵੀ ਇਸਲਾਮ ਨੇ ਯੈਰੋਸ਼ਲਮ ਉਪਰ ਕਬਜ਼ਾ ਕਰ ਲਿਆ। ਅਤੇ ਗਿਆਰਾਂ ਸਾਲ ਅੰਦਰ ਹੀ, 643 ਈਸਵੀ ਵਿਚ ਮਿਸਰ ਤੇ ਪਰਸ਼ੀਆ (ਇਰਾਨ) ਵੀ ਆਪਣੇ ਵਿਚ ਸ਼ਾਮਿਲ ਕਰ ਲਿਆ। ਉਹ ਉੱਤਰੀ ਅਫਰੀਕਾ ਦੇ ਬਿਲਕੁੱਲ ਸਿਰੇ ਉਪਰ ਜਾ ਕੇ ਅਟਲਾਂਟਿਕ ਮਹਾਂ ਸਾਗਰ ਦੇ ਕਿਨਾਰੇ ਤੱਕ ਜਾ ਪਹੁੰਚੇ। ਇਹ ਜਿਬਰਾਲਟਰ ਦੀ ਖਾੜੀ ਵਿਚ ਸਪੇਨ ਅਤੇ ਫਰਾਂਸ ਦੇ ਅੰਦਰ ਤੱਕ ਪਹੁੰਚ ਗਏ ਅਤੇ 727 ਈਸਵੀ ਵਿਚ

'ਟੋਰਅਰਜ਼' ਵਿਖੇ ਰੋਕੇ ਜਾਣ ਤੱਕ ਅੱਗੇ ਵਧਦੇ ਗਏ। ਇਹਨਾਂ ਤੁਰਕਿਸਤਾਨ, ਕੇਂਦਰੀ ਏਸ਼ੀਆ ਤੇ ਚੀਨ ਤੱਕ ਇਸਲਾਮ ਦੇ ਝੰਡੇ ਗੱਡ ਦਿੱਤੇ ਤੇ ਫਿਰ ਈਰਾਨ ਤੇ ਅਫ਼ਗਾਨਿਸਤਾਨ ਦੇ ਰਸਤੇ ਭਾਰਤ ਤੱਕ ਪਹੁੰਚ ਗਏ। ਅਰਬ ਦੇ ਫੌਜੀ ਦਸਤੇ ਭੂ ਮੱਧ ਸਾਗਰ, ਅਰਬ ਸਾਗਰ ਤੇ ਫਿਰ ਭਾਰਤੀ ਮਹਾਂਸਾਗਰ ਦੇ ਇਲਾਕਿਆਂ ਉਪਰ ਕਾਬਜ਼ ਹੋ ਗਏ।

ਭਾਰਤ ਵਿਚ ਇਸਲਾਮ

ਭਾਰਤ ਦੇ ਪੱਛਮੀ ਸਮੁੰਦਰੀ ਕਿਨਾਰਿਆਂ ਦੇ ਲੋਕ, ਖਾਸ ਕਰਕੇ ਸਿੰਧ ਦੇ ਡੈਲਟੇ ਤੋਂ ਲੈ ਕੇ ਕੰਨਿਆਂ ਕੁਮਾਰੀ ਦੇ ਲੋਕ, ਅਰਬ ਦੇ ਵਪਾਰੀਆਂ ਨੂੰ ਜਾਣਦੇ ਸਨ। ਜਦੋਂ ਇਹ ਵਪਾਰੀ ਖਜੂਰਾਂ ਦੇ ਨਾਲ ਨਾਲ ਇਕ ਹੋਰ ਵਿਸ਼ਵਾਸ ਤੇ ਵਿਚਾਰਧਾਰਾ ਵੀ ਲੈ ਕੇ ਆਏ ਤਾਂ ਭਾਰਤ ਦੇ ਹਿੰਦੂ ਲੋਕਾਂ ਨੇ ਉਹਨਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ। ਉਹਨਾਂ ਨੇ ਇਹਨਾਂ ਨੂੰ ਮਸਜਿਦਾਂ ਉਸਾਰਨ ਤੇ ਲੋਕਾਂ ਨੂੰ ਆਪਣੇ ਮਜ਼ਹਬ ਵਿਚ ਸ਼ਾਮਿਲ ਕਰਨ ਦੀ ਖੁੱਲ੍ਹ ਦੇ ਦਿੱਤੀ। ਕੁਝ ਹਿੰਦੂਆਂ ਨੇ ਅਰਬ ਦੇ ਮੁਸਲਮਾਨਾਂ ਨਾਲ ਆਪਣੀਆਂ ਧੀਆਂ ਦੀਆਂ ਸ਼ਾਦੀਆਂ ਕਰ ਦਿੱਤੀਆਂ। ਇਸ ਤਰ੍ਹਾਂ ਪੱਛਮੀ ਸਮੁੰਦਰੀ ਕਿਨਾਰੇ ਉਪਰ ਮੁਸਲਿਮ ਬਸਤੀਆ ਬਣ ਗਈਆਂ। ਸ਼ੁਰੂ ਦੇ ਦਿਨਾਂ ਦੇ ਅਰਬੀ ਭਾਰਤੀ ਮੁਸਲਮਾਨਾਂ ਦੇ ਇਕੱਠ ਦੀ ਇਕ ਹੁਣ ਤੱਕ ਕਾਇਮ ਉਦਾਹਰਣ 'ਮੋਪਲਾਹ' ਹੈ ਜਿਸ ਦਾ ਕੇਰਲਾ ਦੀ ਬੋਲੀ ਵਿਚ ਅਰਥ ਹੈ 'ਜਵਾਈ'।

ਭਾਰਤ ਵਿਚ ਇਸਲਾਮ ਦਾ ਪੁਰ ਅਮਨ ਦਖਲ ਉਸ ਵੇਲੇ ਰੁਕ ਗਿਆ ਜਦੋਂ ਮੁਸਲਿਮ ਫੌਜਾਂ ਨੇ ਭਾਰਤੀ ਇਲਾਕਿਆਂ ਉਪਰ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ। ਅਜਿਹਾ ਪਹਿਲਾ ਹਮਲਾ 712 ਈਸਵੀ ਵਿਚ ਹੋਇਆ ਜਦੋਂ ਇਕ ਨੌਜਵਾਨ ਮੁਸਲਿਮ ਜਰਨੈਲ ਮੁਹੰਮਦ ਬਿਨ ਕਾਸਮ ਨੇ ਸਿੰਧ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਤੋਂ ਬਾਅਦ 200 ਸਾਲ ਤੋਂ ਵੱਧ ਸਮਾਂ ਸ਼ਾਂਤੀ ਰਹੀ ਜਦੋਂ ਮੁਸਲਮਾਨਾਂ ਨੇ ਏਧਰ ਕੋਈ ਹਮਲਾ ਨਹੀਂ ਕੀਤਾ। ਫਿਰ 1000 ਈਸਵੀ ਵਿਚ ਗਜ਼ਨੀ ਦੇ ਮਹਿਮੂਦ ਨੇ ਪੰਜਾਬ ਵਿਚੋਂ ਦੀ ਹੋ ਕੇ ਦਿੱਲੀ ਤੇ ਉਸ ਤੋਂ ਅੱਗੇ ਦੇ ਵੀ ਕੁਝ ਇਲਾਕੇ ਉਪਰ ਕਬਜ਼ਾ ਕਰ ਲਿਆ। ਉਹ ਹਿੰਦੂਆਂ ਨੂੰ ਲੁੱਟਦਾ ਰਿਹਾ, ਉਹਨਾਂ ਦੇ ਕਤਲ ਕਰਦਾ ਰਿਹਾ ਤੇ ਮੰਦਰਾਂ ਨੂੰ ਤੋੜਦਾ ਰਿਹਾ। ਕੁੱਲ 17 ਹਮਲਿਆਂ ਦੀ ਲੜੀ ਤੋਂ ਬਾਅਦ ਉਹ ਗੁਜਰਾਤ ਦੇ ਸਮੁੰਦਰੀ ਕਿਨਾਰਿਆਂ ਉਪਰ ਗਿਆ ਤੇ ਸੋਮਨਾਥ ਦੇ ਮੰਦਰ ਨੂੰ ਲੁੱਟ ਕੇ ਇਸਲਾਮ ਦੀ ਸਥਾਪਨਾ ਦਾ ਰਾਹ ਪੱਧਰਾ ਕੀਤਾ। ਉਸ ਦੀ ਇਹ ਲੜਾਈ ਖੂਨੀ ਲੜਾਈ ਸੀ। ਜਗ੍ਹਾ ਜਗ੍ਹਾ ਹਿੰਦੂਆਂ ਦੇ ਮੰਦਰਾਂ ਦੀਆਂ ਪਵਿੱਤਰ ਮੂਰਤੀਆਂ ਤੇ ਲੋਕਾਂ ਦੇ ਪਿੰਜਰ ਖਿੱਲਰੇ ਪਏ ਸਨ। ਜਿਵੇਂ ਕਿ ਸਮਝਿਆ ਹੀ ਜਾ ਸਕਦਾ ਹੈ, ਮਹਿਮੂਦ ਦੇ ਕਾਰਨਾਮਿਆਂ ਨਾਲ ਹਿੰਦੂਆਂ ਅੰਦਰ ਮੁਸਲਮਾਨਾਂ ਪ੍ਰਤੀ ਨਫ਼ਰਤਾਂ ਪੈਦਾ ਹੋ ਗਈਆਂ। ਉੱਤਰੀ ਭਾਰਤ ਵਿਚ ਹਿੰਦੂਆਂ ਵੱਲੋਂ ਮੁਸਲਮਾਨਾਂ ਦਾ ਲਗਾਤਾਰ ਵਿਰੋਧ ਚੱਲਦਾ ਰਿਹਾ ਜਿਸ ਨੂੰ ਅਖੀਰ ਮੁਹੰਮਦ ਗੌਰੀ ਨੇ 1193 ਵਿਚ ਦਿੱਲੀ ਉਪਰ ਕਬਜ਼ਾ ਕਰਕੇ ਤੇ ਆਪਣਾ ਰਾਜ ਕਾਇਮ ਕਰਕੇ ਦਬਾਇਆ। ਮੁਸਲਿਮ ਫੌਜਾਂ ਇਸ ਤੋਂ ਅੱਗੇ ਪੂਰਬ ਤੇ ਦੱਖਣ ਵੱਲ ਵੀ ਵਧੀਆਂ। ਇਕ

ਮੁਸਲਿਮ ਜਰਨੈਲ ਬਖਤਿਆਰ ਖਿਲਜੀ ਬਿਹਾਰ ਤੱਕ ਗਿਆ ਤੇ ਉਸ ਇਲਾਕੇ ਦੇ ਬੋਧੀ ਧਰਮ ਅਸਥਾਨਾਂ ਨੂੰ ਤਬਾਹ ਕਰ ਦਿੱਤਾ।

ਮੁਢਲੇ ਦਿਨਾਂ ਦੇ ਮੁਸਲਿਮ ਹਮਲਾਵਰ ਤੁਰਕ ਸਨ ਜਿਹਨਾਂ ਦੀ ਭਾਵਨਾ ਬਦਲਾ ਲੈਣ ਤੇ ਲੁੱਟਣ ਦੀ ਵੱਧ ਸੀ, ਇਸਲਾਮ ਦੇ ਪ੍ਰਚਾਰ ਦੀ ਘੱਟ। ਇਹਨਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਸਤਿਕਾਰ ਤੇ ਉਹਨਾਂ ਦੀਆਂ ਸਿੱਖਿਆਵਾਂ ਦਾ ਵੱਡਾ ਨੁਕਸਾਨ ਕੀਤਾ। ਤੁਰਕਾਂ ਵੱਲੋਂ ਹਿੰਦੂਆਂ ਅੰਦਰ ਇਸਲਾਮ ਦਾ ਇਹ ਡਰਾਉਣਾ ਪੱਖ ਜੋ ਪੈਦਾ ਕਰ ਦਿੱਤਾ ਸੀ ਇਸ ਨੂੰ ਭਵਿੱਖ ਦੇ ਮੁਸਲਮਾਨ ਦਰੁਸਤ ਨਹੀਂ ਕਰ ਸਕੇ। ਇਸ ਕਰਕੇ ਹਿੰਦੂਆਂ ਨੇ ਮੁਸਲਮਾਨਾਂ ਨੂੰ ਜਾਲਮ, ਅੱਤਿਆਚਾਰੀ ਤੇ ਦੁਸ਼ਮਣ ਮਜ਼ਹਬ ਦੇ ਰੂਪ ਵਿਚ ਸਮਝਿਆ ਤੇ ਜਿਹਨਾਂ ਨੇ ਇਸਲਾਮ ਮਜ਼ਹਬ ਕਬੂਲ ਕਰ ਲਿਆ ਸੀ ਉਹਨਾਂ ਨੂੰ ਦੁਸ਼ਮਣ ਦੀ ਅਧੀਨਗੀ ਮੰਨ ਲੈਣ ਵਾਲੇ ਗੱਦਾਰ ਸਮਝਿਆ ਤੇ ਨਿਚਲੀ ਜਾਤ ਦਾ ਦਰਜਾ ਦਿੱਤਾ।

ਮੁਸਲਮਾਨਾਂ ਪ੍ਰਤੀ ਹਿੰਦੂ ਮਨਾਂ ਦੀ ਅਗਲੀ ਤਬਦੀਲੀ ਨੂੰ ਬਹੁਤ ਲੰਮਾ ਸਮਾ ਲੱਗਾ ਜਦੋਂ ਮੁਸਲਿਮ ਚੰਦ ਤਾਰਾ (Muslim crescent) ਨੇ ਧੱਕੇਸ਼ਾਹੀ ਦੀ ਜਗਾ ਮੁਸਲਿਮ ਸੇਵਾ ਭਾਵ (Muslim missionary) ਨੂੰ ਅਪਣਾਇਆ। ਹਾਲਾਂਕਿ ਓਦੋਂ ਵੀ ਇਹ ਦਿਲਾਂ ਨੂੰ ਜਿੱਤਣ ਦਾ ਕੰਮ ਨਹੀਂ ਕਰ ਸਕੀ।

ਮੁਸਲਿਮ ਹਮਲਾਵਰਾਂ ਦੇ ਨਾਲ ਹੀ ਬਹੁਤ ਸਾਰੇ ਇਸਲਾਮਿਕ ਵਿਦਵਾਨ ਤੇ ਸੰਤ ਵੀ ਭਾਰਤ ਆਏ ਜਿਹਨਾਂ ਨੇ ਇਸੇ ਨੂੰ ਆਪਣਾ ਘਰ ਬਣਾਇਆ। ਇਹਨਾਂ ਵਿਚ ਸੂਫੀ ਲੋਕ ਵੀ ਸਨ ਜਿਹਨਾਂ ਦਾ ਇਹ ਨਾਮ ਸੂਫ ਪਹਿਨਣ ਤੋਂ ਪਿਆ ਸੀ। ਇਹ ਸ਼ਹਿਰਾਂ ਤੇ ਪਿੰਡਾਂ ਦੀਆਂ ਅਬਾਦੀਆਂ ਤੋਂ ਬਾਹਰ ਆਪਣੀ ਕੁਟੀਆ ਬਣਾ ਕੇ ਰਹਿੰਦੇ ਸਨ। ਜਦੋਂ ਕਿ ਹੋਰ ਮੁਸਲਮਾਨ ਜੰਗਾਂ ਜਿੱਤ ਕੇ ਇਸਲਾਮ ਫੈਲਾਉਣ ਦੀਆਂ ਕੋਸ਼ਿਸ਼ਾਂ ਵਿਚ ਸਨ, ਸੂਫੀ ਲੋਕ ਦੂਸਰਿਆਂ ਧਰਮਾਂ ਨੂੰ ਸਮਝ ਕੇ ਉਹਨਾਂ ਦਾ ਇਸਲਾਮ ਦੇ ਅਸੂਲਾਂ ਨਾਲ ਟਾਕਰਾ ਕਰਕੇ ਇਸ ਦੀ ਉਚਤਾ ਦਾ ਪ੍ਰਚਾਰ ਕਰਦੇ ਸਨ। ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ ਸੀ ਕਿ ਤੁਸੀਂ ਜਿਧਰ ਵੀ ਵੇਖੋਗੇ ਅੱਲ੍ਹਾ ਦਾ ਨੂਰ ਨਜ਼ਰ ਆਵੇਗਾ। ਇਹਨਾਂ ਸੂਫੀਆਂ ਨੇ ਗਰੀਕ ਦੀ ਫਿਲਾਸਫ਼ੀ, ਬੁੱਧਇਜ਼ਮ, ਇਸਾਈ ਧਰਮ ਤੇ ਜਹੂਦੀਆਂ ਬਾਰੇ ਵੀ ਅਧਿਐਨ ਕੀਤਾ। ਬੇਸ਼ੱਕ ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਵਿਚ 'ਮੱਠਵਾਦ' ਦੀ ਮਨਾਹੀ ਕੀਤੀ ਸੀ (no monasticism in Islam), ਇਹਨਾਂ ਸੂਫੀਆਂ ਨੇ ਆਪਣੇ ਮੱਠ ਬਣਾਏ।

ਸੂਫ਼ੀਆਂ ਦਾ ਕਹਿਣਾ ਸੀ ਕਿ ਇਨਸਾਨ ਨੂੰ ਸਿਰਫ਼ ਰੱਬ ਦੇ ਕਹਿਰ ਤੋਂ ਹੀ ਨਹੀਂ ਡਰਨਾ ਚਾਹੀਦਾ, ਉਸ ਨੂੰ ਪਿਆਰ ਕਰਨਾ ਚਾਹੀਦਾ ਹੈ ਤੇ ਉਸ ਅੱਗੇ ਆਪਣੇ ਆਪ ਨੂੰ ਸਮਰਪਿਤ ਕਰਨਾ ਚਾਹਦੀਾ ਹੈ। ਇਕ ਸੂਫ਼ੀ ਸ਼ਾਇਰ 'ਰਾਬੀਆ' ਨੇ 801 ਈਸਵੀ ਵਿਚ ਲਿਖਿਆ ਸੀ ਕਿ "ਮੈਂ ਰੱਬ ਦੇ ਪਿਆਰ ਵਿਚ ਇਤਨਾ ਰੰਗਿਆ ਗਿਆ ਹਾਂ ਕਿ ਹੋਰ ਕਿਸੇ ਵੀ ਕਿਸਮ ਦਾ ਪਿਆਰ ਜਾਂ ਨਫ਼ਰਤ ਮੇਰੇ ਦਿਲ ਵਿਚ ਜਗ੍ਹਾ ਨਹੀਂ ਬਣਾ ਸਕਦੀ"। ਖੁਦ ਨੂੰ ਰੱਬ ਦੀ ਰਜ਼ਾ ਵਿਚ ਪੂਰੀ ਤਰ੍ਹਾਂ ਨਿਛਾਵਰ ਕਰਨ ਦੀ ਸੂਫੀ ਪ੍ਰਕਿਰਿਆ

ਨੂੰ ਉਹਨਾਂ ਨੇ ਇਕ ਨਾਹਰਾ ਦਿੱਤਾ ਸੀ, "ਅਲਾਇਕਾ ਤਵਾਕੁਲਤਾ" ਭਾਵ ਕਿ ਮੇਰਾ ਰੱਬ ਉਪਰ ਭਰੋਸਾ ਹੈ। ਸੂਫ਼ੀਆਂ ਦਾ ਵਿਸ਼ਵਾਸ ਸੀ ਕਿ ਲੋਕਾਂ ਨੂੰ ਆਪਣੇ ਮਜ਼ਹਬ ਵੱਲ ਖਿੱਚਣ ਵਾਸਤੇ ਸਭ ਤੋਂ ਪਹਿਲੀ ਜ਼ਰੂਰਤ ਇਸ ਗੱਲ ਦੀ ਹੈ ਕਿ ਖੁਦ ਇਕ ਮਿਸਾਲੀ ਜ਼ਿੰਦਗੀ ਬਤੀਤ ਕਰੋ, ਆਮ ਲੋਕਾਂ ਦੀ ਸੇਵਾ ਕਰਕੇ ਉਹਨਾਂ ਦੇ ਦਿਲਾਂ ਤੱਕ ਪਹੁੰਚੋ ਤੇ ਪਿਆਰ ਦੇ ਫੁੱਲ, 'ਤਲਿਫ਼ ਏ ਗੁਲਾਬ' ਖਿੜਾਓ।

ਹਿਜਰੀ ਦੀ ਚੌਥੀ ਤੇ ਪੰਜਵੀ ਸਦੀ ਵਿਚ ਸੂਫ਼ੀਆ ਨੇ ਬਹੁਤ ਸਾਰੀਆਂ ਅਲੌਕਿਕ ਚੀਜ਼ਾਂ ਸਾਹਮਣੇ ਲਿਆਂਦੀਆਂ ਸਨ ਜੋ ਹਿੰਦੂ ਧਰਮ ਵਿਚ ਪਹਿਲਾਂ ਹੀ ਮੌਜੂਦ ਸਨ। ਸੂਫ਼ੀਆਂ ਦੀਆਂ ਮਜ਼ਹਬੀ ਨਜ਼ਮਾਂ 'ਧਿਕਰ' ਹਿੰਦੂਆਂ ਦੇ ਮੰਤਰਾਂ ਵਰਗੀਆਂ ਸਨ। ਜਦੋਂ ਕਿ ਹਿੰਦੂ ਰੱਬ ਨਾਲ ਵਾਰਤਾਲਾਪ ਚਲਾਉਣ ਵਾਸਤੇ ਸਮਾਧੀ ਲਾਉਂਦੇ ਸਨ, ਸੂਫ਼ੀ ਇਕ ਬੰਦਗੀ ਵਿਚ ਬੈਠਦੇ ਸਨ ਜਿਸ ਦਾ ਨਾਮ 'ਸਾਂਬਾ' ਰੱਖਿਆ ਗਿਆ ਸੀ। ਹਿੰਦੂ ਪਰੰਪਰਾ ਵਿਚ ਚੇਲਿਆਂ ਨੂੰ ਰੱਬ ਪ੍ਰਤੀ ਉਪਦੇਸ਼ ਦੇਣ ਵਾਸਤੇ ਗੁਰੂ ਦੀ ਜ਼ਰੂਰਤ ਸੀ। ਇਸੇ ਤਰ੍ਹਾਂ ਦਾ ਕੁਝ ਸੂਫ਼ੀਆਂ ਦਾ ਕਹਿਣਾ ਸੀ ਕਿ ਰੱਬ ਦਾ ਵਿਸ਼ਵਾਸ ਅਟੱਲ ਹੈ ਪਰ ਬੁਰੀ ਨੀਅਤ ਵਾਲੇ ਜਿੰਨ ਬੰਦੇ ਨੂੰ ਭਟਕਣਾ ਵਿਚ ਪਾਉਂਦੇ ਰਹਿੰਦੇ ਹਨ। ਬਾਰ੍ਹਵੀ ਸਦੀ ਦੇ ਸੂਫ਼ੀ 'ਅੱਲ ਗੱਜ਼ਾਲੀ' ਦਾ ਕਹਿਣਾ ਸੀ ਕਿ ਪਹੁੰਚੇ ਹੋਏ ਸ਼ੇਖ ਮੁਰਸ਼ਿਦ ਹੀ ਬੰਦੇ ਨੂੰ ਅਜਿਹੇ ਜਿੰਨਾਂ ਤੋਂ ਬਚਾ ਕੇ ਰੱਖ ਸਕਦੇ ਹਨ। ਇਕ ਤਰਫ਼ ਹਿੰਦੂਆਂ ਦੇ ਮੱਠ ਸਨ ਜਿਥੇ ਉਹ ਭਜਨ ਬੰਦਗੀ ਗਾਉਂਦੇ ਸਨ ਦੂਜੀ ਤਰਫ਼ ਸੂਫ਼ੀਆਂ ਦੀਆਂ 'ਖਾਨਗਾਹਾਂ' ਬਣੀਆਂ ਜਿਥੇ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਵਿਚ ਕੱਵਾਲੀਆਂ ਤੇ ਹੋਰ ਗੀਤ ਗਾਏ ਜਾਂਦੇ ਜਿਹਨਾਂ ਨੂੰ 'ਨਾਹਤੇ ਰਸੂਲ' ਕਿਹਾ ਜਾਂਦਾ ਸੀ। ਇਸ ਵਿਚ ਤਾਲੀਆਂ ਦੇ ਸਾਜ਼ ਤੇ ਨਾਚ ਵੀ ਸ਼ਾਮਿਲ ਕੀਤੇ ਗਏ। ਸੂਫ਼ੀਆਂ ਦਾ ਪ੍ਰਚਾਰ ਵੀ ਹਿੰਦੂਆਂ ਦੀ ਤਰਜ਼ ਦਾ ਹੀ ਸੀ ਕਿ ਆਪਣੀ ਪਹਿਚਾਣ ਨੂੰ ਰੱਬ ਨਾਲ ਇਕ ਮਿਕ ਕਰ ਦੇਣਾ ਤੇ ਫਿਰ ਜਿਵੇਂ ਆਪ ਵੀ ਰੱਬ ਹੀ ਹੋ ਜਾਣਾ। ਇਕ ਹਿੰਦੂ ਅਲੌਕਿਕ ਕਰਤਾ ਜਦੋਂ ਰੱਬ ਨੂੰ ਪਾ ਲੈਂਦਾ ਤਾਂ "ਆਹੰਮ ਬ੍ਰਹਮਾ ਅਸਮੀ" ਦਾ ਨਾਹਰਾ ਲਗਾਉਂਦਾ, ਭਾਵ ਕਿ ਮੈਂ ਰੱਬ ਹਾਂ। ਇਸੇ ਤਰ੍ਹਾਂ ਦਾ ਨਾਹਰਾ ਸੂਫ਼ੀਆਂ ਨੇ "ਅਨਹੱਲ ਹੱਕ" ਦਾ ਈਜ਼ਾਦ ਕੀਤਾ ਜਿਸ ਦੇ ਸ਼ਬਦੀ ਅਰਥ ਹਨ ਕਿ "ਮੈਂ ਸੱਚਾਈ ਹਾਂ"। *(ਇਸਲਾਮ ਵਿਚ ਰੱਬ ਦਾ ਇਕ ਨਾਮ 'ਸੱਚਾਈ' ਹੈ, ਜਿਵੇ ਨਾਸਤਿਕ ਨੂੰ ਕਾਫ਼ਰ ਕਿਹਾ ਜਾਂਦਾ ਹੈ ਜਿਸ ਦੇ ਸ਼ਬਦੀ ਅਰਥ ਹਨ ਜੋ ਸੱਚ ਤੋਂ ਇਨਕਾਰੀ ਹੋਵੇ। ਇਸ ਤਰ੍ਹਾਂ ਇਥੇ ਵੀ ਮੈਂ ਸੱਚਾਈ ਹਾਂ ਦਾ ਅਰਥ ਇਹ ਬਣ ਜਾਂਦਾ ਹੈ ਕਿ ਮੈਂ ਰੱਬ ਹਾਂ – ਅਨੁ:)*।

ਜਿਹੜੇ ਸੂਫ਼ੀ ਭਾਰਤ ਵਿਚ ਆਏ, ਉਹ ਵੱਖ ਵੱਖ ਤਰੀਕਾ ਅਪਣਾਉਣ ਵਾਲੇ ਫਿਰਕਿਆਂ ਨਾਲ ਸੰਬੰਧ ਰੱਖਦੇ ਸਨ। ਇਹਨਾਂ ਵਿਚ ਚਾਰਾਂ ਦਾ ਧਿਆਨ ਕਰਨਾ ਜ਼ਰੂਰੀ ਹੈ। ਇਹ ਹਨ ਚਿਸਤੀ, ਸੁਹਰਾਵਰਦੀ, ਕਾਦਰੀਆ ਤੇ ਨਕਸ਼ਾਬੰਦੀ। ਪਹਿਲਾ ਤਾਂ ਇਕ ਦਮ ਹੀ ਹਿੰਦੂਆਂ ਨਾਲ ਦੋਸਤੀ ਬਣਾਉਣ ਦੇ ਹੱਕ ਵਿਚ ਰਿਹਾ ਹੈ। ਇਹ ਚਿਸਤੀ ਹੀ ਹਨ ਜਿਹਨਾਂ ਨੇ ਸਭ ਤੋਂ ਵੱਧ ਹਿੰਦੂਆਂ ਨੂੰ ਇਸਲਾਮ ਵੱਲ ਪ੍ਰੇਰਿਆ। ਉਹਨਾਂ ਦਾ ਭਰੋਸਾ ਜਿੱਤਣ ਵਾਸਤੇ ਸੂਫ਼ੀਆਂ ਨੇ ਨਾ ਸਿਰਫ਼ ਹਿੰਦੂ ਗ੍ਰੰਥਾਂ ਨੂੰ ਪੜ੍ਹਿਆ, ਉਹਨਾਂ ਦਾ ਸਤਿਕਾਰ

ਵੀ ਕੀਤਾ। ਸਰ ਮੁਹੰਮਦ ਇਕਬਾਲ ਦੇ ਮੁਤਾਬਕ ਉਹ ਹਿੰਦੂਆਂ ਦੇ ਆਪਣੇ ਹੀ ਬਣ ਗਏ ਸਨ। ਚਿਸਤੀ ਸੰਤਾਂ ਦੇ ਮਜ਼ਾਰ ਜਿਵੇਂ ਕਿ ਖ਼ਵਾਜਾ ਮਈਉਦੀਨ ਚਿਸਤੀ ਦਾ ਅਜਮੇਰ ਵਿਚ, ਫ਼ਰੀਦ ਸ਼ੱਕਰਗੰਜ ਦਾ ਪਾਕਿ ਪੱਟਨ ਵਿਚ ਜੋ ਹੁਣ ਪਾਕਿਸਤਾਨ ਵਿਚ ਹੈ, ਕੁਤਬਦੀਨ ਬਖ਼ਤਿਆਰ ਕਾਕੀ, ਨਿਜ਼ਾਮੁਦੀਨ ਔਲੀਆ ਤੇ ਨਸੀਰੁਦੀਨ ਰੋਸ਼ਨ ਚਿਰਾਗ ਦਾ ਦਿੱਲੀ ਵਿਚ। ਇਹ ਭਾਰਤੀ ਮੁਸਲਮਾਨਾਂ ਵਾਸਤੇ ਇਕ ਤਰ੍ਹਾਂ ਦੇ ਤੀਰਥ ਅਸਥਾਨ ਜਾਂ ਜ਼ਿਆਰਤਗਾਹ (places of pilgrimage) ਬਣ ਗਏ।

ਭਾਰਤੀ ਮੁਸਲਮਾਨਾਂ ਦੀ ਵੱਡੀ ਬਹੁ ਗਿਣਤੀ ਉਹ ਹਨ ਜੋ ਹਿੰਦੂਆਂ ਤੋਂ ਧਰਮ ਬਦਲੀ ਕਰਕੇ ਮੁਸਲਮਾਨ ਬਣੇ ਹਨ ਇਸ ਵਾਸਤੇ ਇਹਨਾਂ ਦੀ ਨਸਲ ਉਹੀ ਹੈ ਜੋ ਹਿੰਦੂਆਂ ਦੀ ਹੈ। ਧਰਮ ਬਦਲੀ ਕਰਨ ਵਾਲਿਆਂ ਵਿਚ ਵੱਡੀ ਗਿਣਤੀ ਨੀਵੀਆਂ ਮੰਨੀਆਂ ਜਾਂਦੀਆਂ ਜਾਤੀਆਂ ਵਿਚੋਂ ਹੈ। ਉਹ ਨਾਂ ਤਾਂ ਕਿਸੇ ਤਸ਼ੱਦਦ ਦੇ ਡਰ ਕਰਕੇ ਮੁਸਲਮਾਨ ਬਣੇ ਤੇ ਨਾਂ ਹੀ ਲਾਲਚਾਂ ਕਰਕੇ, ਉਹ ਆਪਣੇ ਮਜ਼ਹਬ ਵਿਚ ਉਪਰਲੀਆਂ ਜਾਤੀਆਂ ਦੇ ਰਵਈਏ ਤੋਂ ਖੁਸ਼ ਨਹੀਂ ਸਨ। ਉਹ ਬ੍ਰਾਹਮਣਵਾਦ ਦੇ ਬਹੁਤ ਤੰਗ ਕਰਨ ਵਾਲੇ ਨਿਯਮਾਂ ਨਾਲੋਂ ਮੁਸਲਮਾਨਾਂ ਦੀਆਂ ਸ਼ਰਤਾਂ ਨੂੰ ਸੌਖੀਆਂ ਸਮਝਦੇ ਸਨ।

ਭਾਰਤੀ ਮੁਸਲਮਾਨ ਇਸਲਾਮਿਕ ਰੰਗਤ ਦੀਆਂ ਵੱਖ ਵੱਖ ਪੱਧਰਾਂ ਦੀ ਨਮਾਇੰਦਗੀ ਕਰਦੇ ਹਨ। ਬਹੁਤ ਕੱਟੜ ਕਿਸਮ ਤੇ ਮਜ਼ਹਬੀ ਖਿਆਲਾਂ ਵਾਲਿਆਂ ਤੋਂ ਲੈ ਕੇ ਹਿੰਦੂ ਧਰਮ ਦੇ ਪਿਛੋਕੜ ਨੂੰ ਨਾਲੋ ਨਾਲ ਨਿਭਾਉਣ ਵਾਲੇ ਵੀ ਸਨ। ਦੁਨੀਆ ਦੇ ਹੋਰ ਮੁਲਕਾਂ ਦੇ ਮੁਸਲਮਾਨਾਂ ਦੀ ਤਰ੍ਹਾਂ ਭਾਰਤ ਦੇ ਮੁਸਲਮਾਨਾਂ ਦੇ ਵੀ ਮੁੱਖ ਦੋ ਹੀ ਵਰਗ ਹਨ। ਇਕ ਸੁੰਨੀ ਜੋ ਉਹਨਾਂ ਦੀ ਕੁੱਲ ਆਬਾਦੀ ਦਾ 70 ਪ੍ਰਤੀਸ਼ਤ ਬਣਦੇ ਹਨ ਤੇ ਬਾਕੀ ਦੇ ਸ਼ੀਆ ਜੋ ਸਿਰਫ਼ ਅਲੀ ਨੂੰ ਹੀ ਪਹਿਲਾ ਖ਼ਲੀਫ਼ਾ ਮੰਨਦੇ ਹਨ। ਆਮ ਤੌਰ 'ਤੇ ਜਦੋਂ ਮੁਹਰਮ ਵਾਲੇ ਦਿਨ ਸ਼ੀਆ ਲੋਕ ਅਲੀ ਦੇ ਦੋ ਪੁੱਤਰਾਂ ਹਸਨ ਤੇ ਹੁਸੈਨ ਦਾ ਮਾਤਮ ਮਨਾਉਂਦੇ ਹਨ ਤਾਂ ਕਿਧਰੇ ਨਾ ਕਿਧਰੇ ਹਿੰਸਾ ਭੜਕਦੀ ਹੈ। ਸ਼ੀਆ ਤੇ ਸੁੰਨੀਆਂ ਦੀਆਂ ਆਪਸ ਵਿਚ ਸ਼ਾਦੀਆਂ ਬਹੁਤ ਹੀ ਘੱਟ ਹਨ। ਪ੍ਰਾਈਵੇਟ ਗੱਲਾਂ ਬਾਤਾਂ ਵਿਚ ਉਹ ਅਕਸਰ ਇਕ ਦੂਜੇ ਨੂੰ 'ਖਟਮਲ' ਤੇ 'ਪਿੱਸੂ' ਵਰਗੀਆਂ ਗਾਲੀਆਂ ਦੇ ਸ਼ਬਦ ਵਰਤਦੇ ਹਨ।

ਮਹਾਰਾਸ਼ਟਰ ਤੇ ਗੁਜਰਾਤ ਵਿਚ ਮੁਸਲਮਾਨਾਂ ਦੇ ਹੋਰ ਫਿਰਕੇ ਵੀ ਹਨ। ਜਿਵੇਂ ਕਿ 'ਇਸਮਾਈਲੀ' ਹਨ ਜਿਹਨਾਂ ਵਿਚ ਆਗਾ ਖਾਨ ਨੂੰ ਮੰਨਣ ਵਾਲੇ ਖੋਜਾ ਸ਼ਾਮਿਲ ਹਨ ਤੇ 'ਬੋਹਰਾ' ਜੋ ਸਈਦੀਨਾਂ ਦੇ ਭਗਤ ਹਨ। ਮੁਸਲਮਾਨਾਂ ਦੀ ਬਹੁ ਗਿਣਤੀ ਬਹੁਤ ਸਾਰੇ ਹਿੰਦੂ ਰਸਮਾਂ ਰਿਵਾਜਾਂ ਨੂੰ ਮੰਨਦੀ ਚਲੀ ਆ ਰਹੀ ਹੈ।

ਹਿੰਦੂਆਂ ਤੇ ਮੁਸਲਮਾਨਾਂ ਦੇ ਮਜ਼ਹਬੀ ਰਿਵਾਜਾਂ ਤੇ ਮਾਨਤਾਵਾਂ ਵਿਚ ਏਨਾ ਫਰਕ ਹੈ ਕਿ ਇਹਨਾਂ ਦੋਹਾਂ ਨੂੰ ਮਿਲਾ ਕੇ ਇਕ ਤੀਸਰਾ ਮਜ਼ਹਬ ਸੰਭਵ ਨਹੀਂ ਹੋ ਸਕਿਆ। ਇਸਲਾਮ ਦੇ ਅਸੂਲ ਬਹੁਤ ਪੱਕੇ ਤੇ ਸਖ਼ਤ ਹਨ ਤੇ ਦੂਜੇ ਪਾਸੇ ਹਿੰਦੂ ਰਸਮਾਂ ਵਿਚ ਲਚਕ ਦੀ ਗੁੰਜਾਇਸ਼ ਕਾਫ਼ੀ ਵੱਡੀ ਹੈ। ਇਸਲਾਮ ਵਿਚ ਘੱਟੋ ਘੱਟ ਸਭ ਮੁਸਲਮਾਨਾਂ ਨੂੰ ਬਰਾਬਰ ਸਮਝਿਆ ਜਾਂਦਾ ਹੈ ਪਰ ਹਿੰਦੂਆਂ ਵਿਚ ਜਾਤ ਪਾਤ ਦੀ ਤਕਸੀਮ ਬਹੁਤ

ਡੂੰਘੀ ਹੈ। ਮੁਸਲਮਾਨਾਂ ਦਾ ਜੀਵਨ ਢੰਗ ਵੀ ਵੱਖਰਾ ਸੀ। ਮੁਸਲਮਾਨ ਬਹੁ ਪਤਨੀ ਪ੍ਰਥਾ (Polygamous) ਦੇ ਹਾਮੀ ਸਨ ਤੇ ਸ਼ਾਦੀ ਨੂੰ ਅਜਿਹਾ ਬੰਧਨ ਸਮਝਦੇ ਸਨ ਜੋ ਆਸਾਨੀ ਨਾਲ ਭੰਗ ਕੀਤਾ ਜਾ ਸਕਦਾ ਹੈ। ਉਹ ਸ਼ਰਾਬ ਤੋਂ ਪਰਹੇਜ਼ ਰੱਖਦੇ ਪਰ ਮੀਟ ਖਾਂਦੇ ਹਨ। ਉਹ ਸੂਰ ਦਾ ਮਾਸ ਨਹੀਂ ਖਾਂਦੇ ਪਰ ਗਾਂ ਦੇ ਮਾਸ ਨੂੰ ਪਸੰਦ ਕਰਦੇ ਹਨ। ਇਕ ਹਿੰਦੂ ਜਿਹੜਾ ਆਪ ਭਾਵੇਂ ਬਹੁ ਪਤਨੀ ਵਾਲਾ ਹੀ ਕਿਉਂ ਨਾ ਹੋਵੇ ਵਿਆਹ ਸ਼ਾਦੀ ਨੂੰ ਪਵਿੱਤਰ ਬੰਧਨ ਕਰਾਰ ਦੇਂਦਾ ਹੈ। ਉਹ ਸ਼ਰਾਬ ਨੂੰ ਨਫ਼ਰਤ ਨਹੀਂ ਕਰਦਾ, ਸੂਰ ਦਾ ਮੀਟ ਤਾਂ ਖਾ ਲਵੇਗਾ ਪਰ ਗਾਂ ਦਾ ਮੀਟ ਖਾਣ ਬਾਰੇ ਸੋਚ ਵੀ ਨਹੀਂ ਸਕਦਾ। ਉਸ ਨੂੰ ਇਹ ਵਿਚਾਰ ਹੀ ਡਰਾਵਣਾ ਲੱਗੇਗਾ। ਉਹ ਗਾਂ ਨੂੰ ਕਿਸੇ ਵੀ ਤਰ੍ਹਾਂ ਦੀ ਚੋਟ ਨਹੀਂ ਪਹੁੰਚਾਣਾ ਚਾਹੇਗਾ ਤੇ ਇਸ ਨੂੰ ਗਊ ਮਾਤਾ ਕਹਿੰਦਾ ਹੈ। ਉਹ ਗਊ ਹੱਤਿਆ ਕਰਨ ਵਾਲੇ ਨੂੰ ਗੰਦਾ ਜਾਂ ਮਲੇਸ਼ ਕਹਿੰਦਾ ਹੈ।

ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚ ਆਪਸੀ ਸੰਬੰਧਾਂ ਬਾਰੇ ਦੋ ਵੱਖ ਵੱਖ ਵਿਚਾਰ ਹਨ।

ਮੁਸਲਮਾਨਾਂ ਵਿਚਲੀਆਂ ਰਾਜਸ਼ਾਹੀ ਤਾਕਤਾਂ ਜੋ ਅਕਸਰ ਗੈਰ ਭਾਰਤੀ ਹਨ ਸਮਝਦੀਆਂ ਹਨ ਕਿ ਹਿੰਦੂਆਂ ਨੂੰ ਦੂਸਰੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖਣਾ ਚਾਹੀਦਾ ਹੈ। ਫਿਰ ਕਿਉਂਕਿ ਉਹ ਬਹੁਤ ਜ਼ਿਆਦਾ ਹਨ ਤੇ ਉਹਨਾਂ ਵਿਚੋਂ ਬਹੁਤ ਥੋੜ੍ਹਿਆਂ ਨੇ ਇਸਲਾਮ ਕਬੂਲ ਕੀਤਾ ਹੈ ਉਹਨਾ ਨਾਲ ਸਖ਼ਤੀ ਵਰਤਣੀ ਚਾਹੀਦੀ ਹੈ ਅਤੇ ਜੇ ਲੋੜ ਪਵੇ ਤਾਂ ਉਹਨਾਂ ਉਪਰ ਜਿਸਮਾਨੀ ਤਸ਼ੱਦਦ ਕਰਨਾ ਚਾਹੀਦਾ ਹੈ, ਉਹਨਾਂ ਦੇ ਕਤਲ ਕਰਨੇ ਚਾਹੀਦੇ ਹਨ ਤੇ ਉਹਨਾਂ ਦੇ ਧਾਰਮਿਕ ਸਥਾਨਾਂ ਨੂੰ ਬਰਬਾਦ ਕਰਨਾ ਚਾਹੀਦਾ ਹੈ। ਉਹਨਾਂ ਉਪਰ ਜਜ਼ੀਆ ਟੈਕਸ ਲਗਾਉਣਾ ਚਾਹੀਦਾ ਹੈ ਕਿਉਂਕਿ ਕਾਫਰਾਂ ਨੂੰ ਫੌਜ ਵਿਚ ਭਰਤੀ ਹੋਣ ਤੋਂ ਵੀ ਛੋਟ ਦਿੱਤੀ ਜਾਂਦੀ ਹੈ।

ਜਦੋਂ ਮੁਸਲਮਾਨ ਰਾਜਸੀ ਤੌਰ ਤੇ ਸਤਾਧਾਰੀ ਨਾ ਰਹੇ ਤਾਂ ਇਹ ਮੁਲਕ ਆਪਣੇ ਆਪ ਹੀ 'ਦਾਰ ਉਲ ਇਸਲਾਮ' ਤੋਂ 'ਦਾਰ ਉਲ ਹਜ਼ਬ' ਯਾਨੀ ਸੰਘਰਸ਼ ਦਾ ਖੇਤਰ ਬਣ ਗਿਆ। ਮੁਸਲਮਾਨਾਂ ਨੇ ਆਪਣੇ ਆਪ ਨੂੰ ਹਿੰਦੂਆਂ ਤੋਂ ਵੱਖਰੀ ਇਕ ਕੌਮ ਦੇ ਰੂਪ ਵਿਚ ਵੇਖਣਾ ਸ਼ੁਰੂ ਕਰ ਦਿੱਤਾ। ਇਸ ਗੱਲ ਨੂੰ ਮੁਸਲਮਾਨਾਂ ਵਿਚ ਆਮ ਹੀ ਪ੍ਰਵਾਨ ਕੀਤਾ ਗਿਆ। ਇਹੀ ਇਕ ਕਾਰਣ ਸੀ ਹਿੰਦੂ ਪ੍ਰਭਾਵ ਵਾਲੀ ਆਜ਼ਾਦੀ ਦੀ ਜੱਦੋਜਹਿਦ ਵਿਚ ਬਹੁਤ ਥੋੜੇ ਮੁਸਮਲਮਾਨ ਸ਼ਾਮਿਲ ਹੋਏ। ਇਨਕਲਾਬੀ ਜਥੇਬੰਦੀਆਂ ਵਿਚ ਵੀ ਮੁਸਲਮਾਨਾਂ ਦੀ ਗਿਣਤੀ ਕਾਫ਼ੀ ਘੱਟ ਸੀ। ਮੁਸਲਿਮ 'ਦੋ ਕੌਮਾਂ' ਦੇ ਸਿਧਾਂਤ (Two Nation theory) ਵੱਲ ਖਿੱਚੇ ਗਏ ਜਿਸ ਦਾ ਮਤਲਬ ਸੀ ਕਿ ਉਹਨਾਂ ਦਾ ਹਿੰਦੂਆਂ ਨਾਲ ਕੁਝ ਵੀ ਸਾਂਝਾ ਨਹੀਂ ਅਤੇ ਉਹਨਾਂ ਦਾ ਆਪਣਾ ਇਕ ਵੱਖਰਾ ਮੁਲਕ ਹੋਣਾ ਚਾਹੀਦਾ ਹੈ।

ਮੁਸਲਮਾਨਾਂ ਵਿਚ ਇਕ ਦੂਸਰਾ ਵਿਚਾਰ ਵੀ ਸੀ ਜਿਸ ਮੁਤਾਬਕ ਉਹਨਾਂ ਦਾ ਕਹਿਣਾ ਸੀ ਅਸੀਂ ਪਹਿਲਾਂ ਹਿੰਦੁਸਤਾਨੀ ਹਾਂ ਤੇ ਫਿਰ ਮੁਸਲਮਾਨ। ਬੇਸ਼ੱਕ ਸਾਨੂੰ ਸਾਡੀ ਧਾਰਮਿਕ ਪਹਿਚਾਣ ਮਿਲਨੀ ਚਾਹੀਦੀ ਹੈ ਪਰ ਅਸੀਂ ਆਜ਼ਾਦੀ ਦੇ ਸੰਘਰਸ਼ ਵਾਸਤੇ ਹਿੰਦੂ ਭਰਾਵਾਂ ਦੇ ਨਾਲ ਰਹਾਂਗੇ। ਕੁਝ ਦੇਰ ਵਾਸਤੇ, 1917 ਤੋਂ 1920 ਤੱਕ ਮੁਸਲਮਾਨਾਂ

ਅੰਦਰ ਇਹ ਵਿਚਾਰ ਬਹੁਤ ਭਾਰੂ ਰਿਹਾ। ਇਸ ਤੋ ਬਾਅਦ ਹੌਲੀ ਹੌਲੀ ਉਹਨਾਂ ਦੀ ਬਹੁ ਗਿਣਤੀ ਦੋ ਕੌਮਾਂ ਦੇ ਅਸੂਲ ਨੂੰ ਅਪਣਾਉਂਦੀ ਗਈ ਤੇ ਜਿਸ ਦੇ ਨਤੀਜੇ ਵਜੋਂ ਪਾਕਿਸਤਾਨ ਦੀ ਹੋਂਦ ਪੈਦਾ ਹੋਈ।

ਹਿੰਦੂਆਂ ਅੰਦਰ ਵੀ ਮੁਸਲਮਾਨਾਂ ਬਾਰੇ ਦੋ ਭਾਰੂ ਵੱਖ ਵੱਖ ਵਿਚਾਰ ਪਾਏ ਜਾਂਦੇ ਰਹੇ। ਬਹੁਤ ਸਾਰੇ ਹਿੰਦੂ ਮੁਸਲਮਾਨਾਂ ਨੂੰ ਵਿਦੇਸ਼ੀ ਸਮਝਦੇ ਹਨ ਜਿਹਨਾਂ ਦੀਆਂ ਵਫ਼ਾਦਾਰੀਆਂ ਮੁਲਕ ਤੋਂ ਬਾਹਰ ਹਨ। ਉਹਨਾਂ ਦਾ ਕਹਿਣਾ ਰਿਹਾ ਕਿ ਮੁਸਲਮਾਨ ਦੂਜਿਆਂ ਮੁਲਕਾਂ ਜਿਵੇਂ ਕਿ ਤੁਰਕੀ, ਈਰਾਨ ਤੇ ਅਰਬ ਦੇ ਮੁਸਲਮਾਨਾਂ ਨੂੰ ਆਪਣਾ ਜ਼ਿਆਦਾ ਨਜ਼ਦੀਕੀ ਸਮਝਦੇ ਹਨ ਆਪਣੇ ਹੀ ਮੁਲਕ ਦੇ ਹਿੰਦੂਆਂ ਦੇ ਮੁਕਾਬਲੇ। ਉਹਨਾਂ ਦਾ ਸੰਸਾਰ ਮੁਸਲਿਮ ਲਹਿਰ ਪ੍ਰਤੀ ਉਤਸ਼ਾਹ ਇਸ ਗੱਲ ਦਾ ਵੱਡਾ ਸਬੂਤ ਸੀ। ਇਸ ਤਰ੍ਹਾਂ ਹਿੰਦੂ ਵੀ 'ਦੋ ਕੌਮੀ' ਸਿਧਾਂਤ ਨੂੰ ਪ੍ਰਵਾਨ ਕਰਦੇ ਸਨ। ਭਾਰਤੀ ਜਨ ਸੰਘ ਤੇ ਆਰ. ਐਸ. ਐਸ. ਇਸ ਵਿਚਾਰ ਦੇ ਮੁੱਖ ਬੁਲਾਰੇ ਹਨ।

ਲੇਕਿਨ ਹਿੰਦੂਆਂ ਦੀ ਕੁਝ ਅਗਾਂਹ ਵਧੂ ਤੇ ਪੜ੍ਹੀ ਲਿਖੀ ਘੱਟ ਗਿਣਤੀ ਮੁਸਲਮਾਨਾਂ ਨੂੰ ਆਪਣੇ ਸਮਾਜ ਵਿਚ ਰਲਾਉਣ ਦੇ ਹੱਕ ਵਿਚ ਸੀ। ਕੁਝ ਧਾਰਮਿਕ ਲੀਡਰ ਵੀ ਉਹਨਾਂ ਦੀ ਡਟਵੀ ਹਿਮਾਇਤ ਕਰਦੇ ਸਨ ਜਿਵੇਂ ਕਿ ਰਾਜਾ ਰਾਮ ਮੋਹਨ ਰਾਏ, ਰਾਮਾਕ੍ਰਿਸ਼ਨ ਪਰਮਹੰਸ, ਵਿਵੇਕਾਨੰਦ, ਸ਼੍ਰੀ ਆਰਬਿੰਦੂ ਤੇ ਸਭ ਤੋਂ ਵਧ ਕੇ ਮਹਾਤਮਾ ਗਾਂਧੀ। ਇਹ ਮੁੱਖ ਤੌਰ 'ਤੇ ਮਹਾਤਮਾ ਗਾਂਧੀ ਦਾ ਹੀ ਪ੍ਰਭਾਵ ਸੀ। ਨਹਿਰੂ ਨੇ ਇਸ ਮੁਲਕ ਨੂੰ ਧਰਮ ਨਿਰਪੱਖ ਮੁਲਕ ਹੋਣ ਦਾ ਐਲਾਨ ਕਰਕੇ ਇਸ ਵਿਚਾਰ ਨੂੰ ਅਮਲੀ ਰੂਪ ਦਿੱਤਾ। ਸ੍ਰੀਮਤੀ ਇੰਦਰਾ ਗਾਂਧੀ ਮੁਲਕ ਦੇ ਮੁਸਲਮਾਨਾਂ ਨੂੰ ਮੁੱਖ ਧਾਰਾ ਵਿਚ ਰੱਖਣ ਵਾਸਤੇ ਲਗਾਤਾਰ ਯਤਨਸ਼ੀਲ ਹੈ।

ਚੈਪਟਰ 7

ਭਾਰਤੀ ਇਸਾਈ

ਭਾਰਤ ਦੀ ਆਬਾਦੀ ਦਾ 2.44 ਪ੍ਰਤੀਸ਼ਤ ਇਕ ਕਰੋੜ 30 ਲੱਖ ਇਸਾਈ ਮੁਸਲਮਾਨਾਂ ਤੋਂ ਬਾਅਦ ਭਾਰਤ ਦੀ ਦੂਜੀ ਵੱਡੀ ਧਾਰਮਿਕ ਘੱਟ ਗਿਣਤੀ ਹੈ (*2011 ਦੀ ਜਨਗਣਨਾ ਮੁਤਾਬਕ ਭਾਰਤ ਵਿਚ ਇਸਾਈਆਂ ਦੀ ਆਬਾਦੀ 2 ਕਰੋੜ 40 ਲੱਖ ਹੈ ਤੇ ਇਹ ਕੁੱਲ ਆਬਾਦੀ ਦਾ ਹੁਣ 2.3 ਪ੍ਰਤੀਸ਼ਤ ਹੈ*)।

ਇਸਲਾਮ ਦੀ ਤਰ੍ਹਾਂ ਇਸਾਈ ਮੱਤ ਦਾ ਵੀ ਭਾਰਤ ਵਿਚ ਦਾਖਲਾ ਵਿਦੇਸ਼ਾ ਵੱਲੋਂ ਹੋਇਆ। ਬੇਸ਼ੱਕ ਭਾਰਤ ਦੇ ਇਤਿਹਾਸ ਵਿਚ ਕਿਧਰੇ ਵੀ ਈਸਾਈਅਤ ਨੂੰ ਜ਼ਬਰਦਸਤੀ ਕਿਸੇ ਉਪਰ ਨਹੀਂ ਲੱਦਿਆ ਗਿਆ ਪਰ ਇਸਾਈ ਹਾਕਮਾਂ ਤੋਂ ਦੁਨਿਆਵੀ ਲਾਭ ਪ੍ਰਾਪਤ ਕਰਨ ਵਾਸਤੇ ਕਈ ਲੋਕ ਇਸਾਈ ਬਣੇ। ਇਸ ਤੋਂ ਇਲਾਵਾ ਇਸਾਈਆਂ ਵੱਲੋਂ ਵੱਡੇ ਵੱਡੇ ਸੇਵਾ ਕੇਂਦਰ ਖੋਲ੍ਹ ਕੇ ਲੋਕਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਬਹੁਤ ਸਾਰੇ ਦੇਸੀ ਹਾਕਮਾਂ ਨੇ ਇਸਾਈਆਂ ਦੇ ਇਹਨਾਂ ਕੰਮਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਤੇ ਕਈ ਜਗ੍ਹਾ ਇਸਾਈ ਮਿਸ਼ਨਰੀਆਂ ਉਪਰ ਪਾਬੰਦੀਆਂ ਵੀ ਲੱਗਦੀਆਂ ਰਹੀਆਂ।

ਭਾਰਤ ਵਿਚ ਇਸਾਈ ਮੱਤ ਬਹੁਤ ਪਹਿਲੀਆਂ ਵਿਚ ਵੀ ਆਇਆ। ਇਕ ਇਸਾਈ ਪ੍ਰਚਾਰਕ ਥਾਮਸ ਡਿਡੂਮਸ ਤਾਂ 52 ਈਸਵੀ ਵਿਚ ਹੀ ਮਾਲਾਬਰ ਵਿਚ ਆ ਗਿਆ ਸੀ। ਬੇਸ਼ੱਕ ਉਸ ਦਾ ਮਕਸਦ ਉਸ ਤੋਂ ਪਹਿਲਾਂ ਭਾਰਤ ਆ ਚੁਕੇ ਯਹੂਦੀਆਂ ਨੂੰ ਇਸਾਈ ਧਰਮ ਵਿਚ ਸ਼ਾਮਿਲ ਕਰਨਾ ਸੀ ਲੇਕਿਨ ਉਸ ਨੇ ਛੇਤੀ ਹੀ ਗੈਰ ਯਹੂਦੀਆਂ ਨਾਲ ਵੀ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਅਜਿਹੇ ਦਖਲ ਕਰਕੇ ਕੁਝ ਗੈਰ ਯਹੂਦੀਆਂ ਨੇ ਉਸ ਨੂੰ ਮਾਰ ਦਿੱਤਾ ਤੇ ਉਸ ਤੋਂ ਬਾਅਦ ਤਿੰਨ ਸਦੀਆਂ ਤੱਕ ਕਿਸੇ ਇਸਾਈ ਪ੍ਰਚਾਰਕ ਦੇ ਏਧਰ ਆਉਣ ਬਾਰੇ ਨਹੀਂ ਸੁਣਿਆ ਗਿਆ।

345 ਈਸਵੀ ਵਿਚ ਇਕ ਇਸਾਈ ਸ਼ਹਿਜ਼ਾਦਾ ਤੇ ਵਪਾਰੀ ਕਨਾਨ ਦਾ ਥਾਮਸ ਸੀਰੀਆ ਤੋਂ 72 ਇਸਾਈ ਪਰਿਵਾਰ ਲੈ ਕੇ ਭਾਰਤ ਆਇਆ ਜਿਹਨਾਂ ਵਿਚ 400 ਦੇ ਕਰੀਬ ਮਰਦ ਤੇ ਔਰਤਾਂ ਸਨ। ਉਹ ਮਾਲਾਬਰ ਵਿਚ ਸੀਰੀਅਨ ਚਰਚਾਂ ਦੀ ਬੁਨਿਆਦ ਬਣੇ। ਜਦੋਂ ਅਰਬ ਵਾਲੇ ਸਮੁੰਦਰਾਂ ਦੇ ਹਾਕਮ ਬਣ ਗਏ ਤਾਂ ਬੜੀ ਦੇਰ ਤੱਕ ਸੀਰੀਅਨ ਈਸਾਈਆਂ ਤੇ ਮੱਧ ਪੂਰਬ ਦੇ ਹੋਰ ਇਸਾਈਆਂ ਬਾਰੇ ਕੁਝ ਨਹੀਂ ਸੁਣਿਆ ਗਿਆ। ਸਿਰਫ ਕੁਝ ਯੂਰਪੀਨ ਮਿਸ਼ਨਰੀ ਜਿਵੇਂ ਕਿ ਮੌਂਟੇ ਕਾਰਵੀਨੋ ਦੇ ਫਰਿਆਰ ਜੌਹਨ ਨੇ 1291-92 ਵਿਚ ਕੁਝ ਅਸਰ ਜ਼ਾਹਿਰ ਕੀਤੇ।

ਕੇਰਲਾ ਦੇ ਸੀਰੀਅਨ ਇਸਾਈਆਂ ਦਾ ਫਿਰਕਾ ਭਾਰਤ ਵਿਚ ਇਸਾਈਆਂ ਦਾ ਸਭ ਤੋਂ ਪੁਰਾਣਾ ਫਿਰਕਾ ਹੈ। ਇਹਨਾਂ ਵਿਚੋਂ ਬਹੁਤ ਸਾਰਿਆਂ ਦੇ ਨਾਮ ਪੁਰਾਣੇ ਸੀਰੀਆਈ ਪਿਛੋਕੜ ਦੇ ਈਸਾਈਆਂ ਵਾਲੇ ਹਨ। ਇਹਨਾਂ ਵਿਚ ਕੁਝ ਨਾਵਾਂ ਨੂੰ ਭਾਰਤੀ ਰੰਗਤ

ਵੀ ਮਿਲੀ, ਜਿਵੇਂ ਕਿ ਮੈਥੀਓ ਤੋਂ ਮਾਥਾਈ। ਇਸ ਤੋਂ ਇਲਾਵਾ 'ਵਰਗੀਜ਼' ਤੇ 'ਥੌਮਸ' ਨਾਮ ਵੀ ਓਧਰੋਂ ਹੀ ਆਏ ਹਨ ਜੋ ਪ੍ਰਾਚੀਨ ਸਮੇਂ ਦੇ ਇਸਾਈ ਸੰਤਾਂ ਦੇ ਹੁੰਦੇ ਸਨ।

1498 ਈਸਵੀ ਵਿਚ 'ਕਾਲੀਕੱਟ' ਦੇ ਸਥਾਨ ਉਪਰ ਵਾਸਕੋਡੀ ਗਾਮਾ ਪਹੁੰਚਿਆ। ਅਨੁਮਾਨ ਲਗਾਇਆ ਜਾਂਦਾ ਹੈ ਕਿ ਉਸ ਵਕਤ ਮੁਲਕ ਅੰਦਰ ਸੀਰੀਆਈ ਇਸਾਈਆਂ ਦੀ ਗਿਣਤੀ ਦੋ ਲੱਖ ਦੇ ਕਰੀਬ ਹੋ ਚੁਕੀ ਸੀ। ਇਸ ਪੁਰਤਗੇਜ਼ੀ ਸਮੁੰਦਰੀ ਜਹਾਜ਼ੀ ਦਾ ਸੁਆਗਤ ਹਿੰਦੂਆਂ ਨੇ ਵੀ ਕੀਤਾ ਤੇ ਸੀਰੀਅਨਾਂ ਨੇ ਵੀ। ਲੇਕਿਨ ਇਹ ਦੋਸਤੀ ਬਹੁਤ ਦੇਰ ਨਹੀਂ ਰਹੀ ਕਿਉਂਕਿ ਹੁਣ ਪੁਰਗਾਲੀਆਂ ਦੇ ਆਉਣ ਤੋਂ ਬਾਅਦ ਸੀਰੀਅਨਾਂ ਨੇ ਗਾਂ ਦਾ ਮਾਸ ਸ਼ਰੇ ਆਮ ਖਾਣਾ ਸ਼ੁਰੂ ਕਰ ਦਿੱਤਾ ਤੇ ਇਕ ਵੱਖਰੀ ਸ਼ਾਨ ਨਾਲ ਰਹਿਣ ਲੱਗ ਪਏ। ਪੁਰਤਗਾਲੀ ਸਥਾਨਕ ਲੋਕਾਂ ਨਾਲ ਘੁਲ ਮਿਲ ਨਹੀਂ ਸਕੇ ਤੇ ਜਲਦੀ ਹੀ ਵਿਦੇਸ਼ੀ ਅਖਵਾਏ ਜਾਣ ਲੱਗ ਪਏ।

ਮੁਲਕ ਦੀ ਪਹਿਲੀ ਇਸਾਈ ਬਸਤੀ 1510 ਵਿਚ ਬਣਨੀ ਸ਼ੁਰੂ ਹੋਈ ਜਦੋਂ ਪੁਰਤਗਾਲੀ ਜਰਨੈਲ ਅੱਲਬੁਕੇਰਕੀਓ ਨੇ ਗੋਆ ਉਪਰ ਕਬਜ਼ਾ ਕਰ ਲਿਆ। ਉਹ ਆਪਣੇ ਨਾਲ ਯੂਰਪੀਨ ਪਾਦਰੀ ਲੈ ਕੇ ਆਇਆ ਸੀ। ਉਹਨਾਂ ਵਿਚ ਸੈਂਟ ਫਰਾਂਕਿਸ ਜ਼ੇਵੀਅਰ ਦਾ ਨਾਮ ਪ੍ਰਸਿੱਧ ਸੀ ਜਿਹੜਾ 1542 ਵਿਚ ਆਇਆ ਤੇ ਮਛਿਆਰਿਆਂ ਨੂੰ ਇਸਾਈਅਤ ਦੇ ਪ੍ਰਚਾਰ ਵਿਚ ਲਿਆਉਣ ਲੱਗਾ ਜੋ ਸਮੁੰਦਰ ਦੇ ਕਿਨਾਰੇ ਗੋਆ ਤੇ ਕੇਪ ਕੋਮੋਰੇਨ ਦੇ ਵਿਚਕਾਰ ਰਹਿੰਦੇ ਸਨ। ਕੁਝ ਸਾਲਾਂ ਬਾਅਦ ਸੈਂਟ ਜ਼ੇਵੀਅਰ ਜਪਾਨ ਗਿਆ ਤੇ ਉਥੋਂ ਵਾਪਸ ਆਉਂਦਿਆਂ ਕੇਨਟਾਨ ਦੇ ਅਸਥਾਨ ਉਪਰ ਦਿਸੰਬਰ 1552 ਈਸਵੀ ਵਿਚ ਮਰ ਗਿਆ। ਉਸ ਦੀ ਲਾਸ਼ ਨੂੰ ਗੋਆ ਲਿਆਂਦਾ ਗਿਆ ਤੇ ਬਹੁਤ ਸਾਲਾਂ ਤੋਂ ਸੁਰੱਖਿਅਤ ਰੱਖਿਆ ਤੇ ਹੁਣ ਹੀ ਜਾ ਕੇ ਦਫ਼ਨਾਇਆ ਸੀ।

ਅੱਜ ਤੱਕ ਵੀ ਗੋਆ ਹੀ ਇਸ ਮੁਲਕ ਦੇ ਕੈਥੋਲਿਕ ਈਸਾਈਆਂ ਦਾ ਮੁੱਖ ਕੇਂਦਰ ਹੈ। ਗੋਆ ਦੇ ਬਹੁਤ ਇਸਾਈਆਂ ਦੇ ਪੁਰਤਗਾਲੀ ਨਾਮ ਹਨ ਜਿਵੇਂ ਕਿ 'ਡੀਮੈਲੋ, ਡੀਸੂਜ਼ਾ, ਪੇਰੇਰਾ, ਡਿਆਸ, ਡੀ ਸਿਲਵਾ, ਡੀਕੂਨਾ ਤੇ ਨੋਰੋਨਾ' ਵਗੈਰਾ। ਉਹਨਾਂ ਦੀ ਕੁਝ ਹੱਦ ਤੱਕ ਦੀ ਗੋਰੀ ਚਮੜੀ ਵੀ ਦਰਸਾਉਂਦੀ ਹੈ ਕਿ ਉਹਨਾਂ ਦੇ ਵਡੇਰਿਆਂ ਦੀਆਂ ਪੁਰਤਗਾਲੀਆਂ ਨਾਲ ਸ਼ਾਦੀਆਂ ਹੋਈਆਂ ਹੋਣਗੀਆਂ। ਲੰਬੇ ਸਾਲਾਂ ਦੇ ਅੰਗਰੇਜ਼ੀ ਰਾਜ ਵਿਚ ਇਹਨਾਂ ਦਾ ਪੁਰਤਗਾਲੀ ਅਸਰ ਯੂਰਪੀਨ ਰਿਵਾਇਤਾਂ ਵਿਚ ਸਹਾਈ ਰਿਹਾ। ਇਹ ਵੱਡਿਆਂ ਆਹੁਦਿਆਂ ਉਪਰ ਰਹੇ, ਵੱਡੇ ਖਾਨਸਾਮਾ ਤੇ ਸੰਗੀਤਕਾਰ ਵੀ ਇਹਨਾਂ ਵਿਚੋਂ ਹੋਏ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਇਹ ਲੋਕ ਬਹੁਤ ਵੱਡੇ ਅਹੁਦਿਆਂ ਉਪਰ ਵੇਖੇ ਗਏ ਜਿਵੇਂ ਕਿ ਮਿਲਟਰੀ ਅਫ਼ਸਰ, ਦੂਜੇ ਮੁਲਕਾਂ ਵਿਚ ਸਫ਼ੀਰ ਤੇ ਗਵਰਨਰ ਵਗੈਰਾ। ਹੁਣ ਇਹਨਾਂ ਵਿਚੋਂ ਬਹੁਤ ਸਾਰਿਆਂ ਨੇ ਭਾਰਤੀ ਨਾਮ ਰੱਖਣੇ ਸ਼ੁਰੂ ਕਰ ਦਿੱਤੇ ਹਨ।

ਇਸਾਈ ਮਿਸ਼ਨਰੀਆਂ ਦੇ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਹਿੰਦੂ ਧਰਮ ਦੀ ਜਾਤੀ ਪ੍ਰਣਾਲੀ ਸੀ। ਪਹਿਲਾਂ ਪਹਿਲ ਉਹਨਾਂ ਨੇ ਨੀਵੀਆਂ ਮੰਨੀਆਂ ਜਾਂਦੀਆਂ ਜਾਤੀਆਂ, ਖਾਸ ਕਰਕੇ ਅਛੂਤਾਂ, ਨੂੰ ਇਸਾਈ ਧਰਮ ਵਿਚ ਪਰੀਵਰਤਨ ਕਰਨ ਦਾ ਕੰਮ

ਕੀਤਾ। ਇਸ ਦਾ ਉੱਚੀਆਂ ਜਾਤੀਆਂ ਵੱਲੋਂ ਕੋਈ ਖਾਸ ਵਿਰੋਧ ਨਹੀਂ ਸੀ। ਲੇਕਿਨ ਇਹਨਾਂ ਜਲਦੀ ਵੇਖਿਆ ਕਿ ਧਰਮ ਬਦਲਣ ਤੋਂ ਬਾਅਦ ਵੀ ਅਛੂਤਾਂ ਨੂੰ ਅਛੂਤ ਹੀ ਮੰਨਿਆਂ ਜਾਂਦਾ ਰਿਹਾ। ਬ੍ਰਾਹਮਣਾਂ ਨੂੰ ਪ੍ਰਭਾਵਤ ਕਰਨ ਦੀ ਪਹਿਲੀ ਕੋਸ਼ਿਸ਼ 'ਰਾਬਰਟ ਡੇ ਨਾਬਲੀ' ਤੇ 'ਫਾਦਰ ਰੀਕੋ' ਨੇ ਕੀਤੀ ਜਿਹਨਾਂ ਨੇ ਆਪਣੇ ਆਪ ਨੂੰ ਰੋਮ ਦੇ ਬ੍ਰਾਹਮਣ ਇਸਾਈ ਦੱਸਿਆ। ਉਹਨਾਂ ਨੇ ਸੰਸਕ੍ਰਿਤ ਦੇ ਸਲੋਕ, ਤਾਮਿਲ ਭਾਸ਼ਾ ਤੇ ਕਈ ਸਾਰੀਆਂ ਬ੍ਰਾਹਮਣੀ ਰਸਮਾਂ ਵੀ ਸਿੱਖੀਆਂ। ਕਿਹਾ ਗਿਆ ਕਿ ਨੋਬਲੀ ਨੇ ਦਸਾਂ ਸਾਲਾਂ ਵਿਚ ਇਕ ਲੱਖ ਬ੍ਰਾਹਮਣਾ ਨੂੰ ਇਸਾਈ ਬਣਾ ਦਿੱਤਾ ਸੀ ਪਰ ਇਹ ਆਂਕੜਾ ਬਹੁਤ ਗਲਤ ਸਾਬਿਤ ਹੋਇਆ। ਬਹੁਤ ਸਾਰੇ ਹੋਰ ਮਿਸ਼ਨਰੀਆਂ ਨੇ ਨੋਬਲੀ ਦੇ ਤਰੀਕੇ ਦੀ ਨਿੰਦਾ ਕੀਤੀ ਤੇ ਉਹ ਨੀਵੀਆਂ ਜਾਤੀਆਂ ਵਾਲਿਆਂ ਨੂੰ ਇਸਾਈ ਧਰਮ ਵਿਚ ਸ਼ਾਮਿਲ ਕਰਨ ਦੇ ਕੰਮ ਵਿਚ ਰੁੱਝੇ ਰਹੇ।

16ਵੀਂ ਸਦੀ ਤੱਕ ਭਾਰਤ ਵਿਚ ਇਸਾਈ ਮੱਤ ਕੇਵਲ ਦੱਖਣ ਤੱਕ ਹੀ ਸੀਮਤ ਰਿਹਾ ਤੇ ਦੋ ਮੁੱਖ ਗਰੁੱਪਾਂ ਵਿਚ ਵੰਡਿਆ ਵੀ ਰਿਹਾ। ਮਾਲਾਬਾਰ ਵਿਚ ਸੀਰੀਅਨ ਛਾਏ ਰਹੇ ਤੇ ਪੁਰਤਗਾਲੀ ਗੋਆ ਵਿਚ ਕੈਥੋਲਿਕ ਇਸਾਈਆਂ ਦਾ ਅਸਰ ਸੀ।

ਜੀਸਸ ਨਾਮ ਦੀ ਇਕ ਇਸਾਈ ਸੰਸਥਾ ਨੇ ਤਾਂ ਮੁਗਲ ਬਾਦਸ਼ਾਹ ਅਕਬਰ (1556-1695 ਈ.) ਨੂੰ ਵੀ ਇਸਾਈ ਧਰਮ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਕਬਰ ਦੇ ਹੀ ਸੱਦੇ ਉਪਰ ਇਕ ਜੀਸਸ ਮਿਸ਼ਨ 1578 ਈਸਵੀ ਵਿਚ ਆਗਰਾ ਆਇਆ। ਉਹਨਾ ਦਾ ਚੰਗਾ ਸੁਆਗਤ ਕੀਤਾ ਗਿਆ। ਲੇਕਿਨ ਇਹ ਮਿਸ਼ਨਰੀ ਹਿੰਦੂਆਂ ਤੇ ਮੁਸਲਮਾਨਾਂ ਨਾਲ ਕੋਈ ਪਾਏਦਾਰ ਵਿਚਾਰ ਵਟਾਂਦਰਾ ਨਹੀਂ ਕਰ ਸਕੇ। ਇਕ ਦੂਸਰਾ ਮਿਸ਼ਨ ਇਸ ਨਾਲੋਂ ਵੱਡੇ ਵਿਦਵਾਨਾ ਦਾ ਵੀ ਆਇਆ। ਇਹ ਹਿੰਦੂਆਂ ਤੇ ਮੁਸਲਮਾਨਾਂ ਨਾਲ ਦੀਨ ਦੇ ਮਸਲੇ ਉਪਰ ਲੰਬੀਆਂ ਬਹਿਸਾਂ ਕਰਦਾ ਰਿਹਾ। ਉਹਨਾਂ ਹੀ ਦਿਨਾਂ ਵਿਚ ਅਕਬਰ ਅਫੀਮ ਦੀ ਵੱਡੀ ਮਾਤਰਾ ਲੈਣ ਲੱਗ ਪਿਆ ਸੀ। ਫਿਰ ਉਹ ਰੱਬ ਦੀ ਹੋਂਦ, ਨਰਕ ਸਵਰਗ ਤੇ ਦੇਵਤਿਆਂ ਬਾਰੇ ਦਾਰਸ਼ਨਿਕ ਬਹਿਸ ਵਿਚ ਉਲਝਣ ਨਾਲੋਂ ਗਹਿਰੀ ਨੀਂਦ ਸੌਣ ਨੂੰ ਤਰਜੀਹ ਦੇਣ ਲੱਗ ਪਿਆ। ਜਹਾਂ ਪਨਾਂਹ ਇਹਨਾਂ ਨਾਲ ਬਹੁਤ ਮਿੱਠ ਬੋਲੜਾ ਰਿਹਾ ਹੈ ਪਰ ਇਸਾਈ ਮੱਤ ਗ੍ਰਹਿਣ ਕਰਨ ਦਾ ਮਤਲਬ ਉਸ ਦੇ ਹਰਮ ਵਿਚ ਇਕ ਇਸਾਈ ਔਰਤ ਨੂੰ ਵੀ ਸ਼ਾਮਿਲ ਕਰਨਾ ਸੀ ਜਿਸ ਵਿਚ ਪਹਿਲਾਂ ਹੀ ਮੁਸਲਿਮ, ਹਿੰਦੂ, ਜਹੂਦੀ ਤੇ ਆਰਮੀਨੀ ਔਰਤਾਂ ਸਨ।

ਅਕਬਰ ਤੋਂ ਬਾਅਦ ਇਸ ਦੇ ਪੁੱਤਰ ਜਹਾਂਗੀਰ (1605-27 ਈਸਵੀ) ਦੇ ਗੱਦੀ ਉਪਰ ਬੈਠਣ ਨਾਲ 'ਜੀਸਸ ਮਿਸ਼ਨ' ਨੂੰ ਕੁਝ ਨਵੀਆਂ ਉਮੀਦਾਂ ਜਾਗੀਆਂ ਸਨ। ਨਵੇਂ ਬਾਦਸ਼ਾਹ ਨੇ ਵੀ ਜੀਸਸਾਂ ਦੀ ਗੱਲ ਬਹੁਤ ਸਤਿਕਾਰ ਨਾਲ ਸੁਣੀ ਤੇ ਆਪਣੇ ਦੋ ਭਤੀਜਿਆਂ ਨੂੰ ਇਸਾਈ ਬਣ ਜਾਣ ਦੀ ਵੀ ਇਜਾਜ਼ਤ ਦੇ ਦਿੱਤੀ ਪਰ ਉਹ ਇਸ ਤੋਂ ਅੱਗੇ ਵੱਧਣ ਵਾਸਤੇ ਤਿਆਰ ਨਹੀਂ ਹੋਇਆ। ਇਸਾਈਆਂ ਪ੍ਰਤੀ ਉਸ ਦੇ ਸਤਿਕਾਰ ਨੂੰ ਇਕ ਧੱਕਾ ਓਦੋਂ ਵੀ ਲੱਗਾ ਜਦੋਂ ਗੋਆ ਦੇ ਪੁਰਤਗਾਲੀ ਰੋਮਨ ਕੈਥੋਲਿਕਾਂ ਦਾ ਅੰਗਰੇਜ਼ ਸਫੀਰ ਕੈਪਟਨ ਹਾਕਿਨਜ਼ ਤੇ ਸਰ ਥਾਮਸ ਰੋ ਨਾਲ ਝਗੜਾ ਹੋ ਗਿਆ ਜੋ ਪ੍ਰੋਟੋਸਟੈਂਟ ਸਨ।

ਆਗਰਾ ਦੇ ਦਰਬਾਰ ਵਿਚ ਇਕ ਬਹੁਤ ਹੀ ਅਜੀਬ ਕਰਾਮਾਤੀ ਘਟਨਾ ਹੋਈ। ਜੀਸਸਾਂ ਨੇ ਇਕ ਬਾਂਦਰ ਪੇਸ਼ ਕੀਤਾ ਕਿ ਇਹ ਕਈ ਸਾਰੇ ਪੈਗੰਬਰਾਂ ਦੇ ਨਾਮਾਂ ਵਿਚੋਂ ਸਿਰਫ਼ ਜੀਸਸ ਦੇ ਨਾਮ ਵਾਲਾ ਕਾਰਡ ਚੁਕੇਗਾ। ਬਾਦਸ਼ਾਹ ਨੇ 12 ਕਾਰਡਾਂ ਉਪਰ 12 ਪੈਗੰਬਰਾਂ ਦਾ ਨਾਮ ਲਿਖਿਆ ਪਰ ਬਾਂਦਰ ਨੇ ਜੀਸਸ ਵਾਲਾ ਕਾਰਡ ਹੀ ਚੁੱਕਿਆ। ਮੁਸਲਮਾਨਾਂ ਤੇ ਹਿੰਦੂਆਂ ਨੇ ਇਤਰਾਜ਼ ਕੀਤਾ ਕਿ ਬਾਂਦਰ ਨੂੰ ਇਸ਼ਾਰਾ ਕੀਤਾ ਗਿਆ ਸੀ। ਦੂਜੀ ਵਾਰ ਪੈਗੰਬਰਾਂ ਦੇ ਨਾਮ ਉਸ ਭਾਸ਼ਾ ਵਿਚ ਲਿਖੇ ਜਿਹੜੀ ਬਾਂਦਰ ਦੇ ਮਾਲਕ ਨੂੰ ਨਹੀਂ ਆਉਂਦੀ ਸੀ ਪਰ ਉਸ ਨੇ ਫਿਰ ਜੀਸਿਸ ਵਾਲਾ ਕਾਰਡ ਹੀ ਚੁੱਕਿਆ। ਤੀਸਰੀ ਵਾਰ ਬਾਦਸ਼ਾਹ ਨੇ ਕਈ ਪੈਗੰਬਰਾਂ ਦੇ ਨਾਮ ਲਿਖੇ ਪਰ ਜੀਸਿਸ ਦਾ ਕਿਸੇ ਉਪਰ ਵੀ ਨਹੀਂ ਲਿਖਿਆ। ਬਾਂਦਰ ਨੇ ਸਾਰੇ ਕਾਰਡ ਪਾੜ ਦਿੱਤੇ। ਸਰ ਥਾਮਸ ਰੋ ਉਥੇ ਹਾਜ਼ਰ ਸੀ ਜਿਸ ਨੇ ਇਸ ਨੂੰ ਇਕ ਬਹੁਤ ਹੀ ਹੁਨਰਮੰਦ ਟ੍ਰਿਕ ਦੱਸਿਆ।

1627 ਈਸਵੀ ਵਿਚ ਜਹਾਂਗੀਰ ਦੀ ਮੌਤ ਹੋ ਗਈ ਤੇ ਬਾਦਸ਼ਾਹ ਦੀ ਧਰਮ ਬਦਲੀ ਦੇ ਰਾਹੀਂ ਭਾਰਤ ਨੂੰ ਇਸਾਈ ਮੁਲਕ ਬਣਾਉਣ ਦੀਆਂ ਕੋਸ਼ਿਸ਼ਾਂ ਦਾ ਵੀ ਅੰਤ ਹੋ ਗਿਆ। ਦਰ ਅਸਲ ਕਿਸੇ ਵੀ ਰਿਆਸਤ ਦੇ ਕਿਸੇ ਵੀ ਭਾਰਤੀ ਹੁਕਮਰਾਨ ਨੇ ਇਸਾਈ ਧਰਮ ਨਹੀਂ ਕਬੂਲ ਕੀਤਾ ਸੀ। ਇਕੋ ਇਕ ਛੋਟ ਦਿੱਲੀ ਦੇ ਨਜ਼ਦੀਕ ਸਰਦਨਾ ਦੀ ਇਕ ਬੇਗਮ ਜ਼ੇਬੂਨਿਸਾਂ ਜੋਆਨਾ ਸਮਰੂ ਸੀ ਜਿਸ ਨੇ ਇਸਾਈ ਧਰਮ ਅਪਣਾ ਕੇ ਇਕ ਜਰਮਨ ਕੈਥੋਲਿਕ ਵਾਲਟਰ ਰੀਇਨਹਾਰਡ ਨਾਲ ਸ਼ਾਦੀ ਕਰ ਲਈ ਸੀ।

ਪ੍ਰੋਟੈਸਟੈਂਟਾਂ ਦੇ ਮਿਸ਼ਨ

ਇਸ ਵਕਤ ਤਿੰਨ ਵੱਖ ਵੱਖ ਪ੍ਰੋਟੈਸਟੈਂਟ ਤਾਕਤਾਂ ਨੇ ਭਾਰਤ ਦੇ ਕੁਝ ਹਿੱਸਿਆਂ ਉਪਰ ਕਬਜ਼ਾ ਕਰ ਲਿਆ ਸੀ। ਇਸ ਸਨ: ਡੱਚ, ਡੈਨਿਸ਼ ਤੇ ਅੰਗਰੇਜ਼ ਜਿਹਨਾਂ ਦਾ ਜ਼ਿਆਦਾ ਧਿਆਨ ਆਪਣੇ ਮੁਨਾਫ਼ਿਆਂ ਵੱਲ ਸੀ ਧਰਮ ਦੇ ਫੈਲਾਵ ਵਿਚ ਨਹੀਂ। ਇਹ ਮਿਸ਼ਨਰੀਆਂ ਦੇ ਵੀ ਵਿਰੁੱਧ ਸਨ। ਡੱਚ ਜ਼ਿਆਦਾ ਧਾਰਮਿਕ ਰੁਚੀਆਂ ਵਾਲੇ ਸਨ। ਉਹਨਾਂ ਨੇ 1706 ਵਿਚ ਮਿਸ਼ਨਰੀਆਂ ਸ਼ੁਰੂ ਕੀਤੀਆਂ ਤੇ 1711 ਵਿਚ ਪਹਿਲਾ ਪ੍ਰੋਟੈਸਟੈਂਟ ਚਰਚ ਡੱਚ ਇਲਾਕੇ ਵਿਚ ਸਥਾਪਤ ਹੋਇਆ।

ਪ੍ਰੋਟੈਸਟੈਂਟਾਂ ਦੀਆਂ ਮਿਸ਼ਨਰੀਆਂ ਨੂੰ ਵੀ ਉਹੀ ਦਿੱਕਤਾਂ ਪੇਸ਼ ਆਈਆਂ ਜਿਹੜੀਆਂ ਕੈਥੋਲਿਕ ਮਿਸ਼ਨਰੀਆਂ ਨੂੰ ਆਈਆਂ ਸਨ। ਭਾਰਤੀ ਲੋਕ ਇਹਨਾਂ ਮਿਸ਼ਨਰੀਆਂ ਦੇ ਕੰਮ ਦਾ ਜਾਇਜ਼ਾ ਗੋਰੇ ਲੋਕਾਂ ਦੇ ਵਿਹਾਰ ਤੋਂ ਕਰਦੇ ਸਨ। ਗੋਰੇ ਲੋਕਾਂ ਦਾ ਜੀਵਨ ਢੰਗ ਭਾਰਤੀਆਂ ਨੂੰ ਉਤਸ਼ਾਹਤ ਨਹੀਂ ਕਰਦਾ ਸੀ। ਇਕ ਅੰਗਰੇਜ਼ ਇਸਾਈ ਟੈਨੀ ਨੇ ਲਿਖਿਆ ਕਿ ਇਕ ਹਿੰਦੁਸਤਾਨੀ ਇਸ ਤਰ੍ਹਾਂ ਕਹਿੰਦਾ ਸੀ ਕਿ "ਇਸਾਈ ਧਰਮ ਸ਼ੈਤਾਨ ਦਾ ਧਰਮ ਹੈ, ਇਸਾਈ ਲੋਕ ਬਹੁਤ ਸ਼ਰਾਬ ਪੀਂਦੇ ਹਨ।

1798 ਈਸਵੀ ਵਿਚ ਇਕ ਹੋਰ ਅੰਗਰੇਜ਼ 'ਸ਼ੀਵਾਰਟਜ਼' ਨੇ ਲਿਖਿਆ ਕਿ ਜਦੋਂ ਭਾਰਤ ਵਿਚ ਆਪਣਾ ਸਰਵੇ ਕਰ ਰਿਹਾ ਸੀ ਤਾਂ ਇਕ ਹਿੰਦੂ ਦੋਸਤ ਨੂੰ ਮਿਲਿਆ ਜਿਸ ਦੇ ਨਾਲ ਇਕ ਵੇਸਵਾ ਸੀ। ਉਸ ਨੇ ਹਿੰਦੂ ਨੂੰ ਕਿਹਾ ਕਿ ਜੇ ਉਹ ਅਜਿਹੀਆਂ ਘਟੀਆਂ ਔਰਤਾਂ ਨੂੰ ਨਾਲ ਰੱਖੇਗਾ ਤਾਂ ਕਦੇ ਵੀ ਸਵਰਗ ਦੇ ਦਰਵਾਜ਼ੇ 'ਤੇ ਨਹੀਂ ਪਹੁੰਚ ਸਕਦਾ।

ਔਰਤ ਨੇ ਗੱਲ ਨੂੰ ਵਿਚੋਂ ਕੱਟਦਿਆਂ ਕਿਹਾ ਕਿ "ਇਸ ਤਰ੍ਹਾਂ ਫਿਰ ਕੋਈ ਯੂਰਪੀਨ ਉਥੇ ਦਾਖਲ ਹੀ ਨਹੀਂ ਹੋਵੇਗਾ।"

ਭਾਰਤ ਵਿਚ ਪ੍ਰੋਟੈਸਟੈਂਟਾਂ ਨੇ ਆਪਣਾ ਅਸਰ ਰਸੂਖ ਅਠਾਰਵੀਂ ਸਦੀ ਦੇ ਅਖੀਰ ਵਿਚ ਹੀ ਬਣਾਇਆ ਜਦੋਂ ਇਕ ਅੰਗਰੇਜ਼ ਪਾਦਰੀ 'ਵਿਲੀਅਮ ਕੈਰੇ' 1793 ਵਿਚ ਕਲਕੱਤਾ ਪਹੁੰਚਿਆ। ਮਿਸ਼ਨਰੀਆਂ ਪ੍ਰਤੀ ਅੰਗਰੇਜ਼ਾਂ ਦਾ ਰੁੱਖਾ ਵਰਤਾਵ ਵੇਖ ਕੇ ਉਸ ਨੇ ਆਪਣਾ ਮਿਸ਼ਨ ਡੈਨਿਸ਼ ਏਰੀਆ ਵਿਚ 'ਸੀਰਾਮਪੁਰ' ਦੇ ਸਥਾਨ ਉਪਰ ਖੋਲ੍ਹਿਆ। ਬੇਸ਼ੱਕ ਕੈਰੀ ਪਹਿਲੇ ਸੱਤ ਸਾਲਾਂ ਵਿਚ ਇਕ ਦਾ ਵੀ ਧਰਮ ਪ੍ਰੀਵਰਤਨ ਨਹੀਂ ਕਰਵਾ ਸਕਿਆ ਪਰ ਉਸ ਨੇ ਬਾਈਬਲ ਨੂੰ 36 ਭਾਸ਼ਾਵਾਂ ਵਿਚ ਉਲਥਾ ਕਰਵਾ ਲਿਆ ਤੇ ਛਾਪਣ ਵਾਸਤੇ ਇਕ ਛਾਪਾ ਖਾਨਾ ਵੀ ਖੋਲ੍ਹ ਲਿਆ। ਸੀਰਾਮਪੁਰ ਇਸਾਈ ਸਿੱਖਿਆ ਦਾ ਕੇਂਦਰ ਬਣ ਗਿਆ। ਉਥੇ ਹੀ ਉਸ ਨੇ ਇਕ ਕਾਲਜ ਉਸਾਰਿਆ ਜੋ ਬਾਅਦ ਵਿਚ ਯੂਨੀਵਰਸਿਟੀ ਬਣ ਗਿਆ।

ਜਲਦੀ ਹੀ ਅੰਗਰੇਜ਼ ਪ੍ਰਸ਼ਾਸਕਾਂ ਦਾ ਧਰਮ ਪ੍ਰੀਵਰਤਨ ਪ੍ਰਤੀ ਰਵਈਆ ਬਦਲ ਗਿਆ। ਉਹਨਾਂ ਨੇ ਗਵਰਨਰ ਜਨਰਲ ਦੇ ਇਸ ਆਦੇਸ਼ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਕਿ "ਸ਼ਾਸਤਰਾਂ ਤੇ ਕੁਰਆਨ ਦੇ ਨਿਯਮਾਂ ਦੀ ਪਾਲਣਾ ਕਰੋ ਤੇ ਭਾਰਤੀਆਂ ਨੂੰ ਆਪਣੇ ਧਰਮਾਂ ਦੀ ਪਾਲਣਾ ਵਿਚ ਪੂਰੀ ਸਵਤੰਤਰਤਾ ਦਿੱਤੀ ਜਾਵੇ।" ਬਲਕਿ ਇਸ ਦੇ ਅੱਗੇ ਜੋੜ ਵੀ ਦਿੱਤਾ ਕਿ "ਮਿਸ਼ਨਰੀਆਂ ਨੂੰ ਪੂਰਾ ਹੱਕ ਹੋਵੇਗਾ ਲੋਕਾਂ ਨੂੰ ਇਸਾਈ ਧਰਮ ਵੱਲ ਆਕਰਸ਼ਤ ਕਰਨ ਦਾ।"

ਈਸਾਈ ਧਰਮ ਵੱਲ ਖਿੱਚਣ ਦੀ ਆਜ਼ਾਦੀ ਨੂੰ ਕਾਨੂੰਨੀ ਹਿਮਾਇਤ ਮਿਲ ਗਈ ਤੇ ਬਹੁਤ ਸਾਰੀਆਂ ਅੰਗਰੇਜ਼ ਮਿਸ਼ਨਰੀਆਂ ਭਾਰਤ ਆਉਣੀਆਂ ਸ਼ੁਰੂ ਹੋ ਗਈਆਂ। ਲੇਕਿਨ ਮਿਸ਼ਨਰੀ ਵਿਰੋਧੀ ਧੜਾ ਵੀ ਕਾਫ਼ੀ ਸਰਗਰਮ ਹੋਇਆ। ਉਹਨਾਂ ਦਾ ਕਹਿਣਾ ਸੀ ਕਿ ਇਸ ਨਾਲ ਅਸੀਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਣਾ ਵਿਰੋਧੀ ਬਣਾ ਲਵਾਂਗੇ। ਹਿੰਦੂ ਤੇ ਮੁਸਲਿਮ ਸੰਸਥਾਵਾਂ ਵੱਲੋਂ ਇਹਨਾਂ ਦੇ ਬਕਾਇਦਾ ਵਿਰੋਧ ਸ਼ੁਰੂ ਵੀ ਹੋ ਗਏ ਸਨ।

ਅਮਰੀਕਨ ਪ੍ਰੋਟੈਸਟੈਂਟਾਂ ਦੀ ਪਹਿਲੀ ਮਿਸ਼ਨਰੀ 1812 ਵਿਚ ਕਲਕੱਤੇ ਪਹੁੰਚੀ। ਵੀਹ ਸਾਲ ਅਮਰੀਕਨ ਪਾਦਰੀਆਂ ਦੀ ਕੌਂਸਲ ਨੇ ਆਪਣਾ ਪਹਿਲਾਂ ਕੇਂਦਰ 1834 ਵਿਚ ਪੰਜਾਬ ਦੇ ਲੁਧਿਆਣਾ ਵਿਚ ਬਣਾਇਆ। ਇਸ ਤੋਂ ਬਾਅਦ ਕਈ ਕਿਸਮ ਦੀਆਂ ਅਮਰੀਕਨ ਮਿਸ਼ਨਰੀਆਂ ਭਾਰਤ ਵਿਚ ਆਉਣ ਲੱਗ ਪਈਆਂ। ਈਸਾਈ ਧਰਮ ਦੇ ਨਾਮਕਰਣੀ (Baptised) ਅਸਾਮ ਤੋਂ ਲੈ ਕੇ ਕੇਂਦਰੀ ਭਾਰਤ ਦੇ ਸਾਰੇ ਆਦਿਵਾਸੀ ਖੇਤਰ ਵਿਚ ਫੈਲ ਗਏ। ਉਤਰੀ ਭਾਰਤ ਦੇ ਜ਼ਿਆਦਾਤਰ ਗਿਰਜੇ ਪੇਂਡੂ ਇਲਾਕਿਆਂ ਵਿਚ ਬਣੇ ਤੇ 1910 ਤੱਕ ਭਾਰਤ ਵਿਚ 1800 ਅਮਰੀਕਨ ਮਿਸ਼ਨਰੀਆਂ ਪਹੁੰਚ ਚੁਕੀਆਂ ਸਨ। ਅਮਰੀਕਨਾਂ ਨੇ ਆਪਣੇ ਤੋਂ ਪਹਿਲਾਂ ਕੰਮ ਕਰ ਰਹੇ ਯੂਰਪੀਨ ਲੋਕਾਂ ਦੇ ਤਜਰਬਿਆਂ ਤੋਂ ਕਾਫ਼ੀ ਕੁਝ ਸਿੱਖਿਆ। ਉਹਨਾਂ ਨੇ ਬਹੁਤ ਹਲੀਮੀ ਵਾਲੀ ਸਾਦਾ ਜ਼ਿੰਦਗੀ ਅਪਣਾਈ ਤੇ ਸ਼ਰਾਬ ਤੋਂ ਵੀ ਪਰਹੇਜ਼ ਕੀਤਾ। ਕੋਈ ਵੀ ਅਮਰੀਕਨ ਸਿਵਲੀਅਨ

ਜਾਂ ਸਿਪਾਹੀ ਨਹੀਂ ਸੀ ਜਿਹੜਾ ਉਹਨਾਂ ਵਾਸਤੇ ਬੁਰਾ ਨਾਮ ਕਮਾਉਂਦਾ। ਇਹਨਾਂ ਨੇ ਸਕੂਲ, ਕਾਲਜ, ਹਸਪਤਾਲ ਤੇ ਸਰਾਵਾਂ ਵਗੈਰਾ ਉਸਾਰਨ ਦੇ ਜੱਸ ਖੱਟਣ ਵਾਲੇ ਕੰਮ ਕੀਤੇ। ਇਹਨਾਂ ਨੇ ਫਲ ਉਗਾਉਣ ਤੇ ਪਸ਼ੂ ਪਾਲਣ ਦੇ ਵੀ ਨਵੇਂ ਤਰੀਕੇ ਇਜਾਦ ਕੀਤੇ। ਬਹੁਤ ਸਾਰੇ ਅਮਰੀਕਨ ਨਾਮ ਬਹੁਤ ਸਤਿਕਾਰ ਨਾਲ ਲਏ ਜਾਣ ਲੱਗੇ ਜਿਵੇਂ ਕਿ 'ਲੋਅਰਿੰਗ, ਰੀਡ, ਲੂਕਾਸ, ਈਵਿੰਗ ਤੇ ਵਾਨਾਮੇਕਰ ਵਗੈਰਾ। ਡਾਕਟਰ ਨਿਊਟਨ ਤੇ ਡਾਕਟਰ ਜੇਮਜ਼ ਕੈਮਬੇਲ ਦਾ ਲੁਧਿਆਣਾ ਹਸਪਤਾਲ, ਰਾਵਲਪਿੰਡੀ ਦਾ ਗੋਰਡਨ ਕਰਿਸਚੀਅਨ ਕਾਲਜ ਜੋ 'ਰੇਵ ਆਂਦਰੀਊ ਗੋਰਡਨ' ਦੇ ਨਾਮ 'ਤੇ ਬਣਿਆ ਸੀ, 'ਬਾਰਿੰਗ' ਕਰਿਸਚੀਅਨ ਕਾਲਜ ਗੁਰਦਾਸਪੁਰ, ਫੌਰਮਨ ਕਰਿਸਚੀਅਨ ਕਾਲਜ ਤੇ 'ਈਵਿੰਗ' ਹਸਪਾਤਾਲ, ਲਾਹੌਰ, 'ਬੇਥੂਨੇ' ਵੋਮੈਨ ਕਾਲਜ (1849 ਈਸਵੀ) ਕਲਕੱਤਾ ਅਤੇ 'ਰੀਇਡ' ਕਰਿਸਚੀਅਨ ਕਾਲਜ ਲਖਨਊ ਵਰਗੇ ਕਈ ਭਲਾਈ ਕੇਂਦਰ ਅਮਰੀਕਨ ਮਿਸ਼ਨਰੀਆਂ ਨੇ ਖੋਲ੍ਹੇ।

ਅਮਰੀਕਨ ਮਿਸ਼ਨਰੀਆਂ ਨੇ ਕਈ ਭਾਰਤੀ ਭਾਸ਼ਾਵਾਂ ਦੀਆਂ ਮੁਢਲੀਆਂ ਵਿਆਕਰਣਾਂ ਤਿਆਰ ਕੀਤੀਆਂ ਤੇ ਛਾਪੀਆਂ ਜਿਹਨਾਂ ਵਿਚ ਪੰਜਾਬੀ, ਹਿੰਦੀ, ਉਰਦੂ ਤੇ ਮਰਾਠੀ ਸ਼ਾਮਿਲ ਹਨ। ਇਹਨਾਂ ਲੁਧਿਆਣਾ ਤੋਂ ਉਰਦੂ ਦਾ ਹਫ਼ਤਾਵਾਰੀ ਅਖ਼ਬਾਰ ਵੀ ਕੱਢਿਆ ਤੇ ਇਸੇ ਤਰ੍ਹਾਂ ਅਸਾਮੀ ਤੇ ਮਰਾਠੀ ਦੇ ਅਖਬਾਰ ਵੀ ਕੱਢੇ।

ਸਭ ਤਰ੍ਹਾਂ ਦੇ ਇਸਾਈ ਮਿਸ਼ਨਰੀਆਂ, ਕੈਥੋਲਿਕ ਤੇ ਪ੍ਰੋਟੈਸਟੈਂਟ, ਯੂਰਪੀਨ ਤੇ ਅਮਰੀਕਨ, ਸਭ ਨੇ ਅਕਾਲ ਪੈਣ ਉਪਰ ਵੀ ਬਹੁਤ ਸਲਾਹੁਣਯੋਗ ਕੰਮ ਕੀਤੇ। ਬੇਸ਼ੱਕ ਕਈ ਹਿੰਦੂ ਸੰਸਥਾਵਾਂ ਇਹਨਾਂ ਦੇ ਕੰਮਾਂ ਨੂੰ "ਚੌਲਾਂ ਨਾਲ ਧਰਮ ਪ੍ਰੀਵਰਤਨ" (rice converts) ਦਾ ਨਾਮ ਦਿੱਤਾ ਪਰ ਫਿਰ ਵੀ ਇਹਨਾਂ ਨੇ ਭੁੱਖੇ ਢਿੱਡਾਂ ਨੂੰ ਅੰਨ ਦਿੱਤਾ। ਇਕ ਅਜਿਹਾ ਕੰਮ ਕੀਤਾ ਜੋ ਕਿਸੇ ਹਿੰਦੂ ਤੇ ਮੁਸਲਮਾਨ ਸੰਸਥਾ ਨੇ ਨਹੀਂ ਕੀਤਾ ਸੀ। ਕਿਹਾ ਜਾਂਦਾ ਹੈ ਕਿ 1891 ਦੀ ਭੁੱਖ ਮਰੀ ਦੇ ਮੌਕੇ 15,000 ਲੋਕਾਂ ਨੇ ਧਰਮ ਪ੍ਰੀਵਰਤਨ ਕਰਕੇ ਇਸਾਈ ਧਰਮ ਕਬੂਲਿਆ। ਇਕ ਹੋਰ ਲਿਤਾੜੇ ਹੋਏ ਲੋਕ, ਉਹ ਆਦਿਵਾਸੀ ਜਿਹੜੇ ਚੋਰੀਆਂ ਡਾਕਿਆਂ ਦੇ ਗੁਨਾਂਹ ਕਰਕੇ ਹੀ ਗੁਜ਼ਾਰਾ ਚਲਾਉਂਦੇ ਸਨ ਤੇ ਜਿਹਨਾਂ ਦਾ ਨਾਮ 1871 ਦੇ ਜ਼ਰਾਇਮ ਪੇਸ਼ਾ ਕਬਾਇਲੀ ਕਾਨੂੰਨ (Criminal Tribes Act of 1871) ਵਿਚ ਦਰਜ ਸੀ ਵੀ ਇਹਨਾਂ ਮਿਸ਼ਨਰੀਆਂ ਦੀ ਮਦਦ ਦੇ ਪਾਤਰ ਬਣੇ।

ਈਸਾਈ ਮੱਤ ਦਾ ਪ੍ਰਚਾਰ ਪ੍ਰੋਟੈਸਟੈਂਟ ਮਿਸ਼ਨਰੀਆਂ ਦਾ ਦੂਜੇ ਨੰਬਰ ਦਾ ਕੰਮ ਸੀ। ਉਹਨਾਂ ਦਾ ਮੁੱਖ ਧਿਆਨ ਹੀ ਸੇਵਾ ਵੱਲ ਸੀ ਤੇ ਵੈਸੇ ਇਸੇ ਕਰਕੇ ਹੀ 1851 ਤੱਕ 90,000 ਭਾਰਤੀ ਪ੍ਰੋਟੈਸਟੈਂਟ ਇਸਾਈ ਬਣ ਗਏ ਸਨ ਅਤੇ 1871 ਤੱਕ ਦੋ ਗੁਣਾ ਤੋਂ ਵੀ ਵੱਧ, (ਦੋ ਲੱਖ 24 ਹਜ਼ਾਰ) ਹੋ ਗਏ ਸਨ। ਇਸ ਤਰ੍ਹਾਂ 1921 ਤੱਕ ਭਾਰਤ ਦੀ ਕੁੱਲ ਆਬਦੀ ਦਾ 1.5 ਫੀ ਸਦੀ ਪ੍ਰੋਟੈਸਟੈਂਟ ਇਸਾਈਆਂ ਦਾ ਹੋ ਗਿਆ ਤੇ ਇਹਨਾਂ ਵਿਚੋਂ ਘੱਟੋ ਘੱਟ ਅੱਧੇ ਅਮਰੀਕਨ ਮਿਸ਼ਨਰੀਆਂ ਰਾਹੀਂ ਇਸ ਧਰਮ ਵਿਚ ਆਏ ਸਨ।

ਧਰਮ ਪ੍ਰੀਵਰਤਨ ਦੀ ਗਿਣਤੀ ਨਾਲੋਂ ਵੱਧ ਮਹੱਤਵਪੂਰਨ ਉਹ ਪ੍ਰਭਾਵ ਹੈ ਜੋ ਪ੍ਰੋਟੈਸਟੈਂਟਾਂ ਦੀ ਮੌਜੂਦਗੀ ਨਾਲ ਹਿੰਦੂ ਧਰਮ ਉਪਰ ਪਿਆ। ਪ੍ਰੋਟੈਸਟੈਂਟਾਂ ਨੇ ਸਤੀ ਦੀ

ਰਸਮ ਨੂੰ ਖ਼ਤਮ ਕਰਵਾਉਣ ਵਾਸਤੇ ਬਹੁਤ ਵੱਡੀ ਆਵਾਜ਼ ਉਠਾਈ ਤੇ ਇਸ ਨੂੰ 1829 ਵਿਚ ਗੈਰ ਕਾਨੂੰਨੀ ਵੀ ਐਲਾਨ ਕਰਵਾ ਦਿੱਤਾ ਗਿਆ। ਇਹਨਾਂ ਨੇ ਮਾਦਾ ਭਰੂਣ ਹੱਤਿਆ, ਵਿਧਵਾਵਾਂ ਦੀ ਸ਼ਾਦੀ ਤੇ ਮੰਦਿਰਾਂ ਵਿਚੋਂ ਵੇਸਵਾਵਾਂ ਦੀ ਰਿਵਾਇਤ ਖ਼ਤਮ ਕਰਨ ਵਾਸਤੇ ਵੀ ਵੱਡੇ ਉਪਰਾਲੇ ਕੀਤੇ। ਇਹ ਇਸਾਈ ਮਿਸ਼ਨਰੀ ਦੇ 'ਨਿਸ਼ਕਾਮ ਕਰਮ' ਹੀ ਸਨ ਜਿਹਨਾਂ ਦੀ ਪ੍ਰੇਰਣਾ ਨਾਲ ਰਾਮ ਮੋਹਨ ਰਾਏ ਨੇ 1828 ਈਸਵੀ ਵਿਚ ਬ੍ਰਹਮੋ ਸਮਾਜ ਦੀ ਸਥਾਪਨਾ ਕੀਤੀ। ਇਸੇ ਤਰ੍ਹਾਂ 1827 ਵਿਚ ਗੁਜਰਾਤ ਤੇ ਮਹਾਰਾਸ਼ਟਰ ਦਾ ਪ੍ਰਾਰਥਨਾ ਸਮਾਜ ਵੀ ਇਸਾਈ ਮਿਸ਼ਨਰੀ ਦੀ ਰੋਸ਼ਨੀ ਵਿਚੋਂ ਪੈਦਾ ਹੋਇਆ। ਇਹ ਜਲਦੀ ਹੀ ਵਿਚਾਰਾਂ ਦੀ ਦੋ ਧਾਰਾ ਪ੍ਰਣਾਲੀ ਸ਼ੁਰੂ ਹੋ ਗਈ। 'ਐਮਰਸਨ', 'ਥੋਰੀਓ' ਤੇ 'ਵਾਲਟ ਵਿਟਮੈਨ' ਨੇ ਵੇਦਾਂ ਬਾਰੇ ਆਪਣੇ ਸ਼ੰਕੇ ਆਪਣੀਆਂ ਲਿਖਤਾਂ ਰਾਹੀਂ ਪ੍ਰਵਾਨ ਕੀਤੇ। ਇਹੀ ਧਾਰਨਾ ਅੱਗੇ ਜਾ ਕੇ ਬਹਤ ਸਾਰੇ ਗੋਰੇ ਇਸਾਈਆਂ ਨੂੰ ਭਾਰਤ ਦੀ ਆਜ਼ਾਦੀ ਦੀ ਲਹਿਰ ਨਾਲ ਜੋੜਦੀ ਹੈ। ਇਹ ਏ. ਓ. ਹਿਊਮ ਸੀ ਜੋ ਇੰਡਿਅਨ ਨੈਸ਼ਨਲ ਕਾਂਗਰਸ ਦਾ ਪਹਿਲਾ ਪ੍ਰਧਾਨ ਬਣਿਆ। ਇਸ ਤੋਂ ਇਲਾਵਾ ਸੀ. ਐਫ਼. ਆਂਦਰੀਓ, ਸਟੈਨਲੇ ਜੋਨਜ਼, ਫਰੈਡ ਬੀ ਫਿਸ਼ਰ, ਕਲਿਫਰਡ ਮਨਸ਼ਾਰਡ ਸਟੋਕਸ ਮਹਾਤਮਾ ਗਾਂਧੀ ਦੀ ਅਗਵਾਈ ਵਾਲੇ ਆਜ਼ਾਦੀ ਅੰਦੋਲਨ ਵਿਚ ਸ਼ਾਮਿਲ ਹੋਏ। ਇਸ ਨਾਲ ਇਸਾਈ ਮੱਤ ਨੂੰ ਸਾਮਰਾਜ ਦਾ ਹੀ ਦੂਸਰਾ ਰੂਪ ਮੰਨਣ ਵਾਲਾ ਪੱਲੜਾ ਕਮਜ਼ੋਰ ਹੋ ਗਿਆ।

ਫਿਰ ਵੀ ਇਹ ਮੰਨਣਾ ਪਵੇਗਾ ਕਿ ਇਸਾਈਅਤ ਨੇ ਭਾਰਤ ਉਪਰ ਉਹ ਅਸਰ ਨਹੀਂ ਬਣਾਇਆ ਜਿਸ ਦੀ ਉਮੀਦ ਕੀਤੀ ਜਾ ਸਕਦੀ ਸੀ। ਜਿਵੇਂ ਰਾਜ ਗੱਦੀ ਇਹਨਾਂ ਦੇ ਹੱਥ ਵਿਚ ਸੀ ਤੇ ਮਿਸ਼ਨਰੀਆਂ ਨੇ ਬਹੁਤ ਪੈਸਾ ਖਰਚ ਕੀਤਾ ਤੇ ਬਹੁਤ ਸਾਰੇ ਸਮਾਜਕ ਭਲਾਈ ਦੇ ਕੰਮ ਕੀਤੇ। ਇਸ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਇਸਾਈ ਮੱਤ ਕਦੇ ਵੀ ਇਸ ਤੱਥ ਨੂੰ ਨਹੀਂ ਪਾਸੇ ਕਰ ਸਕਿਆ ਕਿ ਇਹ ਵਿਦੇਸ਼ਾਂ ਤੋਂ ਆਇਆ ਮੱਤ ਹੈ ਤੇ ਭਾਰਤ ਦੀ ਧਰਤੀ ਨਾਲ ਮੇਲ ਨਹੀਂ ਖਾਂਦਾ। ਇਸਾਈ ਮੱਤ ਦੇ ਭਾਰਤੀਕਰਣ ਦੀਆਂ ਕੋਸ਼ਿਸ਼ਾਂ ਸਿਰਫ ਸੀਮਤ ਪ੍ਰਾਪਤੀਆਂ ਹੀ ਹਾਸਲ ਕਰ ਸਕੀਆਂ। ਬਹੁਤੇ ਇਸਾਈਆਂ ਦੇ ਉਹੀ ਅੰਗਰੇਜ਼ਾਂ ਵਾਲੇ ਨਾਮ ਸਨ, ਇਹਨਾਂ ਦਾ ਲਿਬਾਸ ਤੇ ਰਹਿਣੀ ਬਹਿਣੀ ਵੀ ਯੂਰਪੀਨ ਤਰੀਕੇ ਦੀ ਸੀ। ਇਹਨਾਂ ਦੀ ਧਾਰਮਿਕ ਸਿੱਖਿਆ ਤੇ ਸ਼ਲੋਕਾਂ ਦੇ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਦੇ ਬਾਵਜੂਦ ਬਣਤਰ ਯੂਰਪੀਨ ਹੀ ਰਹੀ।

ਭਾਰਤੀਆਂ ਨੇ ਆਪਣੇ ਵਿਚੋਂ ਕੋਈ ਮਹਾਨ ਇਸਾਈ ਸੰਤ (Christian Saint) ਨਹੀਂ ਪੈਦਾ ਕੀਤਾ। ਸਿਰਫ਼ ਇਕ ਸਾਧੂ, ਸੁੰਦਰ ਸਿੰਘ, ਜਿਹੜਾ ਸਿੱਖ ਮਜ਼ਹਬ ਵਿਚੋਂ ਆਇਆ ਸੀ ਸਿਰ ਉਪਰ ਰੋਸ਼ਨੀ ਦਾ ਚੱਕਰ, ਹਾਲੋ, ਪਹਿਨਣ ਦੇ ਨਜ਼ਦੀਕ ਪਹੁੰਚਿਆ ਸੀ। ਦੂਸਰੇ ਕਈ ਭਾਰਤੀ ਇਸਾਈ ਧਾਰਮਿਕ ਜਗਤ ਵਿਚ ਚੰਗਾ ਨਾਮ ਕਮਾ ਗਏ ਪਰ ਉਹ ਸੰਤ ਦਾ ਦਰਜਾ (sainthood) ਨਹੀਂ ਪਾ ਸਕੇ। ਇਹਨਾਂ ਵਿਚੋਂ ਮੁੱਖ ਨਾਮ ਹਨ: ਆਜ਼ਰੀਆ, ਕੇ. ਟੀ. ਪਾਲ, ਜੇ. ਆਰ. ਚਿਤੰਬਰ, ਐਸ. ਕੇ. ਰੁਦਰਾ ਅਤੇ ਐਸ. ਐਨ ਮੁਕਰਜੀ। ਇਸਾਈ ਪ੍ਰਚਾਰਕ ਔਰਤਾਂ ਮਹਾਰਾਸ਼ਟਰ ਦੀ ਪੰਡਿਤਾ ਰਾਮ ਬਾਈ, ਦਿੱਲੀ

ਦੀ ਮਿੱਸ ਚਟਰਜੀ ਤੇ ਪੰਜਾਬ ਦੀ ਮਿੱਸ ਸਰਕੁਰ ਨੂੰ ਇਸਾਈ ਘੇਰੇ ਤੋਂ ਬਾਹਰ ਕੋਈ ਨਹੀਂ ਜਾਣਦਾ ਸੀ। ਭਾਰਤ ਵਿਚ ਇਸਾਈਅਤ ਨੂੰ ਲੋੜ ਸੀ ਕਿਸੇ ਮਹਾਤਮਾ ਦੀ ਪਰ ਇਹਨਾਂ ਨੇ ਸਿਰਫ਼ ਚੰਗੇ ਵਲੰਟੀਅਰ ਤੇ ਗਾਈਡ ਪੈਦਾ ਕੀਤੇ ਜਿਵੇ ਨੌਜਵਾਨ ਇਸਾਈ ਆਦਮੀ ਸੰਸਥਾ (Y.M.C.A) ਤੇ ਨੌਜਵਾਨ ਇਸਾਈ ਔਰਤ ਸੰਸਥਾ (Y.W.C.A) ਵਗੈਰਾ।

ਹਿੰਦੂਇਜ਼ਮ ਨੇ ਇਸਾਈ ਮੱਤ ਨੂੰ ਇਕ ਪੁਲਾਂਘ ਵਿਚ ਹੀ ਲੈ ਲਿਆ। ਨਰਮ ਭਾਰਤੀ ਦਿਲਾਂ ਵਿਚ ਇਹਨਾਂ ਦੀ ਅਪੀਲ ਇਸਾਈਅਤ ਤੋਂ ਵੱਡੀ ਸੀ। ਭਾਰਤੀ ਲੋਕ ਇਸਾਈਆਂ ਦੀ ਸੇਵਾ ਭਾਵ ਦੀ ਪ੍ਰਸ਼ੰਸਾ ਤਾਂ ਕਰ ਸਕਦੇ ਸਨ ਪਰ ਉਹਨਾਂ ਵਿਚ ਸ਼ਾਮਿਲ ਹੋਣ ਦੀ ਲੋੜ ਨਹੀਂ ਸਮਝਦੇ ਸਨ। ਉਹਨਾਂ ਵਾਸਤੇ ਇਸਾਈ ਕਦੇ ਵੀ 100 ਪ੍ਰਤੀਸ਼ਤ ਭਾਰਤੀ ਨਹੀਂ ਸਮਝਿਆ ਗਿਆ। ਮੌਜੂਦਾ ਸਰਕਾਰਾਂ ਵੱਲੋਂ ਹਿੰਦੂ ਪੱਖੀ ਵਿਤਕਰਿਆਂ ਦੇ ਖ਼ਿਲਾਫ਼ ਕਿਸੇ ਵੀ ਹਿੰਦੂ ਨੇ ਆਵਾਜ਼ ਨਹੀਂ ਉਠਾਈ। ਇਸਾਈ ਮਿਸ਼ਨਰੀਆਂ ਨੂੰ ਬਹੁਤ ਥਾਵਾਂ ਤੋਂ ਵਿਦੇਸ਼ੀ ਏਜੰਟ ਹੋਣ ਦਾ ਦੋਸ਼ ਲਗਾ ਕੇ ਕੱਢਿਆ ਗਿਆ।

ਚੈਪਟਰ 8

ਸਿੱਖ ਧਰਮ

ਇਕ ਕਰੋੜ ਸਿੱਖ ਭਾਰਤ ਦੀ ਆਬਾਦੀ ਦਾ 1.79 ਪ੍ਰਤੀਸ਼ਤ ਬਣਦੇ ਹਨ (*2011 ਦੀ ਜਨ ਗਿਣਨਾ ਮੁਤਾਬਕ 1.9 ਪ੍ਰਤੀਸ਼ਤ ਤੇ ਕੁੱਲ ਆਬਾਦੀ 1 ਕਰੋੜ 90 ਲੱਖ ਗਿਣੀ ਗਈ*)। ਇਸ ਗਿਣਤੀ ਅਨੁਸਾਰ ਉਹ ਮੁਸਲਮਾਨਾਂ ਤੇ ਇਸਾਈਆਂ ਤੋਂ ਬਾਅਦ ਤੀਸਰੀ ਧਾਰਮਿਕ ਘੱਟ ਗਿਣਤੀ ਹਨ। ਲੇਕਿਨ ਕੁਝ ਅਜਿਹੇ ਤੱਥ ਹਨ ਜਿਹਨਾਂ ਕਰਕੇ ਸਿੱਖਾਂ ਨੂੰ ਉਹਨਾਂ ਦੀ ਗਿਣਤੀ ਨਾਲੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾਂ ਤਾਂ ਮੁਸਲਮਾਨਾਂ ਤੇ ਇਸਾਈਆਂ ਦੀ ਤਰ੍ਹਾਂ ਸਿੱਖ ਸਾਰੇ ਮੁਲਕ ਵਿਚ ਨਹੀਂ ਖਿਲਰੇ ਹੋਏ, ਇਹ ਇਕ ਸੂਬੇ ਵਿਚ ਇਕੱਠੇ ਹਨ। ਅੱਸੀ ਪ੍ਰਤੀਸ਼ਤ ਸਿੱਖ ਪੂਰਬੀ ਪੰਜਾਬ ਵਿਚ ਕੇਂਦਰਤ ਹਨ ਜਿੱਥੇ ਹੁਣ ਉਹ ਬਹੁਗਿਣਤੀ ਵਿਚ ਹਨ। ਦੂਜੇ ਉਹ ਭਾਰਤ ਤੇ ਪਾਕਿਸਤਾਨ ਦੇ ਸਭ ਤੋਂ ਸੰਵੇਦਨਸ਼ੀਲ ਬਾਰਡਰ ਉਪਰ ਰਹਿੰਦੇ ਹਨ। ਦੋਹਾਂ ਮੁਲਕਾਂ ਦੀਆਂ ਥਲ ਸੈਨਾਵਾਂ ਦਾ ਵੱਡਾ ਹਿੱਸਾ ਇਸੇ ਬਾਰਡਰ ਉਪਰ ਇਕ ਦੂਜੇ ਦੇ ਆਹਮੋ ਸਾਹਮਣੇ ਹੈ। ਇਹ 1965 ਦੀ ਪਤਝੜ ਤੇ ਦਿਸੰਬਰ 1971 ਦੀਆਂ ਲੜਾਈਆਂ ਵਿਚ ਵੀ ਮੋਰਚਾ ਸੀ ਤੇ ਭਵਿੱਖ ਦੀਆਂ ਲੜਾਈਆਂ ਵਿਚ ਵੀ ਬਣ ਸਕਦਾ ਹੈ। ਤੀਸਰਾ ਸਾਰੇ ਸਿੱਖ ਇਕ ਹੀ ਭਾਸ਼ਾ, ਪੰਜਾਬੀ, ਬੋਲਦੇ ਹਨ। ਦੂਸਰੀਆਂ ਘੱਟ ਗਿਣਤੀਆਂ ਸਾਰੇ ਮੁਲਕ ਵਿਚ ਖਿਲਰੀਆਂ ਹੋਣ ਕਰਕੇ ਵੱਖ ਵੱਖ ਭਾਸ਼ਾਵਾਂ ਬੋਲਦੀਆਂ ਹਨ। ਭਾਸ਼ਾ ਦੀ ਸਾਂਝ ਸਿੱਖਾਂ ਨੂੰ ਆਪਸ ਵਿਚ ਜੋੜ ਕੇ ਰੱਖ ਰਹੀ ਹੈ। ਚੌਥਾ ਕਿ ਸਿੱਖਾਂ ਦਾ ਭਾਰਤ ਦੀਆਂ ਸੁਰੱਖਿਆ ਸੰਸਥਾਵਾਂ ਵਿਚ ਅਹਿਮ ਰੋਲ ਹੈ। ਅੰਗਰੇਜ਼ੀ ਰਾਜ ਵਿਚ ਇਕ ਵਾਰ ਲਗਭਗ ਸਾਰੀ ਭਾਰਤੀ ਫੌਜ ਵਿਚ ਭਾਰਤੀਆਂ ਦਾ 30 ਪ੍ਰਤੀਸ਼ਤ ਸਿੱਖ ਸਨ। ਅੱਜ ਵੀ ਭਾਰਤੀ ਫੌਜੀ ਅਦਾਰਿਆਂ ਵਿਚ 15 ਤੋਂ 20 ਪ੍ਰਤੀਸ਼ਤ ਸਿੱਖ ਹਨ। ਪੰਜਵਾ: ਸਿੱਖ ਹੋਰ ਭਾਰਤੀਆਂ ਨਾਲੋਂ ਰਾਜਨੀਤਕ ਤੌਰ 'ਤੇ ਜ਼ਿਆਦਾ ਚੇਤਨ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਵੱਲੋਂ ਚੁਣੀ ਹੋਈ ਸੰਸਥਾ ਹੈ ਜੋ ਸਾਰੇ ਸਿੱਖ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੀ ਤੇ ਉਸ ਵਾਸਤੇ ਕਰਮਚਾਰੀ ਭਰਤੀ ਕਰਦੀ ਹੈ। ਇਹ ਕਈ ਸਕੂਲ, ਕਾਲਜ ਤੇ ਹਸਪਤਾਲ ਚਲਾਉਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਕਿਸਮ ਦੀ ਸਿੱਖ ਪਾਰਲੀਮੈਂਟ ਹੈ ਤੇ ਇਸ ਦੇ ਚੁਨਾਵ ਨੂੰ ਕੇਂਦਰ ਤੇ ਸੂਬਿਆਂ ਦੀਆਂ ਵਿਧਾਨ ਸੰਸਥਾਵਾਂ ਦੀ ਤਰ੍ਹਾਂ ਚਲਾਇਆ ਜਾਂਦਾ ਹੈ। ਛੇਵੀਂ ਗੱਲ ਇਹ ਕਿ ਪਾਰਸੀਆਂ ਦੀ ਤਰ੍ਹਾਂ ਸਿੱਖ ਵੀ ਖਾਂਦਾ ਪੀਂਦਾ ਤਬਕਾ ਹੈ। ਹਾਲਾਂਕਿ 1947 ਵਿਚ ਇਹਨਾਂ ਨੇ ਪਾਕਿਸਤਾਨ ਵਿਚ ਆਪਣੀਆਂ ਜਰਖੇਜ਼ ਜ਼ਮੀਨਾਂ ਤੇ ਚੰਗੇ ਕਾਰੋਬਾਰ ਛੱਡ ਕੇ ਵੱਡਾ ਨੁਕਸਾਨ ਉਠਾਇਆ ਪਰ ਇਹ ਆਪਣੀ ਹਿੰਮਤ, ਸਿਦਕ ਤੇ ਕਾਬਲੀਅਤ ਨਾਲ ਜਲਦੀ ਹੀ ਪੱਕੇ ਪੈਰੀਂ ਹੋ ਗਏ। ਇਸ ਮੰਗਤਿਆਂ ਨਾਲ ਭਰੇ ਮੁਲਕ ਵਿਚ ਘੱਟ ਹੀ ਕਦੇ ਕਿਸੇ ਸਿੱਖ ਨੂੰ ਹੱਥ ਫੈਲਾਉਂਦੇ ਹੋਏ

ਵੇਖਿਆ ਜਾਂਦਾ ਹੈ। ਉਹ ਭਾਰਤ ਦੇ ਉਨਤ ਕਿਸਾਨ, ਸਨਅਤਕਾਰ ਤੇ ਉਤਰ ਭਾਰਤ ਦਾ ਬਹੁਤ ਟ੍ਰਾਂਸਪੋਰਟ ਕਾਰੋਬਾਰ ਇਹਨਾਂ ਨੇ ਹੀ ਸੰਭਾਲਿਆ ਹੋਇਆ ਹੈ। ਇਹਨਾਂ ਦੀ ਪੜ੍ਹਾਈ ਲਿਖਾਈ ਦਾ ਮਿਆਰ ਤੇ ਰਹਿਣੀ ਬਹਿਣੀ ਹੋਰਨਾਂ ਨਾਲੋਂ ਚੰਗੀ ਹੈ। ਇਹ ਚੰਗੀ ਖੁਰਾਕ ਖਾਂਦੇ ਹਨ ਤੇ ਭਾਰਤ ਵਿਚ ਸਭ ਤੋਂ ਲੰਮੀ ਉਮਰ ਭੋਗਣ ਵਾਲਾ ਤਬਕਾ ਹੈ। ਇਹ ਖੇਡਾਂ ਵਿਚ ਵੀ ਅੱਗੇ ਹਨ। ਕਈ ਉਲੰਪਿਕ ਮੈਡਲ ਇਹਨਾਂ ਦੇ ਹਿੱਸੇ ਹਨ ਤੇ 1965 ਵਿਚ ਜਿਹੜੇ 9 ਭਾਰਤੀਆਂ ਨੇ ਐਵਰਿਸਟ ਦੀ ਚੋਟੀ ਫ਼ਤਿਹ ਕੀਤੀ ਸੀ, ਉਹਨਾਂ ਵਿਚੋਂ ਤਿੰਨ ਸਿੱਖ ਸਨ।

ਇਹਨਾਂ ਸਾਰਿਆਂ ਕਾਰਣਾਂ ਕਰਕੇ ਸਿੱਖਾਂ ਵਿਚ ਵੀ ਇਕ ਖਾਸ ਹਸਤੀ ਹੋਣ ਦਾ ਅਹਿਸਾਸ ਭਰ ਗਿਆ ਹੈ। ਕੋਈ ਨਹੀਂ ਕਹਿ ਸਕਦਾ ਕਿ ਮੁਸਲਮਾਨਾਂ ਤੇ ਇਸਾਈਆਂ ਦੀ ਤਰ੍ਹਾਂ ਇਹਨਾਂ ਦਾ ਅਕੀਦਾ ਵੀ ਵਿਦੇਸ਼ਾਂ ਨਾਲ ਜੁੜਦਾ ਹੈ। ਇਹਨਾਂ ਉਪਰ ਭਾਰਤ ਤੋਂ ਬਾਹਰ ਦੀਆਂ ਵਫ਼ਾਦਾਰੀਆਂ ਦਾ ਦੋਸ਼ ਵੀ ਨਹੀਂ ਲੱਗ ਸਕਦਾ। ਚਾਰ ਸਦੀਆਂ ਦੀ ਹੋਂਦ ਤੋਂ ਬਾਅਦ ਉਹਨਾਂ ਵਿਚ ਇਕ ਆਤਮ ਵਿਸ਼ਵਾਸ ਹੈ ਜੋ ਇਕ ਦਾਅਵੇ ਵਿਚ ਪ੍ਰਗਟ ਹੁੰਦਾ ਹੈ ਕਿ "ਤੂੰ ਜੋ ਵੀ ਕਰ ਸਕਦਾ ਹੈ, ਮੈਂ ਉਹੀ ਕੰਮ ਤੇਰੇ ਨਾਲੋਂ ਚੰਗਾ ਕਰ ਸਕਦਾ ਹਾਂ।" ਸਿੱਖ ਆਪਣੇ ਆਪ ਨੂੰ ਇਕ ਵੱਖਰੀ ਪਹਿਚਾਣ ਨਾਲ ਜੋੜਦਾ ਹੈ। ਉਹ ਆਪਣੇ ਆਪ ਨੂੰ 'ਸਵਾ ਲੱਖ ਦੇ ਬਰਾਬਰ' ਜਾਂ ਇਕੱਲੇ ਨੂੰ ਵੀ 'ਫੌਜਾਂ' ਤਸੱਵਰ ਕਰ ਲੈਂਦਾ ਹੈ। ਸਿੱਖਾਂ ਵਿਚ ਹਾਸ ਰਸ ਦਾ ਮਾਦਾ ਹੈ। ਸਿੱਖਾਂ ਬਾਰੇ ਕਈ ਤਰ੍ਹਾਂ ਦੇ ਮਜ਼ਾਕ ਵੀ ਚੱਲਦੇ ਹਨ ਜਿਹਨਾਂ ਨੂੰ ਉਹ ਅਕਸਰ ਹਾਸ ਰਸ ਵਿਚ ਲੈਂਦੇ ਹਨ ਤੇ ਕਈ ਵਾਰ ਗੁੱਸਾ ਵੀ ਪ੍ਰਗਟ ਕਰਦੇ ਹਨ।

ਆਓ ਅਸੀਂ ਵੇਖਦੇ ਹਾਂ ਕਿ ਸਿੱਖ ਇਸ ਤਰ੍ਹਾਂ ਦੇ ਕਿਵੇਂ ਬਣ ਗਏ ਜਿਸ ਤਰ੍ਹਾਂ ਦੇ ਉਹ ਅੱਜ ਹਨ।

'ਸਿੱਖ' ਸ਼ਬਦ ਸੰਸਕ੍ਰਿਤ ਦੇ 'ਸ਼ਿਸ਼ਿਆ' ਜਾ ਪਾਲੀ ਦੇ 'ਸਿੱਖਾ' ਤੋਂ ਬਣਿਆ ਹੈ ਜਿਸ ਦੇ ਅਰਥ 'ਵਿਦਿਆਰਥੀ' ਹਨ। ਉਹ ਦਸਾਂ ਗੁਰੂਆਂ ਦੇ ਸ਼ਿਸ਼ ਹਨ, ਉਹਨਾਂ ਦੇ ਆਗਿਆਕਾਰੀ ਵਿਦਿਆਰਥੀ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਹਨ ਜਿਸ ਵਿਚ ਗੁਰੂਆਂ ਤੋਂ ਇਲਾਵਾ ਹਿੰਦੂ ਤੇ ਮੁਸਲਮਾਨ ਭਗਤਾਂ ਦੀ ਬਾਣੀ ਵੀ ਦਰਜ ਹੈ। 'ਸਿੱਖ ਗੁਰਦੁਆਰਾ ਐਕਟ' ਵਿਚ ਸਿੱਖ ਦੀ ਪਰੀਭਾਸ਼ਾ ਦੱਸੀ ਹੈ ਕਿ ਉਹ ਵਿਅਕਤੀ ਜੋ ਦਸਾਂ ਗੁਰੂਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਦਾ ਹੋਵੇ।

ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿਚ ਲਾਹੌਰ ਤੋਂ 40 ਮੀਲ ਦੂਰ ਇਕ ਪਿੰਡ ਵਿਚ ਹੋਇਆ ਜੋ ਹੁਣ ਪਾਕਿਸਤਾਨ ਵਿਚ ਹੈ। ਉਹਨਾਂ ਦੇ ਮਾਤਾ ਪਿਤਾ ਹਿੰਦੂ ਖੱਤਰੀ ਸਨ ਤੇ ਗੋਤ ਬੇਦੀ ਸੀ ਜਿਸ ਦੇ ਅਰਥ ਹਨ ਜਿਸ ਨੂੰ ਵੇਦਾਂ ਦਾ ਗਿਆਨ ਹੋਵੇ। ਨਾਨਕ ਨੂੰ ਕੁਝ ਅਰਬੀ, ਫਾਰਸੀ, ਸੰਸਕ੍ਰਿਤ ਤੇ ਮੁਨੀਮਗਿਰੀ ਸਿਖਾਈ ਗਈ ਸੀ। ਨਾਨਕ ਦਾ ਧਿਆਨ ਆਪਣੇ ਦੁਨਿਆਵੀ ਕੰਮਾਂ ਵਿਚ ਨਹੀਂ ਲੱਗਦਾ ਸੀ, ਉਹ ਹਮੇਸ਼ਾਂ ਭਗਤੀ ਭਾਵ ਵਿਚ ਰਹਿੰਦੇ ਜਾ ਆਸੇ ਪਾਸੇ ਦੇ ਲੋਕਾਂ ਦਾ ਅਧਿਐਨ ਕਰਦੇ ਰਹਿੰਦੇ। ਉਹਨਾਂ ਦੇ ਮਾਤਾ ਪਿਤਾ ਨੇ ਨਾਨਕ ਦਾ ਵਿਆਹ ਕਰ ਦਿੱਤਾ ਤੇ ਉਹਨਾਂ ਦੇ ਦੋ

ਪੁੱਤਰ ਹੋਏ। ਲੇਕਿਨ ਨਾਨਕ ਨੇ ਜਲਦੀ ਹੀ ਪਰਿਵਾਰਕ ਜੀਵਨ ਵਿਚ ਦਿਲਚਸਪੀ ਛੱਡ ਦਿੱਤੀ ਤੇ ਭਗਤੀ ਭਾਵ ਨਾਲ ਦੂਰ ਦਰਾਜ ਘੁੰਮਣ ਦਾ ਮਨ ਬਣਾਇਆ।

ਉਸ ਦੀ ਵੱਡੀ ਭੈਣ ਉਸ ਨੂੰ ਆਪਣੇ ਨਾਲ ਲੈ ਗਈ ਜਿੱਥੇ ਉਸ ਨੇ ਕੁਝ ਦੇਰ ਵਾਸਤੇ ਇਕ ਮੁਸਲਮਾਨ ਅਮੀਰ ਦੇ ਕੋਲ ਮੁਨੀਮਗਿਰੀ ਦੀ ਨੌਕਰੀ ਕੀਤੀ। ਲੇਕਿਨ ਨਾਨਕ ਦੁਨਿਆਵੀ ਝਮੇਲਿਆਂ ਤੋਂ ਦੂਰ ਸੀ। ਉਸ ਨੇ ਇਕ ਮੁਸਲਮਾਨ ਸੇਵਾਦਾਰ ਤੇ ਰਬਾਬ ਵਜਾਉਣ ਦੇ ਧਨੀ ਮਰਦਾਨੇ ਨੂੰ ਨਾਲ ਲੈ ਲਿਆ। ਨਾਨਕ ਸ਼ਬਦ ਤੇ ਸ਼ਲੋਕ ਜੋੜਦੇ ਤੇ ਮਰਦਾਨਾ ਉਸ ਨੂੰ ਸੰਗੀਤ ਦੀ ਧੁੰਨ ਦੇ ਕੇ ਰਬਾਬ ਰਾਹੀ ਗਾਉਂਦਾ ਤੇ ਲੋਕਾਂ ਸਾਹਮਣੇ ਪੇਸ਼ ਕਰਦਾ।

ਕਿਹਾ ਜਾਂਦਾ ਹੈ ਕਿ ਸੰਨ 1499 ਵਿਚ ਜਦੋਂ ਨਾਨਕ 30 ਸਾਲਾਂ ਦਾ ਸੀ, ਉਸ ਨਾਲ ਇਕ ਅਲੌਕਿਕ ਘਟਨਾ ਵਾਪਰੀ। ਨਦੀ ਵਿਚ ਇਸ਼ਨਾਨ ਕਰਦਿਆਂ ਉਹ ਪਾਣੀ ਦੀ ਸਤਿਹ ਹੇਠ ਲੋਪ ਹੋ ਗਿਆ। ਉਸ ਦੇ ਜੀਵਨੀ ਲਿਖਣ ਵਾਲੇ ਦੱਸਦੇ ਹਨ ਕਿ ਪ੍ਰਮਾਤਮਾ ਨੇ ਹੀ ਨਾਨਕ ਨੂੰ ਦਰਸ਼ਨ ਦਿੱਤੇ ਤੇ ਉਸ ਨਾਲ ਬਚਨ ਬਿਲਾਸ ਕੀਤੇ।

ਪਰਮਾਤਮਾ ਨੇ ਕਿਹਾ, “ਨਾਨਕ, ਮੈਂ ਤੇਰੇ ਅੰਗ ਸੰਗ ਹਾਂ। ਤੂੰ ਮੇਰਾ ਨਾਮ ਲੋਕਾਂ ਤੱਕ ਫੈਲਾਏਂਗਾ। ਜਾ ਤੇ ਲੋਕਾਂ ਨੂੰ ਨਾਮ ਜੱਪਣ ਦਾ ਢੰਗ ਸਮਝਾ। ਬੱਸ ਦੁਨਿਆਵੀ ਵਹਿਣ ਵਿਚ ਨਾ ਵਹੀਂ ਤੇ ਲੋਕਾਂ ਵਿਚ ‘ਨਾਮ’, ‘ਦਾਨ’, ‘ਇਸ਼ਨਾਨ’, ‘ਸੇਵਾ’ ਤੇ ‘ਸਿਮਰਨ’ ਦਾ ਪਚਾਰ ਕਰ।

ਨਾਨਕ ਤਿੰਨ ਦਿਨ ਤੇ ਤਿੰਨ ਰਾਤਾਂ ਕਿਸੇ ਨੂੰ ਵਿਖਾਈ ਨਹੀਂ ਦਿੱਤੇ। ਇਸ ਤੋਂ ਬਾਅਦ ਜਦੋਂ ਉਹ ਲੋਕਾਂ ਸਾਹਮਣੇ ਆਏ ਤਾਂ ਉਹਨਾਂ ਨੂੰ ਉਤਸੁਕਤਾ ਨਾਲ ਲੱਭਣ ਵਾਲਿਆਂ ਦੇ ਇਕੱਠ ਨੂੰ ਪਹਿਲੇ ਸ਼ਬਦ ਇਹ ਕਹੇ ਕਿ ਇਨਸਾਨਾਂ ਵਿਚ ਕੋਈ ਹਿੰਦੂ ਨਹੀਂ ਹੁੰਦਾ, ਕੋਈ ਮੁਸਲਮਾਨ ਨਹੀਂ ਹੁੰਦਾ।

ਨਾਨਕ ਪ੍ਰਚਾਰ ਦੇ ਰਾਹੀਂ ਸੰਸਾਰ ਨੂੰ ਸੋਧਣ ਨਿਕਲ ਪਏ। ਆਪਣੇ ਮੁਸਲਿਮ ਚੇਲੇ ਮਰਦਾਨਾ ਨਾਲ ਗੁਰੂ ਨਾਨਕ ਦੁਨੀਆ ਦੇ ਵੱਖ ਵੱਖ ਇਲਾਕਿਆਂ ਵਿਚ ਗਏ। ਅਸੀਂ ਯਕੀਨ ਨਾਲ ਨਹੀਂ ਕਹਿ ਸਕਦੇ ਉਹ ਕਿੱਥੇ ਕਿੱਥੇ ਗਏ ਪਰ ਸਿੱਖ ਵਿਦਵਾਨਾਂ ਅਨੁਸਾਰ ਉਹਨਾਂ ਨੇ ਚਾਰ ਲੰਮੀਆਂ ਯਾਤਰਵਾਂ ਕੀਤੀਆਂ ਜਿਹਨਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਪੂਰਬ ਵੱਲ ਉਹ ਅਸਾਮ ਤਕ ਗਏ, ਦੱਖਣ ਵਿਚ ਸ੍ਰੀ ਲੰਕਾ ਤੱਕ ਤੇ ਪੱਛਮ ਵਿਚ ਮੱਕਾ ਤੱਕ ਦੀ ਪਹੁੰਚ ਦੱਸੀ ਜਾਂਦੀ ਹੈ। ਉਹ ਪੰਜਾਬ ਦੇ ਮੈਦਾਨੀ ਤੇ ਪਹਾੜੀ ਇਲਾਕਿਆਂ ਵਿਚ ਵੀ ਦੂਰ ਦੂਰ ਤੱਕ ਗਏ ਤੇ ਲੱਗਪੱਗ ਸਾਰੇ ਹਿੰਦੂ ਤੀਰਥਾਂ ਦੀ ਯਾਤਰਾ ਕੀਤੀ। ਇਹਨਾਂ ਅਸਥਾਨਾਂ ਉਪਰ ਉਹਨਾਂ ਨੇ ਪੁਰਾਣੇ ਚੱਲੇ ਆ ਰਹੇ ਵਹਿਮਾਂ ਭਰਮਾਂ ਦਾ ਖੰਡਨ ਕੀਤਾ। ਆਪਣੀ ਉਮਰ ਦੇ ਆਖਰੀ ਸਾਲ ਉਹਨਾਂ ਕਰਤਾਰਪੁਰ ਦੇ ਸਥਾਨ ਉਪਰ ਗੁਜ਼ਾਰੇ। ਕਰਤਾਰਪੁਰ ਦੇ ਸ਼ਬਦੀ ਅਰਥ ਰੱਬ ਦੀ ਰਿਹਾਇਸ਼ ਹੈ। ਇਥੇ ਉਹਨਾਂ ਨੇ ਪ੍ਰਚਾਰ ਕੀਤਾ ਤੇ ਸ਼ਲੋਕ ਲਿਖੇ। ਉਹਨਾਂ ਦੀ 70 ਸਾਲ ਦੀ ਉਮਰ ਵਿਚ ਸੰਨ 1539 ਵਿਚ ਮੌਤ ਹੋ ਗਈ। ਉਹਨਾਂ ਦੇ ਸਰੀਰ ਨੂੰ ਅੰਤਮ ਰਸਮਾਂ ਵਾਸਤੇ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਨੇ ਆਪਣਾ-ਆਪਣਾ ਹੋਣ ਦਾ ਦਾਅਵਾ ਕੀਤਾ।

ਨਾਨਕ ਦੀਆਂ ਸਿੱਖਿਆਵਾਂ ਉਪਰ ਹਿੰਦੂ ਮਤ ਤੇ ਇਸਲਾਮ ਦੋਹਾਂ ਦਾ ਪ੍ਰਭਾਵ ਸੀ। ਪੰਦਰਵੀ ਸਦੀ ਤੱਕ ਇਹਨਾਂ ਦੋਹਾਂ ਧਰਮਾਂ ਦੇ ਕਈ ਸਾਰੇ ਵਿਸ਼ਵਾਸ ਸਾਂਝੇ ਕਿਸਮ ਦੇ ਬਣ ਗਏ ਸਨ। ਇਹ ਮੁੱਖ ਤੌਰ 'ਤੇ ਮੁਸਲਿਮ ਸੂਫੀ ਸ਼ੇਖ, ਜਿਹਨਾ ਵਿਚ ਸ਼ੇਖ ਫਰੀਦ ਦਾ ਉਚੇਚਾ ਜਿਕਰ ਕੀਤਾ ਜਾ ਸਕਦਾ ਹੈ ਤੇ ਕਬੀਰ ਵਰਗੇ ਭਗਤਾਂ ਦੇ ਵਿਚਾਰ ਸਨ ਜਿਹਨਾਂ ਨੇ ਨਾਨਕ ਨੂੰ ਪ੍ਰਭਾਵਤ ਕੀਤਾ ਸੀ। ਇਸਲਾਮ ਤੋਂ ਨਾਨਕ ਨੇ ਮੂਰਤੀ ਪੂਜਾ ਦਾ ਪੱਕਾ ਵਿਰੋਧ ਤੇ ਜਾਤ ਪਾਤ ਦਾ ਖੰਡਨ ਲਿਆ ਤੇ ਹਿੰਦੂ ਮਤ ਤੋਂ ਉਸ ਨੇ ਗੀਤਾ ਤੇ ਉਪਨਿਸ਼ਦਾਂ ਦੀ ਸਿੱਖਿਆ ਹਾਸਲ ਕੀਤੀ। ਉਸ ਨੇ ਸੱਚਾਈ ਭਾਵ ਕਿ 'ਸਤਿ' ਨੂੰ ਈਸ਼ਵਰ ਦੇ ਬਰਾਬਰ ਰੱਖਿਆ। ਉਹਨਾਂ ਦਾ 'ਕਰਮ' ਤੇ 'ਜਨਮਾਂ' ਦੇ ਸਿਧਾਂਤ ਵਿਚ ਵਿਸ਼ਵਾਸ ਸੀ। ਉਹਨਾਂ ਨੇ ਰੱਬ ਦੇ ਨਾਮ ਵਾਸਤੇ ਭਗਤੀ ਦਾ ਮਾਰਗ ਦੱਸਿਆ। ਉਹਨਾਂ ਨੇ ਸਨਿਆਸ ਦਾ ਖੰਡਨ ਕੀਤਾ ਤੇ ਗ੍ਰਹਿਸਥ ਧਰਮ ਨੂੰ ਉੱਤਮ ਦਰਸਾਇਆ। ਉਹਨਾਂ ਨੇ ਗੁਰੂ ਦੀ ਲੋੜ ਉਪਰ ਵੀ ਜੋਰ ਦਿੱਤਾ ਤੇ ਪਵਿੱਤਰ ਲੋਕਾਂ ਨਾਲ ਪਿਲਾਪ ਰੱਖਣ, 'ਸਾਧ-ਸੰਗਤ' ਕਰਨ ਵਾਸਤੇ ਕਿਹਾ।

ਉਹਨਾਂ ਨੇ ਸ਼ਲੋਕਾਂ ਨੂੰ ਰਲ ਕੇ ਤੇ ਰਾਗਾਂ ਵਿਚ ਗਾਣ ਦਾ ਮਹੱਤਵ ਦਰਸਾਇਆ, ਇਸ ਤਰ੍ਹਾਂ 'ਕੀਰਤਨ' ਦੀ ਮਹਿਮਾ ਦਰਸਾਈ। ਉਹਨਾਂ ਨੇ ਆਪਣੇ ਸ਼ਗਿਰਦਾਂ ਨੂੰ ਤੜਕੇ ਅੰਮ੍ਰਿਤ ਵੇਲੇ ਉਠਣ ਤੇ ਰੱਬੀ ਬਾਣੀ ਸੁਣਨ ਦਾ ਉਪਦੇਸ਼ ਦਿੱਤਾ। ਉਹਨਾਂ ਅੰਮ੍ਰਿਤ ਵੇਲੇ ਦੇ ਸੰਗੀਤਮਈ ਕੀਰਤਨ ਨੂੰ ਵੱਡਾ ਫਲਦਾਇਕ ਦੱਸਿਆ ਤੇ ਕਿਹਾ ਕਿ ਇਹ ਰੱਬ ਨਾਲ ਮਿਲਾਪ ਦਾ ਰਸਤਾ ਹੈ।

ਜਦੋਂ ਨਾਨਕ ਇਸ ਸੰਸਾਰ ਦੀ ਯਾਤਰਾ ਪੂਰੀ ਕਰਕੇ ਜੋਤੀ ਜੋਤ ਸਮਾ ਗਏ ਤਾਂ ਆਪਣੇ ਪਿੱਛੇ ਹਿੰਦੂਆਂ ਤੇ ਮੁਸਲਮਾਨਾਂ ਦੀ ਇਕ ਵੱਡੀ ਸੰਸਥਾ ਛੱਡ ਗਏ ਜੋ ਆਪਣੇ ਆਪ ਨੂੰ 'ਨਾਨਕ ਪੰਥੀ' ਕਹਿੰਦੇ ਸਨ, ਭਾਵ ਕਿ ਨਾਨਕ ਦੇ ਦਰਸਾਏ ਰਸਤੇ ਉਪਰ ਚੱਲਣ ਵਾਲੇ। ਉਹਨਾਂ ਨੇ ਆਪਣੇ ਚੇਲਿਆਂ ਵਿਚੋਂ ਇਕ, 'ਅੰਗਦ' ਨੂੰ ਦੂਸਰਾ ਗੁਰੂ ਨਿਯੁਕਤ ਕੀਤਾ। ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਆਖਰੀ ਮੌਕੇ ਉਪਰ ਇਕ ਹੋਰ ਭਗਤ ਅਮਰ ਦਾਸ ਜੀ ਨੂੰ ਤੀਸਰੇ ਗੁਰੂ ਨਿਯੁਕਤ ਕੀਤਾ। ਇਸ ਤੋਂ ਬਾਅਦ ਸਿੱਖ ਪੰਥ ਦੀ ਗਿਣਤੀ ਕਾਫ਼ੀ ਵੱਡੀ ਹੋ ਗਈ ਤੇ ਇਸ ਦੇ ਇੰਤਜ਼ਾਮ ਵਾਸਤੇ ਗੁਰਦੁਆਰੇ ਜਾਂ ਧਰਮਸਾਲਾਵਾਂ ਦੀ ਉਸਾਰੀ ਕੀਤੀ ਗਈ। ਲੋਕਾਂ ਵੱਲੋਂ ਭੇਟਾ ਦਾ ਪੈਸਾ ਵੀ ਆਉਣ ਲੱਗ ਪਿਆ। ਜਦੋਂ ਜਾਇਦਾਦ ਜਾਂ ਪੈਸੇ ਦਾ ਸਵਾਲ ਆ ਜਾਵੇ ਤਾਂ ਜਾਂਨਸ਼ੀਨੀ ਦਾ ਸਵਾਲ ਵੀ ਪੈਦਾ ਹੋ ਜਾਂਦਾ ਹੈ। ਇਹ ਸਵਾਲ ਧਾਰਮਿਕ ਸੰਸਥਾਵਾਂ ਵਾਸਤੇ ਵੀ ਵੱਡਾ ਹੋ ਜਾਂਦਾ ਹੈ। ਇਸ ਲਈ ਅਗਲੇ ਸੱਤ ਗੁਰੂ ਇਕੋ ਖਾਨਦਾਨ ਵਿਚੋਂ ਹੀ ਹੋਏ।

ਇਹ ਪੰਜਵੇਂ ਗੁਰੂ, ਗੁਰੂ ਅਰਜਨ ਦੇਵ, ਦੇ ਵੇਲੇ ਹੀ ਹੋਇਆ ਕਿ ਸਿੱਖ ਮੱਤ ਇਕ ਵੱਖਰੇ ਧਰਮ ਦੇ ਰੂਪ ਵਿਚ ਸਥਾਪਤ ਹੋਇਆ ਮੰਨਿਆ ਗਿਆ। ਗੁਰੂ ਅਰਜਨ ਦੇਵ ਨੂੰ ਸਿੱਖ ਪੰਥ ਦਾ ਸੈਂਟ ਪਾਲ ਕਿਹਾ ਜਾਂਦਾ ਹੈ ਜਿਸ ਨੇ 'ਸਿੱਖ-ਚਰਚ' ਦੀ ਸਥਾਪਨਾ ਕੀਤੀ। ਉਹਨਾਂ ਨੇ ਆਪਣੀ ਤੇ ਆਪਣੇ ਤੋਂ ਪਹਿਲਾਂ ਹੋਏ ਸਿੱਖ ਗੁਰੂਆਂ ਦੀ ਬਾਣੀ ਨੂੰ ਇਕੱਠਾ ਕੀਤਾ। ਉਸ ਵਿਚ ਹੋਰ ਕਈ ਬਾਣੀਆਂ ਹਿੰਦੂ ਸੰਤਾਂ ਤੇ ਮੁਲਮਾਨ ਸੂਫ਼ੀ

ਫਕੀਰਾਂ ਦੀਆਂ ਵੀ ਸ਼ਾਮਿਲ ਕੀਤੀਆਂ ਤੇ ਇਕ ਕਿਤਾਬ ਦੀ ਸਕਲ ਵਿਚ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ ਜਿਸ ਨੂੰ ਹੁਣ 'ਆਦਿ ਗ੍ਰੰਥ' ਯਾਨੀ ਮੁਢਲਾ ਗ੍ਰੰਥ ਕਿਹਾ ਜਾਂਦਾ ਹੈ। ਉਹਨਾਂ ਨੇ ਅੰਮ੍ਰਿਤਸਰ ਨੂੰ ਇਕ ਵਪਾਰਕ ਸ਼ਹਿਰ ਬਣਾਇਆ ਤੇ ਇਹ ਮੁੱਖ ਸਿੱਖ ਤੀਰਥ ਅਸਥਾਨ ਵੀ ਬਣਿਆ। ਉਹ ਇਕ ਅਮੀਰ ਵਪਾਰੀ ਵੀ ਬਣ ਗਏ ਤੇ ਬਹੁਤ ਵੱਡੀ ਗਿਣਤੀ ਦੇ ਸ਼ਰਧਾਲੂ ਵੀ ਹੋ ਗਏ। ਮੁਗਲ ਹਾਕਮ ਤੇ ਹਿੰਦੂ ਵੀ ਇਸ ਗੱਲ ਦੀ ਈਰਖਾ ਕਰਨ ਲੱਗ ਪਏ ਕਿ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਗੁਰੂ ਦੇ ਪੰਥ ਵਿਚ ਸ਼ਾਮਿਲ ਹੋਈ ਜਾ ਰਹੇ ਸਨ। ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ 1606 ਈਸਵੀ ਨੂੰ ਬਹੁਤ ਸਾਰੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਉਹ ਸਿੱਖ ਧਰਮ ਦੇ ਪਹਿਲੇ ਸ਼ਹੀਦ ਹੋਏ।

ਅਰਜਨ ਦੇਵ ਜੀ ਦੇ ਪ੍ਰੁੱਤਰ ਹਰ ਗੋਬਿੰਦ, ਜਿਹੜੇ ਉਹਨਾਂ ਤੋਂ ਬਾਅਦ ਗੱਦੀ 'ਤੇ ਬੈਠੇ, ਨੇ ਹਥਿਆਰ ਚੁੱਕਣ ਦਾ ਸੰਕਲਪ ਲਿਆ। ਉਹਨਾਂ ਨੇ ਮੁਗਲਾਂ ਨਾਲ ਕਈ ਲੜਾਈਆਂ ਲੜੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਹ ਸੰਘਰਸ਼ ਨੌਵੇਂ ਗੁਰੂ ਤੇਗ ਬਹਾਦਰ ਜੀ ਦੇ ਵੇਲੇ ਤੱਕ ਚੱਲਦਾ ਰਿਹਾ ਜਿਹਨਾਂ ਨੂੰ 1675 ਵਿਚ ਦਿੱਲੀ ਦੇ ਚਾਂਦਨੀ ਚੌਕ ਵਿਚ ਸੀਸ ਉਤਾਰ ਕੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਦੇ ਪੁੱਤਰ ਤੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖਾੜਕੂ ਰੂਪ ਦੇਣ ਵਾਸਤੇ 'ਖਾਲਸਾ' ਪੰਥ ਦੀ ਸਿਰਜਨਾ ਕੀਤੀ। ਫਾਰਸੀ ਦੇ ਸ਼ਬਦ 'ਖਾਲਸਾ' ਦਾ ਅਰਥ ਹੈ ਸ਼ੁੱਧ। ਉਹਨਾਂ ਨੇ ਇਹ ਪ੍ਰੋਗਰਾਮ ਬੜੇ ਕੌਤਕੀ ਤਰੀਕੇ ਨਾਲ ਬਸੰਤ ਰੁੱਤ ਦੇ ਹਿੰਦੂ ਨਵਾਂ ਸਾਲ, ਇਕ ਵੈਸਾਖ, 1699 ਨੂੰ ਕੀਤਾ। ਅੱਸੀ ਹਜ਼ਾਰ ਸਿੱਖਾਂ ਦੇ ਇਕੱਠ ਵਿਚ ਉਹਨਾਂ ਐਲਾਨ ਕੀਤਾ ਕਿ ਉਹਨਾਂ ਨੂੰ ਕੁਰਬਾਨੀ ਵਾਸਤੇ ਸਿਰ ਚਾਹੀਦਾ ਹੈ। ਇਕ ਹਾਜ਼ਰੀਨ ਉੱਠਿਆ ਤੇ ਆਪਣਾ ਸਿਰ ਪੇਸ਼ ਕੀਤਾ। ਗੁਰੂ ਉਸ ਨੂੰ ਇਕ ਤੰਬੂ ਅੰਦਰ ਲੈ ਗਏ ਤੇ ਲਹੂ ਦੀ ਭਿੱਜੀ ਤਲਵਾਰ ਲੈ ਕੇ ਬਾਹਰ ਆ ਗਏ। ਦਰ ਅਸਲ ਉਹਨਾਂ ਅੰਦਰ ਬੱਕਰਾ ਝਟਕਾਇਆ ਸੀ। ਇਸ ਤਰ੍ਹਾਂ ਉਹਨਾਂ ਨੇ ਪੰਜ ਵਾਰ ਸਿਰ ਮੰਗੇ ਤੇ ਪ੍ਰਾਪਤ ਕੀਤੇ ਤੇ ਤੰਬੂ ਅੰਦਰ ਪੰਜ ਹੀ ਬੱਕਰੇ ਝਟਕਾਏ। ਫਿਰ ਗੁਰੂ ਨੇ ਉਹਨਾਂ ਪੰਜਾਂ ਨੂੰ ਸਟੇਜ ਉੱਪਰ ਪੇਸ਼ ਕੀਤਾ ਤੇ ਆਪਣੇ ਪੰਜ ਪਿਆਰੇ ਹੋਣ ਦਾ ਐਲਾਨ ਕੀਤਾ। ਉਹਨਾਂ ਨੂੰ ਇਕੋ ਲੋਹੇ ਦੇ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਜੋ ਅਸਲ ਵਿਚ ਮਿੱਠਾ ਪਾਣੀ ਸੀ। ਉਹਨਾਂ ਨੇ ਇਹਨਾਂ ਪੰਜਾਂ ਨੂੰ ਤੇ ਫਿਰ ਹਰ ਸਿੱਖ ਨੂੰ ਪੰਜ ਕਕਾਰ ਪਹਿਨਣ ਦੀ ਹਿਦਾਇਤ ਕੀਤੀ। ਇਹ 'ਕੱਕਾ' ਅੱਖਰ ਨਾਲ ਸ਼ੁਰੂ ਹੋਣ ਵਾਲੀਆਂ ਵਸਤਾਂ ਕੇਸ਼, ਕੰਘਾ, ਕੜਾ, ਕੱਛ ਤੇ ਕਿਰਪਾਨ ਸੀ। ਇਹਨਾਂ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਰੱਖਣ ਵਾਸਤੇ ਕਿਹਾ।

ਇਸ ਤਰ੍ਹਾਂ ਅੰਮ੍ਰਿਤ ਛਕਣਾ (baptism) ਇਕ ਨਵੀਂ ਪ੍ਰਕਿਰਿਆ ਸੀ ਇਹਨਾਂ ਅੰਮ੍ਰਿਤਧਾਰੀਆਂ (baptised) ਨੂੰ ਨਵੇਂ ਨਾਮ ਵੀ ਦਿੱਤੇ ਗਏ। ਸਿੱਖ ਮਰਦਾਂ ਵਾਸਤੇ ਇਕ ਲੜਾਕਾ ਨਾਮ 'ਸਿੰਘ' ਦਿੱਤਾ ਜਿਸ ਨੂੰ ਹਰ ਸਿੱਖ ਨੇ ਆਪਣੇ ਪਿੱਛੇ ਲਗਾ ਕੇ ਰੱਖਣਾ ਸੀ ਤੇ ਔਰਤ ਨੇ ਆਪਣੇ ਨਾਮ ਦੇ ਪਿੱਛੇ 'ਕੌਰ' ਲਗਾਉਣਾ ਸੀ। ਇਸ ਤਰ੍ਹਾਂ ਉਹਨਾਂ ਦੇ ਨਾਵਾਂ ਨਾਲੋਂ ਜਾਤ ਦਾ ਅੰਕਤ ਹੋਣਾ ਖ਼ਤਮ ਹੋ ਗਿਆ।

ਗੁਰੂ ਦੀ ਲਲਕਾਰ ਸੀ, "ਮੈਂ ਚਾਹੁੰਦਾ ਹਾਂ ਕਿ ਹੁਣ ਤੁਸੀਂ ਸਾਰੇ ਆਪਣੇ ਆਪ ਨੂੰ ਇਕੋ ਧਰਮ ਤੇ ਇਕੋ ਜਾਤ ਵਿਚ ਸਮਝੋ। ਸ਼ਾਸਤਰਾਂ ਵਿਚ ਦਰਜ ਦੱਸੀਆਂ ਜਾਂਦੀਆਂ ਚਾਰ ਜਾਤਾਂ ਨੂੰ ਹੁਣ ਭੁੱਲ ਜਾਓ। ਹੁਣ ਕੋਈ ਕਿਸੇ ਤੋਂ ਉੱਤਮ ਨਹੀਂ, ਕੋਈ ਕਿਸੇ ਤੋਂ ਘਟੀਆ ਨਹੀਂ। ਆਓ ਹੁਣ ਕੋਈ ਵੀ ਗੰਗਾ ਤੇ ਹੋਰ ਤੀਰਥਾਂ ਦੇ ਮਹੱਤਵ ਨੂੰ ਨਾ ਮੰਨੇ।" ਇਹਨਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਗੁਰੂ ਨੇ ਖੁਦ ਇਹਨਾਂ ਦੇ ਹੱਥੋਂ ਉਸੇ ਬਾਟੇ ਵਿਚ ਅੰਮ੍ਰਿਤ ਛਕਿਆ ਸੀ।

ਸਾਰਿਆਂ ਸਿੱਖਾਂ ਨੇ ਗੁਰੂ ਦੀਆਂ ਇਹਨਾਂ ਗੱਲਾਂ ਨੂੰ ਪ੍ਰਵਾਨ ਨਹੀਂ ਕੀਤਾ। ਜਿਹੜੇ ਸਿਰਫ਼ ਪਹਿਲੇ 9 ਗੁਰੂਆਂ ਦਾ ਕਥਨ ਹੀ ਮੰਨਦੇ ਸਨ। ਉਹ ਹੌਲੀ ਹੌਲੀ ਬਦਲਣ ਵਾਲੇ ਸਨ, ਇਸ ਵਾਸਤੇ ਉਹਨਾਂ ਨੂੰ ਸਹਿਜਧਾਰੀ ਆਖਿਆ ਗਿਆ। ਸਿਰਫ਼ ਗੁਰੂ ਗੋਬਿੰਦ ਸਿੰਘ ਦੇ ਸੱਚੇ ਸਿਪਾਹੀ ਹੀ 'ਖਾਲਸਾ' ਬਣੇ।

ਗੁਰੂ ਗੋਬਿੰਦ ਸਿੰਘ ਨੇ ਆਪਣੀ ਜ਼ਿੰਦਗੀ ਦੇ ਬਾਕੀ ਦੇ ਅੱਠ ਸਾਲ ਪੜੋਸੀ ਹਿੰਦੂ ਰਾਜਿਆਂ ਤੇ ਮੁਗਲਾਂ ਨਾਲ ਲੜਾਈ ਵਿਚ ਗੁਜ਼ਾਰੇ। ਇਹਨਾਂ ਲੜਾਈਆਂ ਵਿਚ ਗੁਰੂ ਨੇ ਆਪਣੇ ਚਾਰੇ ਪੁੱਤਰ ਵਾਰ ਦਿੱਤੇ। ਦੋ ਲੜਾਈ ਵਿਚ ਯੁੱਧ ਕਰਦੇ ਸ਼ਹੀਦ ਹੋਏ ਤੇ ਦੋ ਛੋਟਿਆਂ ਨੂੰ ਫੜ ਲਿਆ ਗਿਆ ਸੀ ਤੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਸੀ। ਅਖੀਰ ਗੁਰੂ ਗੋਬਿੰਦ ਸਿੰਘ ਨੂੰ ਖੁਦ ਵੀ ਮੁਗਲ ਸਾਜਿਸ਼ਕਾਰੀਆਂ ਨੇ ਧੋਖੇ ਨਾਲ ਜ਼ਖਮੀ ਕਰ ਦਿੱਤਾ ਸੀ ਜਿਸ ਵਿਚੋਂ ਆਪ ਰਾਜ਼ੀ ਨਹੀਂ ਹੋਏ।

ਆਪਣੇ ਅੰਤ ਸਮੇਂ ਤੋਂ ਪਹਿਲਾਂ ਗੁਰੂ ਨੇ ਸਿੱਖਾਂ ਨੂੰ ਪੰਜਵੀ ਪਾਤਸ਼ਾਹੀ ਦੇ ਤਿਆਰ ਕੀਤੇ ਆਦਿ ਗ੍ਰੰਥ ਨੂੰ ਹੀ ਆਪਣਾ ਗੁਰੂ ਮੰਨਣ ਦੀ ਹਿਦਾਇਤ ਕੀਤੀ। ਇਹ ਸਾਰੇ ਗੁਰੂਆਂ ਦੀਆਂ ਸਿੱਖਿਆਵਾਂ ਦਾ ਨਿਚੋੜ ਰਹੇਗਾ।

ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾ ਜਾਣ ਦੇ ਚਾਰ ਸਾਲ ਬਾਅਦ ਹੀ ਵੱਡੀ ਗਿਣਤੀ ਦੇ ਸਿੱਖ ਗੁਰੂ ਦੇ ਨਿਯੁਕਤ ਕੀਤੇ ਇਕ ਸਿੱਖ ਯੋਧੇ ਬੰਦਾ ਬਹਾਦਰ ਦੇ ਪਿੱਛੇ ਇਕੱਠੇ ਹੋਏ ਜਿਸ ਨੇ ਵੱਡੀ ਫੌਜ ਤਿਆਰ ਕਰਕੇ ਪੰਜਾਬ ਵਿਚ ਮੁਗਲਾਂ ਨੂੰ ਜ਼ਬਰਦਸਤ ਹਾਰਾਂ ਦਿੱਤੀਆਂ। ਅਖੀਰ ਬੰਦਾ ਬਹਾਦਰ ਵੀ ਫੜਿਆ ਗਿਆ ਤੇ ਉਸ ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਵੱਖ ਵੱਖ ਗਰੁੱਪਾਂ ਵਿਚ ਸਿੱਖ ਗੁਰੀਲਾ ਯੁੱਧ ਲੜਦੇ ਰਹੇ ਤੇ ਮੁਗਲਾਂ ਦਾ ਬਹੁਤ ਲੱਕ ਤੋੜਿਆ। ਇਹ ਗੁਰੀਲੇ ਗਰੁੱਪ ਮਿਸਲਾਂ ਦੀ ਸ਼ਕਲ ਵਿਚ ਕਾਇਮ ਹੋ ਗਏ। ਮੁਗਲਾਂ ਦੀ ਕਮਜ਼ੋਰ ਹਕੂਮਤ ਦੇਖ ਕੇ ਅਫ਼ਗਾਨ ਤੇ ਈਰਾਨੀ ਹਮਲਾਵਰ ਆਉਂਦੇ ਰਹੇ। ਮੁਗਲ ਉਹਨਾਂ ਨਾਲ ਸਿੱਧਾ ਮੁਕਾਬਲਾ ਕਰਕੇ ਹਾਰਦੇ ਰਹੇ। ਲੜਾਈ ਦੇ ਵਕਤ ਸਿੱਖ ਜੰਗਲਾਂ ਵੱਲ ਨਿਕਲ ਜਾਂਦੇ ਤੇ ਬਾਅਦ ਵਿਚ ਆ ਕੇ ਹਮਲਾਵਰਾਂ ਵੱਲੋਂ ਇਕੱਠਾ ਕੀਤਾ ਲੁੱਟ ਦਾ ਮਾਲ ਆਪ ਲੁੱਟ ਲੈਂਦੇ। ਇਸ ਤਰ੍ਹਾਂ ਮਿਸਲਾਂ ਪਾਸ ਧਨ ਵੀ ਇਕੱਠਾ ਹੋ ਗਿਆ ਤੇ ਪੰਜਾਬ ਦੀ ਕਿਰਸਾਨੀ ਵੀ ਉਹਨਾਂ ਦੇ ਨਾਲ ਰਲ ਗਈ ਸੀ। ਅਠਾਰਵੀਂ ਸਦੀ ਦੇ ਅੱਧ ਤੱਕ ਲੱਗਪੱਗ ਉਤਰੀ ਭਾਰਤ ਦੇ ਗੰਗਾ ਤੋਂ ਲੈ ਕੇ ਸਿੰਧ ਤੱਕ ਸਿੱਖ ਮਿਸਲਾਂ ਦਾ ਬੋਲ ਬਾਲਾ ਹੋ ਗਿਆ ਸੀ। ਉਹ ਇਸ ਇਲਾਕੇ ਵਿਚ ਜ਼ਿਮੀਦਾਰਾਂ ਤੋਂ ਲਗਾਨ ਦੀ ਉਗਰਾਹੀ ਵੀ ਕਰਨ ਲੱਗ ਪਏ ਸਨ।

ਮਿਸਲਾਂ ਵਿਚੋਂ 'ਸ਼ੁਕਰਚੱਕੀਆ' ਮਿਸਲ ਸਭ ਤੋਂ ਵੱਡੀ ਸੀ। ਇਸੇ ਮਿਸਲ ਦੇ ਇਕ ਅੱਖ ਵਾਲੇ ਸਰਦਾਰ ਰਣਜੀਤ ਸਿੰਘ ਨੇ 40 ਸਾਲ ਵਾਸਤੇ ਇਕ ਵੱਡੇ ਇਲਾਕੇ ਉਪਰ ਰਾਜ ਕੀਤਾ। ਉਹ ਪੰਜਾਬ ਦਾ ਮਹਾਰਾਜਾ ਬਣ ਗਿਆ। ਉਸ ਨੇ ਪਠਾਨਾਂ, ਅਫ਼ਗਾਨਾਂ ਤੇ ਕਸ਼ਮੀਰੀਆਂ ਨੂੰ ਹਰਾਇਆ। ਉਸ ਦਾ ਰਾਜ ਅਫ਼ਗਾਨਿਸਤਾਨ ਦੇ ਪਹਾੜਾਂ ਤੋਂ ਲੈ ਕੇ ਚੀਨ ਤੇ ਭਾਰਤ ਨੂੰ ਵੰਡਣ ਵਾਲੇ ਪਹਾੜਾਂ ਤੱਕ ਪਹੁੰਚ ਗਿਆ ਸੀ। ਸਤਲੁਜ ਤੋਂ ਸਿੰਧ ਦੇ ਬਾਰਡਰ ਤੱਕ ਉਸ ਦਾ ਰਾਜ ਸਥਾਪਤ ਹੋ ਗਿਆ ਸੀ।

1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਤੇ ਦਸਾਂ ਸਾਲਾਂ ਦੇ ਅੰਦਰ ਹੀ ਸਿੱਖ ਰਾਜ ਦਾ ਵੀ ਅੰਤ ਹੋ ਗਿਆ। ਇਕ ਤੋਂ ਬਾਅਦ ਦੂਜੀ ਕਈ ਖ਼ੂਨੀ ਲੜਾਈਆਂ ਜੋ 1845 ਤੋਂ 1849 ਵਿਚ ਹੋਈਆਂ ਅੰਗਰੇਜ਼ ਜੇਤੂ ਬਣੇ ਤੇ ਸਿੱਖ ਰਾਜ ਨੂੰ ਆਪਣੇ ਸਾਮਰਾਜ ਵਿਚ ਸ਼ਾਮਿਲ ਕਰ ਲਿਆ।

ਅੰਗਰੇਜ਼ਾਂ ਨੇ ਲੜਾਈਆਂ ਵਿਚ ਸਿੱਖਾਂ ਦੀ ਬਹਾਦਰੀ ਨੂੰ ਪ੍ਰਵਾਨ ਕੀਤਾ ਤੇ ਇਹਨਾਂ ਨੂੰ ਕੰਪਨੀ ਦੀਆਂ ਫੌਜਾਂ ਵਿਚ ਭਰਤੀ ਕਰਨ ਦੀ ਪੇਸ਼ਕੱਸ਼ ਦਿੱਤੀ। ਸਿੱਖ ਅੰਗਰੇਜ਼ਾਂ ਦੇ ਮਨ ਪਸੰਦ ਸਿਪਾਹੀ ਬਣੇ। ਸਿੱਖਾਂ ਨੇ 1857 ਦੀ ਲੜਾਈ ਵਿਚ ਅੰਗਰੇਜ਼ਾ ਦਾ ਸਾਥ ਦਿੱਤਾ ਤੇ ਅੰਗਰੇਜ਼ੀ ਪੁਲਸ ਵਿਚ ਸ਼ਾਮਿਲ ਹੋ ਕੇ ਮਲਾਇਆ, ਸਿੰਗਾਪੁਰ, ਬਰਮਾਂ ਤੇ ਫਾਰਸ ਦੀ ਖਾੜੀ ਵਿਚ ਵੀ ਵਿਰੋਧੀਆਂ ਨੂੰ ਸਖ਼ਤੀ ਨਾਲ ਦਬਾਇਆ। ਇਹਨਾਂ ਦੀ ਵਫਾਦਾਰੀ ਤੇ ਬਹਾਦਰੀ ਕਰਕੇ ਅੰਗਰੇਜ਼ਾਂ ਨੇ ਇਨਾਮ ਤੇ ਜ਼ਮੀਨਾਂ ਵੀ ਦਿੱਤੀਆਂ। ਇਹ ਸਭ ਕੁਝ ਪਹਿਲੀ ਸੰਸਾਰ ਜੰਗ (1914-18) ਤੱਕ ਚੱਲਦਾ ਗਿਆ।

ਸਿੱਖ ਧਰਮ ਦੇ ਵਿਕਾਸ ਬਾਰੇ ਦੋ ਪੱਖ ਸਮਝਣੇ ਜ਼ਰੂਰੀ ਹਨ। ਪਹਿਲਾ ਕਿ ਸਿੱਖ ਮੱਤ ਹਿੰਦੂਆਂ ਤੇ ਮੁਸਲਮਾਨਾਂ ਦੇ ਵਿਚਾਰਾਂ ਵਿਚਕਾਰ ਇਕ ਪੁਲ ਦੇ ਰੂਪ ਵਿਚ ਸ਼ੁਰੂ ਹੋਇਆ ਸੀ ਪਰ ਛੇਤੀ ਹੀ ਮੁਗਲਾਂ ਜਾਂ ਮੁਸਲਮਾਨਾਂ ਵਿਰੁੱਧ ਤਿੱਖੀਆਂ ਲੜਾਈਆਂ ਵਿਚ ਉਲਝਣਾ ਪੈ ਗਿਆ। ਇਸ ਵਾਸਤੇ ਸਿੱਖ ਧਰਮ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਵੱਡੀ ਗਿਣਤੀ ਹਿੰਦੂਆਂ ਦੀ ਸੀ ਜੋ ਆਪਣੇ ਨਾਲ ਆਪਣੇ ਧਰਮ ਦੀਆਂ ਕਈ ਰਿਵਾਇਤਾਂ ਤੇ ਮਾਨਤਾਵਾਂ ਲੈ ਕੇ ਆਏ। ਇਸ ਕਰਕੇ ਮੁਸਲਮਾਨਾਂ ਨੇ ਸਿੱਖਾਂ ਨੂੰ ਲੜਾਕੇ ਤੇ ਦਾੜ੍ਹੀ ਕੇਸਾਂ ਵਾਲੇ ਹਿੰਦੂ ਸਮਝਣਾ ਸ਼ੁਰੂ ਕਰ ਦਿੱਤਾ। ਡਾਕਟਰ ਲੋਰੀਨਰ ਨੇ ਇਹਨਾਂ ਨੂੰ ਪ੍ਰਚੰਡ ਹਿੰਦੂ ਆਖਿਆ (A kind of vicious Hindu)।

ਕਿਉਂਕਿ ਸਿੱਖਾਂ ਦੀ ਭਾਰੀ ਬਹੁਗਿਣਤੀ ਹਿੰਦੂਆਂ ਵਿਚੋਂ ਆਈ ਸੀ ਤੇ ਹਿੰਦੂਆਂ ਸਿੱਖਾਂ ਦੀਆਂ ਆਪਸੀ ਸ਼ਾਦੀਆਂ ਆਮ ਹੋਣ ਲੱਗੀਆਂ ਤਾਂ ਸਿੱਖਾਂ ਵਾਸਤੇ ਵੱਖਰੀ ਪਹਿਚਾਣ ਬਣਾਉਣ ਦਾ ਮਸਲਾ ਪੇਚੀਦਾ ਹੋ ਗਿਆ। ਲੰਬੇ ਕੇਸ ਤੇ ਦਾੜ੍ਹੀ ਨੂੰ ਪੂਰਾ ਸਨਮਾਨ ਮਿਲਣ ਲੱਗਾ ਤੇ ਸਹਿਜਧਾਰੀਆਂ ਨੂੰ ਦੂਸਰੇ ਦਰਜੇ ਦੇ ਸਿੱਖ ਸਮਝਿਆ ਜਾਣ ਲੱਗਾ। ਉਹਨਾਂ ਨੂੰ ਸਿਰਫ਼ 'ਪਤਿਤ' ਨਾਲੋਂ ਕੁਝ ਚੰਗਾ ਸਮਝਿਆ ਜਾਂਦਾ ਸੀ। ਜਿਹੜੀ ਚੀਜ਼ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖ ਕਰਦੀ ਸੀ, ਉਸ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਣ ਲੱਗ ਪਈ। ਤਮਾਕੂ ਸਿੱਖਾਂ ਵਾਸਤੇ ਪੂਰੀ ਤਰ੍ਹਾਂ ਵਰਜਿਤ ਹੋ ਗਿਆ ਪਰ ਸ਼ਰਾਬ ਨੂੰ ਪਹਿਲਾਂ ਮੁਆਫ਼ ਕੀਤਾ ਤੇ ਫਿਰ ਪੂਰੀ ਛੋਟ ਵੀ ਦੇ ਦਿੱਤੀ। ਅੰਗਰੇਜ਼ਾਂ ਨੇ ਸਿੱਖਾਂ ਦੀ ਇਸ

ਵੱਖਰੀ ਹੋਂਦ ਬਣਾਉਣ ਵਿਚ ਮਦਦ ਕੀਤੀ। ਉਹਨਾਂ ਸਿੱਖ ਸਿਪਾਹੀਆਂ ਤੇ ਸਿੱਖ ਮੁਲਾਜ਼ਮਾਂ ਵਾਸਤੇ ਖਾਲਸਾ ਸਰੂਪ ਲਾਜ਼ਮੀ ਬਣਾਇਆ। ਉਹਨਾਂ ਨੇ ਵਿਧਾਨ ਸਭਾਵਾਂ ਵਿਚ ਵੀ ਸਿੱਖਾਂ ਵਾਸਤੇ ਵੱਖਰੇ ਹਲਕੇ ਦਿੱਤੇ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਬਹੁਤ ਸਾਰੇ ਧਾਰਮਿਕ ਅਧਾਰ ਦੇ ਖਾਸ ਅਧਿਕਾਰ ਖ਼ਤਮ ਹੋ ਗਏ। ਆਰਥਕ, ਸਮਾਜਕ ਤੇ ਹੋਰ ਖੇਤਰਾਂ ਵਿਚ ਧਾਰਮਿਕ ਨਿਸ਼ਾਨੀਆਂ ਦੀਆਂ ਅਹਿਮਤਾਂ ਘਟਣ ਲੱਗੀਆਂ। ਬਹੁਤ ਸਾਰੇ ਸਿੱਖ ਨੌਜਵਾਨ ਦਾੜ੍ਹੀ ਤੇ ਕੇਸ ਰੱਖਣ ਦੀਆਂ ਸਿੱਖ ਰਿਵਾਇਤਾਂ ਤੋਂ ਮੂੰਹ ਮੋੜਨ ਲੱਗੇ ਤੇ ਕਈ ਆਪਣੇ ਆਪ ਨੂੰ ਸਹਿਜਧਾਰੀ ਕਹਿਣ ਲੱਗ ਪਏ। ਸਿੱਖ ਮੱਤ ਤੇ ਹਿੰਦੂ ਧਰਮ ਦੀਆਂ ਰਿਵਾਇਤਾਂ ਵਿਚ ਬਹੁਤ ਹੀ ਮਾਮੂਲੀ ਫਰਕ ਹੋਣ ਕਰਕੇ ਸਿੱਖਾਂ ਦਾ ਹਿੰਦੂ ਪਰਤਾਂ ਵਿਚ ਹੀ ਗਿਣੇ ਜਾਣ ਦਾ ਖਦਸ਼ਾ ਭਾਰੀ ਹੋ ਗਿਆ ਹੈ। ਵੱਖਰੀ ਪਹਿਚਾਣ ਦੀ ਸਮੱਸਿਆ ਅੱਜ ਸਿੱਖਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਬਣੀ ਹੋਈ ਹੈ।

ਚੈਪਟਰ 9

ਪਾਰਸੀ
(The Parsis)

ਭਾਰਤ ਵਿਚ ਸਿਰਫ਼ ਇਕ ਲੱਖ ਦੇ ਕਰੀਬ ਪਾਰਸੀ ਰਹਿੰਦੇ ਹਨ ਤੇ ਉਹਨਾਂ ਦਾ ਵੱਡਾ ਹਿਸਾ ਬੰਬਈ (*ਹੁਣ ਮੁੰਬਈ-ਅਨੁ:*) ਵਿਚ ਹੀ ਵੱਸਦਾ ਹੈ। ਇਹ ਖ਼ਤਮ ਹੋਣ ਵੱਲ ਵਧ ਰਿਹਾ ਫਿਰਕਾ ਹੈ ਕਿਉਂਕਿ ਇਹਨਾਂ ਦਾ ਜਨਮ ਦਰ ਮੌਤ ਦੀ ਦਰ ਨਾਲੋਂ ਘੱਟ ਹੈ। ਇਹ ਨਾਂ ਤਾਂ ਕਿਸੇ ਦੀ ਆਪਣੇ ਵਿਚ ਧਰਮ ਬਦਲੀ ਕਬੂਲ ਕਰਦੇ ਹਨ ਤੇ ਨਾ ਹੀ ਗੈਰ ਪਾਰਸੀ ਦੇ ਪੁੱਤਰ ਨੂੰ ਪਾਰਸੀ ਮੰਨਦੇ ਹਨ। ਅੱਜ ਕੱਲ ਬਹੁਤ ਸਾਰੀਆਂ ਪਾਰਸੀ ਕੁੜੀਆਂ ਆਪਣੇ ਧਰਮ ਤੋਂ ਬਾਹਰ ਦੇ ਮੁੰਡਿਆਂ ਨਾਲ ਸ਼ਾਦੀ ਕਰ ਰਹੀਆਂ ਹਨ (*ਪਾਰਸੀਆਂ ਦੀ ਇਕ ਸੰਸਥਾ 'ਪਾਰਸੀ ਪੰਚਾਇਤ' ਨੇ ਸਰਵੇ ਕਰਵਾਇਆ ਹੈ ਕਿ ਇਹਨਾਂ ਦੀ ਆਬਾਦੀ 1941 ਵਿਚ 1 ਲੱਖ 10 ਹਜ਼ਾਰ ਸੀ, 2001 ਵਿਚ 67 ਹਜ਼ਾਰ ਤੇ ਹੁਣ 45 ਤੋਂ 50 ਹਜ਼ਾਰ ਦੇ ਵਿੱਚ ਹੋਵੇਗੀ। ਉਹਨਾਂ ਨੇ ਸਰਕਾਰ ਦੀ ਮਦਦ ਨਾਲ ਇਹਨਾਂ ਦੀ ਆਬਾਦੀ ਦੀ ਰੱਖਿਆ ਕਰਨ ਵਾਸਤੇ 'ਫਰਟਿਲਿਟੀ ਕਲੀਨਿਕ' ਖੋਲ੍ਹਣ ਦੀ ਮੰਗ ਕੀਤੀ ਹੈ ਅਤੇ ਆਪਣੇ ਫਿਰਕੇ ਦੇ ਲੋਕਾਂ ਨੂੰ 30 ਸਾਲ ਦੀ ਉਮਰ ਤੱਕ ਜਾ ਕੇ ਵਿਆਹ ਕਰਾਉਣ ਦੇ ਰੁਝਾਨ ਨੂੰ ਰੋਕਣ ਵਾਸਤੇ ਆਖਿਆ ਹੈ। ਆਬਾਦੀ ਦੀ ਚਿੰਤਾ ਦੇ ਬਾਵਜੂਦ ਪੰਚਾਇਤ ਨੇ ਇਹ ਸੁਝਾਵ ਨਹੀਂ ਮੰਨਿਆ ਕੇ ਦੂਜੇ ਧਰਮਾਂ ਵਿਚ ਸ਼ਾਦੀ ਕਰਨ ਵਾਲੇ ਪਾਰਸੀਆਂ ਦੇ ਬੱਚਿਆਂ ਨੂੰ ਪਾਰਸੀ ਮੰਨ ਲਿਆ ਜਾਵੇ-ਅਨੁ:*)।

ਪਾਰਸੀਆਂ ਨੇ ਇਸ ਮੁਲਕ ਦੀ ਸਨਅਤੀ ਤੇ ਸਮਾਜੀ ਜ਼ਿੰਦਗੀ ਉਪਰ ਆਪਣਾ ਪ੍ਰਭਾਵ ਬਣਾਇਆ ਹੈ। ਇਹ ਭਾਰਤ ਦੀ ਸਭ ਤੋਂ ਅਮੀਰ ਕੌਮ ਹੈ ਅਤੇ ਸਿਰਫ਼ ਇਸੇ ਵਰਗ ਵਿਚ ਹੀ 100 ਪ੍ਰਤੀਸ਼ਤ ਆਬਾਦੀ ਪੜ੍ਹੀ ਲਿਖੀ ਹੈ। ਉਹ ਬਹੁਤ ਸਾਰੀ ਅਜਿਹੀ ਸਨਅਤ ਉਪਰ ਕਾਬਜ਼ ਹਨ ਜਿਹਨਾਂ ਨੂੰ ਅਧੁਨਿਕ ਤਰੀਕਿਆਂ ਨਾਲ ਚਲਾ ਰਹੇ ਹਨ। ਬਹੁਤ ਜਾਣੇ ਜਾਂਦੇ ਪਾਰਸੀ ਲੋਕ ਟਾਟਾ ਘਰਾਣੇ ਦੇ ਹਨ ਜੋ ਸਟੀਲ, ਆਟੋ ਮੋਬਾਈਲ, ਹਵਾਈ ਆਵਾਜਾਈ, ਟੈਕਸਟਾਈਲ, ਏਅਰ ਕੰਡੀਸ਼ਨਡ ਤੇ ਸਟੀਲ ਫਰਨੀਚਰ ਵਰਗੇ ਕਈ ਧੰਦਿਆਂ ਵਿਚ ਕਾਮਯਾਬੀ ਨਾਲ ਲੱਗੇ ਹੋਏ ਹਨ। ਪਾਰਸੀ ਦਾਨ-ਪੁੰਨ (Parsi Charities) ਬੰਬਈ ਦੇ ਕਈ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਆਰਟ ਗੈਲਰੀਆਂ ਨਾਲ ਜੁੜਿਆ ਹੋਇਆ ਹੈ।

ਪਾਰਸੀਆਂ ਦਾ ਧਾਰਮਿਕ ਅਕੀਦਾ 'ਜ਼ੋਰੋਆਸਟਰੀਅਨ' (zoroastrians) ਹੈ ਤੇ ਨਸਲ ਦੇ ਤੌਰ 'ਤੇ ਇਹ ਇਰਾਨੀਅਨ ਆਰੀਅਨ ਹਨ। 'ਪਾਰਸੀ' ਸ਼ਬਦ 'ਫਾਰਸੀ' ਤੋਂ ਨਿਕਲਿਆ ਹੈ ਜਿਸ ਨੂੰ (Persian) ਵੀ ਆਖਿਆ ਜਾਂਦਾ ਹੈ। ਇਹ ਇਰਾਨ ਤੋਂ ਉਹਨਾਂ ਵੱਖ ਵੱਖ ਸਮਿਆਂ ਵਿਚ ਨਿਕਲ ਕੇ ਦੌੜੇ ਜਦੋਂ ਮੁਸਲਮਾਨਾਂ ਵੱਲੋਂ ਗੈਰ

ਮੁਸਲਮਾਨਾਂ ਉਪਰ ਜ਼ੁਲਮ ਕੀਤੇ ਜਾਂਦੇ ਸਨ। ਸਤਾਰਵੀਂ ਸਦੀ ਦੇ ਸ਼ੁਰੂ ਤੱਕ ਹੀ ਗੁਜਰਾਤ ਦੇ ਸਮੁੰਦਰੀ ਕਿਨਾਰਿਆਂ ਉਪਰ ਕਾਫ਼ੀ ਗਿਣਤੀ ਵਿਚ ਪਾਰਸੀ ਪਹੁੰਚ ਚੁਕੇ ਸਨ। ਹਿੰਦੂ ਰਾਜਿਆਂ ਨੇ ਪਾਰਸੀਆਂ ਨੂੰ ਪਨਾਂਹ ਵੀ ਦਿੱਤੀ ਤੇ ਆਪਣੇ ਧਰਮ ਅਨੁਸਾਰ ਪੂਜਾ ਪਾਠ ਕਰਨ ਦੀ ਆਗਿਆ ਵੀ। ਇਸ ਦੇ ਇਵਜ਼ ਵਿਚ ਪਾਰਸੀਆਂ ਨੇ ਬਹੁਤ ਸਾਰੇ ਹਿੰਦੂ ਨਾਮ ਅਪਣਾ ਲਏ ਜਿਵੇਂ ਕਿ ਪਟੇਲ, ਡੇਸਾਈ, ਗਾਂਧੀ ਤੇ ਮਹਿਤਾ ਵਗੈਰਾ। ਇਹਨਾਂ ਨੇ ਗੁਜਰਾਤੀ ਨੂੰ ਹੀ ਆਪਣੀ ਭਾਸ਼ਾ ਤਸਲੀਮ ਕਰ ਲਿਆ। ਜਦੋਂ ਅੰਗਰੇਜ਼ ਆਏ ਤਾਂ ਪਾਰਸੀ ਗੁਜਰਾਤ ਦੇ ਪੇਂਡੂ ਇਲਾਕਿਆਂ ਵਿਚੋਂ ਨਿਕਲ ਕੇ ਬੰਬਈ ਸ਼ਹਿਰ ਵਿਚ ਵੱਸ ਗਏ ਤੇ ਆਪਣੇ ਆਪ ਨੂੰ ਯੂਰਪੀਨ ਕਲਚਰ ਵਿਚ ਰੰਗ ਲਿਆ। ਉਹਨਾਂ ਦੇ ਬਹੁਤ ਸਾਰੇ ਨਵੇਂ ਨਾਮ ਜਿਵੇਂ ਕਿ 'ਕਾਰਪੈਂਟਰ, ਕੌਨਟਰੈਕਟਰ, ਇੰਜੀਨੀਅਰ ਵਗੈਰਾ ਉਹਨਾਂ ਵੱਲੋਂ ਅੰਗਰੇਜ਼ੀ ਦੀ ਨੇੜਤਾ ਅਪਣਾਉਣ ਦਾ ਸਬੂਤ ਹਨ। ਬੇਸ਼ੱਕ ਕੁਝ ਪਾਰਸੀਆਂ ਨੇ ਭਾਰਤ ਦੀ ਆਜ਼ਾਦੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਲੋਕ ਇਹਨਾਂ ਦੀ ਅੰਗਰੇਜ਼ੀ ਰਾਜ ਦੀ ਹਿਮਾਇਤ ਦੀ ਨੀਤੀ ਤੇ ਇਰਾਨ ਨਾਲ ਨੇੜਤਾ ਰੱਖਣ ਨੂੰ ਕਦੇ ਮੁਆਫ਼ ਨਹੀਂ ਕਰ ਸਕੇ। ਆਜ਼ਾਦੀ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਪਾਰਸੀਆਂ ਦੇ ਨਾਮ ਦਾਦਾ ਭਾਈ ਨੈਰੋਜੀ, ਸ਼ਪੁਰਜੀ ਸਕਾਤਵਾਲਾ, ਝੱਬਵਾਲਾ ਤੇ ਨਿਰਮਾਨ ਵਗੈਰਾ ਹਨ। ਬਹੁਤ ਸਾਰੇ ਪਾਰਸੀ ਤਾਂ ਆਪਣੇ ਆਪ ਨੂੰ ਇਰਾਨੀਅਨ ਕਹਿੰਦੇ ਹਨ, ਭਾਰਤੀ ਨਹੀਂ।

ਜ਼ੋਰੋਆਸਟਰੀਅਨ ਮੱਤ ਦੁਨੀਆ ਦੇ ਸਭ ਤੋਂ ਪੁਰਾਣੇ ਧਰਮਾਂ ਵਿਚੋਂ ਇਕ ਹੈ। ਇਸ ਧਰਮ ਦਾ ਮੁਖੀ ਜ਼ੋਰਾਸਟਰ ਜਾਂ ਜ਼ਾਰਾਥੁਸਟਰਾ ਦਾ ਜਨਮ ਸਿੰਕਦਰ ਤੋਂ 300 ਸਾਲ ਪਹਿਲਾਂ ਦਾ ਗਿਣਿਆ ਜਾਂਦਾ ਹੈ। ਕੁਝ ਵਿਦਵਾਨ ਉਸ ਦਾ ਜਨਮ 1000 ਪੂਰਵ ਈਸਵੀ ਦਾ ਸਮਝਦੇ ਹਨ।

ਜ਼ਾਰਾਥੁਸਟਰਾ 'ਸਪੀਟਾਮਾ' ਨਸਲ ਨਾਲ ਸੰਬੰਧ ਰੱਖਦਾ ਸੀ ਤੇ ਉਹ ਆਪਣੇ ਪਿਤਾ ਇਕ ਪਹੁੰਚੇ ਹੋਏ ਵਿਦਵਾਨ 'ਪੌਰੁਸ਼ਾਸਪਾ' ਤੇ ਮਾਂ 'ਦੁਗਦੋਵਾ' ਦੀਆਂ ਪੰਜ ਸੰਤਾਨਾਂ ਵਿਚੋਂ ਤੀਸਰਾ ਪੁੱਤਰ ਸੀ। ਉਹ 15 ਸਾਲ ਦੀ ਉਮਰ ਵਿਚ ਹੀ ਘਰੋਂ ਨਿਕਲ ਗਿਆ ਤੇ ਦੂਰ ਦਰਾਜ ਘੁੰਮਦਾ ਭਗਤੀ ਕਰਦਾ ਰਿਹਾ। ਇਸ ਤਰ੍ਹਾਂ ਘੁੰਮਦਿਆਂ ਹੀ ਉਸ ਨੇ ਪਰਮਾਤਮਾ ਦੇ ਦੀਦਾਰ ਹਾਸਿਲ ਕੀਤੇ। ਉਸ ਨੇ ਬਾਕੀ ਦੀ ਜ਼ਿੰਦਗੀ ਪ੍ਰਚਾਰ ਕਰਨ ਵਿਚ ਗੁਜ਼ਾਰੀ। ਉਸ ਉਪਰ ਕਈ ਮੁਕਦਮੇ ਚਲਾਏ ਗਏ ਤੇ ਜਦੋਂ ਮੁਕਦਮਿਆਂ ਨਾਲ ਉਸ ਉਪਰ ਕੋਈ ਅਸਰ ਨਾ ਹੋਇਆ ਤਾਂ ਉਸ ਨੂੰ ਜੇਲ ਵਿਚ ਬੰਦ ਕਰ ਦਿੱਤਾ ਗਿਆ। ਉਹ ਆਪਣੇ ਬਣਾਏ ਹੋਏ ਮੰਦਿਰ ਦੀ ਹਿਫ਼ਾਜ਼ਤ ਕਰ ਰਿਹਾ ਸੀ ਜਦੋਂ 77 ਸਾਲ ਦੀ ਉਮਰ ਵਿਚ ਮਾਰ ਦਿੱਤਾ ਗਿਆ।

ਜ਼ੋਰੋਆਸਟਰ ਨੇ ਨਵੇਂ ਧਰਮ ਦਾ ਪ੍ਰਚਾਰ ਨਹੀਂ ਕੀਤਾ ਬਲਕਿ ਮਾਜ਼ਦਾ ਵਾਸਨੀ ਦੇ ਪੁਰਾਣੇ ਵਿਸ਼ਵਾਸ ਨੂੰ ਹੀ ਪੱਕਾ ਕੀਤਾ। ਇਹ ਇਕ ਪ੍ਰਮਾਤਮਾ ਦੀ ਹੋਂਦ ਵਿਚ ਯਕੀਨ ਦਾ ਨਾਮ ਹੈ। ਪ੍ਰਾਚੀਨ ਫਾਰਸੀ ਵਿਚ ਜੋਰੋਆਸਟਰ ਇਕ ਅਵਤਾਰ ਹੋਇਆ ਜੋ ਲੋਕਾਂ ਵਿਚੋਂ ਬੁਰਾਈਆਂ ਦੂਰ ਕਰਨ ਵਾਸਤੇ ਧਰਤੀ ਉਪਰ ਆਇਆ ਸੀ। ਉਸ ਨੇ ਲੋਕਾਂ ਨੂੰ ਰਾਕਸ਼ਾਂ (ਦਾਈਵਾ ਵਾਸਨੀ) ਦੀ ਪੂਜਾ ਕਰਨ ਤੋਂ ਰੋਕਿਆ।

ਜ਼ੋਰੋਆਸਟਰੀਅਨ ਦੇ ਵਿਸ਼ਵਾਸ ਅਨੁਸਾਰ 'ਅਹੂਰਾ ਮਜ਼ਦਾ" ਸਭ ਤੋ ਸਿਆਣਾ ਤੇ ਚੰਗਾ ਰੱਬ ਹੋਇਆ ਹੈ ਤੇ 'ਆਂਗਰਾ ਮੈਨਯੂ' ਸਭ ਤੋਂ ਬੁਰੀ ਆਤਮਾ ਹੈ। ਜੋਰੋਆਸਟਰੀਅਨ ਸ਼ਲੋਕ ਸਭ ਤੋਂ ਪੁਰਾਣੀਆਂ ਲਿਖਤਾਂ ਵਿਚੋਂ ਹਨ।

ਇਸ ਮੱਤ ਦੇ ਅਨੁਸਾਰ ਅਗਨੀ ਅਹੂਰਾ ਮਜ਼ਦਾ ਦੇ ਪੁੱਤਰ ਦਾ ਰੂਪ ਹੈ। ਸਾਰੇ ਜ਼ੋਰੋਆਸਟਰੀਅਨ ਮੰਦਰਾਂ ਵਿਚ ਇਕ ਲਾਟ ਹਮੇਸ਼ਾ ਜਗਦੀ ਰਹਿੰਦੀ ਹੈ। ਇਹ ਲੋਕ ਪਾਣੀ ਤੇ ਧਰਤੀ ਨੂੰ ਪਵਿਤਰ ਮੰਨਦੇ ਹਨ ਤੇ ਇਸ ਨੂੰ ਗੰਦਾ ਕਰਨਾ ਪਾਪ ਤਸੱਵਰ ਕੀਤਾ ਜਾਂਦਾ ਹੈ। ਇਸ ਮੱਤ ਦੀਆਂ ਕਥਾਵਾਂ ਅਨੁਸਾਰ ਕਿਸੇ ਨੇ ਰੱਬ ਨੂੰ ਪੁੱਛਿਆ ਕਿ ਧਰਮ ਨੂੰ ਕਿਸ ਤਰ੍ਹਾਂ ਫੈਲਾਇਆ ਜਾਵੇ ਤਾਂ ਉਸ ਨੇ ਕਿਹਾ ਕਿ ਲਗਾਤਾਰ ਆਨਾਜ ਉਗਾ ਕੇ ਤੇ ਚੰਗੇ ਕੰਮ ਕਰਦਿਆਂ ਰਹਿ ਕੇ।

ਜ਼ੋਰੋਆਸਟਰੀਅਨ ਦਾ ਤਪੱਸਿਆ ਤੇ ਜਤੀਸਤੀ ਹੋਣ ਵਿਚ ਵਿਸ਼ਵਾਸ ਨਹੀ। ਇਹਨਾਂ ਦੇ ਧਾਰਮਿਕ ਵਿਸ਼ਵਾਸ ਦਾ ਨਿਚੋੜ ਇਕੋ ਸ਼ਲੋਕ ਵਿਚ ਹੈ ਜਿਹੜਾ ਇਹ ਹਰ ਸੁਬ੍ਹਾ ਤਿੰਨ ਵਾਰ ਜੱਪਦੇ ਹਨ। ਉਹ ਹੈ, 'ਵਿਸਾਪਾ ਹੁਮਾਂਤਾ, ਵਿਸਾਪਾ ਹੁਖ਼ਤਾ, ਵਿਸਾਪਾ ਅਵਰਸ਼ਤਾ' ਭਾਵ ਕਿ ਇਕ ਆਦਮੀ ਦੇ ਚੰਗੇ ਵਿਚਾਰ, ਚੰਗੇ ਸ਼ਬਦ ਦੇ ਚੰਗੇ ਕੰਮ ਹੀ ਉਸ ਨੂੰ ਸਵਰਗ ਦਾ ਰਾਹ ਦੱਸ ਸਕਦੇ ਹਨ। ਉਸ ਦੇ ਬੁਰੇ ਵਿਚਾਰ ਤੇ ਬੁਰੇ ਸ਼ਬਦ ਉਸ ਨੂੰ ਨਰਕ ਵਿਚ ਲੈ ਜਾਣਗੇ।

ਪਾਰਸੀਆਂ ਨੇ ਬਹੁਤ ਸਾਰੇ ਰਸਮੋ ਰਿਵਾਜ ਹਿੰਦੂਆਂ ਤੋਂ ਵੀ ਲਏ ਹਨ। ਸੱਤ ਸਾਲ ਦੀ ਉਮਰ ਵਿਚ ਹਰ ਪਾਰਸੀ ਬੱਚਾ ਚਾਹੇ ਲੜਕਾ ਹੋਵੇ ਜਾਂ ਲੜਕੀ 'ਨਵਜੋਤ' ਹਾਸਿਲ ਕਰਦਾ ਹੈ। ਉਸ ਨੂੰ ਪਵਿਤਰ ਕਮੀਜ਼ 'ਸੁੱਦਰਾਹ' ਤੇ ਪਵਿਤਰ ਧਾਗਾ 'ਕੁਸਤੀ' ਪਹਿਨਾਏ ਜਾਂਦੇ ਹਨ। ਪਾਰਸੀਆਂ ਦੀਆਂ ਸ਼ਾਦੀਆਂ ਇਕ ਸਮਝੌਤਾ ਹੁੰਦੀਆਂ ਹਨ, ਬੰਧਨ ਨਹੀਂ। ਉਹ ਇਕ ਵਕਤ ਇਕੋ ਵਿਆਹ ਰੱਖਦੇ ਹਨ ਪਰ ਤਲਾਕ ਦੀ ਆਗਿਆ ਹੁੰਦੀ ਹੈ। ਕਿਉਂਕਿ ਜ਼ੋਰੋਆਸਟਰ ਨੇ ਅਗਨੀ, ਪਾਣੀ ਤੇ ਧਰਤੀ ਨੂੰ ਪਵਿੱਤਰ ਮੰਨਿਆ ਹੈ ਇਸ ਵਾਸਤੇ ਪਾਰਸੀ ਮਰਨ ਵਾਲਿਆਂ ਦੇ ਸਰੀਰਾਂ ਨੂੰ ਇਕ ਖਾਸ ਤੌਰ 'ਤੇ ਬਣਾਏ ਗਏ ਟਾਵਰ ਉਪਰ ਧੁੱਪ ਦੇ ਸਾਹਮਣੇ ਰੱਖ ਦੇਂਦੇ ਹਨ ਜਿੱਥੇ ਮਾਸ ਖਾਣੇ ਪੰਛੀ ਉਹਨਾਂ ਨੂੰ ਖਾ ਕੇ ਸਫ਼ਾਈ ਕਰ ਦੇਂਦੇ ਹਨ। ਇਹਨਾਂ ਨੂੰ ਸ਼ਾਂਤੀ ਦੇ ਟਿੱਲੇ (Towers of Silence) ਆਖਿਆ ਜਾਂਦਾ ਹੈ। ਹੁਣ ਵੱਡੇ ਸ਼ਹਿਰਾਂ ਵਿਚ ਜਿੱਥੇ ਅਜਿਹੇ ਟਾਵਰ ਨਹੀਂ ਬਣਾਏ ਜਾ ਸਕਦੇ, ਪਾਰਸੀ ਮਰਨ ਵਾਲਿਆਂ ਨੂੰ ਦਫ਼ਨਾ ਦੇਂਦੇ ਹਨ।

ਚੈਪਟਰ 10

ਹਿੰਦੂ ਯੁੱਗ
(The Hindu Period)

ਜ਼ਿਆਦਾਤਰ ਪਾਠ ਪੁਸਤਕਾਂ ਵਿਚ ਭਾਰਤ ਦੇ ਇਤਿਹਾਸ ਨੂੰ ਚਾਰ ਯੁਗਾਂ ਵਿਚ ਵੰਡਿਆ ਗਿਆ ਹੈ। ਇਹ ਹਨ ਹਿੰਦੂ ਯੁੱਗ, ਮੁਸਲਿਮ ਯੁੱਗ, ਅੰਗਰੇਜ਼ੀ ਰਾਜ ਤੇ ਆਜ਼ਾਦੀ ਤੋਂ ਬਾਅਦ ਦਾ ਭਾਰਤ। ਇਹਨਾਂ ਯੁੱਗਾਂ ਦੀ ਕੋਈ ਪੱਕੀ ਤਾਰੀਖ ਸ਼ੁਰੂ ਹੋਣ ਦੀ ਨਹੀਂ ਤੇ ਨਾ ਹੀ ਖ਼ਤਮ ਹੋਣ ਦੀ ਹੈ। ਨਾ ਹੀ ਹਿੰਦੂ ਯੁੱਗ, ਮੁਸਲਿਮ ਯੁੱਗ ਜਾਂ ਅੰਗਰੇਜ਼ੀ ਰਾਜ ਦਾ ਯੁੱਗ ਕਹੇ ਜਾਣ ਦੀ ਕੋਈ ਠੋਸ ਦਲੀਲ ਹੈ। ਹਾਂ ਇਹ ਸਿਰਫ਼ ਸਾਡੀ ਸੁਵਿਧਾ ਦੀ ਦਲੀਲ ਜਾਂ ਅਜਿਹਾ ਰਿਵਾਜ ਹੀ ਪੈ ਗਿਆ ਸਮਝਿਆ ਜਾਵੇ। ਅਸੀਂ ਵੀ ਇਥੇ ਪੱਕੀਆਂ ਤਰੀਕਾਂ ਤੇ ਯੁੱਗਾਂ ਦੀ ਪ੍ਰੀਭਾਸ਼ਾਵਾਂ ਨੂੰ ਨਜ਼ਰ ਅੰਦਾਜ਼ ਕਰਕੇ ਸਹੂਲਤ ਨਾਲ ਬਣਾਈ ਯੁਗ-ਬੰਦੀ ਦੀ ਵਰਤੋ ਹੀ ਕਰਾਂਗੇ।

ਵਿਗਿਆਨੀਆਂ ਨੇ ਭਾਰਤ ਵਿਚ ਇਨਸਾਨੀ ਆਬਾਦੀ ਦੀ ਸ਼ੁਰੂਆਤ ਕੋਈ ਚਾਰ ਲੱਖ ਸਾਲ ਪਹਿਲਾਂ ਦੀ ਗਿਣੀ ਹੈ। ਬੰਦੇ ਦਾ ਆਪਣੀ ਮੁਢਲੀ ਸੂਰਤ ਤੋਂ ਅਗਲਾ ਵਿਕਾਸ ਬਹੁਤ ਲੰਬਾ ਤੇ ਤਕਲੀਫ਼ਾਂ ਭਰਿਆ ਰਿਹਾ ਹੈ। ਇਹ ਸਾਰਾ ਕੁਝ ਅਸੀਂ ਅਜਾਇਬ ਘਰਾਂ ਵਿਚ ਪਈਆਂ ਹੱਡੀਆਂ ਤੇ ਸ਼ਿਕਾਰ ਦੇ ਹਥਿਆਰਾਂ ਤੋਂ ਵੇਖਦੇ ਰਹਿੰਦੇ ਹਾਂ। ਇਸ ਨੂੰ ਇਤਿਹਾਸ ਤੋਂ ਪਹਿਲਾਂ ਦਾ ਯੁੱਗ ਕਿਹਾ ਜਾਂਦਾ ਹੈ ਜਾਂ ਉਸ ਇਤਿਹਾਸ ਦਾ ਯੁੱਗ ਜਿਸ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ।

ਭਾਰਤ ਦੀ ਮੁਢਲੀ ਸਭਿਅਤਾ ਦੀ ਖੋਜ ਦੀ ਵੀ ਇਕ ਦਿਲਚਸਪ ਕਹਾਣੀ ਹੈ। ਉਨੀਂਵੀਂ ਸਦੀ ਦੇ ਅੱਧ ਵਿਚ ਅੰਗਰੇਜ਼ਾਂ ਨੇ ਕਰਾਚੀ ਦੀ ਬੰਦਰਗਾਹ ਤੋਂ ਪੰਜਾਬ ਦੇ ਮੈਦਾਨਾਂ ਤੱਕ ਰੇਲਵੇ ਲਾਈਨ ਬਣਾਉਣ ਦੀ ਸੋਚੀ। ਰੇਗਿਸਤਾਨੀ ਇਲਾਕੇ ਵਿਚ ਮਜ਼ਬੂਤ ਪਟੜੀ ਵਿਛਾਉਣ ਵਾਸਤੇ ਪੱਥਰਾਂ ਤੇ ਇੱਟਾਂ ਦੀ ਜ਼ਰੂਰਤ ਸੀ। ਇਟਾਂ ਦੀ ਸਪਲਾਈ ਵਾਸਤੇ ਇਸ ਇਲਾਕੇ ਦੇ ਰਹਿਣ ਵਾਲੇ ਦੋ ਭਰਾਵਾਂ ਨੇ ਠੇਕਾ ਲੈ ਲਿਆ। ਉਹਨਾਂ ਨੂੰ ਪਤਾ ਸੀ ਕਿ ਧੁੱਪ ਵਿਚ ਪੱਕਾਈਆਂ ਗਈਆਂ ਮਜ਼ਬੂਤ ਇੱਟਾਂ ਦਾ ਇਕ ਵੱਡਾ ਭੰਡਾਰ ਰੇਤਾ ਵਿਚ ਦੱਬਿਆ ਪਿਆ ਸੀ। ਭੱਠਾ ਲਗਾਉਣ ਦੀ ਬਜਾਏ ਉਹਨਾਂ ਨੇ ਭਾਰੀ ਮੁਨਾਫ਼ਾ ਕਮਾਉਣ ਵਾਸਤੇ ਓਥੋਂ ਇੱਟਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੱਲ ਦਾ ਪਤਾ ਬਾਅਦ ਵਿਚ ਲੱਗਾ ਕਿ ਇਹ ਇੱਟਾਂ 4,000 ਸਾਲ ਪਹਿਲਾਂ ਪੱਕਾਈਆਂ ਗਈਆਂ ਸਨ।

1920 ਵਿਚ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਨੇ ਇਸ ਕਹਾਣੀ ਉਪਰ ਗੌਰ ਕੀਤਾ। ਨਤੀਜੇ ਵਜੋਂ ਧਰਤ ਵਿਚ ਦੱਬੇ ਹੋਏ ਦੋ ਵੱਡੇ ਸ਼ਹਿਰ ਲੱਭੇ। ਇਕ ਸਿੰਧ ਦੇ ਕਿਨਾਰੇ 'ਮਹਿੰਜਾਧਾੜੋ' ਸੀ ਜਿਸ ਦਾ ਅਰਥ ਹੁੰਦਾ ਹੈ ਮੁਰਦਿਆਂ ਦਾ ਢੇਰ ਤੇ ਦੂਜਾ ਓਥੋਂ

400 ਮੀਲ ਦੂਰੀ ਦੀ ਵਿੱਥ ਉਪਰ ਰਾਵੀ ਦੇ ਕਿਨਾਰੇ ਦੇ ਨਜ਼ਦੀਕ। ਇਸ ਦਾ ਨਾਮ 'ਹੜੱਪਾ' ਸੀ। ਇਸ ਤੋਂ ਪੰਜਾਬ ਤੇ ਕੁਝ ਹੋਰ ਥਾਵਾਂ ਉਪਰ ਵੀ ਖੁਦਾਈਆਂ ਸ਼ੁਰੂ ਹੋ ਗਈਆਂ। ਇਹਨਾਂ ਸਭ ਖੋਜਾਂ ਦਾ ਅੰਤ 'ਸਿੰਧ ਘਾਟੀ ਦੀ ਸਭਿਅਤਾ' (Indus Valley Civilisation) ਦੀ ਖੋਜ ਵਿਚ ਨਿਕਲਿਆ ਜੋ ਸੰਸਾਰ ਦੀਆਂ ਮੁੱਖ ਸਭਿਅਤਾਵਾਂ ਵਿਚੋਂ ਇਕ ਸੀ।

ਸਿੰਧ ਘਾਟੀ ਦੀ ਸਭਿਅਤਾ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਇਸ ਦੀ ਜਾਣਕਾਰੀ ਪੁਰਾਣੇ ਮਿੱਟੀ ਦੇ ਬਰਤਨਾਂ, ਊਨੀ ਤੇ ਖੱਦਰ ਦੇ ਕੱਪੜੇ, ਖੱਲਾਂ ਤੇ ਰਾਜੇ ਮਹਾਰਾਜਿਆਂ ਦੀਆਂ ਮੋਹਰਾਂ ਤੋਂ ਲੱਗਦਾ ਹੈ ਜੋ ਭਾਰਤ ਤੇ ਪਾਕਿਸਤਾਨ ਦੇ ਕਈ ਅਜਾਇਬ ਘਰਾਂ (museums) ਵਿਚ ਪਿਆ ਹੈ। ਮਹਿੰਜਾਦਾੜੋ ਤੇ ਹੜੱਪਾ ਦੀ ਖੁਦਾਈ ਤੋਂ ਪਤਾ ਲੱਗਦਾ ਹੈ ਕਿ ਓਦੋਂ ਵੀ ਚੌੜੀਆਂ ਸੜਕਾਂ, ਗੁਸਲਖਾਨਿਆਂ ਤੇ ਪਾਣੀ ਦੇ ਨਿਕਾਸ ਦੇ ਪ੍ਰਬੰਧ ਕੀਤੇ ਗਏ ਸਨ।

ਕੋਈ 3000 ਤੋਂ 1500 ਈਸਾ ਪੂਰਵ ਦੇ ਸਮੇਂ ਵਿਚ ਆਰੀਅਨ ਆਏ। ਇਹ ਕਾਕੇਸ਼ੀਆ ਦੇ ਪਿੰਡਾਂ ਵਿਚ ਰਹਿੰਦੇ ਸਨ। ਇਹਨਾਂ ਦਾ ਇਕ ਚੁਣਿਆ ਹੋਇਆ ਰਾਜਾ ਹੁੰਦਾ ਸੀ ਤੇ ਉਸ ਨੂੰ ਸਲਾਹ ਦੇਣ ਵਾਸਤੇ ਸਮਿਤੀ ਬਣਾਈ ਜਾਂਦੀ ਸੀ। ਇਹ ਲੋਕ ਘੋੜਿਆਂ ਅਤੇ ਰੱਥਾਂ 'ਤੇ ਸਵਾਰ ਹੋ ਕੇ ਆਏ। ਆਰੀਅਨ ਆਪਣੇ ਨਾਲ ਇਕ ਨਵੀਂ ਭਾਸ਼ਾ ਸੰਸਕ੍ਰਿਤ ਲੈ ਕੇ ਆਏ। ਵੇਦ, ਉਪਨਿਸ਼ਦ ਤੇ ਗੀਤਾ ਉਹਨਾਂ ਦੀਆਂ ਧਾਰਮਿਕ ਲਿਖਤਾਂ ਦੀਆਂ ਉਦਾਹਰਣਾਂ ਹਨ। ਆਰੀਅਨ ਨਾਟਕ ਤੇ ਕਵਿਤਾਵਾਂ ਲਿਖਣ ਵਿਚ ਵੀ ਅੱਗੇ ਸਨ।

800 ਈਸਾ ਪੂਰਵ ਵਿਚ ਆਰੀਆ ਲੋਕਾਂ ਨੇ ਲੋਹਾ ਪਿਘਲਾਉਣਾ ਸਿੱਖਿਆ ਜਿਸ ਨਾਲ ਹਲ, ਹੋਰ ਔਜ਼ਾਰ, ਤਲਵਾਰਾਂ, ਬਰਛੇ ਤੇ ਕਈ ਕਿਸਮ ਦੇ ਲੜਾਈ ਦੇ ਹਥਿਆਰ ਵੀ ਬਣਾਏ ਜਾਣ ਲੱਗੇ। ਇਹਨਾਂ ਵਿਕਸਿਤ ਹਥਿਆਰਾਂ ਦੀ ਮਦਦ ਨਾਲ ਉਹ ਭਾਰਤ ਅੰਦਰ ਹੋਰ ਅੱਗੇ ਪੂਰਬ ਤੇ ਦੱਖਣ ਵੱਲ ਵਧਣ ਲੱਗੇ। ਹੋ ਸਕਦਾ ਹੈ ਕਿ ਪੂਰਬ ਵੱਲ ਵਧਣ ਦਾ ਵੱਡਾ ਕਾਰਣ ਬਿਹਾਰ ਵਿਚ ਮਿਲ ਰਹੀਆਂ ਲੋਹੇ ਦੀਆਂ ਖਾਨਾਂ ਤੇ ਦਰਿਆਵਾਂ ਦੇ ਪਾਣੀਆਂ ਰਾਹੀਂ ਆਵਾਜਾਈ ਦੀਆਂ ਸੰਭਾਵਨਾਵਾਂ ਸਨ। ਸਮੁੰਦਰ ਦੇ ਕਿਨਾਰੇ ਦੀ ਖਿੱਚ ਵੀ ਹੋ ਸਕਦੀ ਸੀ।

ਹੁਣ ਆਰੀਆ ਦੀ ਆਬਾਦੀ ਦੇ ਕੇਂਦਰ ਪੰਜਾਬ ਦੀ ਬਜਾਏ ਪੂਰਬ ਵੱਲ ਨੂੰ ਵਰਤਮਾਨ ਉੱਤਰ ਪ੍ਰਦੇਸ਼, ਬਿਹਾਰ ਤੇ ਉੜੀਸਾ ਵੱਲ ਹੋ ਗਏ। ਕਈ ਨਵੇਂ ਸ਼ਹਿਰ ਜਿਵੇ ਕਿ 'ਇੰਦਰਪ੍ਰਸਥ', ਵਰਤਮਾਨ ਦਿੱਲੀ, ਹਸਤਨਾਪੁਰ, ਅਯੁਧਿਆ, ਕਾਸ਼ੀ ਜਾਂ ਬਨਾਰਸ, ਪਾਟਲੀਪੁਤਰ ਯਾਨੀ ਪਟਨਾ ਹੋਂਦ ਵਿਚ ਆਏ। ਪੂਰਬ ਵੱਲ ਖਿਸਕਣ ਨਾਲ ਆਰੀਆ ਲੋਕਾਂ ਦੇ ਬ੍ਰਾਹਮਣੀ ਹਿੰਦੂਵਾਦ ਨੂੰ ਜੈਨ ਮਤ ਤੇ ਬੁੱਧ ਮੱਤ ਦਾ ਵਿਰੋਧ ਸਹੇੜਨਾ ਪਿਆ ਜਿਹਨਾਂ ਦਾ ਆਧਾਰ ਵੀ ਪੂਰਬ ਵਿਚ ਹੀ ਸੀ। ਇਕ ਵਕਤ ਆਪਣੇ ਪੂਰਬ ਤੇ ਦੱਖਣ ਵੱਲ ਵਧਣ ਦੀ ਲਾਲਸਾ ਨਾਲ ਆਰੀਅਨ ਲੋਕਾਂ ਨੇ ਪਿਛਲੇ ਇਲਾਕੇ ਦੀ ਸੁਰੱਖਿਆ ਨਜ਼ਰ ਅੰਦਾਜ਼ ਕਰ ਦਿੱਤੀ ਤੇ ਉੱਤਰ-ਪੱਛਮ ਵੱਲੋਂ ਨਵੇਂ ਹਮਲਾਵਰਾਂ ਦੇ ਆਉਣ ਦਾ ਰਸਤਾ ਬਣ ਗਿਆ।

ਫ਼ਾਰਸ ਦੇ ਲੋਕ (The Persians)

ਇਸ ਕਮਜ਼ੋਰ ਸਰਹੱਦੀ ਹਾਲਾਤ ਦਾ ਫਾਇਦਾ ਉਠਾਉਣ ਵਾਲੇ ਪਹਿਲੇ ਲੋਕ ਫਾਰਸ ਦੀ ਖਾੜੀ ਤੋਂ ਆਏ। ਪਹਿਲਾਂ 'ਸਾਈਰੱਸ' ਤੇ ਫਿਰ 'ਦੇਰੀਅਸ' ਦੀ ਕਮਾਨ ਹੇਠ ਪਰਸ਼ੀਅਨ ਲੋਕਾਂ ਨੇ ਸਿੰਧ ਦੀ ਘਾਟੀ ਉਪਰ ਕਬਜ਼ਾ ਕਰ ਲਿਆ। ਦੇਰੀਅਸ ਨੇ ਆਪਣੀ ਫੌਜ ਵਿਚ ਪੰਜਾਬੀ ਸਿਪਾਹੀ ਭਰਤੀ ਕੀਤੇ ਤੇ ਉਹਨਾਂ ਨੂੰ ਲੈ ਕੇ 479 ਈਸਾ ਪੂਰਵ ਗਰੀਸ ਉਪਰ ਹਮਲਾ ਕਰ ਦਿੱਤਾ।

ਬੇਸ਼ੱਕ ਫਾਰਸ ਵਾਲਿਆਂ ਦਾ ਹਮਲਾ ਤੇ ਕਬਜ਼ਾ ਥੋੜ ਚਿਰਾ ਰਿਹਾ, ਉਹਨਾਂ ਦੀ ਆਮਦ ਦਾ ਇਥੋਂ ਦੇ ਧਾਰਮਿਕ, ਸਮਾਜਕ ਤੇ ਪ੍ਰਸ਼ਾਸਨਕ ਖੇਤਰਾਂ ਵਿਚ ਭਾਰੀ ਪ੍ਰਭਾਵ ਬਣਿਆ। ਹਿੰਦੂਆਂ ਵਿਚ ਸੂਰਜ ਦੀ ਪੂਜਾ ਇਹਨਾਂ ਕਰਕੇ ਸ਼ੁਰੂ ਹੋਈ। ਆਪਣੇ ਧਰਮ ਦਾ ਪ੍ਰਚਾਰ ਕਰਨ ਵਾਸਤੇ ਥੰਮਾਂ (Pillers) ਦਾ ਪ੍ਰਯੋਗ ਵੀ ਇਹਨਾਂ ਤੋਂ ਸਿੱਖਿਆ। ਵੱਡੀ ਗੱਲ ਇਹ ਕਿ ਆਰੀਅਨ ਹਾਕਮਾਂ ਵੱਲੋਂ ਆਪਣੀ ਤਾਕਤ ਬਣਾਉਣ ਵਾਸਤੇ ਦੈਵੀ ਅਧਿਕਾਰਾਂ ਦੇ ਪ੍ਰਯੋਗ ਦਾ ਤਰੀਕਾ ਵੀ ਓਦੋਂ ਹੀ ਸਾਹਮਣੇ ਆਇਆ।

ਅਗਲੇ ਵਿਦੇਸ਼ੀ ਹਮਲਾਵਰ ਯੂਨਾਨੀ (Greek) ਸਨ। ਮੈਸੇਡੋਨੀਆ ਦੇ ਸਿਕੰਦਰ (Alexander of Macedonia) ਨੇ 331 ਈਸਵੀ ਵਿਚ ਦੇਰੀਅਸ ਤੀਸਰੇ ਨੂੰ ਹਰਾ ਦਿੱਤਾ ਤੇ 328-327 ਈਸਾ ਪੂਰਵ ਨੂੰ ਭਾਰਤ ਵਿਚ ਦਾਖਲ ਹੋ ਗਿਆ। ਟੈਕਸਲਾ ਵਿਚ ਇਸ ਦਾ ਸੁਆਗਤ ਕੀਤਾ ਤੇ ਵੱਡੀ ਦਾਅਵਤ ਦਿੱਤੀ। ਹਮਲਾਵਰ ਮਹਿਮਾਨਾਂ ਦੀ ਸੇਵਾ ਵਾਸਤੇ ਕਈ ਹਜ਼ਾਰ ਵੱਛੜੇ ਝਟਕਾ ਦਿੱਤੇ। ਸਿਕੰਦਰ ਮੁਲਕ ਦੇ ਅੰਦਰ ਤੱਕ ਗਿਆ ਤੇ ਬਿਆਸ ਦਰਿਆ ਉਪਰ ਰਾਜਾ ਪੋਰਸ ਨੂੰ ਹਾਰ ਦਿੱਤੀ। ਉਸ ਦੀ ਬਹੁਤ ਵੱਡੀ ਫੌਜ ਵਿਚ ਲੜਾਈ ਦੀ ਸਿੱਖਿਆ ਪ੍ਰਾਪਤ ਹਾਥੀਆਂ ਦੀ ਵੀ ਤਕੜੀ ਗਿਣਤੀ ਸੀ।

ਸਿਕਦਰ ਪੰਜਾਬ ਅੰਦਰ ਹੋਰ ਇਲਾਕਿਆਂ ਤੱਕ ਨਹੀਂ ਪਹੁੰਚ ਸਕਿਆ। ਉਹ ਸਿੰਧ ਦੇ ਨਾਲ ਨਾਲ ਅੱਗੇ ਗਿਆ ਪਰ ਫਿਰ ਮਰਨ ਵਾਸਤੇ ਵਾਪਸ ਆਪਣੇ ਮੁਲਕ ਆ ਗਿਆ। ਸਿਕੰਦਰ ਦਾ ਹਮਲਾ ਵੀ ਬੱਸ ਆਇਆ ਤੇ ਗਿਆ ਸੀ ਪਰ ਇਹ ਆਪਣੇ ਪਿੱਛੇ ਬਹੁਤ ਸਾਰੀਆਂ ਗਰੀਕ ਬਸਤੀਆਂ ਛੱਡ ਗਿਆ ਜਿਸ ਦੇ ਵਸਨੀਕ ਭਾਰਤੀ ਤਰਜ਼ ਦੇ ਹੁਨਰ ਤੇ ਮੂਰਤੀਸਾਜ਼ੀ ਦਾ ਕੰਮ ਸਿੱਖਣ ਲੱਗ ਪਏ।

ਗਰੀਕ ਲੇਖਕਾਂ ਨੇ ਭਾਰਤ ਵਿਚਲੇ ਆਪਣੇ ਅਨੁਭਵ ਲਿਖਦਿਆਂ ਦੱਸਿਆ ਕਿ ਉਥੇ ਵਿਆਹਾਂ ਵਾਸਤੇ ਗਰੀਬ ਲੋਕ ਆਪਣੀਆਂ ਧੀਆਂ ਨੂੰ ਵੇਚਦੇ ਸਨ ਤੇ ਪਤੀ ਦੇ ਮਰਨ ਤੋਂ ਬਾਅਦ ਪਤਨੀ ਉਸੇ ਚਿਤਾ ਵਿਚ ਆਪਣੇ ਆਪ ਨੂੰ ਜਲਾ ਲੈਂਦੀ ਹੈ, ਯਾਨੀ ਕਿ 'ਸਤੀ' ਦੀ ਰਸਮ ਕਿਧਰੇ ਇਤਨੀ ਪੁਰਾਣੀ ਵੀ ਸੀ।

ਮੌਰੀਆ ਵੰਸ਼ (The Mauryas)

ਭਾਰਤੀਆਂ ਨੇ ਯੂਨਾਨੀ ਹਮਲੇ ਬਾਰੇ ਆਪਣੇ ਪ੍ਰਤੀਕਰਮ ਵਿਚ ਦੇਰ ਨਹੀਂ ਲਗਾਈ। ਮਗਦ (ਵਰਤਮਾਨ ਬਿਹਾਰ) ਦੇ ਮੌਰਿਆ ਦੀ ਅਗਵਾਈ ਵਿਚ ਇਕ ਤਾਕਤਵਰ ਫੌਜ ਚੰਦਰਗੁਪਤ ਦੀ ਕਮਾਨ ਹੇਠ ਹਮਲਾਵਰਾਂ ਨੂੰ ਖਦੇੜਨ ਲਈ ਪਹੁੰਚੀ।

ਚੰਦਰਗੁਪਤ ਦਾ ਨਾਮ ਭਾਰਤ ਦੇ ਬਹੁਤ ਜਾਣੇ ਜਾਂਦੇ ਰਾਜਿਆਂ ਵਿਚੋਂ ਹੈ। ਉਸ ਨੇ 305 ਈਸਵੀ ਪੂਰਵ ਵਿਚ ਯੂਨਾਨੀ ਜਨਰਲ 'ਸੇਲੁਕਸ ਨਿਕਾਤਾਰ' ਨੂੰ ਹਰਾਇਆ ਤੇ ਆਪਣਾ ਰਾਜ ਸਾਰੇ ਗੰਗਾ ਦੇ ਮੈਦਾਨ ਉਪਰ ਜਮਾ ਲਿਆ। ਉਸ ਨੇ ਪੂਰਬ ਵਿਚ ਬੰਗਾਲ ਤੋਂ ਲੈ ਕੇ ਪੱਛਮ ਵਿਚ ਅਫ਼ਗਾਨਿਸਤਾਨ ਦੇ ਧੁਰ ਅੰਦਰ ਤੱਕ ਆਪਣਾ ਕਬਜ਼ਾ ਪੱਕਾ ਕਰ ਲਿਆ। ਇਸ ਲੜਾਈ ਤੇ ਇਸ ਤਰ੍ਹਾਂ ਕਬਜ਼ਾ ਕਰਨ ਬਾਰੇ ਯੂਨਾਨੀ ਜਨਰਲ 'ਸੇਲੁਕਸ ਨਿਕਾਤਾਰ' ਦੇ ਮੌਰੀਅਨ ਦਰਬਾਰ ਅੰਦਰਲੇ ਦੂਤ 'ਮੈਗਾਸਥੀਨਜ਼' ਨੇ ਵਿਸਥਾਰ ਨਾਲ ਲਿਖਿਆ।

ਮੈਗਾਸਥੀਨਜ਼ ਦੀ ਮੁਢਲੀ ਲਿਖਤ ਗਵਾਚ ਚੁਕੀ ਹੈ। ਉਸ ਨੇ ਸਭ ਤੋਂ ਪਹਿਲਾਂ ਭਾਰਤ ਦੀ ਉਸ ਵੇਲੇ ਦੀ ਸਭਿਅਤਾ ਦਾ ਮਿਆਰ ਲਿਖਿਆ ਜੋ ਉਸ ਅਨੁਸਾਰ ਕਾਫ਼ੀ ਉੱਚਾ ਸੀ। ਭਾਰਤੀਆਂ ਨੂੰ ਇਮਾਨਦਾਰ ਤੇ ਚੰਗੇ ਇਖ਼ਲਾਕ ਵਾਲੇ ਦਰਸਾਇਆ ਹੈ। ਉਸ ਨੇ ਲਿਖਿਆ ਕਿ ਇਥੇ ਕੋਈ ਗੁਲਾਮ ਪ੍ਰਥਾ ਨਹੀਂ ਹੈ, ਲੋਕਾਂ ਵਿਚ ਅਮਨ ਅਮਾਨ ਹੈ ਤੇ ਦਸਤਕਾਰੀ ਵੀ ਵਧ ਫੁੱਲ ਰਹੀ ਹੈ ਤੇ ਔਰਤਾਂ ਦਾ ਸਨਮਾਨ ਹੈ। ਉਸ ਨੇ ਭਾਰਤ ਦੇ ਕਈ ਵਰਗਾਂ ਦਾ ਜ਼ਿਕਰ ਕੀਤਾ ਜਿਵੇਂ ਕਿ ਵਿਦਵਾਨ, ਖੇਤੀਕਾਰ, ਪਸ਼ੂਪਾਲਕ, ਸ਼ਿਕਾਰੀ, ਵਪਾਰੀ ਤੇ ਰਾਜੇ ਦੀ ਪੁਲਿਸ ਦੇ ਸਿਪਾਹੀ ਵਗੈਰਾ।

ਚੰਦਰਗੁਪਤ ਮੋਰੀਆ ਦਾ 24 ਸਾਲਾ ਰਾਜ ਸਰਕਾਰ ਚਲਾਉਣ ਦੇ ਹੁਨਰ ਦੇ ਮਾਮਲੇ ਵਿਚ ਉਸ ਦੇ ਮੰਤਰੀ ਕੌਟੱਲਿਆ ਚਾਨਕੀਆ (321-296 ਈਸਾ ਪੂਰਵ) ਵੱਲੋ ਲਿਖਿਆ ਗਿਆ ਅਰਥਸ਼ਾਸਤਰਾ ਕਰਕੇ ਪ੍ਰਸਿੱਧ ਹੈ। ਬੇਸ਼ੱਕ ਕੌਟੱਲਿਆ ਦਾ ਥੀਸਿਸ ਮੈਕਿਆਵਲੀ (Machiavellis) ਦੀ ਬਰਾਬਰੀ ਕਰਦਾ ਹੈ (*ਮੈਕਿਆਵਲੀ (1469-1527 ਈਸਵੀ) ਇਕ ਉਘਾ ਇਤਾਲਵੀ ਸਿਆਸਤਦਾਨ ਤੇ ਸਿਧਾਂਤਕਾਰ ਹੋਇਆ ਹੈ ਜਿਸ ਦੇ ਨਾਮ ਨਾਲ ਹੀ ਸਾਜਿਸ਼ਾਂ, ਮੌਕਾਪ੍ਰਸਤੀਆਂ ਤੇ ਧੋਖੇ ਦੀਆਂ ਯੁੱਧ ਨੀਤੀਆਂ ਜੁੜੀਆਂ ਹਨ, ਚਾਨੱਕੀਆ ਨਾਲ ਵੀ ਅਜਿਹੀਆਂ ਕਈ ਗੱਲਾਂ ਜੁੜ ਕੇ ਅੱਜ ਚਾਨੱਕੀਆ ਨੀਤੀ ਚੱਲਣਾ ਇਕ ਮੁਹਾਵਰਾ ਵੀ ਬਣ ਗਿਆ ਹੈ। 'ਚਾਨੱਕੀਆ ਨੀਤੀ' ਤੇ ਮੈਕਿਆਵਲੀਵਾਦ ਨੂੰ ਪਰਿਆਵਾਚੀ ਸ਼ਬਦਾਂ ਤੇ ਤੌਰ ਤੇ ਲਿਆ ਜਾ ਸਕਦਾ ਹੈ-ਅਨੁ:*)। ਮੈਕਆਵਲੀਵਾਦ (Machiavellianism) ਤੋਂ ਵੱਧ ਕੇ ਕੌਟੱਲਿਆ ਦੀ ਕਿਤਾਬ ਵਿਚ ਸਿਰਫ਼ ਦੁਸ਼ਮਣਾਂ ਉਪਰ ਜਿੱਤ ਹਾਸਿਲ ਕਰਨਾਂ ਤੇ ਸਾਜਿਸ਼ਾਂ ਨੂੰ ਰੋਕਣਾ ਹੀ ਨਹੀਂ, ਰਾਜ ਪ੍ਰਬੰਧ ਨੂੰ ਮਜ਼ਬੂਤ ਕਰਨ ਤੇ ਰਾਜਿਆਂ ਦੇ ਹਰੀਮ ਦੇ ਬੰਦੋਬਸਤਾਂ ਦੇ ਗੁਰ ਹਨ। ਚਾਨੱਕੀਆਂ ਨੇ ਸਮਾਜਕ ਮਾਮਲਿਆਂ ਉਪਰ ਵੀ ਤਿੱਖੀਆਂ ਟਿੱਪਣੀਆਂ ਕਰਦੇ ਕਿਹਾ ਸੀ ਕਿ ਸ਼ਾਦੀ ਸਭ ਤਰ੍ਹਾਂ ਦੇ ਝਗੜਿਆਂ ਦੀ ਜੜ੍ਹ ਹੈ। ਉਸ ਨੇ ਜਸੂਸਾਂ ਨੂੰ ਭਰਤੀ ਕਰਨ ਤੇ ਦੁਸ਼ਮਣਾਂ ਨੂੰ ਜ਼ਹਿਰ ਦੇਣ ਦੇ ਤੌਰ ਤਰੀਕਿਆਂ ਬਾਰੇ ਵੀ ਲਿਖਿਆ। ਉਸ ਨੂੰ ਪ੍ਰਸ਼ਾਸਨਕ ਵਿਗਿਆਨ ਦਾ ਵੱਡਾ ਲਿਖਾਰੀ ਮੰਨਿਆ ਜਾਂਦਾ ਹੈ। ਉਸ ਨੇ ਸਜ਼ਾ ਦੇਣ ਦੀ ਕਿਰਿਆ, *'ਦੰਦਾਨਿਤੀ'* ਨੂੰ ਪ੍ਰਸ਼ਾਸਨ ਦਾ ਮੁਢਲਾ ਆਧਾਰ ਦੱਸਿਆ। ਉਸ ਦੀਆਂ ਕਈ ਲਿਖਤਾਂ ਬਹੁਤ ਹੀ ਅਜੀਬ ਕਿਸਮ ਦੀਆਂ ਹਨ ਜਿਵੇਂ ਲਿਖਿਆ ਹੈ ਕਿ 'ਤੁਹਾਡਾ ਪੜੋਸੀ ਤੁਹਾਡਾ ਦੁਸ਼ਮਣ ਹੈ ਤੇ ਉਸ ਤੋਂ ਅਗਲਾ ਪੜੋਸੀ ਉਸ ਦਾ ਦੁਸ਼ਮਣ ਹੈ' ਵਗੈਰਾ ਵਗੈਰਾ।

ਚੰਦਰਗੁਪਤ ਮੌਰੀਆ ਜੈਨ ਮੱਤ ਦਾ ਧਾਰਨੀ ਸੀ ਤੇ ਇਕ ਸਮਰਪਤ ਜੈਨੀ ਦੀ ਤਰ੍ਹਾਂ ਉਸ ਨੇ ਲੰਮਾ ਵਰਤ ਰੱਖ ਕੇ ਆਪਣੀ ਜਾਨ ਦਿੱਤੀ।

ਚੰਦਰਗੁਪਤ ਦੇ ਪੁੱਤਰ ਬਿੰਦੂਸਰ (298-232 ਈਸਾ ਪੂਰਵ) ਨੇ ਦੱਖਣ ਨੂੰ ਆਪਣੇ ਰਾਜ ਵਿਚ ਸ਼ਾਮਿਲ ਕੀਤਾ। ਉਸ ਨੇ ਮਿਸਰ ਤੇ ਸੀਰੀਆ ਦੇ ਬਾਦਸ਼ਾਹਾਂ ਨਾਲ ਆਪਣੇ ਸਫ਼ੀਰਾਂ ਦਾ ਅਦਾਨ ਪ੍ਰਦਾਨ ਕੀਤਾ। ਬਿੰਦੂਸਰ ਦੇ ਪੁੱਤਰ ਅਸ਼ੋਕ (273-232 ਈਸਾ ਪੂਰਵ) ਨੇ ਆਪਣੇ ਰਾਜ ਨੂੰ ਦੱਖਣ ਦੇ ਹੋਰ ਅੱਗੇ, ਮੈਸੂਰ ਤੱਕ, ਫੈਲਾਇਆ। ਫਿਰ ਉਸ ਨੇ ਆਪਣੇ ਰਾਜ ਨੂੰ ਉੜੀਸਾ ਤੋਂ ਅੱਗੇ ਬੰਗਾਲ ਵੱਲ ਵਧਾਉਣ ਦੀ ਸੋਚੀ। ਕਲਿੰਗਾ (261 ਈਸਾ ਪੂਰਵ) ਦੀ ਲੜਾਈ ਬਹੁਤ ਖ਼ੂਨੀ ਲੜਾਈ ਹੋਈ ਜਿਸ ਵਿਚ ਅਸ਼ੋਕ ਨੂੰ ਵੱਡੀ ਜਿੱਤ ਪ੍ਰਾਪਤ ਹੋਈ। ਇਸ ਲੜਾਈ ਵਿਚ ਹੋਈ ਵੱਢ ਟੁੱਕ ਤੇ ਜ਼ਖਮੀਆਂ ਦੀ ਹਾਲਤ ਦੇਖ ਕੇ ਅਸ਼ੋਕ ਨੇ ਹਿੰਸਾ ਦੇ ਪੂਰਣ ਤਿਆਗ ਦਾ ਐਲਾਨ ਕੀਤਾ ਤੇ ਬੁੱਧ ਧਰਮ ਅਖਤਿਆਰ ਕਰ ਲਿਆ। ਉਸ ਨੇ ਆਪਣੇ ਸਾਰੇ ਪੜੋਸੀ ਰਾਜਾਂ ਨੂੰ ਅਮਨ ਤੇ ਸ਼ਾਂਤੀ ਦਾ ਸੁਨੇਹਾ ਭੇਜ ਦਿੱਤਾ। ਉਸ ਨੇ ਅਹਿੰਸਾ ਦਾ ਪ੍ਰਚਾਰ ਕੀਤਾ ਤੇ ਪਸ਼ੂਆਂ ਨੂੰ ਮਾਰਨ ਉਪਰ ਵੀ ਪਾਬੰਦੀ ਲਗਾ ਦਿੱਤੀ। ਉਸ ਨੇ ਦੂਰ ਦੂਰ ਤੱਕ ਬੁੱਧ ਮੱਤ ਦੇ ਪ੍ਰਚਾਰ ਵਾਸਤੇ ਪ੍ਰਚਾਰਕ ਭੇਜੇ। ਉਸ ਦਾ ਪੁੱਤਰ, ਮਹਿੰਦਰਾ, ਬੋਧ ਭਿਕਸ਼ੂ ਬਣ ਗਿਆ ਤੇ ਲੰਕਾਂ ਨੂੰ ਚਲਾ ਗਿਆ।

ਭਾਰਤੀ ਇਤਿਹਾਸ ਵਿਚ ਅਸ਼ੋਕ ਦਾ ਵੱਡਾ ਨਾਮ ਹੈ। ਉਸ ਦੀ ਯਾਦ ਨੂੰ ਤਾਜ਼ਾ ਰੱਖਣ ਵਾਸਤੇ ਉਸ ਦੀ ਤਿੰਨ ਸ਼ੇਰ ਦੀ ਮੂਰਤੀ ਨੂੰ ਭਾਰਤ ਦਾ ਕੌਮੀ ਚਿੰਨ ਬਣਾ ਲਿਆ ਗਿਆ ਹੈ। ਉਸ ਦਾ ਚੱਕਰ ਜਿਸ ਨੂੰ ਨਿਆਏ ਦਾ ਚੱਕਰ ਕਿਹਾ ਗਿਆ ਭਾਰਤ ਦੇ ਕੌਮੀ ਝੰਡੇ ਦੀ ਸ਼ਾਨ ਹੈ।

ਅਸ਼ੋਕ ਤੋਂ ਬਾਅਦ ਮੌਰਿਆ ਵੰਸ਼ ਕਰੀਬ ਇਕ ਸੌ ਸਾਲ ਚੱਲਿਆ। ਉਸ ਤੋਂ ਬਾਅਦ ਅੰਦਰੋਂ ਤੇ ਬਾਹਰੋਂ ਨਵੇਂ ਹਮਲਾਵਰ ਆਉਣ ਲੱਗੇ।

ਦੱਖਣ ਵਿਚ ਹਿੰਦੂ ਰਾਜ ਸਥਾਪਤ ਹੋ ਗਏ ਪਰ ਉਹ ਤਿੰਨ ਤਾਕਤਾਂ ਵਿਚ ਵੰਡੇ ਗਏ ਸਨ। ਅੱਜ ਦੇ ਮਦਰਾਸ (*ਹੁਣ ਚੇਨੇਈ*) ਦੇ ਗਿਰਦ ਚੋਲਾ ਸਮਾਰਾਜ ਨੇ ਨੀਂਹ ਰੱਖੀ। ਕੇਰਲਾ ਵਿਚ 'ਚੇਰਾਸ' ਰਾਜ ਸਥਾਪਤ ਹੋਇਆ। ਮਦੂਰਾਏ ਤੋਂ ਕੰਨਿਆ ਕੁਮਾਰੀ ਤੱਕ 'ਪਾਂਡਿਆ' ਦਾ ਰਾਜ ਬਣਿਆ। ਮਦੂਰਾਏ ਤਾਮਿਲ ਦੀ ਸਿੱਖਿਆ ਦਾ ਕੇਂਦਰ ਬਣਿਆ। ਈਸਾ ਦੇ ਜਨਮ ਤੱਕ ਮਦੂਰਾਏ ਵਿਚ ਵੱਡਾ ਤਾਮਿਲ ਸਾਹਿਤ ਰਚਿਆ ਗਿਆ ਸੀ।

ਜਲਦੀ ਹੀ ਇਹਨਾਂ ਦੱਖਣੀ ਤਾਕਤਾਂ ਨੇ ਚੰਗਾ ਪ੍ਰਭਾਵ ਬਣਾ ਲਿਆ। ਤਾਮਿਲਾਂ ਨੇ ਲੰਕਾ ਉਪਰ ਹਮਲਾ ਕਰਕੇ ਉਸ ਨੂੰ ਜਿੱਤ ਲਿਆ ਤੇ ਰੋਮ ਨਾਲ ਵਪਾਰ ਸ਼ੁਰੂ ਕੀਤਾ (ਤਾਮਿਲ ਨਾਡੂ ਵਿਚ ਰੋਮ ਦੇ ਸੋਨੇ ਦੇ ਸਿੱਕੇ ਮਿਲੇ ਹਨ)। ਸੰਦਲ ਦੀ ਲੱਕੜੀ, ਸਾਗਵਾਨ, ਹਾਥੀ ਦੰਦ ਤੇ ਮਿਰਚ ਮਸਾਲਿਆਂ ਦੇ ਵਪਾਰ ਨਾਲ ਦੱਖਣ ਵਾਲਿਆਂ ਨੇ ਭਾਰਤੀ ਧਰਮਾਂ ਦਾ ਵੀ ਨਿਰਯਾਤ ਕੀਤਾ। ਲੰਕਾ ਤੇ ਹੋਰ ਦੱਖਣੀ ਪੂਰਬੀ ਦੇਸ਼ਾਂ ਵਿਚ ਹਿੰਦੂ ਮੱਤ, ਬੁੱਧ ਮੱਤ ਤੇ ਜੈਨ ਮੱਤ ਦਾ ਪ੍ਰਚਾਰ ਹੋਇਆ ਤੇ ਇਸ ਦੇ ਨਾਲ ਹੀ ਭਾਰਤੀ ਦਰਸ਼ਨ ਤੇ ਦਵਾਈਆਂ ਦਾ ਫੈਲਾਵ ਵੀ ਹੋਇਆ।

ਜਦੋਂ ਦੱਖਣ ਵਿਚ ਇਹ ਤਬਦੀਲੀਆਂ ਜਾਰੀ ਸਨ ਤਾਂ ਯੂਨਾਨੀਆਂ ਨੇ ਇਕ ਵਾਰ ਫਿਰ ਉੱਤਰ ਵਿਚ ਹਮਲਾ ਕਰ ਦਿੱਤਾ। 'ਮਾਨੇਦਾਰ' ਨੇ ਪੰਜਾਬ ਉਪਰ ਕਬਜ਼ਾ ਕਰ ਲਿਆ ਤੇ ਸਿਆਲਕੋਟ ਨੂੰ ਆਪਣੀ ਰਾਜਧਾਨੀ ਬਣਾਇਆ। ਫਿਰ ਉਹ ਪੂਰਬ ਵੱਲ ਨੂੰ ਵਧਣ ਲੱਗਾ। ਉਸ ਨੇ 150 ਈਸਾ ਪੂਰਵ ਵਿਚ ਮੌਰੀਆ ਦੇ ਸ਼ਹਿਰ ਪਾਟਲੀ ਪੁੱਤਰ 'ਤੇ ਅਧਿਕਾਰ ਜਮਾ ਲਿਆ। ਇਸ ਵਾਰ ਯੂਨਾਨੀਆਂ ਨੇ ਭਾਰਤੀ ਧਰਮ ਅਪਣਾਉਣੇ ਸ਼ੁਰੂ ਕੀਤੇ। ਮਾਨੇਦਾਰ ਨੇ ਖੁਦ ਬੁੱਧ ਮੱਤ ਗ੍ਰਹਿਣ ਕਰ ਲਿਆ। 'ਮਿਲੰਦਾ ਦੇ ਸਵਾਲ' ਇਕ ਦਸਤਾਵੇਜ਼ ਸਾਹਮਣੇ ਆਈ ਜਿਸ ਵਿਚ ਬਾਦਸ਼ਾਹ ਤੇ ਬੋਧੀ ਭਿਕਸ਼ੂ ਨਾਲ ਵਾਰਤਾਲਾਪ ਦਰਜ ਹੈ।

ਬੇਸ਼ੱਕ ਯੂਨਾਨੀਆਂ ਨੇ ਆਰਾਮ ਨਾਲ ਹੀ ਆਪਣੇ ਆਪ ਦਾ ਭਾਰਤੀਕਰਣ ਕਰ ਲਿਆ, ਉਹਨਾਂ ਨੇ ਭਾਰਤ ਦੇ ਸੱਭਿਆਚਾਰ ਵਿਚ ਯੂਨਾਨੀ ਰੰਗਤ ਦਾ ਦਾਖਲਾ ਵੀ ਕੀਤਾ। ਉਹਨਾਂ ਨੇ ਭਾਰਤੀਆਂ ਨੂੰ ਯੂਨਾਨੀ ਤਰੀਕੇ ਨਾਲ ਸਿੱਕਾ ਢਾਲਣਾ ਦੱਸਿਆ ਤੇ ਭਾਰਤੀ ਮੂਰਤੀ ਕਲਾ ਵੀ ਯੂਨਾਨੀ ਤੌਰ ਤਰੀਕਿਆਂ ਅਨੁਸਾਰ ਵਿਕਾਸ ਕਰਨ ਲੱਗੀ। ਕਿਉਂਕਿ ਯੂਨਾਨੀਆਂ ਦਾ ਸਭਿਆਚਾਰ ਕੇਂਦਰ ਅਫ਼ਗਾਨਿਸਤਾਨ ਵਿਚ ਕੰਧਾਰ ਦੇ ਥਾਂ ਉਪਰ ਸੀ ਉਹਨਾਂ ਦੀ ਮੂਰਤੀ ਕਲਾ ਨੂੰ 'ਗੰਧਾਰੀ' ਕਿਹਾ ਜਾਣ ਲੱਗਾ। ਯੂਨਾਨੀ ਤਾਰਾ ਵਿਗਿਆਨ (Greek Astronomy) ਤੇ ਦਵਾਈਆਂ ਨੇ ਵੀ ਭਾਰਤ ਵਿਚ ਪ੍ਰਭਾਵ ਬਣਾਇਆ ਤੇ ਉਹਨਾਂ ਨੇ ਭਾਰਤ ਤੋਂ ਸਮੁੰਦਰੀ ਤੇ ਖੁਸ਼ਕੀ ਦੇ ਰਸਤੇ ਦਾ ਵਪਾਰ ਚਾਲੂ ਕੀਤਾ।

ਹਮਲਾਵਰ ਲਗਾਤਾਰ ਉਤਰੀ-ਪੱਛਮੀ ਦਿਸ਼ਾ ਵੱਲੋਂ ਦਾਖਲ ਹੁੰਦੇ ਰਹੇ। ਇਸ ਵਾਰ ਉਹਨਾਂ ਵਿਚੋਂ ਬਹੁਤੇ ਪੱਛਮੀ ਚੀਨ ਵੱਲੋਂ ਸਨ। ਯੂਨਾਨੀਆਂ ਤੋਂ ਬਾਅਦ ਸਾਕਾ (130 ਈਸਾ ਪੂਰਵ) ਆਏ, ਫਿਰ 'ਪਾਰਥੀਅਨ' ਤੇ 'ਕੁਸ਼ਾਨ'। ਪਹਿਲੇ ਦੋ ਫ਼ਿਰਕਿਆਂ ਨੇ ਪਹਿਲਾਂ ਉਤਰ ਵਿਚ ਆਪਣੇ ਰਾਜ ਸਥਾਪਤ ਕੀਤੇ ਤੇ ਫਿਰ ਪੂਰਬ ਤੇ ਦੱਖਣ ਵੱਲ ਚੱਲਦੇ ਰਹੇ।

ਕੁਸ਼ਾਨਾਂ ਨੇ ਆਪਣੇ ਆਪ ਨੂੰ ਪੇਸ਼ਾਵਰ ਵਿਚ ਸਥਾਪਤ ਕੀਤਾ ਤੇ ਗੰਗਾ ਦੇ ਨਾਲ ਨਾਲ ਬਨਾਰਸ ਤੱਕ ਫੌਜ ਭੇਜੀ। ਇਸ ਵੰਸ਼ ਦੇ ਇਕ ਰਾਜਾ ਕਨਿਸ਼ਕ (78-144 ਈਸਵੀ) ਨੇ ਭਾਰਤ ਨੂੰ ਇਕ ਨਵਾਂ ਕੈਲੰਡਰ ਆਪਣੇ ਜਨਮ ਤੋਂ ਸ਼ੁਰੂ ਹੁੰਦਾ ਦਿੱਤਾ। ਇਹ ਅਜੇ ਵੀ 'ਸਾਕਾ' ਦੇ ਨਾਂ ਉਪਰ ਚੱਲਦਾ ਹੈ। ਕਨਿਸ਼ਕ ਨੇ ਵੀ ਬੁੱਧ ਧਰਮ ਧਾਰਨ ਕਰ ਲਿਆ। ਉਸ ਨੇ ਉਸ ਵਕਤ ਬੁੱਧ ਧਰਮ ਵਿਚ ਚਲ ਰਹੇ ਦੋ ਧੜਿਆਂ ਦੀ ਏਕਤਾ ਕਰਵਾਉਣ ਵਾਸਤੇ 'ਬੋਧੀ ਕੌਂਸਲ' ਦਾ ਗਠਨ ਕੀਤਾ। ਉਹ ਕਲਾ ਦਾ ਪ੍ਰੇਮੀ ਸੀ।

ਹੌਲੀ ਹੌਲੀ ਕੁਸ਼ਾਨਾਂ ਦੇ ਰਾਜ ਦੇ ਖ਼ਤਮ ਹੋਣ (200 ਈਸਵੀ) ਤੇ ਤਾਕਤਵਰ ਹਿੰਦੂ ਸਾਮਰਾਜ ਗੁਪਤਾ ਵੰਸ਼ ਦੇ ਰਾਜ ਸ਼ੁਰੂ ਹੋਣ ਵਿਚ 100 ਸਾਲ ਦਾ ਵਕਤ ਲੱਗ ਗਿਆ।

ਗੁਪਤਾ ਵੰਸ਼ ਦਾ ਸੁਨਹਿਰੀ ਯੁੱਗ (The Gupta Golden Era)

ਚਾਰ ਗੁਪਤਾ ਮਹਾਰਾਜੇ ਚੰਦਰ ਗੁਪਤ, ਸਮੁਦਰਾ ਗੁਪਤ, ਚੰਦਰ ਗੁਪਤ ਦੂਜਾ (ਜਿਸ ਨੂੰ ਵਿਕਰਮਾ ਦਿੱਤਿਆ ਵੀ ਆਖਿਆ ਜਾਂਦਾ ਹੈ) ਤੇ ਕੁਮਾਰ ਗੁਪਤਾ ਨੇ ਆਪਣੇ ਰਾਜ ਮੁਢਲੇ ਤੌਰ ਤੇ ਮਗਧ (ਬਿਹਾਰ) ਤੋਂ ਚਲਾਏ। ਆਪਣੀ ਚੜ੍ਹਤ ਦੇ ਦੌਰਾਨ ਉਹਨਾਂ ਕੋਲ ਪੂਰਾ ਗੰਗਾ ਤੇ ਸਿੰਧ ਦਾ ਮੈਦਾਨ ਤੇ ਦੱਖਣ ਦੀ ਸੀਮਾ ਤੱਕ ਦਾ ਰਾਜ ਸੀ। ਇਹਨਾਂ ਨੇ ਤੇ ਇਹਨਾਂ ਦੇ ਜਾਂਨਸ਼ੀਨਾਂ ਨੇ ਤਿੰਨ ਸਦੀਆਂ ਤੱਕ, ਯਾਨੀ 300 ਈਸਵੀ ਤੋਂ ਲੈ ਕੇ 647 ਈਸਵੀ ਵਿਚ ਹਰਸ਼ ਵਰਧਨ ਦੀ ਮੌਤ ਤੱਕ ਰਾਜ ਕੀਤਾ। ਇਕ ਚੀਨੀ ਯਾਤਰੀ ਫਾ ਹੀਆਨ ਜਿਸ ਨੇ ਚੰਦਰਗੁਪਤ ਦੂਜੇ ਦੇ ਰਾਜ ਵਿਚ ਦਸ ਸਾਲ (401 ਤੋਂ 410 ਈਸਵੀ ਤੱਕ) ਬਿਤਾਏ ਅਤੇ ਦੂਸਰੇ ਚੀਨੀ ਯਾਤਰੀ ਹੀਆਨ ਸਾਂਗ ਜਿਸ ਨੇ ਹਰਸ਼ਾ ਦੇ ਰਾਜ ਵਿਚ 30 ਸਾਲ (635 ਤੋਂ 664 ਈਸਵੀ ਤੱਕ) ਬਿਤਾਏ ਭਾਰਤ ਦੇ ਹਾਲਾਤ ਬਾਰੇ ਬਹੁਤ ਕੁਝ ਲਿਖਿਆ। ਇਹਨਾਂ ਦੀਆਂ ਲਿਖਤਾਂ ਦੀ ਭਾਰਤੀ ਦਰਬਾਰੀ ਕਵੀ 'ਬਾਨਾ' ਨੇ ਪੁਸ਼ਟੀ ਕੀਤੀ।

ਗੁਪਤਾ ਵੰਸ਼ ਦੀਆਂ ਤਿੰਨ ਸਦੀਆਂ ਨੂੰ ਭਾਰਤ ਦੇ ਇਤਿਹਾਸ ਵਿਚ ਸੁਨਹਿਰੀ ਗੁਪਤਾ ਯੁੱਗ ਦੇ ਨਾਮ 'ਤੇ ਯਾਦ ਕੀਤਾ ਜਾਂਦਾ ਹੈ। ਇਹਨਾਂ ਦੇ ਰਾਜ ਵਿਚ ਅਮਨ ਤੇ ਸ਼ਾਤੀ ਕਾਇਮ ਰਹਿਣ ਕਰਕੇ ਕਲਾ ਤੇ ਹੁਨਰ ਦੇ ਖੇਤਰ ਵਿਚ ਵੱਡੀ ਤਰੱਕੀ ਹੋਈ। ਘੱਟ ਵਿਕਸਤ ਪਾਲੀ ਭਾਸ਼ਾ ਦੀ ਥਾਂ ਤੇ ਪੱਕੀ ਵਿਆਕਰਣ ਤੇ ਲਿਪੀ ਵਾਲੀ ਭਾਸ਼ਾ ਸੰਸਕ੍ਰਿਤ ਨੂੰ ਲਾਗੂ ਕੀਤਾ। ਇਹ ਸੰਸਕ੍ਰਿਤ ਹੀ ਸੀ ਜਿਸ ਭਾਸ਼ਾ ਨੇ ਉਸ ਵਕਤ ਦੇ ਮਹਾਨ ਕਵੀ ਤੇ ਨਾਟਕ-ਕਾਰ ਕਾਲੀਦਾਸ (350-460 ਈਸਵੀ) ਨੂੰ ਪੈਦਾ ਕੀਤਾ। ਇਸੇ ਤਰ੍ਹਾਂ ਅੱਠਵੀ ਸਦੀ ਵਿਚ ਭਰਥਰੀ, ਭਾਵਾਭੂਤੀ, ਅਮਾਰੂ ਤੇ ਸੁਦਰਕਾ ਨੇ ਲਿਖਿਆ ਤੇ ਪੇਸ਼ ਕੀਤਾ। ਇਸ ਤੋਂ ਬਾਅਦ ਭਾਰਤੀ ਸਾਹਿਤ ਵਿਚ ਸੰਸਕ੍ਰਿਤ ਨੇ ਕਦੇ ਵੀ ਇਤਨੀ ਉਚਾਈ ਹਾਸਿਲ ਨਹੀਂ ਕੀਤੀ।

ਹਿੰਦੂ ਵਿਦਵਾਨ ਓਦੋਂ ਇਤਨੇ ਤੰਗ ਨਜ਼ਰ (insular) ਨਹੀਂ ਸਨ ਜਿਤਨੇ ਬਾਅਦ ਵਿਚ ਬਣ ਗਏ। ਖੁਗੋਲ ਵਿਗਿਆਨੀ (astronomer) ਵਰਾਹਮਹੀਰਾ ਨੇ ਭਾਰਤੀ ਵਿਗਿਆਨ ਵਿਚ ਗਰੀਕ ਵਿਗਿਆਨ ਦਾ ਦਾਖਲਾ ਕੀਤਾ। ਉਸ ਵੇਲੇ ਦੇ ਭਾਰਤੀ ਅੰਕ ਗਿਣਤ ਵਿਗਿਆਨੀਆਂ ਨੇ ਸੰਸਾਰ ਨੂੰ ਸਿਫ਼ਰ (zero) ਦਾ ਸੰਕਲਪ ਦਿੱਤਾ ਤੇ ਅਲਜਬਰਾ ਦੀ ਨੀਂਹ ਰੱਖੀ। ਉਹਨਾਂ ਨੇ ਤਾਰਾ ਵਿਗਿਆਨ ਵਿਚ ਨਵੀਆਂ ਖੋਜਾਂ ਕੀਤੀਆਂ ਤੇ ਸੰਸਾਰ ਨੂੰ ਆਪਣੀਆਂ ਲੱਭਤਾਂ ਤੋਂ ਜਾਣੂ ਕਰਵਾਇਆ। ਉਹਨਾਂ ਸੂਰਜ ਤੇ ਚੰਦਰਮਾ ਦੇ ਗ੍ਰਹਿਣਾਂ ਦਾ ਪਹਿਲਾਂ ਪਤਾ ਲਗਾਉਣ ਦਾ ਤਰੀਕਾ ਇਜਾਦ ਕੀਤਾ। ਇਹਨਾਂ ਹਿੰਦੂਆਂ ਤੋਂ ਹੀ ਅਰਬ ਦੇ ਲੋਕਾਂ ਨੇ ਅੱਗੇ ਗਿਆਨ ਹਾਸਿਲ ਕੀਤਾ।

ਇਸ ਯੁੱਗ ਵਿਚ ਹੀ ਵੇਦ ਸ਼ਾਸਤਰ ਇਕ ਫਿਲਾਸਫੀ ਦੇ ਰੂਪ ਵਿਚ ਵਿਕਸਤ ਹੋਏ। ਚਿਤਰਕਲਾ ਤੇ ਮੂਰਤੀ ਕਲਾ ਵੀ ਵਿਕਸਤ ਹੋਈ। ਅਜੰਤਾ ਤੇ ਅਲੋਰਾ ਦੀਆਂ ਗੁਫਾਵਾਂ ਦੀ ਮੂਰਤੀ ਕਲਾ ਇਸੇ ਯੁੱਗ ਦੀ ਦੇਣ ਹੈ। ਪਹਿਲਾਂ ਤਾਂਬਾ ਹੀ ਮੁੱਖ ਧਾਤ ਸੀ ਪਰ ਹੁਣ ਲੋਹੇ ਦੇ ਪਿਘਲਾਉਣ ਦੇ ਕੰਮ ਵਿਚ ਤੇਜ਼ੀ ਆ ਗਈ ਸੀ। ਦਿੱਲੀ ਦੇ ਲੋਹੇ ਦੇ

ਥੰਮ ਗੁਪਤਾ ਵੰਸ਼ ਦੀ ਧਾਤਸਾਜ਼ੀ ਦੇ ਮਿਸਾਲੀ ਨਮੂਨੇ ਹਨ। ਇਹਨਾਂ ਨੂੰ ਅੱਜ ਦੋ ਹਜ਼ਾਰ ਸਾਲ ਬੀਤਣ ਉਪਰ ਵੀ ਜੰਗ ਨਹੀਂ ਲੱਗਿਆ। ਤੋਪ ਦਾ ਗੋਲਾ ਵੀ ਇਹਨਾਂ ਵਿਚ ਚਿੱਬ ਨਹੀਂ ਪਾ ਸਕਿਆ ਸੀ।

ਇਹ ਕੋਈ ਛੋਟੀ ਗੱਲ ਨਹੀਂ ਕਿ ਉਸ ਕਾਲ ਵਿਚ ਹਿੰਦੂ ਮੱਤ ਭਾਰਤ ਤੋਂ ਬਾਹਰ ਬਰਮਾ, ਲੰਕਾ, ਇੰਡੋਨੇਸ਼ੀਆ, ਬਾਲੀ, ਕੰਬੋਡੀਆ, ਥਾਈਲੈਂਡ ਤੇ ਵੀਅਤਨਾਮ ਤੱਕ ਫੈਲਿਆ। ਕੰਬੋਡੀਆਂ ਦੇ ਖੰਡਰਾਂ ਵਿਚੋਂ ਹਿੰਦੂ ਮੰਦਰਾਂ ਦੀਆਂ ਨਿਸ਼ਾਨੀਆਂ ਮਿਲਦੀਆਂ ਹਨ।

ਵੇਦ, ਉਪਨਿਸ਼ਦ ਤੇ ਗੀਤਾ ਦੇ ਅਧਿਆਏ ਵਿਚ ਅਸਾਂ ਭਾਸ਼ਾ ਦੀ ਅਮੀਰੀ, ਕਥਾਵੇਗ ਤੇ ਦਰਸ਼ਨ ਦੀ ਚਰਚਾ ਕੀਤੀ ਸੀ। ਅਸੀਂ ਗੁਪਤਾ ਕਾਲ ਵਿਚ ਕੁਝ ਧਰਮ ਨਿਰਪੱਖ ਧਾਰਣਾਵਾਂ ਵੀ ਵੇਖਦੇ ਹਾਂ। 'ਪੰਚਤੰਤਰ' ਦੀਆਂ ਕਥਾਵਾਂ ਇਸ ਯੁਗ ਦੀ ਵਿਸ਼ੇਸ਼ਤਾ ਹੈ। ਵਤਸੂਆਨ ਦੀ 'ਕਾਮਾਸੂਤਰਾ' ਉਸ ਯੁਗ ਦੀ ਅਨਮੋਲ ਸਾਹਿਤਕ ਵੰਨਗੀ ਕਹੀ ਜਾ ਸਕਦੀ ਹੈ। ਉਸ ਯੁਗ ਦੀਆਂ ਬਹੁਤ ਸਾਰੀਆਂ ਨਵੀਆਂ ਦਵਾਈਆਂ, ਤਾਰਾ ਵਿਗਿਆਨ, ਜੋਤਿਸ਼ ਵਿਗਿਆਨ, ਸੰਗੀਤ ਤੇ ਨਾਚ ਵੀ ਅੱਜ ਤੱਕ ਪ੍ਰਚਲਤ ਹਨ।

ਭਾਰਤ ਦੇ ਪ੍ਰਾਚੀਨ ਯੁਗ ਦਾ ਪ੍ਰਸਿੱਧ ਲੇਖਕ 'ਕਾਲੀਦਾਸ' ਸੀ ਜੋ ਬੁਨਿਆਦੀ ਤੌਰ 'ਤੇ ਨਾਟਕਕਾਰ ਸੀ ਪਰ ਉਸ ਨੇ ਕਵਿਤਾਵਾਂ ਵੀ ਲਿਖੀਆਂ। ਉਸ ਦਾ ਸਭ ਤੋਂ ਪ੍ਰਸਿੱਧ ਨਾਟਕ 'ਸ਼ਕੁੰਤਲਾ' ਦਾ ਦੁਨੀਆ ਦੀਆਂ ਕਈ ਭਾਸ਼ਾਵਾਂ ਵਿਚ ਉਲਥਾ ਹੋ ਚੁਕਾ ਹੈ। ਉਸ ਦੀਆਂ ਕਵਿਤਾਵਾਂ 'ਮੇਘਦੂਤ' ਦਾ ਅੰਗਰੇਜ਼ੀ ਤਰਜਮਾ (The Cloud Messenger), ਹੁਣ ਵੀ ਉਪਲਬਧ ਹੈ।

ਅਖੀਰ ਗੁਪਤਾ ਯੁੱਗ ਨਾਲ ਵੀ ਉਹੀ ਬੀਤੀ ਜੋ ਭਾਰਤੀ ਸਾਮਰਾਜਾਂ ਨਾਲ ਬੀਤਦੀ ਰਹੀ। ਉੱਤਰ ਪੱਛਮ ਦੀ ਸਰਹੱਦ ਵੱਲੋਂ ਹਮਲਾਵਰ ਆਉਂਦੇ ਰਹੇ। ਕੇਂਦਰੀ ਏਸ਼ੀਆ ਤੋਂ ਜਾਲਮ ਫੌਜਾਂ ਲੁੱਟ ਮਾਰ ਕਰਦੀਆਂ ਰਹੀਆਂ। ਕਰੀਬ 500 ਸਾਲ ਤੱਕ ਮੰਗੋਲਾਂ ਨੇ ਬਹੁਤ ਬਰਬਾਦੀਆਂ ਕੀਤੀਆਂ। ਟੈਕਸਲਾ ਉਪਰ ਕਬਜ਼ਾ ਕਰਕੇ ਉਸ ਨੂੰ ਸਾੜ ਦਿੱਤਾ ਗਿਆ। ਅਫ਼ਗਾਨਿਸਤਾਨ ਤੇ ਪੰਜਾਬ ਵਿਚੋਂ ਬੋਧੀ ਮੰਦਰ ਤੇ ਬਹੁਤ ਸਾਰੇ ਸ਼ਿਲਾਲੇਖ ਤਬਾਹ ਕਰ ਦਿੱਤੇ।

ਮੰਗੋਲਾਂ ਦੇ ਨਾਲ ਹੀ ਬਹੁਤ ਸਾਰੇ ਕਬੀਲੇ ਵੀ ਆਏ ਜਿਹਨਾਂ ਦੇ ਨਾਵਾਂ ਤੋਂ ਇਲਾਵਾ ਅਸੀਂ ਉਹਨਾਂ ਬਾਰੇ ਕੁਝ ਨਹੀਂ ਜਾਣਦੇ। ਇਹ ਸਨ ਗੁੱਜਰ, ਜਾਟ, ਅਹੀਰ ਤੇ ਰਾਜਪੂਤ ਜੋ ਗੰਗਾ ਤੇ ਸਿੰਧ ਦੇ ਮੈਦਾਨਾਂ ਵਿਚ ਖਿੰਡਰ ਗਏ। ਖੇਤੀ ਕਰਨਾ ਤੇ ਪਸ਼ੂ ਚਰਾਣਾ ਇਹਨਾਂ ਦਾ ਧੰਦਾ ਸੀ। ਉਸ ਵੇਲੇ ਦਾ ਬ੍ਰਾਹਮਣੀ ਹਿੰਦੂ ਮਤ ਇਤਨੀ ਕੁ ਲਚਕ ਜ਼ਰੂਰ ਰੱਖਦਾ ਸੀ ਕਿ ਇਹਨਾਂ ਨੂੰ ਜਾਤਾਂ ਵਿਚ ਸਮੋ ਲਿਆ। ਰਾਜਪੂਤਾਂ ਨੂੰ ਖੱਤਰੀ ਬਣਾ ਲਿਆ ਤੇ ਹੋਰ ਕਬੀਲਿਆਂ ਨੂੰ ਵੈਸ਼ ਤੇ ਸ਼ੂਦਰ। ਇਹਨਾਂ ਕਬੀਲਿਆਂ ਦੇ ਕੁਝ ਲੋਕਾਂ ਨੂੰ ਬ੍ਰਾਹਮਣ ਵੀ ਮੰਨ ਲਿਆ ਗਿਆ ਸੀ।

ਸਮਾਜਕ ਪ੍ਰਬੰਧ ਵਿਚ ਵੀ ਬਹੁਤ ਤਬਦੀਲੀਆਂ ਆਈਆਂ। ਹਿੰਦੂਆਂ ਨੇ ਵਿਧਵਾਵਾਂ ਦੀ ਸ਼ਾਦੀ ਦੀ ਸਹਿਮਤੀ ਨਹੀਂ ਦਿੱਤੀ। ਲੇਕਿਨ ਬਹੁਤ ਸਾਰੇ ਨਵੇਂ ਆਏ

ਕਬੀਲੇ ਜਿਵੇਂ ਕਿ ਜਾਟ ਹਿੰਦੂ ਧਰਮ ਗ੍ਰਹਿਣ ਕਰਨ ਤੋਂ ਬਾਅਦ ਵੀ ਇਸ ਤਰ੍ਹਾਂ ਕਰਦੇ ਰਹੇ। ਰਾਜਪੂਤਾਂ ਨੇ ਆਪਣੇ ਸੋਗਮਈ ਰਿਵਾਜ ਜਿਵੇਂ ਕਿ ਸਤੀ ਹੋਣਾ ਤੇ ਜ਼ੌਹਰ ਦੀ ਰਸਮ ਕਰਨਾ ਜਾਰੀ ਰੱਖੇ।

ਇਕ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਇਹ ਨਵੇਂ ਸਿਰੇ ਤੋਂ ਜਾਤਾਂ ਦੀ ਤਕਸੀਮ ਹੋ ਗਈ ਤਾਂ ਉਤਰ ਤੇ ਦੱਖਣ ਵਿਚ ਵੱਡਾ ਫਰਕ ਪੈ ਗਿਆ। ਉਤਰੀ ਭਾਰਤ ਦੀਆਂ ਮੁੱਖ ਜਾਤਾਂ ਖੱਤਰੀ ਤੇ ਵੈਸ਼ ਹਨ ਜਦੋਂ ਕਿ ਦੱਖਣ ਵਿਚ ਇਹ ਨਾ ਹੋਣ ਦੇ ਬਰਾਬਰ ਹੈ।

ਚੈਪਟਰ 11

ਇਸਲਾਮ ਦੀ ਆਮਦ
(Advent of Islam)

ਭਾਰਤ ਉਪਰ ਮੁਸਲਮਾਨਾਂ ਦਾ ਕਬਜ਼ਾ ਇਸ ਦੀ ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਜੀਵਨ ਵਿਚ ਵੱਡੀਆਂ ਤਬਦੀਲੀਆਂ ਪੈਦਾ ਕਰ ਗਿਆ।

ਭਾਰਤ ਵਿਚ ਇਸਲਾਮ ਮੁਸਲਮਾਨਾਂ ਦੇ ਹਮਲਿਆਂ ਤੋਂ ਕਾਫ਼ੀ ਪਹਿਲਾ ਆ ਚੁੱਕਿਆ ਸੀ। ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਤੋਂ ਕੁਝ ਸਾਲ ਬਾਅਦ ਹੀ ਅਰਬ ਦੇ ਸੌਦਾਗਰ ਇਸਲਾਮ ਨੂੰ ਭਾਰਤ ਦੇ ਪੱਛਮੀ ਸਮੁੰਦਰ ਤੱਟ 'ਤੇ ਲੈ ਕੇ ਆਏ। ਫਿਰ 712 ਈਸਵੀ ਵਿਚ 17 ਸਾਲ ਦੀ ਉਮਰ ਦੇ ਮੁਹੰਮਦ ਬਿਨ ਕਾਸਮ ਨੇ ਸਿੰਧ ਉਪਰ ਹਮਲਾ ਕੀਤਾ। ਇਸ ਹਮਲੇ ਬਾਰੇ ਇਕ ਚੋਟੀ ਦੇ ਇਤਿਹਾਸਕਾਰ 'ਲੇਨ ਪੂਲੇ' ਦਾ ਕਹਿਣਾ ਹੈ ਕਿ, "ਇਹ ਭਾਰਤ ਦੇ ਇਤਿਹਾਸ ਵਿਚ ਅਜਿਹੀ ਜਿੱਤ ਸੀ ਜਿਸ ਦਾ ਕੋਈ ਨਤੀਜਾ ਨਹੀਂ ਨਿਕਲਿਆ।" ਪਰ ਹੋਰ ਕੋਈ ਨਤੀਜਾ ਨਾ ਵੀ ਹੋਵੇ, ਇਸ ਨੇ ਮੁਸਲਮਾਨਾਂ ਨੂੰ ਦੱਸ ਦਿੱਤਾ ਕਿ ਭਾਰਤ ਅਮੀਰ ਮੁਲਕ ਹੈ ਤੇ ਇਸ ਨੂੰ ਜਿੱਤਣਾ ਵੀ ਔਖਾ ਨਹੀਂ।

ਫਿਰ ਵੀ ਮੁਸਲਮਾਨਾਂ ਨੂੰ ਭਾਰਤ ਉਪਰ ਵੱਡਾ ਹਮਲਾ ਕਰਨ ਵਾਸਤੇ ਦੋ ਸਦੀਆਂ ਲੱਗ ਗਈਆਂ। ਇਹ ਕੰਮ ਮਹਿਮੂਦ ਗਜ਼ਨਵੀ (Mehmood of Gazani) ਨੇ 1000 ਤੋਂ 1027 ਈਸਵੀ ਦੇ ਦਰਮਿਆਨ ਕੀਤਾ। ਉਸ ਨੇ 27 ਸਾਲਾਂ ਵਿਚ 17 ਹਮਲੇ ਕੀਤੇ। ਉਹ ਹਿੰਦੂਆਂ ਨੂੰ ਮਾਰਦਾ, ਲੁੱਟਦਾ ਤੇ ਉਹਨਾਂ ਦੇ ਮੰਦਰ ਬਰਬਾਦ ਕਰਦਾ। ਉਸ ਦਾ 16ਵਾਂ ਹਮਲਾ ਖਾਸ ਮਹੱਤਵ ਰੱਖਦਾ ਹੈ ਜਦੋਂ ਉਸ ਨੇ ਸਿੰਧ ਦਾ ਰੇਗਿਸਤਾਨ ਪਾਰ ਕੀਤਾ ਤੇ ਅਰਬ ਸਾਗਰ ਦੇ ਕਿਨਾਰੇ ਸੋਮਨਾਥ ਪਹੁੰਚ ਗਿਆ। ਉਸ ਨੇ ਉਥੋਂ ਦੇ ਬਹੁਤ ਵੱਡੇ ਮੰਦਰ ਨੂੰ ਤੋੜਿਆ ਤੇ ਬੇਸ਼ੁਮਾਰ ਧੰਨ ਦੌਲਤ ਲੈ ਕੇ ਵਾਪਸ ਆਇਆ। ਉਸ ਤੋਂ ਬਾਅਦ ਮਹਿਮੂਦ ਦਾ ਨਾਮ ਹਿੰਦੂਆਂ ਨੂੰ ਲਗਾਤਾਰ ਚੁਭਦਾ ਰਿਹਾ ਤੇ ਮੰਦਰ ਦੀ ਮੁੜ ਉਸਾਰੀ ਬਹੁਤ ਵੱਡਾ ਕੰਮ ਸੀ।

ਮਹਿਮੂਦ ਨੇ ਭਾਰਤੀਆਂ ਦੇ ਮਨਾਂ ਵਿਚ ਖ਼ੌਫ਼ ਪੈਦਾ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਉਸ ਨੇ ਜਿੱਤ ਦੀ ਖੁਸ਼ੀ ਵਿਚ ਦੁਸਮਣਾਂ ਦੀਆਂ ਉਂਗਲਾਂ ਕੱਟ ਕੇ ਲਿਆਉਣ ਦੀ ਰਸਮ ਅਨੁਸਾਰ ਕੱਟੀਆਂ ਉਂਗਲਾਂ ਦਾ ਢੇਰ ਲਗਾ ਦਿੱਤਾ। ਉਸ ਦੀ ਕਰੂਰਤਾ ਦੇ ਬਾਵਜੂਦ ਉਸ ਦੇ ਦਰਬਾਰ ਵਿਚ ਸਾਹਿਤ ਤੇ ਕਲਾ ਪਲਦੀ ਰਹੀ। ਉਸ ਵੇਲੇ ਦਾ ਮਸ਼ਹੂਰ ਫਾਰਸੀ ਸ਼ਾਇਰ 'ਫਿਰਦੌਸੀ' ਉਸ ਦਾ ਦਰਬਾਰੀ ਸੀ ਤੇ ਇਤਿਹਾਸਕਾਰ ਅਲ ਬੈਰੂਨੀ ਵੀ ਓਥੇ ਹੀ ਰਿਹਾ ਸੀ।

ਮਹਿਮੂਦ ਗਜ਼ਨਵੀ ਦੀ ਕਰੂਰਤਾ ਤੇ ਬਦਲਾ ਲਊ ਕਾਰਵਾਈਆਂ ਕਰਕੇ ਹਿੰਦੂ ਰਾਜੇ ਇਕੱਠੇ ਹੋ ਗਏ। ਉਸ ਨੂੰ ਆਪਣਾ 1027 ਵਿਚ ਕੀਤਾ ਆਖਰੀ ਹਮਲਾ ਵਿਚੋਂ

ਹੀ ਰੋਕਣਾ ਪਿਆ। ਭਾਰਤੀਆਂ ਨੇ ਉਸ ਨੂੰ ਚੈਨ ਨਾਲ ਅੱਗੇ ਨਹੀਂ ਵਧਣ ਦਿੱਤਾ ਤੇ ਸਿੰਧ ਦਰਿਆ ਤੋਂ ਪਹਿਲਾਂ ਹੀ ਰੋਕ ਲਿਆ। ਜਿਓਂ ਹੀ ਮਹਿਮੂਦ ਪਿੱਛੇ ਮੁੜਿਆ ਉਹਨਾਂ ਨੇ ਆਪਣੇ ਰਾਜ ਸਥਾਪਤ ਕਰ ਲਏ। ਅਗਲੇ 150 ਸਾਲ ਉੱਤਰੀ ਭਾਰਤ ਰਾਜਪੂਤਾਂ ਦੇ ਕੰਟਰੋਲ ਵਿਚ ਰਿਹਾ। ਅਜਮੇਰ ਤੇ ਦਿੱਲੀ ਵਿਚ ਚੌਹਾਨ ਸਨ, ਮਾਲਵਾ ਵਿਚ ਪਰਮਾਰ, ਰਾਠੌਰ ਤੇ ਬੁੰਦੇਲ ਸਨ।

ਦਰ ਅਸਲ ਭਾਰਤ ਵਿਚ ਇਸਲਾਮਕ ਸਾਮਰਾਜ ਦੀ ਸਥਾਪਨਾ ਕਰਨ ਵਾਲਾ ਮੁਹੰਮਦ ਗੌਰੀ ਸੀ। ਉਸ ਦਾ 1175 ਵਿਚ ਕੀਤਾ ਪਹਿਲਾ ਹਮਲਾ ਉਸ ਨੂੰ ਮੁਲਤਾਨ ਤੱਕ ਲੈ ਆਇਆ। ਉਸ ਦੀ ਦੂਸਰੀ ਕੋਸ਼ਿਸ਼ ਫੇਲ ਹੋ ਗਈ ਪਰ ਤੀਸਰੀ ਤੇ ਚੌਥੀ ਕੋਸ਼ਿਸ਼ ਵਿਚ ਉਸ ਨੇ ਪੰਜਾਬ ਉਪਰ ਕਬਜ਼ਾ ਕਰ ਲਿਆ। ਹੁਣ ਉਸ ਨੂੰ ਰਾਜਪੂਤ ਰਾਜਿਆਂ ਦੇ ਸਾਂਝੇ ਇਕੱਠ ਦਾ ਵਿਰੋਧ ਝੱਲਣਾ ਪੈ ਗਿਆ ਜਿਸ ਦੀ ਕਮਾਨ ਪ੍ਰਿਥਵੀ ਰਾਜ ਚੌਹਾਨ ਦੇ ਪਾਸ ਸੀ। ਤਾਰੇਨ ਦੀ ਲੜਾਈ ਵਿਚ 1191 ਈਸਵੀ ਵਿਚ ਰਾਜਪੂਤਾਂ ਨੇ ਹਮਲਾਵਰ ਨੂੰ ਹਰਾ ਦਿੱਤਾ। ਜੇ ਲੋਕ-ਕਥਾ ਦੇ ਕਵੀ ਚਾਂਦ ਰਾਮ ਨੂੰ ਸਹੀ ਮੰਨਿਆ ਜਾਵੇ ਤਾਂ ਪ੍ਰਿਥਵੀ ਰਾਜ ਨੇ ਮੁਹੰਮਦ ਗੌਰੀ ਨੂੰ ਇਕੱਲੇ ਇਕੱਲੇ ਦੀ ਲੜਾਈ ਵਿਚ ਹਰਾਇਆ ਤੇ ਇਕ ਸੱਚੇ ਰਾਜਪੂਤ ਦੀ ਤਰ੍ਹਾਂ ਉਸ ਨੂੰ ਆਜ਼ਾਦੀ ਨਾਲ ਵਾਪਸ ਜਾਣ ਦਿੱਤਾ। ਉਸ ਕਥਾ ਦੇ ਮੁਤਾਬਕ ਇਸ ਦਰਿਆ ਦਿਲੀ ਦੀ ਭਾਰਤ ਨੇ ਵੱਡੀ ਕੀਮਤ ਚੁਕਾਈ। ਅਗਲੇ ਸਾਲ ਮੁਹੰਮਦ ਗੌਰੀ ਵੱਡੀ ਫੌਜ ਲੈ ਕੇ ਆਇਆ ਤੇ ਤਾਰੇਨ ਦੇ ਮੈਦਾਨ ਵਿਚ ਹੀ ਪ੍ਰਿਥਵੀ ਰਾਜ ਨੂੰ ਹਰਾ ਦਿੱਤਾ।

ਗੌਰੀ ਦਾ ਸੂਬੇਦਾਰ ਕੁਤਬ ਦੀਨ ਐਬਕ ਨੇ, ਜਿਹੜਾ ਬਾਅਦ ਵਿਚ ਉਸ ਦਾ ਜਾਂਨਸ਼ੀਨ ਸੁਲਤਾਨ ਬਣਿਆ, ਦਿੱਲੀ ਤੇ ਮਥਰਾ ਉਪਰ ਕਬਜ਼ਾ ਕਰ ਲਿਆ ਤੇ ਜਮਨਾ ਤੇ ਗੰਗਾ ਵਿਚਲਾ ਇਲਾਕਾ ਆਪਣੇ ਅਧੀਨ ਕਰ ਲਿਆ। ਇਤਿਹਾਸਕਾਰ ਦੱਸਦੇ ਹਨ ਕਿ ਬਹੁਤ ਤੇਜ਼ੀ ਨਾਲ ਮੰਦਰ ਤੋੜੇ ਗਏ ਤੇ ਮਸਜਿਦਾਂ ਉਸਾਰੀਆਂ ਗਈਆਂ। ਸ਼ਿਵਾਲਿਆਂ ਦੀ ਘੰਟੀਆਂ ਬੰਦ ਹੋ ਗਈਆਂ ਤੇ ਨਮਾਜ਼ ਦੀਆਂ ਬਾਂਗਾਂ ਸੁਣਾਈ ਦੇਣ ਲੱਗ ਪਈਆਂ। ਮੂਰਤੀਆਂ ਤੇ ਬੁੱਤਾਂ ਦਾ ਨਾਮ ਤੱਕ ਨਾਸ਼ ਕਰ ਦਿੱਤਾ ਗਿਆ ਸੀ। ਦੱਸਦੇ ਹਨ ਕਿ 50,000 ਗੁਲਮਾਂ ਦਾ ਕਾਫਲਾ ਆਇਆ ਤੇ ਉਹਨਾਂ ਨੇ ਹਿੰਦੂ ਲਾਸ਼ਾਂ ਨਾਲ ਧਰਤੀ ਭਰ ਦਿੱਤੀ ਗਈ।

ਇਸ ਤੋਂ ਬਾਅਦ ਹੋਰ ਰਾਜਪੂਤ ਰਾਜਿਆਂ ਦੀ ਵਾਰੀ ਇਕੱਲਾ ਇਕੱਲਾ ਕਰਕੇ ਅਉਂਦੀ ਗਈ। ਮੁਸਲਿਮ ਹਮਲਾਵਰ ਬਹੁਤ ਤੇਜ਼ੀ ਨਾਲ ਭਾਰਤ ਦੇ ਅਗਲੇ ਇਲਾਕਿਆਂ ਵੱਲ ਵਧੇ। ਇਕ ਮੁਸਲਿਮ ਜਨਰਲ ਬਖ਼ਤਾਵਰ ਖ਼ਿਲਜੀ ਨੇ 1193 ਵਿਚ ਬਿਹਾਰ 'ਤੇ ਕਬਜ਼ਾ ਕਰ ਲਿਆ। ਉਸ ਨੇ ਬੋਧੀ ਭਿਖਸ਼ੂਆਂ ਦਾ ਬੇਦਰਦੀ ਨਾਲ ਤੇ ਵੱਡੀ ਗਿਣਤੀ ਵਿਚ ਕਤਲ ਕੀਤਾ। ਉਹ ਜਾਂ ਤਾਂ ਮਾਰੇ ਗਏ ਤੇ ਜਾਂ ਨੇਪਾਲ ਵੱਲ ਨੱਸ ਗਏ। ਛੇ ਸਾਲ ਬਾਅਦ ਖਿਲਜੀ ਨੇ ਬੰਗਾਲ 'ਤੇ ਚੜ੍ਹਾਈ ਕੀਤੀ ਤੇ ਕਬਜ਼ਾ ਕਰ ਲਿਆ।

ਮੁਹੰਮਦ ਗੌਰੀ ਖੁਦ ਜ਼ਿਅਦਾ ਦੇਰ ਭਾਰਤ ਵਿਚ ਨਹੀਂ ਰਿਹਾ। ਉਸ ਨੇ ਆਪਣੇ ਗੁਲਾਮਾਂ ਵਿਚੋਂ ਹਕੂਮਤ ਕਰਨ ਵਾਸਤੇ ਸੂਬੇਦਾਰ ਨਿਯੁਕਤ ਕੀਤੇ। ਇਸ ਤਰ੍ਹਾਂ ਭਾਰਤ

ਵਿਚ 'ਗੁਲਾਮ ਸੁਲਤਾਨਾਂ' ਦਾ ਦੌਰ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾ ਕੁਤਬਦੀਨ ਐਬਕ ਸੀ ਜੋ ਬਹੁਤ ਹੀ ਜਾਲਮ ਤੇ ਬੇਕਿਰਕ ਸੀ। ਉਸ ਨੇ ਹਜ਼ਾਰਾਂ ਨਹੀਂ ਲੱਖਾਂ ਹਿੰਦੂਆਂ ਦੇ ਕਤਲ ਕੀਤੇ। ਉਸ ਤੋਂ ਬਾਅਦ ਇਲਤਮਿਸ਼ (1210–1235 ਈਸਵੀ) ਦੀ ਹਕੂਮਤ ਆਈ। ਉਸ ਤੋਂ ਬਾਅਦ ਉਸ ਦੀ ਬੇਟੀ ਰਜ਼ੀਆ ਸੁਲਤਾਨਾ ਗੱਦੀ ਉਪਰ ਬੈਠ ਗਈ ਜਿਸ ਦਾ ਰਾਜ ਸਿਰਫ਼ ਤਿੰਨ ਸਾਲ 1236 ਤੋਂ 1240 ਈਸਵੀ ਤੱਕ ਰਿਹਾ। ਗੁਲਾਮ ਵੰਸ਼ ਦਾ ਆਖਰੀ ਸੁਲਤਾਨ ਗਿਆਸੋਦੀਨ ਬਲਬਨ ਸੀ ਜਿਸ ਨੇ ਅੰਤ ਦੇ ਜ਼ੁਲਮਾਂ ਤੇ ਤਸ਼ੱਦਦ ਨਾਲ 40 ਸਾਲ, 1286 ਤੱਕ ਰਾਜ ਕੀਤਾ।

ਇਸ ਤੋਂ ਬਾਅਦ ਦੇ ਮੁਸਲਿਮ ਬਾਦਸ਼ਾਹੀ ਘਰਾਣਿਆਂ ਦੀ ਚਰਚਾ ਕਰਨ ਤੋਂ ਪਹਿਲਾਂ ਅਸੀਂ ਇਹ ਚਰਚਾ ਕਰਨੀ ਜ਼ਰੂਰੀ ਸਮਝਦੇ ਹਾਂ ਕਿ ਹਿੰਦੂ ਭਾਰਤ ਇਤਨੀ ਆਸਾਨੀ ਨਾਲ ਮੁਸਲਿਮ ਹਮਲਾਵਰਾਂ ਤੋਂ ਕਿਵੇਂ ਮਾਰ ਖਾ ਗਿਆ।

ਸਭ ਤੋਂ ਪਹਿਲਾ ਸਾਫ ਕਾਰਣ ਤਾਂ ਇਹੀ ਹੈ ਕਿ ਹਿੰਦੂਆਂ ਵਿਚ ਏਕਤਾ ਨਹੀਂ ਸੀ। ਹਿੰਦੂ ਰਾਜੇ ਇਕ ਦੂਜੇ ਨਾਲ ਦੁਸ਼ਮਣੀ ਨਿਭਾਉਣ ਵਾਸਤੇ ਦੁਸ਼ਮਣ ਨਾਲ ਵੀ ਹੱਥ ਮਿਲਾਉਣ ਵਾਸਤੇ ਤਿਆਰ ਸਨ ਜਿਵੇਂ ਕਿ ਜੈ ਚੰਦ ਨੇ ਪ੍ਰਿਥਵੀ ਰਾਜ ਨੂੰ ਹਰਾਉਣ ਵਾਸਤੇ ਮੁਹੰਮਦ ਗੌਰੀ ਦੀ ਸਹਾਇਤਾ ਕੀਤੀ ਭਾਵੇਂ ਕਿ ਬਾਅਦ ਵਿਚ ਆਪ ਵੀ ਉਸ ਦੇ ਹੱਥੋਂ ਮਾਰਿਆ ਗਿਆ। ਲੜਾਈ ਦੇ ਮੈਦਾਨ ਵਿਚ ਹਿੰਦੂਆਂ ਦੀ ਏਕਤਾ ਵਾਲੀ ਕਮਾਨ ਨਹੀਂ ਸੀ ਹੁੰਦੀ। ਜਾਤੀ ਤਕਸੀਮ ਨੇ ਵੀ ਹਿੰਦੂਆਂ ਦੀ ਹਾਰ ਵਿਚ ਵੱਡਾ ਹਿੱਸਾ ਪਾਇਆ ਜਿਵੇਂ ਸਿਰਫ਼ ਖੱਤਰੀ ਹੀ ਫੌਜ ਵਿਚ ਭਰਤੀ ਹੋ ਸਕਦੇ ਸਨ। ਹਿੰਦੂਆਂ ਦੀ ਲੜਾਈ ਦੀ ਤਕਨੀਕ ਵੀ ਵਧੀਆ ਨਹੀਂ ਸੀ। ਜਿਹਨਾਂ ਹਾਥੀਆਂ 'ਤੇ ਮਾਣ ਕਰਦੇ ਰਹੇ, ਉਹ ਆਪਣੀ ਹੀ ਫੌਜ ਨੂੰ ਲਤਾੜ ਕੇ ਦੌੜ ਜਾਂਦੇ ਰਹੇ। ਦੂਜੇ ਪਾਸੇ ਮੁਸਲਮਾਨ ਚੰਗੇ ਹਥਿਆਰਾਂ ਨਾਲ ਲੈਸ ਹੁੰਦੇ ਸਨ ਤੇ ਬੇਗਾਨੇ ਮੁਲਕ ਵਿਚ ਪੂਰੀ ਸ਼ਿੱਦਤ ਨਾਲ ਲੜਦੇ ਸਨ।

ਅਸੀਂ ਅੱਗੇ ਵਧਦੇ ਹਾਂ। ਗੁਲਾਮ ਸੁਲਤਾਨਾਂ ਤੋਂ ਬਾਅਦ ਤੁਰਕੀ ਖਿਲਜੀਆਂ ਦਾ ਵੰਸ਼ ਚੱਲਿਆ। ਮੁੱਖ ਖਿਲਜੀ ਬਾਦਸ਼ਾਹ ਅਲਾਓਦੀਨ ਖਿਲਜੀ ਸੀ ਜਿਸ ਨੇ 1296 ਤੋਂ 1316 ਤੱਕ 20 ਸਾਲ ਵਾਸਤੇ ਰਾਜ ਕੀਤਾ। ਉਸ ਦੇ ਜਨਰਲ ਮਲਿਕ ਕਾਫੂਰ ਨੇ 1312 ਈਸਵੀ ਵਿਚ ਦੱਖਣ ਨੂੰ ਫਤਿਹ ਕੀਤਾ ਤੇ ਇਸ ਤਰ੍ਹਾਂ ਆਪਣੇ ਮਾਲਕ ਨੂੰ 'ਸਿਕੰਦਰੇ ਸਾਨੀ' ਦੇ ਖਿਤਾਬ ਦਾ ਹੱਕਦਾਰ ਬਣਵਾਇਆ।

ਖਿਲਜੀਆਂ ਤੋਂ ਬਾਅਦ ਇਕ ਹੋਰ ਤੁਰਕਿਸ਼ ਵੰਸ਼, ਤੁਗਲਕਾਂ, ਦੀ ਵਾਰੀ ਆਈ ਜਿਹਨਾਂ ਨੇ 1320 ਈਸਵੀ ਤੋਂ 1397 ਈਸਵੀ ਤੱਕ 77 ਸਾਲਾਂ ਵਾਸਤੇ ਰਾਜ ਕੀਤਾ। ਇਹਨਾਂ ਵਿਚੋਂ ਸਭ ਤੋਂ ਵਰਨਣ ਯੋਗ ਮੁਹੰਮਦ ਤੁਗਲਿਕ ਸੀ ਜਿਸ ਨੇ 1325 ਤੋਂ 1351 ਈਸਵੀ ਤੱਕ ਰਾਜ ਕੀਤਾ। ਇਸ ਦੀ ਸਲਤਨਤ ਅਲਾਓਦੀਨ ਖਿਲਜੀ ਦੀ ਸਲਤਨਤ ਜਿਤਨੀ ਹੀ ਵੱਡੀ ਸੀ। ਉਸ ਨੇ ਦੋ ਵਾਰ ਦਿੱਲੀ ਤੋਂ ਦੌਲਤਾਬਾਦ ਵਿਚ ਰਾਜਧਾਨੀ ਬਦਲਣ ਦਾ ਨਾਕਾਮਯਾਬ ਤਜਰਬਾ ਕੀਤਾ। ਉਹ ਹਿੰਦੂਆਂ ਪ੍ਰਤੀ ਜ਼ਿਆਦਾ ਜਾਲਮ ਨਹੀਂ ਸੀ ਬਲਕਿ ਹਿੰਦੂ ਔਰਤਾਂ ਨਾਲ ਵਿਆਹ ਵੀ ਕੀਤੇ ਸਨ।

ਤੁਗਲਕਾਂ ਦੇ ਆਖਰੀ ਬਾਦਸ਼ਾਹ ਤੈਮੂਰ (1336-1405 ਈਸਵੀ) ਦੇ ਹਮਲਿਆਂ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਨਹੀਂ ਸਨ। ਬੇਕਿਰਕੀ ਤੇ ਬਰਬਰਤਾ ਵਿਚ ਵੀ ਤੈਮੂਰ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਆਪਣੇ ਸ਼ੌਕ ਦੇ ਰੇਟ ਤੇ ਕੀਤੇ ਜਾਂਦੇ ਕਤਲਾਂ ਨੂੰ ਇਸਲਾਮ ਵਾਸਤੇ ਜਿਹਾਦ ਦਾ ਨਾਮ ਦਿੰਦਾ ਸੀ। ਦਿੱਲੀ ਦੇ ਸੁਲਤਾਨਾਂ ਉਪਰ ਹਮਲਾ ਕਰਨ ਤੋਂ ਪਹਿਲਾਂ ਉਸ ਨੇ ਪੰਜਾਬ ਵਿਚ ਕੈਦੀ ਬਣਾਏ ਇੱਕ ਲੱਖ ਹਿੰਦੂਆਂ ਦਾ ਕਤਲ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਆਪਣੀ ਬੇਕਿਰਕੀ ਵੀ ਦਰਸਾਉਣਾ ਚਾਹੁੰਦਾ ਸੀ।

ਤੈਮੂਰ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ਸੀ। ਪੰਜਾਬ ਨੂੰ ਲਿਤਾੜਨ ਤੋਂ ਬਾਅਦ ਉਸ ਨੇ 15 ਦਿਨਾਂ ਵਾਸਤੇ ਦਿੱਲੀ ਨੂੰ ਲੁੱਟਿਆ ਤੇ ਸ਼ਹਿਰ ਨੂੰ ਤਹਿਸ ਨਹਿਸ ਕਰ ਦਿੱਤਾ। ਉਸ ਦੇ ਹਮਲਿਆਂ ਤੋਂ ਬਾਅਦ ਚਾਰੇ ਪਾਸੇ ਦੀ ਬਰਬਾਦੀ, ਹਫੜਾ ਦਫੜੀ ਤੇ ਭੁੱਖਮਰੀ ਤੋਂ ਬਿਨਾਂ ਕੁਝ ਨਹੀਂ ਬਚ ਸਕਦਾ ਸੀ। ਉਹ ਉੱਤਰੀ ਭਾਰਤ ਵਾਸਤੇ ਇਕ ਹਊਆ ਬਣ ਗਿਆ ਸੀ। ਤੈਮੂਰ ਦੇ ਹਮਲਿਆਂ ਦਾ ਇਕ ਅਹਿਮ ਨਤੀਜਾ ਇਹ ਵੀ ਨਿਕਲਿਆ ਕਿ ਭਾਰਤ ਦੋ ਹਿੱਸਿਆਂ ਵਿਚ ਵੰਡਿਆ ਗਿਆ। ਉੱਤਰ ਵਿਚ ਤੁਰਕਾਂ ਤੇ ਅਫ਼ਗਾਨਾਂ ਨੇ ਆਪਣੀ ਮੁੜ ਸੁਰਜੀਤੀ ਕਰ ਲਈ। ਪਹਿਲਾਂ 1441 ਤੋਂ 1447 ਈਸਵੀ ਤੱਕ ਸਈਅਦ ਤੇ ਫਿਰ 1447 ਤੋਂ 1526 ਈਸਵੀ ਤੱਕ ਲੋਧੀ ਵੰਸ਼ ਦਾ ਰਾਜ ਹੋਇਆ। ਦੱਖਣ ਆਜ਼ਾਦ ਹਿੰਦੂ ਰਾਜਾਂ ਕੋਲ ਰਿਹਾ।

ਹੁਣ ਅਸੀਂ 1500 ਈਸਵੀ ਵਿਚ ਪਹੁੰਚ ਗਏ ਹਾਂ ਤੇ ਘੋਖ ਕਰ ਸਕਦੇ ਹਾਂ ਕਿ 500 ਸਾਲ ਤੱਕ ਦੇ ਮੁਸਲਮਾਨਾਂ ਦੀਆਂ ਹਕੂਮਤਾਂ ਦਾ ਕੀ ਨਤੀਜਾ ਨਿਕਲਿਆ। ਇਸ ਦੌਰਾਨ ਕੀ ਹਾਸਲ ਕੀਤਾ ਤੇ ਕੀ ਗੰਵਾਇਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸਲਾਮ ਨੇ ਇਸ ਮੁਲਕ ਵਿਚ ਪੈਰ ਜਮਾ ਲਏ ਪਰ ਇਹ ਬਰਬਰਤਾ, ਕਤਲੇ ਆਮ ਤੇ ਮੰਦਰਾਂ ਦੀ ਬਰਬਾਦੀ ਹੀ ਨਹੀਂ ਸੀ ਕਿ ਲੋਕਾਂ ਨੇ ਧਰਮ ਬਦਲੀ ਕਰਕੇ ਇਸਲਾਮ ਕਬੂਲ ਕੀਤਾ। ਜਬਰਦਸਤੀ ਦੀਆਂ ਧਰਮ ਬਦਲੀਆਂ ਜ਼ਰੂਰ ਸਨ ਪਰ ਉਹ ਥੋੜ੍ਹੇ ਚਿਰ ਵਾਸਤੇ ਹੀ ਰਹਿੰਦੀਆਂ ਰਹੀਆਂ। ਹਿੰਸਾ ਹਮੇਸ਼ਾਂ ਹਿੰਸਾ ਨੂੰ ਜਨਮ ਦੇਂਦੀ ਹੈ। ਇਹਨਾਂ ਲੜਾਈਆਂ ਦੌਰਾਨ ਬਹੁਤ ਜਗ੍ਹਾ ਹਿੰਦੂਆਂ ਨੇ ਵੀ ਮੁਸਲਮਾਨਾਂ ਦੇ ਤਕੜੇ ਮੁਕਾਬਲੇ ਕੀਤੇ ਤੇ ਉਹਨਾਂ ਨੂੰ ਭਾਰੀ ਜਾਨੀ ਨੁਕਸਾਨ ਪਹੁੰਚਾਇਆ। ਭਾਰਤ ਵਿਚ ਦਾਖਲ ਹੋਣ ਵਾਲੇ ਪਹਿਲੇ ਮੁਸਲਮਾਨ ਤੁਰਕ, ਅਫ਼ਗਾਨ, ਇਰਾਨੀ ਤੇ ਅਰਬੀ ਸਨ। ਇਹਨਾਂ ਵਿਚੋਂ ਬਹੁਤੇ ਹਮਲਾਵਰ ਫੌਜਾਂ ਨਾਲ ਆਏ ਸਨ ਪਰ ਇਥੋਂ ਦੀਆਂ ਔਰਤਾਂ ਨਾਲ ਵਿਆਹ ਕਰਵਾ ਕੇ ਇਥੇ ਹੀ ਵੱਸ ਗਏ। ਇਹਨਾਂ ਨਾਲ ਬਹੁਤ ਸਾਰੇ ਮੁੱਲਾਂ ਤੇ ਸੂਫ਼ੀ ਵੀ ਆਏ ਸਨ। ਇਹਨਾਂ ਦਾ ਪ੍ਰਚਾਰ ਤੇ ਮੇਲ ਮਿਲਾਪ ਧਰਮ ਬਦਲੀ ਦਾ ਸਭ ਤੋਂ ਵੱਡਾ ਕਾਰਣ ਸੀ। ਬਹੁਤੇ ਹਿੰਦੂ ਜੋ ਇਸਲਾਮ ਧਾਰਦੇ ਰਹੇ ਉਹ ਨੀਵੀਆਂ ਕਹੀਆਂ ਜਾਂਦੀਆਂ ਜਾਤੀਆਂ ਵਿਚੋਂ ਸਨ। ਓਦੋਂ ਤੱਕ ਬੁੱਧ ਧਰਮ ਖ਼ਤਮ ਹੋ ਚੁਕਾ ਸੀ ਇਸ ਵਾਸਤੇ ਬਰਾਬਰ ਦੀ ਜਾਤ ਦਾ ਬਣਨ ਵਾਸਤੇ ਉਹਨਾਂ ਕੋਲ ਇਸਲਾਮ ਦਾ ਆਸਰਾ ਹੀ ਬਚਿਆ ਸੀ। ਇਸ ਤਰ੍ਹਾਂ ਕਈ ਜਗ੍ਹਾ ਬਸਤੀਆਂ ਦੀਆਂ ਬਸਤੀਆਂ ਨੇ ਸਮੂਹਕ ਧਰਮ ਪ੍ਰੀਵਰਤਨ ਵੀ ਕੀਤੇ।

ਇਹ ਠੀਕ ਹੈ ਕਿ ਮੁਸਲਿਮ ਹਮਲਾਵਰਾਂ ਨੇ ਬਹੁਤ ਸਾਰੇ ਮੰਦਰ ਗਿਰਾਏ ਪਰ ਬਹੁਤ ਸਾਰੇ ਬਚੇ ਵੀ ਰਹੇ। ਬਹੁਤ ਪੁਰਾਣੀਆਂ ਮੂਰਤੀਆਂ ਤੇ ਬੁੱਤ ਵੀ ਬਚੇ ਰਹੇ ਬਲਕਿ ਵਿਚੇ ਵਿਚ ਨਵੀਂ ਮੂਰਤੀ ਸਾਜ਼ੀ ਵੀ ਹੁੰਦੀ ਰਹੀ ਤੇ ਬਹੁਤ ਜਗ੍ਹਾ ਹਿੰਦੂ ਤੇ ਮੁਸਲਮਾਨ ਬੁੱਤ ਘਾੜੇ ਆਪਸ ਵਿਚ ਤਾਲਮੇਲ ਕਰਕੇ ਇਕ ਦੂਜੇ ਤੋਂ ਸਿੱਖਦੇ. ਰਹੇ। ਨਵੇਂ ਬਣੇ ਬਹੁਤ ਸਾਰੇ ਮੁਸਲਮਾਨਾਂ ਨੇ ਮੰਦਰਾਂ ਦੀ ਤਰਜ ਉਪਰ ਮਸਜਿਦਾਂ ਬਣਾਈਆਂ, ਕਮਲ ਦੇ ਫੁੱਲਾਂ ਉਪਰ ਅੱਲਾ ਉਕਰਿਆਂ ਤੇ ਹਾਥੀ ਦੀਆਂ ਸੁੰਢਾਂ ਦੇ ਬੁੱਤ ਬਣਾ ਕੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਲਿਖੀਆਂ। ਇਹਨਾਂ ਮਾਰਧਾੜ ਦੇ ਜ਼ਮਾਨਿਆਂ ਵਿਚ ਵੀ ਬਹੁਤ ਸਾਰੀਆਂ ਨਵੀਆਂ ਇਮਾਰਤਾਂ ਉਸਰੀਆਂ ਜਿਹਨਾਂ ਵਿਚੋਂ ਇਕ ਕੁਤਬ ਮੀਨਾਰ ਹੈ।

ਇਸ ਤੋਂ ਇਲਾਵਾ ਇਸੇ ਵਕਤ ਵਿਚ ਬਹੁਤ ਸਾਰੇ ਇਤਿਹਾਸਕਾਰ, ਸਾਹਿਤਕਾਰ ਤੇ ਪਹੁੰਚੇ ਹੋਏ ਸੂਫੀ ਸੰਤ ਪੈਦਾ ਹੋਏ। ਕਾਜ਼ੀ ਮਿਨਾਜੁਦੀਨ ਸਿਰਾਜ ਤੇ ਜ਼ਿਆਦੀਨ ਬਰਾਨੀ ਹੋਏ ਜਿਹਨਾਂ 'ਤਾਰੀਖ ਏ ਫਿਰੋਜ਼ਸ਼ਾਹੀ' ਲਿਖੀ। ਭਾਰਤ ਦਾ ਹੁਣ ਤੱਕ ਦਾ ਮਸ਼ਹੂਰ ਸਾਹਿਤਕਾਰ ਅਮੀਰ ਖੁਸਰੋ (1253-1325 ਈਸਵੀ) ਇਸ ਯੁਗ ਵਿਚ ਹੋਇਆ ਜਿਸ ਨੇ ਇਸੇ ਯੁਗ ਵਿਚ ਹੋਏ ਆਪਣੇ ਮੁਰਸ਼ਦ 'ਨਿਜ਼ਾਮੁਦੀਨ ਔਲੀਆ' ਤੋਂ ਇਨਸਾਨੀ ਭਾਈਚਾਰੇ ਦੀ ਸੇਵਾ ਸਿੱਖੀ। ਉਹ ਫਾਰਸੀ ਦਾ ਸ਼ਾਇਰ ਸੀ ਪਰ ਉਸ ਨੇ ਬਹੁਤ ਸਾਰੀਆਂ ਹਿੰਦੀ ਨਜ਼ਮਾਂ ਵੀ ਲਿਖੀਆਂ ਜਿਹਨਾਂ ਵਿਚ ਹਲਕੀਆਂ ਫੁਲਕੀਆਂ ਬੁਝਾਰਤਾਂ ਵੀ ਸਨ। ਉਸ ਨੇ ਕੁਝ ਬੁਝਾਰਤਾਂ ਅਜਿਹੀਆਂ ਲਿਖੀਆਂ ਜਿਹਨਾਂ ਦਾ ਜਵਾਬ ਬੁਝਾਰਤ ਦੀ ਇਬਾਰਤ ਵਿਚ ਹੀ ਹੁੰਦਾ ਸੀ। ਇਹਨਾਂ ਵਿਚੋਂ ਇਕ ਮਸ਼ਹੂਰ ਬੁਝਰਤ ਹੈ:

'ਦਸ ਸਿਰ ਕਾਟ ਦੀਏ,
ਨਾ ਖੂਨ ਬਹਾ ਨਾ ਕਤਲ ਹੂਆ'

ਇਸ ਦਾ ਜਵਾਬ ਹੈ, 'ਨਾਖੂਨ' ਜੋ ਬੁਝਰਤ ਦੀ ਇਬਾਰਤ ਵਿਚ ਹੀ ਮਿਲਦਾ ਹੈ। ਇਸੇ ਤਰ੍ਹਾਂ ਉਸ ਦੇ ਬਹੁਤ ਸਾਰੇ ਸ਼ੇਅਰ ਦੂਹਰੇ ਅਰਥਾਂ ਵਾਲੇ ਸਨ। ਅਮੀਰ ਖੁਸਰੋ ਨੂੰ 'ਤੂਤ ਏ ਹਿੰਦ' ਯਾਨੀ ਭਾਰਤ ਦੀ ਬੁਲਬੁਲ ਦਾ ਖਿਤਾਬ ਮਿਲਿਆ। ਦਿੱਲੀ ਵਿਚ ਨਿਜ਼ਾਮੁਦੀਨ ਔਲੀਆ ਦੇ ਪਾਸ ਹੀ ਉਸ ਦੀ ਮਜ਼ਾਰ ਹੈ। ਹਰ ਸਾਲ ਉਸ ਦੀ ਮਜ਼ਾਰ ਉਪਰ ਮੇਲਾ ਲੱਗਦਾ ਹੈ। ਸਾਰੀ ਰਾਤ ਅੱਲਾ ਦੀ ਤਾਰੀਫ਼ ਵਿਚ ਨਾਹਤਾਂ ਤੇ ਖੁਸਰੋਂ ਦੀਆਂ ਲਿਖੀਆਂ ਨਜ਼ਮਾਂ ਦਾ ਰਾਗ ਚੱਲਦਾ ਹੈ।

ਚੈਪਟਰ 12

ਮੁਗਲ ਕਾਲ

ਮੁਗਲਾਂ ਨੇ ਭਾਰਤ ਉਪਰ 200 ਸਾਲ ਰਾਜ ਕੀਤਾ ਤੇ ਇਸ ਦੇ ਹਰ ਖੇਤਰ ਰਾਜ-ਪ੍ਰਬੰਧ, ਕਲਾ, ਇਮਾਰਤਸਾਜ਼ੀ, ਸਾਹਿਤ ਤੇ ਜੀਵਨ ਦੇ ਢੰਗ ਵਗੈਰਾ ਉਪਰ ਡੂੰਘਾ ਪ੍ਰਭਾਵ ਪਾਇਆ। ਇਕ ਦੂਜੇ ਤੋਂ ਬਾਅਦ 6 ਬਾਦਸ਼ਾਹ ਗੱਦੀ ਉਪਰ ਬੈਠੇ ਤੇ ਹਰ ਇਕ ਨੇ ਭਾਰਤ ਦੇ ਇਤਿਹਾਸ ਵਿਚ ਆਪਣੇ ਆਪਣੇ ਹਿਸਾਬ ਦਾ ਅਸਰ ਛੱਡਿਆ। ਅੰਦਰੂਨੀ ਬਗਾਵਤਾਂ ਕਰਕੇ ਜਦੋਂ ਇਹਨਾਂ ਬਾਦਸ਼ਾਹਾਂ ਦੇ ਤਖ਼ਤ ਖੁੱਸ ਰਹੇ ਸਨ, ਓਦੋਂ ਵੀ ਇਹਨਾਂ ਦਾ ਤਕੜਾ ਦਬਦਬਾ ਰਿਹਾ। ਮੁਗਲਾਂ ਦੇ ਖਾਨਦਾਨ ਦੀ ਹਕੂਮਤ ਦਾ ਅੰਤ ਲਹੂ ਡੋਲਵਾਂ ਹੋਇਆ ਜੋ ਅੱਜ ਵੀ ਲੋਕਾਂ ਦੀਆਂ ਅੱਖਾਂ ਵਿਚ ਪਾਣੀ ਲਿਆ ਦੇਂਦਾ ਹੈ।

ਮੁਗਲ ਸਾਕੇ ਦੀ ਸ਼ੁਰੂਆਤ ਸ਼ਾਨਦਾਰ ਰਹੀ। ਭਾਰਤ ਦੇ ਲੋਕਾਂ ਅੱਗੇ ਚੰਗੇਜ਼ ਖਾਂ ਤੇ ਹਲਾਕੂ ਦੇ ਹਮਲਿਆਂ ਦੀ ਬਹੁਤ ਦਰਦਨਾਕ ਯਾਦ ਸੀ। ਤੈਮੂਰ ਦਾ 1398 ਦਾ ਉਤਰ ਭਾਰਤ 'ਤੇ ਹਮਲਾ ਬਹੁਤ ਤਬਾਹੀ ਮਚਾ ਗਿਆ। ਉਸ ਦਾ ਨਿਸ਼ਾਨਾ ਹਕੂਮਤ ਨਹੀਂ ਵੱਧ ਤੋਂ ਵੱਧ ਢਾਹੁਣਾ ਤੇ ਜਾਨੋਂ ਮਾਰਨਾ ਸੀ। ਉਸ ਨੇ ਦਰਸਾਉਣਾ ਸੀ ਕਿ ਮੰਗੋਲ ਕਿਤਨੇ ਬੇਫਿਕਰ ਹੋ ਸਕਦੇ ਹਨ।

ਪੂਰੇ 100 ਸਾਲ ਇਹ ਮੁਲਕ ਇਸ ਤਰ੍ਹਾਂ ਦੀਆਂ ਭਿਆਨਕ ਚੋਟਾਂ ਸਹਿੰਦਾ ਰਿਹਾ। ਗੰਗਾ ਤੇ ਸਿੰਧ ਦੇ ਮੈਦਾਨ, ਗੁਜਰਾਤ, ਮਹਾਰਾਸ਼ਟਰ ਤੇ ਦੱਖਣ ਵਿਚ ਕਈ ਮੁਸਲਮਾਨ ਹਕੂਮਤਾਂ ਕਾਇਮ ਹੋ ਗਈਆਂ ਸਨ। ਰਾਜਸਥਾਨ ਵਿਚ ਰਾਜਪੂਤਾਂ ਦੀਆਂ ਵੱਖ ਵੱਖ ਆਜ਼ਾਦ ਰਾਜਾ ਸ਼ਾਹੀਆਂ ਬਣੀਆਂ। ਉੜੀਸਾ ਵਿਚ ਵੀ ਹਿੰਦੂ ਰਾਜੇ ਕਾਇਮ ਰਹੇ ਤੇ ਦੱਖਣ ਵਿਚ ਵਿਜੈਨਗਰ ਦਾ ਹਿੰਦੂ ਰਾਜ ਇਕ ਵੱਡਾ ਸਾਮਰਾਜ ਬਣ ਰਿਹਾ ਸੀ।

ਬਾਬਰ (1526-1530 ਈਸਵੀ)

"ਮੈਂ ਹਿੰਦੁਸਤਾਨ ਨੂੰ ਜਿੱਤਣ ਦਾ ਸੁਪਨਾ ਕਦੇ ਵੀ ਨਹੀਂ ਵਿਸਾਰ ਸਕਿਆ ਸੀ", ਬਾਬਰ ਨੇ ਆਪਣੀਆਂ ਯਾਦਾਂ ਵਿਚ ਲਿਖਿਆ। ਉਸ ਨੇ ਆਪਣੇ ਆਪ ਨੂੰ ਚੰਗੇਜ਼, ਹਲਾਕੂ ਤੇ ਤੈਮੂਰ ਦਾ ਜਾਂਨਸ਼ੀਨ ਸਮਝਿਆ ਤੇ ਭਾਰਤ ਨੂੰ ਜਿੱਤਣਾ ਆਪਣਾ ਹੱਕ। ਉਸ ਦੀਆਂ ਖਾਹਸ਼ਾਂ ਦੀ ਬੁਨਿਆਦ ਉਹ ਕਹਾਣੀਆਂ ਸਨ ਜੋ ਉਸ ਨੇ ਭਾਰਤ ਦੀ ਅਮੀਰੀ ਬਾਰੇ ਸੁਣੀਆਂ ਸਨ।

ਬਾਬਰ ਨੇ ਪਹਿਲਾਂ ਸਮਰਕੰਦ ਵਿਚ ਆਪਣੇ ਦੁਸ਼ਮਣਾਂ ਉਪਰ ਕਾਬੂ ਪਾਇਆ ਤੇ ਫਿਰ ਅਫ਼ਗਾਨਿਸਤਾਨ ਦੇ ਰਸਤੇ ਹਿੰਦੁਸਤਾਨ ਵਾਸਤੇ ਚੱਲ ਪਿਆ ਤੇ 1519 ਤੋਂ ਲੈ ਕੇ 1526 ਤੱਕ ਪੰਜ ਵਾਰ ਹਿੰਦੁਸਤਾਨ ਵਿਚ ਦਾਖ਼ਲ ਹੋਇਆ। ਪਹਿਲੇ ਹੱਲੇ ਵੇਲੇ ਤੋਂ ਹੀ ਉਹ ਆਪਣੇ ਸਿਪਾਹੀਆਂ ਨੂੰ ਕਹਿੰਦਾ ਰਿਹਾ, "ਇਹਨਾਂ ਲੋਕਾਂ ਦੇ ਘਰ ਪਰਿਵਾਰਾਂ ਨੂੰ ਬਰਬਾਦ ਨਹੀਂ ਕਰਨਾ ਹੁਣ ਇਸ ਮੁਲਕ ਉਪਰ ਇਕ ਤੁਰਕ ਦਾ ਕਬਜ਼ਾ ਨਵੇਂ

ਤਰੀਕੇ ਦਾ ਹੋਵੇਗਾ। ਸਾਡੀ ਅੱਖ ਇਸ ਧਰਤੀ ਉਪਰ ਵੀ ਹੈ ਤੇ ਇਥੋਂ ਦੇ ਲੋਕਾਂ ਉਪਰ ਵੀ, ਕੋਈ ਲੁੱਟ ਖਸੁੱਟ ਨਹੀਂ ਕਰਨੀ ਕੋਈ ਜਬਰ ਜਨਾਹ ਨਹੀਂ ਕਰਨੇ"। ਉਸ ਨੇ ਅਜਿਹੀ ਉਚੇਚੀ ਤਕਰੀਰ 1519 ਵਿਚ ਦੂਸਰੇ ਹਮਲੇ ਵੇਲੇ ਕੀਤੀ ਜਦੋਂ ਪੰਜਾਬ ਦੇ ਕਾਫ਼ੀ ਹਿੱਸੇ ਉਪਰ ਕਬਜ਼ਾ ਬਣਾ ਲਿਆ ਸੀ।

ਅਗਲੇ ਸਾਲ ਜਦੋਂ ਬਾਬਰ ਪੰਜਾਬ ਆਇਆ ਤਾਂ ਉਸ ਨੂੰ ਪਤਾ ਲੱਗਾ ਕਿ ਲੋਧੀ ਬਾਦਸ਼ਾਹਾਂ ਵਿਚ ਆਪਸੀ ਕਲੇਸ਼ ਚੱਲ ਰਹੇ ਹਨ ਜਿਹਨਾਂ ਵਿਚੋਂ ਇਕ ਦੀ ਦਿੱਲੀ ਉਪਰ ਹੁਕੂਮਤ ਸੀ। ਉਹ ਜਾਣ ਗਿਆ ਕਿ ਇਸ ਹਾਲਾਤ ਨੂੰ ਆਪਣੇ ਪੱਖ ਵਿਚ ਵਰਤਿਆ ਜਾ ਸਕਦਾ ਹੈ। ਚਾਰ ਸਾਲ ਦੇ ਵਕਫ਼ੇ ਤੋਂ ਬਾਅਦ ਬਾਬਰ ਨੇ ਦਿੱਲੀ ਉਪਰ ਚੜ੍ਹਾਈ ਕੀਤੀ। ਉਸ ਨੇ ਆਪਣੀਆਂ ਯਾਦਾਂ ਦੀ ਕਿਤਾਬ 'ਤੋਜ਼ਕੇ ਬਾਬਰੀ' ਵਿਚ ਲਿਖਿਆ, "ਸ਼ੁਕਰਵਾਰ, 17 ਨਵੰਬਰ, 1525 ਨੂੰ ਜਦੋਂ ਸੂਰਜ ਧੰਨ ਰਾਸ਼ੀ ਬਣਾ ਰਿਹਾ ਹੈ, ਮੈਂ ਹਿੰਦੁਸਤਾਨ 'ਤੇ ਹਮਲਾ ਕਰਨ ਨਿਕਲਿਆ ਹਾਂ.... ਆਪਣੇ ਪੈਰ ਇਕ ਪੱਕੇ ਫੈਸਲੇ ਦੀ ਰਕਾਬ ਵਿਚ ਪਾ ਕੇ, ਰੱਬ ਵਿਚ ਇਤਮਾਦ ਰੱਖ ਕੇ, ਮੈਂ ਸੁਲਤਾਨ ਇਬਰਾਹੀਮ ਵਲਦ ਸੁਲਤਾਨ ਸਿਕੰਦਰ ਵਲਦ ਸੁਲਤਾਨ ਬਹਿਲੋਲ ਲੋਧੀ ਅਫ਼ਗਾਨ ਨੂੰ ਜਿੱਤਣ ਜਾ ਰਿਹਾ ਹਾਂ ਜਿਸ ਦੇ ਕਬਜ਼ੇ ਵਿਚ ਦਿੱਲੀ ਤੇ ਹਿੰਦੁਸਤਾਨ ਹਨ"।

ਬਾਬਰ ਦਾ ਵਿਰੋਧੀ ਇਬਰਾਹੀਮ ਲੋਧੀ ਸੀਮਤ ਕਾਬਲੀਅਤ ਦਾ ਮਾਲਕ ਸੀ। ਆਪਣੀ ਹੈਂਕੜ ਬਾਜ਼ੀ ਕਰਕੇ ਉਸ ਨੇ ਆਪਣੇ ਅਫ਼ਗਾਨ ਰਿਸ਼ਤੇਦਾਰਾਂ ਨੂੰ ਹੀ ਨਾਰਾਜ਼ ਕੀਤਾ ਹੋਇਆ ਸੀ। ਉਸ ਦਾ ਕਹਿਣਾ ਸੀ ਕਿ 'ਬਾਦਸ਼ਾਹਾਂ ਦੇ ਕੋਈ ਰਿਸ਼ਤੇਦਾਰ ਨਹੀਂ ਹੁੰਦੇ।' ਭਾਵੇਂ ਉਸ ਨੇ ਬਾਬਰ ਦੀ ਦਸ ਹਜ਼ਾਰ ਦੀ ਫੌਜ ਦੇ ਮੁਕਾਬਲੇ ਇਕ ਲੱਖ ਦੀ ਫੌਜ ਤਿਆਰ ਕਰ ਲਈ ਸੀ ਪਰ ਲੜਾਈ ਤੋਂ ਅਣਜਾਣ ਫੌਜ ਸੀ। ਪਾਨੀਪੱਤ ਦੇ ਮੈਦਾਨ ਵਿਚ 21 ਅਪ੍ਰੈਲ, 1926 ਦੀ ਸੁਬ੍ਹਾ ਨੂੰ ਫੈਸਲੇ ਦੀ ਘੜੀ ਆ ਗਈ ਸੀ। ਬਾਬਰ ਦੀ ਉੱਚੇ ਦਰਜੇ ਦੀ ਯੁੱਧ ਨੀਤੀ ਕੰਮ ਆ ਰਹੀ ਸੀ। ਉਸ ਨੇ ਲੋਧੀ ਦੇ ਹਾਥੀਆਂ ਅੱਗੇ ਘੋੜ ਸਵਾਰ ਤੈਨਾਤ ਕਰ ਦਿੱਤੇ ਤੇ ਦੂਜੇ ਪਾਸੇ ਤੋਪਾਂ ਦੀ ਬਹੁਤ ਕਾਰਾਗਰ ਵਿਉਂਤਬੰਦੀ ਕੀਤੀ। ਇਸ ਨਾਲ 6 ਘੰਟੇ ਵਿਚ ਹੀ ਲੜਾਈ ਖ਼ਤਮ ਹੋ ਗਈ। ਅਫ਼ਗਾਨਾਂ ਦੀ 20 ਹਜ਼ਾਰ ਦੀ ਫੌਜ ਤੇ ਇਬਰਾਹੀਮ ਮਾਰੇ ਜਾ ਚੁਕੇ ਸਨ ਤੇ ਬਾਕੀ ਦੀ ਫੌਜ ਪਿਛਾਂਹ ਨੂੰ ਦੌੜ ਰਹੀ ਸੀ। ਬਾਬਰ ਨੇ ਉਹਨਾਂ ਨੂੰ ਦੋਬਾਰਾ ਇਕੱਠੇ ਹੋਣ ਦਾ ਮੌਕਾ ਨਹੀਂ ਦਿੱਤਾ। ਆਪਣੇ ਪੁੱਤਰ, ਹੁਮਾਯੂ, ਨੂੰ ਉਹਨਾਂ ਦਾ ਆਗਰਾ ਤੱਕ ਪਿੱਛਾ ਕਰਨ ਨੂੰ ਕਿਹਾ ਤੇ ਖੁਦ ਦਿੱਲੀ ਉਪਰ ਕਬਜ਼ਾ ਜਮਾਉਣ ਤੁਰ ਪਿਆ।

ਲੇਕਿਨ ਦਿੱਲੀ ਤੇ ਆਗਰਾ ਦੇ ਕਬਜ਼ੇ ਨਾਲ ਬਾਬਰ ਦੇ ਪੈਰ ਪੱਕੇ ਨਹੀਂ ਹੋ ਗਏ ਸਨ। ਹਲਾਂਕਿ ਹੁਮਾਯੂ ਨੂੰ 'ਕੋਹ ਏ ਨੂਰ' ਹੀਰਾ ਵੀ ਮਿਲ ਗਿਆ ਸੀ। ਬੇਸ਼ੱਕ ਬਾਬਰ ਨੇ ਹਿੰਦੁਸਤਨੀਆਂ ਨੂੰ ਲੜਨਾ ਛੱਡ ਕੇ ਤੇ ਸੁਲਾਹ ਰੱਖ ਕੇ ਚੱਲਣ ਦੀ ਪੇਸ਼ਕੱਸ਼ ਕੀਤੀ ਪਰ ਰਾਜਪੂਤ ਰਾਜੇ ਇਕੱਠੇ ਹੋ ਕੇ ਬਾਬਰ ਨੂੰ ਹਿੰਦੁਸਤਾਨ ਵਿਚੋਂ ਕੱਢਣ ਦੀਆਂ ਤਿਆਰੀਆਂ ਕਰਨ ਲੱਗੇ। ਉਹਨਾਂ ਦਾ ਲੀਡਰ ਰਾਣਾ ਸਾਂਗਾ ਬਣਿਆ ਜਿਸ ਦੇ ਸਰੀਰ ਉਪਰ ਲੜਾਈਆਂ ਦੇ ਨਿਸ਼ਾਨ ਸਨ। ਉਸ ਨੇ ਇਕ ਅੱਖ ਤੇ ਇਕ ਬਾਂਹ ਗੰਵਾਈ ਹੋਈ ਤੇ ਉਸ ਦੇ ਸਰੀਰ ਉਪਰ ਜ਼ਖਮਾਂ ਦੇ 80 ਨਿਸ਼ਾਨ ਸਨ।

16 ਮਾਰਚ, 1527 ਨੂੰ ਘਬਰਾਏ ਹੋਏ ਬਾਬਰ ਨੇ ਅੱਲਾ ਅੱਗੇ ਦਰਖ਼ਾਸਤ ਕੀਤੀ ਕਿ ਉਹ ਸ਼ਰਾਬ ਛੱਡ ਦੇਵੇਗਾ ਤੇ ਉਸ ਦੀ ਕਾਫ਼ਰਾਂ ਵਿਰੁੱਧ ਲੜਾਈ ਵਿਚ ਮਦਦ ਕੀਤੀ ਜਾਵੇ। ਆਗਰਾ ਤੋਂ 30 ਕਿਲੋਮੀਟਰ ਕੰਨੂਆਂ ਦੇ ਸਥਾਨ ਉਪਰ ਬਾਬਰ ਤੇ ਰਾਜਪੂਤਾਂ ਦੀ ਲੜਾਈ ਹੋ ਗਈ। ਇਕ ਵਾਰੀਂ ਫਿਰ ਬਾਬਰ ਦੀ ਜਿੱਤ ਹੋਈ। ਉਸ ਨੇ ਜਿੱਤ ਦੀ ਖੁਸ਼ੀ ਵਿਚ ਰੱਬ ਦੇ ਸ਼ੁਕਰਾਨੇ ਵਜੋਂ ਰਾਜਪੂਤਾਂ ਦੀਆਂ ਖੋਪੜੀਆਂ ਦਾ ਮੰਡਾਰ ਬਣਾਇਆ ਤੇ ਖ਼ੁਦ ਨੂੰ ਗਾਜ਼ੀ ਯਾਨੀ ਕਾਫ਼ਰਾਂ ਦਾ ਕਾਤਲ ਹੋਣ ਦਾ ਐਲਾਨ ਕੀਤਾ।

ਕੰਨੂਆ ਦੀ ਜਿਤ ਤੋਂ ਬਾਅਦ ਬਾਬਰ ਤੇ ਉਸ ਦੇ ਪੁੱਤਰ ਨੇ ਇਕ ਇਕ ਕਰਕੇ ਦੂਜੀਆਂ ਰਿਆਸਤਾਂ ਉਪਰ ਕਬਜ਼ੇ ਕੀਤੇ। ਸੰਨ 1527-28 ਦੀਆਂ ਸਰਦੀਆਂ ਤੱਕ ਉਹਨਾਂ ਨੇ ਚੰਦੇਰੀ ਦਾ ਕਿਲਾ, ਕਨੌਜ ਤੇ ਅਖੀਰ ਰਨਥੰਬੋਰ 'ਤੇ ਕਬਜ਼ਾ ਕਰ ਲਿਆ। ਅਗਲੀਆਂ ਗਰਮੀਆਂ ਤੱਕ ਉਹ ਗੰਗਾਂ ਦੇ ਮੈਦਾਨ ਵਿਚ ਹੋਰ ਪੂਰਬ ਵੱਲ ਨੂੰ ਵਧਿਆ ਤੇ ਉਸ ਦੇ ਛੋਟੇ ਪੁੱਤਰ 'ਅਸਕਾਰੀ' ਨੇ ਬੰਗਾਲ 'ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਚਾਰ ਸਾਲ ਦੇ ਛੋਟੇ ਵਕਤ ਵਿਚ ਹੀ ਬਾਬਰ ਉੱਤਰ ਭਾਰਤ ਦਾ ਮਾਲਕ ਬਣ ਗਿਆ।

ਬਾਬਰ ਇਥੇ ਟਿਕ ਜਾਣ ਦੇ ਇਰਾਦੇ ਨਾਲ ਆਇਆ ਸੀ ਪਰ ਉਸ ਨੂੰ ਨਾ ਹਿੰਦੁਸਤਾਨ ਪਸੰਦ ਸੀ ਤੇ ਨਾ ਹੀ ਹਿੰਦੁਸਤਾਨ ਦੇ ਲੋਕ। ਉਸ ਨੇ ਲਿਖਿਆ ਕਿ ਇਥੇ ਤਿੰਨ ਚੀਜ਼ਾਂ ਸਾਡੀਆਂ ਦੁਸ਼ਮਣ ਹਨ, ਗਰਮੀ, ਤਿੱਖੀਆਂ ਹਵਾਵਾਂ ਤੇ ਗਰਦਾ। ਇਸ ਤੋਂ ਬਾਅਦ ਉਸ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ "ਇਸ ਮੁਲਕ ਵਿਚ ਬਹੁਤ ਖਿਚ ਹੈ ਪਰ ਇਥੋਂ ਦੇ ਲੋਕ ਚੰਗੇ ਅਖਲਾਕ ਤੋਂ ਸੱਖਣੇ, ਗੈਰ ਦੋਸਤਾਨਾ ਵਿਹਾਰ ਤੇ ਦੁਸ਼ਮਣੀ ਦਾ ਮਾਦਾ ਰੱਖਦੇ ਹਨ। ਇਹਨਾ ਵਿਚ ਸਲੀਕਾ ਤੇ ਨਿਮਰਤਾ ਦੀ ਵੱਡੀ ਘਾਟ ਹੈ। ਇਹਨਾਂ ਦੇ ਕੋਈ ਗੁਸਲਖਾਨੇ ਨਹੀਂ, ਨਾ ਮੋਮਬੱਤੀਆ ਤੇ ਨਾ ਹੀ ਸਕੂਲ ਵਗੈਰਾ, ਮੋਮਬੱਤੀਆਂ ਦੇ ਸਟੈਂਡ ਵੀ ਨਹੀਂ ਰੱਖਦੇ।"

ਬਾਬਰ ਨੂੰ ਹਿੰਦੁਸਤਾਨ ਦੀ ਇਕੋ ਚੀਜ਼ ਪਸੰਦ ਸੀ, ਇਥੋਂ ਦਾ ਪੇਂਡੂ ਇਲਾਕਾ ਤੇ ਮੌਨਸੂਨ ਦੀਆਂ ਬਾਰਸ਼ਾਂ ਤੇ ਜਾਂ ਫਿਰ ਇਥੋਂ ਦਾ ਸੋਨਾ। ਪਹਿਲੀਆਂ ਦੋ ਚੀਜ਼ਾਂ ਦਾ ਚੰਗੀ ਤਰ੍ਹਾਂ ਨਜ਼ਾਰਾ ਲੈ ਕੇ ਤੇ ਤੀਸਰੀ ਦਾ ਵੱਡਾ ਭੰਡਾਰ ਇਕੱਠਾ ਕਰਨ ਤੋਂ ਬਾਅਦ ਬਾਬਰ ਨੂੰ ਕਾਬਲ ਦੀਆਂ ਠੰਡੀਆਂ ਹਵਾਵਾਂ ਯਾਦ ਆਈਆਂ ਤੇ ਉਥੋਂ ਦੇ ਹਦਵਾਣੇ।

ਇਕ ਦੰਦ ਕਥਾ ਮੁਤਾਬਕ ਬਾਬਰ ਨੇ ਆਪਣੀ ਮੌਤ ਆਪ ਸਹੇੜੀ। ਕਿਹਾ ਜਾਂਦਾ ਹੈ ਕਿ ਬਾਬਰ ਦਾ ਪੁੱਤਰ ਹੰਮਾਯੂ ਬਹੁਤ ਬੀਮਾਰ ਹੋ ਗਿਆ ਤੇ ਉਸ ਉਪਰ ਕਿਸੇ ਵੀ ਇਲਾਜ ਦਾ ਅਸਰ ਨਹੀਂ ਹੋ ਰਿਹਾ ਸੀ। ਫਿਰ ਬਾਬਰ ਨੇ ਉਸ ਦੇ ਪਲੰਘ ਦੇ ਤਿੰਨ ਚੱਕਰ ਲਗਾਏ ਤੇ ਕਿਹਾ ਕਿ ਹੇ ਖ਼ੁਦਾ ਹੰਮਾਯੂ ਦੀ ਬੀਮਾਰੀ ਮੈਨੂੰ ਦੇ ਦੇ ਤੇ ਇਸ ਨੂੰ ਠੀਕ ਕਰ ਦੇ। ਕਹਿੰਦੇ ਹਨ ਕਿ ਇਸੇ ਤਰ੍ਹਾਂ ਹੋਇਆ। ਹੰਮਾਯੂ ਉਠ ਕੇ ਬੈਠ ਗਿਆ ਤੇ ਬਾਬਰ ਨੂੰ ਬੁਖ਼ਾਰ ਹੋ ਗਿਆ। ਆਪਣੀ ਅੰਤਮ ਇੱਛਾ ਕਿ ਉਸ ਨੂੰ ਕਾਬਲ ਵਿਚ ਦਫ਼ਨਾਇਆ ਜਾਵੇ ਦੱਸ ਕੇ ਬਾਬਰ ਨੇ ਆਖਰੀ ਲਫ਼ਜ਼ ਕਹੇ ਕਿ 'ਹੇ ਖ਼ੁਦਾ ਮੈਂ ਇਥੇ ਤੇਰੇ ਕੋਲ ਹਾਂ'।

48 ਸਾਲ ਦੀ ਉਮਰ ਵਿਚ ਬਾਬਰ ਦੀ ਮੌਤ ਹੋ ਗਈ। ਉਸ ਦੀ ਆਰਾਮਗਾਹ ਜਮੁਨਾ ਦੇ ਪੱਛਮੀ ਕਿਨਾਰੇ ਆਗਰਾ ਕੋਲ ਬਣਾਈ ਤੇ 14 ਸਾਲਾਂ ਬਾਅਦ ਉਸ ਦੀਆਂ ਅਸਥੀਆਂ ਨੂੰ ਕਾਬਲ ਲੈ ਜਾਇਆ ਗਿਆ।

ਹੰਮਾਯੂ (1530-1556 ਈਸਵੀ)

ਸ਼ੇਰ ਸ਼ਾਹ ਸੂਰੀ (1540-1545 ਈਸਵੀ)

ਹੰਮਾਯੂ ਦੀ ਉਮਰ 23 ਸਾਲ ਸੀ ਜਦੋਂ ਉਹ ਬਾਬਰ ਦੀ ਛੱਡੀ ਗੱਦੀ ਉਪਰ ਬੈਠਿਆ। ਉਹ ਆਪਣੇ ਸੁਭਾਵ ਦੇ ਮੁਤਾਬਕ ਏਡੀ ਵੱਡੀ ਸਲਤਨਤ ਸੰਭਾਲਣ ਦੇ ਕਾਬਲ ਨਹੀਂ ਸੀ ਜਿਤਨੀ ਵੱਡੀ ਉਸ ਦਾ ਪਿਤਾ ਉਸ ਵਾਸਤੇ ਛੱਡ ਗਿਆ ਸੀ। ਉਹ ਵਿਦਵਾਨ ਕਿਸਮ ਦਾ ਆਦਮੀ ਸੀ ਤੇ ਦਾਰਸ਼ਨਿਕ ਵਿਸ਼ੇ ਦੀਆਂ ਕਿਤਾਬਾਂ ਉਹਨਾਂ ਭਾਸ਼ਾਵਾਂ ਵਿਚ ਪੜ੍ਹਨੀਆਂ ਪਸੰਦ ਕਰਦਾ ਸੀ ਜਿਹੜੀਆਂ ਉਸ ਨੂੰ ਆਉਂਦੀਆਂ ਸਨ। ਉਹ ਤੁਰਕੀ, ਅਰਬੀ, ਫਾਰਸੀ ਤੇ ਹੁਣ ਹਿੰਦੀ ਵੀ ਜਾਣਦਾ ਸੀ। ਉਹ ਅੰਕ ਗਣਿਤ, ਤਾਰਾ ਵਿਗਿਆਨ, ਜੋਤਸ਼ ਵਿੱਦਿਆ ਤੇ ਦਰਸ਼ਨ ਵਿਚ ਦਿਲਚਸਪੀ ਰੱਖਦਾ ਸੀ। ਉਸ ਨੂੰ ਆਪਣੀਆਂ ਤਾਰੀਫ਼ਾਂ ਕਰਵਾਉਣੀਆਂ ਤੇ ਚਾ ਪਲੂਸੀ ਚੰਗੀ ਨਹੀਂ ਲੱਗਦੀ ਤੇ ਇਕਾਂਤ ਪਸੰਦ ਕਰਦਾ ਸੀ। ਉਸ ਦਾ ਪਿਤਾ ਉਸ ਨੂੰ ਅਕਸਰ ਕੋਸਦਾ ਹੁੰਦਾ ਸੀ ਕਿ ਇਹ ਸੁਸਤੀਆਂ ਤੇ ਇਕਾਂਤ ਪਸੰਦੀ ਬਾਦਸ਼ਾਹਾਂ ਵਾਸਤੇ ਠੀਕ ਨਹੀਂ।

ਉਸ ਦੇ ਪਿਤਾ ਨੇ ਉਸ ਨੂੰ ਹਕੂਮਤੀ ਬੰਦੋਬਸਤ ਦੀ ਜਾਣਕਾਰੀ ਦਿੱਤੀ ਸੀ। ਪਹਿਲਾਂ ਬਦਖਸ਼ਾਂ ਤੇ ਫਿਰ ਪੰਜਾਬ ਦਾ ਸੂਬੇਦਾਰ ਵੀ ਮੁਕੱਰਰ ਕੀਤਾ ਸੀ। ਪਰ ਹੰਮਾਯੂ ਇਹੀ ਮਨ ਨਹੀਂ ਬਣਾ ਸਕਿਆ ਕਿ ਉਹ ਇਕ ਸ਼ਹਿਨਸ਼ਾਹ ਹੈ ਕਿ ਵਿਦਵਾਨ। ਬਾਬਰ ਸਮਝਦਾ ਸੀ ਕਿ ਹੰਮਾਯੂ ਹੀ ਉਸ ਦੇ ਤਖ਼ਤ ਦਾ ਮਾਲਕ ਹੋਵੇਗਾ ਪਰ ਉਸ ਨੇ ਆਪਣੇ ਹੋਰ ਤਿੰਨਾਂ ਪੁਤਰਾਂ ਨੂੰ ਵੀ ਰਾਜ ਪ੍ਰਬੰਧ ਦੀਆਂ ਸਿਖਲਾਈਆਂ ਦਿੱਤੀਆਂ ਸਨ। ਇਸ ਨਾਲ ਸਲਤਨਤ ਮਜ਼ਬੂਤ ਹੋਣ ਦੀ ਬਜਾਏ ਸਗੋਂ ਹੋਰ ਹੀ ਮੁਸੀਬਤਾਂ ਵਿਚ ਘਿਰਦੀ ਰਹੀ। ਉਸ ਨੇ ਅਫ਼ਗਾਨਾਂ ਨੂੰ ਹਰਾਉਣ ਤੋਂ ਬਾਅਦ ਚੰਗੀ ਤਰ੍ਹਾਂ ਦਬਾਇਆ ਨਹੀਂ ਸੀ ਤੇ ਉਹ ਫਿਰ ਆਪਣਾ ਸਿਰ ਚੁੱਕ ਰਹੇ ਸਨ। ਜਦੋਂ ਹੰਮਾਯੂ ਆਗਰੇ ਵਿਚ ਆਰਾਮ ਕਰ ਰਿਹਾ ਸੀ ਜਾਂ ਦਿੱਲੀ ਦੇ ਨਜ਼ਦੀਕ 'ਦੀਨ ਪਨਾਹ' ਵਿਚ ਪੜ੍ਹ ਰਿਹਾ ਸੀ ਤਾਂ ਅਫ਼ਗਾਨ ਸਰਦਾਰ ਆਪਣੀਆਂ ਸਕੀਮਾਂ ਬਣਾ ਰਹੇ ਸਨ ਜਿਹਨਾਂ ਵਿਚੋਂ ਮੁੱਖ ਸ਼ੇਰ ਸਾਹ ਸੂਰੀ ਸੀ ਜਿਸ ਨੇ ਬਿਹਾਰ ਤੇ ਬੰਗਾਲ ਵਿਚ ਆਪਣੀ ਸਰਗਰਮੀ ਤੇਜ਼ ਕੀਤੀ ਹੋਈ ਸੀ। ਹੰਮਾਯੂ ਸ਼ੇਰ ਸ਼ਾਹ ਨੂੰ ਦਬਾਉਣ ਗਿਆ ਉਹ ਇਕ ਵਾਰ ਤਾਂ ਪਿੱਛੇ ਹੱਟ ਗਿਆ ਪਰ ਬਾਅਦ ਵਿਚ ਇਸ ਨੂੰ ਘੇਰ ਕੇ ਇਸ ਦਾ ਦਿੱਲੀ ਵਾਪਸੀ ਦਾ ਰਾਹ ਕੱਟ ਦਿੱਤਾ। ਇਸੇ ਦੌਰਾਨ ਹੰਮਾਯੂ ਦੇ ਇਕ ਭਰਾ ਨੇ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ।

ਸ਼ੇਰ ਸ਼ਾਹ ਸੂਰੀ ਮੌਨਸੂਨ ਦਾ ਇੰਤਜ਼ਾਰ ਕਰਨ ਲੱਗਾ। ਫਿਰ 26 ਜੂਨ, 1539 ਨੂੰ ਚੌਸਾ ਦੀ ਜਗ੍ਹਾ ਹੰਮਾਯੂ ਦੀ ਫੌਜ 'ਤੇ ਹਮਲਾ ਕੀਤਾ ਤੇ ਬਾਰਸ਼ ਨਾਲ ਭਿੱਜਦੇ ਹੋਏ 8000 ਮੁਗਲ ਮੌਤ ਦੇ ਘਾਟ ਉਤਾਰ ਦਿੱਤੇ। ਹੰਮਾਯੂ ਆਪਣੇ ਥੋੜੇ ਜਿਹੇ ਸਿਪਾਹੀਆਂ ਨਾਲ ਤੈਰ ਕੇ ਦਰਿਆ ਪਾਰ ਕਰਕੇ ਦੌੜ ਆਇਆ। ਸ਼ੇਰ ਸ਼ਾਹ ਆਗਰਾ ਤੇ ਫਿਰ ਪੰਜਾਬ ਤੱਕ ਉਸ ਦਾ ਪਿੱਛਾ ਕਰਦਾ ਆਇਆ। ਆਪਣੇ ਭਰਾ ਤੋਂ ਪੈਦਾ ਹੋਏ ਖਤਰੇ ਨੂੰ ਵੇਖਦੇ ਹੋਏ ਹੰਮਾਯੂ ਸਿੰਧ ਦੇ ਰੇਗਿਸਤਾਨ ਵਿਚੋਂ ਦੀ ਹਿੰਦੁਸਤਾਨ ਤੋਂ ਬਾਹਰ ਆ ਗਿਆ।

ਸ਼ੇਰ ਸ਼ਾਹ ਸੂਰੀ ਨੇ 6 ਸਾਲ ਤੱਕ (1540 ਤੋਂ 1545 ਈਸਵੀ) ਆਪਣੀ ਮੌਤ ਤੱਕ ਰਾਜ ਕੀਤਾ। ਕਿਸੇ ਵੀ ਹੋਰ ਸ਼ਹਿਨਸ਼ਾਹ ਨੇ ਇਤਨੀ ਥੋੜੀ ਦੇਰ ਤੱਕ ਹਕੂਮਤ ਚਲਾਉਣ ਦੀ ਮਹਾਰਤ ਦੀ ਇਤਨੀ ਤਾਂਕ ਨਹੀਂ ਬਣਾਈ ਜਿਤਨੀ ਇਹ ਅਫ਼ਗਾਨ ਸ਼ੇਰ ਸ਼ਾਹ ਬਣਾ ਗਿਆ। ਉਸ ਦੇ ਕਾਬਲ ਵਜ਼ੀਰ ਟੋਡਰ ਮੱਲ ਨੇ ਭਾਰਤ ਵਿਚ ਪਹਿਲੀ ਵਾਰ ਜ਼ਮੀਨ ਦੇ ਲਗਾਨ ਦਾ ਸਿਸਟਮ ਚਲਾਇਆ। ਇਹ ਖੇਤੀ ਦੀ ਆਮਦਨ ਉਪਰ ਤੀਜਾ ਹਿਸਾ ਜਾ ਖੇਤੀ ਦੀ ਕਿਸਮ ਦੇ ਹਿਸਾਬ ਨਾਲ ਚੌਥਾ ਹਿਸਾ ਤੱਕ ਸਰਕਾਰ ਦਾ ਟੈਕਸ ਸੀ। ਇਹ ਸਿਸਟਮ ਅੰਗਰੇਜ਼ੀ ਰਾਜ ਤੱਕ ਚੱਲਿਆ। ਉਸ ਨੇ ਵੱਡੇ ਸ਼ਹਿਰਾਂ ਨੂੰ ਆਪਸ ਵਿਚ ਜੋੜਨ ਵਾਸਤੇ ਸੜਕਾਂ ਬਣਵਾਈਆਂ, ਸੜਕਾਂ ਦੇ ਦੋਹੀਂ ਪਾਸੀ ਰੱਖ ਲਗਵਾਏ, ਸਰਾਵਾਂ ਬਣਵਾਈਆਂ ਤੇ ਪਿੰਡਾਂ ਵੱਲੋਂ ਰਾਹਗੀਰ ਵਪਾਰੀਆਂ 'ਤੇ ਲਾਏ ਜਾਂਦੇ ਮਸੂਲ ਖ਼ਤਮ ਕੀਤੇ। ਉਸ ਨੇ ਆਪਣੇ ਹਿੰਦੂ ਕਰਮਚਾਰੀਆਂ ਨੂੰ ਬਰਾਬਰ ਦਾ ਦਰਜਾ ਦਿੱਤਾ ਤੇ ਫੌਜ ਵਿਚ ਰਾਜਪੂਤ ਵੀ ਭਰਤੀ ਕੀਤੇ। ਜਿਹੜੇ ਪੰਜ ਸਾਲ ਉਸ ਨੇ ਰਾਜ ਕੀਤਾ ਪੂਰੀ ਤਰ੍ਹਾਂ ਅਮਨ ਅਮਾਨ ਰਿਹਾ। ਇਸ ਦੌਰਾਨ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਹੰਮਾਯੂ ਨਾਲ ਕੀ ਬੀਤੀ ਤੇ ਉਹ ਕਿਧਰ ਗਿਆ। ਸ਼ੇਰ ਸ਼ਾਹ ਇਕ ਕਿਲੇ ਦਾ ਮੁਆਇਨਾ ਕਰ ਰਿਹਾ ਸੀ ਕਿ ਬਰੂਦ ਫਟਣ ਨਾਲ ਮਰ ਗਿਆ।

ਸ਼ੇਰ ਸ਼ਾਹ ਦੇ ਮਰਨ ਤੋਂ ਬਾਅਦ ਉਸ ਦੇ ਜਾਂਨਸ਼ੀਨਾਂ ਵਿਚੋਂ ਉਸ ਦੇ ਪੁੱਤਰ ਇਸਲਾਮ ਸ਼ਾਹ ਨੇ ਪੰਜ ਸਾਲ ਰਾਜ ਕੀਤਾ। ਉਸ ਦੇ ਮਰਨ ਤੋਂ ਬਾਅਦ ਇਸਲਾਮ ਦਾ ਪੁੱਤਰ ਫੀਰੋਜ਼ ਗੱਦੀ ਤੇ ਬੈਠਾ ਪਰ ਤਿੰਨ ਦਿਨ ਬਾਅਦ ਹੀ ਉਸ ਦਾ ਕਤਲ ਹੋ ਗਿਆ। ਅਖੀਰ ਸ਼ੇਰ ਸ਼ਾਹ ਸੂਰੀ ਦਾ ਭਰਾ ਆਦਿਲ ਸ਼ਾਹ ਸੂਰੀ ਤਖਤ 'ਤੇ ਬੈਠਾ ਪਰ ਉਹ ਇਸ ਨੂੰ ਸੰਭਾਲ ਨਹੀਂ ਸਕਿਆ।

1556 ਤੱਕ ਪੰਜ ਆਜ਼ਾਦ ਅਫ਼ਗਾਨ ਸਲਤਨਤਾਂ ਪੈਦਾ ਹੋ ਗਈਆਂ ਸਨ ਜਿਹਨਾਂ ਵਿਚੋਂ ਸਭ ਤੋਂ ਤਾਕਤਵਾਰ ਇਕ ਹਿੰਦੂ ਬਾਣੀਏ ਹੇਮੂ ਦੀ ਸੀ ਜੋ ਦਿੱਲੀ ਉਪਰ ਸੂਰੀ ਨਾਮ 'ਤੇ ਰਾਜ ਕਰ ਰਿਹਾ ਸੀ। ਅਗਲੇ ਕੁਝ ਸਾਲਾਂ ਵਿਚ ਮੌਨਸੂਨ ਬਹੁਤ ਕਮਜ਼ੋਰ ਰਿਹਾ ਤੇ ਅਨਾਜ ਘੱਟ ਪੈਦਾ ਹੋਣ ਕਰਕੇ ਅਕਾਲ ਪੈ ਗਿਆ।

ਫਾਰਸ ਦੀ ਖਾੜੀ ਵਾਲਿਆਂ ਹੰਮਾਯੂ ਨੂੰ ਭਾਰਤ ਮੁੜਨ ਵਿਚ ਮਦਦ ਕੀਤੀ ਤੇ ਇਕ ਵਾਰ ਫਿਰ ਪਾਨੀਪੱਤ ਦੇ ਮੈਦਾਨ ਵਿਚ ਹੀ ਭਾਰਤ ਦੀ ਕਿਸਮਤ ਦਾ ਫੈਸਲਾ ਹੋਣਾ ਸੀ। ਹੇਮੂ ਦੀ ਬਹੁਤ ਵੱਡੀ ਫੌਜ ਜਿਸ ਵਿਚ 15 ਹਜ਼ਾਰ ਹਾਥੀ, ਘੋੜ ਸਵਾਰ ਤੇ ਪੈਦਲ ਸਨ 5 ਨਵੰਬਰ 1556 ਨੂੰ ਹੰਮਾਯੂ ਦੀ ਫੌਜ ਦੇ ਮੁਕਾਬਲੇ ਵਿਚ ਆਈ। ਹਾਥੀ ਘਬਰਾ ਕੇ ਆਪਣੀ ਹੀ ਫੌਜ ਨੂੰ ਲਿਤਾੜਦੇ ਦੌੜ ਗਏ ਤੇ ਇਕ ਤੀਰ ਹੇਮੂ ਦੀ ਅੱਖ ਵਿਚ ਜਾ ਲੱਗਾ। ਹੰਮਾਯੂ ਨੇ ਇਕ ਦਮ ਹਾਲਤ ਸੰਭਾਲੀ ਤੇ ਪਿੱਛਾ ਕਰਦਾ ਹੋਏ ਨੇ ਆਗਰਾ ਤੇ ਦਿੱਲੀ ਉਪਰ ਕਬਜ਼ਾ ਜਮਾ ਲਿਆ। ਕੁਝ ਦਿਨ ਬਾਅਦ ਹੰਮਾਯੂ ਨਮਾਜ਼ ਵਾਸਤੇ ਸ਼ੇਰ ਸ਼ਾਹ ਦੀ ਬਣਾਈ ਇਕ ਮਸਜਿਦ ਵਿਚ ਗਿਆ ਪਰ ਪੈਰ ਤਿਲਕਣ ਕਰਕੇ ਡਿੱਗ ਪਿਆ ਤੇ ਮਰ ਗਿਆ। ਇਸ ਤਰ੍ਹਾਂ ਹੰਮਾਯੂ ਦਾ ਥੋੜੀ ਦੇਰ ਦਾ ਟੁੱਟਦਾ ਜੁੜਦਾ ਰਾਜ ਖ਼ਤਮ ਹੋ ਗਿਆ।

ਅਕਬਰ (1556-1605 ਈਸਵੀ)

ਹੰਮਾਯੂ ਦਾ ਪੁੱਤਰ ਜਲਾਲੁਦੀਨ ਮੁਹੰਮਦ ਛੋਟੀ ਉਮਰ ਦਾ ਸੀ। ਉਹ 23 ਨਵੰਬਰ, 1542 ਨੂੰ ਅਮਰਕੋਟ ਦੇ ਇਕ ਕਿਲੇ ਵਿਚ ਪੈਦਾ ਹੋਇਆ ਜਦੋਂ ਉਸ ਦੇ ਮਾਤਾ ਪਿਤਾ ਭਾਰਤ ਤੋਂ ਦੌੜ ਰਹੇ ਸਨ। ਜਿਹੜਾ ਵੀ ਕੋਈ ਹੰਮਾਯੂ ਨੂੰ ਪੁੱਤਰ ਦੀ ਵਧਾਈ ਦੇਂਦਾ ਉਹ ਇਕ ਸਿੱਟੇ ਉਪਰ ਕਸਤੂਰੀ ਲਗਾ ਕੇ ਦੇਂਦਾ ਤੇ ਬੋਲਦਾ ਕਿ ਅੱਜ ਉਹ ਸਿਰਫ਼ ਇਤਨਾ ਕੁ ਹੀ ਨਜ਼ਰਾਨਾ ਦੇ ਸਕਦਾ ਹੈ। ਜਲਾਲੁਦੀਨ ਨੇ ਆਪਣਾ ਬਚਪਨ ਕਬੂਤਰ ਉਡਾਉਣ ਤੇ ਸ਼ਿਕਾਰ ਖੇਡਣ ਵਿਚ ਬਤੀਤ ਕਰਦਾ। ਉਹ ਕੁਝ ਵੀ ਪੜ੍ਹ ਲਿਖ ਨਹੀਂ ਸਕਿਆ। ਆਪਣੇ ਪਿਤਾ ਤੇ ਦਾਦਾ ਦੀ ਤਰ੍ਹਾਂ ਉਹ ਚੰਗੀ ਡੀਲ ਡੌਲ ਵਾਲਾ ਸੀ।

ਜਦੋਂ ਹੰਮਾਯੂ ਦੀ ਮੌਤ ਹੋਈ ਤਾਂ ਜਲਾਲੁਦੀਨ 14 ਸਾਲ ਦਾ ਸੀ। ਉਸ ਨੂੰ ਅਕਬਰ ਦੇ ਨਾਮ ਉਪਰ ਹਿੰਦੁਸਤਾਨ ਦਾ ਬਾਦਸ਼ਾਹ ਬਣਾ ਦਿੱਤਾ ਗਿਆ ਸੀ ਪਰ ਸਾਰੀ ਤਾਕਤ ਉਸ ਦੇ ਪਾਲਕ ਬੈਰਮ ਖਾਨ ਪਾਸ ਸੀ। ਬੈਰਮ ਖਾਨ ਨੇ ਮਰ ਰਹੇ ਹੇਮੂ ਦਾ ਸਿਰ ਅਕਬਰ ਕੋਲੋਂ ਕਟਵਾ ਕੇ ਇਸ ਨੂੰ ਗਾਜ਼ੀ ਬਣਾਇਆ। ਬਾਅਦ ਵਿਚ ਬੈਰਮ ਖਾਂ ਤਾਕਤ ਦੇ ਨਸ਼ੇ ਵਿਚ ਹੰਕਾਰੀ ਹੋ ਗਿਆ ਤੇ ਅਕਬਰ ਨੂੰ ਚਾਰ ਸਾਲ ਉਸ ਨੂੰ ਪਾਸੇ ਕਰਨ ਵਿਚ ਲੱਗ ਗਏ। ਅਗਲੇ ਦੋ ਸਾਲ ਰਾਜ ਦਾ ਕੰਮ ਕਾਜ ਅਕਬਰ ਦੀ ਪਾਲਕ ਮਾਂ ਤੇ ਉਸ ਦਾ ਪੁੱਤਰ ਆਦਮ ਖਾਂ ਸੰਭਾਲਦੇ ਰਹੇ। ਅਕਬਰ ਜ਼ਿਆਦਾ ਵਕਤ ਜੰਗਲ ਵਿਚ ਸ਼ਿਕਾਰ ਖੇਡਣ ਵਿਚ ਲਗਾਉਂਦਾ। ਆਦਮ ਖਾਂ ਨੇ ਕਈ ਲੜਾਈਆਂ ਵਿਚ ਮੁਗਲ ਫੌਜਾਂ ਦੀ ਜਿੱਤ ਤੱਕ ਅਗਵਾਈ ਕੀਤੀ। ਉਸ ਨੇ ਅਕਬਰ ਦੇ ਮਨ ਵਿਚ ਸ਼ੰਕਾ ਪੈਦਾ ਕਰ ਦਿੱਤੀ ਕਿ ਉਹ ਜੰਗ ਵਿਚ ਕੀਤੀਆਂ ਲੁੱਟਾਂ ਦਾ ਵੱਡਾ ਹਿੱਸਾ ਰੱਖਦਾ ਹੈ ਤੇ ਔਰਤਾਂ ਦਾ ਵੀ। ਉਸ ਨੇ ਅਕਬਰ ਦੇ ਇਕ ਚਹੇਤੇ ਵਜ਼ੀਰ ਦਾ ਕਤਲ ਕਰਕੇ ਗੁੱਸਾ ਪੂਰਾ ਭੜਕਾ ਦਿੱਤਾ। ਅਕਬਰ ਨੇ ਆਦਮ ਖਾਂ ਨੂੰ ਕਿਲੇ ਦੀ ਦੀਵਾਰ ਤੋਂ ਹੇਠ ਸੁਟਵਾ ਕੇ ਮਾਰ ਦਿੱਤਾ। ਇਸ ਤੋਂ ਬਾਅਦ 20 ਸਾਲ ਦੀ ਉਮਰ ਵਿਚ ਉਹ ਹਿੰਦੁਸਤਾਨ ਦਾ ਬਾਦਸ਼ਾਹ ਸਿਰਫ਼ ਨਾਮ ਦਾ ਹੀ ਨਹੀਂ ਅਸਲ ਵਿਚ ਵੀ ਬਣ ਗਿਆ।

1562 ਵਿਚ ਜਦੋਂ ਅਕਬਰ ਨੇ ਆਪਣਾ ਸਿੱਕਾ ਠੀਕ ਤਰ੍ਹਾਂ ਜਮਾ ਲਿਆ ਤਾਂ ਉਸ ਨੇ ਆਪਣੀ ਸਲਤਨਤ ਦੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਕੌਮ ਬਣਾਉਣ ਦੀ ਸੋਚੀ। ਉਸ ਨੇ ਇਕ ਹਿੰਦੂ ਔਰਤ ਨਾਲ ਵਿਆਹ ਕਰਵਾ ਕੇ ਤੇ ਰਾਜਪੂਤ ਰਿਸ਼ਤੇਦਾਰਾਂ ਨੂੰ ਬਰਾਬਰ ਦਾ ਦਰਜਾ ਦੇ ਕੇ ਇਕ ਮਿਸਾਲ ਬਣਾਈ। ਉਸ ਨੇ ਹਿੰਦੂਆਂ ਦੇ ਤੀਰਥ ਅਸਥਾਨਾਂ ਉਪਰ ਜਾਣ ਦਾ ਟੈਕਸ ਹਟਾ ਦਿੱਤਾ ਤੇ ਜਜ਼ੀਆ ਵੀ ਖ਼ਤਮ ਕਰ ਦਿੱਤਾ।

ਇਸ ਦੇ ਨਾਲ ਹੀ ਅਕਬਰ ਸਾਰੇ ਹਿੰਦੁਸਤਾਨ ਉਪਰ ਕਬਜ਼ਾ ਕਰਨ ਵੱਲ ਵੱਧਿਆ। ਉਸ ਦਾ ਕਹਿਣਾ ਸੀ ਕਿ ਇਕ ਸ਼ਹਿਨਸ਼ਾਹ ਨੂੰ ਹਮੇਸ਼ਾਂ ਜਿੱਤਾਂ ਹਾਸਿਲ ਕਰਨੀਆਂ ਚਾਹਦੀਆਂ ਹਨ ਨਹੀਂ ਤਾਂ ਪੜੋਸੀ ਉਸ ਉਪਰ ਕਬਜ਼ਾ ਕਰ ਲੈਣਗੇ।

ਉਸ ਨੇ ਕਾਫੀ ਤਿੱਖੀਆਂ ਲੜਾਈਆਂ ਤੋਂ ਬਾਅਦ ਰਾਜਪੂਤਾਂ ਦੇ ਵੱਖਰੇ ਵੱਖਰੇ ਰਾਜਾਂ ਨੂੰ ਹਰਾ ਕੇ ਆਪਣੇ ਸਾਮਰਾਜ ਵਿਚ ਸ਼ਾਮਿਲ ਕੀਤਾ। ਉਸ ਤੋਂ ਬਾਅਦ ਕਾਬਲ ਵਿਚ ਬਗਾਵਤ ਹੋ ਗਈ ਜਿਸ ਨੂੰ ਵੀ ਕਾਫ਼ੀ ਮੁਸ਼ੱਕਤ ਨਾਲ ਦਬਾਉਣਾ ਪਿਆ ਤੇ ਉਸ

ਵਕਤ ਅਕਬਰ ਨੇ ਪੰਜਾਬ ਵਿਚ ਡੇਰਾ ਲਾਇਆ। ਕਾਬਲ ਤੇ ਪੱਛਮੀ ਸਰਹੱਦੀ ਇਲਾਕਿਆਂ ਨਾਲ ਨਜਿੱਠਣ ਤੋਂ ਬਾਅਦ ਅਕਬਰ ਨੇ 1580 ਈਸਵੀ ਵਿਚ ਕਸ਼ਮੀਰ ਨੂੰ ਆਪਣੀ ਹਕੂਮਤ ਹੇਠ ਲੈ ਆਂਦਾ। ਇਥੋਂ 1597 ਵਿਚ ਸਿੰਧ ਉਪਰ ਕਬਜ਼ਾ ਜਮਾਇਆ। ਇਸ ਤੋਂ ਬਾਅਦ ਦੱਖਣ ਦਾ ਰੁਖ ਕੀਤਾ ਤੇ ਆਂਧਰਾ ਉਪਰ ਕਬਜ਼ੇ ਦੀ ਲੜਾਈ ਦੀ ਨਿਗਰਾਨੀ ਅਕਬਰ ਨੇ ਖੁਦ ਕੀਤੀ। ਇਸ ਤਰ੍ਹਾਂ 1600 ਈਸਵੀ ਤੱਕ ਅਕਬਰ ਕਾਬਲ ਤੋਂ ਬੰਗਾਲ ਤੱਕ ਤੇ ਏਧਰੋਂ ਕਸ਼ਮੀਰ ਤੋਂ ਦੱਖਣ ਦੀਆਂ ਪਠਾਰਾਂ ਤੱਕ ਦੇ ਇਲਾਕੇ ਦਾ ਬਾਦਸ਼ਾਹ ਬਣ ਗਿਆ।

ਇਤਿਹਾਸਕਾਰਾਂ ਵੱਲੋਂ ਅਕਬਰ ਨੂੰ 'ਮਹਾਨ' ਦਾ ਖ਼ਿਤਾਬ ਸਿਰਫ਼ ਉਸ ਦੀਆਂ ਜਿੱਤਾਂ ਕਰਕੇ ਹੀ ਨਹੀਂ, ਉਸ ਦੀ ਰਾਜ ਪ੍ਰਬੰਧ ਦੀ ਨੀਤੀ ਤੇ ਪਰਜਾ ਨਾਲ ਹਮਦਰਦੀ ਕਰਕੇ ਦਿੱਤਾ। ਉਸ ਨੂੰ ਵੱਡਾ ਇਨਸਾਫ਼ ਪਸੰਦ ਵੀ ਮੰਨਿਆ ਜਾਂਦਾ ਹੈ। ਉਸ ਦਾ ਕਹਿਣਾ ਸੀ ਕਿ ਜੇ ਮੈਂ ਗੁਨਾਹ ਕਰਾਂਗਾ ਤਾਂ ਖੁਦ ਵੀ ਆਪਣੇ ਵਿਰੁੱਧ ਸਜ਼ਾ ਸੁਣਾ ਸਕਦਾ ਹਾਂ। ਉਸ ਨੇ ਲਗਾਨ ਸਿਸਟਮ ਵਿਚ ਵੀ ਕਾਫੀ ਰਿਆਇਤਾਂ ਦਿੱਤੀਆਂ ਤੇ ਉਸ ਨੂੰ ਠੀਕ ਤਰ੍ਹਾਂ ਨੇਮਬੱਧ ਕੀਤਾ। ਇਹਨਾਂ ਸਭ ਗੱਲਾਂ ਤੋਂ ਵੱਧ ਰਾਜ ਚਲਾਉਣ ਵਾਸਤੇ ਉਸ ਦੀ ਧਰਮ ਨਿਰਪੱਖ ਨੀਤੀ ਬਹੁਤ ਪ੍ਰਸਿੱਧ ਹੋਈ ਹੈ। ਅਕਬਰ ਨੇ ਸਭ ਧਰਮਾਂ ਨੂੰ ਮਿਲਾ ਕੇ 'ਦੀਨੇ ਇਲਾਹੀ' ਚਲਾਉਣ ਦੀ ਕੋਸ਼ਿਸ਼ ਕੀਤੀ।

ਇਕ ਗੱਲੋਂ ਅਕਬਰ ਖ਼ੁਸ਼ ਕਿਸਮਤ ਸੀ ਕਿ ਉਸ ਨੂੰ ਬਹੁਤ ਨੇਕ ਤੇ ਕਾਬਲ ਸਲਾਹਕਾਰ ਮਿਲਦੇ ਰਹੇ। ਉਹਨਾਂ ਵਿਚੋਂ ਇਕ ਅਬਦੁਰ ਰਹੀਮ ਖਾਨ ਸੀ ਜੋ ਅਕਬਰ ਦੇ ਬਚਪਨ ਦੇ ਪਾਲਕ ਤੇ ਉਸਤਾਦ ਬੈਰਮ ਖਾਨ ਦਾ ਪੋਤਰਾ ਸੀ। ਉਸ ਨੇ ਸ਼ੇਰ ਸ਼ਾਹ ਸੂਰੀ ਦੇ ਇਕ ਵਜ਼ੀਰ ਟੋਡਰ ਮੱਲ ਨੂੰ ਵੀ ਆਪਣੇ ਦਰਬਾਰ ਵਿਚ ਅਹੁਦਾ ਦਿੱਤਾ ਜਿਸ ਨੇ ਪ੍ਰਸ਼ਾਸਨ ਦੇ ਕੰਮ ਵਿਚ ਬਹੁਤ ਬੇਹਤਰੀ ਲਿਆਂਦੀ। ਇਸ ਤੋਂ ਇਲਾਵਾ ਇਕ ਬੀਰਬਲ ਸੀ ਜਿਸ ਦੀ ਸਿਆਣਪ ਦੀਆਂ ਬਹੁਤ ਸਾਰੀਆਂ ਕਹਾਣੀਆਂ ਬਣੀਆਂ ਹਨ। ਹਾਂ ਅਕਬਰ ਦੇ ਦਰਬਾਰ ਵਿਚ ਉਸ ਦੇ ਚਾਪਲੂਸ ਵੀ ਸਨ। ਇਹਨਾਂ ਸਭਨਾਂ ਤੋਂ ਇਲਾਵਾ ਬਦੌਨੀ ਵਰਗੇ ਇਤਿਹਾਸਕਾਰ ਵੀ ਸਨ ਜੋ ਅਕਬਰ ਤੇ ਉਸ ਦੇ ਦਰਬਾਰੀਆਂ ਵੱਲੋਂ ਇਸਲਾਮ ਦੀ ਕੱਟੜਤਾ ਨਾ ਅਪਣਾਉਣ ਕਰਕੇ ਦੁਖੀ ਸੀ। ਉਹ ਕੁਝ ਨਹੀਂ ਕਰ ਸਕਦੇ ਸਨ, ਇਸ ਤੋਂ ਇਲਾਵਾ ਕਿ ਕਦੇ ਕਦੇ ਦਰਬਾਰ ਵਿਚ ਜ਼ਹਿਰ ਉਘਲ ਦੇਂਦੇ ਤੇ ਆਪਣੀ ਡਾਇਰੀ ਵਿਚ ਅਕਬਰ ਦੇ ਵਿਰੁੱਧ ਲਿਖਦੇ।

ਹਕੂਮਤੀ ਇੰਤਜ਼ਾਮ ਵਾਸਤੇ ਸਾਰੇ ਮੁਲਕ ਨੂੰ 12 ਸੂਬਿਆਂ ਵਿਚ ਵੰਡਿਆ ਸੀ ਤੇ ਹਰ ਇਕ ਦਾ ਇੰਚਾਰਜ ਸੂਬੇਦਾਰ ਹੁੰਦਾ ਸੀ ਜਿਸ ਤੇ ਤਹਿਤ ਅੱਗੋਂ ਕਈ ਅਫ਼ਸਰ ਹੁੰਦੇ ਸਨ। ਖੇਤੀ ਦਾ ਲਗਾਨ ਹਰ ਸਾਲ ਤਹਿ ਕੀਤਾ ਜਾਂਦਾ ਸੀ ਆਮ ਤੌਰ ਤੇ ਉਤਰੀ ਭਾਰਤ ਵਿਚ ਫਸਲ ਦਾ ਤੀਜਾ ਹਿੱਸਾ ਸਰਕਾਰ ਦਾ ਹੁੰਦਾ ਸੀ ਤੇ ਦੱਖਣ ਵਿਚ ਅੱਧਾ। ਇਹਨਾਂ ਪ੍ਰਬੰਧਾਂ ਦੀ ਸਾਰੀ ਜ਼ਿੰਮੇਵਾਰੀ ਟੋਡਰ ਮੱਲ ਤੇ ਮੁਜ਼ੱਫਰ ਖਾਨ ਤੁਰਬਤਾਈ ਦੀ ਹੁੰਦੀ ਸੀ।

ਅਕਬਰ ਨੇ ਹਥਿਆਰ ਬੰਦ ਫੌਜਾਂ ਵਿਚ ਵੀ ਕਾਫ਼ੀ ਸੁਧਾਰ ਕੀਤੇ। ਪੱਕੀ ਫੌਜ ਦੀ

ਗਿਣਤੀ ਘਟਾ ਕੇ ਜਗੀਰਦਾਰਾਂ ਦੀ ਰੀਜ਼ਰਵ ਫੌਜ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਿਸ ਵਾਸਤੇ ਉਹਨਾਂ ਨੂੰ ਜਗੀਰਾਂ ਦਿੱਤੀਆਂ ਗਈਆਂ ਸਨ। ਇਸੇ ਤਰਾਂ 'ਮਨਸਬਦਾਰ' ਵੀ ਸਨ ਜਿਹਨਾਂ ਦੀ ਜ਼ਿੰਮੇਵਾਰੀ 10 ਘੋੜ ਸਵਾਰ ਦੇਣਾ ਤੇ ਵੱਡੇ ਜਗੀਰਦਾਰਾਂ ਉਪਰ 5,000 ਤੱਕ ਫੌਜ ਦੇਣ ਦੀਆਂ ਜ਼ਿੰਮੇਵਾਰੀਆਂ ਵੀ ਸਨ।

ਅਕਬਰ ਦੇ ਪਿਤਾ ਤੇ ਦਾਦੇ ਨੂੰ ਤਾਂ ਹੁਨਰ ਤੇ ਕਲਾ ਦੇ ਵਿਕਾਸ ਦਾ ਕੋਈ ਮੌਕਾ ਨਹੀਂ ਮਿਲਿਆ ਸੀ ਪਰ ਅਕਬਰ ਨੇ ਖੁਦ ਅਨਪੜ੍ਹ ਹੁੰਦੇ ਹੋਏ ਵੀ ਵੱਡੀਆਂ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ। ਉਸ ਨੇ 60 ਲੱਖ ਰੁਪਈਆ ਖਰਚ ਕੇ 24 ਹਜ਼ਾਰ ਕਿਤਾਬਾਂ ਤੇ ਹੱਥ ਲਿਖਤਾਂ ਦਾ ਸੰਗ੍ਰਿਹ ਬਣਾਇਆ। ਉਹ ਲਿਖਤਾਂ ਤੇ ਖੁਸ਼ਖ਼ਤੀਆਂ ਦੇ ਇਨਾਮ ਵੀ ਦੇਂਦਾ ਸੀ। ਇਕ ਕਸ਼ਮੀਰੀ ਕਲਮ ਕਾਰ ਮੁਹੰਮਦ ਹੁਸੈਨ ਨੂੰ ਜ਼ਰੀਨ ਕਲਮ (ਸੁਨਹਿਰੀ ਕਲਮ) ਦਾ ਖਿਤਾਬ ਦਿੱਤਾ ਸੀ। ਅਕਬਰ ਦੇ ਦਰਬਾਰ ਵਿਚ ਵਿਦਵਾਨ, ਇਤਿਹਾਸਕਾਰ, ਕਵੀ ਤੇ ਸੰਗੀਤਕਾਰ ਸ਼ਾਮਿਲ ਸਨ। ਇਹਨਾਂ ਵਿਚ ਹੀ ਗਵਾਲੀਅਰ ਘਰਾਣੇ ਦਾ ਸੰਗੀਤਕਾਰ ਤਾਨਸੇਨ ਸੀ ਜਿਸ ਦਾ ਅੱਜ ਤੱਕ ਉਤਰੀ ਭਾਰਤ ਦੇ ਸੰਗੀਤਕਾਰਾਂ ਵਿਚ ਵੱਡਾ ਨਾਮ ਹੈ।

ਸ਼ਾਇਦ ਇਹ ਸਿਰਫ਼ ਇਤਿਹਾਸਕ ਇਤਫ਼ਾਕ ਹੀ ਸੀ ਹਿੰਦੂ ਧਰਮ ਦੇ ਦੋ ਮਹਾਨ ਕਵੀ ਅਕਬਰ ਦੇ ਵਕਤ ਵਿਚ ਹੀ ਹੋਏ। ਇਕ ਤੁਲਸੀ ਦਾਸ ਸੀ ਜਿਸ ਦੀ ਰਚਨਾ 'ਰਾਮ ਚਰਿਤ ਮਾਨਸ' ਬਹੁਤ ਪ੍ਰਸਿਧ ਸੀ। ਦੂਸਰਾ ਦੋਹਾਂ ਅੱਖਾਂ ਤੋਂ ਵਾਂਝੇ ਸ਼ਲੋਕ ਰਚਨਕਾਰ ਤੇ ਗਾਇਕ ਸੂਰਦਾਸ ਸਨ। ਸੂਰਦਾਸ ਦਾ ਪਿਤਾ ਅਕਬਰ ਦਾ ਦਰਬਾਰੀ ਸੀ।

ਇਮਾਰਤਸਾਜ਼ੀ ਵਿਚ ਵੀ ਅਕਬਰ ਦਾ ਨਾਮ ਹੈ। ਉਸ ਨੇ ਬਹੁਤ ਸਾਰੀਆਂ ਇਮਾਰਤਾਂ ਬਣਾਈਆਂ। ਇਹ ਗੱਲ ਵੱਖਰੀ ਕਿ ਉਸ ਦੀਆਂ ਬਹੁਤ ਸਾਰੀਆਂ ਇਮਾਰਤਾਂ ਨੂੰ ਉਸ ਦੇ ਪੋਤਰੇ ਸ਼ਾਹ ਜਹਾਨ ਨੇ ਗਿਰਾ ਦਿੱਤਾ ਸੀ ਤੇ ਉਸ ਦੀਆਂ ਇੱਟਾਂ ਤੇ ਪੱਥਰਾਂ ਨੂੰ ਆਪਣੇ ਹਿਸਾਬ ਦੀਆਂ ਇਮਾਰਤਾਂ ਬਣਾਉਣ ਵਿਚ ਵਰਤਿਆ। ਫਿਰ ਵੀ ਅਕਬਰ ਦੀ ਸਭ ਤੋਂ ਮਸ਼ਹੂਰ ਤੇ ਹੁਣ ਤੱਕ ਕਾਇਮ ਦਿਲਕੱਸ਼ ਇਮਾਰਤ ਉਸ ਦੇ ਪਿਤਾ ਦਾ ਦਿੱਲੀ ਵਿਚ ਮਕਬਰਾ ਹੈ ਜਿਸ ਨੂੰ ਹੰਮਾਯੂ ਮਕਬਰਾ ਕਿਹਾ ਜਾਂਦਾ ਹੈ। ਕਈਆਂ ਦਾ ਕਹਿਣਾ ਹੈ ਕਿ ਇਹ ਤਾਜ ਮਹੱਲ ਦੀ ਪਹਿਲੀ ਬਣਤਰ ਹੈ। ਆਗਰੇ ਦਾ ਫਤਿਹ ਪੁਰ ਸੀਕਰੀ ਤੇ ਖਾਸ ਕਰਕੇ ਉਥੋਂ ਦਾ ਬੁਲੰਦ ਦਰਵਾਜ਼ਾ ਬਹੁਤ ਵੱਡੀ ਚੀਜ਼ ਹੈ। ਅਕਬਰ ਨੇ ਸੂਫੀ ਸੰਤ ਸਲੀਮ ਚਿਸਤੀ ਦੀ ਦਰਗਾਹ ਬਣਾਈ ਤੇ ਆਪਣੀ ਹਿੰਦੂ ਪਤਨੀ ਦਾ ਮਹੱਲ ਵੀ। ਉਸ ਦੀ ਇਮਾਰਤਸਾਜ਼ੀ ਦਾ ਕਮਾਲ ਮੁਸਲਿਮ ਤੇ ਹਿੰਦੂ ਭਵਨ ਕਲਾਵਾਂ ਦਾ ਸੁਮੇਲ ਸੀ।

ਧਰਮ ਦੇ ਮਾਮਲੇ ਵਿਚ ਅਕਬਰ ਦੀਆਂ ਨਿੱਜੀ ਉਲਝਣਾਂ ਵੀ ਇਕ ਹਕੀਕਤ ਸੀ। ਉਹ ਕੱਟੜ ਨਹੀਂ ਸੀ ਤੇ ਚਾਹੁੰਦਾ ਸੀ ਕਿ ਉਸ ਦੀ ਸਾਰੀ ਪਰਜਾ ਕੋਈ ਇਕੋ ਧਰਮ ਅਖਤਿਆਰ ਕਰ ਲਵੇ। ਇਸ ਵਾਸਤੇ ਉਸ ਨੇ ਖੁਦ ਆਪਣੇ ਵਾਸਤੇ ਪਹਿਲਾਂ ਪਾਰਸੀ ਧਰਮ ਚੁਣਿਆ, ਫਿਰ ਬੋਧੀ ਤੇ ਜੈਨੀ ਬਣਨਾ ਵੀ ਸੋਚਿਆ। ਉਸ ਨੇ ਹਰੀ ਵਿਜੇ ਸੂਰੀ ਦੀ ਕਥਾ ਸੁਣੀ ਤੇ ਮੀਟ ਖਾਣਾ ਛੱਡ ਦਿੱਤਾ। ਉਹ ਸਿੱਖ ਗੁਰੂ ਅਮਰ ਦਾਸ ਨੂੰ ਮਿਲਣ

ਗਿਆ ਤੇ ਉਥੇ ਬੈਠ ਕੇ ਗੁਰਬਾਣੀ ਵੀ ਸੁਣੀ। ਇਸ ਤੋਂ ਬਾਅਦ ਉਸ ਨੇ ਇਸਾਈ ਧਰਮ ਬਾਰੇ ਗੰਭੀਰਤਾ ਨਾਲ ਸੋਚਿਆ। ਇਸਾਈ ਮਿਸ਼ਨ ਬੁਲਾਏ, ਬਾਈਬਲ ਨੂੰ ਸਤਿਕਾਰ ਨਾਲ ਚੁੰਮਿਆ ਤੇ ਇਕ ਇਸਾਈ ਬੀਵੀ ਵੀ ਗ੍ਰਹਿਣ ਕੀਤੀ। ਉਸ ਨੇ ਸਭ ਮਜ਼ਹਬਾਂ, ਸਮੇਤ ਇਸਲਾਮ ਤੇ ਹਿੰਦੂਮੱਤ ਦੇ ਬਹਿਸਾਂ ਵਾਸਤੇ ਸਾਂਝੀ 'ਇਬਾਦਤ ਗਾਹ' ਕਾਇਮ ਕੀਤੀ ਤੇ 'ਦੀਨੇ ਇਲਾਹੀ' ਧਰਮ ਦੀ ਤਜਵੀਜ਼ ਰੱਖੀ ਪਰ ਉਸ ਦੇ ਆਪਣੇ ਦਰਬਾਰੀ ਹੀ ਉਸ ਦੀਆਂ ਅਜਿਹੀਆਂ ਤਜਵੀਜ਼ਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਰਹੇ। ਅਕਬਰ ਦੀਆਂ ਇਹਨਾਂ ਗੱਲਾਂ ਤੋਂ ਇਹ ਸਮਝਦੇ ਹਾਂ ਕਿ ਉਸ ਦਾ ਮੱਤ ਸੀ ਕਿ ਹਿੰਦੁਸਤਾਨ ਤਾਂ ਹੀ ਇਕ ਕੌਮ ਬਣ ਸਕਦਾ ਹੈ ਜੇ ਉਸ ਦਾ ਧਾਰਮਿਕ ਵਿਸ਼ਵਾਸ ਵੀ ਇਕ ਹੋਵੇ।

ਅਕਬਰ ਦੇ ਕਾਲ ਦਾ ਇਕ ਮਹੱਤਵ ਇਹ ਹੈ ਕਿ ਉਸ ਵਕਤ ਹੀ ਭਾਰਤ ਦੇ ਭਵਿੱਖ ਦੇ ਹਾਕਮ ਯੂਰਪੀਨ ਕੌਮਾਂ ਦਾ ਦਾਖਲਾ ਹੋਇਆ, ਖਾਸ ਕਰਕੇ ਪੁਰਤਗੇਲੀ ਤੇ ਅੰਗਰੇਜ਼। ਅਕਬਰ ਇਹਨਾਂ ਦੀ ਆਮਦ ਤੋਂ ਦੁਖੀ ਸੀ ਤੇ ਕਹਿੰਦਾ ਸੀ ਕਿ ਉਹ ਖੁਦ ਜਾ ਕੇ ਇਹਨਾਂ ਫਰੰਗੀ ਕਾਫਰਾਂ ਨੂੰ ਆਪਣੇ ਸਮੁੰਦਰ ਨਾਲ ਲੱਗਦੇ ਟਾਪੂਆਂ ਤੋਂ ਖਦੇੜਨਾ ਚਾਹੁੰਦਾ ਹੈ। ਪਰ ਉਸ ਕੋਲ ਨਾਮ ਮਾਤਰ ਦੀ ਵੀ ਸਮੁੰਦਰੀ ਫੌਜ ਨਹੀਂ ਸੀ। ਇਸ ਹਾਲਤ ਵਿਚ ਅਕਬਰ ਨੇ ਆਪਣੇ ਦਰਬਾਰ ਵਿਚ ਅੰਗਰੇਜ਼ਾਂ ਤੇ ਪੁਰਤਗਾਲੀਆਂ ਦੇ ਵਫ਼ਦਾਂ ਨਾਲ ਮੁਲਾਕਾਤਾਂ ਕੀਤੀਆਂ ਤੇ ਮਹਾਰਾਣੀ ਅਲੈਜ਼ਬਿਥ ਦਾ ਖ਼ਤ ਵੀ ਵਸੂਲ ਪਾਇਆ। ਅਕਬਰ ਇਹਨਾਂ ਵਿਦੇਸ਼ੀਆਂ ਤੋਂ ਸਿਰਫ਼ ਇਕੋ ਗੱਲ ਮਨਾ ਸਕਿਆ ਕਿ ਉਹ ਸਮੁੰਦਰ ਰਾਹੀਂ ਹੱਜ ਜਾਣ ਵਾਲਿਆਂ ਨੂੰ ਪਰੇਸ਼ਾਨੀ ਨਾ ਦੇਣ।

ਅਕਬਰ ਦੀ ਜ਼ਿੰਦਗੀ ਦੇ ਆਖਰੀ ਸਾਲ ਉਦਾਸੀ ਵਿਚ ਨਿਕਲੇ। ਉਸ ਦੀ ਗੱਦੀ ਦੇ ਵਾਰਸ ਜਹਾਂਗੀਰ ਨੇ ਬਗਾਵਤ ਕੀਤੀ ਸੀ। ਅਕਬਰ ਨੇ ਚਾਰ ਸਾਲ ਵਾਸਤੇ ਜਹਾਂਗੀਰ ਨੂੰ ਘਰ ਵਿਚ ਕੈਦ ਰੱਖਿਆ ਅਤੇ ਵਰਾਸਤ ਵੀ ਆਪਣੇ ਛੋਟੇ ਪੁੱਤਰ ਦੇ ਨਾਮ ਕਰ ਦਿੱਤੀ ਸੀ ਪਰ 27 ਅਕਤੂਬਰ 1605 ਨੂੰ ਹੋਈ ਉਸ ਦੀ ਮੌਤ ਨੇ ਇਹ ਕੰਮ ਅਧੂਰਾ ਰਹਿਣ ਦਿੱਤਾ।

ਜਹਾਂਗੀਰ (1605-1627 ਈਸਵੀ)

ਜਹਾਂਗੀਰ ਅਕਬਰ ਨਾਲੋਂ ਉਸੇ ਤਰ੍ਹਾਂ ਹੀ ਵੱਖਰੀ ਕਿਸਮ ਦਾ ਸੀ ਜਿਸ ਤਰ੍ਹਾਂ ਆਮ ਹੀ ਹਰ ਪੁੱਤਰ ਆਪਣੇ ਪਿਤਾ ਨਾਲੋਂ ਹੁੰਦਾ ਹੈ। ਉਹ ਪੜ੍ਹਿਆ ਲਿਖਿਆ ਤੇ ਵਿਦਵਾਨ ਕਿਸਮ ਦਾ ਸੀ ਜਦੋਂ ਕਿ ਅਕਬਰ ਅਨਪੜ੍ਹ ਸੀ। ਉਹ ਝਗੜਾਲੂ ਕਿਸਮ ਦਾ ਸੀ ਜਦੋਂ ਕਿ ਉਸ ਦਾ ਪਿਤਾ ਮਿਲਵਰਤਨ ਦੇ ਸੁਭਾਅ ਵਾਲਾ ਸੀ। ਭਾਵੇਂ ਉਹ ਇਕ ਹਿੰਦੂ ਮਾਂ ਦਾ ਪੁੱਤਰ ਸੀ ਤੇ ਹਿੰਦੂ ਔਰਤ ਦਾ ਪਤੀ ਸੀ ਪਰ ਉਹਦੇ ਮਨ ਵਿਚ ਹਿੰਦੂਆਂ ਪ੍ਰਤੀ ਚੰਗੀ ਭਾਵਨਾ ਨਹੀਂ ਸੀ। ਯਾਦ ਰਹੇ ਕਿ ਉਸ ਦੀ ਹਿੰਦੂ ਪਤਨੀ ਨੇ ਓਦੋਂ ਆਤਮ ਹੱਤਿਆ ਕਰ ਲਈ ਜਦੋਂ ਉਸ ਦੇ ਪਤੀ ਨੇ ਅਕਬਰ ਵਿਰੁੱਧ ਬਗਾਵਤ ਕੀਤੀ ਸੀ। ਉਹ ਸਭ ਸ਼ਹਿਰੀਆਂ ਨੂੰ ਬਰਾਬਰ ਸਮਝਣ ਦੇ ਧਰਮ ਨਿਰਪੱਖ ਸਿਧਾਂਤ ਨਾਲ ਸਹਿਮਤ ਨਹੀਂ ਸੀ। ਉਸ ਦੀ ਹਕੂਮਤ ਦੀ ਸ਼ੁਰੂਆਤ ਹੀ ਰਾਜਪੂਤਾਂ ਵਿਰੁੱਧ ਲੜਾਈਆਂ ਛੇੜਨ ਤੇ ਦੱਖਣ ਦੇ ਉਹਨਾਂ ਮੁਸਲਮਾਨ ਸੂਬੇਦਾਰਾਂ ਨੂੰ ਦਬਾਉਣ ਨਾਲ ਹੋਈ ਜੋ ਆਜ਼ਾਦ ਹੋਣ

ਦੀਆਂ ਸੋਚ ਰਹੇ ਸਨ। ਹਾਂ ਜਹਾਂਗੀਰ ਨੇ ਆਪਣੇ ਪਿਤਾ ਅਕਬਰ ਦਾ ਬਹੁਤ ਸ਼ਾਨਦਾਰ ਮਕਬਾਰਾ, 'ਇਤਮਾਦੁਦ ਦੌਲਾ' ਆਗਰਾ ਦੇ ਕੋਲ ਯਮਨਾ ਕਿਨਾਰੇ ਸਿਕੰਦਰਾ ਵਿਖੇ ਬਣਾਇਆ ਜਿਸ ਵਿਚ ਸੰਗਮਰਮਰ ਦਾ ਕੰਮ ਵੱਡੀ ਕਾਰੀਗਰੀ ਨਾਲ ਕਰਵਾਇਆ ਗਿਆ।

ਆਮ ਚਰਚਾ ਵਿਚ ਜਹਾਂਗੀਰ ਦਾ ਨਾਂ ਸ਼ਰਾਬ ਤੇ ਸ਼ਬਾਬ ਵਿਚ ਮਸਤੀ ਦਾ ਚੱਲਦਾ ਹੈ। ਪਹਿਲਾਂ ਉਸ ਦੇ ਅਨਾਰਕਲੀ ਨਾਲ ਇਸ਼ਕ ਦੀਆਂ ਕਹਾਣੀਆਂ ਹਨ ਤੇ ਫਿਰ ਨੂਰ ਜਹਾਨ ਨਾਲ ਜਿਸ ਨੂੰ ਹਾਸਿਲ ਕਰਨ ਵਾਸਤੇ ਇਸ ਨੇ ਉਸ ਦੇ ਪਤੀ ਦਾ ਕਤਲ ਕੀਤਾ ਸੀ। ਉਹ ਮੌਤ ਦੀਆਂ ਸਜ਼ਾਵਾਂ ਦੇਣ ਤੇ ਫਿਰ ਉਹਨਾਂ ਉਪਰ ਅਮਲ ਹੁੰਦਾ ਵੇਖਣ ਦੀ ਕਰੂਰਤਾ ਭਰੀ ਖੁਸ਼ੀ ਪ੍ਰਾਪਤ ਕਰਦਾ ਸੀ। ਉਸ ਨੇ ਆਪਣੇ ਬਾਗੀ ਪੁੱਤਰ ਨੂੰ ਮਜ਼ਬੂਰ ਕੀਤਾ ਕਿ ਉਸ ਦੇ ਨਾਲ ਘੋੜੇ ਤੇ ਸਵਾਰ ਹੋ ਕੇ ਅਜਿਹਾ ਨਜ਼ਾਰਾ ਵੇਖਣ ਜਾਵੇ ਕਿ ਕਿਸ ਤਰ੍ਹਾਂ ਉਸ ਦੇ ਹਮਦਰਦਾਂ ਦੀਆਂ ਚੀਕਾਂ ਨਿਕਲਦੀਆਂ ਹਨ ਜਦੋਂ ਉਹਨਾਂ ਨੂੰ ਸੂਲੀ 'ਤੇ ਟੰਗਿਆ ਜਾਂਦਾ ਹੈ ਤੇ ਜਾਂ ਹਾਥੀਆਂ ਦੇ ਪੈਰਾਂ ਹੇਠ ਕੁਚਲਿਆ ਜਾਂਦਾ ਹੈ। ਇਸ ਦੇ ਬਾਵਜੂਦ ਉਹ ਆਪਣੀ ਸੰਤਾਨ ਨੂੰ ਬਗਾਵਤ ਤੋਂ ਬਾਜ ਰੱਖਣ ਵਿਚ ਕਾਮਯਾਬ ਨਹੀਂ ਹੋ ਸਕਿਆ।

ਸ਼ਾਹ ਜਹਾਨ (1627-1666 ਈਸਵੀ)

ਆਪਣੇ ਪਿਤਾ ਦੀ ਤਰ੍ਹਾਂ ਸ਼ਾਹ ਜਹਾਨ ਵੀ 35 ਸਾਲ ਦਾ ਸੀ ਜਦੋਂ ਗੱਦੀ ਤੇ ਬੈਠਾ ਤੇ ਆਪਣੇ ਪਿਤਾ ਦੀ ਤਰ੍ਹਾਂ ਹੀ ਤਖਤ ਹਾਸਿਲ ਕਰਨ ਵਾਸਤੇ ਆਪਣੇ ਭਰਾ ਨੂੰ ਮਾਰਨਾ ਪਿਆ ਸੀ। ਤਖ਼ਤ ਹਾਸਿਲ ਕਰਨ ਵਾਸਤੇ ਭਰਾਵਾਂ ਵਿਚਕਾਰ ਖ਼ੂਨੀ ਲੜਾਈ ਹੁਣ ਮੁਗਲਾਂ ਦੀ ਇਕ ਰਿਵਾਇਤ ਬਣ ਚੁਕੀ ਸੀ। ਇਸ ਤਰ੍ਹਾਂ ਬਹੁਤ ਸਾਰੇ ਸੂਬੇ ਜਿਸ ਦੇ ਸੂਬੇਦਾਰਾਂ ਨੇ ਵਿਰੋਧੀ ਭਰਾ ਦਾ ਸਾਥ ਦਿੱਤਾ ਸੀ ਜਾਂ ਖੁਦ ਤਖਤ ਵੱਲ ਨਿਗ੍ਹਾ ਰੱਖੀ ਸੀ ਤੇ ਜਾਂ ਆਜ਼ਾਦ ਹੋਣ ਦੀ ਕੋਸ਼ਿਸ਼ ਕੀਤੀ ਸੀ, ਉਹਨਾਂ ਸਭਨਾਂ ਨੂੰ ਦੋਬਾਰਾ ਜਿੱਤਣਾ ਪੈਂਦਾ ਸੀ।

ਸ਼ਾਹ ਜਹਾਨ ਆਪਣੀ ਬਾਦਸ਼ਾਹਤ ਦੇ 32 ਵਿਚੋਂ 16 ਸਾਲ ਰਾਜਪੂਤਾਂ ਦੀਆਂ ਤੇ ਦੱਖਣੀ ਸ਼ਹਿਨਸ਼ਾਹਾਂ ਦੀਆਂ ਬਗਾਵਤਾਂ ਕੁਚਲਣ ਵਿਚ ਲੱਗਾ ਰਿਹਾ। ਉਸ ਨੇ ਵੀ ਆਪਣੀਆਂ ਰਗਾਂ ਵਿਚ ਹਿੰਦੂ ਖ਼ੂਨ ਹੋਣ ਦੇ ਬਾਵਜੂਦ ਹਿੰਦੂਆਂ ਉਪਰ ਜੁਲਮ ਦੀ ਨੀਤੀ ਬਣਾਈ। ਇਸ ਨੇ ਦੋਬਾਰਾ ਜਜ਼ੀਆ ਵੀ ਲਗਾਇਆ ਤੇ ਹਿੰਦੂ ਮੰਦਰ ਬਰਬਾਦ ਕੀਤੇ।

ਹਕੂਮਤ ਦੀਆਂ ਜ਼ਿੰਮੇਵਾਰੀਆਂ ਵਿਚ ਆਪਣੀਆਂ ਕਮਜ਼ੋਰੀਆਂ ਨੂੰ ਇਸ ਨੇ ਇਮਾਰਤਸਾਜ਼ੀ ਦੇ ਹੁਨਰ ਵਿਚ ਲੁਕਾਉਣ ਦੀ ਕੋਸ਼ਿਸ਼ ਕੀਤੀ ਤੇ ਇਹ ਇਤਿਹਾਸ ਵਿਚ ਵੀ ਇਸੇ ਪੱਖੋਂ ਆਪਣਾ ਸਥਾਨ ਬਣਾ ਸਕਿਆ। ਸਭ ਤੋਂ ਪਹਿਲਾਂ ਇਸ ਨੇ ਆਗਰੇ ਦੇ ਕਿਲੇ ਵਿਚ ਮੋਤੀ ਮਸਜਿਦ ਬਣਾਈ ਤੇ ਫਿਰ ਦਿੱਲੀ ਵਿਚ ਦੁਨੀਆ ਦੀ ਸਭ ਤੋਂ ਵੱਡੀ ਤੇ ਸ਼ਾਨਦਾਰ ਮਸਜਿਦ, ਜਾਮਾ ਮਸਜਿਦ, ਬਣਾਈ। ਦਿੱਲੀ ਦਾ ਲਾਲ ਕਿਲਾ ਉਸਾਰਿਆ ਤੇ ਆਪਣੀ ਰਾਜਧਾਨੀ ਵੀ ਆਗਰਾ ਤੋਂ ਇਥੇ ਲੈ ਆਇਆ। ਇਸ

ਦੀ ਮੁੱਖ ਚਰਚਾ ਵਾਲੀ ਇਮਾਰਤ ਆਗਰੇ ਦਾ ਤਾਜ ਮਹੱਲ ਹੈ ਜੋ ਆਪਣੀ ਚਹੇਤੀ ਬੇਗਮ, ਚੌਦਾਂ ਬੱਚਿਆਂ ਦੀ ਮਾਂ, ਮੁਮਤਾਜ਼ ਮਹਿਲ ਦੇ ਮਕਬਰੇ ਵਾਸਤੇ ਬਣਵਾਇਆ। ਇਹਨਾਂ ਕਾਰਨਾਂ ਕਰਕੇ ਹੀ ਉਹ ਨੂੰ ਹੱਕ ਬਨਾਜਬ ਹੀ ਸਾਰੇ ਵਕਤਾਂ ਦਾ ਵੱਡਾ ਭਵਨ ਨਿਰਮਾਣ ਕਰਤਾ ਕਿਹਾ ਜਾਂਦਾ ਹੈ।

ਸ਼ਾਹ ਜਹਾਨ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਸਾਢੇ ਸੱਤ ਸਾਲ ਆਗਰਾ ਦੇ ਸ਼ਾਹੀ ਕਿਲੇ ਵਿਚ ਘਰ ਅੰਦਰ ਕੈਦ (House arrest) ਵਿਚ ਕੱਟੇ ਜਿਸ ਦਾ ਹੁਕਮ ਉਸ ਦੇ ਪੁੱਤਰ ਔਰੰਗਜ਼ੇਬ ਨੇ ਦਿੱਤਾ ਸੀ। ਉਸ ਦੀ ਮੌਤ 22 ਜਨਵਰੀ, 1972 ਨੂੰ ਹੋਈ।

ਔਰੰਗਜ਼ੇਬ (1666-1707 ਈਸਵੀ)

ਇਤਿਹਾਸਕਾਰਾਂ ਵਿਚਕਾਰ ਔਰੰਗਜ਼ੇਬ ਦੇ ਮੁੱਲਅੰਕਣ ਬਾਰੇ ਤਿੱਖੇ ਮਤ ਭੇਦ ਹਨ। ਇਹ ਵਿਵਾਦ ਸਿਰਫ਼ ਕਿਤਾਬਾਂ ਵਿਚ ਹੀ ਨਹੀਂ, ਇਹ ਇਕ ਪਾਸੇ ਪਾਕਿਸਤਾਨ ਦੇ ਇਤਿਹਾਸਕਾਰ ਤੇ ਦੂਜੇ ਪਾਸੇ ਭਾਰਤੀ ਇਤਿਹਾਸਕਾਰ ਆਪਣੀਆਂ ਆਪਣੀਆਂ ਰਾਵਾਂ ਲਿਖ ਰਹੇ ਹਨ। ਔਰੰਗਜ਼ੇਬ ਨੇ ਅਕਬਰ ਨਾਲੋਂ ਵੀ ਵੱਡੀ ਸਲਤਨਤ ਤੇ ਉਸ ਨਾਲੋਂ ਵੀ ਲੰਬੀ ਦੇਰ ਤੱਕ ਹਕੂਮਤ ਕੀਤੀ। ਉਹ ਡੂੰਘੀਆਂ ਧਾਰਮਿਕ ਰੁਚੀਆਂ ਵਾਲਾ ਬੰਦਾ ਸੀ। ਉਸ ਨੇ ਸ਼ਰਾਬ ਨੂੰ ਛੋਹਿਆ ਤੱਕ ਨਹੀਂ ਸੀ ਤੇ ਗੀਤ ਗਾਣਿਆਂ ਦੀ ਮਨਾਹੀ ਕੀਤੀ ਹੋਈ ਸੀ। ਉਹ ਆਪਣੇ ਵੱਡੇਰਿਆਂ ਦੀ ਤਰ੍ਹਾਂ ਰੰਗ ਰਲੀਆਂ ਮਨਾਉਣ ਵਾਲਾ ਬੰਦਾ ਨਹੀਂ ਸੀ। ਉਹ ਇਕ ਪੱਕਾ ਮੁਸਲਮਾਨ ਸੀ, ਦਿਨ ਦਾ ਵੱਡਾ ਵਕਤ ਇਬਾਦਤ ਤੇ ਨਮਾਜ਼ਾਂ ਵਿਚ ਗੁਜਾਰਦਾ ਤੇ ਕੁਰਆਨ ਸ਼ਰੀਫ਼ ਦੀਆਂ ਕਾਪੀਆਂ ਤਿਆਰ ਕਰਦਾ ਸੀ। ਉਹ ਆਪਣੇ ਗੁਜ਼ਾਰੇ ਵਾਸਤੇ ਪੈਸਾ ਇਕੱਠਾ ਕਰਨ ਵਾਸਤੇ ਟੋਪੀਆਂ ਸਿਉਂਦਾ ਸੀ। ਉਹ ਸਧਾਰਣ ਕੱਪੜਿਆਂ ਵਿਚ ਰਹਿੰਦਾ ਤੇ ਸਧਾਰਣ ਜੀਵਨ ਬਤੀਤ ਕਰਦਾ ਸੀ। ਇਸ ਦੇ ਨਾਲ ਹੀ ਉਹ ਨਿਡਰ ਬੰਦਾ ਸੀ। ਉਸ ਨੇ ਲਿਖਿਆ ਸੀ ਕਿ "ਉਹੀ ਬੰਦਾ ਬਾਦਸ਼ਾਹਤ ਰੂਪੀ ਪਤਨੀ ਨੂੰ ਬਾਹਾਂ ਵਿਚ ਜਕੜ ਸਕਦਾ ਹੈ ਜੋ ਤਲਵਾਰ ਦੀ ਧਾਰ ਨੂੰ ਚੁੰਮ ਸਕਦਾ ਹੋਵੇ।" ਉਹ ਹਮੇਸ਼ਾਂ ਬਗਾਵਤਾਂ ਨੂੰ ਦਬਾ ਦੇਣ ਤੇ ਆਪਣੀ ਹਕੂਮਤ ਦਾ ਘੇਰਾ ਵਧਾਉਂਦੇ ਰਹਿਣ ਦੀ ਸਿਫਾਰਸ਼ ਕਰਦਾ ਸੀ। ਉਸ ਦਾ ਕਹਿਣਾ ਸੀ "ਇਕ ਬਾਦਸ਼ਾਹ ਨੂੰ ਹਮੇਸ਼ਾਂ ਚੱਲਦੇ ਰਹਿਣਾ ਚਾਹੀਦਾ ਹੈ। ਇਕ ਥਾਂ 'ਤੇ ਟਿਕਣ ਨਾਲ ਆਰਾਮ ਕਰਨ ਦਾ ਪ੍ਰਭਾਵ ਪੈਂਦਾ ਹੈ ਪਰ ਉਸ ਨਾਲ ਹਜ਼ਾਰਾ ਮੁਸੀਬਤਾਂ ਆਣ ਘੇਰਦੀਆਂ ਹਨ"। ਇਹ ਉਸ ਦੇ ਕਿਰਦਾਰ ਦਾ ਇਕ ਪੱਖ ਹੈ। ਦੂਜੇ ਪਾਸੇ ਉਹ ਜ਼ਾਲਮ ਤੇ ਧੋਖੇਬਾਜ਼ ਵੀ ਸੀ। ਉਸ ਨੇ ਆਪਣੇ ਭਰਾਵਾਂ ਨੂੰ ਧੋਖੇ ਨਾਲ ਬੁਲਾਇਆ ਤੇ ਫਿਰ ਉਹਨਾਂ ਨੂੰ ਉਹਨਾਂ ਦੇ ਬੱਚਿਆਂ ਸਮੇਤ ਮਾਰ ਦਿੱਤਾ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਲਿਆ ਤੇ ਗੈਰ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾਇਆ। ਉਹਨਾਂ ਵਿਚੋਂ ਕੋਈ ਵੀ ਬਗਾਵਤ ਕਰਦਾ ਰਿਹਾ ਤਾਂ ਉਸ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਜਾਂਦਾ। ਉਸ ਨੇ 1669 ਵਿਚ ਮਥੁਰਾ ਤੇ ਆਗਰਾ ਦੇ ਜਾਟਾਂ ਨੂੰ ਦਬਾਇਆ, ਫਿਰ ਨਾਰਨੌਲ ਦੇ ਸਤਨਾਮੀਆਂ ਨੂੰ ਤੇ 1675

ਵਿਚ ਨੌਵੇਂ ਸਿੱਖ ਗੁਰੂ, ਤੇਗ ਬਹਾਦਰ, ਨੂੰ ਦਿੱਲੀ ਵਿਚ ਸ਼ਹੀਦਾ ਕੀਤਾ। ਉਸ ਨੇ ਨਾ ਤਾਂ ਸ਼ੀਆ ਮੁਸਲਮਾਨਾਂ ਨੂੰ ਬਖ਼ਸ਼ਿਆ ਸੀ ਤੇ ਨਾ ਹੀ ਸੂਫ਼ੀਆਂ ਨੂੰ।

ਉਹ ਇਸਲਾਮਿਕ ਨਿਯਮਾਂ ਨਾਲ ਇਤਨਾਂ ਜੁੜਿਆ ਸੀ ਕਿ ਖੁਦ ਇਕ ਚੰਗਾ ਵਿਦਵਾਨ ਹੋਣ ਦੇ ਬਾਵਜੂਦ ਕਲਾ ਤੇ ਸੰਗੀਤ ਨੂੰ ਸ਼ੈਤਾਨ ਦੀ ਖੋਜ ਦੱਸਦਾ ਸੀ। ਪਹਿਲੇ ਦੋ ਮੁਗਲ ਬਾਦਸ਼ਾਹਾਂ ਵੱਲੋਂ ਇਮਾਰਤਾਂ ਬਣਾਉਣ ਦੇ ਰਿਵਾਜ ਨੂੰ ਉਸ ਨੇ ਤਿਲਾਂਜਲੀ ਦੇ ਦਿੱਤੀ। ਉਸ ਨੇ ਆਪਣੇ ਪਿੱਛੇ ਸਿਰਫ਼ ਕੁਝ ਮਸਜਿਦਾਂ ਛੱਡੀਆਂ। ਇਕ ਦਿੱਲੀ ਦੇ ਲਾਲ ਕਿਲੇ ਵਿਚ ਆਪਣੀ ਜਾਤੀ ਬੰਦਗੀ ਵਾਸਤੇ ਮੋਤੀ ਮਸਜਿਦ ਤੇ ਦੂਜੀ ਬਨਾਰਸ ਵਿਚ ਹਿੰਦੂ ਮੰਦਿਰ ਢਾਹ ਕੇ ਬਣਾਈ ਗਈ ਸੀ।

ਇਤਿਹਾਸ ਨੇ ਉਹਨਾਂ ਹੀ ਤਾਕਤਾਂ ਰਾਹੀਂ ਮੁਗਲ ਰਾਜ ਦਾ ਖ਼ਾਤਮਾ ਕੀਤਾ ਜਿਹਨਾਂ ਨੂੰ ਔਰੰਗਜ਼ੇਬ ਤਬਾਹ ਕਰਨਾ ਚਹੁੰਦਾ ਸੀ। ਇਹ ਸਨ ਜਾਟ ਤੇ ਸਿੱਖ ਤੇ ਇਹਨਾਂ ਨਾਲੋਂ ਵੀ ਵੱਧ ਕੇ ਮਰਹੱਟੇ ਜਿਹਨਾਂ ਦੇ ਆਗੂ ਸ਼ਿਵਾ ਜੀ ਨੇ ਔਰੰਗਜ਼ੇਬ ਦੇ ਜੀਉਂਦੇ ਜੀ ਹੀ ਮੁਗਲ ਸਾਮਰਾਜ ਦੀਆਂ ਨੀਹਾਂ ਖੋਖਲੀਆਂ ਕਰ ਦਿੱਤੀਆਂ ਸਨ।

ਹਿੰਦੂ ਵਿਰੋਧ ਦੇ ਪੱਖੋਂ ਔਰੰਗਜ਼ੇਬ ਨੂੰ ਸਭ ਤੋਂ ਤਿੱਖਾ ਵਿਰੋਧ ਸ਼ਿਵਾ ਜੀ ਮਰਹੱਟਾ ਵੱਲੋਂ ਸਹੇੜਨਾ ਪਿਆ ਜਿਸ ਨੇ ਆਪਣੇ ਆਪ ਨੂੰ 'ਛਤਰਪਤੀ ਰਾਜਾ' ਹੋਣ ਦਾ ਐਲਾਨ ਕੀਤਾ ਸੀ। ਉਸ ਨੇ ਸੂਰਤ ਤੱਕ ਦੇ ਇਲਾਕੇ ਉਪਰ ਕਬਜ਼ਾ ਕਰ ਲਿਆ। ਔਰੰਗਜ਼ੇਬ ਨੇ ਬਹੁਤ ਵੱਡੀ ਫੌਜ ਉਸ ਨੂੰ ਦਬਾਉਣ ਵਾਸਤੇ ਭੇਜੀ ਤੇ ਅਜਿਹੇ ਸਮਝੌਤੇ ਵਾਸਤੇ ਮਜਬੂਰ ਕੀਤਾ ਕਿ ਉਹ ਆਪਣੇ 23 ਕਿਲੇ ਛੱਡ ਦੇਵੇ ਤੇ ਸਿਰਫ 12 ਰੱਖੇ। ਉਸ ਨੂੰ ਦਾਅ ਪੇਚ ਨਾਲ ਦਿੱਲੀ ਬੁਲਾਇਆ ਤੇ ਕੈਦ ਕਰ ਲਿਆ ਜਿਸ ਵਿਚੋਂ ਆਪਣੀ ਹੋਸ਼ਿਆਰੀ ਨਾਲ ਸ਼ਿਵਾ ਜੀ ਤੇ ਉਸ ਦਾ ਪੁੱਤਰ ਆਜ਼ਾਦ ਹੋ ਗਏ। ਸ਼ਿਵਾ ਜੀ ਦੀ 1680 ਵਿਚ ਮੌਤ ਹੋ ਗਈ।

ਬੇਸ਼ੱਕ ਤਿੱਖੀਆਂ ਲੜਾਈਆਂ ਨਾਲ ਔਰੰਗਜ਼ੇਬ ਨੇ ਸ਼ਿਵਾ ਜੀ ਵੱਲੋਂ ਜਿੱਤੀਆਂ ਸਾਰੀਆਂ ਥਾਵਾਂ ਉਪਰ ਮੁੜ ਕਬਜ਼ਾ ਕਰ ਲਿਆ ਸੀ ਤੇ ਉਸ ਦੇ ਪੁੱਤਰ ਸੰਬਾਜੀ ਨੂੰ ਮੌਤ ਦੀ ਸਜ਼ਾ ਦਿੱਤੀ ਸੀ ਪਰ ਮਰਾਠਾ ਤਾਕਤ ਮੁਗਲਾਂ ਤੋਂ ਬਾਅਦ ਇਸ ਮੁਲਕ ਦੀ ਵੱਡੀ ਤਾਕਤ ਬਣ ਗਈ ਸੀ।

ਅਖੀਰਲੇ ਮੁਗਲ ਬਾਦਸ਼ਾਹ

ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਨੂੰ ਵੀ ਆਪਣੇ ਵਡੇਰਿਆਂ ਦੀ ਤਰ੍ਹਾਂ ਤਖਤ 'ਤੇ ਬੈਠਣ ਤੋਂ ਪਹਿਲਾਂ ਆਪਣੇ ਭਾਰਾਵਾਂ ਨਾਲ ਲੜਾਈਆਂ ਲੜਨੀਆਂ ਪਈਆਂ ਤੇ ਫਿਰ ਸਿੱਖਾਂ ਨਾਲ ਜੋ ਬੰਦਾ ਬਹਾਦਰ ਦੀ ਅਗਵਾਈ ਵਿਚ ਉਠ ਖੜੇ ਹੋ ਰਹੇ ਸਨ। ਉਹ ਟੁੱਟੇ ਦਿਲ ਨਾਲ ਇਸ ਸੰਸਾਰ ਤੋਂ ਵਿਦਾ ਹੋਇਆ।

ਇਸ ਤੋਂ ਬਾਅਦ ਇਕ ਤੋਂ ਬਾਅਦ ਦੂਜੇ ਮੁਗਲ ਬਾਦਸ਼ਾਹ ਉਸੇ ਤਰ੍ਹਾਂ ਗੱਦੀ ਸੰਭਾਲਦੇ ਰਹੇ ਜਿਸ ਵਿਚ ਭਰਾ ਭਰਾਵਾਂ ਦੇ ਕਤਲ ਕਰਦੇ ਰਹੇ ਤੇ ਚਾਚੇ ਭਤੀਜਿਆਂ ਦੇ। ਕੁਝ ਬਹੁਤ ਬੜੀ ਸ਼ਰਾਬ ਪੀਂਦੇ ਰਹੇ ਤੇ ਕੁਝ ਵੱਖਰੇ ਕਿਸਮ ਦੇ ਵਿਭਚਾਰਾਂ ਵਿਚ ਉਲਝੇ ਰਹੇ। ਇਸੇ ਲੜੀ ਦਾ ਪ੍ਰਸਿੱਧ ਬਾਦਸ਼ਾਹ ਮੁਹੰਮਦ ਸ਼ਾਹ ਸੀ ਜਿਸ ਦੀ ਐਸ਼ੋ

ਇਸ਼ਰਤ ਦੀ ਜ਼ਿੰਦਗੀ ਕਰਕੇ ਉਸ ਨੂੰ ਇਤਿਹਾਸ ਵਿਚ 'ਮੁਹੰਮਦ ਸ਼ਾਹ ਰੰਗੀਲਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਸ ਦਾ ਰਾਜ ਦਿੱਲੀ ਤੇ ਆਸ ਪਾਸ ਦੇ ਇਲਾਕੇ ਤੱਕ ਹੀ ਸੀ, ਬਾਕੀ ਸਾਰਾ ਭਾਰਤ ਹਮਲਾਵਰਾਂ ਵਾਸਤੇ ਖੁੱਲਾ ਪਿਆ ਸੀ।

ਬਚੇ ਖੁਚੇ ਮੁਗਲ ਰਾਜ ਉਪਰ ਵੱਡੀ ਸੱਟ ਨਾਦਰ ਸ਼ਾਹ ਦੇ ਹਮਲੇ ਨੇ ਮਾਰੀ। ਉਹ 1739 ਵਿਚ ਭਾਰਤ ਆਇਆ ਤੇ ਰੰਗੀਲਾ ਦੀ ਫੌਜ ਨੂੰ ਕਰਨਾਲ ਵਿਖੇ ਹਰਾ ਕੇ ਦਿੱਲੀ ਉਪਰ ਕਬਜ਼ਾ ਕਰ ਲਿਆ। ਉਸ ਨੇ ਮੁਗਲ ਰਾਜਧਾਨੀ ਦੀ ਸਾਰੀ ਦੌਲਤ ਲੁੱਟ ਲਈ। ਉਸ ਨੇ 11 ਮਾਰਚ ਦੀ ਇਕ ਸਵੇਰ ਨੂੰ ਆਪਣੀ ਫੌਜ ਨੂੰ ਸਾਰੀ ਦਿੱਲੀ ਦੇ ਕਤਲੇ ਆਮ ਦਾ ਹੁਕਮ ਦਿੱਤਾ। ਅੰਦਾਜ਼ਨ 15,000 ਆਦਮੀ ਤੇ ਔਰਤਾਂ ਮਾਰੇ ਗਏ। ਉਹ ਪੰਜ ਮਹੀਨੇ ਦਿੱਲੀ ਵਿਚ ਰਿਹਾ ਤੇ ਇਸ ਅਰਸੇ ਵਿਚ ਦਿੱਲੀ ਪੂਰੀ ਤਰ੍ਹਾਂ ਖਾਲੀ ਕਰ ਦਿੱਤੀ। ਉਹ ਕਿਲੇ ਦਾ ਤਖਤੇ ਤਾਊਸ ਤੇ ਕੋਹ ਏ ਨੂਰ ਹੀਰਾ ਵੀ ਆਪਣੇ ਨਾਲ ਲੈ ਗਿਆ। ਜੋ ਉਸ ਨੇ ਪਿੱਛੇ ਛੱਡਿਆ ਉਹ ਇਕ ਮੁਗਲ ਬਾਦਸ਼ਾਹ ਤੇ ਉਸ ਦਾ ਖਾਲੀ ਖਜ਼ਾਨਾ ਸੀ ਜੋ ਕਦੇ ਏਸ਼ੀਆ ਦੀ ਸਭ ਤੋਂ ਵੱਡੀ ਤਾਕਤ ਸੀ।

ਇਸ ਤੋਂ ਅਗਲੀ ਤੇ ਅਖੀਰਲੀ ਚੋਟ ਨਾਦਿਰ ਸ਼ਾਹ ਦੇ ਇਕ ਜਰਨੈਲ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਨੇ ਮਾਰੀ। ਆਪਣੇ 9 ਹਮਲਿਆਂ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਤਬਾਹੀ ਦਾ ਕੰਮ ਮੁਕੰਮਲ ਕਰ ਦਿੱਤਾ। ਪੰਜਵੇਂ ਹਮਲੇ ਦੌਰਾਨ ਉਸ ਨੇ ਇਕੱਲਿਆਂ ਹੀ ਪਾਨੀਪਤ ਦੀ ਤੀਸਰੀ ਲੜਾਈ (1761 ਈਸਵੀ) ਵਿਚ ਮਰਹੱਟਿਆਂ ਨੂੰ ਹਰਾ ਦਿੱਤਾ ਤੇ ਉਤਰੀ ਭਾਰਤ ਨੂੰ ਸਿੱਖਾਂ ਵਾਸਤੇ ਖਾਲੀ ਕਰ ਦਿੱਤਾ। ਮਰਾਠਾ ਇਕ ਵਾਰ ਫਿਰ ਆਪਣੇ ਆਪ ਨੂੰ ਸੰਭਾਲਣ ਵਿਚ ਕਾਮਯਾਬ ਹੋ ਗਏ ਤੇ ਇਸ ਤਰ੍ਹਾਂ ਹੁਣ ਭਾਰਤ ਵਿਚ ਅਗਲੀਆਂ ਤਾਕਤਾਂ: ਮਰਹੱਟੇ, ਸਿੱਖ, ਜਾਟ ਤੇ ਅੰਗਰੇਜ਼ਾਂ ਦੇ ਵਿਚਕਾਰ ਦਾ ਮਾਮਲਾ ਸੀ ਤੇ ਮੁਗਲ ਸਿਰਫ ਨਾਮ ਦੇ ਹੀ ਬਾਦਸ਼ਾਹ ਸਨ। ਮੁਗਲ ਰਾਜ ਦੀ ਉਸ ਵੇਲੇ ਦੀ ਸੀਮਾ ਬਾਰੇ ਇਕ ਕਹਾਵਤ ਚੱਲ ਰਹੀ ਸੀ:

ਸਲਤਨਤ ਸ਼ਾਹ ਆਲਮ
ਅਜ਼ ਦਿੱਲੀ ਤਾ ਪਾਲਮ

(ਸ਼ਾਹ ਆਲਮ ਦੀ ਹਕੂਮਤ ਬੱਸ ਦਿੱਲੀ ਤੋਂ ਪਾਲਮ ਤੱਕ ਹੀ ਰਹਿ ਗਈ ਹੈ)

ਅਸਲ ਵਿਚ ਔਰੰਗਜ਼ੇਬ ਤੋਂ ਬਾਅਦ ਕੋਈ ਵੀ ਪਾਏਦਾਰ ਮੁਗਲ ਬਾਦਸ਼ਾਹ ਨਹੀਂ ਬਣ ਸਕਿਆ। ਮਰਹੱਟਾ ਸਭ ਤੋਂ ਵੱਡੀ ਤਾਕਤ ਸੀ ਪਰ ਜਦੋਂ ਵੀ ਉਹਨਾਂ ਦੇ ਢੋਲ ਸੁਣਦੇ ਕਿਸਾਨ ਲੋਕ ਆਪਣਾ ਅਨਾਜ ਬੰਨਦੇ ਤੇ ਪਰਿਵਾਰ ਸਮੇਤ ਜੰਗਲਾਂ ਵੱਲ ਦੌੜ ਜਾਂਦੇ ਜਿੱਥੇ ਸ਼ੇਰ ਤੇ ਚੀਤੇ ਇਹਨਾਂ ਨਾਲੋਂ ਘੱਟ ਖ਼ਤਰਨਾਕ ਸਨ।

ਚੈਪਟਰ 13

ਬ੍ਰਤਾਨਵੀ ਭਾਰਤ
(British India)

ਯੂਰਪੀਨਾਂ ਨੇ ਭਾਰਤ ਬਾਰੇ ਇਥੇ ਆਉਣ ਤੋਂ ਬਹੁਤ ਪਹਿਲਾਂ ਹੀ ਕਾਫੀ ਕੁਝ ਸੁਣ ਰੱਖਿਆ ਹੋਇਆ ਸੀ। ਸਿੰਧ ਘਾਟੀ ਦੇ ਜੋਬਨ ਦੇ ਦਿਨੀਂ ਭਾਰਤ ਵਿਚ ਪੈਦਾ ਹੋਈਆਂ ਵਸਤੂਆਂ ਦੇ ਜਹਾਜ਼ ਤੇ ਕਾਫ਼ਲੇ ਬੇਬੀਲੋਨ, ਅਸਰੀਆ ਅਤੇ ਮੈਸਾਪੋਟਾਨੀਆਂ ਤੇ ਉਥੋਂ ਯੂਰਪ ਵੀ ਜਾਂਦੇ ਸਨ। ਜਦੋ ਸਿੰਧ ਘਾਟੀ ਦੀ ਅਮੀਰੀ ਤੇ ਖੁਸ਼ਹਾਲੀ ਦੀਆਂ ਕਹਾਣੀਆਂ ਸੁਣ ਕੇ ਕਾਕੇਸ਼ੀਆ ਦੇ ਲੋਕਾਂ ਨੇ ਆਪਣੇ ਘਰ ਬਾਹਰ ਛੱਡ ਕੇ ਏਧਰ ਕੂਚ ਕੀਤਾ, ਅਜਿਹਾ ਨਹੀਂ ਹੋ ਸਕਦਾ ਕਿ ਉਹ ਕਹਾਣੀਆਂ ਯੂਰਪ ਨਹੀਂ ਪਹੁੰਚੀਆਂ ਹੋਣਗੀਆਂ। ਹਾਲਾਂਕਿ ਯੂਰਪੀਨਾਂ ਵਾਸਤੇ ਭਾਰਤ ਦੀ ਖੋਜ ਦਾ ਸੇਹਰਾ ਯੂਨਾਨ ਦੇ ਸਿਕੰਦਰ ਦੇ ਸਿਰ ਬੰਨਿਆ ਜਾਂਦਾ ਹੈ। ਹਾਂ ਯੂਰਪੀਨਾਂ ਦਾ ਭਾਰਤ ਅੰਦਰ ਦਾਖਲਾ ਸੰਭਵ ਨਹੀਂ ਸੀ ਕਿਉਂਕਿ ਇਥੇ ਮੁਸਲਮਾਨ ਆ ਗਏ ਸਨ ਜਿਹਨਾਂ ਨੇ ਜ਼ਮੀਨੀ ਤੇ ਸਮੁੰਦਰੀ ਰਸਤਿਆਂ ਉਪਰ ਕਬਜ਼ਾ ਕੀਤਾ ਹੋਇਆ ਸੀ। ਕਰੀਬ ਇਕ ਹਜ਼ਾਰ ਸਾਲ ਤੱਕ ਉਹਨਾਂ ਨੇ ਭਾਰਤ ਵਿਚ ਕਿਸੇ ਹੋਰ ਦਾ ਦਾਖਲਾ ਰੋਕੀ ਰੱਖਿਆ।

ਸਮੁੰਦਰਾਂ ਉਪਰ ਅਰਬ ਦੀ ਸਰਦਾਰੀ ਨੂੰ ਪੁਰਤਗਾਲੀਆਂ ਨੇ ਚੈਲੰਜ ਕੀਤਾ ਤੇ 1486 ਈਸਵੀ ਵਿਚ ਬਾਰਥੋਲੋਮੀਓ ਡਿਆਜ਼ ਨੇ ਏਸ਼ੀਅਨ ਟਾਪੂਆਂ ਦਾ ਘੇਰਾ ਲਗਾਇਆ ਸੀ। ਬਾਰਾਂ ਸਾਲ ਬਾਅਦ ਵਾਸਕੋਡੀ ਗਾਮਾ ਨੇ ਇਹੀ ਰੂਟ ਚੁਣਿਆ ਤੇ ਕਾਲੀਕੱਟ ਦੀ ਥਾਂ ਤੇ ਲੰਗਰ ਸੁੱਟਿਆ। ਉਸ ਨੇ ਆਪਣੇ ਤਿੰਨ ਜਹਾਜ਼ ਮਸਾਲਿਆਂ, ਰੇਸ਼ਮ, ਹਾਥੀ ਦੰਦ ਤੇ ਸੰਦਲ ਦੀ ਲੱਕੜੀ ਨਾਲ ਲੱਦ ਲਏ ਤੇ ਲਿਸਬਨ ਜਾ ਕੇ 60 ਗੁਣਾ ਮੁਨਾਫਾ ਉਪਰ ਵੇਚੇ। ਬਾਅਦ ਵਿਚ ਉਹ 20 ਜਹਾਜ਼ ਲੈ ਕੇ ਆਇਆ ਤੇ ਕੋਚੀਨ ਵਿਚ ਆਪਣਾ ਗੋਦਾਮ ਬਣਾ ਲਿਆ। ਅਗਲੇ ਇਕ ਸੌ ਸਾਲ ਪੁਰਤਗਾਲੀ ਵਪਾਰੀ ਤੇ ਲੜਾਕੇ ਸਿਪਾਹੀ ਸਮੁੰਦਰੀ ਕਿਨਾਰਿਆਂ 'ਤੇ ਡੇਰੇ ਬਣਾਉਣ ਲੱਗੇ।

1510 ਵਿਚ ਪੁਰਤਗਾਲੀਆਂ ਨੇ ਗੋਆ ਉਪਰ ਕਬਜ਼ਾ ਕਰ ਲਿਆ ਤੇ ਇਸ ਨੂੰ ਆਪਣਾ ਸਦਰ ਮੁਕਾਮ ਬਣਾ ਲਿਆ। ਉਹਨਾਂ ਦੇ ਦੂਸਰੇ ਗੋਦਾਮ ਦਿਊ, ਦਮਨ ਤੇ ਕੋਚੀਨ ਵਿਚ ਬਣਾਏ ਗਏ। ਸ਼ੁਰੂ ਤੋਂ ਹੀ ਉਹਨਾਂ ਦਾ ਇਰਾਦਾ ਭਾਰਤ ਨੂੰ ਪੁਰਗਾਲੀ ਸਾਮਰਾਜ ਦੀ ਇਸਾਈ ਬਸਤੀ ਬਣਾਉਣਾ ਸੀ। ਗੋਆ ਦੇ ਗਵਰਨਰ ਅਲਫੈਨਸੋ ਡੀ ਅਲਬਿਊਕਿਰਕੇ (1509-15 ਈਸਵੀ) ਨੇ ਆਪਣੇ ਗੋਦਾਮ ਨੂੰ ਕਿਲੇ ਵਿਚ ਬਦਲ ਲਿਆ ਤੇ ਇਲਾਕਿਆਂ ਉਪਰ ਕਬਜ਼ਾ ਸ਼ੁਰੂ ਕਰ ਦਿੱਤਾ। ਉਸ ਦਾ ਮਿਸ਼ਨ ਕੈਥੋਲਿਕ ਸੀ। ਫਰਾਂਕਿਸ ਜ਼ੇਵੀਅਰ ਨੇ ਗੋਆ ਦੇ ਸਮੁੰਦਰੀ ਕੰਢੇ ਦੀ ਕਾਫੀ ਆਬਾਦੀ ਨੂੰ ਕੈਥੋਲਿਕ ਬਣਾ ਲਿਆ। ਪੁਰਤਗਾਲੀ ਆਪਣੇ ਸਿਪਾਹੀਆਂ ਨੂੰ ਭਾਰਤੀ ਪਤਨੀਆਂ ਅਪਣਾਉਣ

ਵਾਸਤੇ ਉਤਸ਼ਾਹਤ ਕਰਦੇ ਸਨ। ਦੋ ਦਹਾਕਿਆਂ ਅੰਦਰ ਹੀ ਪੱਛਮੀ ਸਮੁੰਦਰੀ ਕਿਨਾਰੇ ਦੀ ਇਕ ਚੰਗੀ ਆਬਾਦੀ ਪੁਰਤਗਾਲੀ ਤੇ ਭਾਰਤੀ ਰੰਗਤ ਦੀ ਇਸਾਈ ਆਬਾਦੀ ਹੋ ਗਈ ਜੋ ਮਰਾਠੀ, ਕੋਂਕਨੀ ਤੇ ਪੁਰਤਗਾਲੀ ਭਾਸ਼ਾਵਾਂ ਬੋਲਦੀ ਸੀ।

ਪੁਰਤਗਾਲੀ ਨਾ ਤਾਂ ਅਰਬ ਸਾਗਰ ਦੇ ਕਿਨਾਰੇ ਆਪਣੀ ਇਜ਼ਾਰੇਦਾਰੀ ਕਾਇਮ ਰੱਖ ਸਕੇ ਤੇ ਨਾ ਹੀ ਭਾਰਤ ਦੀ ਭੂਮੀ ਦੇ ਅੰਦਰ ਤੱਕ ਦਾਖਲ ਹੋ ਸਕੇ। ਹੁਣ ਡੱਚਾਂ ਨੇ ਉਹਨਾਂ ਦੀ ਸਮੁੰਦਰ ਦੀ ਸਰਦਾਰੀ ਨੂੰ ਕਾਮਯਾਬੀ ਨਾਲ ਚੈਲੇਂਜ ਕੀਤਾ ਤੇ ਮਰਾਠਿਆਂ ਨੇ ਸਮੁੰਦਰੀ ਕਿਨਾਰਿਆਂ ਤੋਂ ਅੱਗੇ ਨਹੀਂ ਵਧਣ ਦਿੱਤਾ। ਉਹਨਾਂ ਦਾ ਜੀਵਨ ਢੰਗ, ਰਜਵੀਆਂ ਸ਼ਰਾਬਾਂ ਪੀਣੀਆਂ ਤੇ ਸਥਾਨਕ ਲੋਕਾਂ ਨਾਲ ਰੁੱਖਾ ਵਿਹਾਰ ਕਰਨਾ ਪੁਰਤਗਾਲੀ ਇਸਾਈ ਬਸਤੀਆਂ ਕਾਇਮ ਕਰਨ ਦੇ ਰਸਤੇ ਵਿਚ ਇਕ ਰੁਕਾਵਟ ਸੀ। ਹੁਣ ਉਹਨਾਂ ਭਾਰਤ ਵੱਲੋਂ ਧਿਆਨ ਹਟਾ ਲਿਆ ਤੇ ਸਾਰੀ ਸ਼ਕਤੀ ਬ੍ਰਾਜ਼ੀਲ ਵਿਚ ਪੈਰ ਜਮਾਉਣ ਵਾਸਤੇ ਲਗਾ ਦਿੱਤੀ।.

ਆਪਣੇ ਕਿਲਾ ਰੂਪੀ ਵਪਾਰਕ ਕੇਂਦਰ ਬਣਾਉਣ ਦੀ ਵਾਰੀ ਹੁਣ ਡੱਚਾਂ ਦੀ ਸੀ। ਉਹਨਾਂ ਨੇ ਨਵੀਆਂ ਫਸਲਾਂ ਜਿਵੇ ਮੱਕੀ, ਆਲੂ ਤੇ ਤਬਾਕੂ ਦੀ ਭਾਰਤ ਵਿਚ ਆਮਦ ਕੀਤੀ। ਉਹਨਾਂ ਨੇ ਆਪਣੀਆਂ ਬਸਤੀਆਂ ਅੱਜ ਦੇ ਤਾਮਿਲਨਾਡੂ ਵਿਚ ਸਥਾਪਤ ਕੀਤੀਆਂ। ਇਥੋਂ ਹੀ ਉਹ ਪੱਛਮੀ ਕਿਨਾਰਿਆਂ ਵੱਲ ਤੇ ਬੰਗਾਲ ਵੱਲ ਵਧਣੇ ਸ਼ੁਰੂ ਹੋਏ। ਇਸ ਤੋਂ ਬਾਅਦ ਅੰਗਰੇਜ਼ਾਂ ਦੇ ਭਾਰੀ ਦਬਾਓ ਕਾਰਨ ਉਹਨਾਂ ਨੂੰ ਵੀ ਭਾਰਤ ਅੰਦਰ ਬਸਤੀਆਂ ਦਾ ਪ੍ਰੋਗਰਾਮ ਛੱਡ ਕੇ ਇੰਡੋਨੇਸ਼ੀਆ ਵਿਚ ਹੀ ਪੈਰ ਜਮਾਉਣ ਨੂੰ ਪਹਿਲ ਦੇਣੀ ਪਈ।

ਇਤਨਾ ਹੀ ਛੋਟਾ ਜਿਹਾ ਦਾਖਲਾ ਡੈਨਮਾਰਕ ਦੇ ਡੈਨਿਸ਼ ਲੋਕਾਂ ਦਾ ਸੀ ਜਿਹਨਾਂ ਨੇ 1616 ਈਸਵੀ ਵਿਚ ਬੰਗਾਲ ਦੇ ਸੀਰਾਮਪੁਰ ਵਿਚ ਆਪਣਾ ਅੱਡਾ ਬਣਾਇਆ। ਉਥੇ ਉਹਨਾਂ ਨੇ ਪ੍ਰੋਟੈਸਟੈਂਟ ਮਿਸ਼ਨ ਨੂੰ ਛਪਾਖਾਨਾ ਖੋਹਲਣ ਦੀ ਆਗਿਆ ਦਿੱਤੀ। ਅਖੀਰ ਵਿਚ ਉਹਨਾਂ ਨੇ ਵੀ ਭਾਰਤ ਵਿਚ ਟਿਕਣਾ ਲਾਹੇਵੰਦਾ ਨਹੀਂ ਸਮਝਿਆ ਤੇ 1845 ਵਿਚ ਸੀਰਾਮਪੁਰ ਨੂੰ ਅੰਗਰੇਜ਼ਾਂ ਦੇ ਹਵਾਲੇ ਕਰਕੇ ਭਾਰਤ ਵਿਚੋਂ ਨਿਕਲ ਗਏ।

ਭਾਰਤ ਉਪਰ ਕਬਜ਼ੇ ਦੀ ਅਸਲ ਲੜਾਈ ਅੰਗਰੇਜ਼ਾਂ ਤੇ ਫਰਾਂਸੀਸੀਆਂ ਵਿਚਕਾਰ ਹੋਈ। ਇਸ ਕਸ਼ਮਕੱਸ਼ ਨੂੰ ਜਾਨਣ ਤੋਂ ਪਹਿਲਾਂ ਸਾਡੇ ਵਾਸਤੇ ਇਹ ਜਾਨਣਾ ਜ਼ਰੂਰੀ ਹੈ ਕਿ ਯੂਰਪੀਨ ਤਾਕਤਾਂ ਕਿਉਂ ਏਸ਼ੀਅਨ ਮੁਲਕਾਂ ਵਿਚ ਪੈਰ ਜਮਾਉਣ ਵਾਸਤੇ ਇਤਨੀ ਕੋਸ਼ਿਸ਼ ਕਰਨਾ ਚਾਹੁੰਦੀਆਂ ਸਨ। ਸਭ ਤੋਂ ਪਹਿਲਾਂ ਤਾਂ ਇਥੋਂ ਦੀਆਂ ਬਣੀਆਂ ਚੀਜ਼ਾਂ, ਜੋ ਉਸ ਵੇਲੇ ਬਹੁਤ ਉਚੀ ਕਿਸਮ ਦੀਆਂ ਸਨ, ਨੂੰ ਆਪਣੀਆਂ ਚੀਜ਼ਾਂ ਦੇ ਬਦਲੇ ਖਰੀਦਣਾ। ਓਦੋਂ ਏਸ਼ੀਅਨ ਮੁਲਕਾਂ ਦੇ ਮਿਰਚਾਂ ਤੇ ਮਸਾਲਿਆਂ ਦੀ ਬਹੁਤ ਵੱਡੀ ਲੋੜ ਸੀ ਜਿਹਨਾਂ ਨੂੰ ਮੀਟ ਨੂੰ ਸੰਭਾਲ ਕੇ ਰੱਖਣ ਵਾਸਤੇ ਇਸਤੇਮਾਲ ਕੀਤਾ ਜਾਂਦਾ ਸੀ। ਯੂਰਪੀਨਾਂ ਕੋਲ ਇਹਨਾਂ ਮੁਲਕਾਂ ਦੇ ਮੁਕਾਬਲੇ ਵੱਡੀ ਯੁੱਧ ਸ਼ਕਤੀ ਸੀ। ਉਹ ਸਮਝਦੇ ਸਨ ਕਿ ਮੋਢੇ ਉਪਰ ਬੰਦੂਕ ਰੱਖਣ ਨਾਲ ਚੰਗੀ ਸੌਦੇਬਾਜ਼ੀ ਹੁੰਦੀ ਹੈ। ਉਹ ਸਾਰੇ ਏਸ਼ੀਅਨ ਮੁਲਕਾਂ ਵਿਚ ਦਿਲਚਸਪੀ ਲੈਂਦੇ ਸਨ। ਸਿਰਫ਼ ਜਪਾਨ ਤੇ ਚੀਨ ਨੂੰ ਛੱਡ ਰਹੇ ਸਨ

ਕਿਉਂਕਿ ਉਥੇ ਮਿਰਚਾਂ ਤੇ ਮਸਾਲਿਆਂ ਦੀ ਪੈਦਾਵਾਰ ਨਹੀਂ ਹੁੰਦੀ ਸੀ। ਇਹ ਭਾਰਤ, ਲੰਕਾ, ਬਰਮਾ, ਮਲਾਇਆ ਤੇ ਇੰਡੋਨੇਸ਼ੀਆ ਸੀ ਜਿਹੜੇ ਯੂਰਪੀਨ ਲੋਕਾਂ ਦੀ ਸ਼ਿਕਾਰ ਗਾਹ ਬਣ ਰਹੇ ਸਨ।

ਹਾਲਾਂਕਿ ਫਰਾਂਸੀਸੀ ਏਧਰ ਬਾਅਦ ਵਿਚ ਆਏ ਸਨ, (ਇਹ 1669 ਵਿਚ ਹੀ ਸੀ ਕਿ ਕੋਲਬਰਟ ਦੀ ਪਹਿਲ ਕਦਮੀ ਨਾਲ ਫਰੈਂਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਈ), ਉਹਨਾਂ ਦਾ 20 ਸਾਲ ਤੱਕ ਹੱਥ ਉੱਪਰ ਰਿਹਾ ਸੀ। ਫਰਾਂਸੀਸੀ ਜਨਰੈਲ ਡੂਪਲੀਐਕਸ ਦੀ ਕਾਬਲ ਅਗੁਵਾਈ ਹੇਠ ਉਹਨਾਂ ਨੇ ਅੰਗਰੇਜ਼ਾਂ ਤੋ ਮਦਰਾਸ ਖੋਹ ਲਿਆ ਤੇ ਭਾਰਤੀ ਰਾਜਿਆਂ ਦੀ ਮਦਦ ਨਾਲ ਦੱਖਣ ਦੇ ਵੱਡੇ ਹਿੱਸਿਆਂ ਉਪਰ ਕਬਜ਼ਾ ਜਮਾ ਲਿਆ।

ਭਾਰਤ ਵਿਚ ਫਰਾਂਸ-ਅੰਗਰੇਜ਼ ਯੁਧ ਅਸਲ ਵਿਚ ਯੂਰਪ ਵਿਚ ਹੀ ਚੱਲ ਰਹੇ ਉਹਨਾਂ ਦੇ ਸੱਤ ਸਾਲਾ ਯੁਧ ਦੀ ਇਕ ਕੜੀ ਸੀ।

ਅੰਗਰੇਜ਼ ਸੈਲਾਨੀ, ਵਪਾਰੀ ਤੇ ਮਿਸ਼ਨਰੀ ਦਾ ਭਾਰਤ ਵਿਚ ਆਉਣਾ 16ਵੀਂ ਸਦੀ ਵਿਚ ਹੀ ਸ਼ੁਰੂ ਹੋ ਗਿਆ ਸੀ। ਸਪੇਨਿਸ਼ ਆਰਮੇਡਾ ਨੂੰ 1588 ਵਿਚ ਹਰਾਉਣ ਤੋਂ ਬਾਅਦ ਅੰਗਰੇਜ਼ੀ ਸਮੁੰਦਰੀ ਜਹਾਜ਼ ਦੂਰ ਦਰਾਜ ਦੀਆਂ ਗਸ਼ਤਾਂ ਕਰਨ ਲੱਗ ਪਏ ਸਨ। ਈਸਟ ਇਡਿਆ ਕੰਪਨੀ ਨੇ 1600 ਵਿਚ ਭਾਰਤ ਨਾਲ 15 ਸਾਲ ਵਾਸਤੇ ਵਪਾਰ ਕਰਨ ਦਾ ਹੱਕ ਪ੍ਰਾਪਤ ਕਰ ਲਿਆ ਤੇ 1612 ਈਸਵੀ ਤੱਕ ਪੁਰਤਗਾਲੀਆਂ ਤੇ ਡੱਚਾਂ ਨੂੰ ਭਾਰਤ ਵਿਚੋਂ ਕੱਢ ਦਿੱਤਾ ਸੀ। ਅੰਗਰੇਜ਼ਾਂ ਨੇ ਸੂਰਤ ਵਿਚ ਇਕ ਅੰਗਰੇਜ਼ੀ ਵਪਾਰ ਚੌਕੀ ਦੀ ਮੰਨਜ਼ੂਰੀ ਲੈ ਲਈ ਜਿਸ ਨੂੰ ਫੈਕਟਰੀ ਕਿਹਾ ਜਾਂਦਾ ਸੀ। ਇਸ ਤੋਂ ਬਾਅਦ ਇਕ ਅੰਗਰੇਜ਼ ਸਫ਼ੀਰ ਸਰ ਥੌਮਸ ਰੋਏ ਜਹਾਂਗੀਰ ਦੇ ਦਰਬਾਰ ਵਿਚ ਹਾਜ਼ਰੀ ਭਰਨ ਲੱਗ ਪਿਆ। ਅਗਲੇ ਦੋ ਦਹਾਕਿਆਂ ਵਿਚ ਅੰਗਰੇਜ਼ਾਂ ਨੇ ਸੂਰਤ ਵਰਗੀਆਂ ਹੋਰ ਕਈ 'ਫੈਕਟਰੀਆਂ' ਦੀ ਤਾਮੀਰ ਕਰ ਲਈ। ਬੇਸ਼ੱਕ ਉਹਨਾਂ ਦਾ ਮੰਤਵ ਮੁਨਾਫ਼ਾ ਬਣਾਉਣਾ ਸੀ ਪਰ ਇਸ ਹੱਦ ਤੱਕ ਆਪਣੇਂ ਕੇਂਦਰਾਂ ਨੂੰ ਮਜ਼ਬੂਤ ਕਰਦੇ ਸਨ ਕਿ ਜੇ ਵਪਾਰ ਵਾਸਤੇ ਤਾਕਤ ਦੀ ਵਰਤੋਂ ਕਰਨੀ ਪਵੇ ਤਾਂ ਕੀਤੀ ਜਾ ਸਕੇ। ਵੀਹ ਸਾਲਾਂ ਤੱਕ ਕੰਪਨੀ ਭਾਰੀ ਮੁਨਾਫੇ ਬਣਾਉਣ ਲੱਗ ਪਈ।

1639 ਈਸਵੀ ਵਿਚ ਈਸਟ ਇੰਡੀਆ ਕੰਪਨੀ ਨੇ ਮਦਰਾਸ ਹਾਸਿਲ ਕਰ ਲਿਆ ਤੇ 1668 ਵਿਚ ਦਸ ਪੌਂਡ ਸਾਲਾਨਾ ਲੀਜ਼ ਉਪਰ ਬੰਬਈ ਦਾ ਟਾਪੂ ਉਸ ਦੇ ਮਾਲਕ ਚਾਰਲਸ ਦੂਜੇ ਤੋਂ ਹਾਸਿਲ ਕਰ ਲਿਆ ਜਦੋਂ ਕਿ ਉਸ ਨੇ ਇਹ ਆਪਣੀ ਪੁਰਤਗਾਲੀ ਪਤਨੀ ਨਾਲ ਵਿਆਹ ਵੇਲੇ ਦਾਜ ਦੀ ਸੂਰਤ ਵਿਚ ਲਿਆ ਸੀ।

ਸਤਾਰਵੀ ਸਦੀ ਦੇ ਅੰਤ ਤੱਕ ਅੰਗਰੇਜ਼ ਭਾਰਤ ਦੇ ਪੱਛਮੀ ਸਮੁੰਦਰੀ ਕਿਨਾਰੇ ਉਪਰ ਬੰਬਈ ਤੋਂ ਸੂਰਤ ਤੇ ਫਿਰ ਪੂਰਬੀ ਕਿਨਾਰੇ ਉਪਰ ਮਦਰਾਸ ਤੋਂ ਕਲਕੱਤਾ ਤੱਕ ਆਪਣਾ ਪ੍ਰਭਾਵ ਬਣਾ ਚੁਕੇ ਸਨ। ਉਹ ਸਭ ਤੋਂ ਤਾਕਤਵਰ ਮੁਗਲ ਸ਼ਹਿਨਸ਼ਾਹ ਔਰੰਗਜ਼ੇਬ ਦੇ ਜਹਾਜ਼ ਵੀ ਆਪਣੇ ਕਬਜ਼ੇ ਵਿਚ ਲੈ ਸਕਦੇ ਸਨ। ਲੇਕਿਨ ਇਸ ਤੋਂ ਬਾਅਦ ਜਿਵੇਂ ਹੀ ਮੁਗਲ ਸਾਮਰਾਜ ਕਮਜ਼ੋਰ ਹੋਣ ਲੱਗਾ, ਅੰਗਰੇਜ਼ਾਂ ਦਾ ਮੁਕਾਬਲਾ ਸਿਰਫ ਫਰਾਂਸੀਸੀਆਂ ਤੇ ਮਰਹੱਟਿਆਂ ਨਾਲ ਰਹਿ ਗਿਆ।

ਅੰਗਰੇਜ਼ਾਂ ਦੀ ਫਰਾਂਸੀਸੀਆਂ ਉਪਰ ਜਿੱਤ ਦਾ ਪਹਿਲਾਂ ਕਾਰਨ ਇਹ ਸੀ ਕਿ ਵਾਪਾਰ ਦੇ ਖੇਤਰ ਵਿਚ ਇਹ ਉਹਨਾਂ ਤੋਂ ਅੱਗੇ ਸਨ, ਇਹਨਾਂ ਕੋਲ ਜ਼ਿਆਦਾ ਪੈਸਾ ਸੀ ਤੇ ਦੂਜਾ ਹਥਿਆਰ ਤੇ ਲੜਾਈ ਦਾ ਸਮਾਨ ਵੀ ਜ਼ਿਆਦਾ ਸੀ। ਸ਼ਾਇਦ ਏਸੇ ਕਰਕੇ ਅੰਗਰੇਜ਼ਾਂ ਕੋਲ ਬਹੁਤ ਸਾਰੀ ਦੇਸੀ ਫੌਜ ਸੀ ਤੇ ਫਰਾਂਸੀਸੀ ਯੂਰਪੀਨ ਰੀਜ਼ਰਵ ਫੌਜ ਦੇ ਸਹਾਰੇ ਹੀ ਲੜਦੇ ਸਨ। ਕੁਝ ਸਾਲਾਂ ਬਾਅਦ ਹੀ ਅੰਗਰੇਜ਼ ਸਮੁੰਦਰੀ ਫੌਜ ਹਿੰਦ ਮਹਾਂਸਾਗਰ ਦੇ ਇਲਾਕੇ ਦੀ ਵੱਡੀ ਤਾਕਤ ਬਣ ਗਈ ਤੇ ਭਾਰਤ ਦੀ ਧਰਤੀ ਉਪਰ ਵੀ ਅੰਗਰੇਜ਼ੀ ਫੌਜ ਹੀ ਸਭ ਤੋਂ ਤਾਕਤਵਰ ਫੌਜ ਬਣ ਗਈ ਸੀ।

ਜਿਉਂ ਹੀ ਯੂਰਪੀਨ ਸ਼ਰੀਕਾਂ ਨਾਲ ਝਗੜੇ ਤੋਂ ਵਿਹਲੇ ਹੋਏ, ਅੰਗਰੇਜ਼ਾਂ ਨੇ ਭਾਰਤ ਅੰਦਰ ਆਪਣੀ ਸਥਿਤੀ ਮਜ਼ਬੂਤ ਕਰਨ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ।

ਪਹਿਲੀ ਚੋਟ ਬੰਗਾਲ ਵਿਚ ਲੱਗੀ, 1756 ਦੀਆਂ ਗਰਮੀਆਂ ਵਿਚ ਨੌਜਵਾਨ ਨਵਾਬ ਸਿਰਾਜੁਦ ਦੋਲਾ, ਜਿਸ ਨੂੰ ਫਰਾਂਸੀਸੀਆਂ ਦਾ ਹਿਮਾਇਤੀ ਸਮਝਿਆ ਜਾਂਦਾ ਸੀ, ਨੇ ਇਕ ਅੰਗਰੇਜ਼ ਗਰੁੱਪ ਨੂੰ ਫੜਿਆ ਜਿਸ ਵਿਚ ਔਰਤਾਂ ਤੇ ਬੱਚੇ ਵੀ ਸਨ। ਇਹਨਾਂ ਸਾਰਿਆਂ ਨੂੰ ਕੈਦ ਕਰ ਲਿਆ ਤੇ ਇਕ ਬੰਦ ਕਮਰੇ ਵਿਚ ਡੱਕ ਦਿੱਤਾ। ਕੀ ਵਾਪਰਿਆ, ਇਸ ਬਾਰੇ ਭਾਰਤੀ ਤੇ ਅੰਗਰੇਜ਼ ਇਤਿਹਾਸਕਾਰਾਂ ਵਿਚ ਮਤਭੇਦ ਹਨ ਲੇਕਿਨ ਅੰਗਰੇਜ਼ਾਂ ਦਾ ਕਹਿਣਾ ਹੈ ਕਿ ਕੁੱਲ 146 ਲੋਕ ਬੰਦ ਕਮਰੇ ਵਿਚ ਡੱਕੇ ਸਨ ਜਿਹਨਾਂ ਵਿਚੋਂ ਗਰਮੀ ਤੇ ਸਾਹ ਘੁੱਟੇ ਜਾਣ ਨਾਲ 123 ਮਾਰੇ ਗਏ ਸਨ। ਅੰਗਰੇਜ਼ਾਂ ਨੇ ਇਸ ਨੂੰ 'ਹਨੇਰੀ ਸੁਰੰਗ ਦੁਖਾਂਤ' (Black hole Tragedy) ਦਾ ਨਾਮ ਦਿੱਤਾ ਤੇ ਨਵਾਬ ਤੋਂ ਬਦਲਾ ਲੈਣ ਵਾਸਤੇ ਵੱਡੇ ਹਮਲੇ ਦੀ ਤਿਆਰੀ ਕੀਤੀ। ਪ੍ਰਸਿੱਧ ਅੰਗਰੇਜ਼ ਜਰਨੈਲ ਰੌਬਰਟ ਕਲਾਈਵ ਨੇ ਕੁਝ ਸੌ ਗੋਰੇ ਸਿਪਾਹੀ ਤੇ ਕੁਝ ਹਜ਼ਾਰ ਹਿੰਦੁਸਤਾਨੀ ਸਿਪਾਹੀ ਲੈ ਕੇ ਨਵਾਬ ਦੀ 60 ਹਜ਼ਾਰ ਦੀ ਫੌਜ ਨੂੰ ਪਲਾਸੀ ਦੇ ਥਾਂ ਉਪਰ ਜ਼ਬਰਦਸਤ ਹਾਰ ਦਿੱਤੀ। ਇਸ ਤਰ੍ਹਾਂ ਬੰਗਾਲ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ ਤੇ ਕਲਾਈਵ ਨੂੰ ਇਸ ਦੇ ਇਨਾਮ ਵਿਚ ਬੰਗਾਲ ਦਾ ਗਵਰਨਰ ਲਗਾ ਦਿੱਤਾ। ਸੱਤ ਸਾਲ ਬਾਅਦ ਕਲਾਈਵ ਨੇ ਬਿਹਾਰ ਦੇ ਨਵਾਬ ਜਿਸ ਨੂੰ ਸਿਰਾਜੁਦ ਦੌਲਾ ਤੋਂ ਬਾਅਦ ਗੱਦੀ ਤੇ ਬਿਠਾਇਆ ਸੀ, ਬਗਾਵਤ ਵਾਸਤੇ ਉਕਸਾ ਕੇ ਲੜਾਈ ਵਿਚ ਹਰਾਇਆ ਤੇ ਬਿਹਾਰ ਤੇ ਉੜੀਸਾ ਉਪਰ ਕਬਜ਼ਾ ਕਰ ਲਿਆ। ਕਲਾਈਵ ਨੂੰ ਦੂਜੀ ਵਾਰ ਫਿਰ ਗਵਰਨਰ ਬਣਾਇਆ ਤੇ ਉਹ ਇਕ ਹੋਰ ਮੋਰਚੇ ਉਪਰ ਕਿਸਮਤ ਚਮਕਾਉਣ ਦੀ ਤਿਆਰੀ ਕਰਨ ਲੱਗ ਪਿਆ। ਮੁਗਲ ਬਾਦਸ਼ਾਹ ਨੂੰ ਥੋੜੀ ਜਿਹੀ ਰਕਮ ਦੇ ਕੇ ਇਹਨਾਂ ਇਲਾਕਿਆਂ ਨੂੰ ਸੱਤ ਸਾਲ ਵਾਸਤੇ ਲੀਜ਼ 'ਤੇ ਲਿਆ ਸੀ ਪਰ ਸੱਤ ਸਾਲ ਬੀਤਣ ਬਾਅਦ ਇਸ ਉਪਰ ਪੱਕਾ ਕਬਜ਼ਾ ਕਰ ਲਿਆ ਤੇ ਇਕ ਇੰਤਜ਼ਾਮੀਆ ਕਮੇਟੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ।

ਕਲਾਈਵ ਕਾਫੀ ਸਾਰਾ ਪੈਸਾ ਕਮਾ ਕੇ ਵਾਪਸ ਇੰਗਲੈਂਡ ਗਿਆ ਤਾਂ ਉਸ ਉਪਰ ਭ੍ਰਿਸ਼ਟਾਚਾਰ ਦਾ ਅਰੋਪ ਲੱਗਿਆ। ਦੁਖੀ ਹੋਏ ਕਲਾਈਵ ਨੇ ਆਤਮ ਹੱਤਿਆ ਕਰ ਲਈ।

ਏਧਰ ਭਾਰਤ ਵਿਚ ਅੰਗਰੇਜ਼ ਮਦਰਾਸ ਦੇ ਆਸ ਪਾਸ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰਦੇ ਗਏ। ਉਹ ਇਕ ਤੋਂ ਬਾਅਦ ਦੂਜੇ ਰਾਜ ਉਪਰ ਕਬਜ਼ਾ ਕਰਦੇ ਰਹੇ ਤੇ ਜਾਂ ਰਾਜੇ ਸੰਧੀਆਂ ਕਰਕੇ ਇਕ ਹੱਦ ਤੱਕ ਦੀ ਖ਼ੁਦ ਮੁਖਤਾਰੀ ਹਾਸਲ ਕਰ ਲੈਂਦੇ ਰਹੇ। ਅੰਗਰੇਜ਼ਾਂ ਨੇ ਕੁਝ ਸਖਤ ਲੜਾਈਆਂ ਤੋਂ ਬਾਅਦ ਮੈਸੂਰ ਦੇ ਬਾਦਸ਼ਾਹ ਹੈਦਰ ਅਲੀ ਤੇ ਫਿਰ ਉਸ ਦੇ ਪੁੱਤਰ ਟੀਪੂ ਸੁਲਤਾਨ ਨੂੰ ਹਰਾਇਆ ਤੇ ਫਿਰ ਮੈਸੂਰ ਵਿਚ ਆਪਣੀ ਮਰਜੀ ਦਾ ਹਿੰਦੂ ਰਾਜਾ ਮੁਕੱਰਰ ਕਰ ਦਿੱਤਾ। ਮਰਾਠਾ ਗਰੁੱਪਾਂ ਨੂੰ ਬੁਰੀ ਤਰ੍ਹਾਂ ਤੋੜ ਕੇ ਅੰਗਰੇਜ਼ ਦਿੱਲੀ ਦੇ ਗਿਰਦ ਦੇ ਵੀ ਮਾਲਕ ਬਣ ਗਏ ਤੇ ਮੁਗਲ ਬਾਦਸ਼ਾਹ ਜੋ ਪਹਿਲਾਂ ਮਰਾਠਿਆਂ ਦਾ ਪੈਂਨਸ਼ਨਰ ਸੀ ਹੁਣ ਅੰਗਰੇਜ਼ਾਂ ਦਾ ਪੈਨਸ਼ਨਰ ਬਣ ਗਿਆ।

ਬਰਮਾ ਪਹਿਲਾਂ ਕੁਝ 1824-26 ਦੇ ਹਮਲੇ ਵਿਚ ਅਧੀਨ ਕੀਤਾ ਤੇ ਅਖੀਰ ਬਾਕੀ ਸਾਰਾ 1852 ਵਿਚ ਹਾਸਿਲ ਕਰ ਲਿਆ। ਨੇਪਾਲ ਨੂੰ 1814-16 ਵਿਚ ਹਰਾਇਆ ਸੀ ਪਰ ਉਸ ਨੂੰ ਆਪਣੀ ਪਹਾੜੀ ਸਲਤਨਤ ਕਾਇਮ ਰੱਖਣ ਦੀ ਆਗਿਆ ਦੇ ਦਿੱਤੀ। 1839-42 ਵਿਚ ਅਫ਼ਗਾਨਿਸਤਾਨ ਨੂੰ ਵੀ ਹਰਾਇਆ। ਸਿੰਧ ਨੂੰ ਵੀ ਆਪਣੇ ਕਬਜ਼ੇ ਵਿਚ ਲੈ ਲਿਆ। ਆਖਰੀ ਆਜ਼ਾਦ ਹਿੰਦੂਸਤਾਨੀ ਤਾਕਤ ਸਿੱਖ ਰਾਜ ਨੂੰ ਲੜਾਈ ਵਾਸਤੇ ਉਕਸਾਇਆ, ਹਰਾਇਆ ਤੇ ਅੱਧਾ ਰਾਜ ਹਾਸਿਲ ਕਰ ਲਿਆ। ਦੋ ਸਾਲ ਬਾਅਦ ਇਕ ਹੋਰ ਲੜਾਈ ਨਾਲ ਸਿੱਖ ਰਾਜ ਵੀ 1849 ਈਸਵੀ ਵਿਚ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰ ਲਿਆ ਗਿਆ। ਨਾਬਾਲਗ ਸਿੱਖ ਬਾਦਸ਼ਾਹ ਤੋਂ ਕੋਹ ਏ ਨੂਰ ਹੀਰਾ ਪ੍ਰਾਪਤ ਕਰ ਲਿਆ ਤੇ ਉਸ ਨੂੰ ਬਾਕੀ ਜ਼ਿੰਦਗੀ ਵਾਸਤੇ ਪੈਨਸ਼ਨ ਦੇ ਕੇ ਇੰਗਲੈਂਡ ਰੱਖਿਆ ਗਿਆ।

ਇਹਨਾਂ ਜਿੱਤਾਂ ਤੇ ਕਬਜ਼ਿਆਂ ਦੌਰਾਨ ਈਸਟ ਇੰਡੀਆ ਕੰਪਨੀ, ਜਿਸ ਦਾ ਨਾਮ ਜੌਹਨ ਕੰਪਨੀ ਵੀ ਸੀ, ਅੰਗਰੇਜ਼ ਸਰਕਾਰ ਦੇ ਕਾਨੂੰਨਾਂ ਦੇ ਘੇਰੇ ਵਿਚ ਆਉਂਦੀ ਰਹੀ। ਬ੍ਰਿਟਿਸ਼ ਸਰਕਾਰ ਨੇ 1773 ਵਿਚ ਇਕ ਕਾਨੂੰਨ ਪਾਸ ਕਰਕੇ ਕਲਕੱਤੇ ਵਾਸਤੇ ਗਵਰਨਰ ਜਨਰਲ ਨਿਯੁਕਤ ਕੀਤਾ ਅਤੇ ਕੰਪਨੀ ਦੇ ਵਪਾਰ ਦੀ ਅਜਾਰੇਦਾਰੀ ਉਪਰ ਵੀ ਸੀਮਾ ਬੰਨ ਦਿੱਤੀ। ਅਖਰੀ 1813 ਵਿਚ ਕੰਪਨੀ ਦੀ ਇਜ਼ਾਰੇਦਾਰੀ ਕਾਨੂੰਨਨ ਖ਼ਤਮ ਕੀਤੀ ਤੇ ਕਾਫੀ ਸਾਰਾ ਕੰਟਰੋਲ ਸਰਕਾਰ ਦੇ ਹੱਥ ਚਲਾ ਗਿਆ।

1857 ਵਿਚ ਭਾਰਤੀਆਂ ਵੱਲੋਂ ਰਲ ਕੇ ਇਕ ਹੱਲਾ ਵਿਦੇਸ਼ੀ ਹਕੂਮਤ ਨੂੰ ਖਤਮ ਕਰਨ ਵਾਸਤੇ ਲਗਾਇਆ ਗਿਆ। ਇਕ ਵਾਰ ਫਿਰ ਅੰਗਰੇਜ਼ ਤੇ ਹਿੰਦੂਸਤਾਨੀ ਇਤਿਹਾਸਕਾਰ ਇਸ ਲੜਾਈ ਦੇ ਕਾਰਨ ਤੇ ਸਿੱਟਿਆ ਬਾਰੇ ਵੱਖ ਵੱਖ ਰਾਵਾਂ ਵਿਚ ਆ ਜਾਂਦੇ ਹਨ। ਅੰਗਰੇਜ਼ ਇਸ ਨੂੰ ਸਿਪਾਹੀਆਂ ਦੀ ਬਗਾਵਤ ਕਹਿੰਦੇ ਹਨ ਤੇ ਭਾਰਤ ਵਿਚ ਇਸ ਨੂੰ ਪਹਿਲੀ ਜੰਗੇ ਆਜ਼ਾਦੀ ਕਿਹਾ ਜਾਂਦਾ ਹੈ। ਸੱਚਾਈ ਇਹ ਹੈ ਕਿ ਇਸ ਵਿਚ ਇਹ ਦੋਵੇਂ ਪੱਖ ਸ਼ਾਮਿਲ ਸਨ। ਬਹੁਤ ਲੋਕ ਅੰਗਰੇਜ਼ਾਂ ਨੂੰ ਬਾਹਰ ਕੱਢਣ ਵਾਸਤੇ ਲੜ ਰਹੇ ਸਨ ਤੇ ਬਹੁਤ ਸਾਰੇ ਅੰਗਰੇਜ਼ਾਂ ਦੇ ਪੱਖੀ ਵੀ ਸਨ। ਦੇਸੀ ਰਾਜੇ ਵੀ ਵੱਖ ਵੱਖ ਪਾਸੇ ਖਲੋਤੇ ਸਨ। ਆਖਰ 18 ਮਹੀਨਿਆਂ ਦੀ ਸਖਤ ਲੜਾਈ ਤੋਂ ਬਾਅਦ ਗਦਰ ਉਪਰ ਕਬਜ਼ਾ ਪਾ ਲਿਆ ਗਿਆ। ਮੁਗਲ ਬਾਦਸ਼ਾਹ ਨੂੰ ਬਰਮਾ ਦਾ ਦੇਸ਼ ਨਿਕਾਲਾ ਦੇ ਦਿੱਤਾ

ਤੇ ਓਧਰ ਈਸਟ ਇੰਡਿਆ ਕੰਪਨੀ ਤੋੜ ਕੇ ਭਾਰਤ ਦਾ ਰਾਜ ਸਿੱਧਾ ਇੰਗਲੈਂਡ ਦੀ ਸਰਕਾਰ ਦੇ ਅਧੀਨ ਹੋ ਗਿਆ।

ਸਵਾਲ ਪੈਦਾ ਹੁੰਦਾ ਹੈ ਕਿ ਕਿਸ ਤਰ੍ਹਾਂ ਥੋੜੀ ਜਿਹੀ ਗਿਣਤੀ ਦੇ ਵਿਦੇਸ਼ੀ ਲੋਕ ਇਤਨੇ ਵੱਡੇ ਮੁਲਕ ਨੂੰ ਆਪਣ ਕਬਜ਼ੇ ਵਿਚ ਰੱਖ ਸਕੇ ਤੇ ਬਗਾਵਤ ਨੂੰ ਇਸ ਤਰ੍ਹਾਂ ਕੁਚਲ ਦਿੱਤਾ ਗਿਆ।

ਪਹਿਲੀ ਗੱਲ ਕਿ ਭਾਰਤੀ ਕਦੇ ਵੀ ਇਕ ਕੌਮ ਨਹੀਂ ਸਨ। ਉਹ ਵੱਖ ਵੱਖ ਧਰਮਾਂ, ਨਸਲਾਂ, ਜਾਤਾਂ ਤੇ ਭਾਸ਼ਾਵਾਂ ਵਿਚ ਵੰਡੇ ਹੋਏ ਸਨ। ਬਗਾਵਤ ਦੇ ਮੌਕੇ ਸਾਰੇ ਲੋਕ ਅੰਗਰੇਜ਼ਾ ਦੇ ਵਿਰੁੱਧ ਨਹੀਂ ਸਨ। ਬਹੁਤ ਸਾਰੇ ਦੇਸੀ ਰਾਜੇ ਅੰਗਰੇਜ਼ਾਂ ਦੀ ਖੁੱਲ ਕੇ ਮਦਦ ਕਰਦੇ ਰਹੇ ਤੇ ਉਹਨਾਂ ਦੇ ਸਿਪਾਹੀ ਵੀ ਅੰਗਰੇਜ਼ਾਂ ਦੇ ਪੱਖ ਵਿਚ ਲੜਦੇ ਰਹੇ। ਮੁੱਕਦੀ ਗੱਲ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਭਾਰਤੀਆਂ ਦੀ ਮਦਦ ਨਾਲ ਜਿੱਤਿਆ। ਫਿਰ ਵੀ ਅੰਗਰੇਜ਼ੀ ਰਾਜ ਦੇ ਭਾਰਤ ਵਾਸਤੇ ਖਾਸ ਮਹੱਤਵ ਹਨ ਜੋ ਨਜ਼ਰ ਅੰਦਾਜ਼ ਨਹੀਂ ਕੀਤੇ ਜਾ ਸਕਦੇ।

ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਭਾਰਤ ਦਾ ਪ੍ਰਬੰਧ ਇਕ ਸਰਕਾਰ ਦੇ ਅਧੀਨ ਹੋਇਆ। ਹੁਣ ਕੋਈ ਮੋਰਿਆ, ਗੁਪਤਾ, ਖਿਲਜੀ ਜਾਂ ਮੁਗਲ ਰਾਜ ਨਹੀਂ ਸਾਰੇ ਉਪ ਮਹਾਂਦੀਪ ਦੀ ਇਕ ਸਰਕਾਰ ਸੀ। ਇਸ ਤੋਂ ਪਹਿਲਾਂ ਕਿਸੇ ਵੀ ਦੇਸੀ ਰਾਜੇ ਨੇ ਮੁਲਕ ਦੇ ਸਾਰੇ ਬਾਰਡਰ ਤੱਕ ਰਾਜ ਨਹੀਂ ਕੀਤਾ ਸੀ ਜਿਵੇਂ ਕਿ ਹੁਣ ਸਥਾਪਤ ਹੋਇਆ ਸੀ। ਠੀਕ ਹੈ ਹੁਣ ਵੀ ਲੋਕ ਸਿੱਖ ਸਨ, ਮੁਸਲਮਾਨ ਸਨ, ਹਿੰਦੂ ਸਨ ਤੇ ਇਸਾਈ ਸਨ ਪਰ ਹੁਣ ਇਹ ਭਾਵਨਾ ਵੀ ਪੈਦਾ ਹੋ ਗਈ ਸੀ ਕਿ ਉਹ ਹਿੰਦੁਸਤਾਨੀ ਵੀ ਹਨ। ਅੰਗਰੇਜ਼ਾਂ ਨੇ ਪੱਛਮ ਵੱਲੋਂ ਵੀ ਹਮਲਾਵਰਾਂ ਦਾ ਰਸਤਾ ਬੰਦ ਕਰ ਦਿੱਤਾ ਤੇ ਸਮੁੰਦਰ ਵੱਲੋਂ ਵੀ। ਸਿਰਫ਼ ਦੂਜੀ ਆਲਮੀ ਜੰਗ ਦੇ ਮੌਕੇ ਜਪਾਨੀਆਂ ਦੀ ਮਦਦ ਨਾਲ ਆਜ਼ਾਦ ਹਿੰਦ ਫੌਜ ਨੇ ਅੰਡੇਮਾਨ ਨਿਕੋਬਾਰ ਤੇ ਆਸਾਮ ਦੇ ਕੁਝ ਟਾਪੂਆਂ ਤੇ ਕਬਜ਼ਾ ਕੀਤਾ ਸੀ।

ਅੰਗਰੇਜ਼ਾਂ ਦੀ ਆਮਦ ਤੋਂ ਬਾਅਦ ਇਨਸਾਫ ਦੀ ਪ੍ਰਣਾਲੀ ਵਿਚ ਵੱਡਾ ਸੁਧਾਰ ਹੋਇਆ। ਹੁਣ ਸਜ਼ਾਵਾਂ ਦੇਣਾ ਰਾਜਿਆਂ ਦੀ ਮਰਜ਼ੀ ਨਾਲ ਨਹੀਂ ਕਾਨੂੰਨ ਦਾ ਕੰਮ ਬਣ ਗਿਆ ਸੀ। ਭਾਵੇਂ ਕਿ ਇਨਸਾਫ ਦਾ ਰਸਤਾ ਗੁੰਝਲਦਾਰ ਹੋ ਗਿਆ, ਰਿਸ਼ਵਤਾਂ ਦਾ ਸਕੋਪ ਅਜੇ ਵੀ ਸੀ ਪਰ ਫਿਰ ਵੀ ਇਕ ਹੱਦ ਤੱਕ ਉਹ ਨਿਯਮ ਬੱਧ ਜ਼ਰੂਰ ਹੋ ਗਿਆ ਸੀ। ਕਿਸੇ ਨੂੰ ਵੀ ਬਿਨਾਂ ਵਰੰਟ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ ਸੀ ਤੇ ਬਿਨਾ ਮੁਕਦਮਾ ਚਲਾਏ ਜੇਲ ਵਿਚ ਨਹੀਂ ਰੱਖਿਆ ਜਾ ਸਕਦਾ ਸੀ। ਕੁਝ ਹੱਦ ਤੱਕ ਸ਼ਹਿਰੀ ਆਜ਼ਾਦੀਆਂ ਦਾ ਦੌਰ ਸ਼ੁਰੂ ਹੋ ਗਿਆ ਸੀ ਤੇ ਅੰਗਰੇਜ਼ਾਂ ਨੇ ਧਰਮ ਦੇ ਆਧਾਰ ਉਪਰ ਵਿਤਕਰੇਬਾਜ਼ੀ ਖਤਮ ਕਰ ਦਿੱਤੀ ਹੋਈ ਸੀ।

ਯੂਰਪ ਵਿਚ ਹੋ ਰਹੀ ਤਕਨੀਕੀ ਤਰੱਕੀ ਵੀ ਅੰਗਰੇਜ਼ਾਂ ਦੇ ਰਾਹੀਂ ਭਾਰਤ ਵਿਚ ਪਹੁੰਚੀ। ਦੇਸ਼ ਦੇ ਦਰਿਆਵਾਂ ਵਿਚ ਭਾਫ਼ ਦੇ ਇੰਜਨ ਚੱਲਣ ਲੱਗੇ। ਆਪਣੀਆਂ ਵਪਾਰਕ ਤੇ ਫੌਜੀ ਜ਼ਰੂਰਤਾਂ ਨੂੰ ਵੀ ਧਿਆਨ ਵਿਚ ਰੱਖ ਕੇ ਅੰਗਰੇਜ਼ਾਂ ਨੇ 40 ਹਜ਼ਾਰ ਮੀਲ ਲੰਬੀ ਰੇਲਵੇ ਲਾਈਨ ਤੇ 60 ਹਜ਼ਾਰ ਮੀਲ ਲੰਬੀਆਂ ਸੜਕਾਂ ਦਾ ਨਿਰਮਾਣ ਕੀਤਾ। ਇਸ ਦੇ ਨਾਲ ਹੀ ਡਾਕ ਤੇ ਤਾਰ ਦਾ ਵੀ ਪ੍ਰਬੰਧ ਹੋਇਆ।

ਅੰਗਰੇਜ਼ ਆਪਣੇ ਮੁਲਕ ਦੇ ਕਾਰਖਾਨਿਆਂ ਵਾਸਤੇ ਭਾਰਤ ਤੋਂ ਕੱਚਾ ਮਾਲ ਚਾਹੁੰਦੇ ਸਨ। ਇਸ ਵਾਸਤੇ ਨਹਿਰਾਂ ਦਾ ਪ੍ਰਬੰਧ ਕੀਤਾ ਤਾਂ ਜੋ ਇਥੋਂ ਦੀ ਕਪਾਹ ਤੇ ਉਨ ਵਗੈਰਾ ਇੰਗਲੈਂਡ ਜਾ ਸਕੇ। ਪੰਜਾਬ ਵਿਚ ਤਿੰਨ ਕਰੋੜ 20 ਲੱਖ ਏਕੜ ਭੂਮੀ ਨੂੰ ਇਸੇ ਕਰਕੇ ਸਿੰਚਾਈ ਅਧੀਨ ਲਿਆਂਦਾ ਗਿਆ। ਚਾਹ ਦੇ ਬਾਗਾਨਾਂ ਦੇ ਵੀ ਅੰਗਰੇਜ਼ ਹੀ ਮਾਲਕ ਸਨ। ਬੇਸ਼ੱਕ ਜੂਟ ਭਾਰਤੀ ਕਿਸਾਨ ਪੈਦਾ ਕਰਦੇ ਸਨ ਪਰ ਜੂਟ ਦੀਆਂ ਮਿਲਾਂ ਅੰਗਰੇਜ਼ਾਂ ਦੀ ਮਾਲਕੀ ਵਿਚ ਸਨ।

ਅਰਥ ਸ਼ਾਸਤਰੀ ਇਹਨਾਂ ਸਭ ਤਬਦੀਲੀਆਂ ਦੇ ਲਾਭ ਨੂੰ ਅੰਕਤ ਕਰਨ ਵਿਚ ਇਕ ਮੱਤ ਨਹੀਂ ਹਨ। ਅੰਗਰੇਜ਼ਾਂ ਦਾ ਕਹਿਣਾ ਰਿਹਾ ਕਿ ਉਹਨਾਂ ਦੀਆਂ ਨੀਤੀਆਂ ਤੇ ਸਿੰਚਾਈ ਵਗੈਰਾ ਦੇ ਸਾਧਨ ਪੈਦਾ ਕਰਨ ਨਾਲ ਭਾਰਤ ਵਿਚ ਖੇਤੀ ਦੀ ਪੈਦਾਵਾਰ ਵਿਚ ਵੱਡਾ ਵਾਧਾ ਹੋਇਆ। ਇਹ 1834 ਵਿਚ 80 ਲੱਖ ਪੌਂਡ ਤੋਂ ਲੈ ਕੇ 1928 ਤੱਕ 19 ਕਰੋੜ ਪੌਂਡ ਤੱਕ ਵੱਧ ਗਈ ਸੀ। ਭਾਰਤੀਆਂ ਦਾ ਕਹਿਣਾ ਹੈ ਕਿ ਇਹ ਸਭ ਕੁਝ ਵਾਸਤੇ ਅੰਗਰੇਜ਼ਾਂ ਨੇ ਭਾਰਤੀ ਸਨਅਤ ਜ਼ਬਦਸਤੀ ਤਬਾਹ ਕਰ ਦਿੱਤੀ ਤੇ ਇਸ ਮੁਲਕ ਨੂੰ ਕੱਚਾ ਮਾਲ ਪੈਦਾ ਕਰਨ ਵਾਸਤੇ ਰੱਖ ਲਿਆ। ਲੇਕਿਨ ਜੇ ਅਸੀਂ ਦੂਜਾ ਆਂਕੜਾ ਵੀ ਇਮਾਨਦਾਰੀ ਨਾਲ ਵੇਖੀਏ ਤਾਂ ਦੇਸੀ ਸਨਅਤ ਵੀ ਅੰਗਰੇਜ਼ੀ ਰਾਜ ਵਿਚ ਵਧੀ ਫੁੱਲੀ, 1890 ਵਿਚ 700 ਰਜਿਸਟਰਡ ਫੈਕਟਰੀਆਂ ਸਨ ਜਿਹਨਾਂ ਦੀ ਗਿਣਤੀ 1939 ਵਿਚ ਵਧ ਕੇ 10 ਹਜ਼ਾਰ ਹੋ ਗਈ ਸੀ ਤੇ ਇਹਨਾਂ ਵਿਚ 20 ਲੱਖ ਲੋਕ ਕੰਮ ਕਰਦੇ ਸਨ। ਜਮਸ਼ੇਦਪੁਰ ਦਾ ਟਾਟਾ ਸਟੀਲ ਪਲਾਂਟ ਵੀ ਅੰਗਰੇਜ਼ਾਂ ਦੇ ਮੌਕੇ ਹੀ ਚਾਲੂ ਹੋ ਗਿਆ ਸੀ ਜੋ ਇਸ ਮੁਲਕ ਦੀ ਅਹਿਮ ਸਨਅਤ ਬਣ ਗਿਆ।

ਅੰਗਰੇਜ਼ਾਂ ਨੇ ਜਾਨ ਲੇਵਾ ਬੀਮਾਰੀਆਂ ਦੇ ਇਲਾਜ ਵਾਸਤੇ ਅਸਰਦਾਰ ਦਵਾਈਆਂ ਵੀ ਭਾਰਤ ਵਿਚ ਲਿਆਂਦੀਆਂ। ਇਹ ਮਲੇਰੀਆ, ਚੇਚਕ ਤੇ ਪਲੇਗ ਉਪਰ ਕਾਬੂ ਪਾਉਣ ਵਾਲੀਆਂ ਵੀ ਸਨ। ਇਸ ਤੋਂ ਇਲਾਵਾ ਕੋਈ ਭਾਰਤੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਅੰਗਰੇਜ਼ਾਂ ਨੇ ਸਮਾਜਕ ਸੁਧਾਰ ਦੇ ਖੇਤਰ ਵਿਚ ਵੱਡੇ ਕੰਮ ਕੀਤੇ। ਸਤੀ ਦੀ ਰਸਮ ਤੇ ਜੰਮਦੀਆਂ ਲੜਕੀਆਂ ਨੂੰ ਮਾਰਨ ਦੀ ਰਿਵਾਇਤ ਦਾ ਵੱਡੀ ਹੱਦ ਤੱਕ ਦਾ ਖਾਤਮਾ ਕੀਤਾ। ਇਹਨਾਂ ਨੂੰ ਸਜ਼ਾ ਯਾਫਤਾ ਜੁਰਮ ਬਣਾਇਆ। ਗੁਲਾਮ ਪ੍ਰਥਾ ਖਤਮ ਕੀਤੀ, ਸ਼ਾਦੀ ਦੀ ਉਮਰ ਵੀ ਵਧਾਈ ਤੇ ਵਿਧਵਾ ਦੀ ਸ਼ਾਦੀ ਦਾ ਕਾਨੂੰਨ ਵੀ ਬਣਾਇਆ। ਇਹ ਵੀ ਮੰਨਣਾ ਪਵੇਗਾ ਕਿ ਸੁਘੜ ਪ੍ਰਸ਼ਾਸਨ ਵਿਧੀ ਅੰਗਰੇਜ਼ਾਂ ਦੀ ਲਾਗੂ ਕੀਤੀ ਸੀ।

ਪੰਜਾਬ ਦਾ ਗਵਰਨਰ ਲਾਰਡ ਲਾਰੈਂਸ ਜਿਸ ਨੇ ਕਿਸੇ ਵੇਲੇ ਬਹੁਤ ਧਮਕੀ ਭਰਿਆ ਐਲਾਨ ਕੀਤਾ ਸੀ ਕਿ 'ਪੰਜਾਬੀਓ ਬੋਲੋ ਤੁਹਾਡੇ ਉਪਰ ਕਲਮ ਨਾਲ ਰਾਜ ਕਰਾਂ ਕਿ ਤਲਵਾਰ ਨਾਲ' ਬਹੁਤ ਹਲੀਮੀ ਭਰੇ ਬਿਆਨਾਂ ਤੱਕ ਆ ਗਿਆ। ਉਸ ਨੇ ਭਾਰਤੀਆਂ ਨੂੰ ਕਿਹਾ ਕਿ "ਅਸੀਂ ਤੁਹਾਡੇ ਚੁਣੇ ਹੋਏ ਪ੍ਰਤੀਨਿਧੀ ਨਹੀਂ ਹਾਂ ਪਰ ਅਸੀਂ ਆਪਣੀ ਜ਼ਮੀਰ ਤੇ ਅਖਲਾਕ ਨੂੰ ਸਾਹਮਣੇ ਰੱਖਦੇ ਹੋਏ ਇਨਸਾਫ਼ ਤੇ ਸਭ ਦੇ ਭਲੇ ਵਾਸਤੇ ਕੰਮ ਕਰਾਂਗੇ।"

ਸਾਡੇ ਮੁਲਕ ਦੀ ਕਲਾ, ਸਾਹਿਤ ਤੇ ਵਿਰਾਸਤ ਨੂੰ ਸੰਭਾਲਣ ਵੱਲ ਅੰਗਰੇਜ਼ਾਂ ਦਾ ਰਵਈਆ ਵਿਦੇਸ਼ੀਆਂ ਵਾਲਾ ਨਹੀਂ ਸੀ। ਸਾਡੇ ਧਰਮ ਗ੍ਰੰਥਾਂ ਤੇ ਧਾਰਮਿਕ ਸਥਾਨਾਂ ਨੂੰ ਨਾ ਸਿਰਫ਼ ਤਬਾਹ ਨਹੀਂ ਕੀਤਾ, ਉਹਨਾਂ ਦੀ ਸੰਭਾਲ ਵਾਸਤੇ ਵੱਡੇ ਕਦਮ ਚੁੱਕੇ। ਸੰਸਕ੍ਰਿਤ ਦੇ ਗ੍ਰੰਥਾਂ ਦਾ ਅੰਗਰੇਜ਼ੀ ਵਿਚ ਹੀ ਨਹੀਂ, ਹਿੰਦੀ, ਉਰਦੂ ਤੇ ਹੋਰ ਦੇਸੀ ਜ਼ਬਾਨਾਂ ਵਿਚ ਉਲਥਾ ਕਰਵਾਉਣ ਦਾ ਕੰਮ ਅੰਗਰੇਜ਼ਾਂ ਨੇ ਹੀ ਸ਼ੁਰੂ ਕੀਤਾ। ਇਹ ਕਲਕੱਤੇ ਦਾ ਅੰਗਰੇਜ਼ ਜੱਜ ਸੀ ਜਿਸ ਨੇ ਕਾਲੀਦਾਸ ਦੇ ਨਾਟਕ ਸ਼ਕੁੰਤਲਾ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ।

ਅੰਗਰੇਜ਼ਾਂ ਨੇ ਅੰਗਰੇਜ਼ੀ ਜ਼ਬਾਨ ਨੂੰ ਵੱਡੀ ਪੱਧਰ ਉਪਰ ਲਾਗੂ ਕੀਤਾ। ਵੱਡੇ ਦਫਤਰਾਂ ਤੇ ਅਫਸਰਾਂ ਦੀ ਭਾਸ਼ਾ ਅੰਗਰੇਜ਼ੀ ਬਣਾਈ। ਇਸ ਨੂੰ ਸਿਖਾਉਣ ਦੇ ਸਕੂਲ ਕਾਲਜ ਖੋਲ੍ਹੇ ਗਏ ਪਰ ਇਸ ਦੇ ਬਾਵਜੂਦ ਦੇਸੀ ਭਾਸ਼ਾਵਾਂ ਨੂੰ ਵੀ ਖ਼ਤਮ ਨਹੀਂ ਕੀਤਾ। ਹੇਠਲਾ ਦਫ਼ਤਰੀ ਕੰਮ ਫਾਰਸੀ ਤੇ ਹੋਰ ਦੇਸੀ ਭਾਸ਼ਾਵਾਂ ਵਿਚ ਚੱਲਦਾ ਰਿਹਾ। ਇਸ ਤੋਂ ਇਲਾਵਾ ਸਾਡੀਆਂ ਦੇਸੀ ਭਾਸ਼ਾਵਾਂ ਦੀ ਤਰੱਕੀ ਵਾਸਤੇ ਵੀ ਅੰਗਰੇਜ਼ਾਂ ਨੇ ਕਾਫ਼ੀ ਕੰਮ ਕੀਤਾ। ਹਿੰਦੀ ਤੇ ਪੰਜਾਬੀ ਸਮੇਤ ਸਾਡੀਆਂ ਬਹੁਤੀਆਂ ਭਾਸ਼ਾਵਾਂ ਦੀਆਂ ਵਿਆਕਰਣ ਦੀਆਂ ਪਹਿਲੀਆਂ ਪੁਸਤਕਾਂ ਅੰਗਰੇਜ਼ ਲਿਖਾਰੀਆਂ ਦੀਆਂ ਲਿਖੀਆਂ ਹੋਈਆਂ ਹਨ ਤੇ ਡਿਕਸ਼ਨਰੀਆਂ ਵੀ ਉਹਨਾਂ ਦੀਆਂ ਬਣਾਈਆਂ ਹੋਈਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੰਗਰੇਜ਼ਾਂ ਨੇ ਹਿੰਦੁਸਤਾਨ ਉਪਰ ਰਾਜ ਵੱਡੀ ਗਿਣਤੀ ਦੇ ਹਿੰਦੁਸਤਾਨੀਆਂ ਦੇ ਮਿਲਵਰਤਨ ਤੇ ਸਹਿਮਤੀ ਨਾਲ ਚੱਲਾਇਆ। ਸਦੀ ਦੇ ਅੰਤ ਤੱਕ 5 ਲੱਖ ਸਰਕਾਰੀ ਕਰਮਚਾਰੀਆਂ ਵਿਚੋਂ ਸਿਰਫ਼ 4 ਹਜ਼ਾਰ ਹੀ ਅੰਗਰੇਜ਼ ਸਨ ਤੇ 1931 ਤੱਕ ਇਸ ਮੁਲਕ ਵਿਚ ਕੁੱਲ 1 ਲੱਖ 68 ਹਜ਼ਾਰ ਅੰਗਰੇਜ਼ ਸਨ ਜਿਹਨਾਂ ਵਿਚੋਂ 80 ਹਜ਼ਾਰ ਤਾਂ ਫੌਜ ਵਿਚ ਸਨ ਤੇ 21 ਹਜ਼ਾਰ ਆਪਣੇ ਵਪਾਰ ਤੇ ਬਿਜ਼ਨੈਸ ਵਿਚ। ਇਸ ਤਰ੍ਹਾਂ ਪ੍ਰਸ਼ਾਸਨ ਦੇ ਕੰਮਾਂ ਵਿਚ ਸਿਰਫ਼ 12 ਹਜ਼ਾਰ ਅੰਗਰੇਜ਼ ਸਨ। ਕੁੱਲ ਸਰਕਾਰੀ ਪ੍ਰਬੰਧ ਦੇ ਕਰਮਚਾਰੀਆਂ ਵਿਚ ਚਾਰ ਹਜ਼ਾਰ ਭਾਰਤੀਆਂ ਦੇ ਪਿੱਛੇ ਇਕ ਅੰਗਰੇਜ਼ ਕੰਮ ਕਰਦਾ ਸੀ।

ਓਧਰ ਭਾਰਤ ਦੇ ਕੌਮੀ ਬੁਲਾਰੇ ਅੰਗਰੇਜ਼ੀ ਰਾਜ ਦੀ ਇਸ ਤਰ੍ਹਾਂ ਦੀ ਵਿਆਖਿਆ ਨੂੰ ਪ੍ਰਵਾਨ ਨਹੀਂ ਕਰਦੇ ਸਨ। ਇਕ ਵਾਰ ਕਾਂਗਰਸ ਦੇ ਪ੍ਰਧਾਨ ਵੀ ਰਹਿ ਚੁਕੇ ਭਾਰਤੀ ਲੇਖਕ ਤੇ ਲੈਕਚਰਾਰ ਰਮੇਸ਼ ਦੱਤ ਦਾ ਕਹਿਣਾ ਸੀ ਕਿ ਇਤਿਹਾਸ ਵਿਚ ਇਕ ਅਜਿਹਾ ਮੌਕਾ ਨਹੀਂ ਜਿਥੇ ਇਕ ਤਬਕਾ ਦੂਜੇ ਤਬਕੇ ਉਪਰ ਹਕੂਮਤ ਉਸ ਦੇ ਭਲੇ ਵਾਸਤੇ ਕਰਦਾ ਹੋਵੇ। ਉਸ ਦਾ ਕਹਿਣਾ ਸੀ ਅੰਗਰੇਜ਼ਾਂ ਨੇ ਭਾਰਤ ਨੂੰ ਇਕ ਅਮੀਰ ਕੌਮ ਤੋਂ ਗਰੀਬ ਬਣਾ ਦਿੱਤਾ ਹੈ।

ਬਹੁਤ ਸਾਰੇ ਭਾਰਤੀ ਦਾਨਸ਼ਵਰਾਂ ਦਾ ਕਹਿਣਾ ਹੈ ਕਿ ਇੰਗਲੈਂਡ ਨੇ ਭਾਰਤੀਆਂ ਨੂੰ ਮੰਗਤਿਆਂ ਦੀ ਕੌਮ ਬਣਾ ਦਿੱਤਾ ਹੈ। ਪਹਿਲੀਆਂ ਵਿਚ ਭਾਰਤ ਦਾ ਕੱਪੜਾ ਇਤਨਾ ਮਸ਼ਹੂਰ ਸੀ ਕਿ ਯੂਰਪ ਵਿਚ ਵੀ ਇਸ ਦੀ ਮੰਗ ਸੀ। ਅੰਗਰੇਜ਼ਾਂ ਨੇ ਇਸ ਦੀ ਹੱਥ ਖੱਡੀ ਤਬਾਹ ਕਰ ਦਿੱਤੀ। ਇਸੇ ਤਰ੍ਹਾਂ ਇਹ ਮੁਲਕ ਆਪਣੀ ਵਰਤੋਂ ਤੋ ਵੱਧ ਅਨਾਜ ਪੈਦਾ

ਕਰਦਾ ਸੀ ਪਰ ਅੱਜ ਭੁੱਖ ਮਰੀ ਕੱਟਣੀ ਪੈ ਰਹੀ ਹੈ। ਦਰ ਅਸਲ ਯੂਰਪ ਦੀ ਉਦਯੋਗਿਕ ਕਰਾਂਤੀ ਨੇ ਹਲਾਤ ਬਦਲ ਦਿੱਤੇ ਸਨ। ਇੰਗਲੈਂਡ ਆਪਣੇ ਉਦਯੋਗਾਂ ਵਾਸਤੇ ਭਾਰਤ ਤੋਂ ਕੱਚਾ ਮਾਲ ਚਾਹੁੰਦਾ ਸੀ ਤੇ ਫਿਰ ਆਪਣਾ ਮਾਲ ਵੇਚਣ ਵਾਸਤੇ ਭਾਰਤ ਦੀ ਮੰਡੀ ਵੀ ਚਾਹੁੰਦਾ ਸੀ। ਜਦੋਂ ਅੰਗਰੇਜ਼ ਭਾਰਤ ਤੋਂ ਸਮਾਨ ਖਰੀਦਦੇ ਸਨ ਤਾਂ ਸੋਨਾ ਚਾਂਦੀ ਨਾਲ ਮੁੱਲ ਤਾਰਦੇ ਸਨ ਹੁਣ ਉਲਟਾ ਭਾਰਤ ਨੂੰ ਕਰਜ਼ਾਈ ਬਣਾਈ ਜਾ ਰਹੇ ਸਨ।

ਭਾਰਤ ਵਿਚ ਗਰੀਬੀ ਦੀ ਵੱਡੀ ਮਾਰ ਕੱਪੜਾ ਬਣਾਉਣ ਵਾਲੇ ਬੁਨਕਰਾਂ ਤੇ ਪਈ। ਉਹਨਾਂ ਦਾ ਕੰਮ ਬੰਦ ਹੋ ਗਿਆ। ਉਹ ਪਿੰਡਾਂ ਵਿਚ ਖੇਤੀ ਕਰਨ ਆਏ ਪਰ ਜ਼ਮੀਨਾਂ ਨਹੀਂ ਬਚੀਆਂ ਸਨ। ਇਸ ਤੋਂ ਇਲਾਵਾ ਕਿਸਾਨਾਂ ਨੂੰ ਲੱਕ ਤੋੜਵਾਂ ਲਗਾਨ ਦੇਣਾ ਪੈ ਰਿਹਾ ਸੀ। ਇਸ ਤਰ੍ਹਾਂ ਅੰਗਰੇਜ਼ੀ ਰਾਜ ਵਿਚ ਚਾਰ ਵੱਡੇ ਅਕਾਲ, 1877-78, 1892, 1897 ਤੇ 1901 ਵਿਚ ਪਏ ਜਿਹਨਾਂ ਵਿਚ ਇਕ ਕਰੋੜ ਪੰਜਾਹ ਲੱਖ ਲੋਕ ਮੌਤ ਦੇ ਮੂੰਹ ਚਲੇ ਗਏ।

ਬੇਸ਼ੱਕ ਅੰਗਰੇਜ਼ਾਂ ਨੇ ਭਾਰਤ ਦਾ ਪ੍ਰਸ਼ਾਸਨ ਬਹੁਤ ਚੰਗੀ ਤਰ੍ਹਾਂ ਚਲਾਇਆ ਪਰ ਇਹ ਸਭ ਭਾਰਤੀਆਂ ਦੀ ਹੀ ਕੀਮਤ ਉਪਰ ਕੀਤਾ। ਅੰਗਰੇਜ਼ ਅਫਸਰ ਤੇ ਕਰਮਚਾਰੀ ਆਪਣੇ ਭਾਰਤੀ ਹਮ ਰੁਤਬੇ ਵਾਲਿਆਂ ਨਾਲੋਂ 10 ਗੁਣਾ ਤਨਖਾਹ ਲੈਂਦੇ ਸਨ। ਇਕ ਵਾਰ 1901 ਵਿਚ ਭਾਰਤ ਦੀ ਕੁਲ ਪੂੰਜੀ ਦਾ ਅੱਧਾ ਅੰਗਰੇਜ਼ਾਂ ਦੀਆਂ ਤਨਖਾਹਾਂ ਉਪਰ ਹੀ ਲੱਗ ਗਿਆ। ਉਸਾਰੀ ਤੇ ਸੰਚਾਰ ਦੇ ਸਾਧਨਾ ਦਾ ਖਰਚਾ ਵੀ ਇਸੇ ਹਿਸਾਬ ਨਾਲ ਸੀ। ਜੋ ਵੀ ਮਾਲ ਇੰਗਲੈਂਡ ਤੋਂ ਆਉਂਦਾ ਸੀ ਉਹ ਭਾਰਤ ਸਰਕਾਰ ਦੇ ਖਾਤੇ ਵਿਚੋਂ ਆਉਂਦਾ ਸੀ ਤੇ ਉਸ ਦੇ ਬਹੁਤ ਵਧਾ ਚੜ੍ਹਾ ਕੇ ਖਰਚੇ ਲਗਾਏ ਜਾਂਦੇ ਸਨ। ਜਿਹੜੀ ਪਹਿਲੀ 6,000 ਮੀਲ ਰੇਲ ਬਣੀ ਉਸ ਦਾ ਭਾਰਤ ਦੇ ਖਜ਼ਾਨੇ ਵਿਚੋਂ ਇਕ ਕਰੋੜ ਪੌਂਡ ਲੱਗੇ ਯਾਨੀ ਇਕ ਮੀਲ ਦੇ 16,000 ਪੌਂਡ ਲੱਗੇ। ਦੂਜੀ ਵੱਡੀ ਜੰਗ ਤੱਕ ਭਾਰਤੀ ਫੌਜ ਦਾ ਸਾਰਾ ਜੰਗੀ ਸਮਾਨ ਇੰਗਲੈਂਡ ਤੋਂ ਆਉਂਦਾ ਰਿਹਾ। ਨਾ ਤਾਂ ਕਿਸੇ ਹੋਰ ਮੁਲਕ ਨਾਲ ਵਪਾਰ ਸੀ ਤੇ ਨਾ ਹੀ ਇਹ ਸਮਾਨ ਭਾਰਤ ਵਿਚ ਬਣਾਉਣ ਦੀ ਆਗਿਆ ਸੀ। ਸਿਰਫ ਲੜਾਈ ਦੇ ਮੌਕੇ ਹੀ ਭਾਰਤ ਵਿਚ ਜੰਗੀ ਸਮਾਨ ਦੇ ਕਾਰਖਾਨੇ ਸ਼ੁਰੂ ਹੋਏ ਸਨ।

ਅੰਗਰੇਜ਼ਾਂ ਨੇ ਭਾਰਤੀਆਂ ਦੇ ਅੰਦਰ ਉਹ ਜਮਾਤ ਵੀ ਖੜੀ ਕਰ ਦਿੱਤੀ ਸੀ ਜਿਹੜੀ ਏਥੇ ਅੰਗਰੇਜ਼ਾਂ ਦਾ ਰਾਜ ਜ਼ਾਰੀ ਰੱਖਣਾ ਚਹੁੰਦੀ ਸੀ। ਇਹਨਾਂ ਵਿਚੋਂ ਪਹਿਲੀ ਤਾਂ ਦੇਸੀ ਰਾਜੇ ਮਹਾਰਾਜੇ ਸਨ ਜਿਹਨਾਂ ਨੂੰ ਲੋਕਾਂ ਨੂੰ ਲੁੱਟਣ ਤੇ ਆਪਣੀਆਂ ਮੰਨ ਮੰਨੀਆਂ ਕਰਨ ਦੀ ਪੂਰੀ ਖੁੱਲ੍ਹ ਸੀ। ਦੂਸਰਾ ਕੁਝ ਫਿਰਕਿਆਂ ਨੂੰ ਮਾਰਸ਼ਲ ਕੌਮ ਦੀ ਫੂਕ ਦੇ ਰੱਖੀ ਸੀ। ਨਹਿਰੂ ਅਕਸਰ ਦੇਸੀ ਰਾਜਿਆਂ ਦੀ ਜਮਾਤ, ਨਾਮ ਨਿਹਾਦ ਮਾਰਸ਼ਲ ਨਸਲਾਂ ਤੇ ਕਾਲੇ ਸਾਹਿਬਾਂ ਦੀ ਵੰਨਗੀ ਨੂੰ 'ਚਮਚਾ ਜਮਾਤ' ਕਿਹਾ ਕਰਦਾ ਸੀ ਕਿਉਂਕਿ ਇਹ ਅੰਗਰੇਜ਼ਾ ਦੇ ਚਲੇ ਜਾਣ ਦੇ ਨਾਮ ਤੋਂ ਹੀ ਡਰਦੇ ਸਨ।

ਅੰਗਰੇਜ਼ਾਂ ਵੱਲੋਂ ਇਕ ਦਾਅਵਾ ਇਹ ਕੀਤਾ ਜਾਦਾ ਹੈ ਕਿ ਭਾਰਤ ਵਿਚ ਲੋਕ ਰਾਜ ਦੀਆਂ ਨੀਹਾਂ ਵੀ ਉਹਨਾਂ ਨੇ ਰੱਖੀਆਂ। ਇਹ ਠੀਕ ਹੈ ਕਿ ਯੂਰਪ ਵਿਚ ਵਧਦੇ

ਲੋਕ ਰਾਜੀ ਰੁਝਾਨ ਕਰਕੇ ਉਹਨਾਂ ਨੂੰ ਭਾਰਤ ਵਿਚ ਅਜਿਹੇ ਕਈ ਕਦਮ ਚੁੱਕਣੇ ਪਏ ਪਰ ਬਹੁਤੇ ਕੰਮ ਤਾਂ ਇਥੇ ਵੱਡੇ ਅੰਦੋਲਨਾਂ ਤੋਂ ਬਾਅਦ ਸ਼ੁਰੂ ਹੋਏ। ਬੇਸ਼ੱਕ ਅੰਗਰੇਜ਼ ਇਨਸਾਫ ਅਧਾਰਤ ਰਾਜ ਚਲਾਉਣ ਦਾ ਦਾਅਵਾ ਕਰਦੇ ਹਨ ਪਰ ਜਿਸ ਤਰ੍ਹਾਂ ਦੇ ਜ਼ੁਲਮ ਉਹਨਾਂ ਨੇ ਗਦਰ ਦੀ ਲਹਿਰ ਦਬਾਉਣ ਵੇਲੇ ਕੀਤੇ ਤੇ ਜੱਲਿਆਂ ਵਾਲੇ ਬਾਗ ਦਾ ਗੋਲੀ ਕਾਂਡ ਕੀਤਾ ਤੇ ਉਸ ਤੋਂ ਬਾਅਦ ਆਜ਼ਾਦੀ ਦਾ ਅੰਦੋਲਨ ਕੁਚਲਣ ਵਾਸਤੇ ਕਾਲੇ ਕਾਨੂੰਨਾਂ ਦਾ ਸਹਾਰਾ ਲਿਆ ਜਾਂਦਾ ਰਿਹਾ, ਉਹਨਾਂ ਦੇ ਦਾਅਵੇ ਦੀ ਪੋਲ ਖੁੱਲ੍ਹਦੀ ਹੈ। ਇਨਸਾਨੀਅਤ ਦੇ ਸਭ ਕਿਰਦਾਰਾਂ ਦੀ ਦੁਹਾਈ ਦੇ ਬਾਵਜੂਦ ਅੰਗਰੇਜ਼ਾਂ ਵੱਲੋਂ ਨਸਲੀ ਵਿਤਕਰਾ ਵੀ ਵਖਾਇਆ ਗਿਆ। ਅਜਿਹੀਆਂ ਕਲੱਬਾਂ ਵੀ ਸਨ ਜਿਹਨਾਂ ਦੇ ਬਾਹਰ ਬੋਰਡ ਸਨ, ਸਿਰਫ ਯੂਰਪੀਨਾਂ ਵਾਸਤੇ।

ਮੰਨਿਆ ਕਿ ਅੰਗਰੇਜ਼ਾਂ ਨੇ ਮੁਢਲੇ ਦੌਰ ਵਿਚ ਭਾਰਤੀਆਂ ਨੂੰ ਏਕਤਾ ਕਰ ਕੇ ਦਿੱਤੀ ਪਰ ਇਹਨਾਂ ਵਿਚ ਫੁੱਟ ਦੇ ਬੀਜ ਬੀਜਣ ਵਾਸਤੇ ਵੀ ਉਹੀ ਜ਼ਿੰਮੇਵਾਰ ਹਨ। ਇਸ ਹੱਦ ਤੱਕ ਕਿ ਇਹ ਫੁੱਟ ਮੁਲਕ ਦੀ ਤਕਸੀਮ ਕਰਕੇ ਪਾਕਿਸਤਾਨ ਬਣਾਉਣ ਤੱਕ ਪਹੁੰਚੀ। ਉਹਨਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਚਲਾਈ ਪਰ ਬਹੁਤ ਹੁਸ਼ਿਆਰੀ ਨਾਲ। ਅੰਗਰੇਜ਼ ਹਕੂਮਤ ਨੇ ਗਾਂਧੀ ਦੀ ਅਗਵਾਈ ਵਿਚ ਚੱਲ ਰਹੀ ਆਜ਼ਾਦੀ ਦੀ ਜਦੋ ਜਹਿਦ ਨੂੰ ਮੁਸਲਿਮ ਲੀਗ ਦਾ ਪੱਤਾ ਖੋਲ੍ਹ ਕੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਮੁਸਲਿਮ ਲੀਗ ਦੀ ਸਥਾਪਨਾ ਹੀ ਲਾਰਡ ਮਿੰਟੋਂ ਨੇ 1906 ਵਿਚ ਕਰਵਾਈ ਸੀ। ਫੁੱਟ ਦੀ ਅਗਲੀ ਵੱਡੀ ਕਾਰਵਾਈ ਬੰਗਾਲ ਦੀ ਤਕਸੀਮ ਸੀ ਤੇ ਸਰਕਾਰੀ ਤੌਰ 'ਤੇ ਇਸ ਗੱਲ ਦੀ ਬਹੁਤ ਦੁਹਾਈ ਸੀ ਕਿ ਇਹ ਕੰਮ ਮੁਸਲਿਮ ਹੱਕਾਂ ਦੀ ਰਖਵਾਲੀ ਵਾਸਤੇ ਕੀਤਾ ਗਿਆ। ਇਸ ਤੋਂ ਇਲਾਵਾ ਮੁਲਕ ਦੀ ਸੀਮਤ ਜਿਹੀ ਜਮਹੂਰੀਅਤ ਵਾਸਤੇ ਵੀ ਧਰਮ ਦੇ ਆਧਾਰ ਉਪਰ ਚੁਨਾਵ ਹਲਕੇ ਬਣਾਉਣਾ ਧਾਰਮਿਕ ਵਿਖਰੇਵਿਆਂ ਨੂੰ ਪੱਕਾ ਕਰਨਾ ਸੀ। ਫੁੱਟ ਪਾਉਣ ਦੀ ਇਸ ਨੀਤੀ ਦੀ ਸੱਚਾਈ ਇਕ ਕੌਮੀ ਲੀਡਰ ਮੌਲਾਨਾ ਮੁਹੰਮਦ ਅਲੀ ਨੇ ਇਸ ਤਰ੍ਹਾਂ ਪੇਸ਼ ਕੀਤੀ, "ਇਹ ਪੁਰਾਣਾ ਮੁਹਾਵਰਾ ਹੈ 'ਫੁੱਟ ਪਾਓ ਤੇ ਰਾਜ ਕਰੋ' ਪਰ ਅਸੀਂ ਕੰਮ ਵੰਡ ਲਏ ਹਨ (we had division of labour), ਫੁੱਟ ਅਸਾਂ ਪਾ ਲਈ ਤੇ ਰਾਜ ਉਹਨਾਂ ਨੇ ਕਰ ਲਿਆ।"

ਚੈਪਟਰ 14

ਸੁਤੰਤਰਤਾ ਅੰਦੋਲਨ - 1
(Freedom Movement -1)

ਵਿਦੇਸ਼ੀ ਹਾਕਮਾਂ ਨੂੰ ਮੁਲਕ ਵਿਚੋਂ ਬਾਹਰ ਕੱਢਣ ਦੀ ਤਾਂਘ ਤਾਂ ਸਾਡੇ ਕਈ ਲੋਕਾਂ ਦੇ ਦਿਲਾਂ ਵਿਚ ਓਦੋਂ ਤੋਂ ਆਉਂਦੀ ਰਹੀ ਜਦੋਂ ਤੋਂ ਅੰਗਰੇਜ਼ਾਂ ਨੇ ਏਥੇ ਪੈਰ ਰੱਖਿਆ ਸੀ। ਇਸ ਦੇਸ ਵਿਦੇਸ ਵਾਲੀ ਘਿਰਨਾ ਨੇ ਕਈ ਘਿਰਨਾ ਭਰੀਆਂ ਤਨਜ਼ੀਮਾਂ ਨੂੰ ਵੀ ਜਨਮ ਦਿੱਤਾ।

1857 ਦੇ ਗ਼ਦਰ ਨੂੰ ਅਕਸਰ ਭਾਰਤ ਦੀ ਪਹਿਲੀ ਜੰਗੇ ਆਜ਼ਾਦੀ ਦਾ ਨਾਮ ਦਿੱਤਾ ਜਾਂਦਾ ਹੈ ਪਰ ਆਜ਼ਾਦੀ ਵਾਸਤੇ ਤਾਂਘ ਕਰਨ ਵਾਲੇ ਲੋਕ 1857 ਤੋਂ ਪਹਿਲਾਂ ਵੀ ਮੌਜੂਦ ਸਨ। ਇਸ ਦੇ ਨਾਲ ਅਜਿਹੇ ਵੀ ਬਹੁਤ ਹਨ ਜਿਹੜੇ 1857 ਦੀ ਲਹਿਰ ਨੂੰ ਆਜ਼ਾਦੀ ਦੇ ਸੰਘਰਸ਼ ਨਾਲ ਨਹੀਂ ਜੋੜਦੇ, ਇਸ ਨੂੰ ਸਿਪਾਹੀਆਂ ਤੇ ਦੇਸੀ ਰਾਜਿਆਂ ਦੀ ਬਗਾਵਤ ਸਮਝਿਆ ਜਾਂਦਾ ਹੈ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਾ ਅੰਗਰੇਜ਼ਾਂ ਨੂੰ ਲਾਭ ਹੀ ਮਿਲਿਆ।

ਭਾਰਤ ਵਿਚ ਲੀਡਰਸ਼ਿਪ ਦੀ ਇਜਾਰੇਦਾਰੀ ਜ਼ਮੀਨ ਦੇ ਮਾਲਕ ਰਾਜੇ ਮਹਾਰਾਜੇ ਜਾਂ ਜਗੀਰਦਾਰਾਂ ਕੋਲ ਸੀ ਲੇਕਿਨ ਅੰਗਰੇਜ਼ਾਂ ਵੱਲੋਂ ਸਕੂਲ ਕਾਲਜ ਖੋਲ੍ਹੇ ਜਾਣ ਨਾਲ ਭਾਰਤ ਦੇ ਮੱਧ ਵਰਗੀ ਲੋਕ ਸਿਖਿਆ ਗ੍ਰਹਿਣ ਕਰਨ ਲੱਗੇ। ਉਹ ਕਰਮਚਾਰੀ, ਪੱਤਰਕਾਰ, ਵਕੀਲ, ਡਾਕਟਰ ਤੇ ਇੰਜੀਨੀਅਰ ਬਣਨ ਲੱਗੇ। ਕਿਉਂਕਿ ਉਹਨਾਂ ਦਾ ਲੋਕਾਂ ਨਾਲ ਵਾਹ ਪੈਂਦਾ ਰਹਿੰਦਾ ਸੀ, ਉਹ ਉਹਨਾਂ ਦੇ ਵਿਚਾਰਾਂ ਨਾਲ ਟਾਕਰਾ ਕਰਨ ਅਤੇ ਨਵੇਂ ਵਿਚਾਰ ਪੈਦਾ ਕਰਨ ਦੇ ਸਮਰੱਥ ਹੁੰਦੇ ਗਏ।

ਇਹ ਨੋਟ ਕਰਨ ਵਾਲੀ ਗੱਲ ਹੈ ਕਿ ਜਿਥੇ ਅੰਗਰੇਜ਼ਾਂ ਨੇ ਪਹਿਲਾਂ ਕਬਜ਼ਾ ਕੀਤਾ, ਉਥੋਂ ਦੇ ਲੋਕ ਹੀ ਅੰਗਰੇਜ਼ਾਂ ਵਿਰੁੱਧ ਬਗਾਵਤ ਵਿਚ ਸਭ ਤੋਂ ਪਹਿਲਾਂ ਉੱਠੇ ਜਿਵੇਂ ਕਿ ਪੱਛਮੀ ਤੱਟ ਉਤੇ ਮਹਾਰਾਸ਼ਟਰ ਤੇ ਪੂਰਬੀ ਤੱਟ ਉਪਰ ਬੰਗਾਲ। ਆਜ਼ਾਦੀ ਦੀ ਲੜਾਈ ਮੁਲਕ ਦੇ ਬਾਕੀ ਹਿੱਸੇ ਤੇ ਪੰਜਾਬ ਤੱਕ ਬਾਅਦ ਵਿਚ ਪਹੁੰਚੀ।

ਆਜ਼ਾਦੀ ਦੀ ਲੜਾਈ ਵਿਚ ਵੱਡੀ ਭੂਮਿਕਾ ਧਰਮ ਦੀ ਸੀ। ਕਿਉਂਕਿ ਭਾਰਤ ਦੀ ਵੱਡੀ ਆਬਾਦੀ ਹਿੰਦੂ ਸੀ ਇਸ ਵਾਸਤੇ ਆਜ਼ਾਦੀ ਦੀ ਲੜਾਈ ਵੀ ਇਸ ਧਰਮ ਦੁਆਲੇ ਘੁੰਮੀ। ਹਿੰਦੂ ਮੱਤ ਦੇ ਅਰਥ ਵੀ ਵੱਖ ਵੱਖ ਹਿੰਦੂਆਂ ਵਾਸਤੇ ਵੱਖ ਵੱਖ ਸਨ। ਇਹਨਾਂ ਵਿਚੋਂ ਸਭ ਤੋਂ ਕੱਟੜ ਆਰੀਆ ਸਮਾਜੀ ਸਨ ਜਿਹਨਾਂ ਦਾ ਨਾਹਰਾ 'ਵੇਦਾਂ ਵੱਲ ਵਾਪਸੀ' ਦਾ ਸੀ ਤੇ ਚਾਹੁੰਦੇ ਸਨ ਕਿ ਮੁਸਲਮਾਨ ਤੇ ਇਸਾਈ ਵਾਪਸ ਹਿੰਦੂ ਧਰਮ ਵਿਚ ਸ਼ਾਮਿਲ ਹੋ ਜਾਣ। ਇਸ ਦੇ ਉਲਟ ਬ੍ਰਹਮੋ ਸਮਾਜ ਵਰਗੀਆਂ ਸੰਸਥਾਵਾਂ ਹਿੰਦੂ ਮੱਤ, ਇਸਾਈ ਤੇ ਸੂਫੀ ਮੱਤ ਨੂੰ ਨਾਲ ਜੋੜ ਕੇ ਚੱਲਣਾ ਚਾਹੁੰਦੇ ਸਨ। ਇਹਨਾਂ ਤੋਂ ਇਲਾਵਾ ਰਾਮਾਕ੍ਰਿਸ਼ਨਾ

ਤੇ ਵਿਵੇਕਾਨੰਦ ਵਰਗੇ ਲੋਕ ਵੀ ਸਨ ਜੋ ਭਾਵੇਂ ਖੁਦ ਪੱਕੇ ਹਿੰਦੂ ਸਨ ਪਰ ਉਹ ਦੂਸਰੇ ਸਭ ਧਰਮਾਂ ਦੇ ਲੋਕਾਂ ਨਾਲ ਵੀ ਦੋਸਤੀ ਰੱਖਣੀ ਚਾਹੁੰਦੇ ਸਨ। ਹਾਂ ਕੁਝ ਅਜਿਹੇ ਨੌਜਵਾਨ ਹਿੰਦੂ ਵੀ ਸਨ ਜੋ ਰਾਜਨੀਤੀ ਵਿਚ ਧਰਮ ਦਾ ਕੋਈ ਦਖਲ ਦਰੁਸਤ ਨਹੀਂ ਸਮਝਦੇ ਸਨ।

ਭਾਰਤ ਦੇ ਮੁਸਲਮਾਨਾਂ ਨੇ ਆਜ਼ਾਦੀ ਦੇ ਅੰਦੋਲਨ ਤੇ ਗੈਰ ਮੁਸਲਮਾਨਾਂ ਪ੍ਰਤੀ ਇਕ ਵੱਖਰਾ ਰਵੱਈਆ ਧਾਰਨ ਕੀਤਾ। ਭਾਵੇਂ ਬਹੁਗਿਣਤੀ ਮੁਸਲਮਾਨ ਆਪਣੇ ਪੁਰਾਣੇ ਵਿਰਸੇ ਉਪਰ ਮਾਣ ਕਰਦੇ ਸਨ ਪਰ ਕੁਝ 'ਵਹਾਬੀ' ਕਿਸਮ ਦੇ ਲੋਕ 'ਕੁਰਾਨ ਤੇ ਹਦੀਸ ਵੱਲ ਵਾਪਸੀ' ਦਾ ਨਾਹਰਾ ਦੇ ਕੇ ਸਭ ਤਰ੍ਹਾਂ ਦੇ ਕਾਫਰਾਂ ਵਿਰੁੱਧ ਨਫਰਤ ਦਾ ਐਲਾਨ ਕਰਦੇ ਸਨ ਚਾਹੇ ਉਹ ਕਾਫਰ ਅੰਗਰੇਜ਼ ਹੋਣ ਜਾਂ ਹਿੰਦੂ। ਉਹ ਦੁਨੀਆ ਦੇ ਦੂਸਰੇ ਮੁਲਕ ਦੇ ਮੁਸਲਮਾਨਾਂ ਨੂੰ ਆਪਣੇ ਭਾਈਚਾਰੇ ਵਿਚ ਸਮਝਦੇ ਸਨ ਪਰ ਭਾਰਤ ਦੇ ਗੈਰ ਮੁਸਲਮਾਨਾਂ ਨੂੰ ਨਹੀਂ।

ਮੁਸਲਮਾਨਾਂ ਦਾ ਇਕ ਤੀਸਰਾ ਗਰੁੱਪ ਅਜਿਹਾ ਵੀ ਸੀ ਜੋ ਆਪਣੇ ਆਪ ਬਾਰੇ ਸਮਝਦੇ ਸਨ ਕਿ ਉਹ ਇਕ ਗੈਰ ਮੁਸਲਿਮ ਦੇਸ਼ ਵਿਚ ਰਹਿੰਦੇ ਹਨ। ਉਹ ਪੱਛਮੀ ਸਭਿਅਤਾ ਅਪਨਾਉਣ ਵੱਲ ਰੁਚੀ ਰੱਖਦੇ ਸਨ ਤੇ ਚਾਹੁੰਦੇ ਸਨ ਕਿ ਉਹ ਅੰਗਰੇਜ਼ਾਂ ਨਾਲ ਪੂਰੀ ਮਿਲਵਰਤਨ ਕਰਨ ਜੇ ਉਹ ਉਹਨਾਂ ਦੀ ਵੱਖਰੀ ਹੋਂਦ ਨੂੰ ਬਰਕਰਾਰ ਰੱਖਣ ਦਾ ਇਕਰਾਰ ਕਰਨ।

ਅਖੀਰ ਇਕ ਚੌਥਾ ਗਰੁੱਪ ਵੀ ਸੀ ਜਿਸ ਦਾ ਵਿਸ਼ਵਾਸ ਸੀ ਕਿ ਭਾਰਤ ਵਿਚ ਮੁਸਲਮਾਨਾਂ ਦਾ ਭਵਿੱਖ ਹਿੰਦੂਆਂ ਦੇ ਨਾਲ ਰਹਿਣ ਵਿਚ ਹੈ ਤੇ ਉਹ ਉਹਨਾਂ ਨਾਲ ਪੂਰਾ ਤਾਲਮੇਲ ਰੱਖਣਾ ਚਾਹੁੰਦੇ ਸਨ। ਉਹਨਾਂ ਦਾ ਇਹ ਵੀ ਵਿਸ਼ਵਾਸ ਸੀ ਕਿ ਇਸ ਤਾਲਮੇਲ ਨਾਲ ਉਹਨਾਂ ਦੀ ਧਾਰਮਿਕ ਪਹਿਚਾਣ ਤੇ ਰਸਮਾ ਰਿਵਾਜਾਂ ਦੀ ਪੂਰਤੀ ਵਿਚ ਕੋਈ ਵਿਘਨ ਨਹੀਂ ਪੈਣ ਲੱਗਾ।

ਹਿੰਦੂਆਂ ਤੇ ਮੁਸਲਮਾਨਾਂ ਦੀਆਂ ਅਜਿਹੀਆਂ ਵੱਖਰੀਆਂ ਵੱਖਰੀਆਂ ਸੋਚਾਂ ਨੂੰ ਦਿਮਾਗ ਵਿਚ ਰੱਖ ਕੇ ਹੀ ਅਸੀਂ ਭਾਰਤ ਦੀ ਆਜ਼ਾਦੀ ਦੀ ਲਹਿਰ ਦਾ ਠੀਕ ਮੁਲਅੰਕਣ ਕਰ ਸਕਾਂਗੇ।

ਅਸੀਂ 1851 ਵਿਚ ਬਣੀ (British India Association) ਜਿਸ ਨੇ ਪ੍ਰਸ਼ਾਸਨ ਵਿਚ ਭਾਰਤੀਆਂ ਦੀ ਸ਼ਮੂਲੀਅਤ ਮੰਗੀ ਤੇ 1876 ਦੀ ਸੁਰਿੰਦਰ ਨਾਥ ਦੀ ਬਣਾਈ ਭਾਰਤੀ ਸੰਸਥਾ (Indian Association) ਨੂੰ ਨਜ਼ਰ ਅੰਦਾਜ਼ ਕਰਦੇ ਹੋਏ 1885 ਵਿਚ ਕਰਾਂਗੇ ਜਦੋਂ ਵਿਧੀਵਤ ਤੌਰ ਤੇ ਭਾਰਤ ਦੀ ਆਜ਼ਾਦੀ ਦੀ ਮੰਗ ਕੀਤੀ ਹੈ। ਇਸੇ ਸਾਲ ਇੰਡੀਅਨ ਨੈਸ਼ਨਲ ਕਾਂਗਰਸ (Indian National Congress) ਦੀ ਨੀਂਹ ਰੱਖੀ ਜਾਂਦੀ ਹੈ। ਇਸ ਦਾ ਪਹਿਲਾ ਪ੍ਰਧਾਨ ਇਕ ਅੰਗਰੇਜ਼ ਵਿਦਵਾਨ ਏ ਓ ਹਿਊਮ ਸੀ।

ਪਹਿਲੇ 30 ਸਾਲ ਕਾਂਗਰਸ ਸਿਰਫ਼ ਬਹਿਸਾਂ ਦਾ ਅਖਾੜਾ ਹੀ ਰਹੀ ਪਰ 1909 ਵਿਚ ਇਸ ਦੀ ਮੈਂਬਰਸ਼ਿਪ 14 ਹਜ਼ਾਰ ਤੱਕ ਪਹੁੰਚ ਗਈ ਜਿਸ ਵਿਚ 12 ਹਜ਼ਾਰ ਹਿੰਦੂ, 900 ਮੁਸਲਮਾਨ, 200 ਪਾਰਸੀ ਤੇ 100 ਇਸਾਈ ਸਨ। ਇਕ ਤਿਹਾਈ ਦੇ ਕਰੀਬ

ਮੈਂਬਰ ਵਕੀਲ ਸਨ ਤੇ ਬਾਕੀ ਦੇ ਹੋਰ ਪੇਸ਼ਿਆਂ ਵਾਲੇ। ਸਦੀ ਦੇ ਇਹਨਾ ਸ਼ੁਰੂ ਦੇ ਸਾਲਾਂ ਵਿਚ ਕਾਂਗਰਸ ਅੰਦਰ ਕੁਝ ਗਰਮ ਖਿਆਲੀ ਲੋਕਾਂ (ਇਥੇ ਲੇਖਕ ਦਾ ਭਾਵ ਕੱਟੜ ਹਿੰਦੂਵਾਦੀਆਂ ਤੋਂ ਹੈ) ਅਨੁ: ਦੀ ਆਮਦ ਨਾਲ ਮੁਸਿਲਮ ਮੈਂਬਰ ਉਤਸ਼ਾਹ ਛੱਡ ਗਏ। ਇਹਨਾਂ ਕਥਿਤ ਗਰਮ ਖਿਆਲੀਆਂ ਦਾ ਮੋਹਰੀ ਬਾਲ ਗੰਗਾਧਰ ਤਿਲਕ ਸੀ ਜਿਸ ਨੇ ਆਜ਼ਾਦੀ ਦੀ ਲਹਿਰ ਦੇ ਨਾਲ ਹੀ ਗਊ ਰੱਖਿਆ ਦੀ ਲਹਿਰ ਜੋੜਨ ਦਾ ਨਾਹਰਾ ਦਿੱਤਾ ਤੇ ਸ਼ਿਵਾ ਜੀ ਨੂੰ ਆਜ਼ਾਦੀ ਦੀ ਲਹਿਰ ਦਾ ਆਦਰਸ਼ ਪੇਸ਼ ਕੀਤਾ। ਉਸ ਨੇ ਪਹਿਲਾਂ ਲੜਕੀਆਂ ਵਾਸਤੇ ਸ਼ਾਦੀ ਦੀ ਘੱਟ ਤੋਂ ਘੱਟ 12 ਸਾਲ ਦੀ ਉਮਰ ਤੈਅ ਕਰਨ ਦਾ ਵਿਰੋਧ ਕੀਤਾ ਤੇ ਫਿਰ ਚੇਚਕ ਦੇ ਟੀਕਾ ਕਰਣ ਦਾ ਵੀ ਇਹ ਕਹਿਕੇ ਕਿ ਇਸ ਨਾਲ ਹਿੰਦੂ ਘਰਾਂ ਦਾ ਪਰਦਾ ਨਹੀਂ ਰਹਿੰਦਾ। ਸੰਖੇਪ ਵਿਚ ਤਿਲਕ ਕੱਟੜ ਹਿੰਦੂ ਸੀ ਜੋ ਮੁਸਲਮਾਨਾਂ ਦੀ ਵਫਦਾਰੀ ਉਪਰ ਸ਼ੰਕਾ ਕਰਦਾ ਰਹਿੰਦਾ ਸੀ। ਇਹਨਾਂ ਕਾਰਣਾਂ ਕਰਕੇ ਮੁਸਲਮਾਨ ਕਾਂਗਰਸ ਦੇ ਸੈਸ਼ਨਾਂ ਤੋਂ ਦੂਰ ਰਹਿੰਦੇ ਸਨ ਤੇ 1894 ਵਿਚ ਸੈਂਟਰਲ ਮੁਹੰਮਡੀਅਨ ਐਸੋਸੀਏਸ਼ਨ ਨੇ ਮੁਸਲਮਾਨਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਮਨਾਹੀ ਕਰ ਦਿੱਤੀ।

ਇਸ ਤੋਂ ਇਲਾਵਾ ਤਿਲਕ ਅੰਗਰੇਜ਼ਾਂ ਨੂੰ ਕੱਢਣ ਵਾਸਤੇ ਹਿੰਸਾ ਦਾ ਪ੍ਰਯੋਗ ਜ਼ਰੂਰੀ ਸਮਝਦਾ ਸੀ। ਯੂਰਪੀਨਾਂ ਦੇ ਪਹਿਲੇ ਰਾਜਨੀਤਕ ਕਤਲ ਇਸ ਦੇ ਪੈਰੋਕਾਰਾਂ ਨੇ ਹੀ ਕੀਤੇ। ਜੂਨ 1897 ਵਿਚ ਚਾਪਕਰ ਭਰਾਵਾਂ ਨੇ ਇਕ ਹਮਦਰਦ ਅੰਗਰੇਜ਼ ਮੈਜਿਸਟ੍ਰੇਟ ਮਿਸਟਰ ਰਾਂਡ ਦਾ ਕਤਲ ਕਰ ਦਿੱਤਾ ਸੀ ਜੋ ਚੇਚਕ ਦੇ ਟੀਕਾ ਕਰਣ ਦਾ ਇੰਚਾਰਜ ਸੀ। ਇਸ ਬਾਰੇ ਤਿਲਕ ਨੂੰ ਵੀ ਚਾਰਜ ਸ਼ੀਟਡ ਕੀਤਾ ਗਿਆ ਸੀ।

ਕਾਂਗਰਸ ਦੀ ਲੀਡਰਸ਼ਿੱਪ ਵਿਚ ਤਿਲਕ ਨੂੰ ਚੈਲੰਜ ਕਰਨ ਵਾਲਾ ਬੰਦਾ ਗੋਪਾਲ ਕ੍ਰਿਸ਼ਨ ਗੋਖਲੇ (1860-1915 ਈਸਵੀ) ਸੀ। ਗੋਖਲੇ ਦੀ ਸੰਸਥਾ 'ਸਰਵੈਂਟਸ ਆਫ ਇੰਡਿਆ ਸੋਸਾਈਟੀ' ਨੇ ਸਮਾਜਕ ਖੇਤਰ ਵਿਚ ਚੰਗੇ ਕੰਮ ਕੀਤੇ ਸਨ ਲੇਕਿਨ ਇਸ ਦੇ ਸੰਵਿਧਾਨ ਵਿਚ ਹੀ ਅੰਗਰੇਜ਼ੀ ਰਾਜ ਨੂੰ ਭਾਰਤੀਆਂ ਦੇ ਹਿਤ ਵਿਚ ਦਰਸਾਇਆ ਗਿਆ ਸੀ। ਕੱਟੜ ਹਿੰਦੂ ਕਿਸਮ ਦੇ ਲੋਕ ਬੰਗਾਲ ਤੇ ਪੰਜਾਬ ਅੰਦਰ ਵੀ ਕਾਂਗਰਸ ਵਿਚ ਜਗ੍ਹਾ ਬਣਾ ਰਹੇ ਸਨ।

ਬੰਗਾਲ ਵਿਚ ਕਾਂਗਰਸ ਦੀ ਹਿੰਦੂ ਕੱਟੜਤਾ ਬੰਗਾਲ ਦੀ ਵੰਡ ਕਰਨ ਦੇ ਪ੍ਰਸਤਾਵ ਨਾਲ ਸਾਹਮਣੇ ਆ ਗਈ। ਉਸ ਵਕਤ ਵਰਤਮਾਨ ਬਿਹਾਰ ਤੇ ਉੜੀਸਾ ਵੀ ਬੰਗਾਲ ਵਿਚ ਸ਼ਾਮਲ ਸਨ ਤੇ ਇਸ ਦੀ ਆਬਾਦੀ 8 ਕਰੋੜ ਬਣਦੀ ਸੀ। ਵਾਇਸਰਾਏ ਲਾਰਡ ਕਰਜ਼ਨ ਨੇ ਵੀ ਬੰਗਾਲ ਦੇ ਪੂਰਬੀ ਜ਼ਿਲੇ, ਜੋ ਅੱਜ ਦਾ ਬੰਗਲਾ ਦੇਸ਼ ਬਣਦਾ ਹੈ, ਕੱਟਣ ਦਾ ਮਨ ਬਣਾਇਆ ਹੋਇਆ ਸੀ। ਇਹਨਾਂ ਜ਼ਿਲਿਆਂ ਵਿਚ ਮੁਸਲਿਮ ਬਹੁ ਗਿਣਤੀ ਸੀ। ਕਰਜ਼ਨ ਦਾ ਮਨ ਸਾਫ਼ ਨਹੀਂ ਸੀ। ਉਹ ਚੰਗੇ ਪ੍ਰਸ਼ਾਸਨ ਦੇ ਨਾਮ ਹੇਠ ਮੁਸਲਮਾਨਾਂ ਨੂੰ ਵੱਖਰਾ ਕਰਨਾ ਚਾਹੁੰਦਾ ਸੀ ਜੋ ਪੱਛਮੀ ਬੰਗਾਲ ਦੇ ਹਿੰਦੂਆਂ ਦੇ ਮੁਕਾਬਲੇ ਅੰਗਰੇਜ਼ਾਂ ਦੇ ਵਫ਼ਾਦਾਰ ਸਮਝੇ ਜਾਂਦੇ ਸਨ। ਬਹੁਤ ਸਾਰੇ ਮੁਸਲਿਮ ਬੰਗਾਲੀਆਂ ਨੇ ਇਸ ਦੀ ਹਿਮਾਇਤ ਕੀਤੀ ਤੇ ਬਹੁਤ ਸਾਰੇ ਹਿੰਦੂ ਬੰਗਾਲੀ ਇਸ ਦਾ ਇਹ ਕਹਿ ਕੇ ਵਿਰੋਧ ਕਰਦੇ ਸਨ ਕਿ ਬੰਗਾਲ ਦੀ ਇਕ ਹੀ ਭਾਸ਼ਾ ਤੇ ਇਕ ਹੀ ਸਭਿਆਚਾਰ ਹੈ। ਬੰਗਾਲੀ ਹਿੰਦੂ

ਜ਼ਿਆਦਾ ਪੜ੍ਹੇ ਲਿਖੇ ਤੇ ਜ਼ਿਆਦਾ ਚੰਗੀ ਤਰ੍ਹਾਂ ਸੰਗਠਤ ਸਨ। ਉਹਨਾਂ ਨੇ ਅੰਗਰੇਜ਼ੀ ਕੱਪੜੇ ਦੇ ਬਾਈਕਾਟ ਦਾ ਸੱਦਾ ਦਿੱਤਾ ਤੇ ਦੁਰਗਾ ਪੂਜਾ ਦੇ ਵਕਤ ਹੀ ਅੰਗਰੇਜ਼ੀ ਮਿਲਾਂ ਨੂੰ 50 ਲੱਖ ਰੁਪਏ ਦਾ ਘਾਟਾ ਪੈ ਗਿਆ। ਪਹਿਲੀ ਵਾਰ ਇਕ ਕੌਮੀ ਵਲੰਟੀਅਰ ਸੇਵਾ ਦਲ ਦੀਆਂ ਟੀਮਾਂ ਕਲਕੱਤਾ ਦੇ ਬਾਜ਼ਾਰਾਂ ਵਿਚ ਪਰੇਡਾਂ ਕਰਨ ਲੱਗ ਪਈਆਂ। ਇਸ ਦੇ ਨਾਲ ਹੀ ਕੁਝ ਹਿੰਸਾ ਦਾ ਸਹਾਰਾ ਲੈਣ ਵਾਲੀਆਂ ਇਨਕਲਾਬੀ ਸੰਸਥਾਵਾਂ ਵੀ ਪੈਦਾ ਹੋ ਗਈਆਂ ਜੋ ਯੂਰਪੀਨਾਂ ਦੇ ਕਤਲਾਂ ਦਾ ਨਾਹਰਾ ਦੇ ਰਹੀਆਂ ਸਨ। ਇਹ ਮੰਨਣ ਵਾਲੀ ਗੱਲ ਹੈ ਕਿ ਮਹਾਰਾਸ਼ਟਰ ਦੀ ਤਰ੍ਹਾਂ ਹੀ ਬੰਗਾਲ ਦੀ ਇਹ ਲਹਿਰ ਵੀ ਹਿੰਦੂਵਾਦ ਤੋਂ ਪ੍ਰਭਾਵਤ ਸੀ। ਮਹਾਰਾਸ਼ਟਰ ਵਿਚ ਇਹ ਗਨਪਤੀ ਤੇ ਸ਼ਿਵਾਜੀ ਤੋਂ ਪ੍ਰੇਰਨਾ ਲੈ ਰਹੀ ਸੀ ਤਾਂ ਬੰਗਾਲ ਵਿਚ ਕਾਲੀ ਸ਼ਕਤੀ ਤੇ ਦੁਰਗਾ ਤੋਂ। ਦੁਰਗਾ ਜੋ ਤਬਾਹੀ ਦੀ ਦੇਵੀ ਸੀ 'ਭਾਰਤ ਮਾਤਾ' ਦਾ ਸਥਾਨ ਲੈ ਰਹੀ ਸੀ। ਹੁਣ ਇਹ ਭਾਰਤ ਮਾਤਾ ਆਪਣੇ ਗੋਰੇ ਰਾਕਸ਼ਾਂ ਦੇ ਲਹੂ ਦੀ ਪਿਆਸੀ ਸੀ ਜਿਸ ਬਾਰੇ ਉਸ ਦੇ ਭਾਰਤੀ (ਹਿੰਦੂ) ਪੁੱਤਰਾਂ ਨੇ ਸੋਚਣਾ ਸੀ।

ਬੰਗਾਲ ਦੇ ਵਿਚਲਾ ਇਹ ਦੇਸ਼ ਪਿਆਰ ਦਾ ਅੰਦੋਲਨ ਹਿੰਦੂ ਪ੍ਰਭਾਵ ਵਿਚ ਚੱਲ ਰਿਹਾ ਸੀ ਤੇ ਇਸ ਵੱਲ ਬਹੁਤ ਸਾਰੇ ਲੇਖਕ ਤੇ ਕਵੀ ਵੀ ਖਿੱਚੇ ਗਏ ਜੋ ਹਿੰਦੂਵਾਦ ਨਾਲ ਪ੍ਰਣਾਏ ਹੋਏ ਸਨ। ਇਹਨਾਂ ਵਿਚ ਬੰਕਮ ਚੰਦਰ ਚੈਟਰਜੀ ਸੀ ਜਿਸ ਦਾ 1882 ਵਿਚ ਲਿਖਿਆ ਨਾਵਲ 'ਆਨੰਦ ਮੱਠ' 1774 ਦੇ ਇਕ ਸੰਨਿਆਸੀ ਬਾਗੀ ਦੀ ਕਥਾ ਉਪਰ ਅਧਾਰਤ ਹੈ। ਇਸੇ ਨਾਵਲ ਵਿਚ 'ਬੰਦੇ ਮਾਤਰਮ' ਦਾ ਨਾਹਰਾ ਲਗਾਇਆ ਗਿਆ ਹੈ ਜਿਸ ਦੇ ਅਰਥ ਹਨ 'ਮਾਤਰਭੂਮੀ ਨੂੰ ਪ੍ਰਣਾਮ'। ਰਬਿੰਦਰ ਨਾਥ ਟੈਗੋਰ ਨੇ ਇਸ ਨੂੰ ਕਾਂਗਰਸ ਦੇ 1896 ਦੇ ਸੈਸ਼ਨ ਵਿਚ ਗਾਇਆ ਤੇ ਇਹ ਇਕ ਤਰ੍ਹਾਂ ਨਾਲ ਭਾਰਤ ਦਾ ਕੌਮੀ ਗੀਤ ਹੀ ਬਣ ਗਿਆ। ਬੰਗਾਲੀ ਹਿੰਦੂ ਕੌਮ ਦਾ ਇਕ ਹੋਰ ਨੇਤਾ ਸ੍ਰੀ ਆਰਬਿੰਦੂ ਸਾਹਮਣੇ ਆਉਂਦਾ ਹੈ। ਇਹ ਇੰਗਲੈਂਡ ਤੋਂ ਪੜ੍ਹ ਕੇ ਆਇਆ ਸੀ ਪਰ ਵਾਪਸ ਆ ਕੇ ਹਿੰਦੂਮਤ ਤੋਂ ਪ੍ਰੇਰਨਾ ਹਾਸਿਲ ਕਰਨ ਲੱਗਾ। ਸ੍ਰੀ ਆਰਬਿੰਦੂ ਵੀ ਹਿੰਸਕ ਕਾਰਵਾਈਆਂ ਦਾ ਸਮਰਥਕ ਸੀ ਤੇ ਪਿਸਤੌਲਾਂ ਬੰਬਾਂ ਦੀਆਂ ਗੱਲਾਂ ਕਰਨ ਲੱਗ ਪਿਆ ਸੀ।

ਬੰਗਾਲ ਵਿਚ ਆਤੰਕਵਾਦ ਦਾ ਦੌਰ ਚੱਲਿਆ ਤੇ ਸਾਰੇ ਹੀ ਆਤੰਕਵਾਦੀ ਹਿੰਦੂ ਸਨ। ਅੰਗਰੇਜ਼ਾਂ ਵਾਸਤੇ ਮੁਸਲਮਾਨਾਂ ਨੂੰ ਇਹ ਮਨਾਉਣ ਵਿਚ ਕੋਈ ਮੁਸ਼ਕਿਲ ਨਹੀਂ ਸੀ ਕਿ ਉਹ ਕਾਲੀ ਮਾਤਾ ਦੇ ਨਾਮ ਹੇਠ ਚਲਾਈ ਜਾ ਰਹੀ ਜੱਦੋ ਜਹਿਦ ਤੋਂ ਦੂਰ ਰਹਿਣ। ਜਦੋਂ ਬੰਗਾਲ ਦੀ ਵੰਡ ਦੇ ਖਿਲਾਫ ਹਿੰਦੂਆਂ ਨੇ 16 ਅਕਤੂਬਰ 1905 ਨੂੰ ਕਾਲਾ ਦਿਵਸ ਮਨਾਇਆ ਨਵਾਬ ਸਲੀਮ ਉਲਾ ਨੇ ਢਾਕਾ ਵਿਚ ਮੁਹਮਡੀਅਨ ਪਰਵਿੰਸ਼ਲ ਯੂਨੀਅਨ ਵੰਡ ਦੀ ਹਿਮਾਇਤ ਵਿਚ ਖੜੀ ਕੀਤੀ।

ਬੰਗਾਲ ਤੇ ਮਹਾਰਾਸ਼ਟਰ ਦਾ ਪੈਟਰਨ ਪੰਜਾਬ ਵਿਚ ਵੀ ਚੱਲਿਆ। ਭਾਵੇਂ ਪੰਜਾਬ ਵਿਚ ਇਹ ਲਹਿਰ ਪਿੰਡਾਂ ਵਿਚ ਕਿਸਾਨਾਂ ਤੱਕ ਪਹੁੰਚ ਗਈ ਜਿਹਨਾਂ ਵਿਚ ਮੁਸਲਮਾਨ ਵੀ ਸ਼ਾਮਲ ਸਨ ਪਰ ਥੋੜੀ ਦੇਰ ਬਾਅਦ ਪੰਜਾਬ ਵਿਚ ਵੀ ਹਿੰਦੂ ਪੱਖੀ ਕਾਂਗਰਸੀ ਲਹਿਰ ਨੂੰ ਧਰਮ ਦੀ ਰੰਗਤ ਦੇਣ ਵਿਚ ਕਾਮਯਾਬ ਹੋ ਗਏ ਤੇ ਮੁਸਲਮਾਨਾਂ ਦਾ ਦੇਸ਼ ਭਗਤੀ ਦੌਰ ਮੱਠਾ ਪਾ ਦਿੱਤਾ ਗਿਆ।

ਪੰਜਾਬ ਵਿਚ ਆਜ਼ਾਦੀ ਦੀ ਲਹਿਰ ਲਾਲਾ ਲਾਜਪੱਤ ਰਾਏ ਦੀ ਅਗੁਵਾਈ ਵਿਚ ਸ਼ੁਰੂ ਹੋਈ ਜਿਸ ਨੂੰ 'ਪੰਜਾਬ ਕੇਸਰੀ' ਦਾ ਖਿਤਾਬ ਦਿੱਤਾ ਗਿਆ ਸੀ ਜਿਸ ਦੇ ਅਰਥ ਹਨ ਪੰਜਾਬ ਦਾ ਸ਼ੇਰ। ਲਾਲਾ ਲਾਜਪੱਤ ਰਾਏ ਪੱਕਾ ਕੌਮਪ੍ਰਸਤ ਸੀ ਤੇ ਹਿੰਦੂ ਪੁਨਰ ਸੁਰਜੀਤੀ ਦਾ ਹਾਮੀ ਸੀ। ਪੰਜਾਬ ਕਾਂਗਰਸ ਦੇ ਬਹੁਤ ਸਾਰੇ ਮੈਂਬਰ ਆਰੀਆ ਸਮਾਜ ਦੇ ਵੀ ਮੈਂਬਰ ਸਨ ਜੋ ਹਿੰਦੂਮੱਤ ਵਿਚ ਵੈਦਿਕ ਸ਼ੁਧੀ ਲਿਆਉਣੀ ਚਾਹੁੰਦੇ ਸਨ ਜਿਸ ਵਿਚ ਗਊ ਦੀ ਸੁਰੱਖਿਆ ਤੇ ਮੁਸਲਮਾਨਾਂ ਨੂੰ ਹਿੰਦੂ ਧਰਮ ਵਿਚ ਲਿਆਉਣਾ ਸ਼ਾਮਿਲ ਸੀ। ਮੁਸਲਿਮ ਕਦੇ ਨਹੀਂ ਭੁੱਲ ਸਕਦੇ ਸਨ ਕਿ ਆਰੀਆ ਸਮਾਜ ਦੇ ਬਾਨੀ ਦਯਾਨੰਦ ਸਰਸਵਤੀ ਨੇ ਆਪਣੀ ਪੱਤ੍ਰਿਕਾ 'ਸਤਿਆਰਥ ਪ੍ਰਕਾਸ਼' ਵਿਚ ਹਜ਼ਰਤ ਮੁਹੰਮਦ ਬਾਰੇ ਗਲਤ ਗੱਲਾ ਲਿਖੀਆਂ ਸਨ।

1907 ਵਿਚ ਪੰਜਾਬ ਅੰਦਰ ਇਕ ਅੰਦੋਲਨ ਬਸਤੀ ਬਿੱਲ (Punjab Colonisation Bill) ਦੇ ਖਿਲਾਫ਼ ਸ਼ੁਰੂ ਹੋਇਆ। ਇਸ ਦੀ ਅਗਵਾਈ ਲਾਲਾ ਲਾਜਪੱਤ ਰਾਏ ਤੇ ਸ੍ਰ ਅਜੀਤ ਸਿੰਘ, ਇਕ ਆਰੀਆ ਸਮਾਜੀ ਸਿੱਖ, ਕਰ ਰਹੇ ਸਨ। ਇਕ ਵਕਤ ਤਾਂ ਉਹ ਸ਼ਹਿਰਾਂ ਵਿਚ ਤੇ ਨਵੀਆਂ ਨਹਿਰਾਂ ਉਪਰ ਉਸਰੀਆਂ ਬਸਤੀਆਂ ਵਿਚ ਵੀ ਚੰਗਾ ਸਥਾਨ ਬਣਾਉਣ ਵਿਚ ਕਾਮਯਾਬ ਹੋ ਗਏ ਪਰ ਉਹਨਾਂ ਨੂੰ ਮਿਲੀ ਕਾਲੇ ਪਾਣੀ ਦੀ ਸਜ਼ਾ ਤੋਂ ਬਾਅਦ ਪੰਜਾਬ, ਬੰਗਾਲ ਤੇ ਮਹਾਰਾਸ਼ਟਰ ਦੀ ਲਹਿਰ ਵੀ 'ਹਿੰਦੂ ਪੁਨਰ ਸੁਰਜੀਤੀ' ਦੀ ਲਹਿਰ ਬਣ ਗਈ ਜਿਸ ਕਾਰਨ ਮੁਸਲਮਾਨ ਇਸ ਤੋਂ ਦੂਰ ਹੋ ਗਏ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਪੰਜਾਬ ਦੇ ਸਾਰੇ ਆਤੰਕਵਾਦੀ ਸੰਗਠਨ ਆਰੀਆ ਸਮਾਜੀ ਸੰਸਥਾ ਨਾਲ ਜੁੜੇ ਹੋਏ ਸਨ।

ਬੰਗਾਲ ਤੇ ਪੰਜਾਬ ਦੇ ਅੰਦੋਲਨਾਂ ਨੇ ਕੁਝ ਕਾਮਯਾਬੀਆਂ ਹਾਸਲ ਕੀਤੀਆਂ। ਬੰਗਾਲ ਦੀ ਵੰਡ ਦਾ ਪ੍ਰਸਤਾਵ 1911 ਵਿਚ ਰੱਦ ਕਰ ਦਿੱਤਾ ਤੇ ਪੰਜਾਬ ਬਸਤੀ ਬਿੱਲ ਵੀ ਵਾਪਸ ਲੈ ਲਿਆ ਗਿਆ। ਲੇਕਿਨ ਇਸ ਜਿੱਤ ਦੀ ਵੱਡੀ ਕੀਮਤ ਇਹ ਚਕਾਉਣੀ ਪਈ ਕਿ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਤੋਂ ਮੁਸਲਿਮ ਆਬਾਦੀ ਬਾਹਰ ਹੋ ਗਈ। ਇੰਡੀਅਨ ਨੈਸ਼ਨਲ ਕਾਂਗਰਸ ਦੇ ਇਜਲਾਸਾਂ ਵਿਚ ਮੁਸਲਮਾਨਾਂ ਦੀ ਗਿਣਤੀ ਘਟਦੀ ਗਈ। ਮੁਸਲਮਾਨਾਂ ਅੰਦਰ ਵੱਖਰੀ ਜਥੇਬੰਦੀ ਦੀ ਭਾਵਨਾ ਵਧਦੀ ਰਹੀ ਤੇ ਇਸੇ ਦੇ ਚੱਲਦੇ 1906 ਵਿਚ ਮੁਸਲਿਮ ਲੀਗ ਦਾ ਗਠਨ ਹੋਇਆ।

ਇਥੇ ਆ ਕੇ ਕਾਂਗਰਸ ਦੇ ਨਰਮ ਤੇ ਕੌਮ ਪੱਖੀ ਤਬਕੇ ਨੇ ਕੱਟੜ ਹਿੰਦੂਵਾਦੀ ਲੋਕਾਂ ਦਾ ਅਸਰ ਖ਼ਤਮ ਕਰਨ ਬਾਰੇ ਗੰਭੀਰਤਾ ਨਾਲ ਸੋਚਿਆ। ਇਹ ਲੀਡਰ ਸਨ: ਸਰ ਫਿਰੋਜ਼ਸ਼ਾਹ ਮਹਿਤਾ, ਦਾਦਾ ਭਾਈ ਨਾਰੋਜੀ ਤੇ ਗੋਖਲੇ। ਇਹਨਾਂ ਨੇ ਲਾਲਾ ਲਾਜਪੱਤ ਰਾਏ, ਬਾਲ ਗੰਗਾ ਧਰ ਤਿਲਕ ਤੇ ਬਿਪਨ ਚੰਦਰਾ ਪਾਲ ਨੂੰ ਨੁੱਕਰੇ ਲਗਾਉਣ ਦੀ ਸੋਚੀ। ਉਹ ਇਹਨਾਂ ਨੂੰ 'ਲਾਲ, ਬਾਲ ਤੇ ਪਾਲ' ਦੀ ਤ੍ਰਿਕੜੀ ਕਹਿ ਕੇ ਸੱਦਦੇ ਸਨ। ਓਧਰ ਤਿਲਕ ਨਰਮ ਪੱਖੀਆਂ ਦਾ ਇਹ ਕਹਿ ਕੇ ਮਜ਼ਾਕ ਬਣਾਉਂਦਾ ਸੀ ਕਿ ਤਿੰਨ 'ਪੀ' ਪਰੇਅ, ਪਲੀਜ਼, ਪਟੀਸ਼ਨ (Three Ps, Prey, Please, Petition) ਕਾਫ਼ੀ ਨਹੀਂ ਹੋ ਸਕਦੇ।

ਓਧਰ ਮੁਸਲਮਾਨਾਂ ਵਿਚ ਵੀ ਆਪਣੀ ਕਿਸਮ ਦੇ ਕੱਟੜ ਤੇ ਗੈਰ ਕੱਟੜ ਲੋਕ ਸਨ। 'ਵਹਾਬੀ' ਗਰੁੱਪ ਭਾਰਤ ਨੂੰ ਮੁਗਲ ਰਾਜ ਵੇਲੇ 'ਦਾਰ ਉਲ ਇਸਲਾਮ' ਸਮਝਦਾ ਸੀ ਤੇ ਹੁਣ ਦੇ ਅੰਗਰੇਜ਼ੀ ਰਾਜ ਨੂੰ 'ਦਾਰ ਉਲ ਹਰਬ' ਦੱਸਦਾ ਸੀ (*ਇਸਲਾਮਕ ਸ਼ਬਦਾਵਲੀ ਵਿਚ ਦਾਰ ਉਲ ਇਸਲਾਮ ਉਹ ਮੁਲਕ ਹੈ ਜਿਥੇ ਮੁਸਲਮਾਨਾਂ ਦੀ ਹਕੂਮਤ ਹੋਵੇ ਤੇ ਦਾਰ ਉਲ ਹਰਬ ਉਹ ਮੁਲਕ ਹੈ ਜਿੱਥੇ ਮੁਸਲਮਾਨਾਂ ਦੀ ਹਕੂਮਤ ਨਹੀਂ ਤੇ ਉਹਨਾਂ ਨੂੰ ਮਜ਼ਹਬੀ ਹਕੂਕ ਨਹੀਂ ਮਿਲਦੇ ਅਨੁ:*)। ਇਹ ਵੀ ਹਰ ਵਿਦੇਸ਼ੀ ਚੀਜ਼ ਨੂੰ ਨਫ਼ਰਤ ਕਰਦੇ ਸਨ ਤੇ ਅੰਗਰੇਜ਼ਾਂ ਨੂੰ ਇਥੋਂ ਕੱਢਣਾ ਆਪਣਾ ਮੁਕੱਦਸ ਫਰਜ਼ ਸਮਝਦੇ ਸਨ। ਇਹਨਾਂ ਦੇ ਉਲਟ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਜਨਮ ਦਾਤਾ ਸਰ ਸਈਅਦ ਅਹਿਮਦ ਸੀ। ਉਹ ਈਸਟ ਇੰਡੀਆਂ ਕੰਪਨੀ ਦਾ ਮੁਲਾਜ਼ਮ ਸੀ ਤੇ ਉਸ ਨੇ ਗਦਰ ਤੋਂ ਬਾਅਦ 15000 ਮੁਸਲਮਾਨਾਂ ਦੀਆਂ ਅੰਗਰੇਜ਼ੀ ਰਾਜ ਨੂੰ ਵਫ਼ਾਦਾਰੀਆਂ ਪੇਸ਼ ਕੀਤੀਆਂ ਸਨ। ਉਹ ਅੰਗਰੇਜ਼ੀ ਰਾਜ ਨੂੰ ਚੰਗੀ ਬਰਕਤ ਸਮਝਦਾ ਸੀ। ਆਪਣੀ ਇਸ ਨੀਤੀ ਨਾਲ ਉਹ ਅੰਗਰੇਜ਼ਾਂ ਵੱਲੋਂ ਮੁਸਲਿਮ ਘੱਟ ਗਿਣਤੀ ਦੇ ਹੱਕਾਂ ਦੀ ਰੱਖਿਆ ਵੀ ਕਰਵਾਉਂਦਾ ਸੀ। ਉਸ ਦੇ ਅਖਬਾਰ 'ਤਹਿਜ਼ੀਬ ਔਰ ਅਖਲਾਕ' ਵਿਚ ਮੁਸਲਮਾਨਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਦੇ ਵਿਰੁਧ ਚੇਤਾਵਨੀ ਦਿੱਤੀ ਜਾਂਦੀ ਸੀ।

ਪਹਿਲੀ ਸੰਸਾਰ ਜੰਗ (1914-18 ਈਸਵੀ) ਭਾਰਤ ਦੇ ਆਜ਼ਾਦੀ ਦੇ ਅੰਦੋਲਨ ਵਾਸਤੇ ਖਾਸ ਮਹੱਤਵ ਰੱਖਦੀ ਹੈ। ਇਹ ਭਾਰਤੀਆਂ ਵੱਲੋਂ ਅੰਗਰੇਜ਼ਾਂ ਪ੍ਰਤੀ ਵਫਾਦਾਰੀ ਦੀ ਬਹੁਤ ਵੱਡੀ ਉਦਾਹਰਣ ਬਣੀ। ਇਸ ਲੜਾਈ ਵਿਚ 12 ਲੱਖ ਭਾਰਤੀ ਸਿਪਾਹੀ ਸ਼ਾਮਲ ਹੋਏ ਜਿਹਨਾਂ ਵਿਚੋਂ 20 ਹਜ਼ਾਰ ਨੇ ਆਪਣੀਆਂ ਜਾਨਾਂ ਦਿੱਤੀਆਂ ਤੇ 70 ਹਜ਼ਾਰ ਜ਼ਖਮੀ ਹੋਏ। ਭਾਰਤੀ ਰਾਜਿਆਂ ਮਹਾਰਾਜਿਆਂ ਤੇ ਸਨਅਤਕਾਰਾਂ ਨੇ ਆਪਣੇ ਖਜ਼ਾਨਿਆਂ ਦੇ ਮੂੰਹ ਲੜਾਈ ਦੇ ਫੰਡ ਵਾਸਤੇ ਖੋਲ੍ਹ ਦਿੱਤੇ। ਮਹਾਤਮਾ ਗਾਂਧੀ ਵਰਗੇ ਲੋਕਾਂ ਨੇ ਵੀ ਰੈਡ ਕਰਾਸ ਵਿਚ ਵਲੰਟੀਅਰ ਦੀ ਸੇਵਾ ਦਿੱਤੀ। ਹਿੰਦੂ ਤੇ ਮੁਸਲਿਮ ਲੀਡਰਾਂ ਨੇ ਆਪਣੇ ਫਰਕ ਭੁਲਾ ਕੇ ਦਸੰਬਰ 1916 ਦਾ ਲਖਨਊ ਵਿਚ ਸਮਝੌਤਾ ਕੀਤਾ। ਅੰਗਰੇਜ਼ਾਂ ਨੇ ਵੀ ਮਹਿਸੂਸ ਕੀਤਾ ਕਿ ਇਸ ਲੜਾਈ ਵਿਚ ਭਾਰਤੀਆਂ ਦੀ ਮਦਦ ਨਾਲ ਉਹਨਾਂ ਦੇ ਸਿਰ ਇਕ ਕਰਜ਼ਾ ਹੋ ਗਿਆ ਹੈ। ਅਗਸਤ 1917 ਵਿਚ ਜਦੋਂ ਲੜਾਈ ਦਾ ਪੱਲੜਾ ਅੰਗਰੇਜ਼ ਇਤਿਹਾਦੀਆਂ ਦੇ ਪੱਖ ਵਿਚ ਭਾਰੀ ਹੋ ਰਿਹਾ ਸੀ ਤਾਂ ਬ੍ਰਤਾਨੀਆ ਸਰਕਾਰ ਵਿਚ ਭਾਰਤ ਦੇ ਮਾਮਲਿਆਂ ਦੇ ਸੈਕਟਰੀ ਲਾਰਡ ਮੌਨਟੈਗੂ ਨੇ ਐਲਾਨ ਕੀਤਾ ਕਿ ਉਸ ਦੀ ਸਰਕਾਰ ਭਾਰਤ ਨੂੰ ਵੀ ਕੈਨੇਡਾ, ਸਾਊਥ ਅਫਰੀਕਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੀ ਤਰ੍ਹਾਂ ਦੀ ਪ੍ਰਭੁਸਤਾ (autonomy) ਦੇ ਸਕਦੀ ਹੈ। ਇਸ ਨਾਲ ਪ੍ਰਸ਼ਾਸਨ ਦੇ ਮਾਮਲੇ ਵਿਚ ਭਾਰਤੀਆਂ ਦੀ ਵੱਡੀ ਸ਼ਮੂਲੀਅਤ ਹੋ ਸਕਦੀ ਹੈ ਅਤੇ ਉਹ ਆਹਿਸਤਾ ਆਹਿਸਤਾ ਖੁਦ ਰਾਜ ਪ੍ਰਬੰਧ (self rule) ਦੇ ਜ਼ਿੰਮੇਵਾਰ ਹੋ ਜਾਣਗੇ। ਇਸ ਤਰ੍ਹਾਂ ਇਕ ਜ਼ਿੰਮੇਵਾਰ ਭਾਰਤ ਸਰਕਾਰ ਬ੍ਰਤਾਨਵੀ ਸਾਮਰਾਜ ਦਾ ਹਿੱਸਾ ਬਣੇਗੀ। ਭਾਰਤੀ ਲੋਕ ਪੂਰੇ ਵਿਸ਼ਵਾਸ ਨਾਲ ਇਸ ਤਰ੍ਹਾਂ ਦੀ ਆਜ਼ਾਦੀ ਦਾ ਇੰਤਜ਼ਾਰ ਕਰ ਰਹੇ ਸਨ।

ਲੇਕਿਨ ਲੜਾਈ ਦੇ ਖਾਤਮੇ ਨਾਲ ਭਾਰਤੀਆਂ ਦੇ ਹੱਥ ਵੱਡੀ ਨਿਰਾਸ਼ਾ ਆਈ। ਅੰਗਰੇਜ਼ਾਂ ਦਾ ਕੈਨੇਡਾ ਤੇ ਅਮਰੀਕਾ ਗਏ ਸਿੱਖ ਪਰਵਾਸੀਆਂ ਨਾਲ ਬਹੁਤ ਭੈੜਾ ਸਲੂਕ ਸਾਹਮਣੇ ਆਇਆ। ਖਾਸ ਜ਼ਿਕਰ ਕਾਮਾਗਾਟਾ ਮਾਰੂ ਜਹਾਜ਼ ਦਾ ਕੀਤਾ ਜਾਂਦਾ ਹੈ ਜੋ ਭਾਰਤੀਆਂ ਨੇ ਪਰਵਾਸ ਵਾਸਤੇ ਕਿਰਾਏ ਉਪਰ ਲਿਆ ਸੀ। ਇਹ ਕੈਨੇਡਾ ਤੋਂ ਵਾਪਸ ਕਰ ਦਿੱਤਾ ਗਿਆ ਤੇ ਇਸ ਦੇ 32 ਯਾਤਰੀਆਂ ਨੂੰ ਬਜ ਬਜ ਦੇ ਘਾਟ ਉਪਰ ਗੋਲੀਆਂ ਨਾਲ ਭੁੰਨ ਦਿੱਤਾ। ਇਹ ਕਾਰਾ 1914 ਵਿਚ ਕੀਤਾ ਤੇ ਗੁਪਤ ਰੱਖਿਆ ਜੋ ਸਿਰਫ ਲੜਾਈ ਦੇ ਖ਼ਤਮ ਹੋਣ ਨਾਲ ਹੀ ਸਾਹਮਣੇ ਆਇਆ। ਫਰੰਟ ਉਪਰ ਜਿਹਨਾਂ ਹਾਲਤਾਂ ਵਿਚ ਭਾਰਤੀ ਸਿਪਾਹੀ ਰਹਿੰਦੇ ਰਹੇ ਉਹ ਵੀ ਨਰਾਜ਼ਗੀਆਂ ਪੈਦਾ ਕਰਨ ਵਾਲੀ ਗੱਲ ਸੀ। ਤੁਰਕਾਂ ਦੀ ਹਾਰ ਤੋਂ ਬਾਅਦ ਉਹਨਾਂ ਨੂੰ ਜ਼ਲੀਲ ਕਰਦਾ ਸਮਝੌਤਾ ਥੋਪਣਾ ਵੀ ਭਾਰਤ ਦੇ ਮੁਸਲਮਾਨਾਂ ਨੂੰ ਚੰਗਾ ਨਹੀਂ ਲੱਗਾ। ਫਲੂ ਦਾ ਫੈਲਣਾ ਤੇ ਲਗਾਤਾਰ ਕਈ ਸਾਲ ਅਨਾਜ ਦੀ ਪੈਦਾਵਾਰ ਵਿਚ ਕਮੀ ਹੋਣਾ ਭਾਰਤੀਆਂ ਦੀਆਂ ਪਰੇਸ਼ਾਨੀ ਵਿਚ ਹੋਰ ਵਾਧਾ ਕਰ ਰਹੇ ਸਨ। ਅੰਗਰੇਜ਼ਾਂ ਵੱਲੋਂ ਲੜਾਈ ਵੇਲੇ ਕੀਤੇ ਵਾਅਦਿਆਂ ਤੋਂ ਮੁਕਰਨਾ ਤੇ ਅੰਦੋਲਨ ਕੁਚਲਣ ਵਾਸਤੇ ਹੋਰ ਸਖਤ ਕਾਨੂੰਨ ਬਣਾਉਣ ਨਾਲ ਭਾਰਤੀਆਂ ਦਾ ਗੁੱਸਾ ਉਬਾਲੇ ਖਾਣ ਲੱਗਾ ਸੀ।

ਗਾਂਧੀ ਜਿਹੜਾ ਪਹਿਲਾਂ ਹੀ ਦੱਖਣੀ ਅਫਰੀਕਾ ਵਿਚ ਆਪਣੀ ਵਿਰੋਧ ਕਰਨ ਦੀ ਨੀਤੀ ਕਰਕੇ ਮਸ਼ਹੂਰ ਹੋ ਗਿਆ ਸੀ ਭਾਰਤੀ ਸਮੁੰਦਰੀ ਤੱਟਾਂ ਵੱਲ ਵਧ ਰਿਹਾ ਸੀ।

ਚੈਪਟਰ 15

ਸੁਤੰਤਰਤਾ ਅੰਦੋਲਨ - 2
(Freedom Movement -2)

ਗਾਂਧੀ ਯੁੱਗ (The Gandhian Decades)

ਦੋ ਸੰਸਾਰ ਜੰਗਾਂ ਦੇ ਖਾਤਮੇ ਦੇ ਵਿਚਕਾਰਲੇ 27 ਸਾਲਾਂ ਨੂੰ ਗਾਂਧੀ ਦੇ ਤਿੰਨ ਦਹਾਕੇ ਕਿਹਾ ਜਾ ਸਕਦਾ ਹੈ ਤੇ ਇਹ ਗੱਲ ਅਤਿਕਥਨੀ ਨਹੀਂ ਹੋਵੇਗੀ। ਉਹ ਆਜ਼ਾਦੀ ਦੇ ਅੰਦੋਲਨ ਦਾ ਫਿਲਾਸਫਰ ਸੀ, ਇਸ ਦੀ ਪੁਰ ਅਮਨ ਫੌਜ ਦਾ ਮਾਰਸ਼ਲ ਅਤੇ ਆਜ਼ਾਦੀ ਦਾ ਅੰਦੋਲਨ ਕਰਨ ਵਾਲੇ ਭਾਰਤੀਆਂ ਦਾ ਇਕ ਮਾਤਰ ਬੁਲਾਰਾ ਸੀ। ਉਹ ਅੰਗਰੇਜ਼ ਪੱਤਰਕਾਰ ਤੇ ਵਾਇਸਰਾਏ ਨਾਲ ਭਾਰਤੀਆਂ ਵੱਲੋਂ ਬਹਿਸ ਕਰਨ ਦਾ ਵਿਧੀਵੱਤ ਹੱਕਦਾਰ ਸੀ। ਉਹ ਭਾਰਤੀਆਂ ਦੀ ਆਵਾਜ਼ ਬਣ ਗਿਆ ਸੀ। ਭਾਰਤ ਨੂੰ ਗਾਂਧੀ ਦੀ ਧਰਤੀ ਕਿਹਾ ਗਿਆ ਅਤੇ ਉਹ ਭਾਰਤੀਆਂ ਦਾ ਗੁਰੂ, ਮਹਾਤਮਾ ਤੇ ਬਾਪੂ ਬਣ ਗਿਆ। ਉਸ ਦੀਆਂ ਇਹ ਸਾਰੀਆਂ ਪਦਵੀਆਂ ਇਕੋ ਵਿਚ ਸਮੋਈਆਂ ਸਨ।

ਗਾਂਧੀ ਦਾ ਜਨਮ 2 ਅਕਤੂਬਰ, 1869 ਨੂੰ ਇਕ ਦੇਸੀ ਰਿਆਸਤ ਪੋਰਬੰਦਰ ਵਿਚ ਹੋਇਆ ਜੋ ਪੱਛਮੀ ਭਾਰਤ ਵਿਚ ਪੈਂਦਾ ਹੈ। ਉਸ ਦਾ ਪਿਤਾ ਰਿਆਸਤ ਦੇ ਰਾਜ ਘਰਾਣੇ ਦਾ ਇਕ ਕਰਮਚਾਰੀ ਸੀ। ਭਾਵੇਂ ਕਿ ਗਾਂਧੀ ਬਣੀਆ ਜਾਤ ਦੇ ਕੱਟੜ ਹਿੰਦੂ ਹੁੰਦੇ ਹਨ ਪਰ ਇਹ ਪਾਰਸੀਆਂ ਤੇ ਮੁਸਲਮਾਨਾਂ ਨਾਲ ਦੋਸਤੀ ਰੱਖਦੇ ਹਨ। ਉਹ ਆਪਣੇ ਆਪ ਬਹੁਤ ਸ਼ੁੱਧ ਕਿਸਮ ਦੇ ਬੰਦੇ ਸਮਝਦੇ ਹਨ, ਸ਼ਰਾਬ, ਤੰਮਾਕੂ ਤੇ ਮੀਟ ਦਾ ਨਾ ਸਿਰਫ਼ ਸੇਵਨ ਹੀ ਨਹੀਂ ਕਰਦੇ ਬਲਕਿ ਇਹਨਾਂ ਦੇ ਪਰਹੇਜ਼ ਨੂੰ ਸਦਾਚਾਰੀ ਗੁਣ ਸਮਝਦੇ ਹਨ।

ਗਾਂਧੀ ਨੇ ਸਕੂਲ ਦੀ ਪੜ੍ਹਾਈ ਆਪਣੇ ਹੀ ਨਗਰ ਵਿਚ ਕੀਤੀ। ਜਦੋਂ ਉਹ 13 ਸਾਲ ਦੀ ਉਮਰ ਦਾ ਸੀ ਤਾਂ ਉਸ ਦੀ ਸ਼ਾਦੀ ਹੋ ਗਈ ਸੀ ਤੇ 18 ਸਾਲ ਦੀ ਉਮਰ ਵਿਚ ਪਿਤਾ ਬਣ ਗਿਆ ਸੀ। ਸਕੂਲ ਦੀ ਪੜ੍ਹਾਈ ਖ਼ਤਮ ਹੋਣ ਤੋਂ ਬਾਅਦ ਉਸ ਨੂੰ ਵਕਾਲਤ ਦੀ ਵੱਡੀ ਡਿਗਰੀ (ਬਾਰ ਐਟ ਲਾ) ਕਰਨ ਵਾਸਤੇ ਇੰਗਲੈਂਡ ਦੇ ਸਮੁੰਦਰੀ ਜਹਾਜ਼ ਵਿਚ ਬੈਠਾ ਦਿੱਤਾ ਗਿਆ ਜਿੱਥੇ ਉਹ 1888 ਤੋਂ 1891 ਤੱਕ ਰਿਹਾ। ਕੁਝ ਵਕਤ ਤਾਂ ਉਸ ਨੇ ਆਪਣੇ ਆਪ ਨੂੰ ਅੰਗਰੇਜ਼ ਬਣਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਭਾਸ਼ਣ ਕਲਾ ਤੇ ਬਾਲਰੂਮ ਡਾਂਸਿੰਗ ਦੇ ਸਬਕ ਸਿੱਖੇ। ਉਸ ਨੇ ਜਲਦੀ ਹੀ ਇਹ ਛੱਡ ਦਿੱਤੇ ਜਿਵੇਂ ਕਿ ਇਹ ਆਮ ਹੀ ਉਹਨਾਂ ਨਾਲ ਹੁੰਦਾ ਹੈ ਜੋ ਭਾਰਤ ਛੱਡ ਕੇ ਨਵੇਂ ਨਵੇਂ ਇੰਗਲੈਂਡ ਜਾਂਦੇ ਹਨ। ਉਹ ਹੁਣ ਭਾਰਤੀ ਵਿਰਸੇ, ਇਸ ਦੀ ਸਭਿਅਤਾ ਤੇ ਇਤਿਹਾਸ ਬਾਰੇ ਜ਼ਿਆਦਾ ਚੌਕਸ ਰਹਿਣ ਲੱਗਾ। ਉਸ ਨੇ ਗੀਤਾ ਤੇ ਬੁੱਧ ਦੀਆਂ ਫਿਲਾਸਫੀਆਂ ਅੰਗਰੇਜ਼ੀ ਅਨੁਵਾਦ ਵਿਚ ਪੜ੍ਹੀਆਂ। ਇਕ ਧਾਰਮਿਕ ਰੁਚੀ ਦਾ ਬੰਦਾ ਹੋਣ ਕਰਕੇ ਉਸ

ਨੇ ਬਾਈਬਲ ਵੀ ਪੜ੍ਹੀ ਤੇ ਇਸ ਤੋਂ ਪ੍ਰਭਾਵਤ ਹੋਇਆ। ਬੈਰਿਸਟਰ ਦਾ ਡਿਪਲੋਮਾ ਕਰਨ ਤੋਂ ਬਾਅਦ ਉਹ ਕੁਝ ਹੱਦਾਂ ਤੱਕ ਪੱਛਮੀ ਰੰਗਤ ਵਿਚ ਆ ਗਿਆ ਤੇ ਵਾਪਸ ਘਰ ਆ ਕੇ ਆਪਣੇ ਹੀ ਸ਼ਹਿਰ ਵਕਾਲਤ ਸ਼ੁਰੂ ਕਰ ਦਿੱਤੀ। ਉਸ ਦੀ ਵਕਾਲਤ ਦੀ ਡਿਗਰੀ ਕਾਗਜ਼ੀ ਹੀ ਰਹਿ ਗਈ। ਜਦੋਂ ਉਹ ਪਹਿਲੀ ਵਾਰ ਅਦਾਲਤ ਵਿਚ ਪੇਸ਼ ਹੋਇਆ ਤਾਂ ਮੂੰਹ ਹੀ ਨਹੀਂ ਖੋਲ੍ਹ ਸਕਿਆ ਤੇ ਆਪਣੇ ਮੁਵੱਕਲ ਦੀ ਫੀਸ ਵਾਪਸ ਕਰ ਦਿੱਤੀ।

ਕੁਝ ਦੇਰ ਬਾਅਦ ਇਕ ਮੁਸਲਿਮ ਫਰਮ ਨੇ ਦੱਖਣੀ ਅਫਰੀਕਾ ਵਿਚ ਦੇਰ ਤੋਂ ਲਟਕਦੇ ਉਹਨਾਂ ਦੇ ਕੁਝ ਕੇਸਾਂ ਵਾਸਤੇ ਇਸ ਨੂੰ ਉਥੇ ਜਾਣ ਵਾਸਤੇ ਕਿਹਾ। ਇਹ ਮੰਨ ਗਿਆ ਤੇ 'ਬੈਰਿਸਟਰ' ਬਣ ਗਿਆ। ਇਹ ਦੱਖਣੀ ਅਫਰੀਕਾ ਹੀ ਸੀ ਜਿੱਥੇ ਗਾਂਧੀ ਨੇ ਕਾਨੂੰਨ ਦੀ ਪ੍ਰੈਕਟਿਸ ਤੋਂ ਵੱਧ ਗੋਰਿਆਂ ਦੀ ਕਾਲੇ ਪਰਵਾਸੀਆਂ ਪ੍ਰਤੀ ਨਸਲਪ੍ਰਤੀ ਦੀ ਨੀਤੀ ਦੇ ਖਿਲਾਫ ਵਿਰੋਧ ਵਿਚ ਦਿਲਚਸਪੀ ਵਿਖਾਈ। ਗਾਂਧੀ ਨੇ ਇਕ ਘਟਨਾ ਬਾਰੇ ਲਿਖਿਆ ਜੋ ਉਸ ਦੀ ਜ਼ਿੰਦਗੀ ਦਾ ਇਕ ਮੋੜ ਬਣ ਗਈ। ਉਸ ਕੋਲ ਫਸਟ ਕਲਾਸ ਦੀ ਰੇਲ ਦੀ ਟਿਕਟ ਸੀ ਤੇ ਸਫ਼ਰ ਕਰ ਰਿਹਾ ਸੀ ਜਦੋਂ ਇਕ ਗੋਰੇ ਨੇ ਇਸ ਵਾਲੇ ਡੱਬੇ ਵਿਚ ਬੈਠਣ ਤੋਂ ਇਨਕਾਰ ਕੀਤਾ। ਗਾਂਧੀ ਲਿਖਦਾ ਹੈ, ਮੈਨੂੰ ਪੁਲਿਸ ਦੇ ਇਕ ਸਿਪਾਹੀ ਨੇ 'ਮਾਰਿਤਜ਼ਬਰਗ' ਸਟੇਸ਼ਨ 'ਤੇ ਗੱਡੀ ਵਿਚੋਂ ਬਾਹਰ ਸੁੱਟ ਦਿੱਤਾ ਤੇ ਗੱਡੀ ਚੱਲ ਜਾਣ ਕਰਕੇ ਮੈਂ ਉਥੋਂ ਦੇ ਹਾਲ ਵਿਚ ਸਰਦੀ ਨਾਲ ਕੰਬਦਾ ਰਿਹਾ। ਮੈਨੂੰ ਨਹੀਂ ਸੀ ਪਤਾ ਕਿ ਮੇਰਾ ਸਮਾਨ ਕਿੱਥੇ ਹੈ ਤੇ ਨਾ ਹੀ ਮੈਂ ਕਿਸੇ ਨੂੰ ਪੁੱਛ ਸਕਦਾ ਸਾਂ। ਪੁੱਛਣ ਦਾ ਮਤਲਬ ਦੁਬਾਰਾ ਬੇਇਜ਼ਤੀ ਕਰਵਾਉਣਾ ਸੀ। ਨੀਂਦ ਆ ਸਕਣ ਦਾ ਤਾਂ ਸਵਾਲ ਹੀ ਨਹੀਂ ਸੀ। ਅੱਧੀ ਕੁ ਰਾਤ ਮੈਂ ਫੈਸਲਾ ਕੀਤਾ ਕਿ ਭਾਰਤ ਵਾਪਸ ਮੁੜਨਾ ਬੁਜ਼ਦਿਲੀ ਹੋਵੇਗੀ। ਮੈਨੂੰ ਸੰਘਰਸ਼ ਕਰਨਾ ਹੋਵੇਗਾ"।

ਗਾਂਧੀ ਨੇ ਵਕਾਲਤ ਛੱਡ ਦਿੱਤੀ। ਹੁਣ ਉਹ ਅਦਾਲਤ ਵਿਚ ਇਕ ਵਕੀਲ ਦੇ ਤੌਰ 'ਤੇ ਨਹੀਂ ਇਕ ਦੋਸ਼ੀ ਮੁਜਰਿਮ ਦੇ ਤੌਰ 'ਤੇ ਪੇਸ਼ ਹੋਇਆ। ਉਸ ਨੇ ਕੁੱਲ 20 ਸਾਲ, 1893 ਤੋਂ 1914 ਤੱਕ, ਦੱਖਣੀ ਅਫ਼ਰੀਕਾ ਵਿਚ ਬਿਤਾਏ ਤੇ ਚਾਰ ਵਾਰ ਜੇਲ ਗਿਆ। ਬਹੁਤ ਵਾਰ ਉਸ ਨਾਲ ਪੁਲਿਸ ਨੇ ਧੱਕਾ ਮੁੱਕਾ ਕੀਤਾ ਜਿਹਨਾਂ ਵਿਚ ਉਸ ਦੇ ਆਪਣੇ ਮੁਲਕ ਦੇ ਬੰਦੇ ਵੀ ਸਨ। ਦੱਖਣੀ ਅਫਰੀਕਾ ਦੇ ਤਜਰਬੇ ਨੇ ਗਾਂਧੀ ਨੂੰ ਅਮਨ ਪਸੰਦੀ (pacifism) ਵੱਲ ਮੋੜ ਦਿੱਤਾ। ਇਸ ਬਾਰੇ ਉਸ ਨੇ ਬਹੁਤ ਸਾਰਾ ਸਾਹਿਤ ਪੜ੍ਹਿਆ, ਗੀਤਾ ਨੂੰ ਆਪਣੀ ਰੋਜ਼ਾਨਾ ਦੀ ਪ੍ਰਾਰਥਨਾ ਬਣਾਇਆ ਤੇ ਅਹਿੰਸਾ ਨੂੰ ਆਪਣਾ ਆਦਰਸ਼ ਮੰਨਿਆ। ਸੱਤਿਆਗ੍ਰਹਿ ਤੇ ਨਾ-ਮਿਲਵਰਤਨ ਨੂੰ ਆਪਣੇ ਸੰਘਰਸ਼ ਦੇ ਸਾਧਨ (weapon) ਬਣਾਇਆ।

ਇਹ ਸਭ ਕੁਝ ਗਾਂਧੀ ਦੀ ਸਵੈ-ਜੀਵਨੀ 'ਸੱਚਾਈ ਬਾਰੇ ਮੇਰਾ ਅਨੁਭਵ' (My experiments with truth) ਵਿਚ ਦਰਜ ਹੈ। ਇਹ ਮਹਾਨ ਸਾਹਿਤ ਨਹੀਂ ਜਿਸ ਤਰ੍ਹਾਂ ਕਿ ਕਈ ਗਾਂਧੀ ਭਗਤ ਦਾਅਵਾ ਕਰਦੇ ਹਨ। ਹਾਂ ਇਹ ਇਕ ਸੱਚੇ, ਇਮਾਨਦਾਰ ਦੇ ਵੱਡੇ ਹੌਸਲੇ ਵਾਲੇ ਦਲੇਰ ਬੰਦੇ ਦਾ ਇਕਬਾਲੀਆ ਬਿਆਨ ਹੈ। ਇਸ ਵਿਚ ਉਸ ਨੇ ਉਹ ਸਭ ਕੁਝ ਲਿਖਿਆ ਕਿ ਕਿਵੇਂ ਉਹ ਸਿਗਰਟਾਂ ਦੇ ਟੋਟੇ ਚੁੱਕ ਕੇ ਪੀਂਦਾ ਰਿਹਾ, ਕਿਵੇਂ

ਚੋਰੀ ਮੀਟ ਖਾਂਦਾ ਰਿਹਾ ਤੇ ਆਪਣੇ ਬੀਮਾਰ ਬਾਪ ਦੀ ਸੇਵਾ ਤੋਂ ਵਕਤ ਚੁਰਾ ਕੇ ਘਰ ਵਾਲੀ ਨਾਲ ਪਿਆ ਰਹਿੰਦਾ ਸੀ ਤੇ ਇਹ ਅਹਿਸਾਸੇ ਗੁਨਾਹ ਵੀ ਜ਼ਾਹਿਰ ਕੀਤਾ ਕਿ ਉਦੋਂ ਵੀ ਘਰ ਵਾਲੀ ਨਾਲੋਂ ਨਹੀਂ ਉਠਿਆ ਜਦੋਂ ਉਸ ਦਾ ਪਿਤਾ ਮਰ ਰਿਹਾ ਸੀ। ਇਸ ਕਿਤਾਬ ਨੂੰ ਪੜ੍ਹਨ ਵਾਲੇ ਕਈ ਮਾਯੂਸ ਵੀ ਸਨ ਤੇ ਕਈਆਂ ਨੇ ਮਜ਼ਾਕ ਵੀ ਉਡਾਇਆ ਪਰ ਅਖੀਰ ਬਹੁਤੇ ਪਾਠਕਾਂ ਦਾ ਇਹੀ ਨਿਰਣਾ ਸੀ ਕਿ ਇਹ ਇਕ ਵਿਲੱਖਣੀ ਸੱਚੇ ਬੰਦੇ ਦੀ ਲਿਖਤ ਹੈ।

1913 ਦੇ ਅੰਤ ਤੱਕ ਗਾਂਧੀ ਨੇ ਦੱਖਣੀ ਅਫਰੀਕਾ ਦੇ ਆਪਣੇ ਬਹੁਤੇ ਸੰਘਰਸ਼ ਜਿੱਤ ਲਏ ਸਨ। ਉਸ ਦੀ ਚੰਗੀ ਕਿਸਮਤ ਨੂੰ ਉਸ ਦਾ ਵਿਰੋਧੀ ਜਨਰਲ ਸਮਿੱਥ ਇਕ ਇਸਾਈ ਤੇ ਭਲਾਮਾਣਸ ਬੰਦਾ ਸੀ। ਉਸ ਨੇ ਗਾਂਧੀ ਨੂੰ ਕਈ ਵਾਰ ਜੇਲ ਭੇਜਿਆ ਪਰ ਗਾਂਧੀ ਨੇ ਉਸ ਨੂੰ ਜੇਲ ਵਿਚ ਸੀਤੀ ਚੱਪਲਾਂ ਦੀ ਜੋੜੀ ਭੇਂਟ ਕੀਤੀ ਜੋ ਉਸ ਨੇ ਸ਼ਰਧਾ ਨਾਲ ਕਬੂਲ ਕਰ ਲਈ। ਉਸ ਨੇ ਬਾਅਦ ਵਿਚ ਲਿਖਿਆ ਕਿ ਉਸ ਨੇ ਚੱਪਲ ਕਈ ਵਾਰ ਪਹਿਨੀ ਹਾਲਾਂਕਿ ਉਹ ਨਹੀਂ ਸਮਝਦਾ ਸੀ ਕਿ ਇਕ ਮਹਾਨ ਆਦਮੀ ਦੇ ਜੁੱਤੇ ਵਿਚ ਉਹ ਫਿੱਟ ਹੋ ਸਕਦਾ ਹੈ (I am not worthy to stand in shoes of so great a man)।

ਕੁਝ ਦੇਰ ਇੰਗਲੈਂਡ ਰੁਕਣ ਤੋਂ ਬਾਅਦ ਗਾਂਧੀ 1915 ਦੇ ਸ਼ੁਰੂ ਵਿਚ ਭਾਰਤ ਆ ਗਿਆ। ਪਹਿਲਾਂ ਉਸ ਨੇ ਗੋਖਲੇ ਦੀ ਇਹ ਸਲਾਹ ਮੰਨ ਲਈ ਸੀ ਕਿ ਉਹ ਕੁਝ ਦੇਰ ਵਾਸਤੇ ਰਾਜਨੀਤੀ ਤੋਂ ਦੂਰ ਰਹੇ ਤੇ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰੇ ਲੇਕਿਨ ਉਸ ਦੇ ਦੇਸ਼ ਵਾਸੀਆਂ ਨੇ ਆਉਂਦੇ ਹੀ ਉਸ ਨੂੰ ਆਪਣਾ ਨਵਾ ਮਸੀਹਾ ਸਮਝ ਲਿਆ ਸੀ ਤੇ 'ਫਕੀਰ ਦੇ ਰੂਪ ਵਿਚ ਇਕ ਮਹਾਤਮਾ' ਜਿਵੇਂ ਰਬਿੰਦਰ ਨਾਥ ਟੈਗੋਰ ਨੇ ਉਸ ਬਾਰੇ ਕਿਹਾ ਸੀ।

ਗਾਂਧੀ ਨੇ ਅਹਿਮਦਾਬਾਦ ਤੋਂ ਥੋੜਾ ਉਪਰ ਸਾਬਰਮਤੀ ਦੇ ਕਿਨਾਰੇ ਇਕ ਆਸ਼ਰਮ ਬਣਾ ਲਿਆ ਤੇ ਉਸ ਦਾ ਨਾਮ ਵੀ ਸਤਿਆਗ੍ਰਹਿ ਆਸ਼ਰਮ ਰੱਖਿਆ। ਇਸ ਦੇ 25 ਵਸਨੀਕਾਂ ਨੇ ਗਾਂਧੀ ਦੇ ਵਿਚਾਰਾਂ ਦੀ ਸੌਗੰਧ ਲਈ ਤੇ ਨਾਲ ਅਹਿੰਸਾ ਅਤੇ ਜਿਸਮਾਨੀ ਮਿਹਨਤ ਦੀ ਸੌਗੰਧ ਵੀ ਦਵਾਈ ਕਿ ਉਹ ਆਪਣੇ ਕੱਪੜੇ ਆਪ ਹੀ ਉਣਨਗੇ ਤੇ ਧੋਣਗੇ ਤੇ ਖਾਣਾ ਵੀ ਆਪ ਹੀ ਬਣਾਉਣਗੇ।

ਗਾਂਧੀ ਨੇ ਸਾਰਾ ਪੱਛਮੀ ਬਾਣਾ ਉਤਾਰ ਦਿੱਤਾ। ਉਸ ਨੇ ਭਾਰਤ ਦੇ ਕਿਸਾਨਾਂ ਦੀ ਤਰ੍ਹਾਂ ਹੀ ਲੰਗੋਟੀ ਤੇ ਚੱਪਲ ਪਹਿਨ ਲਈ। ਬਨਾਰਸ ਹਿੰਦੂ ਯੂਨੀਵਰਸਿਟੀ ਦੇ ਉਦਘਾਟਨੀ ਸਮਾਰੋਹ ਵਿਚ ਗਾਂਧੀ ਸ਼ਾਮਿਲ ਹੋਇਆ ਪਰ ਜਦੋਂ ਵਿਦੇਸ਼ੀ ਭਾਸ਼ਾ ਵਿਚ ਬੋਲਣ ਵਾਸਤੇ ਕਿਹਾ ਤਾਂ ਵਿਰੋਧ ਕੀਤਾ।

ਇਕ ਸਾਲ ਬਾਅਦ ਹੀ ਉਸ ਨੂੰ ਬਿਹਾਰ ਅੰਦਰ ਸਤਿਆਗ੍ਰਹਿ ਦੀ ਵਰਤੋਂ ਕਰਨ ਦਾ ਮੌਕਾ ਮਿਲ ਗਿਆ। ਉਸ ਨੇ ਜਾਣ ਬੁੱਝ ਕੇ ਚੰਪਾਰਾਨ ਜ਼ਿਲ੍ਹੇ ਤੋਂ ਬਾਹਰ ਰਹਿਣ ਦੇ ਹੁਕਮ ਨੂੰ ਮੰਨਣ ਤੋਂ ਇਨਕਾਰ ਕੀਤਾ ਜਿੱਥੇ ਕਿਸਾਨ ਗੋਰੇ ਫਾਰਮ ਮਾਲਕਾਂ ਦਾ ਵਿਰੋਧ ਕਰ ਰਹੇ ਸਨ। ਆਖਰ ਮਨਾਹੀ ਦੇ ਹੁਕਮ ਵਾਪਸ ਲੈਣੇ ਪਏ। ਗਾਂਧੀ ਨੇ ਅਹਿਮਦਾਬਾਦ

ਦੇ ਕੱਪੜੇ ਦੀਆਂ ਮਿਲਾਂ ਦੇ ਮਜ਼ਦੂਰਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਤੇ ਉਹਨਾਂ ਦੇ ਹੱਕ ਦਾ ਸਮਝੌਤਾ ਵੀ ਕਰਵਾਇਆ ਭਾਵੇਂ ਇਸ ਵਾਸਤੇ ਗਾਂਧੀ ਨੂੰ ਭੁੱਖ ਹੜਤਾਲ ਰੱਖਣੀ ਪਈ ਸੀ। ਉਸ ਨੇ ਤੀਸਰੇ ਸਤਿਆਗ੍ਰਹਿ ਦੇ ਰਾਹੀਂ ਗੁਜਰਾਤ ਦੇ ਖੇਡਾ ਜਿਲੇ ਦੇ ਕਿਸਾਨਾਂ ਦਾ ਟੈਕਸ ਮੁਆਫ਼ ਕਰਵਾਇਆ ਜਿਹਨਾਂ ਦਾ ਕੁਦਰਤੀ ਆਫ਼ਤਾਂ ਵਿਚ ਵੱਡਾ ਨੁਕਸਾਨ ਹੋ ਚੁਕਿਆ ਸੀ।

ਪਹਿਲੀ ਸੰਸਾਰ ਜੰਗ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਲੋਕਾਂ ਦੇ ਜ਼ਖਮਾਂ ਤੇ ਮਲਹਮ ਲਗਾਉਣ ਤੇ ਉਹਨਾਂ ਦੇ ਦੁੱਖਾਂ ਦਾ ਕੋਈ ਹੱਲ ਕਰਵਾਉਣ ਦੀ ਬਜਾਏ ਉਹਨਾਂ ਨੂੰ ਦਬਾਉਣ ਦੇ ਸਖ਼ਤ ਕਦਮ ਚੁੱਕੇ। ਅਖਬਾਰਾਂ ਉਪਰ ਸੈਂਸਰ ਲਗਾ ਦਿੱਤੇ ਤੇ ਰੋਲਟ ਬਿੱਲ ਦੀ ਤਿਆਰੀ ਕੀਤੀ ਜਾ ਰਹੀ ਸੀ ਜਿਸ ਦੇ ਜ਼ਰੀਏ ਸਰਕਾਰ ਕਿਸੇ ਵੀ ਬੰਦੇ ਨੂੰ ਬਿਨਾਂ ਵਰੰਟ ਗ੍ਰਿਫਤਾਰ ਕਰ ਸਕਦੀ ਸੀ।

ਗਾਂਧੀ ਨੇ ਰੌਲਟ ਐਕਟ ਦੇ ਖਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ ਤੇ ਆਮ ਹੜਤਾਲ ਦਾ ਸੱਦਾ ਦਿੱਤਾ। ਗਾਂਧੀ ਨੇ ਹੜਤਾਲ ਨੂੰ ਮੁਕੰਮਲ ਤੌਰ ਤੇ ਪੁਰ ਅਮਨ ਰੱਖਣ ਦਾ ਫੈਸਲਾ ਕੀਤਾ ਸੀ ਪਰ ਉਹ ਇਸ਼ ਤਰ੍ਹਾਂ ਰਹਿ ਨਹੀਂ ਸਕੀ। ਅਹਿਮਦਾਬਾਦ ਵਿਚ ਇਕ ਪੁਲਸ ਦਾ ਸਿਪਾਹੀ ਮਾਰਿਆ ਗਿਆ ਸੀ। ਗਾਂਧੀ ਨੇ ਕਿਹਾ ਕਿ ਇਸ ਨਾਲੋਂ ਤਾਂ ਮੇਰੇ ਹੀ ਸਰੀਰ ਵਿਚ ਤੀਰ ਵੱਜ ਜਾਂਦਾ ਤਾਂ ਘੱਟ ਦਰਦ ਹੋਣਾ ਸੀ। ਉਸ ਨੇ ਹੜਤਾਲ ਵਾਪਸ ਲੈ ਲਈ ਤੇ ਆਪਣੇ ਆਪ ਨੂੰ ਸਜ਼ਾ ਦੇਣ ਵਾਸਤੇ ਤਿੰਨ ਦਿਨ ਦਾ ਵਰਤ ਰੱਖਿਆ। ਜਦੋਂ ਗਾਂਧੀ ਆਪਣੇ ਆਪ ਨੂੰ ਕੋਸ ਰਿਹਾ ਸੀ ਕਿ ਉਸ ਦੇ ਸਮਰਥਕਾਂ ਨੇ ਕੀ ਕੀਤਾ ਸਰਕਾਰ ਇਸ ਤੋਂ ਉਲਟੇ ਪਾਸੇ ਸੋਚ ਰਹੀ ਸੀ। ਅੰਮ੍ਰਿਤਸਰ ਦੇ ਜੱਲਿਆਂ ਵਾਲਾ ਬਾਗ ਵਿਚ ਲੋਕ 13 ਅਪ੍ਰੈਲ 1919 ਨੂੰ ਵੈਸਾਖੀ ਵਾਲੇ ਦਿਨ ਮੀਟਿੰਗ ਕਰ ਰਹੇ ਸਨ। ਉਹਨਾਂ ਨੂੰ ਕਿਸੇ ਕਿਸਮ ਦੇ ਮਨਾਹੀ ਹੁਕਮਾਂ ਦੀ ਜਾਣਕਾਰੀ ਨਹੀਂ ਸੀ। ਉਹਨਾਂ ਨੂੰ ਮਸ਼ੀਨ ਗੰਨ ਨਾਲ ਭੁੰਨਿਆ ਗਿਆ, 400 ਲੋਕ ਮਾਰੇ ਗਏ ਤੇ ਕਰੀਬ 2000 ਜ਼ਖਮੀ ਹੋਏ। ਸਾਰੇ ਸੂਬੇ ਵਿਚ ਮਾਰਸ਼ਲ ਲਾ ਲਗਾ ਦਿੱਤਾ ਗਿਆ ਤੇ ਅੰਮ੍ਰਿਤਸਰ ਦੀ ਇਕ ਗਲੀ ਜਿਥੇ ਇਕ ਗੋਰੇ ਦਾ ਕਤਲ ਹੋਇਆ ਸੀ ਲੋਕਾਂ ਨੂੰ ਢਿੱਡ ਪਰਨੇ ਘਸੀਟਿਆ ਗਿਆ।

ਅੰਮ੍ਰਿਤਸਰ ਦੇ ਜੱਲਿਆਂ ਵਾਲਾ ਬਾਗ ਦੇ ਸਾਕੇ ਨੇ ਅੰਗਰੇਜ਼ਾਂ ਖਿਲਾਫ਼ ਲੋਕਾਂ ਵਿਚ ਵੱਡਾ ਗੁੱਸਾ ਜਗਾ ਦਿੱਤਾ। ਭਾਰਤ ਅੰਗਰੇਜ਼ਾਂ ਦੇ ਵਿਰੁੱਧ ਹੋ ਗਿਆ। ਲੋਕ ਗਾਂਧੀ ਵੱਲ ਆ ਗਏ ਤੇ ਕੁਝ ਹਿੰਸਾ ਵੱਲ ਵੀ ਚੱਲ ਪਏ।

ਗਾਂਧੀ ਇਸ ਦੇ ਤਰ੍ਹਾਂ ਦੇ ਕੋਈ ਵੀ ਤੋੜ ਫੋੜ ਦੇ ਹਾਲਾਤ ਵਰਤਣ ਵਾਸਤੇ ਕਾਹਲਾ ਨਹੀਂ ਸੀ। ਗਾਂਧੀ ਨੇ ਮਹਿਸੂਸ ਕੀਤਾ ਕਿ ਕਾਂਗਰਸ ਦੇ ਆਜ਼ਾਦੀ ਦੇ ਅੰਦੋਲਨ ਵਾਸਤੇ ਮੁਸਲਮਾਨਾਂ ਵਿਚ ਉਤਸ਼ਾਹ ਨਹੀਂ। ਉਹ ਇਸ ਦਾ ਕਾਰਣ ਵੀ ਕਾਂਗਰਸ ਦਾ ਹਿੰਦੂ ਪੱਖ ਭਾਰੂ ਰਹਿਣਾ ਸਮਝਦਾ ਸੀ। ਉਸ ਨੇ ਵੇਖਿਆ ਕਿ ਉਹ ਤੁਰਕੀ ਰਾਜ ਤੋੜੇ ਜਾਣ ਤੋਂ ਨਾਰਾਜ਼ ਹਨ ਤੇ ਇਸ ਬਾਰੇ ਖ਼ਿਲਾਫ਼ਤ ਲਹਿਰ ਚਲਾ ਰਹੇ ਹਨ (*ਖਿਲਾਫ਼ਤ ਨੂੰ ਆਮ ਤੌਰ 'ਤੇ ਅਸੀਂ ਖਿਲਾਫ਼ ਤੋਂ ਬਣਿਆ ਸ਼ਬਦ ਸਮਝਦੇ ਹਾਂ ਜਿਸ ਦੇ ਅਰਥ 'ਵਿਰੁੱਧ' ਹੁੰਦਾ ਹੈ ਪਰ ਇਥੇ ਇਹ ਖਲੀਫ਼ਾ ਦੀ ਪਰੰਪਰਾ ਤੋਂ ਬਣਿਆ ਹੈ, ਖਲੀਫ਼ਾ ਦਾ ਅਰਥ ਹੈ,*

ਉਤਰ ਅਧਿਕਾਰੀ ਤੇ ਖਿਲਾਫ਼ਤ ਦਾ ਉਤਰ ਅਧਿਕਾਰੀ ਪੁਣਾ। ਇਹ ਪਿਤਾ ਪੁਰਖੀ ਰਾਜ ਤੇ ਜਗੀਰਦਾਰੀ ਪ੍ਰਥਾ ਦਾ ਸ਼ਬਦ ਹੈ। ਇਸੇ ਕਰਕੇ ਫਰੰਟੀਅਰ ਗਾਂਧੀ ਵੱਲੋਂ ਚਲਾਏ ਖਿਲਾਫ਼ਤ ਅੰਦੋਲਨ ਦਾ ਗਾਂਧੀ ਵੱਲੋਂ ਸਮਰਥਨ ਸ਼ਰਤੀਆ ਸੀ-ਅਨੁ:)। ਹਾਲਾਂਕਿ ਗਾਂਧੀ ਖਲੀਫਿਆਂ ਬਾਰੇ ਹਮਦਰਦੀ ਨਹੀਂ ਰੱਖਦਾ ਸੀ। ਪਹਿਲਾਂ ਤੁਰਕੀ ਦੇ ਲੋਕ ਪੱਖੀ ਹਾਕਮ ਕਮਾਲ ਪਾਸ਼ਾ ਨੇ ਹੀ ਖਲੀਫ਼ਾਦਾਰੀ ਖ਼ਤਮ ਕੀਤੀ ਸੀ। ਫਿਰ ਵੀ ਗਾਂਧੀ ਨਵੰਬਰ 1919 ਦੀ ਦਿੱਲੀ ਵਿਚ ਹੋਈ ਮੁਸਲਿਮ ਕਾਨਫਰੰਸ ਵਿਚ ਗਿਆ ਤੇ ਅੰਗਰੇਜ਼ਾਂ ਵਿਰੁੱਧ ਨਾ ਮਿਲਵਰਤਨ ਦੀ ਲਹਿਰ ਵਿਚ ਉਹਨਾਂ ਦੀ ਮਦਦ ਹਾਸਿਲ ਕੀਤੀ।

ਭਾਰਤੀ ਮੁਸਲਮਾਨ ਗਾਂਧੀ ਨਾਲ ਆ ਜੁੜੇ। ਇਸ ਤੋਂ ਉਤਸ਼ਾਹ ਲੈ ਕੇ ਗਾਂਧੀ ਨੇ ਭਾਰਤੀਆਂ ਨੂੰ ਉਹ ਖ਼ਿਤਾਬ ਵਾਪਸ ਕਰਨ ਦੀ ਅਪੀਲ ਕੀਤੀ ਜੋ ਉਹਨਾਂ ਨੂੰ ਅੰਗਰੇਜ਼ਾਂ ਵੱਲੋਂ ਮਿਲੇ ਸਨ। ਇਸ ਤਰ੍ਹਾਂ ਗਾਂਧੀ ਜੋ 1918 ਵਿਚ ਅੰਗਰੇਜ਼ ਪ੍ਰਸਤ (Anglophile) ਸੀ ਹੁਣ ਅੰਗਰੇਸ ਤ੍ਰਸਤ (Anglophobe) ਬਣ ਗਿਆ ਸੀ। ਇਕ ਸਾਲ ਬਾਅਦ ਹੀ ਉਸ ਨੇ ਅੰਗਰੇਜ਼ ਸਰਕਾਰ ਨੂੰ ਸ਼ੈਤਾਨ ('Satnic') ਦਾ ਰੁਤਬਾ ਦਿੱਤਾ *(ਇਸਲਾਮਿਕ ਸ਼ਬਦਾਵਲੀ ਵਿਚ ਇਹ ਸ਼ਬਦ ਘਿਣਾਉਣੀ ਹੱਦ ਤੱਕ ਗਿਰੇ ਪਾਤਰ ਵਾਸਤੇ ਵਰਤਿਆ ਜਾਂਦਾ ਹੈ -ਅਨੁ:)*।

1920 ਤੋਂ ਬਾਅਦ ਇਸ ਮੁਲਕ ਵਿਚ ਉਹ ਹਰ ਜਗ੍ਹਾ ਸੀ। ਉਸ ਦੀ ਸ਼ਿਕਾਇਤਕਾਰੀ (croacking) ਤੇ ਤੋਤਲੀ (lisping) ਆਵਾਜ਼ ਲੱਖਾਂ ਤੇ ਕਰੋੜਾਂ ਲੋਕਾਂ ਤੱਕ ਪਹੁੰਚ ਰਹੀ ਸੀ। ਇਹ ਪਹਿਲੀ ਵਾਰ ਹੋਇਆ ਕਿ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿਚ ਔਰਤਾਂ ਸੱਤਿਆਗ੍ਰਹਿਆਂ ਵਿਚ ਸ਼ਾਮਲ ਹੋਣ ਆ ਰਹੀਆਂ ਸਨ। ਪੜ੍ਹੇ ਲਿਖੇ ਲੋਕ ਉਸ ਦੇ ਦੋ ਹਫਤਾਵਾਰੀ ਪੇਪਰ 'ਯੰਗ ਇੰਡਿਆ' ਤੇ 'ਨਵਜੀਵਨ' ਤੱਕ ਪਹੁੰਚ ਰਹੇ ਸਨ।

ਅੰਗਰੇਜ਼ਾਂ ਵਿਰੁੱਧ ਜੱਦੋਜਹਿਦ ਦੇ ਨਾਲ ਹੀ ਉਸ ਨੇ ਭਾਰਤੀ ਸਮਾਜ ਨੂੰ ਸੁਧਾਰਨ ਵਾਸਤੇ ਵੀ ਤਿੱਖੇ ਪ੍ਰੋਗਰਾਮ ਮਿਥ ਲਏ। ਇਸ ਮਾਮਲੇ ਵਿਚ ਉਸ ਦਾ ਸਭ ਤੋਂ ਵੱਡਾ ਮੋਰਚਾ ਅਛੂਤਪੁਣੇ ਦੀ ਰਿਵਾਇਤ ਨੂੰ ਖ਼ਤਮ ਕਰਨਾ ਸੀ।

ਉਸ ਦਾ ਕਹਿਣਾ ਸੀ, "ਮੈਂ ਅਛੂਤਪੁਣੇ ਨੂੰ ਹਿੰਦੂ ਧਰਮ ਦੇ ਮੱਥੇ ਦਾ ਸਭ ਤੋਂ ਵੱਡਾ ਕਲੰਕ ਸਮਝਦਾ ਹਾਂ। ਇਸ ਰਿਵਾਇਤ ਨੇ ਸਾਨੂੰ ਸਾਰੀ ਦੁਨੀਆ ਦੇ ਸਾਹਮਣੇ ਘਟੀਆ ਰੂਪ ਵਿਚ ਪੇਸ਼ ਕੀਤਾ ਹੈ। ਅਸੀਂ ਅੰਗਰੇਜ਼ ਸਾਮਰਾਜ ਨੂੰ ਸ਼ੈਤਾਨ ਦਾ ਨਾਮ ਦੇਂਦੇ ਹਾਂ ਪਰ ਅਸੀਂ ਖੁਦ ਕੀ ਹਾਂ ਆਪਣੇ ਹੀ ਲੋਕਾਂ ਵਾਸਤੇ, ਆਪਣੇ ਹੀ ਭਰਾਵਾਂ ਵਾਸਤੇ, ਇਹ ਸੋਚਣ ਦੀ ਲੋੜ ਹੈ। ਗਾਂਧੀ ਨੇ ਅਛੂਤਾਂ ਵਾਸਤੇ ਨਵਾਂ ਨਾਮ 'ਹਰੀਜਨ', ਭਾਵ ਪ੍ਰਮਾਤਮਾ ਦੇ ਪੁੱਤਰ, ਦਿੱਤਾ। ਉਸ ਨੇ ਆਪਣੇ ਆਸ਼ਰਮ ਵਿਚ ਹਰੀਜਨਾਂ ਦੇ ਪੈਰ ਧੋਤੇ ਜੋ ਉਸ ਜ਼ਮਾਨੇ ਵਿਚ ਨਾ ਸੁਣਿਆ ਜਾ ਸਕਦਾ ਸੀ ਤੇ ਨਾ ਸੋਚਿਆ ਜਾ ਸਕਦਾ ਸੀ। ਉਸ ਨੇ ਆਸ਼ਰਮ ਵਿਚ ਆਪਣੇ ਦੂਜੇ ਸਮਰਥਕਾਂ ਨੂੰ ਵੀ ਇਸੇ ਤਰ੍ਹਾਂ ਕਰਨ ਵਾਸਤੇ ਕਿਹਾ। ਅਛੂਤਪੁਣਾ ਸਾਰੇ ਭਾਰਤ ਵਿਚ ਬਹੁਤ ਜ਼ੋਰਾਂ ਉਪਰ ਸੀ, ਭਾਵੇਂ ਕਾਨੂੰਨ ਵਿਚ ਇਸ ਦੀ ਮਨਾਹੀ ਹੋ ਚੁਕੀ ਸੀ। ਗਾਂਧੀ ਨੇ ਇਸ ਮਾਮਲੇ ਵਿਚ ਹੋਰ ਸਭਨਾਂ ਨਾਲੋਂ ਵੱਧ ਕੇ ਹੱਲਾ

ਬੋਲਿਆ ਤੇ 7 ਕਰੋੜ ਹਰੀਜਨਾਂ ਨੂੰ ਮੁਲਕ ਦੀ ਆਮ ਧਾਰਾ ਵਿਚ ਲੈ ਆਂਦਾ। ਹਾਲਾਂਕਿ ਗਾਂਧੀ ਨੇ ਹਿੰਦੂ ਧਰਮ ਦੇ ਜਾਤੀ ਸਿਸਟਮ ਨੂੰ ਨਹੀਂ ਭੰਡਿਆ ਸੀ।

ਸ਼ਰਾਬ ਬਾਰੇ ਵੀ ਗਾਂਧੀ ਬਹੁਤ ਸਖਤੀ ਨਾਲ ਵਿਰੋਧੀ ਸੀ। ਉਸ ਦਾ ਕਹਿਣਾ ਸੀ ਕਿ ਮਜ਼ਦੂਰ ਤੇ ਕਿਸਾਨ ਆਪਣੀ ਛੋਟੀ ਜਿਹੀ ਆਮਦਨ ਦਾ ਵੱਡਾ ਹਿੱਸਾ ਸ਼ਰਾਬ ਉਪਰ ਖ਼ਰਚ ਕਰ ਰਹੇ ਹਨ। ਗਾਂਧੀ ਨੇ ਮੁਲਕ ਵਿਚ ਸ਼ਰਾਬਬੰਦੀ ਲਾਗੂ ਕਰਨ ਦੀ ਤਜਵੀਜ਼ ਦਿੱਤੀ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਾਡੀ ਸਰਕਾਰ ਨੇ ਸ਼ਰਾਬਬੰਦੀ ਨੂੰ ਆਦੇਸ਼ਾਤਮਕ ਸਿਧਾਂਤਾਂ (Directive Principles of State Policy) ਵਿਚ ਦਰਜ ਕੀਤਾ ਹੈ। ਇਸ ਨੂੰ ਕਈ ਸੂਬਿਆਂ ਵਿਚ ਲਾਗੂ ਕਰਨ ਦਾ ਤਜਰਬਾ ਵੀ ਕੀਤਾ ਪਰ ਉਹ ਫੇਲ ਹੋ ਗਿਆ। ਗਰੀਬਾਂ ਨੇ ਗੈਰ ਕਾਨੂੰਨੀ ਜ਼ਹਿਰੀਲੀ ਸ਼ਰਾਬ ਪੀਣੀ ਜਾਰੀ ਰੱਖੀ ਸੀ। ਐਸ ਵੇਲੇ ਸਿਰਫ਼ ਗੁਜਰਾਤ ਸਟੇਟ ਵਿਚ ਹੀ ਸਰਕਾਰੀ ਤੌਰ 'ਤੇ ਹਲਕੀ (waterd down) ਸ਼ਰਾਬਬੰਦੀ ਲਾਗੂ ਹੈ।

ਗਾਂਧੀ ਨੇ ਛੋਟੀ ਉਮਰ ਦੀਆਂ ਸ਼ਾਦੀਆਂ ਰੋਕਣ ਤੇ ਔਰਤ ਦੇ ਬਰਾਬਰ ਦੇ ਦਰਜੇ ਵਾਸਤੇ ਵੀ ਸੰਘਰਸ਼ ਕੀਤਾ। ਉਸ ਨੇ 'ਯੰਗ ਇੰਡਿਆ' ਵਿਚ ਲਿਖਿਆ ਕਿ ਬਚਪਨ ਦੀ ਸ਼ਾਦੀ ਅਖਲਾਕੀ ਤੇ ਸਮਾਜਕ ਗੁਨਾਹ ਹੈ। ਉਸ ਨੇ ਔਰਤ ਦੀ 'ਪਵਿੱਤਰਾ' ਦੀ ਦੁਹਾਈ ਦਾ ਵੀ ਡਟਵਾ ਵਿਰੋਧ ਕੀਤਾ ਕਿ ਕੋਈ ਕਦੇ ਆਦਮੀ ਦੀ ਪਵਿੱਤਰਤਾ ਦੀ ਗੱਲ ਕਿਉਂ ਨਹੀਂ ਕਰਦਾ। ਐਹੀ ਜਿਹੀਆਂ ਬਹੁਤ ਸਾਰੀਆਂ ਗੱਲਾਂ ਸਨ ਜਿਹਨਾਂ ਕਰਕੇ ਵੱਡੀ ਗਿਣਤੀ ਵਿਚ ਔਰਤਾਂ ਗਾਂਧੀ ਦੇ ਅੰਦੋਲਨ ਵਿਚ ਸ਼ਾਮਲ ਹੋਈਆਂ।

ਅਸੀਂ ਇਕ ਵਾਰ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਗਾਂਧੀ ਦੇ ਰੋਲ ਵੱਲ ਆਉਂਦੇ ਹਾਂ। ਰੋਲਟ ਐਕਟ ਜਿਸ ਵਿਰੁੱਧ ਸੰਘਰਸ਼ ਦੇ ਮੌਕੇ 1919 ਦਾ ਜੱਲਿਆਂ ਵਾਲਾ ਸਾਕਾ ਹੋਇਆ, ਉਸ ਤੋ 10 ਸਾਲ ਬਾਅਦ ਸਰਕਾਰ ਨੇ ਉਸ ਦੀ ਵਰਤੋਂ ਬਾਰੇ ਇਕ ਕਮਿਸ਼ਨ ਬਿਠਾਇਆ ਜਿਸ ਦਾ ਮੁਖੀ ਇਕ ਕੱਟੜ ਕੰਜ਼ਰਵੇਟਿਵ ਜੌਹਨ ਸਾਈਮਨ ਸੀ। ਜਦੋਂ 1927 ਵਿਚ ਇਹ ਕਮਿਸ਼ਨ ਭਾਰਤ ਆਇਆ ਤਾਂ ਕਾਂਗਰਸ ਨੇ ਇਸ ਦੇ ਬਾਈਕਾਟ ਦਾ ਸੱਦਾ ਦਿੱਤਾ। ਇਸ ਦੇ ਬਾਵਜੂਦ ਕਮਿਸ਼ਨ ਨੇ ਸਾਰੇ ਮੁਲਕ ਦਾ ਚੱਕਰ ਲਗਾਇਆ। ਸਭ ਜਗ੍ਹਾ ਇਸ ਦੇ ਪਹੁੰਚਣ ਉਪਰ ਪ੍ਰਦਰਸ਼ਨ ਕੀਤੇ ਗਏ ਤੇ ਲਾਹੌਰ ਵਿਚ ਅਜਿਹੇ ਇਕ ਪ੍ਰਦਰਸ਼ਨ ਉਪਰ ਲਾਠੀ ਚਾਰਜ ਹੋਇਆ ਜਿਸ ਵਿਚ ਕਾਂਗਰਸੀ ਨੇਤਾ ਲਾਲਾ ਲਾਜਪੱਤ ਰਾਏ ਜ਼ਖ਼ਮੀ ਹੋਇਆ ਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ।

ਇਸੇ ਵਕਤ ਮੁਸਲਮਾਨਾਂ ਦੀ ਵੱਖਵਾਦੀ ਲਹਿਰ ਵੀ ਚੱਲ ਪਈ ਸੀ। ਜਿਨਾਂਹ ਨੇ ਆਪਣੇ ਆਪ ਨੂੰ ਕਾਂਗਰਸ ਦੇ ਅੰਦੋਲਨ ਤੋਂ ਅਲਗ ਕਰਨਾ ਸ਼ੁਰੂ ਕਰ ਦਿੱਤਾ ਤੇ ਮੁਸਲਮਾਨਾਂ ਦੇ ਵੱਖਰੇ ਹਿਤਾਂ ਦੀ ਗੱਲ ਕਰਨ ਲੱਗ ਪਿਆ। ਉਹ ਅਜਿਹਾ ਫੈਡਰਲ ਸੰਵਿਧਾਨ ਚਾਹੁੰਦਾ ਸੀ ਜਿਸ ਵਿਚ ਮੁਸਲਿਮ ਬਹੁਗਿਣਤੀ ਵਾਲੇ ਰਾਜਾਂ ਨੂੰ ਖੁਦ ਮੁਖਤਾਰੀ ਦਿੱਤੀ ਜਾਵੇ।

1929 ਦੀਆਂ ਗਰਮੀਆਂ ਵਿਚ ਇੰਗਲੈਂਡ ਵਿਚ ਲੇਬਰ ਪਾਰਟੀ ਦੀ ਸਰਕਾਰ ਆ ਗਈ ਤੇ ਉਸ ਦੇ ਪ੍ਰਧਾਨ ਮੰਤਰੀ ਨੇ ਭਾਰਤ ਨੂੰ ਕਾਮਨਵੈਲਥ ਦੇ ਅੰਦਰ ਰਹਿ ਕੇ

ਖੁਦ ਦੀ ਸਰਕਾਰ ਚਲਾਉਣ ਦੀ ਖਾਹਿਸ਼ ਪ੍ਰਗਟ ਕੀਤੀ। ਇਸ ਦੇ ਬਾਵਜੂਦ ਵਾਇਸਰਾਏ ਲਾਰਡ ਇਰਵਿਨ ਨੇ ਕੋਈ ਵੀ ਅਜਿਹਾ ਵਾਅਦਾ ਨਹੀਂ ਕੀਤਾ ਤੇ ਗਾਂਧੀ ਦੀ ਸਿਵਲ ਨਾ ਫੁਰਮਾਨੀ (Civil diobediience) ਦੀ ਲਹਿਰ ਦਾ ਵਕਤ ਆ ਗਿਆ। ਉਹ ਸਮਝਦਾ ਸੀ ਕਿ ਆਮ ਆਦਮੀ ਨੂੰ ਨਾਲ ਲੈਣ ਵਾਸਤੇ ਖੁਦ ਮੁਖਤਾਰੀ ਦੀ ਗੱਲ ਕਰਨੀ ਠੀਕ ਨਹੀਂ, ਉਸ ਨੇ ਨਮਕ ਦੇ ਕਾਨੂੰਨ ਦਾ ਮੁੱਦਾ ਉਠਾਇਆ।

ਨਮਕ ਦੀ ਪੈਦਾਵਾਰ ਸਰਕਾਰ ਦੇ ਕੰਟਰੋਲ ਵਿਚ ਸੀ ਤੇ 1930 ਤੱਕ ਇਸ ਦੀ ਪਰਚੂਨ ਦੀ ਕੀਮਤ ਵਿਚ ਅੱਧਾ ਹਿੱਸਾ ਇਸ ਉਪਰ ਲੱਗੇ ਟੈਕਸ ਦਾ ਸੀ। ਜਦੋਂ ਹਰ ਇਕ ਬੰਦਾ ਨਮਕ ਵਰਤਦਾ ਹੈ ਤਾਂ ਇਸ ਤੋਂ ਵੱਡਾ ਹੋਰ ਕੋਈ ਮੁੱਦਾ ਹੋ ਵੀ ਨਹੀਂ ਸੀ ਸਕਦਾ ਜਿਸ ਨਾਲ ਸਾਰੇ ਪ੍ਰਭਾਵਤ ਹੋਣ। ਗਾਂਧੀ ਨੇ ਲੋਕਾਂ ਨੂੰ ਆਪਣੇ ਵਾਸਤੇ ਖੁਦ ਨਮਕ ਬਣਾਉਣ ਦਾ ਸੱਦਾ ਦਿੱਤਾ। ਇਸ ਨਾਲ ਹੀ ਮਹਾਨ ਨਮਕ ਮਾਰਚ ਸ਼ੁਰੂ ਹੁੰਦਾ ਹੈ। ਆਪਣੇ ਆਸ਼ਰਮ ਦੇ 78 ਸਾਥੀਆਂ ਨੂੰ ਲੈ ਕੇ ਗਾਂਧੀ ਅਹਿਮਦਾਬਾਦ ਤੋਂ ਡਾਂਡੀ ਤੱਕ ਦਾ 200 ਮੀਲ ਦਾ ਪੈਦਲ ਸਫ਼ਰ ਸ਼ੁਰੂ ਕਰਦਾ ਹੈ। ਉਹ 29 ਦਿਨ ਪੈਦਲ ਚੱਲਦੇ ਰਹੇ ਤੇ ਸਾਰੀ ਕੌਮ ਵਿਚ ਭਾਰੀ ਉਤੇਜਨਾ ਪੈਦਾ ਕਰ ਦਿੱਤੀ। ਇਸ ਮਾਰਚ ਨੇ ਬਾਹਰ ਵੀ ਦੁਨੀਆ ਅੰਦਰ ਭਾਰਤ ਦੀ ਆਜ਼ਾਦੀ ਦਾ ਸਵਾਲ ਖੜਾ ਕਰਵਾ ਦਿੱਤਾ। ਅਪ੍ਰੈਲ ਦੀ 5 ਤਰੀਕ ਨੂੰ ਗਾਂਧੀ ਨੇ ਸੰਕੇਤਕ ਐਕਸ਼ਨ ਦੇ ਤੌਰ ਤੇ ਸਮੁੰਦਰ ਕਿਨਾਰੇ ਦੇ ਮੈਦਾਨ ਵਿਚੋਂ ਨਮਕ ਦੀ ਇਕ ਮੁੱਠੀ ਉਠਾਈ ਤੇ ਹਜ਼ਾਰਾਂ ਲੋਕਾਂ ਨੇ ਸਾਥ ਦੇ ਕੇ ਤੇ ਆਪਸ ਵਿਚ ਮਿਲ ਕੇ ਗੈਰ ਕਾਨੂੰਨੀ ਤਰੀਕੇ ਨਾਲ ਨਮਕ ਬਣਾਉਣਾ ਸ਼ੁਰੂ ਕਰ ਦਿੱਤਾ। ਗਾਂਧੀ ਨੂੰ ਗਰਿਫ਼ਤਾਰ ਕਰ ਲਿਆ ਗਿਆ।

ਅੰਗਰੇਜ਼ਾਂ ਨੇ ਝਗੜੇ ਨੂੰ ਠੱਲ ਪਾਉਣ ਵਾਸਤੇ ਲੰਡਨ ਵਿਚ ਭਾਰਤ ਦਾ ਮਸਲਾ ਹੱਲ ਕਰਨ ਵਾਸਤੇ ਗੋਲ ਮੇਜ਼ ਕਾਨਫਰੰਸ ਬੁਲਾਈ ਜਿਸ ਵਿਚ ਦੇਸੀ ਰਿਆਸਤਾਂ ਦੇ ਰਾਜੇ ਵੀ ਬੁਲਾਏ ਗਏ ਸਨ। ਗਾਂਧੀ ਨੂੰ ਰਿਹਾ ਕਰ ਦਿੱਤਾ ਗਿਆ ਤੇ ਉਹ ਇਸ ਕਾਨਫਰੰਸ ਵਾਸਤੇ ਇੰਗਲੈਂਡ ਗਿਆ। ਲੇਕਿਨ ਇਸ ਵਿਚੋਂ ਕੁਝ ਵੀ ਹਾਸਲ ਨਹੀਂ ਹੋਇਆ ਤੇ ਗਾਂਧੀ ਵਾਪਸ ਬੰਬਈ ਆ ਗਿਆ। ਅੰਗਰੇਜ਼ਾ ਵਿਰੁਧ ਬੇਚੈਨੀ ਕਰਕੇ ਕੁਝ ਜਗ੍ਹਾ ਆਤੰਕਵਾਦੀ ਕਾਰਵਾਈਆਂ ਹੋਈਆਂ ਤੇ ਫਿਰਕੂ ਫਸਾਦ ਵੀ ਹੋਏ। ਗਾਂਧੀ ਦਾ ਸਬਰ ਰੱਖਣ ਦਾ ਪ੍ਰਭਾਵ ਖਤਮ ਹੋ ਰਿਹਾ ਲੱਗਦਾ ਸੀ। ਓਧਰ ਜਿਨ੍ਹਾਂ ਦਾ ਮੁਸਲਿਮ ਪੱਤਾ ਵੀ ਆਪਣਾ ਥਾਂ ਬਣਾਉਂਦਾ ਜਾਂਦਾ ਸੀ।

ਭਾਰਤ ਸਰਕਾਰ ਦੇ 1935 ਦੇ ਕਾਨੂੰਨ ਦੇ ਮੁਤਾਬਕ ਸਟੇਟਾਂ ਵਿਚ ਜਨਤਕ ਸਰਕਾਰਾਂ ਵਾਸਤੇ ਚੁਨਾਵ ਹੁੰਦੇ ਸਨ। ਇਸ ਦੇ ਨਤੀਜੇ ਕਾਂਗਰਸ ਵਾਸਤੇ ਬਹੁਤ ਫਿਕਰਮੰਦ ਸਨ। ਬੇਸ਼ੱਕ ਇਹ ਸਾਰੀਆਂ ਹਿੰਦੂ ਸੀਟਾਂ ਜਿੱਤ ਗਈ ਸੀ ਮੁਸਲਿਮ ਸੀਟਾਂ ਵਿਚ ਵੱਡੀ ਹਾਰ ਦਾ ਮੂੰਹ ਵੇਖਣਾ ਪਿਆ ਸੀ *(ਓਦੋਂ ਦੇ ਕਾਨੂੰਨ ਮੁਤਾਬਕ ਹਲਕੇ ਧਰਮ ਦੇ ਅਧਾਰ ਉਪਰ ਹੁੰਦੇ ਸਨ, ਮੁਸਲਿਮ ਹਲਕੇ ਵਿਚ ਸਾਰੇ ਮੁਸਲਮਾਨ ਹੀ ਖੜੇ ਹੋ ਸਕਦੇ ਸਨ ਤੇ ਹਿੰਦੂ ਹਲਕਿਆਂ ਵਿਚ ਸਿਰਫ ਹਿੰਦੂ ਹੀ- ਅਨੁ:)*। ਹੁਣ ਕਾਂਗਰਸ ਸਾਰੇ ਮੁਸਲਮਾਨਾਂ ਦੀ ਤਰਫੋਂ ਬੋਲਣ ਦਾ ਹੱਕ ਨਹੀਂ ਰੱਖਦੀ ਸੀ। ਕਾਂਗਰਸ ਦੀਆ ਕਈ ਸਟੇਟਾਂ ਵਿਚ ਸਰਕਾਰਾਂ

ਬਣੀਆਂ ਪਰ ਓਦੋਂ ਹੀ ਪਾਰਟੀ ਅੰਦਰ ਬੰਗਾਲ ਦੇ ਗਰਮ ਖਿਆਲੀ ਲੀਡਰ ਸੁਭਾਸ਼ ਚੰਦਰ ਬੋਸ ਤੇ ਗਾਂਧੀ ਵਿਚਕਾਰ ਧੜੇਬੰਦੀ ਪੈਦਾ ਹੋ ਗਈ। ਸਭ ਤੋਂ ਪਹਿਲਾਂ ਤਾਂ ਗਾਂਧੀ ਨੇ ਬੋਸ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਜੋ ਇਨਕਲਾਬੀ ਸੀ ਤੇ ਹਿੰਸਾ ਵਿਚ ਯਕੀਨ ਰੱਖਦਾ ਸੀ ਪਰ 1939 ਵਿਚ ਉਸ ਵੱਲੋਂ ਕਾਂਗਰਸ ਦਾ ਪ੍ਰਧਾਨ ਬਣਨ ਨਾਲ ਗਾਂਧੀ ਤੇ ਸੁਭਾਸ਼ ਦੀ ਧੜੇਬੰਦੀ ਜ਼ਿਆਦਾ ਵਧ ਗਈ। ਅਖੀਰ ਸੁਭਾਸ਼ ਨੇ ਕਾਂਗਰਸ ਛੱਡ ਦਿੱਤੀ ਤੇ ਆਪਣੀ ਨਵੀਂ ਪਾਰਟੀ ਫਾਰਵਰਡ ਬਲਾਕ ਦਾ ਗਠਨ ਕਰ ਲਿਆ।

ਦੂਸਰੀ ਸੰਸਾਰ ਜੰਗ ਸ਼ੁਰੂ ਹੋਣ ਨਾਲ ਭਾਰਤ ਵਿਚ ਅੰਗਰੇਜ਼ੀ ਰਾਜ ਦੀਆਂ ਵਿਰੋਧਤਾਈਆਂ ਸਾਹਮਣੇ ਆਉਣ ਲੱਗੀਆਂ। ਅੰਗਰੇਜ਼ਾਂ ਨੇ ਭਾਰਤੀਆਂ ਨੂੰ ਹਿਟਲਰ ਵਿਰੁੱਧ ਲੜਾਈ ਵਿਚ ਸਾਥ ਦੇਣ ਦੀ ਅਪੀਲ ਕੀਤੀ ਤਾਂ ਜੋ ਲੋਕਰਾਜੀ ਕਦਰਾਂ ਕੀਮਤਾਂ ਨੂੰ ਬਚਾਇਆ ਜਾਵੇ ਜੋ ਉਹਨਾਂ ਨੂੰ ਆਪਣੇ ਮੁਲਕ ਵਿਚ ਪਹਿਲਾਂ ਹੀ ਨਹੀਂ ਮਿਲ ਰਹੀਆਂ ਸਨ। ਗਾਂਧੀ ਤੇ ਉਸ ਨਾਲ ਨਹਿਰੂ ਦਾ ਵੀ ਇਕ ਵਾਰ ਇਰਾਦਾ ਸੀ ਕਿ ਲੜਾਈ ਵਿਚ ਫਿਰ ਅੰਗਰੇਜ਼ਾਂ ਦਾ ਸਾਥ ਦੇ ਦਿੱਤਾ ਜਾਵੇ। ਓਧਰ ਸੁਭਾਸ਼ ਚੰਦਰ ਬੋਸ ਇਸ ਤੋਂ ਬਿਲਕੁੱਲ ਉਲਟੇ ਵਿਚਾਰਾਂ ਦਾ ਸੀ। ਉਹ ਮੁਲਕ ਤੋਂ ਬਾਹਰ ਨਿਕਲ ਗਿਆ ਤੇ ਅੰਗਰੇਜ਼ਾਂ ਦਾ ਵਿਰੋਧ ਕਰ ਰਹੀ ਧਿਰ ਨਾਲ ਮਿਲ ਕੇ ਹਿੰਦੁਸਤਾਨ ਦੀ ਆਜ਼ਾਦੀ ਦੀ ਗੱਲ ਕਰਨ ਲੱਗ ਪਿਆ। ਉਸ ਨੇ ਜਪਾਨ ਵੱਲੋਂ ਕੈਦ ਕੀਤੇ ਭਾਰਤੀ ਫੌਜ ਦੇ ਸਿਪਾਹੀਆਂ ਨੂੰ ਇਕੱਠਾ ਕਰਕੇ ਆਜ਼ਾਦ ਹਿੰਦ ਫੌਜ ਦਾ ਗਠਨ ਕੀਤਾ। ਮੁਹੰਮਦ ਅਲੀ ਜਿਨਾਹ ਦੀ ਪਾਕਿਸਤਾਨ ਦੀ ਮੰਗ ਨੂੰ ਵੀ ਇਸ ਲੜਾਈ ਦੇ ਦੌਰਾਨ ਹੀ ਹੁੰਗਾਰਾ ਮਿਲਣ ਲੱਗਾ ਹਾਲਾਂਕਿ ਉਸ ਨੇ ਪੂਰੀ ਤਰ੍ਹਾਂ ਆਜ਼ਾਦ ਮੁਲਕ ਦੀ ਗੱਲ ਅਜੇ ਨਹੀਂ ਕੀਤੀ ਸੀ।

ਜਦੋਂ ਸਾਰਾ ਦੱਖਣੀ ਪੂਰਬੀ ਏਸ਼ੀਆ ਜਪਾਨ ਦੇ ਕਬਜ਼ੇ ਵਿਚ ਚਲਾ ਗਿਆ ਤਾਂ ਇੰਗਲੈਂਡ ਦੀ ਸਰਕਾਰ ਨੇ ਸਰ ਸਟਾਫੋਰਡ ਕਰਿਪਸ ਦੀ ਪ੍ਰਧਾਨਗੀ ਹੇਠ ਕਮਿਸ਼ਨ ਭਾਰਤ ਭੇਜਿਆ ਜੋ ਭਾਰਤੀ ਸਿਆਸਤਦਾਨਾਂ ਨੂੰ ਅੰਗਰੇਜ਼ਾਂ ਦੀ ਖੁੱਲ੍ਹ ਕੇ ਮਦਦ ਕਰਨ ਵਾਸਤੇ ਮਨਾਉਣ ਦੀ ਕੋਸ਼ਿਸ਼ ਕਰੇ। ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਦੇ ਸ਼ਬਦਾਂ ਵਿਚ ਭਾਰਤ ਨੂੰ ਆਜ਼ਾਦੀ ਦੇਣ ਦਾ ਵਾਅਦਾ ਵੀ ਕਰ ਲਿਆ ਪਰ ਜਿਵੇਂ ਕਿ ਜਪਾਨ ਭਾਰਤ ਦੇ ਦਰਵਾਜ਼ੇ ਤੱਕ ਪਹੁੰਚ ਗਿਆ ਸੀ, ਅੰਗਰੇਜ਼ਾਂ ਦੀ ਹਾਲਤ ਖਰਾਬ ਹੋ ਰਹੀ ਸੀ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਹ ਕਮਿਸ਼ਨ ਫੇਲ ਹੋ ਗਿਆ। ਗਾਂਧੀ ਤੇ ਕਾਂਗਰਸ ਦੀ ਸਾਰੀ ਵਰਕਿੰਗ ਕਮੇਟੀ ਜੇਲ ਵਿਚ ਸੀ। ਜਿਹੜੇ ਪ੍ਰਦਰਸ਼ਨ ਵਗੈਰਾ ਹੋ ਰਹੇ ਸਨ ਉਹ ਬਹੁਤ ਸਖਤੀ ਨਾਲ ਦਬਾ ਦਿੱਤੇ ਜਾਂਦੇ। ਹੁਣ ਸੁਭਾਸ਼ ਬੋਸ ਦੀ ਆਜ਼ਾਦ ਹਿੰਦ ਫੌਜ ਵੱਲ ਧਿਆਨ ਜਾ ਰਿਹਾ ਸੀ। ਉਸ ਦਾ 'ਜੈ-ਹਿੰਦ' ਦਾ ਨਾਹਰਾ ਦੇਸ਼ ਵਾਸੀਆਂ ਨੂੰ ਝੰਜੋੜ ਰਿਹਾ ਸੀ। ਲੇਕਿਨ ਬੋਸ ਦੀ ਜਿੱਤ ਜਾਂ ਹਾਰ ਜਪਾਨੀਆਂ ਨਾਲ ਬੱਝੀ ਹੋਈ ਸੀ। ਇਸ ਕਰਕੇ ਜਿਵੇਂ ਹੀ ਲੜਾਈ ਦਾ ਰੁਖ ਜਪਾਨੀਆਂ ਦੀ ਹਾਰ ਵੱਲ ਵਧਣ ਲੱਗਾ ਬੋਸ ਦਾ ਮਿਸ਼ਨ ਫੇਲ ਹੋ ਗਿਆ।

ਲੜਾਈ ਤੋਂ ਬਾਅਦ ਘਟਨਾਵਾਂ ਬਹੁਤ ਤੇਜ਼ੀ ਨਾਲ ਵਾਪਰਦੀਆਂ ਗਈਆਂ। ਇੰਗਲੈਂਡ ਵਿਚ ਲੇਬਰ ਪਾਰਟੀ ਦੀ ਸਰਕਾਰ ਆਉਣ ਨਾਲ ਭਾਰਤ ਦੀ ਆਜ਼ਾਦੀ ਦਾ

ਮਸਲਾ ਸਿਰਫ਼ ਵਕਤ ਮਿਥਣ ਦੀ ਗੱਲ ਹੀ ਰਹਿ ਗਿਆ ਸੀ। ਅੰਗਰੇਜ਼ ਚਾਹੁੰਦੇ ਸਨ ਕਿ ਹੁਣ ਗਾਂਧੀ ਨੂੰ ਪਿੱਛੇ ਰੱਖ ਕੇ ਨਹਿਰੂ ਤੇ ਜਿਨਾਹ ਨਾਲ ਗੱਲਬਾਤ ਕੀਤੀ ਜਾਵੇ। ਅਗਲੇ ਤਿੰਨ ਸਾਲ ਦੀਆਂ ਖਬਰਾਂ ਵਿਚ ਇਹੀ ਦੋ ਇਕ ਦੂਜੇ ਦੀਆਂ ਵਿਰੋਧੀ ਸ਼ਖਸੀਅਤਾਂ ਭਾਰੂ ਰਹੀਆਂ।

ਲਾਰਡ ਵੇਵਲ ਨੇਕ ਪਰ ਘੱਟ ਹੁਸ਼ਿਆਰ ਵਾਇਸਰਾਏ ਦੀ ਬਜਾਏ ਲਾਰਡ ਮਾਊਂਟਬੈਂਟਨ ਨੂੰ ਭਾਰਤ ਦਾ ਵਾਇਸਰਾਏ ਬਣਾ ਕੇ ਭੇਜਿਆ। ਤਾਕਤ ਦੀ ਬਦਲੀ ਦੀ ਤਾਰੀਖ ਰੱਖ ਦਿੱਤੀ ਗਈ ਸੀ ਤੇ ਸਾਰੇ ਭਾਰਤ ਵਿਚ ਚੁਨਾਵ ਕਰਵਾ ਦਿੱਤਾ ਸੀ। ਫਿਰਕੂ ਵੰਡ ਇਕ ਵਾਰ ਫਿਰ ਉਭਰ ਕੇ ਸਾਹਮਣੇ ਆਈ। ਜਿਨਾਹ ਦੀ ਮੁਸਲਿਮ ਲੀਗ ਮੁਸਲਿਮ ਬਹੁ ਗਿਣਤੀ ਦੇ ਸੂਬਿਆਂ ਵਿਚ ਸਾਰੀਆਂ ਮੁਸਿਲਮ ਸੀਟਾਂ ਜਿੱਤ ਗਈ। ਪਹਿਲੀ ਵਾਰ ਪਾਕਿਸਤਾਨ, ਬਤੌਰ ਇਕ ਆਜ਼ਾਦ ਮੁਲਕ, ਦੀ ਗੱਲ ਸਾਹਮਣੇ ਆਈ। ਇੰਗਲੈਂਡ ਦੇ ਪ੍ਰਧਾਨ ਮੰਤਰੀ ਐਟਲੇ ਨੇ ਹਾਲਾਤ ਦੀ ਪੜਤਾਲ ਕਰਨ ਵਾਸਤੇ ਇਕ ਕੈਬਿਨਿਟ ਮਿਸ਼ਨ ਭੇਜਿਆ। ਇਸ ਮਿਸ਼ਨ ਨੇ ਮੁਲਕ ਦੀ ਤਕਸੀਮ ਕਰ ਦੇਣ ਦੀ ਸਿਫ਼ਾਰਸ਼ ਕੀਤੀ ਤੇ ਇਸ ਦੇ ਨਾਲ ਹੀ ਫਿਰਕੂ ਹਿੰਸਾ ਵੀ ਸ਼ੁਰੂ ਹੋ ਗਈ।

ਭਾਰਤੀ ਨੇਵੀ ਦੇ ਸਿਪਾਹੀਆ ਦੀ ਬਗਾਵਤ ਤੇ ਮੁਲਕ ਭਰ ਵਿਚ ਫਿਰਕੂ ਹਿੰਸਾ ਨੇ ਅੰਗਰੇਜ਼ਾਂ ਵਿਚ ਇਕ ਘਬਰਾਹਟ ਪੈਦਾ ਕਰ ਦਿੱਤੀ ਤੇ ਉਹ ਜਲਦੀ ਹੀ ਮੁਲਕ ਦੀ ਤਕਸੀਮ ਚਾਹੁੰਦੇ ਸਨ। ਇਸ ਤਰ੍ਹਾਂ ਪਾਕਿਸਤਾਨ ਤਾਂ ਜਿਨਾਹ ਨੂੰ ਪਲੇਟ ਵਿਚ ਪਾ ਕੇ ਹੀ ਦਿੱਤਾ ਜਾ ਰਿਹਾ ਸੀ। ਗਾਂਧੀ ਇਹਨਾਂ ਬਹਿਸਾਂ ਤੋਂ ਦੂਰ ਰਹਿੰਦਾ ਸੀ, ਉਸ ਨੂੰ ਮੁਲਕ ਦੀ ਤਕਸੀਮ ਕਰਕੇ ਆਜ਼ਾਦੀ ਪ੍ਰਾਪਤ ਕਰਨਾ ਮਨਜ਼ੂਰ ਨਹੀਂ ਸੀ। ਉਹ ਸਾਰੇ ਮੁਲਕ ਵਿਚ ਫਿਰਕੂ ਦੰਗੇ ਖ਼ਤਮ ਕਰਨ ਦੀ ਅਪੀਲ ਕਰਨ ਵਾਸਤੇ ਦੌਰੇ 'ਤੇ ਨਿਕਲ ਪਿਆ।

15 ਅਗਸਤ, 1947 ਨੂੰ ਭਾਰਤ ਆਜ਼ਾਦ ਕਰ ਦਿੱਤਾ ਗਿਆ। ਗਾਂਧੀ ਨੇ ਇਸ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਜਦੋਂ ਦਿੱਲੀ ਅੰਦਰ ਫਿਰਕੂ ਫਸਾਦ ਭੜਕ ਉਠੇ ਤਾਂ ਉਸ ਨੇ ਆਪਣੇ ਬਹੁਤ ਸਾਰੇ ਵਰਤਾਂ ਵਿਚੋਂ ਇਕ ਆਖਰੀ 13 ਜਨਵਰੀ, 1948 ਨੂੰ ਰੱਖਿਆ। ਉਸ ਨੇ ਇਹ ਵਰਤ 18 ਜਨਵਰੀ ਨੂੰ ਓਦੋਂ ਤੋੜਿਆ ਜਦੋਂ ਦੋਹਾਂ ਫਿਰਕਿਆਂ ਨੇ ਅਮਨ ਨਾਲ ਰਹਿਣ ਦਾ ਵਾਅਦਾ ਕੀਤਾ। ਜਨਵਰੀ ਦੀ 30 ਤਾਰੀਖ ਨੂੰ ਜਦੋਂ ਗਾਂਧੀ ਪ੍ਰਾਰਥਨਾ ਤੋਂ ਆ ਰਿਹਾ ਸੀ ਤਾਂ 35 ਸਾਲ ਦੇ ਇਕ ਨੌਜਵਾਨ ਨੱਥੂ ਰਾਮ ਗੋਡਸੇ ਨੇ ਨਜ਼ਦੀਕ ਆ ਕੇ ਉਸ ਨੂੰ ਗੋਲੀ ਮਾਰ ਦਿੱਤੀ। ਉਹ 'ਹੇ ਰਾਮ' ਆਖ ਕੇ ਇਸ ਸੰਸਾਰ ਤੋਂ ਚੱਲਦਾ ਬਣਿਆ।

ਚੈਪਟਰ 16

ਨਹਿਰੂ

ਗਾਂਧੀ ਤੋਂ ਬਾਅਦ ਇਹਨਾਂ ਸਮਿਆਂ ਦੇ ਭਾਰਤ ਵਿਚ ਸਭ ਤੋਂ ਵੱਧ ਮਹੱਤਵਪੂਰਣ ਵਿਅਕਤੀ ਜਵਾਹਰ ਲਾਲ ਨਹਿਰੂ ਹੋਇਆ ਹੈ। ਜੋ ਕੁਝ ਪਾਲ ਨੇ ਇਸਾਈ ਦੁਨੀਆ ਵਿਚ ਇਸਾਈ ਚਰਚ ਬਣਾਉਣ ਵਾਸਤੇ ਕੀਤਾ ਉਹੀ ਕੁਝ ਨਹਿਰੂ ਨੇ ਉਸ ਭਾਰਤ ਦੀ ਉਸਾਰੀ ਵਾਸਤੇ ਕੀਤਾ ਜੋ ਗਾਂਧੀ ਆਜ਼ਾਦ ਕਰਵਾ ਕੇ ਉਸ ਵਾਸਤੇ ਛੱਡ ਗਿਆ ਸੀ। ਇਸੇ ਦੀ ਹੋਰ ਚੰਗੀ ਤਰ੍ਹਾਂ ਤੁਲਨਾ ਕਰਨ ਵਾਸਤੇ ਕਿਹਾ ਜਾ ਸਕਦਾ ਹੈ ਜੋ ਕੁਝ ਲੈਨਿਨ ਵਾਸਤੇ ਸਟਾਲਿਨ ਸੀ, ਜੋ ਸਤਿਯਾਤ ਸੈਨ ਵਾਸਤੇ ਮਾਓ ਜਾਂ ਚਿਆਂਗ ਸੀ, ਗਾਂਧੀ ਵਾਸਤੇ ਨਹਿਰੂ ਉਹੀ ਸੀ। ਜੇ ਗਾਂਧੀ ਮੁਲਕ ਦਾ ਨਕਸ਼ਾ ਨਵੀਸ ਸੀ ਤਾਂ ਨਹਿਰੂ ਉਸ ਦਾ ਆਪਣੇ ਡੀਜ਼ਾਈਨ ਨਾਲ ਉਸਰੀਆ।

ਨਹਿਰੂ ਇਕ ਅਲਾਹਬਾਦ ਹਾਈ ਕੋਰਟ ਦੇ ਮੰਨ ਪ੍ਰਮੰਨੇ ਤੇ ਅਮੀਰ ਵਕੀਲ ਮੋਤੀ ਲਾਲ ਨਹਿਰੂ ਦੀ ਸਭ ਤੋਂ ਵੱਡੀ ਸੰਤਾਨ ਤੇ ਇਕੋ ਇਕ ਪੁੱਤਰ ਸੀ। ਨਹਿਰੂ ਖਾਨਦਾਨ ਕਸ਼ਮੀਰ ਤੋਂ ਆਏ ਸਰਸਵਤੀ ਬ੍ਰਾਹਮਣਾਂ ਨਾਲ ਸੰਬੰਧ ਰੱਖਦਾ ਹੈ। ਇਸ ਖਾਨਦਾਨ ਦੇ ਵੱਡ ਵਡੇਰੇ ਕਿਸੇ ਵੇਲੇ ਨਹਿਰਾਂ ਦੀ ਖੁਦਾਈ ਦਾ ਕੰਮ ਕਰਦੇ ਸਨ, ਇਸ ਕਰਕੇ ਇਹਨਾਂ ਦਾ ਨਾਮ ਨਹਿਰ ਬਣਾਉਣ ਵਾਲੇ ਜਾਂ 'ਨਹਿਰੂ' ਪੈ ਗਿਆ। ਇਹ ਪਰਿਵਾਰ ਕਸ਼ਮੀਰ ਤੋਂ ਆਗਰਾ ਤੇ ਫਿਰ ਅਲਾਹਬਾਦ ਚਲਾ ਗਿਆ। ਨਹਿਰੂ ਦੇ ਪਰਿਵਾਰ ਦੀ ਕਿਸਮਤ ਮੋਤੀ ਲਾਲ ਨੇ ਚਮਕਾਈ। ਇਸ ਪਰਿਵਾਰ ਦੇ ਅਮੀਰੀ ਠਾਠ ਦੀਆਂ ਬਹੁਤ ਕਹਾਣੀਆਂ ਹਨ।

ਜਵਾਹਰ ਲਾਲ ਦਾ ਜਨਮ 14 ਨਵੰਬਰ, 1889 ਨੂੰ ਹੋਇਆ ਸੀ। ਉਹਨਾਂ ਦਿਨਾਂ ਵਿਚ ਇਸ ਦਾ ਪਿਤਾ ਤਰੱਕੀ ਦੀਆਂ ਲੀਹਾਂ ਉਪਰ ਸੀ ਤੇ ਸ਼ਹਿਰ ਦੇ ਅੰਦਰ ਦਾ ਘਰ ਛੱਡ ਕੇ ਸਿਵਿਲ ਲਾਈਨਜ਼ ਵਿਚ ਆ ਗਿਆ ਜੋ ਉਸ ਸਮੇਂ ਦੇ ਪੋਸ਼ ਏਰੀਆ ਹੁੰਦੇ ਸਨ। ਉਸ ਵਕਤ ਮੋਤੀ ਲਾਲ ਕੋਲ ਮੁਕੱਦਮਿਆਂ ਵਾਸਤੇ ਆਉਣ ਵਾਲੇ ਮੁਵੱਕਲ ਬਹੁਤ ਅਮੀਰ ਆਦਮੀ ਹੁੰਦੇ ਸਨ, ਚੰਗੀ ਫੀਸ ਦੇਂਦੇ ਸਨ ਤੇ ਉਸ ਨੇ ਆਪਣੀ ਵੱਡੀ ਕੋਠੀ ਆਨੰਦ ਭਵਨ ਦੇ ਨਾਮ ਉਪਰ ਉਸਾਰ ਲਈ। ਨਹਿਰੂ ਤੇ ਉਸ ਦੀਆਂ ਦੋਵੇਂ ਭੈਣਾਂ ਇਸੇ ਘਰ ਵਿਚ ਨੌਕਰ ਚਾਕਰਾਂ ਦੀ ਫੌਜ ਤੇ ਅੰਗਰੇਜ਼ ਖਿਡਾਵੀਆਂ ਹੱਥੋਂ ਪਲੇ। ਮੋਤੀ ਲਾਲ ਨਹਿਰੂ ਦੇ ਬਹੁਤੇ ਮੁਵੱਕਲ ਮੁਸਲਮਾਨ ਤੇ ਅੰਗਰੇਜ਼ ਸਨ ਤੇ ਉਹੀ ਉਸ ਦੇ ਦੋਸਤ ਵੀ ਸਨ, ਇਸ ਵਾਸਤੇ ਜਵਾਹਰ ਲਾਲ ਉਪਰ ਬ੍ਰਾਹਮਣਵਾਦ ਦਾ ਪ੍ਰਭਾਵ ਪਤਲਾ ਹੀ ਰਿਹਾ।

ਮੋਤੀ ਲਾਲ ਨਹਿਰੂ ਆਪਣੇ ਪੁੱਤਰ ਨੂੰ ਪੱਛਮੀ ਰੰਗਤ ਵਿਚ ਰੰਗਿਆ ਅੰਗਰੇਜ਼ ਤਰਜ਼ ਦਾ ਜੈਂਟਲਮੈਨ ਬਣਾਉਣਾ ਚਾਹੁੰਦਾ ਸੀ। ਉਸ ਨੇ ਇਸ ਨੂੰ ਛੋਟੇ ਸਕੂਲ ਦੀ ਪੜ੍ਹਾਈ ਤੋ ਵੱਡੇ ਸਕੂਲ ਦੀ ਪੜ੍ਹਾਈ ਇੰਗਲੈਂਡ ਵਿਚ ਕਰਵਾਈ ਤੇ ਫਿਰ ਉਥੇ ਹੀ

ਯੂਨੀਵਰਸਿਟੀ ਵਿਚ ਦਾਖਲ ਕਰਵਾਇਆ। ਜਵਾਹਰ ਲਾਲ ਚੰਗੇ ਨੰਬਰ ਲੈਂਦਾ ਸੀ ਪਰ ਯੂਰਪੀਨ ਸੋਸ਼ਲਿਸਟਾਂ ਨਾਲ ਮੀਟਿੰਗਾਂ ਵੀ ਕਰਦਾ ਸੀ।

1912 ਵਿਚ 23 ਸਾਲ ਦੀ ਉਮਰ ਵਿਚ ਜਵਾਹਰ ਲਾਲ ਲੰਡਨ ਤੋਂ ਬਾਰ ਐਟ ਲਾ ਦੀ ਡਿਗਰੀ ਕਰਕੇ ਆ ਗਿਆ। ਕੁਝ ਦੇਰ ਵਾਸਤੇ ਮੋਤੀ ਲਾਲ ਨਹਿਰੂ ਨੇ ਆਪਣੇ ਪੁੱਤਰ ਨੂੰ ਇੰਡਿਅਨ ਸਿਵਲ ਸਰਵਿਸ ਕਰਵਾ ਕੇ ਪ੍ਰਸ਼ਾਸਨ ਵਿਚ ਅਫਸਰ ਲਗਾਵਾਣਾ ਸੋਚਿਆ ਸੀ ਪਰ ਜਵਾਹਰ ਲਾਲ ਨਹੀਂ ਮੰਨਿਆ। ਨੌਜਵਾਨ ਨਹਿਰੂ ਦਾ ਵਕਾਲਤ ਵਿਚ ਵੀ ਚੰਗਾ ਰੁਝਾਨ ਨਹੀਂ ਸੀ ਤੇ ਸਿਰਫ਼ ਆਪਦੇ ਪਿਤਾ ਦੇ ਯੂਨੀਅਰ ਦੇ ਤੌਰ 'ਤੇ ਹੀ ਕੁਝ ਵਾਰ ਅਦਾਲਤ ਵਿਚ ਪੇਸ਼ ਹੋਇਆ। ਉਸ ਦੀ ਜ਼ਿਆਦਾ ਦਿਲਚਸਪੀ ਰਾਜਨੀਤੀ ਵਿਚ ਸੀ। ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀਆਂ ਮੀਟਿੰਗਾਂ ਵਿਚ ਹਾਜ਼ਰੀ ਲਵਾਈ ਤੇ ਇਸ ਦੀ ਸੂਬਾਈ ਬਰਾਂਚ ਦਾ ਮੈਂਬਰ ਬਣ ਗਿਆ। ਜਦੋਂ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਤਾਂ ਨਹਿਰੂ ਨੇ ਦੱਖਣੀ ਅਫਰੀਕਾ ਤੇ ਫਿਜ਼ੀ ਦੇ ਭਾਰਤੀ ਲੋਕਾਂ ਵਾਸਤੇ ਚੰਦਾ ਇਕੱਠਾ ਕੀਤਾ।

1916 ਵਿਚ ਨਹਿਰੂ ਦੀ ਕਮਲਾ ਕੌਲ ਨਾਲ ਸ਼ਾਦੀ ਹੋ ਗਈ ਤੇ ਅਗਲੇ ਹੀ ਸਾਲ ਉਹਨਾਂ ਦੀ ਇਕੋ ਇਕ ਔਲਾਦ ਬੇਟੀ, ਇੰਦਰਾ ਪ੍ਰਿਆਦਰਸ਼ਨੀ, ਦਾ ਜਨਮ ਹੋਇਆ। ਸੰਸਾਰ ਜੰਗ ਤੋਂ ਬਾਅਦ ਜਵਾਹਰ ਲਾਲ ਅਨੰਦ ਭਵਨ ਦੇ ਰੇਸ਼ਮੀ ਪਰਦਿਆਂ ਤੋਂ ਬਾਹਰ ਆ ਗਿਆ। ਜੱਲਿਆਂ ਵਾਲਾ ਬਾਗ ਦਾ ਸਾਕਾ ਉਸ ਨੂੰ ਹਿਲਾ ਕੇ ਰੱਖ ਗਿਆ ਤੇ ਅੰਗਰੇਜ਼ੀ ਇਨਸਾਫ਼ ਤੋਂ ਵਿਸ਼ਵਾਸ ਉੱਠ ਗਿਆ। ਗਾਂਧੀ ਨੇ ਸੱਤਿਆਗ੍ਰਹਿ ਦਾ ਸੱਦਾ ਦਿੱਤਾ ਤੇ ਜਵਾਹਰ ਲਾਲ ਨਹਿਰੂ ਪੂਰੀ ਤਸੱਲੀ ਨਾਲ ਉਸ ਵਿਚ ਸ਼ਾਮਿਲ ਹੋ ਗਿਆ। ਮੋਤੀ ਲਾਲ ਨਹਿਰੂ ਨੇ ਇਸ ਨੂੰ ਆਨੰਦ ਭਵਨ ਵਿਚੋਂ ਬਾਹਰ ਕੱਢਣ ਦੀ ਧਮਕੀ ਦਿੱਤੀ ਜੇ ਉਹ ਗਾਂਧੀ ਦੀ ਲਹਿਰ ਵਿਚ ਸ਼ਾਮਿਲ ਹੋਇਆ। ਹਾਲਾਂਕਿ ਮੋਤੀ ਲਾਲ ਖੁਦ ਵੀ ਗਾਂਧੀ ਦਾ ਪ੍ਰਸ਼ੰਸਕ ਸੀ ਤੇ ਅਗਲੇ ਸਾਲ ਕਾਂਗਰਸ ਦੇ ਅੰਮ੍ਰਿਤਸਰ ਵਿਚ ਹੋਣ ਵਾਲੇ ਅਜਲਾਸ ਦੀ ਪ੍ਰਧਾਨਗੀ ਕਰਨ ਵਾਸਤੇ ਵੀ ਮੰਨ ਗਿਆ ਸੀ।

ਕੀ ਲੋਕ ਆਜ਼ਾਦੀ ਵਾਸਤੇ ਤਿਆਰ ਵੀ ਹਨ ਕਿ ਨਹੀਂ, ਇਹ ਜਾਨਣ ਵਾਸਤੇ ਨਹਿਰੂ ਖੁਦ ਪਿੰਡਾਂ ਵਿਚ ਗਿਆ। ਇਕ ਸੂਟਡ ਬੂਟਡ ਸ਼ਹਿਰੀ ਵਾਸਤੇ ਉਹ ਬਿਲਕੁੱਲ ਵੱਖਰੇ ਕਿਸਮ ਦੀ ਦੁਨੀਆ ਸੀ। ਨਹਿਰੂ ਨੇ ਬਾਅਦ ਵਿਚ ਲਿਖਿਆ, "ਮੈਨੂੰ ਆਪਣੇ ਆਪ ਉਤੇ ਸ਼ਰਮ ਆ ਰਹੀ ਸੀ। ਅਸੀਂ ਸ਼ਹਿਰਾਂ ਵਿਚ ਕਿਤਨੀ ਸੁਖਮਈ ਜ਼ਿੰਦਗੀ ਬਤੀਤ ਕਰ ਰਹੇ ਹਾਂ ਤੇ ਉਥੇ ਪਿੰਡਾਂ ਵਿਚ ਅੱਧ ਨੰਗੇ ਤੇ ਅੱਧ ਭੁੱਖੇ ਲੋਕ ਬਹੁਤ ਕਠਨ ਜੀਵਨ ਬਸਰ ਕਰ ਰਹੇ ਹਨ।"

ਨਹਿਰੂ ਦੇ ਜੀਵਨ ਉਪਰ ਗਾਂਧੀ ਦੇ ਵਿਚਾਰਾਂ ਦਾ ਬਹੁਤ ਵੱਡਾ ਅਸਰ ਸੀ। ਇਕ ਵਕਤ ਨਹਿਰੂ ਨੇ ਸਨਿਆਸੀ ਹੋ ਜਾਣ ਦੀ ਸੋਚੀ ਸੀ। ਉਸ ਨੇ ਸਿਗਰਟ ਤੇ ਮੀਟ ਛੱਡ ਦਿੱਤਾ। ਸ਼ੰਕਾਵਾਦੀ (agnostic) ਹੋਣ ਦੇ ਬਾਵਜੂਦ ਉਸ ਨੇ ਗੀਤਾ ਪੜ੍ਹਨੀ ਸ਼ੁਰੂ ਕੀਤੀ। ਬੇਸ਼ੱਕ ਉਹ ਗਾਂਧੀ ਦੇ ਰੂੜੀਵਾਦੀ ਵਿਚਾਰਾਂ ਤੇ ਬਾਰ ਬਾਰ 'ਅੰਤਰ ਆਤਮਾ' ਦੀਆਂ ਗੱਲਾਂ ਤੋਂ ਖਿਝਦਾ ਸੀ, ਉਹ ਉਸ ਦਾ ਸਤਿਕਾਰ ਸ਼ਰਧਾ ਦੀ ਹੱਦ ਤੱਕ ਕਰਦਾ

ਸੀ। ਉਹ ਗਾਂਧੀ ਨੂੰ ਆਪਣਾ ਗੁਰੂ ਤੇ ਪਿਤਾ ਮੰਨਦਾ ਸੀ। ਓਧਰ ਗਾਂਧੀ ਵੀ ਉਹ ਨੂੰ ਆਪਣਾ ਚਹੇਤਾ ਪੁੱਤਰ ਸਮਝਦਾ ਸੀ ਤੇ ਇਥੋਂ ਤੱਕ ਸੰਤੁਸ਼ਟੀ ਰੱਖਣ ਲੱਗ ਪਿਆ ਸੀ ਕਿ ਜੇ ਉਸ ਨੂੰ ਕੁਝ ਹੋ ਜਾਵੇ ਤਾਂ ਜਵਾਹਰ ਉਸ ਦੇ ਮਿਸ਼ਨ ਨੂੰ ਅੱਗੇ ਚਲਾ ਸਕਦਾ ਹੈ।

ਜਵਾਹਰ ਦੀ ਜ਼ਿੰਦਗੀ ਵਿਚ ਮੋੜਾ ਲਿਆਉਣ ਵਾਲਾ ਦੂਜਾ ਵੱਡਾ ਕਾਰਕ ਉਸ ਦੀ ਜੇਲ ਜ਼ਿੰਦਗੀ ਸੀ। ਉਹ 9 ਵਾਰ ਜੇਲ ਗਿਆ ਤੇ ਕੁੱਲ ਮਿਲਾ ਕੇ 9 ਸਾਲ ਜੇਲ ਵਿਚ ਕੱਟੇ। ਜੇਲਾਂ ਵਿਚ ਉਸ ਨੇ ਪੜ੍ਹਾਈ ਵੀ ਬਹੁਤ ਕੀਤੀ ਤੇ ਲਿਖਾਈ ਵੀ। ਮਸ਼ਹੂਰ ਕਿਤਾਬ 'ਭਾਰਤ ਦੀ ਖੋਜ' ਤੇ 'ਸੰਸਾਰ ਇਤਿਹਾਸ 'ਤੇ ਇਕ ਝਾਤ' ਜੋ ਆਪਣੀ ਪੁੱਤਰੀ ਦੇ ਨਾਮ ਚਿੱਠੀਆਂ ਦੇ ਰੂਪ ਵਿਚ ਸੀ, ਜੇਲ ਵਿਚੋਂ ਹੀ ਲਿਖੀਆਂ ਸਨ। ਉਸ ਨੇ ਆਪਣੀ ਸਵੈ ਜੀਵਨੀ ਵੀ ਜੇਲ ਵਿਚ ਹੀ ਲਿਖੀ। ਇਹ ਕੋਈ ਖੋਜ ਕਿਤਾਬਾਂ ਨਹੀਂ ਸਨ ਪਰ ਉਸ ਦੇ ਵਿਚਾਰ ਸਨ ਜਿਹੜੇ ਕਾਫੀ ਚਰਚਾ ਵਿਚ ਰਹੇ।

ਜੇਲ ਯਾਤਰਾਵਾਂ ਨੇ ਗਾਂਧੀ ਨੂੰ ਇਨਕਲਾਬੀ ਰੰਗਤ ਵੀ ਦਿੱਤੀ। ਉਸ ਦੇ ਪਰਿਵਾਰ ਦੀ ਅਮੀਰੀ ਦੀਆਂ ਚਰਚਾਵਾਂ ਪਹਿਲਾਂ ਹੀ ਬਹੁਤ ਫੈਲ ਚੁੱਕੀਆਂ ਸਨ ਇਸ ਵਾਸਤੇ ਕਈ ਲੋਕਾਂ ਵਾਸਤੇ ਇਹ ਵੀ ਬਹੁਤ ਅਹਿਮ ਗੱਲ ਸੀ ਕਿ ਲੰਡਨ ਦੇ ਮਹਿੰਗੇ ਸਕੂਲਾਂ ਵਿਚ ਪੜ੍ਹਨ ਵਾਲਾ ਅਜਿਹਾ ਵਿਅਕਤੀ ਜਿਸ ਦੇ ਕੱਪੜੇ ਵੀ ਪੈਰਿਸ ਵਿਚ ਜਾ ਕੇ ਧੋਏ ਜਾਂਦੇ ਸਨ, ਅੱਜ ਜੇਲ ਕੱਟ ਰਿਹਾ ਹੈ।

ਨਹਿਰੂ ਸਾਮਰਾਜ ਦੇ ਖਿਲਾਫ਼ ਨਾਹਰੇ ਲਗਾਉਂਦਾ ਸੀ ਪਰ ਜੇ ਖੁਦਮੁਖਤਾਰੀ ਦੀ ਮੰਗ ਮੰਨੀ ਜਾਂਦੀ ਹੈ ਤਾਂ ਉਹ ਅੰਗਰੇਜ਼ ਸਾਮਰਾਜ ਨਾਲ ਸਮਝੌਤੇ ਵਾਸਤੇ ਵੀ ਤਿਆਰ ਸੀ। ਇਸ ਵਾਸਤੇ ਕਮਿਊਨਿਸਟ ਨਹਿਰੂ ਤੇ ਗਾਂਧੀ ਦੋਹਾਂ ਨੂੰ ਮਜ਼ਦੂਰਾਂ ਤੇ ਕਿਸਾਨਾਂ ਨਾਲ ਧੋਖਾ ਕਰਨ ਵਾਲੇ ਦੱਸਦੇ ਸਨ।

1927 ਵਿਚ ਨਹਿਰੂ ਬਹੁਤ ਦੇਰ ਦੀ ਲਟਕਦੀ ਆ ਰਹੀ ਸੋਵੀਅਤ ਯੂਨੀਅਨ ਦੀ 'ਤੀਰਥ ਯਾਤਰਾ' ਨੂੰ ਨਿਕਲਿਆ। ਮੌਕਾ ਸੋਵੀਅਤ ਇਨਕਲਾਬ ਦੀ ਦਸਵੀਂ ਵਰ੍ਹੇਗੰਢ ਸੀ। ਉਹ ਪ੍ਰਭਾਵਤ ਹੋਣ ਆਇਆ ਸੀ ਤੇ ਪ੍ਰਭਾਵਤ ਹੀ ਹੋਇਆ, ਉਸ ਸਭ ਕੁਝ ਨਾਲ ਜੋ ਉਸ ਨੂੰ ਚਾਰ ਦਿਨਾਂ ਵਿਚ ਮਾਸਕੋ ਤੇ ਉਸ ਦੇ ਆਸ ਪਾਸ ਵਿਖਾਇਆ ਗਿਆ। ਉਸ ਨੇ ਸੋਵੀਅਤ ਯੂਨੀਅਨ ਦੀ ਚਮਕਦੀ ਤਸਵੀਰ 'ਤੇ ਆਰਟੀਕਲ ਲਿਖਿਆ ਤੇ ਇਹ ਵੀ ਉਹ ਲਿਖਿਆ ਕਿ ਉਹ ਸਾਡਾ ਪੜੋਸੀ ਹੈ, ਤਾਕਤਵਰ ਪੜੋਸੀ ਤੇ ਸਾਡਾ ਉਸ ਨਾਲ ਹਮੇਸ਼ਾਂ ਵਾਸਤਾ ਰਹੇਗਾ।

ਗਾਂਧੀ ਨਹਿਰੂ ਦੇ ਸਮਾਜਵਾਦ ਪ੍ਰਤੀ ਉਤਸ਼ਾਹ ਨਾਲ ਪ੍ਰਭਾਵਤ ਨਹੀਂ ਸੀ ਕਿਉਂਕਿ ਉਹ ਸਮਝਦਾ ਸੀ ਕਿ ਸਮਾਜਵਾਦੀ ਸਿਧਾਂਤ ਦਾ ਜਮਾਤੀ ਸੰਘਰਸ਼ ਉਸ ਦੇ ਸਤਿਆਗ੍ਰਹਿ ਤੇ ਅਹਿੰਸਕ ਨਾ-ਮਿਲਵਰਤਨ ਲਹਿਰ ਦੇ ਵਿਪਰੀਤ ਹੈ। ਜਦੋਂ ਕਾਂਗਰਸ ਦੇ ਮਦਰਾਸ ਇਜਲਾਸ ਵਿਚ ਨਹਿਰੂ ਨੇ ਖੁਦ ਮੁਖਤਾਰੀ ਦੀ ਬਜਾਏ ਕੌਮੀਂ ਆਜ਼ਾਦੀ ਦਾ ਪ੍ਰਸਤਾਵ ਰੱਖਿਆ ਤਾਂ ਗਾਂਧੀ ਨਾਰਾਜ਼ ਸੀ ਤੇ ਇਸ ਨੂੰ ਕਿਹਾ ਕਿ ਤੂੰ ਜ਼ਿਆਦਾ ਤੇਜ਼ੀ ਨਾਲ ਚੱਲ ਰਿਹਾ ਹੈਂ।

ਬੇਸ਼ੱਕ ਨਹਿਰੂ ਨੇ ਕਦੇ ਵੀ ਸਮਾਜਵਾਦ ਵੱਲੋਂ ਆਪਣੀ ਪਿੱਠ ਨਹੀਂ ਮੋੜੀ ਸੀ ਪਰ

ਉਹ ਮਹਾਤਮਾ ਨੂੰ ਨਾਰਾਜ਼ ਵੀ ਨਹੀਂ ਕਰਨਾ ਚਾਹੁੰਦਾ ਸੀ। ਇਹਨਾਂ ਦੋਹਾਂ ਦਾ ਇਕ ਸਿਆਸੀ ਵਿਰੋਧੀ ਸੁਭਾਸ਼ ਚੰਦਰ ਬੋਸ ਸੀ।

1928 ਵਿਚ ਜਵਾਹਰ ਲਾਲ ਨਹਿਰੂ ਆਲ ਇੰਡਿਆ ਟਰੇਡ ਯੂਨੀਅਨ ਕਾਂਗਰਸ ਨਾਮ ਦੀ ਮਜ਼ਦੂਰ ਜਥੇਬੰਦੀ ਦਾ ਪ੍ਰਧਾਨ ਬਣ ਗਿਆ। ਉਸੇ ਸਾਲ ਕਾਂਗਰਸ ਵਿਚ ਮੋਤੀ ਲਾਲ ਨਹਿਰੂ ਦੀ ਇਕ ਰੀਪੋਰਟ ਕਰਕੇ ਫੁੱਟ ਪੈ ਗਈ। ਗਾਂਧੀ ਇਸ ਰੀਪੋਰਟ ਨੂੰ ਮੰਨਜ਼ੂਰ ਕਰਨਾ ਚਾਹੁੰਦਾ ਸੀ ਤੇ ਸੁਭਾਸ਼ ਚੰਦਰ ਬੋਸ ਦੀ ਰਾਏ ਵਿਚ ਇਹ ਰੱਦ ਕਰ ਦੇਣੀ ਚਾਹੀਦੀ ਹੈ। ਨਹਿਰੂ ਬੋਸ ਦੇ ਵਿਚਾਰਾਂ ਨਾਲ ਸਹਿਮਤ ਸੀ ਪਰ ਉਸ ਨੇ ਨਿਰਪੱਖਤਾ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਤੇ ਗਾਂਧੀ ਬਹੁਤ ਖੁਸ਼ ਹੋਇਆਂ ਤੇ ਕਈ ਵਾਰ ਨਹਿਰੂ ਦੀ ਤਾਰੀਫ਼ ਕਰਦਾ ਰਿਹਾ।

ਨਹਿਰੂ ਕੁਝ ਹੋਰ ਦੇਰ ਤੱਕ ਆਪਣੇ ਸੋਸ਼ਲਿਸਟ ਵਿਚਾਰਾਂ ਨੂੰ ਕਾਬੂ ਵਿਚ ਰੱਖਦਾ ਰਿਹਾ। ਇਸ ਬਾਰੇ ਪਰਖ ਦੀ ਘੜੀ ਮੇਰਠ ਸਾਜਿਸ਼ ਕੇਸ ਸੀ ਜਿਸ ਵਿਚ 32 ਕਮਿਊਨਿਸਟਾਂ ਉਪਰ ਰਾਜ ਧਰੋਹ ਦਾ ਮੁਕਦਮਾ ਬਣਾਇਆ ਸੀ ਤੇ ਉਹਨਾਂ ਨੂੰ ਜੇਲ ਵਿਚ ਰੱਖਿਆ ਸੀ। ਕੌਮੀ ਮੁੱਦਾ ਹੋਣ ਕਰਕੇ ਜਵਾਹਰ ਲਾਲ ਨੇ ਉਹਨਾਂ ਨਾਲ ਪੂਰੀ ਏਕਤਾ ਪ੍ਰਗਟ ਕੀਤੀ ਪਰ ਨਾਲ ਹੀ ਕਿਹਾ ਕਿ ਉਹ ਰਾਸ਼ਟਰਵਾਦੀ ਪਹਿਲਾਂ ਹੈ, ਸੋਸ਼ਲਿਸਟ ਬਾਅਦ ਵਿਚ ਤੇ ਕਮਿਊਨਿਸਟ ਕਦੇ ਵੀ ਨਹੀਂ।

ਇਸ ਤਰ੍ਹਾਂ ਗਾਂਧੀ ਨੇ ਵੀ ਨਹਿਰੂ ਨੂੰ ਕਦੇ ਮਾਯੂਸ ਨਹੀਂ ਹੋਣ ਦਿੱਤਾ। ਉਹ ਉਸ ਦੇ ਵਿਚਾਰਾਂ ਦੇ ਨਜ਼ਦੀਕ ਆ ਗਿਆ ਤੇ ਖੁਦ ਮੁਖਤਾਰੀ ਦੀ ਥਾਂ 'ਤੇ ਮੁਕੰਮਲ ਆਜ਼ਾਦੀ, 'ਸੰਪੂਰਨ ਸਵਰਾਜ' ਦੀ ਧਾਰਨਾ ਨਾਲ ਸਹਿਮਤ ਹੋ ਗਿਆ। ਕਾਂਗਰਸ ਦੇ 1929 ਦੇ ਲਾਹੌਰ ਸੈਸ਼ਨ ਵਿਚ ਜਵਾਹਰ ਲਾਲ ਨਹਿਰੂ ਪਾਰਟੀ ਦਾ ਪ੍ਰਧਾਨ ਬਣ ਗਿਆ। ਉਸ ਦਾ ਧਿਆਨ ਰਿਆਸਤਾਂ ਵਿਚ ਕਿਸਾਨਾਂ ਦੀ ਬੁਰੀ ਹਾਲਤ ਵੱਲ ਖਿੱਚਿਆ ਗਿਆ। ਉਸ ਨੇ ਕਿਸਾਨਾਂ ਤੇ ਮਜ਼ਦੂਰਾਂ ਬਾਰੇ ਕਮਿਊਨਿਸਟਾਂ ਵਾਲੇ ਨਾਹਰੇ ਦਿੱਤੇ। ਇਹ ਦਸ ਸਾਲ, 1920 ਤੋ 30 ਤੱਕ ਦੇ ਦਹਾਕੇ ਵਿਚ ਨਹਿਰੂ ਕੌਮ ਦੇ ਲੀਡਰ ਵਜੋਂ ਉਭਰ ਕੇ ਸਾਹਮਣੇ ਆਇਆ, ਗਾਂਧੀ ਤੋਂ ਬਾਅਦ ਦੂਜੇ ਨੰਬਰ ਦਾ ਨੇਤਾ ਉਹੀ ਸੀ। ਲੇਕਿਨ ਉਸ ਦੇ ਵੱਡੇ ਨੁਕਤਾਚੀਨ ਕਮਿਊਨਿਸਟ ਸਨ ਜੋ ਸਮਝਦੇ ਸਨ ਕਿ ਨਹਿਰੂ ਭਾਰਤੀ ਇਨਕਲਾਬ ਦੀ ਜਿੱਤ ਦੇ ਰਸਤੇ ਵਿਚ ਵੱਡੀ ਰੁਕਾਵਟ ਹੈ।

ਮਾਰਚ – ਅਪ੍ਰੈਲ 1930 ਵਿਚ ਨਮਕ ਦੇ ਮੋਰਚੇ ਤੋਂ ਬਾਅਦ ਸਤਿਆਗ੍ਰਹਿ ਸ਼ੁਰੂ ਹੋ ਗਿਆ ਜਿਸ ਵਿਚ ਨਹਿਰੂ ਸਮੇਤ 10,000 ਭਾਰਤੀ ਜੇਲਾਂ ਵਿਚ ਗਏ। ਉਹ ਸਿਰਫ ਕੁਝ ਦਿਨਾਂ ਵਾਸਤੇ ਪੈਰੋਲ ਉਪਰ ਆਪਣੇ ਬੀਮਾਰ ਪਿਤਾ ਨੂੰ ਮਿਲਣ ਦੀ ਖਾਤਰ ਰਿਹਾ ਹੋਇਆ। ਇਸ ਦੀ ਰਿਹਾਈ ਦੇ ਵਕਤ ਹੀ ਨਵੰਬਰ 14 ਨੂੰ ਮੋਤੀ ਲਾਲ ਨਹਿਰੂ ਨੇ ਵੱਡੀ ਪੱਧਰ ਉਪਰ ਨਹਿਰੂ ਦਾ ਜਨਮ ਦਿਨ ਮਨਾਇਆ ਜਿਸ ਦੇ ਬਦਲੇ ਦੇ ਪੱਖੋਂ ਸਰਕਾਰ ਨੇ 5,000 ਹੋਰ ਵਲੰਟੀਅਰ ਜੇਲ ਵਿਚ ਭੇਜ ਦਿੱਤੇ ਜਿਹਨਾਂ ਵਿਚ ਕਮਲਾ ਨਹਿਰੂ ਵੀ ਸ਼ਾਮਿਲ ਸੀ।

ਜਦੋਂ ਕਾਂਗਰਸ ਦੇ ਇਕੋ ਇਕ ਪ੍ਰਤੀਨਿਧ ਦੇ ਰੂਪ ਵਿਚ ਗਾਂਧੀ ਲੰਦਨ ਵਿਚ ਗੋਲ ਮੇਜ਼ ਕਾਨਫਰੰਸ ਵਿਚ ਹਾਜ਼ਰੀ ਭਰ ਰਿਹਾ ਸੀ, ਨਹਿਰੂ ਪਿੱਛੇ ਰਹਿ ਕੇ ਯੂ ਪੀ ਦੇ ਕਿਸਾਨਾਂ ਵਿਚ ਲਗਾਨ ਨਾ ਭਰਨ ਦਾ ਮੋਰਚਾ ਲਗਾ ਰਿਹਾ ਸੀ। ਉਹ ਛੇਵੀਂ ਵਾਰ ਜੇਲ ਗਿਆ। ਜੇਲ ਦੇ ਅੰਦਰ ਦੂਸਰੀ ਵੱਡੀ ਸੰਸਾਰ ਜੰਗ ਦੇ ਸ਼ੁਰੂਆਤੀ ਦਿਨਾਂ ਦੀਆਂ ਘਟਨਾਵਾਂ ਵੱਲ ਧਿਆਨ ਦੇਣ ਲੱਗਾ। ਇਟਲੀ ਵਿਚ ਮਸੋਲੀਨੀ ਨੇ ਤਾਕਤ ਹਥਿਆ ਲਈ ਸੀ, ਜਰਮਨੀ ਵਿਚ ਹਿਟਲਰ ਅੱਗੇ ਵਧ ਰਿਹਾ ਸੀ। ਜਪਾਨ ਨੇ ਮਨਚੂਰੀਆ 'ਤੇ ਕਬਜ਼ਾ ਕਰ ਲਿਆ ਸੀ। ਪੱਛਮੀ ਲੋਕ ਰਾਜੀ ਤਾਕਤਾਂ ਫਾਸ਼ਿਜ਼ਮ ਦੇ ਹਮਲੇ ਤੋਂ ਪਿਛਾਂਹ ਹਟ ਰਹੀਆਂ ਸਨ। ਇਕੋ ਸੋਵੀਅਤ ਯੂਨੀਅਨ ਡਟਿਆ ਹੋਇਆ ਸੀ। ਨਹਿਰੂ ਸਟਾਲਿਨ ਦੇ ਤੌਰ ਤਰੀਕਿਆਂ ਨੂੰ ਪਸੰਦ ਨਹੀਂ ਕਰਦਾ ਸੀ ਪਰ ਉਹ ਉਸ ਹਾਲਾਤ ਵਿਚ ਸੋਵੀਅਤ ਯੂਨੀਅਨ ਦੀ ਤਾਰੀਫ਼ ਕਰਨ ਤੋਂ ਰੁਕ ਨਹੀਂ ਸਕਿਆ। ਉਸ ਦਾ ਬਿਆਨ ਸੀ, "ਮੈਂ ਸਮਝਦਾ ਹਾਂ ਕਿ ਅੱਜ ਦੁਨੀਆ ਦੇ ਸਾਹਮਣੇ ਚੋਣ ਕਿਸੇ ਨਾ ਕਿਸੇ ਕਿਸਮ ਦੇ ਕਮਿਊਨਿਜ਼ਮ ਦੀ ਹੈ ਜਾਂ ਕਿਸੇ ਨਾ ਕਿਸੇ ਕਿਸਮ ਦੇ ਫਾਸ਼ਇਜ਼ਮ ਦੀ। ਮੈਂ ਪਹਿਲੇ ਨੂੰ ਚੁਣਾਂਗਾ, ਕਮਿਊਨਿਜ਼ਮ ਨੂੰ, ਇਸ ਵਿਚ ਕੋਈ ਵਿਚਕਾਰਲਾ ਰਸਤਾ ਵੀ ਨਹੀਂ ਹੈ"।

ਜਦੋਂ ਗਾਂਧੀ ਅੰਗਰੇਜ਼ਾਂ ਵੱਲੋਂ ਤਿਆਰ ਕੀਤਾ 'ਫਿਰਕੂ ਬੰਦੋਬਸਤ' ਜਾਂ ਕਮਿਊਨਲ ਆਵਾਰਡ ਦੇ ਖਿਲਾਫ਼ ਮੋਰਚਾਬੰਦੀ ਕਰ ਰਿਹਾ ਸੀ ਅਤੇ ਆਪਣੇ ਆਪ ਦੀ ਸ਼ੁੱਧੀ ਵਾਸਤੇ ਵਰਤ ਰੱਖ ਰਿਹਾ ਸੀ, ਨਹਿਰੂ ਡੂੰਘੀ ਫਿਲਾਸਫਾਨਾਂ ਪੜ੍ਹਾਈ ਵਿਚ ਲੱਗਾ ਸੀ ਤੇ ਜਾਂ ਤਪਦਿਕ ਦੀ ਮਰੀਜ਼ ਬਣ ਗਈ ਆਪਣੀ ਪਤਨੀ ਦੀ ਸੇਵਾ ਵਿਚ। ਜਦੋਂ ਉਸ ਨੂੰ ਪਤਨੀ ਦੇ ਇਲਾਜ ਵਾਸਤੇ ਜੇਲ ਵਿਚੋਂ ਕੁਝ ਦੇਰ ਦੀ ਰਿਹਾਈ ਮਿਲੀ ਤਾਂ ਉਸ ਨੇ ਗਰਮ ਤਕਰੀਰਾਂ ਕੀਤੀਆਂ। ਉਸ ਨੂੰ ਦੋ ਸਾਲ ਦੀ ਕੈਦ ਹੋ ਗਈ। ਉਸ ਦੀ ਅਗਲੀ ਰਿਹਾਈ ਵੇਲੇ ਕਮਲਾ ਦੀ ਹਾਲਤ ਹੋਰ ਖਰਾਬ ਹੋ ਗਈ ਸੀ। ਨਹਿਰੂ ਉਸ ਨੂੰ ਇਲਾਜ ਵਾਸਤੇ ਸਵਿਟਜ਼ਰਲੈਂਡ ਲੈ ਗਿਆ ਪਰ ਉਸ ਦਾ ਕੋਈ ਲਾਭ ਨਹੀਂ ਮਿਲਿਆ, ਉਸ ਦੀ ਉਥੇ 28 ਫਰਵਰੀ, 1936 ਨੂੰ ਮੌਤ ਹੋ ਗਈ।

ਨਹਿਰੂ ਨੇ ਕੁਝ ਹਫ਼ਤੇ ਯੂਰਪ ਵਿਚ ਗੁਜ਼ਾਰੇ। ਉਸ ਨੇ ਵੇਖਿਆ ਕਿ ਨਾਜ਼ੀ ਤੇ ਫਾਸ਼ਿਸਟ ਪਾਰਟੀਆਂ ਆਪਸ ਵਿਚ ਤਾਲਮੇਲ ਕਰ ਰਹੀਆਂ ਹਨ। ਉਹ ਉਹਨਾਂ ਦੀਆਂ ਨਸਲਪ੍ਰਸਤੀ ਤੇ ਬਸਤੀਵਾਦੀ ਨੀਤੀਆਂ ਨੂੰ ਗਹੁ ਨਾਲ ਵੇਖ ਰਿਹਾ ਸੀ। ਵਾਪਸੀ ਉਪਰ ਨਹਿਰੂ ਨੂੰ ਇਕ ਗੱਲ ਦੀ ਖੁਸ਼ੀ ਹੋਈ ਕਿ ਉਸ ਨੇ ਮਸੋਲੀਨੀ ਵੱਲੋਂ ਮੁਲਾਕਾਤ ਦੀ ਪੇਸ਼ਕੱਸ਼ ਠੁਕਰਾ ਦਿੱਤੀ ਸੀ।

ਭਾਰਤ ਦੇ ਹਲਾਤ ਵੀ ਬਹੁਤ ਬਦਲ ਗਏ ਸਨ। ਬ੍ਰਿਟਿਸ਼ ਪਾਰਲੀਮੈਂਟ ਨੇ ਗਵਰਨਮੈਂਟ ਆਫ਼ ਇੰਡਿਆ ਐਕਟ, 1935 ਪਾਸ ਕੀਤਾ। ਕਾਂਗਰਸ ਦਾ ਸੋਸ਼ਲਿਸਟ ਵਿੰਗ ਇਸ ਦਾ ਵਿਰੋਧ ਕਰ ਰਿਹਾ ਸੀ ਤੇ ਦੂਸਰੇ ਕਈ ਸਹਿਮਤ ਵੀ ਸਨ। ਇਸ ਦੇ ਬਾਵਜੂਦ ਇਸ ਦੇ ਮੁਤਾਬਕ ਹੋਣ ਵਾਲੇ ਚੂਨਾਵ ਵਿਚ ਕਾਂਗਰਸ ਨੇ ਸ਼ਿਰਕਤ ਕੀਤੀ। ਕਾਂਗਰਸ ਦਾ ਪ੍ਰਧਾਨ ਹੋਣ ਦੇ ਨਾਤੇ ਨਹਿਰੂ ਨੇ ਕਾਫੀ ਵੱਡੀ ਮਿਹਨਤ ਕੀਤੀ। ਉਸ ਨੇ 50,000 ਮੀਲ ਤੱਕ ਦਾ ਸਫ਼ਰ ਕੀਤਾ ਤੇ ਕਰੀਬ ਇਕ ਕਰੋੜ ਲੋਕਾਂ ਸਾਹਮਣੇ ਤਕਰੀਰਾਂ

ਕੀਤੀਆਂ। ਇਹਨਾਂ ਵੋਟਾਂ ਵਿਚ ਕਾਂਗਰਸ ਨੂੰ ਭਾਰੀ ਜਿੱਤ ਹੋਈ। ਗਿਆਰਾਂ ਵਿਚੋਂ 7 ਪ੍ਰਾਂਤਾਂ ਵਿਚ ਇਸ ਦੀਆਂ ਬਹੁਗਿਣਤੀ ਸੀਟਾਂ ਆਈਆਂ ਤੇ ਤਿੰਨਾਂ ਵਿਚ ਇਹ ਸਭ ਤੋਂ ਵੱਡੀ ਪਾਰਟੀ ਬਣ ਕੇ ਸਾਹਮਣੇ ਆਈ।

1937 ਦੀਆਂ ਇਹਨਾਂ ਚੋਣਾਂ ਵਿਚ ਮੁਸਲਿਮ ਲੀਗ ਦਾ ਪੱਲੜਾ ਕਮਜ਼ੋਰ ਰਿਹਾ ਸੀ। ਇਸ ਹਾਰ ਤੋਂ ਬੁਖਲਾ ਕੇ ਪਾਰਟੀ ਫਿਰਕੂ ਨਾਹਰਿਆਂ ਵੱਲ ਆ ਗਈ। ਉਹਨਾਂ ਨੇ ਹਿੰਦੂ-ਕਾਂਗਰਸ ਸ਼ਾਜਿਸ਼ ਦਾ ਖਤਰਾ ਦੱਸਿਆ।

1938 ਵਿਚ ਨਹਿਰੂ ਇਕ ਵਾਰ ਫਿਰ ਯੂਰਪ ਦੇ ਦੌਰੇ 'ਤੇ ਗਿਆ। ਸਪੇਨ ਦੀ ਚੁਣੀ ਹੋਈ ਸਰਕਾਰ ਤੇ ਫਾਸ਼ਿਸਟ ਬਾਗੀਆਂ ਵਿਚਕਾਰ ਘਰੇਲੂ ਜੰਗ ਸ਼ੁਰੂ ਹੋ ਗਈ ਸੀ। ਆਸਟਰੀਆ ਵਿਚ ਨਾਜ਼ੀਆਂ ਦੀ ਹਿੰਸਕ ਪਰੇਡ ਦਾ ਪੱਛਮ ਦੀਆਂ ਲੋਕ ਰਾਜੀ ਸ਼ਕਤੀਆਂ ਸਿਰਫ ਖੰਡਨ ਹੀ ਕਰ ਸਕੀਆਂ, ਹੋਰ ਕੁਝ ਨਹੀਂ। ਨਹਿਰੂ ਪਹਿਲਾਂ ਨਾਲੋਂ ਵੀ ਵਧ ਕੇ ਇਹ ਵਿਸ਼ਵਾਸ ਲੈ ਕੇ ਵਤਨ ਵਾਪਸ ਆਇਆ ਕਿ ਆਜ਼ਾਦ ਦੁਨੀਆ ਵਾਸਤੇ ਸੋਵੀਅਤ ਯੂਨੀਅਨ ਵਾਲੇ ਸੋਸ਼ਲਿਜ਼ਮ ਦਾ ਹੀ ਇਕ ਸਾਹਰਾ ਰਹਿ ਗਿਆ ਹੈ। ਉਸ ਸਾਲ ਦੇ ਅਖੀਰ ਵਿਚ ਉਸ ਨੇ ਕੁਝ ਦਿਨ ਚੀਨ ਵਿਚ ਚਿਆਂਗ ਕਾਈ ਸ਼ੈਕ ਦੇ ਮਹਿਮਾਨ ਦੇ ਵਜੋਂ ਬਤੀਤ ਕੀਤੇ। ਏਸ਼ੀਆ ਵਿਚ ਅਮਨ ਤੇ ਲੋਕ ਰਾਜ ਨੂੰ ਉਹ ਭਾਰਤ ਚੀਨ ਦੋਸਤੀ ਵਿਚ ਸਮਝਦੇ ਸਨ।

ਆਪਣੇ ਸੋਸ਼ਲਿਸਟ ਵਿਚਾਰਾਂ ਉਪਰ ਪੱਕੇ ਰਹਿੰਦਿਆਂ ਨਹਿਰੂ ਨੂੰ ਮੌਕੇ ਦੀਆਂ ਸਮੱਸਿਆਵਾਂ ਨਾਲ ਵੀ ਉਲਝਣਾ ਪੈਣਾ ਸੀ। ਉਸ ਦੀ ਲੀਡਰਸ਼ਿੱਪ ਨੂੰ ਦੋ ਪਾਸਿਓਂ ਖਤਰਾ ਸੀ, ਸੁਭਾਸ਼ ਚੰਦਰ ਬੋਸ ਵੱਲੋਂ ਤੇ ਸਰਦਾਰ ਪਟੇਲ ਵੱਲੋਂ ਜਿਸ ਨੂੰ ਲੋਹ ਪੁਰਸ਼ ਦਾ ਰੁਤਬਾ ਮਿਲਿਆ ਹੋਇਆ ਸੀ। ਲੇਕਿਨ ਮੁੱਖ ਮੁਕਾਬਲਾ ਬੋਸ ਨਾਲ ਸੀ ਜੋ ਨਹਿਰੂ ਤੋਂ ਛੋਟਾ ਸੀ, ਉਮਰ ਵਿਚ ਵੀ ਤੇ ਲਿਆਕਤ ਵਿਚ ਵੀ ਪਰ ਚੰਗਾਂ ਭਾਸ਼ਣ ਕਰਤਾ ਸੀ। ਉਸ ਦੇ ਬਹੁਤੇ ਵਿਚਾਰਾਂ ਨਾਲ ਨਹਿਰੂ ਸਹਿਮਤ ਸੀ ਪਰ ਕਿਸੇ ਵੀ ਤਰ੍ਹਾਂ ਗਾਂਧੀ ਨੂੰ ਪਾਸੇ ਕਰਨ ਦੇ ਹੱਕ ਵਿਚ ਨਹੀਂ ਸੀ। ਪਾਰਟੀ ਦੇ ਤਰੀਪੁਰਾ ਸੈਸ਼ਨ (1938 ਈਸਵੀ) ਵਿਚ ਸੁਭਾਸ਼ ਚੰਦਰ ਬੋਸ ਗਾਂਧੀ ਨੂੰ ਹਰਾ ਕੇ ਪ੍ਰਧਾਨ ਬਣ ਗਿਆ ਸੀ ਪਰ ਕੁਝ ਹੀ ਮਹੀਨੇ ਬਾਅਦ ਕਾਂਗਰਸ ਤੋਂ ਅਸਤੀਫ਼ਾ ਦੇ ਕੇ ਉਸ ਨੇ ਫਾਰਵਰਡ ਬਲਾਕ ਨਾਂ ਦੀ ਪਾਰਟੀ ਬਣਾ ਲਈ ਜੋ ਅਸਰਦਾਰ ਨਹੀਂ ਹੋ ਸਕੀ।

1938 ਦੀਆਂ ਗਰਮੀਆਂ ਤੱਕ ਹਿਟਲਰ ਯੂਰਪ ਵਿਚ ਫੌਜੀ ਹਮਲੇ ਵਾਸਤੇ ਤਿਆਰ ਸੀ। ਕਾਂਗਰਸ ਪਾਰਟੀ ਨੇ ਆਪਣੀ ਨੀਤੀ ਤੈਅ ਕੀਤੀ ਕਿ ਇਹ ਪੂਰੀ ਤਰ੍ਹਾਂ ਨਾਜ਼ੀਵਾਦ ਦੇ ਵਿਰੁੱਧ ਹੈ ਪਰ ਇੰਗਲੈਂਡ ਭਾਰਤੀਆਂ ਦੀ ਹਮਾਇਤ ਨੂੰ ਪੱਕਾ ਨਾ ਸਮਝੇ। ਉਸ ਨੇ ਕਿਹਾ ਕਿ ਇੰਗਲੈਂਡ ਭਾਰਤ ਦੀ ਆਜ਼ਾਦੀ ਦਾ ਐਲਾਨ ਕਰੇ ਤੇ ਮੁਲਕ ਦਾ ਅੰਦਰੂਨੀ ਇੰਤਜ਼ਾਮ ਕਾਂਗਰਸ ਦੇ ਸਪੁਰਦ ਕਰੇ। ਅੰਗਰੇਜ਼ਾਂ ਨੇ ਇਹ ਗੱਲ ਪ੍ਰਵਾਨ ਨਹੀ ਕੀਤੀ ਪਰ ਵਾਇਸਰਾਏ ਲਾਰਡ ਲਿਨਲਿੱਥਗੋ ਨੇ ਕਿਸੇ ਵੀ ਭਾਰਤੀ ਨੇਤਾ ਨਾਲ ਸਲਾਹ ਕੀਤੇ ਬਗੈਰ ਬਿਆਨ ਦੇ ਦਿੱਤਾ ਕਿ ਇਸ ਲੜਾਈ ਵਿਚ ਭਾਰਤ ਪੂਰੀ ਤਰ੍ਹਾਂ ਬ੍ਰਤਾਨੀਆ ਦਾ ਸਾਥ ਦੇਵੇਗਾ।

ਵਾਇਸਰਾਏ ਦਾ ਬਿਆਨ ਇਸ ਆਦਾਰ ਉਪਰ ਸੀ ਕਿ ਲੜਾਕਾ ਫੌਜ ਜਿਹਨਾਂ ਹਲਕਿਆਂ ਵਿਚੋਂ ਆ ਰਹੀ ਹੈ, ਉਹਨਾਂ ਵਿਚ ਕਾਂਗਰਸ ਦਾ ਕੋਈ ਖਾਸ ਅਸਰ ਨਹੀਂ, ਇਹ ਸਿੱਖ, ਮੁਸਲਿਮ, ਰਾਜਪੂਤ, ਗੋਰਖਾ ਤੇ ਜਾਟ ਵਗੈਰਾ ਸਨ। ਦੇਸੀ ਰਿਆਸਤਾਂ ਦੇ ਰਾਜਿਆਂ ਨੇ ਵਾਇਸਰਾਏ ਦੀ ਹਾਮੀ ਭਰੀ ਤੇ ਆਪਣੀ ਫੌਜ ਤੇ ਪੈਸਾ ਲੜਾਈ ਵਾਸਤੇ ਲਗਾਉਣ ਦੇ ਵਾਅਦੇ ਕੀਤੇ।

ਨਹਿਰੂ ਦੋ ਚਿੱਤੀ ਵਿਚ ਫਸਿਆ ਸੀ। ਉਹ ਬਹੁਤ ਚਾਹੁੰਦਾ ਸੀ ਕਿ ਫਾਸ਼ਿਜ਼ਮ ਦੇ ਖਿਲਾਫ ਲੜਾਈ ਵਿਚ ਵੱਧ ਚੜ੍ਹ ਕੇ ਹਿੱਸਾ ਪਾਏ ਤੇ ਚਾਹੁੰਦਾ ਸੀ ਕਿ ਕੁਝ ਮੰਗਾਂ ਮੰਨ ਕੇ ਤੇ ਆਜ਼ਾਦੀ ਦਾ ਇਕਰਾਰ ਕਰਕੇ ਅੰਗਰੇਜ਼ ਸਰਕਾਰ ਉਸ ਨੂੰ ਮੌਕਾ ਦੇਵੇ। ਇਕ ਤਾਂ ਇਹ ਗੱਲ ਨਹੀਂ ਬਣ ਸਕੀ ਤੇ ਦੂਜਾ ਬਾਕੀ ਕਾਂਗਰਸੀਆਂ ਦੀ ਤਰ੍ਹਾਂ ਉਹ ਵੀ ਸੋਚਦਾ ਸੀ ਕਿ ਜੇ ਲੜਾਈ ਵਿਚ ਫਸੇ ਅੰਗਰੇਜ਼ਾਂ ਉਪਰ ਆਜ਼ਾਦੀ ਦਾ ਦਬਾਓ ਨਹੀਂ ਪਾਇਆ ਤਾਂ ਹੋ ਸਕਦਾ ਹੈ ਕਿ ਅਜਿਹਾ ਮੌਕਾ ਫਿਰ ਲੰਬੀ ਦੇਰ ਤੱਕ ਨਾ ਆਵੇ।

ਇਕ ਪਾਸੇ ਕਾਂਗਰਸ ਦਾ ਰੁਖ ਸੀ ਕਿ 'ਹੁਣ ਜਾਂ ਕਦੇ ਵੀ ਨਹੀਂ' ਤੇ ਦੂਜੇ ਪਾਸੇ ਸਰਕਾਰ ਸਮਝ ਰਹੀ ਸੀ ਕਿ ਉਹਨਾਂ ਨੂੰ ਲੜਾਈ ਵਾਸਤੇ ਆਦਮੀ ਤੇ ਪੈਸਾ ਸਭ ਮਿਲ ਰਿਹਾ ਹੈ। ਇਸ ਤਰ੍ਹਾਂ ਇਹਨਾਂ ਦੋਹਾਂ ਤਾਕਤਾਂ ਦੀ ਟੱਕਰ ਹੋ ਗਈ। ਜਦੋਂ ਫਰੰਟ ਉਪਰ ਅੰਗਰੇਜ਼ਾਂ ਦੀ ਹਾਰ ਤੋਂ ਬਾਅਦ ਹਾਰ ਹੋ ਰਹੀ ਸੀ ਤਾਂ ਗਾਂਧੀ ਨੇ 'ਭਾਰਤ ਛੱਡੋ' ਦਾ ਨਾਹਰਾ ਲਗਾ ਦਿੱਤਾ। ਸਰਕਾਰ ਨੇ ਕੋਈ ਗੱਲ ਨਹੀਂ ਮੰਨੀ ਤੇ ਲੀਡਰਾਂ ਨੂੰ ਜੇਲਾਂ ਵਿਚ ਭਰਨਾ ਸ਼ੁਰੂ ਕਰ ਦਿੱਤਾ। ਇਸ ਵਾਰ ਦੰਗੇ ਫਸਾਦ ਹੋਏ, ਰੇਲਾਂ ਦੀਆਂ ਪਟੜੀਆਂ ਤੇ ਤਾਰਾਂ ਦੇ ਖੰਭੇ ਵੀ ਉਖਾੜੇ ਗਏ, ਕਈ ਜਗ੍ਹਾ ਸਰਕਾਰੀ ਦਫ਼ਤਰਾਂ ਤੋਂ ਅੰਗਰੇਜ਼ ਝੰਡੇ ਉਤਾਰੇ ਗਏ ਪਰ ਸਰਕਾਰ ਦਾ ਸਾਰਾ ਜ਼ੋਰ ਹੇਠਲੇ ਲੀਡਰਾਂ ਦੀਆਂ ਵੀ ਵੱਡੇ ਪੈਮਾਨੇ ਦੀਆਂ ਗਰਿਫ਼ਤਾਰੀਆਂ ਸਨ। ਨਹਿਰੂ ਤਿੰਨ ਸਾਲ ਜੇਲ ਵਿਚ ਰਿਹਾ ਜਿਸ ਦਾ ਇਸ ਨੇ ਲਾਭ 'ਭਾਰਤ ਦੀ ਖੋਜ' ਲਿਖ ਕੇ ਪ੍ਰਾਪਤ ਕੀਤਾ। ਇਹਨਾਂ ਤਿੰਨਾਂ ਸਾਲਾਂ ਵਿਚ ਆਲਮੀ ਜੰਗ ਦਾ ਪਲੜਾ ਫਾਸਿਸ਼ਟਾਂ ਦੇ ਵਿਰੁੱਧ ਹੋ ਗਿਆ। ਨਹਿਰੂ ਦਾ ਮੁੱਖ ਸ਼ਰੀਕ ਸੁਭਾਸ਼ ਚੰਦਰ ਬੋਸ ਭਾਰਤ ਦੇ ਮਾਮਲਿਆਂ ਤੋਂ ਬਾਹਰ ਹੋ ਗਿਆ। ਜਾਪਾਨ ਦਾ ਲੱਕ ਟੁੱਟਣ ਨਾਲ ਆਜ਼ਾਦ ਹਿੰਦ ਫੌਜ ਵੀ ਬੈਠ ਗਈ।

ਦੂਸਰੀ ਤਬਦੀਲੀ ਇਹ ਹੋਈ ਕਿ ਜਦੋਂ ਨਹਿਰੂ ਤੇ ਕਾਂਗਰਸ ਦੇ ਹੋਰ ਵੱਡੇ ਨੇਤਾ ਜੇਲਾਂ ਵਿਚ ਸਨ, ਸਾਰਾ ਮੈਦਾਨ ਮੁਸਲਿਮ ਲੀਗ ਦੇ ਮੁਹੰਮਦ ਅਲੀ ਜਿਨਾਹ ਵਾਸਤੇ ਖਾਲੀ ਮਿਲ ਗਿਆ। ਹੁਣ ਤੱਕ ਉਹ ਕਾਇਦੇ ਆਜ਼ਮ ਯਾਨੀ ਮਹਾਨ ਲੀਡਰ ਬਣ ਚੁਕਾ ਸੀ। ਉਸ ਨੇ ਭਾਰਤੀ ਮੁਸਲਮਾਨਾਂ ਨੂੰ ਕਾਇਲ ਕੀਤਾ ਕਿ ਅੰਗਰੇਜ਼ਾਂ ਨੇ ਜਲਦੀ ਭਾਰਤ ਤੋਂ ਚਲੇ ਜਾਣਾ ਹੈ ਤੇ ਹਿੰਦੂ ਬਹੁ ਗਿਣਤੀ ਮੁਸਲਮਾਨਾਂ ਨੂੰ ਬੁਰੀ ਤਰ੍ਹਾਂ ਤੰਗ ਕਰੇਗੀ।

ਜੰਗ ਖ਼ਤਮ ਹੋ ਗਈ ਤੇ 1945 ਵਿਚ ਨਹਿਰੂ ਨੂੰ ਜੇਲ ਵਿਚੋਂ ਰਿਹਾ ਕਰ ਦਿੱਤਾ। ਇੰਗਲੈਂਡ ਵਿਚ ਸੋਸ਼ਲਿਸਟਾਂ ਦੀ ਸਰਕਾਰ ਆ ਗਈ। ਪ੍ਰਧਾਨ ਮੰਤਰੀ ਐਟਲੀ ਨੇ ਐਲਾਨ ਕਰ ਦਿੱਤਾ ਕਿ ਭਾਰਤ ਵਿਚ ਨਵੀਆਂ ਚੋਣਾਂ ਤੋਂ ਬਾਅਦ ਉਥੋਂ ਦਾ ਪ੍ਰਸ਼ਾਸਨ ਭਾਰਤੀਆਂ ਦੇ ਹਵਾਲੇ ਕਰ ਦਿੱਤਾ ਜਾਵੇਗਾ।

ਨਹਿਰੂ ਨੇ ਲੋਕਾਂ ਦਾ ਮੂਡ ਸਮਝਿਆ। ਉਹ ਕਦੇ ਵੀ ਸੁਭਾਸ਼ ਚੰਦਰ ਬੋਸ ਨੂੰ ਪਸੰਦ ਨਹੀਂ ਕਰਦਾ ਸੀ ਤੇ ਨਾ ਹੀ ਆਜ਼ਾਦ ਹਿੰਦ ਫੌਜ ਦੇ ਵਿਚਾਰ ਨੂੰ ਪਰ ਲੋਕਾਂ ਵਿਚ ਉਸ ਦੀ ਹੋ ਚੁਕੀ ਚਰਚਾ ਕਰਕੇ ਇਸ ਨੇ ਵੀ ਸੁਭਾਸ਼ ਵਾਲੇ ਹੀ ਨਾਹਰੇ 'ਜੈ-ਹਿੰਦ' ਤੇ 'ਦਿੱਲੀ ਚਲੋ' ਨੂੰ ਚੁੱਕ ਲਿਆ। ਉਸ ਨੇ ਬੰਗਾਲ, ਬਿਹਾਰ ਤੇ ਉੜੀਸਾ ਦੀਆਂ ਜੇਲਾਂ ਵਿਚ ਬੰਦ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੂੰ ਰਿਹਾ ਕਰਵਾਉਣ ਵਿਚ ਵੱਡੀ ਭੂਮਿਕਾ ਅਦਾ ਕੀਤੀ। ਜਿਹੜੇ ਤਿੰਨ ਚੋਟੀ ਦੇ ਜਰਨੈਲਾਂ ਉਪਰ ਅੰਗਰੇਜ਼ਾਂ ਨੇ ਦੇਸ਼ ਧਰੋਹ ਦਾ ਮੁਕਦਮਾ ਚਲਾ ਕੇ ਅੰਦਰ ਕੀਤਾ ਹੋਇਆ ਸੀ, ਨਹਿਰੂ ਨੇ ਉਹਨਾਂ ਦੇ ਬਚਾਓ ਪੱਖ ਦੀ ਵਕਾਲਤ ਕੀਤੀ। ਇਹਨਾਂ ਉਪਰ ਦੋਸ਼ ਸਾਬਿਤ ਤਾਂ ਹੋ ਗਏ ਪਰ ਰਿਹਾ ਕਰ ਦਿੱਤੇ ਗਏ। ਇਸ ਦਾ ਸੇਹਰਾ ਵੀ ਨਹਿਰੂ ਨੇ ਆਪਣੇ ਸਿਰ ਲਿਆ। ਇਹਨਾਂ ਵਿਚੋਂ ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਸਿੱਖ ਸੀ। ਅਗਲੀਆਂ ਚੋਣਾਂ ਵਿਚ ਕਾਂਗਰਸ ਹਿੰਦੂ ਸੀਟਾਂ ਜਿੱਤ ਗਈ। ਹੁਣ ਨਹਿਰੂ ਨੇ ਆਜ਼ਾਦ ਹਿੰਦ ਫੌਜ ਵਾਲਾ ਪੱਤਾ ਵੀ ਉਤਾਰ ਦਿੱਤਾ ਸੀ। ਜਦੋਂ ਫੌਜ ਨੇ ਇਹਨਾਂ ਦੀ ਮੁੜ ਭਰਤੀ ਤੋਂ ਇਨਕਾਰ ਕੀਤਾ ਤਾਂ ਨਹਿਰੂ ਵੀ ਸਹਿਮਤ ਸੀ।

ਨਹਿਰੂ ਅਜੇ ਵੀ ਨਹੀਂ ਸਮਝ ਰਿਹਾ ਸੀ ਕਿ ਮੁਸਲਮਾਨਾਂ ਵਿਚ ਹਿੰਦੂ ਬਹੁਗਿਣਤੀ ਦੇ ਦਬਾਓ ਦਾ ਕਿਤਨਾ ਵੱਡਾ ਸਹਿਮ ਭਰਿਆ ਪਿਆ ਸੀ। ਇਹ, ਗਾਂਧੀ ਤੇ ਕਾਂਗਰਸ ਦੇ ਹੋਰ ਲੀਡਰ ਸਿਰਫ ਤਕਰੀਰਾਂ ਨਾਲ ਹੀ ਇਹ ਡਰ ਕੱਢਣ ਦੀ ਕੋਸ਼ਿਸ਼ ਕਰਦੇ ਰਹੇ ਪਰ ਕਾਮਯਾਬੀ ਨਹੀਂ ਮਿਲੀ। ਤਾਜ਼ਾ ਚੁਨਾਵ ਨੇ ਸਾਰਿਆਂ ਨੂੰ ਸਾਫ਼ ਕਰ ਦਿੱਤਾ ਕਿ ਮੁਸਲਮਾਨ ਕੋਈ ਵੱਡਾ ਨਿਰਣਾ ਮੰਗਦੇ ਨੇਂ, ਇਹ ਸਿਰਫ਼ ਨਹਿਰੂ ਤੇ ਗਾਂਧੀ ਨੂੰ ਹੀ ਸਾਫ਼ ਨਹੀਂ ਸੀ। ਮੁਸਲਮਾਨ ਬਹੁ ਗਿਣਤੀ ਦੇ ਸਾਰੇ ਸੂਬਿਆਂ ਵਿਚ ਮੁਸਲਿਮ ਲੀਗ ਜਿੱਤ ਗਈ ਸਿਰਫ ਫਰੰਟੀਅਰ ਦਾ ਸੂਬਾ ਛੱਡ ਕੇ। ਬ੍ਰਿਟਿਸ਼ ਕੈਬਨਿਟ ਨੇ ਵੀ ਕਾਂਗਰਸ ਨੂੰ ਕਿਹਾ ਸੀ ਕੁਝ ਲੈ ਦੇ ਕੇ ਮੁਸਲਿਮ ਲੀਗ ਨੂੰ ਖੁਸ਼ ਕਰੋ ਪਰ ਕਾਂਗਰਸ ਦੇ ਲੀਡਰ ਨਹੀਂ ਮੰਨੇ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਚੁਕਾਣੀ ਪਈ।

ਅੰਗਰੇਜ਼ਾਂ ਵੱਲੋਂ ਤਾਕਤ ਦੀ ਤਬਦੀਲੀ ਵੇਲੇ ਦਾ ਮੁੱਖ ਮੁਕਾਬਲਾ ਨਹਿਰੂ ਤੇ ਪਟੇਲ ਦੇ ਵਿਚਕਾਰ ਸੀ। ਸਭ ਸਮਝਦੇ ਸਨ ਕਿ ਅੰਗਰੇਜ਼ਾਂ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਹੀ ਆਰਜ਼ੀ ਸਰਕਾਰ ਦਾ ਪ੍ਰਧਾਨ ਮੰਤਰੀ ਪਦ ਸੰਭਾਲਣ ਵਾਸਤੇ ਕਹਿਣਾ ਹੈ। ਸਰਦਾਰ ਪਟੇਲ ਪ੍ਰਧਾਨਗੀ ਵਾਸਤੇ ਤਕੜਾ ਉਮੀਦਵਾਰ ਸੀ। ਪਾਰਟੀ ਦਾ ਗੈਰ-ਉਦਾਰਵਾਦੀ (conservative) ਧੜਾ ਪਟੇਲ ਦੇ ਪਿੱਛੇ ਸੀ ਤੇ ਉਸ ਨੂੰ ਨਹਿਰੂ ਦੇ ਮੁਕਾਬਲੇ ਚੰਗਾ ਪ੍ਰਸ਼ਾਸਕ ਵੀ ਸਮਝਿਆ ਜਾਂਦਾ ਸੀ। ਓਧਰ ਗਾਂਧੀ ਕਈ ਕਾਰਨਾਂ ਕਰਕੇ ਪਟੇਲ ਦੇ ਹੱਕ ਵਿਚ ਨਹੀਂ ਸੀ। ਇਕ ਤਾਂ ਉਸ ਦੀ ਉਮਰ 72 ਸਾਲ ਦੀ ਹੋ ਗਈ ਸੀ ਤੇ ਨਹਿਰੂ ਅਜੇ 52 ਸਾਲ ਦਾ ਸੀ। ਦੂਜਾ ਉਸ ਦਾ ਸਾਫ਼ ਕਹਿਣਾ ਸੀ ਕਿ ਪਟੇਲ ਵਿਚ ਤੰਗ ਨਜ਼ਰੀ ਹੈ, ਉਹ ਮੁਸਲਮਾਨਾਂ ਨੂੰ ਬਰਾਬਰੀ ਵਿਚ ਨਹੀਂ ਰੱਖ ਸਕਦਾ ਅਤੇ ਇਸ ਕਰਕੇ ਕਾਂਗਰਸ ਵਿਚਲੇ ਮੁਸਲਮਾਨ ਮੈਂਬਰ ਵੀ ਪਟੇਲ ਨਾਲ ਸਹਿਮਤ ਨਹੀਂ ਸਨ। ਗਾਂਧੀ ਦਾ ਕਹਿਣਾ ਹੁੰਦਾ ਸੀ, "ਭਾਰਤ ਵਿਚ ਘੱਟੋ ਘੱਟ ਇਕ ਰਾਸ਼ਟਰਵਾਦੀ ਮੁਸਲਮਾਨ ਜ਼ਰੂਰ ਹੈ ਤੇ ਉਹ ਜਵਾਹਰ ਲਾਲ ਨਹਿਰੂ ਹੈ"। ਇਥੋਂ ਤੱਕ ਕਿ ਮੁਲਕ ਵਿਚ

ਕਈ ਜਗ੍ਹਾ ਜਿੱਥੇ ਹਿੰਦੂ ਮੁਸਲਮਾਨ ਫਸਾਦ ਹੋਏ ਸਨ, ਪਟੇਲ ਨੇ ਸ਼ਰੇ ਆਮ ਹਿੰਦੂਆਂ ਦਾ ਪੱਖ ਲਿਆ ਸੀ।

ਇਸ ਤਰ੍ਹਾਂ ਕਈ ਸਾਰੀਆਂ ਹੋਰ ਦਲੀਲਾਂ ਵੀ ਸਾਹਮਣੇ ਆਈਆਂ ਤੇ ਨਹਿਰੂ ਹੀ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਤੇ ਵਾਇਸਰਾਏ ਨੇ ਉਸ ਨੂੰ ਬੁਲਾ ਕੇ ਆਪਣੀ ਐਗਜ਼ੈਕਟਿਵ ਕੌਂਸਲ ਦਾ ਵਾਈਸ ਪ੍ਰੈਜ਼ੀਡੈਂਟ ਮੁਕੱਰਰ ਕਰ ਲਿਆ। ਇਹੀ ਇਕ ਤਰ੍ਹਾਂ ਦੀ ਆਰਜ਼ੀ ਸਰਕਾਰ ਦਾ ਗਠਨ ਸੀ ਜਿਸ ਨੇ ਮੁਸਲਮਾਨਾਂ ਨੂੰ ਹੋਰ ਦੂਰ ਕੀਤਾ। ਮੁਸਲਿਮ ਲੀਗ ਨੇ ਸੋਚਿਆ ਕਿ ਜੇ ਉਹਨਾਂ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਉਹਨਾਂ ਦੀ ਹਮਾਇਤ ਤਾਂ ਗਰੰਟਡ ਸਮਝ ਲਈ ਜਾਵੇਗੀ। ਇਸ ਵਾਸਤੇ 16 ਅਗਸਤ 1946 ਦਾ ਮਸ਼ਹੂਰ 'ਡਾਏਰੈਕਟ ਐਕਸ਼ਨ' ਐਲਾਨਿਆ ਗਿਆ।

ਸਭ ਤੋਂ ਪਹਿਲਾ ਲੀਗ ਦੀ ਸਰਕਾਰ ਵਾਲੇ ਸੂਬੇ ਬੰਗਾਲ ਵਿਚ ਫਸਾਦ ਸ਼ੁਰੂ ਹੋ ਗਏ। ਕਲਕੱਤਾ ਤੋਂ ਸ਼ੁਰੂ ਹੋਏ ਕਤਲ ਮੁਸਲਿਮ ਬਹੁ ਗਿਣਤੀ ਦੇ ਜ਼ਿਲ੍ਹਾ ਨੌਅਖਲੀ ਤੱਕ ਜਾ ਪਹੁੰਚੇ। ਮੁਸਲਮਾਨਾਂ ਨੇ ਬਹੁਤ ਹਿੰਦੂਆਂ ਦਾ ਕਤਲ ਕੀਤਾ। ਇਸ ਦੇ ਬਦਲੇ ਵਿਚ ਬਿਹਾਰ ਵਿਚ ਮੁਸਲਮਾਨਾਂ ਦੇ ਕਤਲ ਸ਼ੁਰੂ ਹੋ ਗਏ। ਸਿਰਫ ਗਾਂਧੀ ਹੀ ਫਸਾਦ ਰੋਕਣ ਬਾਰੇ ਕੁਝ ਕਰ ਸਕਦਾ ਸੀ ਪਰ ਘਰੇਲੂ ਜੰਗ (civil war) ਦੀ ਹੱਦ ਤੱਕ ਪਹੁੰਚ ਚੁਕੇ ਫਸਾਦ ਉਸ ਦੇ ਵੀ ਵੱਸ ਦੀ ਗੱਲ ਨਹੀਂ ਰਹਿ ਗਏ ਸਨ।

ਚੈਪਟਰ 17

ਨਹਿਰੂ ਪ੍ਰਧਾਨ ਮੰਤਰੀ ਦੇ ਰੂਪ ਵਿਚ
(NEHRU AS PRIME MINISTER)

ਨਹਿਰੂ ਆਪਣੇ ਸ਼ਬਦਾਂ ਨੂੰ ਭਵਿੱਖ ਦੀਆਂ ਸੋਚਾਂ ਵਿਚ ਢਾਲਦਾ ਸੀ। ਉਹ ਮਹਿਸੂਸ ਕਰਦਾ ਸੀ ਕਿ ਉਹ ਜੋ ਵੀ ਬੋਲੇਗਾ ਤੇ ਲਿਖੇਗਾ, ਉਹ ਭਵਿੱਖ ਦੀਆਂ ਇਤਿਹਾਸ ਦੀਆਂ ਕਿਤਾਬਾਂ ਦਾ ਇੱਕ ਹਿੱਸਾ ਬਣ ਸਕਦਾ ਹੈ। ਅਜਿਹੇ ਮੌਕਿਆਂ ਉਪਰ ਉਹ ਆਪਣੇ ਸ਼ਬਦਾਂ ਨੂੰ ਕਾਵਿਕ ਰੰਗਤ ਦੇਣ ਵਾਸਤੇ ਪੂਰੀ ਮਿਹਨਤ ਕਰਦਾ ਸੀ। ਅਜਿਹਾ ਹੀ ਇਕ ਮੌਕਾ 14 ਅਗਸਤ ਦੀ ਅੱਧੀ ਰਾਤ ਦਾ ਸੀ ਜਦੋਂ ਉਸ ਨੇ ਸੰਵਿਧਾਨ ਸਭਾ ਵਿਚ ਆਪਣੀ ਤਕਰੀਰੀ ਕੀਤੀ। ਨਹਿਰੂ ਨੇ ਕਿਹਾ:

"ਬਹੁਤ ਸਾਲ ਪਹਿਲਾਂ ਅਸਾਂ ਆਪਣੀ ਕਿਸਮਤ ਨੂੰ ਉਲੀਕਿਆ ਸੀ ਅਤੇ ਹੁਣ ਉਹ ਵਕਤ ਆ ਗਿਆ ਹੈ ਜਦੋਂ ਅਸੀਂ ਆਪਣਾ ਸੁਪਨਾ, ਪੂਰੀ ਤਰ੍ਹਾਂ ਜੇ ਨਹੀਂ ਤਾਂ, ਇਕ ਵੱਡੀ ਹੱਦ ਤੱਕ, ਸੱਚ ਕਰਨ ਦਾ ਇਕਰਾਰ ਕਰਾਂਗੇ। ਅੱਧੀ ਰਾਤ ਦਾ ਘੜਿਆਲ ਵੱਜਣ ਦੇ ਨਾਲ ਹੀ ਜਦੋਂ ਸਾਰੀ ਦੁਨੀਆ ਸੁੱਤੀ ਹੋਵੇਗੀ, ਭਾਰਤ ਜਾਗੇਗਾ ਜ਼ਿੰਦਗੀ ਵੱਲ ਤੇ ਆਜ਼ਾਦੀ ਵੱਲ। ਇਤਿਹਾਸ ਵਿਚ ਕਦੇ ਕਦੇ ਹੀ ਉਹ ਪਲ ਆਉਂਦਾ ਹੈ ਜਦੋਂ ਅਸੀਂ ਪੁਰਾਣੇ ਤੋਂ ਨਵੇਂ ਵੱਲ ਕਦਮ ਪੁੱਟਦੇ ਹਾਂ, ਜਦੋਂ ਇਕ ਯੁੱਗ ਖ਼ਤਮ ਹੋ ਜਾਂਦਾ ਹੈ, ਜਦੋਂ ਸਦੀਆਂ ਤੋਂ ਲਿਤਾੜੀ ਤੇ ਕੁਚਲੀ ਇਕ ਕੌਮ ਜਾਗਦੀ ਹੈ। ਜਿਹੜੀ ਕਾਮਯਾਬੀ ਅਸੀਂ ਅੱਜ ਮਨਾ ਰਹੇ ਹਾਂ, ਉਹ ਇਕ ਕਦਮ ਹੈ ਅਗਲੀਆਂ ਵੱਡੀਆਂ ਪ੍ਰਾਪਤੀਆਂ ਵੱਲ ਜੋ ਸਾਡਾ ਰਾਹ ਵੇਖ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਅਮਨ ਨੂੰ ਵੰਡਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਆਜ਼ਾਦੀ ਨੂੰ ਵੀ ਨਹੀਂ ਤੇ ਖੁਸ਼ਹਾਲੀ ਨੂੰ ਵੀ ਤੇ ਤਬਾਹੀਆਂ ਨੂੰ ਵੀ ਨਹੀਂ, ਇਸ ਸੰਸਾਰ ਵਿਚ ਜਿਸ ਨੂੰ ਟੁਕੜਿਆ ਵਿਚ ਨਹੀਂ ਵੰਡਿਆ ਜਾ ਸਕਦਾ।"

ਇਕ ਹੋਰ ਮੌਕਾ ਆਇਆ ਜਦੋਂ ਨਹਿਰੂ ਨੇ ਪੁਸ਼ਟੀ ਕਰ ਦਿੱਤੀ ਕਿ ਉਹ ਸ਼ਬਦਾਂ ਦੀ ਚੋਣ ਕਰਨੀ ਚੰਗੀ ਤਰ੍ਹਾਂ ਜਾਣਦਾ ਹੈ। ਇਹ ਸਮਾਂ 30 ਜਨਵਰੀ, 1948 ਦਾ ਸੀ ਜਦੋਂ ਮਹਾਤਮਾ ਗਾਂਧੀ ਦਾ ਕਤਲ ਹੋਇਆ ਸੀ। ਉਸ ਨੇ ਇਹ ਦੁਖਦਾਈ ਖ਼ਬਰ ਆਪਣੇ ਹੀ ਬੋਲਾਂ ਨਾਲ ਲੋਕਾਂ ਨੂੰ ਆਲ ਇੰਡੀਆ ਰੇਡੀਓ ਤੋਂ ਸੁਣਾਈ:

"ਦੋਸਤੋ ਤੇ ਸਾਥੀਓ, ਸਾਡੀਆਂ ਜ਼ਿੰਦਗੀਆਂ ਵਿਚੋਂ ਰੋਸ਼ਨੀ ਬੁਝ ਗਈ ਹੈ ਅਤੇ ਸਾਰੇ ਪਾਸੇ ਹਨੇਰਾ ਛਾ ਗਿਆ ਹੈ। ਸਾਡਾ ਪਿਆਰਾ ਨੇਤਾ ਜਿਸ ਨੂੰ ਅਸੀਂ ਬਾਪੂ ਕਹਿ ਕੇ ਸੱਦਦੇ ਹੁੰਦੇ ਹਾਂ, ਜੋ ਸਾਡੀ ਕੌਮ ਦਾ ਪਿਤਾ ਹੈ, ਨਹੀਂ ਰਿਹਾ। ਅਸੀਂ ਉਸ ਨੂੰ ਕਈ ਸਾਲਾਂ ਤੋਂ ਵੇਖਦੇ ਆਏ ਹਾਂ, ਪਰ ਹੁਣ ਨਹੀਂ ਵੇਖ ਸਕਾਂਗੇ। ਅਸੀਂ ਕੋਈ ਸਲਾਹ ਲੈਣ ਜਾਂ ਆਪਣੇ ਵਾਸਤੇ ਹੌਸਲਾ ਲੈਣ ਵਾਸਤੇ ਹੁਣ ਉਸ ਕੋਲ ਨਹੀਂ ਜਾ ਸਕਾਂਗੇ। ਇਹ ਸਾਨੂੰ ਦਿਲ ਕੰਬਾ ਦੇਣ ਵਾਲੀ (terrible) ਸੱਟ ਵੱਜੀ ਹੈ, ਸਿਰਫ਼ ਮੈਨੂੰ ਹੀ ਨਹੀਂ, ਇਸ ਮੁਲਕ ਦੇ ਲੱਖਾਂ ਤੇ ਕਰੋੜਾਂ ਲੋਕਾਂ ਨੂੰ।

ਮੈਂ ਹੁਣੇ ਕਿਹਾ ਸੀ ਕਿ ਰੋਸ਼ਨੀ ਬੁਝ ਗਈ ਹੈ ਪਰ ਮੈਂ ਗਲਤ ਸਾਂ। ਜਿਸ ਰੋਸ਼ਨੀ ਨੇ ਇਸ ਮੁਲਕ ਵਿਚ ਚਾਨਣ ਕੀਤਾ, ਉਹ ਕੋਈ ਸਧਾਰਣ ਰੋਸ਼ਨੀ ਨਹੀਂ ਸੀ। ਜਿਸ ਰੋਸ਼ਨੀ ਨੇ ਇਕ ਮੁਲਕ ਨੂੰ ਸਾਲਾਂ ਤੋਂ ਰੁਸ਼ਨਾਇਆ ਹੈ, ਉਹ ਹੋਰ ਕਈ ਸਾਲਾਂ ਤੱਕ ਚਾਨਣ ਬਖੇਰਦੀ ਰਹੇਗੀ ਅਤੇ ਇਕ ਹਜ਼ਾਰ ਸਾਲ ਬਾਅਦ ਵੀ ਇਹ ਰੋਸ਼ਨੀ ਇਸ ਮੁਲਕ ਵਿਚ ਵਿਖਾਈ ਦੇਵੇਗੀ ਤੇ ਸਾਰਾ ਸੰਸਾਰ ਵੇਖੇਗਾ। ਇਹ ਲੱਖਾਂ ਕਰੋੜਾਂ ਦਿਲਾਂ ਨੂੰ ਧਰਵਾਸ ਦੇਵੇਗੀ। ਇਹ ਰੋਸ਼ਨੀ ਨਜ਼ਦੀਕ ਦੇ ਵਰਤਮਾਨ ਨਾਲੋਂ ਬਹੁਤ ਲੰਮੇ ਸਮੇ ਦੀ ਨੁਮਾਇੰਦਗੀ ਕਰਦੀ ਹੈ। ਇਹ ਰੋਸ਼ਨੀ ਸਾਨੂੰ ਜ਼ਿੰਦਗੀ ਸਿਖਾਉਂਦੀ ਹੈ, ਸਦੀਵੀ ਸੱਚ ਸਿਖਾਉਂਦੀ ਹੈ ਅਤੇ ਸੱਚਾ ਮਾਰਗ ਸਿਖਾਉਂਦੀ ਹੈ, ਸਾਨੂੰ ਗਲਤੀਆਂ ਤੋਂ ਦੂਰ ਰੱਖਦੀ ਹੈ ਅਤੇ ਇਕ ਪ੍ਰਾਚੀਨ ਮੁਲਕ ਨੂੰ ਆਜ਼ਾਦੀ ਤੱਕ ਲੈ ਕੇ ਜਾਂਦੀ ਹੈ।"

ਅਗਲੇ ਦਿਨ ਜਦੋਂ ਤੱਕ ਉਸ ਨੂੰ ਪੂਰਾ ਵਕਤ ਮਿਲ ਗਿਆ ਸੀ ਕਿ ਠੀਕ ਤਰ੍ਹਾਂ ਆਪਣੇ ਲਫ਼ਜ਼ਾਂ ਦੀ ਕਾਂਟ ਛਾਂਟ ਕਰ ਸਕੇ ਤੇ ਉਹਨਾਂ ਵਿਚ ਹੋਰ ਅਮੀਰੀ ਭਰ ਸਕੇ ਤਾਂ ਉਸ ਨੇ ਸੰਵਿਧਾਨ ਸਭਾ ਵਿਚ ਬਾਪੂ ਨੂੰ ਸ਼ਰਧਾਂਜਲੀ ਦੀ ਬਾਕਾਇਦਾ ਤਕਰੀਰ ਕੀਤੀ:

"ਸਮਝ ਨਹੀਂ ਲੱਗਦੀ ਕਿ ਅਸੀਂ ਉਸ ਦੀ ਕਿਹੜੇ ਸ਼ਬਦਾਂ ਨਾਲ ਤਾਰੀਫ਼ ਕਰੀਏ ਤੇ ਕਿਸ ਤਰੀਕੇ ਨਾਲ ਉਸ ਦੀ ਜਾਂਚ ਪਰਖ ਕਰੀਏ ਕਿਉਂਕਿ ਉਹ ਉਸ ਸਾਧਾਰਣ ਮਿੱਟੀ ਨਾਲੋਂ ਬਹੁਤ ਵੱਖਰੀ ਕਿਸਮ ਦੀ ਮਿੱਟੀ ਦਾ ਬਣਿਆ ਸੀ ਜਿਸ ਮਿੱਟੀ ਦੇ ਅਸੀਂ ਸਭ ਬਣੇ ਹਾਂ। ਅਸੀਂ ਉਸ ਦਾ ਦੁੱਖ ਮਨਾਉਂਦੇ ਹਾਂ, ਅਸੀਂ ਹਮੇਸ਼ਾਂ ਉਸ ਦਾ ਦੁੱਖ ਮਨਾਉਂਦੇ ਰਹਾਂਗੇ ਕਿਉਂਕਿ ਅਸੀਂ ਇਨਸਾਨ ਹਾਂ ਤੇ ਆਪਣੇ ਪਿਆਰੇ ਪਾਲਕ ਨੂੰ ਨਹੀਂ ਭੁੱਲ ਸਕਦੇ. . . . ਪਰ ਜੇ ਅਸੀਂ ਦੁੱਖ ਹੀ ਮਨਾਂਉਂਦੇ ਰਹੇ ਤਾਂ ਉਹ ਸਾਨੂੰ ਝਿੜਕੇਗਾ. . . . ਸਾਨੂੰ ਉਸ ਦੇ ਸੁਪਨਿਆਂ ਤੇ ਪੂਰਾ ਉਤਰਨਾ ਚਾਹੀਦਾ ਹੈ।"

ਭਾਰਤ ਨੇ ਆਪਣੀ ਆਜ਼ਾਦ ਕੌਮ ਦੀ ਜ਼ਿੰਦਗੀ ਪਾਕਿਸਤਾਨ ਨਾਲ ਉਲਝਣਾਂ ਵਿਚ ਸ਼ੁਰੂ ਕੀਤੀ। ਇਕ ਪਾਸੇ ਹਿੰਦੂ-ਸਿੱਖ ਤੇ ਦੂਜੇ ਪਾਸੇ ਮੁਸਲਮਾਨਾਂ ਦੇ ਦੰਗੇ ਸ਼ੁਰੂ ਹੋ ਗਏ ਜਿਸ ਨਾਲ ਦੋਹਾਂ ਪਾਸੇ ਲੱਖਾਂ ਰਿਫਿਊਜੀਆਂ ਦੇ ਕਾਫਲੇ ਬਾਰਡਰ ਤੋਂ ਆਰ ਪਾਰ ਲਈ ਚੱਲ ਪਏ। ਮੁਸਲਮਾਨਾਂ ਪ੍ਰਤੀ ਰਵਈਏ ਦੇ ਪੱਖੋਂ ਪ੍ਰਧਾਨ ਮੰਤਰੀ ਨਹਿਰੂ ਤੇ ਸਰਦਾਰ ਪਟੇਲ ਵਿਚ ਮਤਭੇਦ ਸਨ ਜੋ ਓਦੋਂ ਡਿਪਟੀ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਵੀ ਸੀ। ਪਟੇਲ ਦਾ ਮੁਸਲਮਾਨਾਂ ਵਿਚ ਵਿਸ਼ਵਾਸ ਨਹੀਂ ਸੀ। ਉਸ ਦਾ ਕਹਿਣਾ ਸੀ ਕਿ "ਭਾਰਤ ਵਿਚ ਸਾਢੇ ਚਾਰ ਕਰੋੜ ਮੁਸਲਮਾਨ ਹਨ, ਇਹਨਾਂ ਵਿਚੋਂ ਬਹੁਤਿਆਂ ਨੇ ਪਾਕਿਸਤਾਨ ਬਣਨ ਵਿਚ ਮਦਦ ਕੀਤੀ ਸੀ, ਉਹ ਰਾਤੋ ਰਾਤ ਕਿਵੇਂ ਬਦਲ ਸਕਦੇ ਹਨ"। ਉਸ ਨੇ ਇਹ ਵੀ ਕਿਹਾ ਕਿ "ਮੁਸਲਮਾਨ ਕਹਿੰਦੇ ਹਨ ਕਿ ਉਹ ਇਸ ਮੁਲਕ ਦੇ ਵਫਾਦਾਰ ਸ਼ਹਿਰੀ ਹਨ ਤਾਂ ਉਹਨਾਂ ਉਪਰ ਸ਼ੰਕਾ ਕਿਉਂ ਕੀਤੀ ਜਾਵੇ। ਮੈਂ ਉਹਨਾਂ ਨੂੰ ਕਹਾਂਗਾ ਕਿ ਸਾਨੂੰ ਕਿਉਂ ਪੁੱਛਦੇ ਹੋ, ਆਪਣੀ ਜ਼ਮੀਰ ਟਟੋਲੋ।" ਹਿੰਸਕ ਝਗੜਿਆਂ ਦੇ ਮਾਮਲੇ ਵਿਚ ਪਟੇਲ ਨੇ ਇਕ ਅੱਖ ਦੇ ਬਦਲੇ ਦੱਸ ਅੱਖਾਂ ਦੀ ਗੱਲ ਵੀ ਕੀਤੀ ਸੀ।

ਇਕ ਵਕਤ ਸਰਦਾਰ ਪਟੇਲ ਵੱਲੋਂ ਮੁਸਲਮਾਨਾਂ ਉਪਰ ਸ਼ੰਕਾ ਕਰਨ ਦੀ ਨੀਤੀ ਨੂੰ ਕਾਫੀ ਗਿਣਤੀ ਦੇ ਹਿੰਦੂ ਤੇ ਸਿੱਖ ਤਾਰੀਫ਼ ਦੀ ਨਜ਼ਰ ਨਾਲ ਵੇਖਦੇ ਸਨ। ਇਹਨਾਂ

ਗੱਲਾਂ ਨੂੰ ਛੱਡ ਕੇ ਸਰਦਾਰ ਪਟੇਲ ਨੂੰ ਇਸ ਕੰਮ ਵਾਸਤੇ ਵੀ ਜਾਣਿਆ ਜਾਂਦਾ ਹੈ ਕਿ ਉਸ ਨੇ ਦੇਸੀ ਰਾਜਿਆਂ ਦੇ ਗੋਢੇ ਟਿਕਵਾ ਦਿੱਤੇ ਤੇ ਉਹਨਾਂ ਨੂੰ ਭਾਰਤ ਵਿਚ ਸ਼ਾਮਿਲ ਹੋਣ ਦੇ ਕਾਗਜ਼ਾਂ ਉਪਰ ਦਸਤਖਤਾਂ ਵਾਸਤੇ ਮਜਬੂਰ ਕੀਤਾ। ਸਰਕਾਰ ਪਟੇਲ ਨੂੰ ਚੰਗਾ ਪ੍ਰਸ਼ਾਸਕ ਗਿਣਿਆ ਗਿਆ। ਉਸ ਦੇ ਪ੍ਰਸ਼ੰਸਕ ਉਸ ਨੂੰ 'ਲੋਹ ਪੁਰਸ਼' ਕਹਿੰਦੇ ਸਨ ਪਰ ਸਿਰਫ ਦੋ ਮਾਮਲਿਆਂ ਵਿਚ ਉਹ ਆਪਣੀ ਧੁੰਨ ਦਾ ਪੱਕਾ ਨਹੀਂ ਰਿਹਾ। ਇਕ ਸੀ ਮਹਾਤਮਾ ਗਾਂਧੀ ਵੱਲੋਂ ਉਸ ਦੀ ਬਜਾਏ ਨਹਿਰੂ ਨੂੰ ਪ੍ਰਧਾਨ ਮੰਤਰੀ ਵਾਸਤੇ ਤਰਜੀਹ ਦੇਣਾ ਤੇ ਦੂਸਰਾ ਉਸ ਦੀ ਆਪਣੀ ਦੇਸ਼ ਭਗਤੀ ਭਾਵਨਾ ਅੜਿਕਾ ਪਾਉਣ ਤੋਂ ਰੋਕਦੀ ਰਹੀ। ਮਹਾਤਮਾ ਗਾਂਧੀ ਦੇ ਕਤਲ ਨਾਲ ਮੁਸਲਮਾਨਾਂ ਵਿਰੁੱਧ ਨਫਰਤ ਦੀ ਧੁੰਦ ਬੈਠ ਗਈ ਜਿਸ ਨੇ ਨਹਿਰੂ ਨੂੰ ਹੋਰ ਤਾਕਤ ਦਿੱਤੀ। ਇਸ ਦੇ ਦੋ ਸਾਲ ਬਾਅਦ ਹੀ 15 ਦਸੰਬਰ 1950 ਨੂੰ ਸਰਦਾਰ ਪਟੇਲ ਦੀ ਮੌਤ ਹੋ ਗਈ ਤੇ ਨਹਿਰੂ ਇਸ ਮੁਲਕ ਦਾ ਨਿਰਵਿਵਾਦ (undisputed) ਲੀਡਰ ਬਣ ਗਿਆ।

ਨਹਿਰੂ 27 ਮਈ, 1964 ਨੂੰ ਆਪਣੀ ਮੌਤ ਤੱਕ 18 ਸਾਲ ਮੁਲਕ ਦਾ ਪ੍ਰਧਾਨ ਮੰਤਰੀ ਰਿਹਾ। ਉਸ ਨੇ ਭਾਰਤ ਨੂੰ ਧਰਮ ਨਿਰਪੱਖ (secular) ਮੁਲਕ ਬਣਾਉਣ ਵਿਚ ਨਿਰਣਾਇਕ ਭੂਮਿਕਾ ਅਦਾ ਕੀਤੀ। ਉਹਨਾਂ ਦਿਨਾਂ ਵਿਚ ਜਦੋਂ ਕੁਝ ਲੋਕਾਂ ਨੇ ਭਾਰੀ ਸ਼ੰਕੇ ਜ਼ਾਹਿਰ ਕੀਤੇ ਸਨ ਕਿ ਅਜਿਹੇ ਮੁਲਕ ਵਿਚ ਜਮਹੂਰੀਅਤ ਨਹੀਂ ਲਾਗੂ ਕੀਤੀ ਜਾ ਸਕਦੀ ਜਿਥੋਂ ਦੇ ਲੋਕ ਅਜੇ ਤੱਕ ਵੀ ਜਗੀਰਦਾਰੀ ਪਰੰਪਰਾ ਦੇ ਆਦੀ ਹਨ, ਜਿੱਥੇ ਗਰੀਬੀ ਤੇ ਅਮੀਰੀ ਦਾ ਪਾੜਾ ਇਤਨਾ ਜ਼ਿਆਦਾ ਹੈ ਤੇ ਜਿੱਥੇ ਸਿਰਫ਼ ਦਸਾਂ ਵਿਚੋਂ ਇਕ ਬੰਦਾ ਹੀ ਆਪਣਾ ਨਾਮ ਲਿਖ ਸਕਦਾ ਹੈ। ਲੇਕਿਨ ਨਹਿਰੂ ਦਾ ਕਹਿਣਾ ਸੀ ਵੋਟ ਪਾਉਣ ਵਾਸਤੇ ਤੇ ਇਹ ਫੈਸਲਾ ਕਰਨ ਵਾਸਤੇ ਕਿ ਉਸ ਵਾਸਤੇ ਕਿਹੜਾ ਪ੍ਰਤੀਨਿਧ ਠੀਕ ਹੈ ਕਿਸੇ ਦਾ ਪੜ੍ਹਿਆ ਲਿਖਿਆ ਤੇ ਧਨੀ ਹੋਣਾ ਜ਼ਰੂਰੀ ਨਹੀਂ।

ਮੁਲਕ ਦਾ ਸੰਵਿਧਾਨ ਬਣਾਉਣ ਦੀ ਜ਼ਿੰਮੇਵਾਰੀ ਦਲਿਤ ਨੇਤਾ ਡਾਕਟਰ ਬੀ. ਆਰ. ਅੰਬੇਡਕਰ ਦੀ ਲਗਾਈ ਗਈ ਸੀ ਜੋ ਓਦੋਂ ਮੁਲਕ ਦਾ ਕਾਨੂੰਨ ਮੰਤਰੀ ਸੀ ਹਾਲਾਂਕਿ ਇਸ ਸਾਰੇ ਕੰਮ ਦੀ ਦੇਖ ਰੇਖ ਨਹਿਰੂ ਹੀ ਕਰਦਾ ਸੀ। ਇਹ ਸੰਵਿਧਾਨ ਮੋਟੇ ਤੌਰ ਤੇ ਅੰਗਰੇਜ਼ਾਂ ਵੱਲੋਂ ਭਾਰਤ ਦੀ ਸਰਕਾਰ ਦਾ ਕਾਨੂੰਨ, 1935 ਦੀਆਂ ਲੀਹਾਂ ਉਪਰ ਸੀ ਤੇ ਇਸ ਦਾ ਮੁੱਖ ਬੰਦ ਸੀ. "ਅਸੀਂ, ਭਾਰਤ ਦੇ ਲੋਕ. . ." ਤੇ ਇਸ ਨੇ ਲੋਕਾਂ ਨੂੰ ਧਾਰਮਿਕ ਤੇ ਰਾਜਨੀਤਕ ਆਜ਼ਾਦੀ ਬੋਲਣ ਤੇ ਜਲਸੇ ਜਲੂਸ ਕਰਨ ਦੀ ਆਜ਼ਾਦੀ ਦਿੱਤੀ। ਇਸ ਵਿਚ ਕੇਂਦਰ ਤੇ ਰਾਜਾਂ ਦੇ ਅਧਿਕਾਰਾਂ ਦੀ ਵੰਡ ਕੀਤੀ। ਇਸ ਦਾ ਮੁੱਖ ਬਿੰਦੂ ਹਰ ਸ਼ਹਿਰੀ ਨੂੰ ਧਰਮ, ਜਾਤ, ਫਿਰਕੇ ਤੇ ਆਰਥਕ ਰੁਤਬੇ ਨੂੰ ਨਜ਼ਰ ਅੰਦਾਜ਼ ਕਰਕੇ ਬਰਾਬਰ ਦੇ ਹੱਕ ਦੇਣਾ ਸੀ।

ਲੋਕ ਤੰਤਰ ਵਿਚ ਨਹਿਰੂ ਦਾ ਵਿਸ਼ਵਾਸ 1951-52 ਦੀਆਂ ਚੋਣਾਂ ਵਿਚ ਸਾਹਮਣੇ ਆ ਗਿਆ। ਕੁੱਲ ਦਸ ਕਰੋੜ 50 ਲੱਖ ਲੋਕਾਂ ਨੇ ਵੋਟਾਂ ਪਾਈਆਂ ਜੋ ਕੁਲ ਰਜਿਸਟਰਡ ਵੋਟਰਾਂ ਦਾ 60 ਫੀ ਸਦੀ ਸੀ। ਜਿਹੜੇ ਵਿਦਵਾਨ ਰਾਜਨੇਤਾ ਲੋਕ ਰਾਜ ਬਾਰੇ ਕਹਿੰਦੇ ਸਨ ਕਿ ਇਹ ਭਾਰਤ ਵਿਚ ਨਹੀਂ ਚੱਲ ਸਕਦਾ ('it won't work in

India), ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕ ਤੰਤਰ ਬਣ ਗਿਆ। ਬ੍ਰਿਟਿਸ਼ ਕਾਮਨਵੈਲਥ, ਉੱਤਰੀ ਯੂਰਪ ਦੇ ਮੁਲਕ, ਜਪਾਨ ਤੇ ਅਮਰੀਕਾ ਤੋਂ ਬਿਨਾ ਦੁਨੀਆ ਵਿਚ ਕਿਧਰੇ ਵੀ ਬੋਲਣ ਤੇ ਜਲਸਾ ਕਰਨ ਦੀ ਉਹ ਆਜ਼ਾਦੀ ਨਹੀਂ ਸੀ ਜੋ ਭਾਰਤ ਵਿਚ ਮਿਲੀ ਸੀ।

26 ਜਨਵਰੀ 1950 ਨੂੰ ਇਹ ਮੁਲਕ ਇਕ ਖ਼ੁਦ ਮੁਖਤਿਆਰ ਲੋਕਰਾਜੀ ਲੋਕਤੰਤਰ (Soverign democratic republic) ਬਣ ਗਿਆ ਸੀ ਪਰ ਨਹਿਰੂ ਦੀਆਂ ਕੋਸ਼ਿਸ਼ਾਂ ਨਾਲ ਇਹ ਬ੍ਰਿਟਿਸ਼ ਕਾਮਨਵੈਲਥ ਦਾ ਮੈਂਬਰ ਵੀ ਬਣਿਆ ਰਿਹਾ।

ਨਹਿਰੂ ਦਾ ਅਗਲਾ ਇਨਕਲਾਬੀ ਕਦਮ ਹਿੰਦੂ ਕੋਡ ਵਿਚ ਸਮਾਜਕ ਇਨਸਾਫ ਦੀਆਂ ਤਬਦੀਲੀਆਂ ਕਰਨਾ ਸੀ। ਇਸ ਨਾਲ ਔਰਤ ਨੂੰ ਜਾਇਦਾਦ ਦਾ ਹੱਕ ਮਿਲਿਆ, ਬਹੁ-ਵਿਆਹ ਪ੍ਰਥਾ ਨੂੰ ਗੈਰ ਕਾਨੂੰਨੀ ਬਣਾਇਆ ਗਿਆ, ਤਲਾਕ ਤੇ ਵਿਧਵਾ ਦੇ ਵਿਆਹਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਵਗੈਰਾ। ਮੰਨਿਆ ਜਾ ਸਕਦਾ ਹੈ ਕਿ ਇਹਨਾਂ ਸਾਰਿਆਂ ਕਾਨੂੰਨਾਂ ਦੇ ਬਾਵਜੂਦ ਅੱਜ ਮੁਲਕ ਵਿਚ ਵੱਡੀ ਪੱਧਰ ਦੀ ਔਰਤਾਂ ਵਿਚ ਅਨਪੜ੍ਹਤਾ ਹੈ, ਉਹ ਅਜੇ ਵੀ ਛੋਟੀ ਉਮਰੇ ਬਿਨਾਂ ਕੁਝ ਪੁੱਛੇ ਵਿਆਹ ਦਿੱਤੀਆਂ ਜਾਂਦੀਆਂ ਹਨ ਤੇ ਮਰਦ ਪ੍ਰਧਾਨਗੀ ਦੇ ਸਮਾਜ ਦੀਆਂ ਪੀੜਤ ਹਨ ਪਰ ਔਰਤਾਂ ਵਿਚ ਅਜਿਹਾ ਵਰਗ ਵੀ ਉੱਭਰ ਕੇ ਸਾਹਮਣੇ ਆ ਰਿਹਾ ਹੈ ਜੋ ਹਰ ਖੇਤਰ ਵਿਚ ਤਰੱਕੀ ਕਰ ਰਿਹਾ ਹੈ। ਅੱਜ ਔਰਤਾਂ ਵੱਡੇ ਸਰਕਾਰੀ ਅਹੁਦਿਆਂ ਉਪਰ ਪਹੁੰਚੀਆਂ ਹਨ, ਉਹ ਰਾਜਦੂਤ, ਵਜ਼ੀਰ ਤੇ ਗਵਰਨਰ ਬਣ ਰਹੀਆਂ ਹਨ। ਭਾਵੇਂ ਥੋੜੀਆਂ ਹੀ ਸਹੀਂ ਦੁਨੀਆ ਦੇ ਹੋਰ ਕਿਸੇ ਮੁਲਕ ਵਿਚ ਔਰਤਾਂ ਇਤਨੀਆਂ ਤਾਕਤਵਰ ਨਹੀਂ ਬਣੀਆਂ ਜਿਤਨੀਆਂ ਭਾਰਤ ਵਿਚ।

ਨਹਿਰੂ ਦਾ ਸਮਾਜਵਾਦੀ ਨਜ਼ਰੀਆ ਸਰਕਾਰੀ ਯੋਜਨਾਵਾਂ ਤਹਿਤ ਆਰਥਕ ਤਰੱਕੀ ਦੇ ਹੱਕ ਵਿਚ ਸੀ। ਮੁਲਕ ਦੀ ਤਕਸੀਮ ਨੇ ਆਰਥਕ ਤੇ ਉਦਯੋਗਿਕ ਜੀਵਨ ਉਪਰ ਸੱਟ ਮਾਰੀ ਸੀ। ਵਿਦੇਸ਼ੀ ਪੈਸਾ ਕਮਾਉਣ ਵਾਲੀ ਮੁੱਖ ਪੈਦਾਵਾਰ, ਪਟਸਨ, ਪੂਰਬੀ ਪਾਕਿਸਤਾਨ ਵਿਚ ਚਲੇ ਗਿਆ ਤੇ ਪਟਸਨ ਦੀਆਂ ਮਿੱਲਾਂ ਏਧਰ ਰਹਿ ਗਈਆਂ। ਓਧਰ ਪਟਸਨ ਗਲ ਸੜ ਰਿਹਾ ਸੀ ਤੇ ਏਧਰ ਮਿੱਲਾਂ ਬੰਦ ਪਈਆਂ ਸਨ। ਪਾਕਿਸਤਾਨ ਤੋਂ ਆਏ ਰਿਫਿਊਜੀਆਂ ਦਾ ਮੁੜ ਵਸੇਬਾ ਵੀ ਵੱਡਾ ਕੰਮ ਸੀ। ਨਹਿਰੂ ਨੂੰ ਮੁਲਕ ਦੀ ਬਿਜ਼ਨੈਸ ਸ਼੍ਰੇਣੀ ਉਪਰ ਵਿਸ਼ਵਾਸ ਨਹੀਂ ਸੀ ਜੋ ਸਿਰਫ ਆਪਣਾ ਮੁਨਾਫ਼ਾ ਵੇਖਦੀ ਸੀ, ਨਾ ਮੁਲਕ ਦਾ ਭਲਾ ਤੇ ਨਾ ਮਜ਼ਦੂਰਾਂ ਦਾ। ਨਹਿਰੂ ਨੇ ਪਬਲਿਕ ਸੈਕਟਰ ਦੇ ਕਾਰਖਾਨਿਆਂ ਦਾ ਨਾਹਰਾ ਦਿੱਤਾ।

1950 ਵਿਚ ਪਲੈਨਿੰਗ ਕਮਿਸ਼ਨ ਬਣਾਇਆ ਤੇ 1951 ਵਿਚ ਹੀ ਪਹਿਲੀ ਪੰਜ ਸਾਲਾ ਯੋਜਨਾ ਜਾਰੀ ਕਰ ਦਿੱਤੀ। ਇਸ ਵਿਚ ਵੱਡੇ ਕਾਰਖਾਨੇ, ਡੈਮ, ਨਹਿਰਾਂ ਤੇ ਬਿਜਲੀ ਘਰਾਂ ਦੇ ਖਾਕੇ ਸਨ। ਇਹ ਪਲੈਨ ਸਮੇਂ ਤੋਂ ਪਹਿਲਾਂ ਹੀ ਕਾਮਯਾਬੀ ਨਾਲ ਪੂਰੀ ਹੋਈ। ਨਹਿਰੂ ਦੀਆਂ ਪੰਜ ਸਾਲਾ ਯੋਜਨਾਵਾਂ ਮੁਢਲੀਆਂ ਕਾਮਯਾਬੀਆਂ ਤੋਂ ਬਾਅਦ ਕਾਫੀ ਸੰਕਟ ਵਿਚ ਪੈਣ ਲੱਗੀਆਂ। ਇਸ ਦਾ ਇਕ ਵਡਾ ਕਾਰਨ ਇਹ ਸੀ ਕਿ ਵਧਦੀ

ਆਬਾਦੀ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ ਤੇ ਨਾ ਹੀ ਇਸ ਨੂੰ ਰੋਕਣ ਬਾਰੇ ਕਦੇ ਕੋਈ ਵਿਚਾਰ ਹੋਇਆ। ਇਸ ਤੋਂ ਇਲਾਵਾ ਸਰਕਾਰੀ ਤੇ ਪ੍ਰਾਈਵੇਟ ਉਦਯੋਗਾਂ ਵਿਚਕਾਰ ਸਹੀ ਅਨੁਪਾਤ ਨਹੀਂ ਰੱਖਿਆ ਤੇ ਨਾ ਹੀ ਇਹਨਾਂ ਵਿਚ ਤਾਲਮੇਲ ਬਣਾਇਆ ਜਾ ਸਕਿਆ।

ਆਜ਼ਾਦੀ ਤੋਂ ਫੌਰੀ ਬਾਅਦ ਦੀ ਸਭ ਤੋਂ ਮੁਸ਼ਕਿਲ ਪਰੇਸ਼ਾਨੀ ਪਾਕਿਸਤਾਨ ਨਾਲ ਕਸ਼ਮੀਰ ਦੇ ਮਾਮਲੇ 'ਤੇ ਝਗੜੇ ਨਾਲ ਆਈ। ਸ਼ੁਰੂ ਵਿਚ ਭਾਰਤ ਦੀ ਪੁਜ਼ੀਸ਼ਨ ਅਖਲਾਕੀ ਤੇ ਕਾਨੂੰਨੀ ਤੌਰ 'ਤੇ ਮਜ਼ਬੂਤ ਸੀ। ਜਦੋਂ ਮਹਾਰਾਜਾ ਨੇ ਰਿਆਸਤ ਦੇ ਭਾਰਤ ਨਾਲ ਇਲਹਾਕ ਦੀ ਹਾਮੀ ਦੇ ਦਿੱਤੀ ਤਾਂ ਨਹਿਰੂ ਨੇ ਜੰਮੂ ਕਸ਼ਮੀਰ ਦੇ ਲੋਕਾਂ ਦੇ ਲੀਡਰ ਸ਼ੇਖ ਅਬਦੁੱਲਾ ਨਾਲ ਸਲਾਹ ਕਰਨ ਦਾ ਫੈਸਲਾ ਕੀਤਾ ਜੋ ਉਸ ਵਕਤ ਜੇਲ ਵਿਚ ਸੀ। ਉਸ ਦੀ ਰਜ਼ਾਮੰਦੀ ਲੈਣ ਤੋਂ ਬਾਅਦ ਹੀ ਸਟੇਟ ਦਾ ਭਾਰਤ ਨਾਲ ਇਲਹਾਕ ਕੀਤਾ ਗਿਆ। ਪਾਕਿਸਤਾਨ ਨੇ ਪਹਿਲਾਂ ਹਥਿਆਰਬੰਦ ਕਬਾਈਲੀ ਤੇ ਫਿਰ ਆਪਣੀ ਫੌਜ ਭੇਜ ਕੇ ਬਾਕਾਇਦਾ ਹਮਲਾ ਕਰ ਦਿੱਤਾ। ਭਾਰਤ ਦਾ ਪੂਰਾ ਹੱਕ ਬਣਦਾ ਸੀ ਕਸ਼ਮੀਰ ਦੀ ਰੱਖਿਆ ਕਰਨ ਦਾ ਤੇ ਉਥੇ ਫੌਜ ਭੇਜ ਦਿੱਤੀ ਗਈ। ਦੋਵੇਂ ਫੌਜਾਂ ਪੂਰੇ ਕਸ਼ਮੀਰ ਨੂੰ ਹਾਸਲ ਕਰਨ ਵਾਸਤੇ ਲੜਦੀਆਂ ਰਹੀਆਂ ਤੇ ਆਖਰ 1 ਜਨਵਰੀ 1948 ਨੂੰ ਜੰਗਬੰਦੀ ਦਾ ਸਮਝੌਤਾ ਹੋ ਗਿਆ। ਇਸ ਤੋਂ ਬਾਅਦ ਨਹਿਰੂ ਨੇ ਵਾਅਦਾ ਕੀਤਾ ਕਿ ਜਿਵੇਂ ਹੀ ਕਸ਼ਮੀਰ ਵਿਚ ਹਾਲਾਤ ਆਮ ਵਰਗੇ ਹੋਣਗੇ ਕਸ਼ਮੀਰੀ ਲੋਕਾਂ ਦੀਆਂ ਖਾਹਸ਼ਾਂ ਮੁਤਾਬਕ ਸਟੇਟ ਦਾ ਫੈਸਲਾ ਕੀਤਾ ਜਾਵੇਗਾ। ਲੇਕਿਨ ਹਾਲਾਤ ਆਮ ਵਰਗੇ ਨਹੀਂ ਹੋ ਸਕੇ ਤੇ ਜੰਗਬੰਦੀ ਲਾਈਨ ਉਸੇ ਤਰ੍ਹਾਂ ਕਾਇਮ ਰਹੀ। ਅਜਿਹਾ ਸ਼ੱਕ ਕਿਸੇ ਦੇ ਮਨ ਵਿਚ ਨਹੀਂ ਰਹਿਣਾ ਚਾਹੀਦਾ ਕਿ ਕਸ਼ਮੀਰੀ ਲੋਕਾਂ ਦੀ ਬਹੁਗਿਣਤੀ ਭਾਰਤ ਵਿਚ ਰਹਿਣਾ ਨਹੀਂ ਚਾਹੁੰਦੀ। ਉਹ ਸਿਰਫ ਅਜਿਹੀ ਖੁਦ ਮੁਖਤਾਰੀ ਮੰਨ ਸਕਦੇ ਹਨ ਜੋ ਲੱਗਪੱਗ ਆਜ਼ਾਦੀ ਵਰਗੀ ਹੀ ਹੋਵੇ। ਭਾਰਤ ਨੇ ਕਸ਼ਮੀਰ ਬਾਰੇ ਕੋਈ ਫੈਸਲਾ ਕਰਨ ਤੋਂ ਟਾਲਾ ਵੱਟੀ ਰੱਖਿਆ ਜਿਸ ਦੀ ਵਜ੍ਹਾ ਕਰਕੇ ਪਾਕਿਸਤਾਨ ਨਾਲ ਹਲਾਤ ਸੁਖਾਵੇਂ ਨਹੀਂ ਬਣ ਸਕੇ।

ਭਾਰਤ ਦੀ ਭਾਸ਼ਾ ਸਮੱਸਿਆ ਬਾਰੇ ਨਹਿਰੂ ਦੀ ਨੀਤੀ ਗ਼ਲਤ ਸਾਬਿਤ ਹੋਈ। ਬਹੁਤ ਪਹਿਲਾਂ ਹੀ 1920 ਵਿਚ ਕਾਂਗਰਸ ਨੇ ਮਤਾ ਪਾਸ ਕਰ ਦਿੱਤਾ ਸੀ ਕਿ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਮੁਲਕ ਵਿਚ ਸੂਬਿਆਂ ਦੀ ਹੱਦ ਬੰਦੀ ਭਾਸ਼ਾਵਾਂ ਦੇ ਆਧਾਰ ਉਪਰ ਕੀਤੀ ਜਾਵੇਗੀ। ਇਸ ਲਈ ਆਜ਼ਾਦੀ ਤੋਂ ਫੌਰੀ ਬਾਅਦ ਸੂਬਿਆਂ ਦੀ ਨਵੇਂ ਸਿਰੇ ਤੋਂ ਹੱਦ ਬੰਦੀ ਦਾ ਸਵਾਲ ਸਾਹਮਣੇ ਆ ਗਿਆ ਤੇ ਸਰਕਾਰ ਨੇ ਕਮਿਸ਼ਨ ਬਣਾਇਆ ਜਿਸ ਨੇ ਸਿਫਾਰਸ਼ ਕੀਤੀ ਕਿ ਸੂਬਿਆਂ ਦੀ ਉਸ ਵੇਲੇ ਦੀ ਬਣਤਰ ਨੂੰ ਨਾ ਤੋੜਿਆ ਜਾਵੇ। ਲੇਕਿਨ ਭਾਸ਼ਾ ਦਾ ਜਜ਼ਬਾ ਬਹੁਤ ਪ੍ਰਬਲ ਪਾਇਆ ਗਿਆ ਤੇ 1953 ਵਿਚ ਤੇਲਗੂ ਭਾਸ਼ੀ ਸੂਬੇ ਦੀ ਮੰਗ ਉੱਠੀ ਤੇ ਸਰਕਾਰ ਨੂੰ ਮਜਬੂਰਨ 'ਆਂਧਰਾ ਪ੍ਰਦੇਸ਼' ਬਣਾਉਣਾ ਪਿਆ। ਇਸੇ ਤਰ੍ਹਾਂ ਬੰਬਈ ਸਟੇਟ ਵਿਚੋਂ ਗੁਜਰਾਤ ਤੇ ਮਹਾਰਾਸ਼ਟਰ ਨਿਕਲੇ ਤੇ ਪੰਜਾਬੀ ਸੂਬੇ ਦੀ ਮੰਗ ਵੀ ਪੈਦਾ ਹੋ ਗਈ। ਨਹਿਰੂ ਨੇ ਪੰਜਾਬੀ ਸੂਬਾ ਦੀ ਮੰਗ ਦਾ ਵਿਰੋਧ ਕੀਤਾ ਸੀ ਪਰ ਅਖੀਰ ਇਹ ਵੀ ਬਣ ਗਿਆ ਤੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੀ ਹੋਂਦ ਵਿਚ ਆ ਗਏ।

ਨਹਿਰੂ ਦੀ ਇਕ ਵੱਡੀ ਦੇਣ ਇਸ ਮੁਲਕ ਦੀ ਵਿਦੇਸ਼ ਨੀਤੀ ਦਾ ਖਾਕਾ ਤਿਆਰ ਕਰਨਾ ਸੀ। ਸਮਾਜਵਾਦੀ ਹੋਣ ਕਰਕੇ ਉਹ ਸਾਮਰਾਜੀ ਤਾਕਤਾਂ ਨਾਲ ਨਫ਼ਰਤ ਕਰਦਾ ਸੀ ਤੇ ਸਮਾਜਵਾਦੀ ਦੇਸ਼ਾਂ ਰੂਸ ਤੇ ਚੀਨ ਨਾਲ ਦੋਸਤਾਨਾ ਰਵਈਆ ਰੱਖਦਾ ਸੀ। ਫਿਰ ਚੀਨ ਤੇ ਰੂਸ ਭਾਰਤ ਦੇ ਪੜੋਸੀ ਵੀ ਸਨ। ਇਸ ਦੇ ਨਾਲ ਹੀ ਉਹ ਅਮਰੀਕਾ ਤੇ ਕਾਮਨਵੈਲਥ ਮੁਲਕਾਂ ਤੋਂ ਵੀ ਮਦਦ ਚਾਹੁੰਦਾ ਸੀ। ਉਸ ਨੇ ਇਕ ਤੀਸਰਾ ਨਿਰਪੱਖ ਗਰੁੱਪ 'ਗੁੱਟ ਨਿਰਲੇਪ' (Non-aligned) ਮੁਲਕਾਂ ਦਾ ਗੱਠਜੋੜ ਬਣਾ ਲਿਆ। ਇਸ ਨੂੰ ਤੀਸਰੀ ਦੁਨੀਆ ਵੀ ਕਿਹਾ ਜਾਂਦਾ ਸੀ। ਇਸ ਵਿਚ ਏਸ਼ੀਆ ਤੇ ਅਫਰੀਕਾ ਦੇ ਨਵੇਂ ਆਜ਼ਾਦ ਦੇਸ਼ ਸ਼ਾਮਿਲ ਸਨ। ਹੌਲੀ ਹੌਲੀ ਸੰਸਾਰ ਦੀ ਰਾਜਨੀਤੀ ਵਿਚ ਇਹ ਦੇਸ਼ ਵੱਡੀ ਰਾਜਨੀਤਕ ਤਾਕਤ ਬਣ ਗਏ ਸਨ।

ਭਾਰਤ ਨੇ ਚੀਨ ਨਾਲ ਪੰਚਸ਼ੀਲ ਦਾ ਸਮਝੌਤਾ ਬਹੁਤ ਜੋਸ਼ੋ ਖਰੋਸ਼ ਨਾਲ ਕੀਤਾ ਸੀ। ਚੀਨ ਦੀ ਦੋਸਤੀ ਦੇ ਨਾਹਰੇ ਬਣੇ ਸਨ ਜਿਵੇਂ ਕਿ ਹਿੰਦੀ ਚੀਨੀ ਭਾਈ ਭਾਈ। ਜਵਾਹਰਲਾਲ ਨਹਿਰੂ ਦੀ ਅਗਵਾਈ ਵਿਚ ਭਾਰਤ ਨੇ ਅਮਰੀਕਾ ਵੱਲੋਂ ਵੀਅਤਨਾਮ ਵਿਚ ਦਖਲ ਦਾ ਵਿਰੋਧ ਕੀਤਾ ਪਰ ਸੋਵੀਅਤ ਫੌਜਾਂ ਦੇ ਹੰਗਰੀ ਵਿਚ ਦਖਲ ਵੇਲੇ ਚੁੱਪ ਰਿਹਾ। ਇਸੇ ਤਰ੍ਹਾਂ ਚੀਨ ਵੱਲੋਂ ਤਿਬਤ ਉਪਰ ਕਬਜ਼ੇ ਬਾਰੇ ਵੀ ਕੋਈ ਡਟਵਾਂ ਵਿਰੋਧ ਨਹੀਂ ਕੀਤਾ। ਨਹਿਰੂ ਨੇ ਕੁਝ ਜ਼ਬਾਨੀ ਇਤਰਾਜ਼ ਦਰਜ ਕਰਵਾਏ ਤੇ ਦਲਾਈ ਲਾਮਾ ਸਮੇਤ ਕਈ ਤਿਬਤੀਅਨ ਸ਼ਰਨਾਰਥੀਆਂ ਦੇ ਮੁਲਕ ਵਿਚ ਦਾਖਲ ਹੋਣ ਦਾ ਸੁਆਗਤ ਕੀਤਾ। ਚੀਨ ਦੀਆਂ ਕੁਝ ਨੁਕਤਾਚੀਨੀਆਂ ਨੇ ਹੀ ਉਹਨਾਂ ਨੂੰ ਲੜਾਈ ਵਾਸਤੇ ਉਕਸਾ ਦਿੱਤਾ ਤੇ 1962 ਦੀ ਪੱਤਝੱੜ ਵਿਚ ਚੀਨੀ ਫੌਜਾਂ ਨੇ ਭਾਰਤੀ ਸਰਹੱਦਾਂ ਉਪਰ ਹਮਲਾ ਕਰ ਦਿੱਤਾ। ਚੀਨ ਨੇ ਹਿਮਾਲੀਆਂ ਦੇ ਬਹੁਤ ਮੁਸ਼ਕਿਲ ਇਲਾਕਿਆਂ ਵਿਚ ਵੀ ਪਹੁੰਚ ਕਰ ਲਈ ਤੇ ਭਾਰਤ ਦੀ ਘੱਟ ਹਥਿਆਰਾਂ ਨਾਲ ਲੈਸ ਫੌਜ ਨੂੰ ਮੈਦਾਨਾਂ ਵੱਲ ਧੱਕ ਦਿੱਤਾ। ਉਸ ਲੜਾਈ ਦੇ ਵਕਤ ਭਾਰਤ ਦੀ ਮਦਦ ਸੋਵੀਅਤ ਯੂਨੀਅਨ ਨੇ ਨਹੀਂ, ਅਮਰੀਕਾ ਤੇ ਕਾਮਨਵੈਨਥ ਮੁਲਕਾਂ ਨੇ ਕੀਤੀ ਸੀ। ਨਹਿਰੂ ਨੇ ਸਾਫ਼ ਦਿਲੋਂ ਆਪਣੀ ਵਿਦੇਸ਼ ਨੀਤੀ ਦੀ ਨਾਕਾਮਯਾਬੀ ਪ੍ਰਵਾਨ ਕੀਤੀ ਤੇ ਕਿਹਾ, "ਅਸੀਂ ਭੁਲੇਖੇ ਵਿਚ ਰਹਿੰਦੇ ਰਹੇ"।

ਚੀਨ ਨਾਲ ਲੜਾਈ ਵਿਚ ਹਾਰ ਤੋਂ ਬਾਅਦ ਨਹਿਰੂ ਕਦੇ ਵੀ ਪਹਿਲੇ ਦੀ ਤਰ੍ਹਾਂ ਦਾ ਨਹੀਂ ਹੋ ਸਕਿਆ। ਉਸ ਦੀ ਸਿਹਤ ਖਰਾਬ ਹੁੰਦੀ ਗਈ, ਮਨ ਵਿਚ ਗੜਬੜ ਸੀ ਤੇ ਸਰਕਾਰੀ ਮੀਟਿੰਗਾਂ ਵਿਚ ਵੀ ਸੌਂ ਜਾਂਦਾ ਸੀ। ਕ੍ਰਿਸ਼ਨਾ ਮੈਨਨ ਤੇ ਪਾਨੇਕਰ ਵਰਗਿਆਂ ਨਾਲ ਉਸ ਦੀ ਦੋਸਤੀ ਕਰਕੇ ਨੁਕਤਾਚੀਨੀਆਂ ਹੁੰਦੀਆਂ ਸਨ। ਉਸ ਦੇ ਬਹੁਤ ਨਜ਼ਦੀਕੀ ਸਾਥੀ ਭ੍ਰਿਸ਼ਟਾਚਾਰ ਵਿਚ ਵੀ ਸ਼ਾਮਿਲ ਸਨ ਜਿਵੇਂ ਕਿ ਪ੍ਰਤਾਪ ਸਿੰਘ ਕੈਰੋਂ, ਟੀ. ਟੀ. ਕ੍ਰਿਸ਼ਨਾਮਚਾਰੀ, ਬਖਸ਼ੀ ਗੁਲਾਮ ਮਹੰਮਦ ਅਤੇ ਬਿਜੂ ਪਟਨਾਇਕ ਵਰਗੇ। ਉਸ ਦੀ ਸ਼ਖਸੀਅਤ ਦਾ ਜਲਵਾ ਡਿੱਗ ਰਿਹਾ ਸੀ ਪਰ ਕੋਈ ਬਦਲ ਨਾ ਹੋਣ ਕਰਕੇ ਉਹ ਪ੍ਰਧਾਨ ਮੰਤਰੀ ਬਣਿਆ ਰਿਹਾ, 27 ਮਈ, 1964 ਨੂੰ ਆਪਣੀ ਮੌਤ ਤੱਕ।

ਚੈਪਟਰ 18

ਇੰਦਰਾ ਗਾਂਧੀ
(Indra Gandhi)

ਲੋਕਾਂ ਦੇ ਦਿਮਾਗ ਵਿਚ ਤਿੰਨ ਸਵਾਲ ਪੈਦਾ ਹੁੰਦੇ ਹਨ। ਇੰਦਰਾ ਗਾਂਧੀ ਕਿਸ ਕਿਸਮ ਦੀ ਔਰਤ ਹੈ? ਕਿਸ ਤਰ੍ਹਾਂ ਉਹ ਸੰਸਾਰ ਦੇ ਇਤਿਹਾਸ ਦੀ ਸਭ ਤੋਂ ਸ਼ਕਤੀਸ਼ਾਲੀ ਔਰਤ ਬਣ ਗਈ? ਉਹ ਭਾਰਤ ਨੂੰ ਕਿੱਥੇ ਲੈ ਕੇ ਜਾਵੇਗੀ?

ਚੰਗੇ ਮਨੋਵਿਗਿਆਨਕ ਇੰਦਰਾ ਗਾਂਧੀ ਦੀ ਸ਼ਕਤੀ ਨੂੰ ਸਮਝਣ ਵਾਸਤੇ ਉਸ ਦੇ ਬਚਪਨ ਵਿਚੋਂ ਸੰਕੇਤ ਲੱਭਦੇ ਹਨ। ਉਹ ਇਕ ਕਮਜ਼ੋਰ ਮਾਤਾ ਤੇ ਪ੍ਰਭਾਵਸ਼ਾਲੀ ਪਿਤਾ ਦੀ ਇਕੋ ਇਕ ਸੰਤਾਨ ਸੀ। ਨਜ਼ਦੀਕੀ ਰਿਸ਼ਤੇਦਾਰ, ਖਾਸ ਤੌਰ 'ਤੇ ਦਾਦਾ ਮੋਤੀ ਲਾਲ ਨਹਿਰੂ, ਭੂਆ ਵਿਜੇ ਲਕਸ਼ਮੀ ਅਤੇ ਘਰ ਆਉਣ ਜਾਣ ਵਾਲੇ ਬਹੁਤੇ ਲੋਕ ਰਾਸ਼ਟਰੀ ਪੱਧਰ ਦੀਆਂ ਹਸਤੀਆਂ ਸਨ। ਇਸ ਸਭ ਕੁਝ ਨਾਲ ਇਹ ਵਿਚਾਰ ਪੈਦਾ ਹੁੰਦਾ ਹੈ ਕਿ ਇਹ ਉਹਨਾਂ ਦੇ ਬਰਾਬਰ ਦੇ ਰੁਤਬੇ ਦੀ ਨਹੀਂ ਹੋ ਸਕਦੀ। ਫਿਰ ਪੁਲਿਸ ਵੱਲੋਂ ਬਾਰ ਬਾਰ ਉਸ ਘਰ ਇਸ ਦੇ ਮਾਂ ਬਾਪ ਨੂੰ ਫੜਨ ਵਾਸਤੇ ਆਉਣ ਨਾਲ ਆਨੰਦ ਭਵਨ ਵਿਚ ਗੈਰ ਹਮਦਰਦਾਂ ਦੇ ਆਉਣ ਦਾ ਸਿਲਸਲਾ ਵਧਦਾ ਲਗਦਾ ਸੀ। ਇਸ ਦਾ ਸਾਥ ਦੂਰ ਦੇ ਰਿਸ਼ਤੇਦਾਰ, ਘਰ ਦੇ ਨੌਕਰ ਜਾਂ ਖਿਡਾਉਣੇ ਦੇਂਦੇ ਸਨ।

ਕੁਝ ਨਾ ਕੁਝ ਭਾਵਾਤਮਕ ਸਾਂਝਾਂ ਇਸ ਬੱਚੀ ਵਿਚ ਜ਼ਰੂਰ ਪੈਦਾ ਹੋਈਆਂ ਹੋਣਗੀਆਂ ਜੋ 19 ਨਵੰਬਰ 1917 ਨੂੰ ਬ੍ਰਿਸਚਕ ਰਾਸ਼ੀ ਤਹਿਤ ਪੈਦਾ ਹੋਈ। ਜੋਤਸ਼ੀਆਂ ਦਾ ਕਹਿਣਾ ਹੈ ਕਿ ਬ੍ਰਿਸਚਕ ਬੱਚਾ ਸਖਤ ਦਿਲ, ਮਿਹਨਤੀ ਤੇ ਪੈਸਾ ਬਣਾਉਣ ਵਿਚ ਬਹੁਤ ਮਾਹਿਰ ਹੁੰਦਾ ਹੈ। ਇੰਦਰਾ ਗਾਂਧੀ ਵਿਚ ਅਜਿਹੇ ਕੋਈ ਲੱਛਣ ਨਹੀਂ ਸਨ। ਸਰੋਜਨੀ ਨਾਇਡੂ ਸੱਚਾਈ ਦੇ ਨੇੜੇ ਸਮਝੀ ਜਾ ਸਕਦੀ ਹੈ ਜਿਸ ਨੇ ਇੰਦਰਾ ਦੇ ਜਨਮ ਵੇਲੇ ਨਹਿਰੂ ਨੂੰ ਤਾਰ ਦੇਂਦਿਆ ਕਿਹਾ ਸੀ ਕਿ "ਇਹ ਨਵੇਂ ਭਾਰਤ ਦੀ ਆਤਮਾ ਹੋਵੇਗੀ।" ਇਸ ਦਾ ਨਾਮ 'ਪ੍ਰਿਆਦਰਸ਼ਨੀ' ਰੱਖਿਆ ਗਿਆ।

ਇੰਦਰਾ ਦੀ ਪੜ੍ਹਾਈ ਉਸੇ ਤਰ੍ਹਾਂ ਪਰੇਸ਼ਾਨੀ ਵਿਚ ਰਹੀ ਜਿਸ ਤਰ੍ਹਾਂ ਉਸ ਦਾ ਬਚਪਨ। ਉਹ ਬਾਰ ਬਾਰ ਸਕੂਲ ਤੇ ਟੀਚਰ ਬਦਲਦੀ ਰਹੀ ਕਿਉਂਕਿ ਉਸ ਨੂੰ ਆਪਣੀ ਰਿਹਾਇਸ਼ ਦੇ ਸ਼ਹਿਰ ਬਦਲਨੇ ਪੈ ਰਹੇ ਸਨ। ਉਸ ਦੇ ਪਿਤਾ ਦੀਆਂ ਜੇਲ ਵਿਚੋਂ ਚਿੱਠੀਆਂ ਬਿਨਾਂ ਸ਼ੱਕ ਇਤਿਹਾਸ ਵਿਚ ਪੱਤਰ ਵਿਹਾਰ ਦਾ ਕੋਰਸ ਸੀ। ਉਹ ਕਿਸੇ ਇਕ ਜਗ੍ਹਾ ਟਿਕ ਕੇ ਪੜ੍ਹਾਈ ਨਹੀਂ ਕਰ ਸਕੀ। ਸ਼ਾਤੀਨਿਕੇਤਨ ਵਿਚ ਵੀ ਕਦੇ ਜਾਣਾ ਕਦੇ ਆਉਣਾ ਰਿਹਾ। ਫਿਰ ਉਹ ਨੇ ਸਵਿਟਜ਼ਰਲੈਂਡ ਦੇ ਇੰਟਰਨੈਸ਼ਨਲ ਸਕੂਲ ਵਿਚ ਪੜ੍ਹਾਈ ਕੀਤੀ ਤੇ ਕੁਝ ਦੇਰ ਇੰਗਲੈਂਡ ਦੇ ਆਕਸਫੋਰਡ ਦੇ ਕਾਲਜ ਵਿਚ। ਅੱਜ ਜੇ ਉਸ ਨੂੰ ਭਾਰਤ ਵਿਚ ਸਰਕਾਰੀ ਨੌਕਰੀ ਵਾਸਤੇ ਦਰਖਾਸਤ ਦੇਣੀ ਹੋਵੇ ਤਾਂ ਉਸ ਦੀ ਵਿਦਿਅਕ ਯੋਗਤਾ

ਹੇਠਲੇ ਗਰੇਡ ਦੇ ਕਲਰਕ ਦੇ ਬਰਾਬਰ ਵੀ ਨਹੀਂ ਬਣਦੀ ਭਾਵੇਂ ਕਿ ਉਹ ਇਸ ਮੁਲਕ ਦੀ ਸਰਕਾਰ ਦੀ ਮੁਖੀ ਹੈ। ਸਰਟੀਫੀਕੇਟਾਂ ਮੁਤਾਬਕ ਉਸ ਦੀ ਵਿਦਿਅਕ ਯੋਗਤਾ ਸਿਰਫ਼ ਬੰਬਈ ਯੂਨੀਵਰਸਿਟੀ ਦੀ ਮੈਟਰਿਕ ਹੈ ਜਿਸ ਦੀ ਡਿਵੀਜ਼ਨ ਦਾ ਪਤਾ ਨਹੀਂ ਹੈ।

ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹਦੀ ਕਿ ਬਹੁਤ ਲੋਗ ਜੋ ਇੰਦਰਾ ਗਾਂਧੀ ਨੂੰ ਉਸ ਦੇ ਬਚਪਨ ਵਿਚ ਮਿਲੇ ਉਸ ਤੋਂ ਪ੍ਰਭਾਵਤ ਨਹੀਂ ਸਨ। ਇਹਨਾਂ ਕਾਰਨਾਂ ਕਰਕੇ ਹੀ ਉਸ ਨੇ ਬਾਅਦ ਵਿਚ ਆਪਣੀ ਜੀਵਨੀ ਲਿਖਣ ਵਾਲੇ ਖਵਾਜਾ ਅਹਿਮਦ ਅੱਬਾਸ ਨੂੰ ਦੱਸਿਆ ਸੀ ਕਿ ਉਹ ਇਕ ਲੇਖਕ ਬਣਨਾ ਚਾਹੁੰਦੀ ਸੀ। ਇਸ ਤੋਂ ਇਲਾਵਾ ਉਸ ਨੇ ਕਿਹਾ ਕਿ ਉਸ ਨੂੰ ਇਤਿਹਾਸ ਦੀ ਖੋਜ ਕਰਨ ਦਾ ਇਰਾਦਾ ਜ਼ਰੂਰ ਸੀ ਤੇ ਜੇ ਆਸਾਨ ਜ਼ਿੰਦਗੀ ਜਿਊਣੀ ਹੁੰਦੀ ਤਾਂ ਇੰਟੀਰੀਅਰ ਡੈਕੋਰੇਟਰ ਬਣ ਜਾਂਦੀ। ਜੋ ਮਰਜ਼ੀ ਕਹੋ ਆਖਰ ਰਾਜਨੀਤੀ ਹੀ ਉਸ ਦੇ ਖ਼ੂਨ ਵਿਚ ਸੀ ਅਤੇ ਸਭ ਰੁਕਾਵਟਾਂ ਦੇ ਬਾਵਜੂਦ ਉਹ ਇਸੇ ਲਹਿਰ ਵਿਚ ਦਾਖਲ ਹੋਈ। ਉਹ ਸਪਸ਼ਟ ਕਰਦੀ ਹੈ ਕਿ ਰਾਜਨੀਤੀ ਵਿਚ ਉਸ ਦਾ ਕੋਈ ਖਾਸ ਮਿਸ਼ਨ ਜਾਂ ਫਿਲਾਸਫੀ ਨਹੀਂ ਸੀ।

ਇੰਦਰਾ ਵਿਚ ਸੋਸ਼ਲਿਜ਼ਮ ਦੇ ਵਿਚਾਰਾਂ ਦਾ ਬੀਜ ਉਸ ਦੇ ਪਿਤਾ ਨੇ ਬੀਜਿਆ ਸੀ। ਰਾਜਨੀਤੀ ਦੇ ਸ਼ੁਰੂਆਤ ਵਿਚ ਹੀ ਉਸ ਦੀ ਜ਼ਿਅਦਾ ਨੇੜਤਾ ਸੋਸ਼ਲਿਸਟ ਵਿਚਾਰਾਂ ਵਾਲੇ ਲੋਕਾਂ ਨਾਲ ਸੀ ਜਿਹਨਾਂ ਵਿਚੋਂ ਮੁੱਖ ਸਨ ਕ੍ਰਿਸ਼ਨਾ ਮੈਨਨ, ਫਿਰੋਜ਼ ਗਾਂਧੀ (ਜਿਸ ਨਾਲ ਇਸ ਨੇ ਬਾਅਦ ਵਿਚ ਸ਼ਾਦੀ ਕਰ ਲਈ ਸੀ), ਮੀਨੂ ਮਸਾਨੀ, ਮੋਹਨ ਕੁਮਾਰਾ ਮੰਗਲਮ, ਰਜਨੀ ਪਟੇਲ, ਭੂਪੇਸ਼ ਗੁਪਤਾ ਤੇ ਜਿਓਤੀ ਬਾਸੂ। ਯੂਰਪ ਵਿਚ ਫਾਸ਼ਿਜ਼ਮ ਦੀ ਚੜ੍ਹਤ ਦੇ ਵਕਤ ਵੀ ਇੰਦਰਾ ਗਾਂਧੀ ਅੰਦਰ ਸੋਵੀਅਤ ਯੂਨੀਅਨ ਨਾਲ ਹਮਦਰਦੀ ਸੀ ਤੇ ਉਸ ਦੇ ਸਾਥੀਆਂ ਦੀ ਵੀ ਪਰ ਉਹ ਬਾਕਾਇਦਾ ਮਾਰਕਸਵਾਦੀ ਜਾ ਕਮਿਊਨਿਸਟ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਇੰਦਰਾ ਜਲਦੀ ਹੀ ਸਰਗਰਮ ਰਾਜਨੀਤੀ ਵੱਲ ਖਿੱਚੀ ਗਈ।

1942 ਵਿਚ ਇੰਦਰਾ ਦੀ ਸ਼ਾਦੀ ਫਿਰੋਜ਼ ਗਾਂਧੀ ਨਾਲ ਹੋ ਗਈ ਤੇ ਕੁਝ ਦੇਰ ਵਾਸਤੇ ਇਸ ਦੀਆਂ ਰਾਜਨੀਤਕ ਸਰਗਰਮੀਆਂ ਰੁਕ ਗਈਆਂ ਪਰ ਜ਼ਿਆਦਾ ਦੇਰ ਤੱਕ ਨਹੀਂ। ਇੰਦਰਾ ਦੀ ਫਿਰੋਜ਼ ਵੱਲ ਖਿੱਚ ਦਾ ਵੱਡਾ ਕਾਰਨ ਉਸ ਦੀ ਇਸ ਦੇ ਮਾਪਿਆ ਪ੍ਰਤੀ ਸ਼ਰਧਾ ਤੇ ਰਾਜਨੀਤਕ ਵਿਚਾਰਾਂ ਦਾ ਸਮੇਲ ਸੀ। ਹੁਣ ਇਸੇ ਵਿਆਹ ਕਰਕੇ ਰਾਜਨੀਤੀ ਤੋਂ ਲੰਮੀਆਂ ਛੁੱਟੀਆਂ ਨਹੀਂ ਲੈ ਸਕਦੀ ਸੀ। ਉਹ ਇਕ ਰਾਜਨੀਤਕ ਪਿਤਾ ਦੀ ਬੇਟੀ ਸੀ ਤੇ ਹੁਣ ਇਕ ਰਾਜਨੀਤਕ ਪਤੀ ਦੀ ਪਤਨੀ ਸੀ। ਇਸ ਵਾਸਤੇ 'ਭਾਰਤ ਛੱਡੋ' (Quit India) ਅੰਦੋਲਨ ਨੇ ਇਸ ਸਾਰੇ ਪਰਿਵਾਰ ਨੂੰ ਰਾਜਨੀਤੀ ਵਿਚ ਖਿੱਚ ਲਿਆ। ਇੰਦਰਾ ਨੇ ਰਾਜਨੀਤੀ ਦਾ ਪਹਿਲਾ ਕਲਮਾ ਪੜ੍ਹਿਆ (baptised) ਜਦੋਂ ਉਸ ਨੂੰ ਪੁਲਿਸ ਨੇ ਕੁੱਟਿਆ। ਜੇਲ ਵਿਚ ਇਸ ਨਾਲ ਆਮ ਕੈਦੀਆਂ ਵਾਲਾ ਵਿਹਾਰ ਕੀਤਾ ਤੇ 'ਸੀ' ਕਲਾਸ ਦਿੱਤੀ ਗਈ। ਹਾਲਾਂਕਿ ਉਹ ਬੀਮਾਰ ਸੀ, ਬਚਪਨ ਤੋਂ ਹੀ ਕਿਡਨੀ ਦੀ ਪਰੇਸ਼ਾਨੀ ਸੀ ਤੇ ਫੇਫੜੇ ਵਿਚ ਸੋਜਸ਼ ਦੀ ਬੀਮਾਰੀ ਸੀ। ਜੇਲ ਵਿਚ ਉਸ ਨਾਲ ਚੰਗਾ ਵਿਹਾਰ ਨਹੀਂ ਕੀਤਾ ਜਾਂਦਾ ਸੀ। ਉਸ ਨੂੰ ਬਹੁਤ ਬੁਰਾ ਲੱਗਾ ਜਦੋਂ ਬਾਹਰੋਂ

ਉਸ ਵਾਸਤੇ ਭੇਜੇ ਅੰਬ ਜੇਲਰਾਂ ਨੇ ਖਾ ਲਏ। ਫਿਰ ਵੀ ਉਸ ਨੇ ਇਹ ਸਭ ਗੱਲਾਂ ਬਹੁਤ ਹਿੰਮਤ ਨਾਲ ਸਹਿਣ ਕੀਤੀਆਂ।

ਦੂਜੀ ਆਲਮੀ ਜੰਗ ਖ਼ਤਮ ਹੋਣ ਦੇ ਨਾਲ ਹੀ ਇੰਦਰਾ ਦੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ। ਉਸ ਦਾ ਪਿਤਾ ਮੁਲਕ ਦਾ ਪ੍ਰਧਾਨ ਮੰਤਰੀ ਬਣ ਗਿਆ ਸੀ। ਉਸ ਨੇ ਆਪਣੇ ਪਤੀ ਨੂੰ ਦਿੱਲੀ ਆ ਜਾਣ ਵਾਸਤੇ ਮਨਾਇਆ ਤਾਂ ਜੋ ਉਹ ਉਸ ਦੀ ਮਾਤਾ ਦੇ ਮਰਨ ਤੋਂ ਬਾਅਦ ਇਕੱਲੇ ਹੋ ਗਏ ਪਿਤਾ ਦੇ ਕੋਲ ਰਹਿ ਸਕੇ। ਉਸ ਦਾ ਪਤੀ ਜਲਦੀ ਹੀ ਇਕ ਉੱਘੀ ਰਾਜਨੀਤਕ ਹਸਤੀ ਬਣ ਗਿਆ ਤੇ ਪਾਰਲੀਮੈਂਟ ਦਾ ਮੈਂਬਰ ਵੀ ਚੁਣਿਆ ਗਿਆ। ਇਹ ਅੱਡ ਅੱਡ ਰਹਿਣ ਲੱਗ ਪਏ। ਫਿਰੋਜ਼ ਦਿੱਲੀ ਵਿਚ ਆਪਣੇ ਖ਼ੁਦ ਦੇ ਮਕਾਨ ਵਿਚ ਚਲਾ ਗਿਆ ਤੇ ਇੰਦਰਾ ਪਿਤਾ ਦੇ ਘਰ ਆ ਗਈ। ਇਹ ਉਸ ਦੀ ਰਾਜਨੀਤਕ ਸੈਕਟਰੀ, ਨਰਸ ਤੇ ਘਰ ਦੀ ਸੰਭਾਲ ਕਰਨ ਵਾਲੀ (housekeeper) ਬਣ ਗਈ। ਜ਼ਿਆਦਾ ਵਕਤ ਉਹ ਇਸੇ ਕੰਮ ਵਾਸਤੇ ਲਗਾਉਂਦੀ ਤੇ ਬਾਕੀ ਦਾ ਬਚਦਾ ਆਪਣੇ ਵੱਡੇ ਹੋ ਰਹੇ ਦੋ ਪੁੱਤਰਾਂ ਦੇ ਪਾਲਣ ਪੋਸਣ ਵਿਚ।

ਹੁਣ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨਾਲ ਸੰਪਰਕ ਕਰਨ ਦਾ ਮੁੱਖ ਸਰੋਤ ਬਣ ਗਈ। ਕੈਬਨਿਟ ਦੇ ਵਜ਼ੀਰ, ਪ੍ਰਾਂਤਾਂ ਦੇ ਮੁੱਖ ਮੰਤਰੀ, ਵੱਡੀ ਤਾਂਘ ਰੱਖਣ ਵਾਲੇ (ambitious) ਰਾਜਨੇਤਾ ਤੇ ਸਰਕਾਰੀ ਅਫਸਰ ਵੀ ਇੰਦਰਾ ਦੇ ਰਾਹੀਂ ਹੀ ਮਿਲਦੇ ਸਨ। ਇਸ ਤੋਂ ਬਾਅਦ ਉਹ ਕਈ ਕਮੇਟੀਆਂ ਦੀ ਮੈਂਬਰ ਬਣਦੀ ਰਹੀ ਤੇ ਆਪਣੇ ਪਿਤਾ ਨਾਲ ਕਾਮਨਵੈਲਥ ਦੀ ਕਾਨਫਰੰਸ ਵਿਚ ਗਈ। ਇਸ ਤਰ੍ਹਾਂ ਉਹ ਸੋਵੀਅਤ ਯੂਨੀਅਨ ਦੇ ਵੀ ਸਰਕਾਰੀ ਦੌਰੇ 'ਤੇ ਗਈ ਤੇ ਚੀਨ ਨਾਲ ਪੰਚਸ਼ੀਲ ਸਮਝੌਤੇ ਦੇ ਮੌਕੇ ਵੀ ਆਪਣੇ ਪਿਤਾ ਦੇ ਨਾਲ 'ਬਾਂਡੂੰਗ' ਸ਼ਹਿਰ ਵਿਚ ਸੀ।

1955-59 ਦੇ ਚਾਰ ਸਾਲਾਂ ਵਿਚ ਜਵਾਹਰ ਲਾਲ ਨਹਿਰੂ ਨੇ ਕਾਂਗਰਸ ਪਾਰਟੀ ਦੀ ਮਸ਼ੀਨਰੀ ਦਾ ਕਾਫ਼ੀ ਕੰਮ ਆਪਣੀ ਬੇਟੀ ਦੇ ਹੱਥਾਂ ਵਿਚ ਦੇ ਦਿੱਤਾ ਸੀ। ਉਹ ਕਾਂਗਰਸ ਦੀ ਵਰਕਿੰਗ ਕਮੇਟੀ ਦੀ ਮੈਂਬਰ ਬਣੀ ਤੇ ਫਿਰ ਕਾਂਗਰਸ ਪਾਰਲੀਮੈਂਟਰੀ ਬੋਰਡ ਦੀ ਮੈਂਬਰ ਬਣੀ ਜਿਸ ਦੇ ਜ਼ਿੰਮੇ ਪਾਰਲੀਮੈਂਟ ਤੇ ਅਸੰਬਲੀ ਵਾਸਤੇ ਟਿਕਟਾਂ ਦੇਣਾ ਸੀ। ਅਖੀਰ 1959 ਵਿਚ ਉਹ ਕਾਂਗਰਸ ਪਾਰਟੀ ਦੀ ਪ੍ਰਧਾਨ ਬਣਾਈ ਗਈ। ਇਸ ਤਰ੍ਹਾਂ ਉਹ ਨਹਿਰੂ ਖਾਨਦਾਨ ਵਿਚੋਂ ਤੀਸਰੀ ਤੇ ਔਰਤਾਂ ਵਿਚੋਂ ਚੌਥੀ ਪ੍ਰਧਾਨ ਸੀ। ਇਸ ਪ੍ਰਧਾਨਗੀ ਦੇ ਦੌਰਾਨ ਉਹ ਆਪਣੇ ਪਿਤਾ ਤੇ ਪਤੀ ਦੇ ਵਿਚਾਰਾਂ ਨਾਲ ਮੇਲ ਖਾਂਦਿਆਂ ਖੱਬੇ ਪੱਖੀ ਰੁਝਾਨ ਦਾ ਤੱਕੜਾ ਪ੍ਰਗਟਾਵਾ ਕਰਦੀ ਰਹੀ। ਲੇਕਿਨ ਜੁਲਾਈ 1959 ਵਿਚ ਹੀ ਉਹ ਕੇਰਲਾ ਦੀ ਕਮਿਊਨਿਸਟ ਸਰਕਾਰ ਨੂੰ ਡਿਸਮਿਸ ਕਰਵਾਉਣ ਦੇ ਅੰਦੋਲਨ ਦੀ ਮੋਹਰੀ ਬਣੀ ਜੋ ਦੋ ਸਾਲ ਤੋਂ ਸੂਬੇ ਉਪਰ ਰਾਜ ਕਰ ਰਹੀ ਸੀ। ਇਸ ਵਾਸਤੇ ਉਹ ਮੁਸਲਿਮ ਲੀਗ ਵਰਗੀ ਪਾਰਟੀ ਨਾਲ ਵੀ ਤਾਲਮੇਲ ਕਰਨ ਤੋਂ ਨਹੀਂ ਝਿਜਕੀ ਜਿਸ ਬਾਰੇ ਪਹਿਲਾਂ ਵੱਡੀ ਨਫ਼ਰਤ ਪਾਈ ਜਾਂਦੀ ਸੀ। ਇੰਦਰਾ ਗਾਂਧੀ ਨੇ ਹੀ ਬੰਬਈ ਸਟੇਟ ਨੂੰ ਤੋੜ ਕੇ ਮਹਾਰਾਸ਼ਟਰ ਤੇ ਗੁਜਰਾਤ ਦੇ ਸੂਬੇ ਬਣਾਉਣ ਦੀ ਤਜਵੀਜ਼ ਰੱਖੀ ਸੀ।

1960 ਵਿਚ ਫਿਰੋਜ਼ ਗਾਂਧੀ ਦੇ ਮਰਨ ਤੋਂ ਬਾਅਦ ਇੰਦਰਾ ਗਾਂਧੀ ਰਾਜਨੀਤੀ

ਵਿਚ ਹੋਰ ਸਰਗਰਮ ਹੋ ਗਈ। ਦੋ ਸਾਲ ਬਾਅਦ ਮੱਧ ਭਾਰਤ ਵਿਚ ਹਿੰਦੂ ਮੁਸਲਿਮ ਫਸਾਦ ਹੋ ਗਏ। ਇੰਦਰਾ ਨੇ ਪ੍ਰਭਾਵਤ ਇਲਾਕਿਆਂ ਦਾ ਦੌਰਾ ਕੀਤਾ ਤੇ ਮੁਸਲਮਾਨਾਂ ਨੂੰ ਪੂਰੀ ਸੁਰੱਖਿਆ ਦਾ ਵਚਨ ਦਿੱਤਾ। ਫਿਰ 1962 ਦੀ ਪੱਤਝੜ ਦੇ ਮੌਕੇ ਚੀਨ ਨਾਲ ਲੜਾਈ ਸ਼ੁਰੂ ਹੋ ਗਈ। ਸੀਮਾ ਦੇ ਇਲਾਕੇ ਦਾ ਦੌਰਾ ਕਰਨ ਵਾਸਤੇ ਲੀਡਰਾਂ ਵਿਚੋਂ ਸਿਰਫ਼ ਇੰਦਰਾ ਗਾਂਧੀ ਹੀ ਗਈ ਤੇ ਬਾਅਦ ਵਿਚ ਲਾਲ ਬਹਾਦਰ ਸ਼ਾਸਤਰੀ। ਫੌਜ ਵੀ ਸਮਝਦੀ ਸੀ ਕਿ ਇੰਦਰਾ ਗਾਂਧੀ ਹੀ ਉਹਨਾਂ ਵਾਸਤੇ ਚੰਗੀ ਉਮੀਦ ਹੋ ਸਕਦੀ ਹੈ। ਇਸ ਲੜਾਈ ਵਿਚ ਹਾਰ ਹੋਣ ਕਰਕੇ ਨਹਿਰੂ ਦਾ ਪ੍ਰਭਾਵ ਬਹੁਤ ਘਟ ਗਿਆ। ਉਸ ਨੇ ਉਸ ਵੇਲੇ ਦੇ ਰੱਖਿਆ ਮੰਤਰੀ ਕ੍ਰਿਸ਼ਨਾ ਮੈਨਨ ਨੂੰ ਹਟਾ ਦਿੱਤਾ ਤੇ ਫੀਲਡ ਮਾਸਟਰ ਬੀ ਐਮ ਕੌਲ ਨੂੰ ਕਮਾਂਡਰਾਂ ਦੀ ਲਿਸਟ ਵਿਚੋਂ ਕੱਢ ਦਿੱਤਾ। ਨਹਿਰੂ ਦੇ ਇਕ ਹੋਰ ਵਿਰੋਧੀ ਮੋਰਾਰਜੀ ਡੇਸਾਈ ਨੂੰ 1963 ਦੀ ਕਾਮਰਾਜ ਪਲਾਨ ਤਹਿਤ ਹਟਾ ਦਿੱਤਾ। ਇਹ ਪਲਾਨ ਕਾਂਗਰਸ ਦਾ ਪ੍ਰਭਾਵ ਦਰੁਸਤ ਕਰਨ ਵਾਸਤੇ ਬਣਾਈ ਗਈ ਸੀ।

1964 ਵਿਚ ਜਦੋਂ ਜਵਾਹਰ ਲਾਲ ਨਹਿਰੂ ਦੀ ਮੌਤ ਹੋ ਗਈ ਤਾਂ ਉਸ ਦੀ ਜਗ੍ਹਾ ਸੰਭਾਲਣ ਵਾਲਿਆਂ ਵਿਚੋਂ ਇੰਦਰਾ ਗਾਂਧੀ ਦਾ ਨਾਮ ਸਭ ਤੋਂ ਉਪਰ ਸੀ ਪਰ ਇਸ ਨੇ ਅਜੇ ਹੋਰ ਵਕਤ ਲੈਣ ਦੀ ਸੋਚੀ। ਲਾਲ ਬਹਾਦਰ ਸ਼ਾਸਤਰੀ ਆਪਣੇ ਵਿਰੋਧੀ ਮੋਰਾਰਜੀ ਡੇਸਾਈ ਨੂੰ ਹਰਾ ਕੇ ਮੁਲਕ ਦਾ ਪ੍ਰਧਾਨ ਮੰਤਰੀ ਬਣਿਆ। ਇੰਦਰਾ ਗਾਂਧੀ ਸੂਚਨਾ ਤੇ ਪ੍ਰਸਾਰ ਦੇ ਮਹਿਕਮੇ ਦੀ ਮੰਤਰੀ ਬਣੀ ਜਿਸ ਦਾ ਕੈਬਨਿਟ ਵਿਚ ਚੌਥਾ ਨੰਬਰ ਸੀ। ਇਸ ਵਜ਼ਾਰਤ ਵਿਚ ਇੰਦਰਾ ਗਾਂਧੀ ਕੋਈ ਵਿਲੱਖਣਾ ਕੰਮ ਨਹੀਂ ਕਰ ਸਕੀ। ਉਹ ਇਕ ਪ੍ਰਸ਼ਾਸਕ ਦੇ ਤੌਰ 'ਤੇ ਵੀ ਚੰਗਾ ਪ੍ਰਭਾਵ ਨਹੀਂ ਬਣਾ ਸਕੀ ਹਾਲਾਂਕਿ ਸਾਰੇ ਉਸ ਦੀ ਇੱਜ਼ਤ ਕਰਦੇ ਸਨ ਕਿ ਉਹ ਸਵਰਗਵਾਸੀ ਪ੍ਰਧਾਨ ਮੰਤਰੀ ਦੀ ਬੇਟੀ ਹੈ।

1965 ਵਿਚ ਭਾਰਤ ਤੇ ਪਾਕਿਸਤਾਨ ਦਰਮਿਆਨ ਲੜਾਈ ਹੋ ਗਈ। ਇਸ ਦੌਰਾਨ ਲਾਲ ਬਹਾਦਰ ਸ਼ਾਸਤਰੀ ਦੀ ਸ਼ਖਸੀਅਤ ਕਾਫੀ ਚੜ੍ਹਤ ਵਿਚ ਚਲੇ ਗਈ ਪਰ ਜਿਵੇਂ ਹੀ ਇਹ ਹਾਲਾਤ ਬਣੇ 11 ਜਨਵਰੀ, 1966 ਨੂੰ ਤਾਸ਼ਕੰਦ ਵਿਚ ਸ਼ਾਸਤਰੀ ਦੀ ਅਚਨਚੇਤ ਮੌਤ ਹੋ ਗਈ। ਉਸੇ ਵੇਲੇ ਹੀ ਉਸ ਦੇ ਜਾਂਨਸ਼ੀਨ ਦੀ ਚੋਣ ਦਾ ਸਵਾਲ ਸਾਹਮਣੇ ਆ ਗਿਆ।

ਥੋੜੇ ਦਿਨਾਂ ਵਿਚ ਹੀ ਸਭ ਸੰਬੰਧਤ ਲੋਕਾਂ ਨੂੰ ਗਿਆਨ ਹੋ ਗਿਆ ਕਿ ਇੰਦਰਾ ਗਾਂਧੀ ਬਿਨਾਂ ਹੋਰ ਕੋਈ ਬਦਲ ਨਹੀਂ ਹੋ ਸਕਦਾ। ਨੇਤਾ ਬਣਾਉਣ ਵਾਲੇ ਲੋਕ (king makers) ਖੁਦ ਹੀ ਨੇਤਾ (king) ਬਣਨ ਵਾਸਤੇ ਉਤਾਵਲੇ ਸਨ ਤੇ ਇਸ ਤਰ੍ਹਾਂ ਇਕ ਦੂਜੇ ਦੇ ਮੌਕੇ ਕੱਟਦੇ ਜਾ ਰਹੇ ਸਨ। ਸਿਰਫ ਇੰਦਰਾ ਗਾਂਧੀ ਹੀ ਅਜਿਹਾ ਪ੍ਰਭਾਵ ਬਣਾਉਣ ਵਿਚ ਕਾਮਯਾਬ ਸੀ ਕਿ ਉਸ ਨੂੰ ਨੇਤਾ ਬਣਨ ਦੀ ਕੋਈ ਭੁੱਖ ਨਹੀਂ ਪਰ ਉਸ ਉਪਰ ਜ਼ਬਰਦਸਤੀ ਇਹ ਜ਼ਿੰਮੇਵਾਰੀ ਥੋਪੀ ਜਾ ਰਹੀ ਹੈ। ਇੰਦਰਾ ਗਾਂਧੀ ਨੇ ਮੋਰਾਰਜੀ ਡੇਸਾਈ ਨੂੰ 189 ਦੇ ਮੁਕਾਬਲੇ 355 ਵੋਟਾਂ ਨਾਲ ਹਰਾ ਦਿੱਤਾ ਅਤੇ 19 ਜਨਵਰੀ 1966 ਨੂੰ ਮੁਲਕ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬਣੀ ਅਤੇ 700 ਸਾਲਾਂ ਵਿਚ ਰਜ਼ੀਆ ਸੁਲਤਾਨ ਤੋਂ ਬਾਅਦ ਭਾਰਤ ਦੀ ਦੂਜੀ ਔਰਤ ਹੁਕਮਰਾਨ।

ਨਹਿਰੂ ਤੇ ਸ਼ਾਸਤਰੀ ਜੋ ਤਖਤ ਇੰਦਰਾ ਗਾਂਧੀ ਵਾਸਤੇ ਛੱਡ ਗਏ ਸਨ ਉਹ ਕੰਡਿਆਂ ਦੀ ਸੇਜ ਸੀ। ਪੰਜ ਸਾਲਾ ਪਲੈਨਾਂ ਟੁੱਟ ਚੁੱਕੀਆਂ ਸਨ ਅਤੇ ਖੇਤੀ ਬਾੜੀ ਤੇ ਉਦਯੋਗ ਦੋਹਾਂ ਦੀਆਂ ਪੈਦਾਵਾਰਾਂ ਹੇਠਾਂ ਜਾ ਰਹੀਆਂ ਸਨ। ਭਾਰਤ ਦਾ ਵਿਦੇਸ਼ੀ ਸਿੱਕੇ ਦਾ ਭੰਡਾਰ ਖਤਮ ਹੋਣ ਦੇ ਕਿਨਾਰੇ ਸੀ ਤੇ ਕੁਰੱਪਸ਼ਨ ਸਿਰੇ 'ਤੇ ਪਹੁੰਚ ਗਈ ਸੀ। ਖੈਰ ਸਭ ਤੋਂ ਪਹਿਲਾਂ ਇੰਦਰਾ ਗਾਂਧੀ ਨੇ ਸੰਸਾਰ ਵਿਚ ਆਪਣੇ ਆਪ ਨੂੰ ਭਾਰਤ ਦੀ ਨੇਤਾ ਦੀ ਮਾਨਤਾ ਕਰਵਾਉਣ ਵਾਸਤੇ ਵੱਡੇ ਵਿਦੇਸ਼ੀ ਦੌਰੇ ਕੀਤੇ। ਉਹ ਯੂਰਪ, ਸੋਵੀਅਤ ਯੂਨੀਅਨ ਤੇ ਅਮਰੀਕਾ ਗਈ।

ਉਹ ਵਾਪਸ ਆਪਣੇ ਕੰਮ 'ਤੇ ਆ ਗਈ ਤੇ ਕੁਝ ਹੀ ਮਹੀਨਿਆਂ ਵਿਚ ਸਭ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਹੀ ਅਸਲ ਵਿਚ 'ਬਾਸ' ਹੈ। ਬਿਨਾਂ ਕਿਸੇ ਦੀ ਸਲਾਹ ਲਏ ਉਸ ਨੇ ਜੂਨ 1966 ਵਿਚ ਰੁਪਈਏ ਦੀ ਕੀਮਤ 57 ਫੀ ਸਦੀ ਹੇਠਾਂ ਕਰ ਲਈ। ਉਸ ਨੇ ਪੰਜਾਬੀ ਸੂਬਾ ਦੀ ਮੰਗ ਮੰਨਜ਼ੂਰ ਕਰ ਲਈ ਜਿਸ ਨਾਲ ਇਕ ਸਿੱਖ ਬਹੁਗਿਣਤੀ ਸੂਬਾ ਹੋਂਦ ਵਿਚ ਆ ਜਾਣਾ ਸੀ। ਜਦੋਂ ਕੁਝ ਹਿੰਦੂ ਸੰਗਠਨਾਂ ਨੇ ਗਊ ਹੱਤਿਆ ਉਪਰ ਪਾਬੰਦੀ ਦੀ ਮੰਗ ਉਪਰ ਹਿੰਸਕ ਅੰਦੋਲਨ ਕੀਤੇ ਤਾਂ ਗੜਬੜ ਦਾ ਬਹਾਨਾ ਬਣਾ ਕੇ ਉਸ ਨੇ ਆਪਣੇ ਘਰੇਲੂ ਮਾਮਲੇ ਦੇ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੂੰ ਹਟਾ ਦਿੱਤਾ ਜੋ ਦੋ ਵਾਰ ਆਰਜ਼ੀ ਪ੍ਰਧਾਨ ਮੰਤਰੀ ਰਹਿ ਚੁਕਾ ਸੀ ਤੇ ਕਈ ਲੋਕ ਉਸ ਦਾ ਵਿਅਕਤੀਤਵ ਚਮਕਾਉਣ ਵਿਚ ਲੱਗੇ ਹੋਏ ਸਨ।

ਲੇਕਿਨ ਇਹਨਾਂ ਸਾਰੇ ਸਖ਼ਤ ਕਦਮਾਂ ਨਾਲ ਕਾਂਗਰਸ ਪਾਰਟੀ ਆਪਣਾ ਚੰਗਾ ਪ੍ਰਭਾਵ ਨਹੀਂ ਬਣਾ ਸਕੀ ਜਿਸ ਦਾ ਜਾਇਜ਼ਾ 1967 ਦੀਆਂ ਚੋਣਾਂ ਵਿਚ ਲੱਗ ਚੁਕਾ ਸੀ। ਪਾਰਟੀ ਦੀਆਂ ਪਹਿਲਾਂ ਨਾਲੋਂ 100 ਸੀਟਾਂ ਘੱਟ ਆਈਆਂ ਸਨ ਤੇ ਸਿਰਫ 40 ਦੀ ਬਹੁਗਿਣਤੀ ਨਾਲ ਸਰਕਾਰ ਬਣ ਸਕੀ ਸੀ। ਇਹ ਮੋੜ ਸੱਜੇ ਪਾਸੇ ਦਾ ਸੀ। ਸੁਤੰਤਰ ਪਾਰਟੀ ਤੇ ਜੰਨ ਸੰਘ ਬਹੁਤ ਸੀਟਾਂ ਲੈ ਗਈਆਂ ਸਨ। ਸੂਬਿਆਂ ਵਿਚ ਬਹੁਤ ਜਗ੍ਹਾ ਗੈਰ ਕਾਂਗਰਸੀ ਸਰਕਾਰਾਂ ਹੋਂਦ ਵਿਚ ਆ ਗਈਆਂ ਸਨ।

ਇੰਦਰਾ ਗਾਂਧੀ ਨੇ ਮਹਿਸੂਸ ਕੀਤਾ ਕਿ ਪਾਰਟੀ ਨੂੰ ਪਹਿਲਾਂ ਵਾਲੀ ਲੋਕ ਪ੍ਰਿਅਤਾ ਦੇਣ ਵਾਲੇ ਕੰਮ ਕਰਨ ਵਾਸਤੇ ਪਾਰਟੀ ਦੇ ਪੁਰਣੇ ਦਿੱਗਵੱਜ ਹਟਾਉਣੇ ਪੈਣਗੇ। ਪਹਿਲੀ ਇਮਤਿਹਾਨ ਦੀ ਘੜੀ ਰਾਸ਼ਟਰਪਤੀ ਦੀ ਚੋਣ ਵੇਲੇ ਆ ਗਈ। ਇੰਦਰਾ ਗਾਂਧੀ ਦੀ ਚੋਣ ਇਕ ਮੁਸਲਿਮ ਨੇਤਾ ਜ਼ਾਕਿਰ ਹੁਸੈਨ ਸੀ। ਕਾਂਗਰਸ ਦੇ ਅੰਦਰੋਂ ਹੀ ਕਈ ਲੋਕਾਂ ਦੀ ਹਿਮਾਇਤ ਨਾਲ ਵਿਰੋਧੀ ਪਾਰਟੀਆਂ ਨੇ ਸੁੱਬਾ ਰਾਓ ਨੂੰ ਖੜਾ ਕੀਤਾ ਪਰ ਉਹ ਹਾਰ ਗਿਆ ਤੇ ਪਹਿਲੀ ਵਾਰੀਂ ਇਕ ਮੁਸਲਿਮ ਇਸ ਮੁਲਕ ਦਾ ਰਾਸ਼ਟਰਪਤੀ ਬਣਿਆ।

ਮੁਲਕ ਦੇ ਅੰਦਰੂਨੀ ਹਾਲਾਤ ਲਗਾਤਾਰ ਖਰਾਬ ਹੁੰਦੇ ਜਾ ਰਹੇ ਸਨ। ਬੰਗਾਲ ਵਿਚ ਨਕਸਲਬਾੜੀ ਲਹਿਰ ਨੇ ਕਹਿਰ ਵਰਸਾ ਦਿੱਤਾ। ਕਲਕੱਤਾ ਵਿਚ ਹਰ ਰੋਜ਼ 5 ਤੋਂ 12 ਤੱਕ ਬੰਦੇ ਮਾਰੇ ਜਾਂਦੇ ਰਹੇ ਸਨ। ਅਗਲੇ ਸਾਲ ਹੀ ਬੰਗਾਲ ਦੀਆਂ ਚੋਣਾਂ ਵਿਚ ਕਾਂਗਰਸ ਦਾ ਅੱਡ ਹੋਇਆ ਧੜਾ, ਬੰਗਲਾ ਕਾਂਗਰਸ ਤੇ ਲੈਫਟ ਪਾਰਟੀਆਂ ਦੀ ਮਿਲੀ ਜੁਲੀ ਸਰਕਾਰ ਬਣ ਗਈ। ਇਸੇ ਤਰ੍ਹਾਂ ਪੰਜਾਬ ਵਿਚ ਅਕਾਲੀਆਂ ਦੀ ਅਗਵਾਈ ਵਿਚ ਸਰਕਾਰ ਬਣੀ। ਕਾਂਗਰਸ ਦੇ ਅੰਦਰ ਦੀ ਜੰਗ ਤੇਜ਼ ਹੋ ਗਈ।

ਪਾਰਟੀ ਦੇ ਫਰੀਦਾਬਾਦ ਇਜਲਾਸ ਵਿਚ ਪਾਰਟੀ ਪ੍ਰਧਾਨ ਨਿੰਜਲਿੰਗਅੱਪਾ ਨੇ ਪਬਲਿਕ ਸੈਕਟਰ ਦੀ ਨੀਤੀ ਦੀ ਤਿੱਖੀ ਆਲੋਚਨਾ ਕੀਤੀ ਪਰ ਇੰਦਰਾ ਗਾਂਧੀ ਨੇ ਉਸੇ ਨੂੰ ਪੜੁੱਲ ਬਣਾ ਕੇ ਆਪਣੇ ਆਪ ਨੂੰ ਸਮਾਜੀ ਸੁਧਾਰ ਦੀ ਪੈਰੋਕਾਰ ਬਣਾ ਲਿਆ। ਹੁਣ ਤੱਕ ਪਹਿਲਾਂ ਹਾਰ ਚੁਕੇ ਕਾਮਰਾਜ ਤੇ ਐਸ ਕੇ ਪਾਟਿਲ ਵੀ ਪਾਰਲੀਮੈਂਟ ਵਿਚ ਪਹੁੰਚ ਗਏ ਸਨ। ਉਹਨਾਂ ਨੇ ਮੋਰਾਰਜੀ ਡੇਸਾਈ ਨੂੰ ਅੱਗੇ ਲਗਾ ਕੇ ਕਾਂਗਰਸ ਅੰਦਰ ਤਕੜਾ ਸੱਜੇ ਪੱਖੀ ਫਰੰਟ ਬਣਾ ਲਿਆ। ਇੰਦਰਾ ਗਾਂਧੀ ਦੇ ਹਿਮਾਇਤੀਆਂ ਨੇ ਵੀ ਤਕੜਾ ਮੋਰਚਾ ਬਣਾਇਆ ਤੇ ਚੰਦਰ ਸ਼ੇਖਰ ਵਰਗੇ ਨੌਜਵਾਨ ਲੀਡਰਾਂ ਨੇ ਮੋਰਾਰਜੀ ਡੇਸਾਈ ਦੇ ਪੁੱਤਰ 'ਤੇ ਦੋਸ਼ ਲਾਏ ਕਿ ਉਸ ਨੇ ਪਿਤਾ ਦੇ ਖਜ਼ਾਨਾ ਮੰਤਰੀ ਹੋਣ ਵੇਲੇ ਆਪਣਾ ਕਾਰੋਬਾਰ ਕਈ ਗੁਣਾ ਵਧਾਇਆ।

1969 ਦਾ ਮਹੀਨਾ ਕਾਂਗਰਸ ਵਿਚ ਵੱਡੀ ਫੁੱਟ ਦਾ ਸੀ ਜਦੋਂ ਰਾਸ਼ਟਰਪਤੀ ਡਾਕਟਰ ਜ਼ਾਕਿਰ ਹੁਸੈਨ ਦੀ ਅਚਾਨਕ ਮੌਤ ਹੋ ਗਈ। ਕਾਂਗਰਸ ਦੀ ਲੀਡਰਸ਼ਿਪ ਜਿਸ ਨੂੰ ਹੁਣ ਸਿੰਡੀਕੇਟ ਕਿਹਾ ਜਾਣ ਲੱਗ ਪਿਆ ਸੀ, ਨੇ ਸੰਜੀਵਾ ਰੈਡੀ ਨੂੰ ਰਸ਼ਟਰਪਤੀ ਵਾਸਤੇ ਉਮੀਦਵਾਰ ਚੁਣਿਆ। ਇੰਦਰਾ ਗਾਂਧੀ ਨੇ ਉਸ ਵਾਸਤੇ ਵਿਪ ਜ਼ਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਵੱਲੋਂ ਵੀ. ਵੀ. ਗਿਰੀ ਨੂੰ ਉਮੀਦਵਾਰ ਬਣਾ ਕੇ 'ਆਤਮਾ ਦੀ ਆਵਾਜ਼' ਨਾਲ ਵੋਟ ਪਾਉਣ ਦਾ ਸੱਦਾ ਦਿੱਤਾ। ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ। ਇਕ ਕਾਂਗਰਸ ਓ ਬਣ ਗਈ ਤੇ ਦੂਸਰੀ ਕਾਂਗਰਸ ਆਈ। ਡੀ. ਐਮ. ਕੇ. ਕਮਿਊਨਿਸਟ ਤੇ ਅਕਾਲੀ ਪਾਰਟੀ ਦੀ ਹਿਮਾਇਤ ਨਾਲ ਵੀ. ਵੀ. ਰਾਓ ਰਾਸ਼ਟਰਪਤੀ ਪੱਦ ਵਾਸਤੇ ਜਿੱਤ ਗਿਆ ਤੇ ਬਾਅਦ ਵਿਚ ਇਹਨਾਂ ਹੀ ਪਾਰਟੀਆਂ ਦੀ ਹਿਮਾਇਤ ਨਾਲ ਕਾਂਗਰਸ ਆਪਣੀ ਸਰਕਾਰ ਕਾਇਮ ਰੱਖ ਸਕਦੀ ਰਹੀ।

ਇੰਦਰਾ ਗਾਂਧੀ ਨੇ ਕਈ ਇਤਰਾਜ਼ਾਂ ਦੇ ਬਾਵਜੂਦ ਜਗਜੀਵਨ ਰਾਪ ਨੂੰ ਪਾਰਟੀ ਦਾ ਪ੍ਰਧਾਨ ਬਣਾਇਆ। ਬੈਂਕਾ ਦਾ ਕੌਮੀਕਰਨ, ਰਾਜਿਆਂ ਦੇ ਪ੍ਰੀਵੀ ਪਰਸ ਰੱਦ ਕਰਨੇ, ਭੂਮੀ ਹੱਦ ਬੰਦੀ ਦਾ ਕਾਨੂੰਨ ਬਣਾਉਣ ਤੇ ਮੁਲਕ ਦੇ ਸੰਵਿਧਾਨ ਵਿਚ ਤਬਦੀਲੀਆਂ ਕਰਨ ਵਰਗੇ ਕਈ ਖੱਬੇ ਪੱਖੀ ਧਾਰਨਾ ਦੇ ਕੰਮ ਕੀਤੇ ਅਤੇ ਅਖੀਰ ਵਿਰੋਧੀ ਪਾਰਟੀਆਂ ਦੇ 'ਇੰਦਰਾ ਹਟਾਓ' ਦੇ ਮੁਕਾਬਲੇ 'ਤੇ 'ਗਰੀਬੀ ਹਟਾਓ' ਦਾ ਨਾਹਰਾ ਦੇ ਕੇ ਵਕਤ ਤੋਂ ਪਹਿਲਾਂ ਹੀ ਚੁਨਾਵ ਕਰਵਾ ਲਏ। ਇਹਨਾਂ ਚੋਣਾਂ ਵਿਚ ਇੰਦਰਾ ਗਾਂਧੀ ਨੇ ਧੂੰਆਧਾਰ ਦੌਰੇ ਕੀਤੇ। ਉਹ ਹਰ ਰੋਜ਼ 14 ਜਲਸੇ ਕਰਦੀ ਰਹੀ, ਦੋ ਕਰੋੜ ਲੋਕਾਂ ਵਿਚ ਭਾਸ਼ਣ ਦਿੱਤੇ ਅਤੇ ਸਿਰਫ ਤਿੰਨ ਜਾਂ ਚਾਰ ਘੰਟੇ ਹੀ ਸੌਂਦੀ ਰਹੀ।

ਇਹਨਾਂ ਚੋਣਾਂ ਵਿਚ ਇੰਦਰਾ ਲਹਿਰ ਸਾਫ਼ ਨਜ਼ਰ ਆਈ। ਉਸ ਨੇ ਪਾਰਲੀਮੈਂਟ ਦੀਆਂ 350 ਸੀਟਾਂ ਜਿੱਤੀਆਂ, ਪਹਿਲਾਂ ਨਾਲੋਂ 120 ਵੱਧ। ਇੰਦਰਾ ਗਾਂਧੀ ਨੇ ਇਸ ਬਹੁਮੱਤ ਨੂੰ ਪਾਰਟੀ ਤੇ ਮੁਲਕ ਨੂੰ ਆਪਣੀ ਮਰਜ਼ੀ ਨਾਲ ਚਲਾਉਣ ਵਾਸਤੇ ਵਰਤਿਆ। ਉਸ ਨੇ ਕਈ ਕੈਬਨਿਟ ਮੰਤਰੀ ਤੇ ਸੂਬਿਆਂ ਦੇ ਮੁੱਖ ਮੰਤਰੀ ਬਦਲ ਦਿੱਤੇ ਜਿਹਨਾਂ ਦੀਆਂ ਵਫਾਦਾਰੀਆਂ ਸ਼ੱਕੇ ਵਿਚ ਸਨ। ਉਸ ਨੇ ਹਿਮਾਚਲ ਪ੍ਰਦੇਸ਼, ਮੇਘਾਲਿਆ, ਤਰੀਪੁਰਾ ਤੇ ਅਰੁਣਾਚਲ ਪ੍ਰਦੇਸ਼ ਨਾਮ ਦੇ ਨਵੇਂ ਪ੍ਰਾਂਤ ਬਣਾਏ।

ਮਾਰਚ, 1971 ਵਿਚ ਪੂਰਬੀ ਪਾਕਿਸਤਾਨ ਦਾ ਸੰਕਟ ਪੈਦਾ ਹੋ ਗਿਆ ਜਿਸ ਦੇ ਭਾਰਤ ਉਪਰ ਬਹੁਤ ਸਿੱਧੇ ਅਸਰ ਪੈਣੇ ਲਾਜ਼ਮੀ ਸਨ। ਜਦੋਂ ਪਾਕਿਸਤਾਨ ਦੇ ਡਿਕਟੇਟਰ ਯਾਹੀਆ ਖਾਨ ਦੀ ਫੌਜ ਪੂਰਬੀ ਪਾਕਿਸਤਾਨ ਵਿਚ ਸ਼ੇਖ ਮੁਜੀਬੁਰ ਰਹਿਮਾਨ ਦੀ ਅਵਾਮੀ ਪਾਰਟੀ ਉਪਰ ਜ਼ੁਲਮ ਢਾਹੁਣ ਲੱਗੀ ਤਾਂ ਓਥੋਂ ਲੱਖਾਂ ਦੀ ਗਿਣਤੀ ਵਿਚ ਰਿਫਿਊਜੀ ਭਾਰਤ ਦੇ ਇਲਾਕਿਆਂ ਵਿਚ ਆ ਗਏ। ਪਤਝੜ ਤੱਕ ਭਾਰਤੀ ਕੈਂਪਾਂ ਵਿਚ ਰਿਫਿਊਜੀਆਂ ਦੀ ਗਿਣਤੀ 1 ਕਰੋੜ 20 ਲੱਖ ਹੋ ਗਈ ਸੀ। ਇੰਦਰਾ ਗਾਂਧੀ ਨੇ ਸਾਰੀ ਦੁਨੀਆ ਸਾਹਮਣੇ ਅਪੀਲ ਕੀਤੀ ਕਿ ਪਾਕਿਸਤਾਨ ਵੱਲੋਂ ਕੀਤਾ ਜਾ ਰਿਹਾ ਕਤਲੇਆਮ ਰੁਕਵਾਇਆ ਜਾਵੇ ਤੇ ਰਿਫਿਊਜੀਆਂ ਦੇ ਪਾਲਣ ਪੋਸਣ ਵਾਸਤੇ ਭਾਰਤ ਨੂੰ ਮਾਲੀ ਸਹਾਇਤਾ ਦਿੱਤੀ ਜਾਵੇ। ਉਹ ਸੋਵੀਅਤ ਯੂਨੀਅਨ, ਯੂਰਪ ਦੇ ਦੇਸ਼ਾਂ ਤੇ ਅਮਰੀਕਾ ਵਿਚ ਗਈ ਪਰ ਹੁੰਗਾਰਾ ਬਹੁਤ ਮੱਠਾ ਸੀ। ਦਸੰਬਰ 1971 ਵਿਚ ਭਾਰਤੀ ਫੌਜ ਪੂਰਬੀ ਪਾਕਿਸਤਾਨ ਵਿਚ ਦਾਖਲ ਹੋਈ ਤਾਂ ਜੋ ਬੰਗਲਾ ਬਾਹਨੀ ਦੀ ਆਜ਼ਾਦੀ ਦੀ ਲੜਾਈ ਵਿਚ ਮਦਦ ਕੀਤੀ ਜਾਵੇ ਤੇ ਪਾਕਿਸਤਾਨ ਨੇ 3 ਦਸੰਬਰ 1971 ਨੂੰ ਭਾਰਤ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਦੋ ਹਫਤਿਆਂ ਵਿਚ ਭਾਰਤੀ ਫੌਜ ਨੇ ਪਾਕਿਸਤਾਨ ਨੂੰ ਦੋਹਾਂ ਮੋਰਚਿਆਂ ਉਪਰ ਹਾਰ ਦਿੱਤੀ ਤੇ ਉਸ ਦੀ ਫੌਜੀ ਮਸ਼ੀਨ ਦਾ ਬੁਰੀ ਤਰ੍ਹਾਂ ਨੁਕਸਾਨ ਕੀਤਾ। ਇਸ ਜਿੱਤ ਦਾ ਸਾਰਾ ਸਿਹਰਾ ਇੰਦਰਾ ਗਾਂਧੀ ਉਪਰ ਗਿਆ ਤੇ ਉਸ ਨੂੰ ਭਾਰਤ ਰਤਨ ਦਾ ਖਿਤਾਬ ਮਿਲਿਆ।

ਇੰਦਰਾ ਗਾਂਧੀ ਨੇ ਇਸ ਲੋਕ ਪ੍ਰਿਅਤਾ ਦੀ ਵਰਤੋਂ ਕਰਕੇ ਬਚੇ ਖੁਚੇ ਵਿਰੋਧ ਪੱਖ ਨੂੰ ਵੀ ਤੋੜਨ ਦੀ ਸੋਚੀ। ਸੂਬਿਆਂ ਦੇ ਚੁਨਾਵ ਕਰਵਾ ਕੇ ਪਾਰਟੀ ਨੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ। ਉਹ ਭਾਰਤ ਦੀ ਸਭ ਤੋਂ ਤਾਕਤਵਰ ਹਾਕਮ ਬਣ ਗਈ, ਇਕ ਤਰ੍ਹਾਂ ਨਾਲ ਭਾਰਤ ਦੀ ਮਹਾਰਾਣੀ (Queen Empress of India)।

ਦੁਨੀਆ ਦੇ ਇਤਿਹਾਸ ਵਿਚ ਕਦੇ ਵੀ ਕਿਸੇ ਔਰਤ ਦੇ ਹੱਥਾਂ ਵਿਚ ਇਤਨੇ ਲੱਖਾਂ ਲੋਕਾਂ ਦੀ ਕਿਸਮਤ ਨਹੀਂ ਸੀ ਜਿਤਨੀ ਇੰਦਰਾ ਗਾਂਧੀ ਦੇ ਹੱਥਾਂ ਵਿਚ ਸੀ। ਇਸ ਲੋਕ ਪ੍ਰਿਅਤਾ ਨੇ ਤਾਕਤ ਦੇ ਕੇਂਦਰੀਕਰਣ ਨੂੰ ਪੈਦਾ ਕੀਤਾ ਤੇ ਤਾਕਤ ਦੇ ਕੇਂਦਰੀਕਰਣ ਨੇ ਲੋਕ ਰਾਜ ਨੂੰ ਸੱਟ ਮਾਰੀ। ਸਾਰੀਆਂ ਸ਼ਕਤੀਆਂ ਇੰਦਰਾ ਗਾਂਧੀ ਦੇ ਹੱਥਾਂ ਵਿਚ ਹੀ ਸਨ ਤੇ ਉਹ ਖੁਦ ਮੁੱਠੀ ਭਰ ਚਾਪਲੂਸ ਲੋਕਾਂ ਦੇ ਗਰੁੱਪ ਵਿਚ ਘਿਰ ਗਈ ਸੀ। ਇਸ ਦੇ ਨਤੀਜੇ ਦੇਸ਼ ਵਾਸਤੇ ਚੰਗੇ ਨਹੀਂ ਹੋ ਸਕਦੇ ਸਨ।

ਚੈਪਟਰ 19

ਭਾਰਤ ਵਿਚ ਕਮਿਊਨਿਜ਼ਮ (COMMUNISM IN INDIA)

ਕੀ ਭਾਰਤ ਵਿਚ ਕਮਿਊਨਿਸਟ ਰਾਜ ਆ ਜਾਵੇਗਾ? ਇਸ ਸਵਾਲ ਦਾ ਜਵਾਬ ਦੇਣਾ ਬਹੁਤ ਔਖਾ ਹੈ। ਹਾਂ ਇਸ ਵਾਸਤੇ ਧਰਤੀ ਪੂਰੀ ਤਰ੍ਹਾਂ ਉਪਜਾਊ ਹੈ। ਇਹ ਹਮੇਸ਼ਾਂ ਹੀ ਹੁੰਦਾ ਹੈ ਕਿ ਸੰਸਾਰ ਦੇ ਲੱਖਾਂ ਦੀ ਗਿਣਤੀ ਦੇ ਗਰੀਬ ਲੋਕ ਮੁੱਠੀ ਭਰ ਅਮੀਰਾਂ ਨਾਲ ਇਕੋ ਜਗ੍ਹਾ ਇਕੱਠੇ ਰਹਿੰਦੇ ਹਨ। ਧਰਮ ਦਾ ਲੋਕਾਂ ਉਪਰ ਬਹੁਤ ਵੱਡਾ ਗਲਬਾ ਹੈ ਤੇ ਜਦੋਂ ਉਹ ਸਿਆਸੀ ਤੌਰ ਤੇ ਚੇਤੰਨ ਵੀ ਹੋਣ ਤਾਂ ਨਹਿਰੂ ਦੇ ਪਿੱਛੇ ਲੱਗਦੇ ਹਨ ਜਾਂ ਜਿਨਾਹ ਦੇ ਪਰ ਮਾਰਕਸ ਤੇ ਲੈਨਿਨ ਦੇ ਪਿੱਛੇ ਨਹੀਂ ਲੱਗਦੇ। ਇਸ ਤੋਂ ਇਲਾਵਾ ਭਾਰਤ ਦੇ ਕਮਿਊਨਿਸਟ ਅਜੇ ਤੱਕ ਕੌਮੀ ਪੱਧਰ ਦਾ ਕੋਈ ਲੀਡਰ ਨਹੀਂ ਪੈਦਾ ਕਰ ਸਕੇ।

ਪਹਿਲੀ ਸੰਸਾਰ ਜੰਗ ਤੱਕ ਭਾਰਤ ਵਿਚ ਕੋਈ ਕਮਿਊਨਿਸਟ ਨਹੀਂ ਸੀ। ਹਾਂ ਕੁਝ ਆਤੰਕਵਾਦੀ ਤੇ ਫਸਾਦੀ ਜ਼ਰੂਰ ਸਨ। ਮਜ਼ਦੂਰਾਂ ਤੇ ਕਿਸਾਨਾਂ ਦੀਆਂ ਯੂਨੀਅਨਾਂ ਵੀ ਨਹੀਂ ਸਨ ਤੇ ਨਾ ਹੀ ਕੋਈ ਇਨਕਲਾਬੀ ਵਿਦਿਆਰਥੀ ਜਥੇਬੰਦੀ ਸੀ। ਅੰਗਰੇਜ਼ ਸਰਕਾਰ ਪੂਰੀ ਤਰ੍ਹਾਂ ਮੁਲਕ ਉਪਰ ਕੰਟਰੋਲ ਰੱਖ ਰਹੀ ਸੀ ਜੋ 1857 ਦੇ ਗਦਰ ਨੂੰ ਦਬਾਉਣ ਤੋਂ ਬਾਅਦ ਅਜੇ ਤੱਕ ਚੱਲ ਰਿਹਾ ਸੀ। ਇਸ ਦੀ ਪੁਲਿਸ ਤੇ ਖੁਫੀਆ ਵਿਭਾਗ ਪੂਰੀ ਤਰ੍ਹਾਂ ਚੌਕਸ ਤੇ ਕਰੂਰ ਸੀ। ਇਹ ਜ਼ਰੂਰੀ ਜਾਣਕਾਰੀ ਹਾਸਲ ਕਰਨ ਵਾਸਤੇ ਲੋਕਾਂ ਉਪਰ 'ਥਰਡ ਡਿਗਰੀ ਵਿਹਾਰ' ਵੀ ਕਰਨ ਨੂੰ ਤਿਆਰ ਰਹਿੰਦੀ ਸੀ। ਲੋਕ ਸੀ. ਆਈ. ਡੀ ਦਾ ਨਾਮ ਸੁਣ ਕੇ ਹੀ ਕੰਬਦੇ ਸਨ। ਭਾਰਤ ਦੀ ਭੂਮੀ ਭਾਵੇਂ ਉਪਜਾਊ ਹੋਵੇ ਪਰ 1918 ਦਾ ਮੌਸਮ ਇਥੇ ਕਮਿਊਨਿਜ਼ਮ ਦੇ ਵਧਣ ਫੁੱਲਣ ਵਾਸਤੇ ਮੁਨਾਸਬ ਨਹੀਂ ਸੀ।

ਭਾਰਤ ਦੇ ਕੁਝ ਗਰੁੱਪ ਦੁਨੀਆ ਦੇ ਕਈ ਹਿੱਸਿਆਂ ਵਿਚ ਵੱਸੇ ਹੋਏ ਸਨ। ਜਿਵੇਂ ਕਿ ਸਿੱਖ ਬ੍ਰਿਟਿਸ਼ ਕੋਲੰਬੀਆ ਵਿਚ ਗਏ ਸਨ ਤੇ ਕੈਲੇਫੋਰਨੀਆ ਵਿਚ ਵੀ। ਇਹ ਕੈਨੇਡਾ ਤੇ ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗਾਂ ਵੱਲੋਂ ਤੰਗ ਕੀਤੇ ਜਾਂਦੇ ਸਨ ਤੇ ਅੰਗਰੇਜ਼ ਨਸਲ ਪ੍ਰਸਤਾਂ ਵੱਲੋਂ ਵੀ ਤੇ ਇਹਨਾਂ ਦੀ ਮਦਦ ਕਰਨ ਵਾਲੀ ਇਹਨਾਂ ਦੀ ਕੋਈ ਸਰਕਾਰ ਵੀ ਨਹੀਂ ਸੀ। ਕੁਝ ਰਾਜਨੀਤਕ ਕਾਰਨਾਂ ਕਰਕੇ ਦੇਸ਼ ਬਦਰ ਵੀ ਹੋ ਕੇ ਆਏ ਸਨ ਜਿਵੇਂ ਕਿ ਜਪਾਨ ਵਿਚ ਰਾਸ ਬਿਹਾਰੀ ਬੋਸ। ਇਹਨਾਂ ਮੁਹਾਜਰੀਨਾਂ ਵਿਚ ਹਿੰਦੂ ਵੀ ਸਨ ਜਿਵੇਂ ਕਿ ਕਾਬਲ ਵਿਚ ਰਾਜਾ ਮਹਿੰਦਰ ਪ੍ਰਤਾਪ ਸਿੰਘ, ਬਰਲਿਨ ਵਿਚ ਵਰਿੰਦਰਾਨਾਥ ਚੱਟੋਪਾਧਿਆਏ ਵਗੈਰਾ। ਇਹ ਲੋਕ ਲਗਾਤਾਰ ਭਾਰਤੀ ਪ੍ਰਵਾਸੀ ਤੇ ਵਿਦਿਆਰਥੀਆਂ ਨਾਲ ਸੰਪਰਕ ਬਣਾਉਂਦੇ ਰਹਿੰਦੇ ਸਨ। ਓਦੋਂ ਇੱਕ ਇਕੱਲਾ ਕਮਿਊਨਿਸਟ ਨਰਿੰਦਰਾ ਨਾਥ ਭੱਟਾਚਾਰੀਆ ਮੈਕਸੀਕੋ ਵਿਚ ਸੀ ਜੋ ਐਮ. ਐਨ. ਰਾਏ ਦੇ ਨਾਮ ਨਾਲ ਮਸ਼ਹੂਰ ਹੋਇਆ ਸੀ। ਦੁਨੀਆ ਵਿਚ ਵੱਖ ਵੱਖ ਜਗ੍ਹਾ ਖਿਲਰੇ ਇਹਨਾਂ

ਲੋਕਾਂ ਵਿਚ ਆਪਸੀ ਤਾਲਮੇਲ ਵੀ ਨਹੀਂ ਸੀ ਤੇ ਵਿਚਾਰਾਂ ਵਿਚ ਵੀ ਮਤਭੇਦ ਸੀ। ਰਾਸ ਬਿਹਾਰੀ ਬੋਸ ਦਾ ਅੰਤਕਵਾਦ ਵਿਚ ਯਕੀਨ ਸੀ ਤੇ ਸੱਜੇ ਪੱਖੀ ਸੀ। ਕੈਨੇਡਾ ਤੇ ਅਮਰੀਕਾ ਦੀ ਗਦਰ ਪਾਰਟੀ ਜਰਮਨਾਂ ਦਾ ਧਿਆਨ ਵੀ ਖਿੱਚਦੀ ਸੀ ਤੇ ਉਹ ਹਿੰਸਕ ਬਗਾਵਤਾਂ ਵਿਚ ਵਿਸ਼ਵਾਸ ਰੱਖਦੇ ਸਨ।

ਪਹਿਲੀਆਂ ਦੇ ਇਕ ਪ੍ਰਵਾਸੀ ਕਮਿਊਨਿਸਟ ਗਰੁੱਪ ਦਾ ਨਾਮ 'ਬਰਲਿਨ ਕਮੇਟੀ' ਸੀ ਤੇ ਲੰਡਨ ਵਿਚ ਇਕ ਸੈੱਲ ਸਪਰੂਜੀ ਸਕਾਰਤਵਾਲਾ ਨੇ ਬਣਾਇਆ ਜੋ ਬਾਅਦ ਵਿਚ ਬ੍ਰਿਟਿਸ਼ ਪਾਰਲੀਮੈਂਟ ਵਿਚ ਕਮਿਊਨਿਸਟ ਪਾਰਟੀ ਵੱਲੋਂ ਐਮ ਪੀ ਬਣਿਆ ਸੀ। ਪਹਿਲੀ ਸੰਸਾਰ ਜੰਗ ਦੇ ਇਕ ਦਹਾਕੇ ਤੱਕ ਵੀ ਭਾਰਤ ਅੰਦਰ ਕਮਿਊਨਿਸਟ ਸਥਾਪਨਾ ਦੀ ਕੋਈ ਖਬਰ ਨਹੀਂ ਸੀ। ਐਮ. ਐਨ. ਰਾਏ ਤੇ ਚੱਟੋਪਾਧਿਆਏ ਦੀ ਆਪਸ ਵਿਚ ਹੀ ਦੌੜ ਸੀ ਕਿ ਕੌਣ ਪਹਿਲਾਂ ਸੋਵੀਅਤ ਯੂਨੀਅਨ ਕੋਲੋਂ ਭਾਰਤੀ ਕਮਿਊਨਿਸਟਾਂ ਦੇ ਬੁਲਾਰੇ ਵਜੋਂ ਮਾਨਤਾ ਹਾਸਲ ਕਰ ਲਵੇ।

1920 ਵਿਚ ਐਮ. ਐਨ. ਰਾਏ ਮੈਕਸੀਕਨ ਡੈਲੀਗੇਸ਼ਨ ਦਾ ਮੁਖੀ ਬਣ ਕੇ ਮਾਸਕੋ ਵਿਚ ਕਮਿਊਨਿਸਟ ਇੰਟਰਨੈਸ਼ਨਲ ਦੀ ਮੀਟਿੰਗ ਵਿਚ ਪਹੁੰਚ ਗਿਆ। ਐਮ. ਐਨ. ਰਾਏ ਨੇ ਭਾਰਤ ਬਾਰੇ ਇਕ ਥੀਸਿਸ ਦਿੱਤਾ ਕਿ ਨਹਿਰੂ ਤੇ ਕਾਂਗਰਸ ਸਰਮਾਏਦਾਰੀ ਦੀ ਪਾਰਟੀ ਹੈ ਤੇ ਇਸ ਨਾਲ ਤਾਲਮੇਲ ਦਾ ਕੋਈ ਤੁਕ ਨਹੀਂ। ਉਸ ਨੇ ਇਹ ਵੀ ਕਿਹਾ ਕਿ ਭਾਰਤੀ ਮਜ਼ਦੂਰ ਬਰੂਦ ਵਾਂਗ ਇਨਕਲਾਬ ਲਈ ਤਿਆਰ ਹੈ ਜੇ ਕੋਈ ਅਗਵਾਈ ਦੇ ਸਕੇ ਤਾਂ। ਲੈਨਿਨ ਨੂੰ ਰਾਏ ਦਾ ਥੀਸਿਸ ਨਹੀਂ ਜਚਿਆ ਸੀ। ਉਹ ਅੱਤ ਦੇ ਪਿਛੜੇ ਹੋਏ ਜਗੀਰੀਦਾਰੀ ਰਹਿੰਦ ਖੂੰਦ ਨਾਲ ਭਰੇ ਮੁਲਕਾਂ ਵਿਚ ਕੌਮੀ ਸਰਮਾਏਦਾਰੀ ਨਾਲ ਤਾਲਮੇਲ ਦੇ ਹੱਕ ਵਿਚ ਸੀ।

ਕੁਝ ਦੇਰ ਬਾਅਦ ਐਮ. ਐਨ. ਰਾਏ ਦੇ ਵੀ ਵਿਚਾਰ ਬਦਲ ਗਏ ਉਸ ਨੇ ਕਾਂਗਰਸ ਦਾ ਵਿਰੋਧ ਕਰਨ ਦੀ ਬਜਾਏ, ਇਸ ਦੀ ਲੀਡਰਸ਼ਿਪ ਉਪਰ ਕਬਜ਼ਾ ਕਰਨ ਦੀ ਸੋਚੀ। ਇਸ ਕੰਮ ਵਾਸਤੇ ਕਈ ਬੰਦਿਆਂ ਦੀ ਚੋਣ ਕੀਤੀ ਪਰ ਕਾਮਯਾਬੀ ਨਾ ਮਿਲਣ ਕਰਕੇ ਆਪਣੀ ਕਮਿਊਨਿਸਟ ਪਾਰਟੀ ਦਾ ਗਠਨ ਕਰਨ ਦੀ ਸੋਚੀ। ਪਹਿਲਾਂ ਉਸ ਨੇ ਆਪਣੇ ਹੀ ਪ੍ਰਾਂਤ ਬੰਗਾਲ ਨੂੰ ਚੁਣਿਆ ਪਰ ਪੁਲਸ ਦੀਆਂ ਖੁਫ਼ੀਆ ਏਜੰਸੀਆਂ ਨੇ ਪਹਿਲੋਂ ਹੀ ਪਕੜ ਦਕੜ ਕਰਕੇ ਇਹ ਸਾਰਾ ਪ੍ਰੋਗਰਾਮ ਫੇਲ ਕਰ ਦਿੱਤਾ। ਇਸ ਤੋਂ ਬਾਅਦ ਪਿਸ਼ਾਵਰ ਵਿਚ ਕੋਸ਼ਿਸ਼ ਕੀਤੀ, ਉਹ ਵੀ ਫੇਲ ਹੋਈ ਤੇ ਪਿਸ਼ਾਵਰ ਸਾਜਿਸ਼ ਕੇਸ ਵਿਚ ਸਾਰੇ ਬੰਦੇ ਜੇਲ ਵਿਚ ਚਲੇ ਗਏ। ਇਕ ਹੋਰ ਕੋਸ਼ਿਸ਼ 1924 ਵਿਚ ਕਾਨਪੁਰ ਕੀਤੀ ਤੇ ਉਥੇ ਵੀ 8 ਆਦਮੀਆਂ ਉਪਰ ਕਾਨਪੁਰ ਕਮਿਊਨਿਸਟ ਸਾਜਸ਼ ਕੇਸ ਚੱਲਿਆ। ਇਹਨਾਂ ਵਿਚੋਂ ਕੁਝ ਵਾਅਦਾ ਮੁਆਫ਼ ਗਵਾਹ ਬਣ ਕੇ ਬਚ ਗਏ ਤੇ ਬਾਕੀਆਂ ਨੂੰ ਲੰਬੀਆਂ ਸਜ਼ਾਵਾਂ ਮਿਲੀਆਂ।

ਮਾਸਕੋ ਅੰਦਰ ਵੀ ਕਮਿਊਨਿਸਟ ਨੀਤੀ ਦੇ ਰਚਨਕਾਰਾਂ ਨੇ ਫੈਸਲਾ ਕੀਤਾ ਕਿ ਇੰਡਿਅਨ ਨੈਸ਼ਨਲ ਕਾਂਗਰਸ ਦੀ ਲੋਕਾਂ ਵਿਚ ਵਿਚਲੀ ਪਹੁੰਚ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ। ਇਸ ਦੇ ਵਿਰੁੱਧ ਲੜਨ ਦਾ ਕੰਮ ਕਰਨ ਦੀ ਬਜਾਏ, ਇਸ ਦੇ ਰਾਹੀਂ ਕੰਮ ਕਰਨ ਦੀ ਨੀਤੀ ਬਣਾਈ ਜਾਵੇ। ਇਸ ਕੰਮ ਵਾਸਤੇ ਬ੍ਰਤਾਨੀਆ ਦੀ ਕਮਿਊਨਿਸਟ

ਪਾਰਟੀ ਦੀ ਜ਼ਿੰਮੇਵਾਰੀ ਲਗਾਈ ਕਿ ਉਹੀ ਭਾਰਤ ਬਾਰੇ ਜ਼ਿਆਦਾ ਜਾਣਕਾਰੀ ਦੇ ਸਕਦੇ ਹਨ ਤੇ ਉਥੋਂ ਦੇ ਕਮਿਊਨਿਸਟ ਗਰੁੱਪ ਦੀ ਯੋਗ ਅਗਵਾਈ ਕਰ ਸਕਦੇ ਹਨ। ਉਹਨਾਂ ਨੇ 1905 ਵਿਚ ਰੀਪੋਰਟ ਦਿੱਤੀ ਕਿ ਭਾਰਤ ਵਿਚ ਕੋਈ ਕਮਿਊਨਿਸਟ ਗਰੁੱਪ ਨਹੀਂ ਜਿਸ ਦਾ ਐਮ. ਐਨ. ਰਾਏ ਨੇ ਵਿਰੋਧ ਕੀਤਾ ਤੇ ਇੰਗਲੈਂਡ ਦੀ ਪਾਰਟੀ ਦਾ ਰਵਈਆ ਸਾਮਰਾਜ ਦੀ ਮਦਦ ਵਾਲਾ ਦੱਸਿਆ।

ਰਾਏ ਨੇ 'ਭਾਰਤੀ ਰਾਜਨੀਤੀ ਦੇ ਭਵਿੱਖ' ਨਾਮ ਦੇ ਇਕ ਆਰਟੀਕਲ ਵਿਚ ਲਿਖਿਆ ਕਿ ਭੱਠ ਵਿਚ ਪਵੇ ਕਾਂਗਰਸ ਨਾਲ ਮਿਲ ਕੇ ਲੋਕ ਪਾਰਟੀ ਬਣਾਉਣ ਦੀ ਯੋਜਨਾ। ਆਪਣੀ ਪਾਰਟੀ ਹੀ ਸਹੀ ਵਿਕਲਪ ਹੈ। ਓਧਰ ਕਾਂਗਰਸ ਨੂੰ ਵਰਤ ਕੇ ਆਪਣਾ ਬੇਸ ਬਣਾਉਣ ਦੀ ਜ਼ੋਰਦਾਰ ਸਿਫ਼ਾਰਸ਼ ਰਜਨੀ ਪਾਮ ਦੱਤ ਨੇ ਕੀਤੀ ਜੋ ਭਾਰਤੀ ਮੂਲ ਦਾ ਬੰਦਾ ਇੰਗਲੈਂਡ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਤੇ ਉੱਘਾ ਸਿਧਾਂਤਕਾਰ ਸੀ। ਲੇਕਿਨ ਉਥੋਂ ਦਾ ਕਮਿਊਨਿਸਟ ਐਮ ਪੀ ਸਕਾਰਤਵਾਲਾ ਰਾਏ ਦੇ ਵਿਚਾਰਾਂ ਨਾਲ ਸਹਿਮਤ ਸੀ।

ਆਖਰ ਐਮ. ਐਨ. ਰਾਏ ਨੂੰ ਕਮਿਊਨਿਸਟ ਇੰਟਰਨੈਸ਼ਨਲ ਵਿਚੋਂ ਕੱਢ ਦਿੱਤਾ ਤੇ ਉਹ 1930 ਵਿਚ ਭਾਰਤ ਆ ਗਿਆ। ਨਹਿਰੂ ਦੇ ਸੱਦੇ ਉਪਰ ਉਸ ਨੇ ਕਰਾਚੀ ਵਿਚ 1931 ਦੇ ਕਾਂਗਰਸ ਪਾਰਟੀ ਦੇ ਇਜਲਾਸ ਵਿਚ ਸ਼ਿਰਕਤ ਕੀਤੀ। ਇਸ ਤੋਂ ਜਲਦੀ ਬਾਅਦ ਉਹ ਗ੍ਰਿਫਤਾਰ ਹੋ ਗਿਆ ਤੇ 6 ਸਾਲ ਜੇਲ ਵਿਚ ਰਿਹਾ। ਜੇਲ ਵਿਚੋਂ ਆਉਂਦਿਆਂ ਹੀ ਉਹ ਕਾਂਗਰਸ ਪਾਰਟੀ ਦਾ ਮੈਂਬਰ ਬਣ ਗਿਆ ਤੇ ਹੁਣ ਖੁਲ੍ਹੇ ਆਮ ਪ੍ਰਚਾਰ ਕਰਦਾ ਸੀ ਕਿ ਬੁਰਜੂਆ ਪਾਰਟੀ ਤੇ ਖੱਬੇ ਪੱਖੀ ਪਾਰਟੀਆਂ ਦਾ ਆਪਸੀ ਤਾਲਮੇਲ ਹੋਣਾ ਚਾਹੀਦਾ ਹੈ।

1928 ਤੱਕ ਭਾਰਤ ਵਿਚ ਕਮਿਊਨਿਸਟਾਂ ਨੇ ਕੁਝ ਪੈਰ ਧਰਾਵਾ ਬਣਾ ਲਿਆ ਸੀ। ਉਹਨਾਂ ਨੇ ਬੰਬਈ ਦੇ ਮਜ਼ਦੂਰਾਂ ਦੀਆਂ ਹੜਤਾਲਾਂ ਕਰਵਾਈਆਂ ਤੇ ਪੰਜਾਬ ਅੰਦਰ ਸਾਈਮਨ ਕਮਿਸ਼ਨ ਦੇ ਖਿਲਾਫ ਮੋਰਚੇ ਵਿਚ ਅੱਗੇ ਵੱਧ ਕੇ ਹਿੱਸਾ ਲਿਆ। ਇਹ ਨਹੀਂ ਕਿਹਾ ਜਾ ਸਕਦਾ ਕਿ ਉਹਨਾਂ ਨੇ ਆਪਣਾ ਅਸਰ ਕਿਤਨਾ ਕੁ ਬਣਾ ਲਿਆ ਸੀ ਪਰ ਅੰਗਰੇਜ਼ ਖੁਫੀਆ ਪੁਲਿਸ ਇਹਨਾਂ ਤੋਂ ਪੂਰੀ ਤਰ੍ਹਾਂ ਭੈ ਭੀਤ ਹੋ ਚੁਕੀ ਸੀ। ਉਹਨਾ 31 ਲੀਡਰਾਂ ਨੂੰ ਮੇਰਠ ਸਾਜ਼ਸ ਕੇਸ ਦੇ ਤਹਿਤ ਜੇਲ ਵਿਚ ਡੱਕ ਦਿੱਤਾ। ਚਾਰ ਸਾਲ ਚੱਲਦੇ ਰਹੇ ਇਸ ਕੇਸ ਵਿਚ ਮੁਲਕ ਦੇ ਅੰਦਰ ਵੀ ਤੇ ਬਾਹਰ ਕਈ ਜਗ੍ਹਾ ਇਹਨਾਂ ਨਾਲ ਹਮਦਰਦੀ ਜਤਾਈ ਗਈ। ਕੇਸ ਦੀ ਸੁਣਵਾਈ ਤੋਂ ਬਾਅਦ ਮੁਜ਼ੱਫਰ ਅਹਿਮਦ ਨੂੰ ਉਮਰ ਕੈਦ ਹੋਈ, ਐਸ. ਏ. ਡਾਂਗੇ ਤੇ ਸਪਰਾਤ ਨੂੰ 12 ਸਾਲ ਦੀ ਕੈਦ ਤੇ ਕਈ ਹੋਰਾਂ ਨੂੰ ਛੋਟੀਆਂ ਸਜ਼ਾਵਾਂ ਦਿੱਤੀਆਂ ਗਈਆਂ। ਲੇਕਿਨ 1931 ਦੇ ਅਖੀਰ ਤੱਕ ਸਰਕਾਰ ਨੂੰ ਸਾਰੇ ਕੈਦੀ ਰਿਹਾ ਕਰਨੇ ਪਏ। ਇਸ ਤਰ੍ਹਾਂ ਮੇਰਠ ਸਾਜਿਸ਼ ਕੇਸ ਨਾਲ ਇਸ ਮੁਲਕ ਵਿਚ ਕਮਿਊਨਿਸਟ ਲਹਿਰ ਦੀ ਸ਼ੁਰੂਆਤ ਹੋ ਜਾਂਦੀ ਹੈ।

ਜਦੋਂ ਇਹ ਲੀਡਰ ਮੇਰਠ ਦੀ ਜੇਲ ਵਿਚ ਸਨ ਤਾਂ ਮੁਲਕ ਵਿਚ ਵੱਡੀਆਂ ਘਟਨਾਵਾਂ ਵਾਪਰ ਰਹੀਆਂ ਸਨ। ਸਾਈਮਨ ਕਮਿਸ਼ਨ ਵਿਰੁੱਧ ਅੰਦੋਲਨ ਦੇ ਨਾਲ ਹੀ

ਗਾਂਧੀ ਦਾ ਨਮਕ ਮਾਰਚ ਸੀ। ਪੰਜਾਬ ਤੇ ਬੰਗਾਲ ਵਿਚ ਆਤੰਕਵਾਦੀ ਵੀ ਸਰਗਰਮ ਹੋ ਚੁਕੇ ਸਨ। ਅਪਰੈਲ 1929 ਵਿਚ ਭਗਤ ਸਿੰਘ ਨੇ ਕੇਂਦਰੀ ਅਸੰਬਲੀ ਵਿਚ ਬੰਬ ਸੁੱਟਿਆ ਸੀ ਅਤੇ ਅਪ੍ਰੈਲ 1931 ਵਿਚ ਬੰਗਾਲ ਦੇ ਆਤੰਕਵਾਦੀਆਂ ਨੇ ਚਿਟਾਗਾਂਗ ਵਿਚ ਹਥਿਆਰਾਂ ਦੇ ਸਟੋਰ ਉਪਰ ਹਮਲਾ ਕੀਤਾ। ਇਹਨਾਂ ਘਟਨਾਵਾਂ ਨੇ ਰਾਸ਼ਟਰੀ ਅੰਦੋਲਨ ਨੂੰ ਹਵਾ ਦਿੱਤੀ ਤੇ ਗਾਂਧੀ ਨਹਿਰੂ ਦਾ ਪ੍ਰਭਾਵ ਵੀ ਵਧਿਆ। ਇਸ ਦਰਮਿਆਨ ਮਾਸਕੋ ਨੇ ਭਾਰਤ ਦੇ ਕਮਿਊਨਿਸਟਾਂ ਨੂੰ ਕਾਂਗਰਸ ਨਾਲੋਂ ਸਾਰੇ ਸੰਬੰਧ ਤੋੜ ਕੇ ਇਨਕਲਾਬੀ ਕਾਰਵਾਈਆਂ ਕਰਨ ਦਾ ਮਸ਼ਵਰਾ ਦਿੱਤਾ ਸੀ। ਰਾਏ ਨੂੰ ਕੱਢ ਦਿੱਤਾ ਤੇ ਚੱਟੋਪਾਧਿਆਏ ਨੂੰ ਉਸ ਦੀ ਜਗ੍ਹਾ ਮੁਕਰਰ ਕਰ ਦਿੱਤਾ।

1924 ਤੋਂ 1934 ਤੱਕ ਕਮਿਊਨਿਸਟ ਵਿਚਾਰਧਾਰਾ ਨੇ ਕੁਝ ਕਦਮ ਅੱਗੇ ਵਧਾਏ। ਪਾਰਟੀ ਦੀ ਮੈਂਬਰਸ਼ਿਪ 20 ਤੋਂ ਵਧ ਕੇ 150 ਹੋ ਗਈ। ਹਾਲਾਂਕਿ ਇਸ ਦੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਫੇਲ ਹੋ ਗਈ ਤੇ ਆਪਣਾ ਅਖ਼ਬਾਰ ਰਸਲਾ ਜਾਰੀ ਕਰਨ ਦੀ ਵੀ।

ਯੂਰਪ ਦੇ ਬਦਲਦੇ ਹਾਲਾਤ ਕਰਕੇ ਇਕ ਵਾਰ ਫਿਰ ਕਮਿਊਨਿਸਟ ਪਾਰਟੀ ਨੂੰ ਆਪਣੀ ਨੀਤੀ ਬਦਲਣ ਦਾ ਆਦੇਸ਼ ਆਇਆ। ਯੂਰਪ ਵਿਚ ਮਸੋਲੀਨੀ ਤੇ ਹਿਟਲਰ ਫਰਾਂਸੋ ਦੀ ਮਦਦ ਕਰ ਰਹੇ ਸਨ ਕਿ ਉਹ ਸਪੇਨ ਨੂੰ ਫਾਸ਼ਿਸਟ ਮੁਲਕ ਬਣਾ ਦੇਵੇ। ਸੋਵੀਅਤ ਯੂਨੀਅਨ ਨੇ ਵੇਖ ਲਿਆ ਕਿ ਨਾਜ਼ੀਇਜ਼ਮ ਆਪਣਾ ਫੈਲਾਵ ਕਰ ਰਿਹਾ ਹੈ। ਇਸ ਲਈ ਉਸ ਨੇ ਸੰਸਾਰ ਭਰ ਦੀਆਂ ਕਮਿਊਨਿਸਟ ਪਾਰਟੀਆਂ ਨੂੰ ਅਗਾਂਹਵਧੂ ਸ਼ਕਤੀਆਂ ਨਾਲ ਤਾਲਮੇਲ ਕਰਨ ਤੇ ਸਾਂਝੇ ਫਰੰਟ ਬਣਾਉਣ ਦੀ ਸਲਾਹ ਦਿੱਤੀ। ਭਾਰਤ ਵਿਚ ਇਹਨਾਂ ਨੂੰ ਅਜਿਹਾ ਮੌਕਾ 1934 ਵਿਚ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਕਾਂਗਰਸ ਸੋਸ਼ਲਿਸਟ ਪਾਰਟੀ ਦੀ ਸਥਾਪਨਾ ਨਾਲ ਮਿਲਿਆ।

ਸੋਸ਼ਲਿਸਟਾਂ ਨੇ ਕਮਿਊਨਿਸਟਾਂ ਨੂੰ ਆਪਣੇ ਵਿਚ ਰਲਾਉਣ ਦਾ ਖੁੱਲੇ ਦਿਲ ਨਾਲ ਸੁਆਗਤ ਕੀਤਾ ਤੇ 1936 ਦੀ ਮੇਰਠ ਵਿਚ ਹੋਈ ਦੂਸਰੀ ਸਾਲਾਨਾ ਕਾਨਫਰੰਸ ਵਿਚ ਕਮਿਊਨਿਸਟਾਂ ਨੂੰ ਸ਼ਾਮਲ ਕਰਨ ਦਾ ਬਾਕਾਇਦਾ ਪ੍ਰਸਤਾਵ ਪਾਸ ਕਰ ਦਿੱਤਾ। ਕੁਝ ਹੀ ਮਹੀਨਿਆਂ ਬਾਅਦ ਕਮਿਊਨਿਸਟਾਂ ਨੇ ਕਾਂਗਰਸ ਸੋਸ਼ਿਲਸਟ ਪਾਰਟੀ ਦੇ ਕੇਰਲ, ਬੰਗਾਲ, ਮਦਰਾਸ ਤੇ ਪੰਜਾਬ ਦੇ ਯੂਨਿਟਾਂ 'ਤੇ ਕਬਜ਼ਾ ਕਰ ਲਿਆ। ਇਹ ਕੰਮ 1938 ਤੱਕ ਚੰਗੀ ਤਰ੍ਹਾਂ ਚੱਲਦਾ ਗਿਆ ਪਰ ਓਦੋਂ ਮੀਨੂ ਮਸਾਨੀ ਨੇ ਸ਼ੋਰ ਮਚਾ ਦਿੱਤਾ ਕਿ ਇਹ ਕਮਿਊਨਿਸਟਾਂ ਦੀ ਪਹਿਲਾਂ ਦੀ ਸੋਚੀ ਸਮਝੀ ਸਾਜਿਸ਼ ਹੈ ਕਿ ਉਹ ਪਾਰਟੀ ਉਪਰ ਕਬਜ਼ਾ ਕਰਨਾ ਚਾਹੁੰਦੇ ਹਨ। ਇਸ ਮੀਨੂ ਮਸਾਨੀ ਨੇ ਹੀ ਬਾਅਦ ਵਿਚ ਸੁਤੰਤਰ ਪਾਰਟੀ ਬਣਾ ਲਈ ਸੀ। ਫਿਰ ਵੀ ਉਤਨੀ ਦੇਰ ਤੱਕ ਕਮਿਊਨਿਸਟਾਂ ਦਾ ਮੰਤਵ ਕਾਫੀ ਹੱਦ ਤੱਕ ਹੱਲ ਹੋ ਗਿਆ ਸੀ। ਕਾਂਗਰਸ ਸੋਸ਼ਲਿਸਟ ਪਾਰਟੀ ਦੇ ਰਾਹੀਂ ਉਹਨਾਂ ਕਾਂਗਰਸ ਪਾਰਟੀ ਤੱਕ ਵੀ ਚੰਗੀ ਪਹੁੰਚ ਬਣਾ ਲਈ ਸੀ। ਇਹਨਾਂ ਦਾ ਪ੍ਰਭਾਵ 1939 ਵਿਚ ਕਾਂਗਰਸ ਦੇ ਤਰੀਪੁਰਾ ਸੈਸ਼ਨ ਵਿਚ ਸਾਹਮਣੇ ਆਇਆ ਜਦੋਂ ਇਹਨਾਂ ਨੇ ਸੁਭਾਸ਼ ਚੰਦਰ ਬੋਸ ਦੀ ਮਦਦ ਕੀਤੀ ਪਰ ਜਲਦੀ ਹੀ ਮਾਸਕੋ ਦੇ ਆਦੇਸ਼ ਕਾਰਨ ਆਪਣੀ

ਵਫਾਦਾਰੀ ਗਾਂਧੀ ਵੱਲ ਬਦਲ ਲਈ ਕਿਉਂਕਿ ਓਦੋਂ ਤੱਕ ਨਾਜ਼ੀਆਂ ਨੇ ਯੂਰਪ ਵਿਚ ਲੜਾਈ ਸ਼ੁਰੂ ਕਰ ਦਿੱਤੀ ਸੀ।

ਗਾਂਧੀ ਨਾਲ ਖੜੇ ਹੋਣ ਦਾ ਕਦਮ ਲਾਹੇਵੰਦਾ ਸਾਬਿਤ ਹੋਇਆ। ਭਾਰਤੀਆਂ ਦੇ ਲੀਡਰ ਦੇ ਤੌਰ 'ਤੇ ਗਾਂਧੀ ਦਾ ਕੋਈ ਚੈਲੰਜ ਨਹੀਂ ਸੀ। ਕਾਂਗਰਸ ਪਾਰਟੀ ਜਿਹੜੀ ਉਸ ਦੇ ਪਿੱਛੇ ਸੀ 50 ਲੱਖ ਦੀ ਮੈਂਬਰਸ਼ਿੱਪ ਬਣਾ ਚੁਕੀ ਸੀ। ਇਸ ਦੀਆਂ ਟਰੇਡ ਯੂਨੀਅਨਾਂ ਤੇ ਕਿਸਾਨ ਜਥੇਬੰਦੀਆਂ ਬਣ ਚੁਕੀਆਂ ਸਨ ਤੇ ਉਹਨਾਂ ਦੀ ਦਿਨੋਂ ਦਿਨ ਮੈਂਬਰਸ਼ਿਪ ਵਧ ਰਹੀ ਸੀ। ਪਾਰਟੀ ਦੀ ਕਿਸਾਨ ਯੂਨੀਅਨ ਦੀ ਮੈਂਬਰਸ਼ਿਪ 80 ਲੱਖ ਹੋ ਗਈ ਸੀਂ।

ਹਿਟਲਰ ਦੀ ਸ਼ੁਰੂ ਕੀਤੀ ਲੜਾਈ ਬਾਰੇ ਸ਼ੁਰੂ ਸ਼ੁਰੂ ਵਿਚ ਕਾਂਗਰਸ ਤੇ ਕਮਿਊਨਿਸਟ ਪਾਰਟੀ ਦੀ ਨੀਤੀ ਇਕੋ ਜਿਹੀ ਸੀ। ਜਦੋਂ ਕਿ ਕਾਂਗਰਸ ਅੰਗਰੇਜ਼ਾਂ ਅੱਗੇ ਜ਼ੋਰ ਪਾਉਂਦੀ ਸੀ ਕਿ ਉਹ ਭਾਰਤ ਬਾਰੇ ਆਪਣੀ ਨੀਤੀ ਸਪੱਸ਼ਟ ਕਰੇ, ਕਮਿਊਨਿਸਟ ਇਕ ਕਦਮ ਹੋਰ ਅੱਗੇ ਜਾ ਕੇ ਜੰਗ ਦੀ ਹਾਲਤ ਦਾ ਫਾਇਦਾ ਉਠਾ ਕੇ ਅੰਗਰੇਜ਼ਾਂ ਵਿਰੁੱਧ ਇਨਕਲਾਬੀ ਕਾਰਵਾਈਆਂ ਕਰਨੀਆਂ ਚਾਹੁੰਦੇ ਸਨ। ਉਹਨਾਂ ਨੇ ਆਪਣਾ ਮੈਨੀਫੈਸਟੋ 'ਪ੍ਰੋਲਤਾਰੀ ਰਸਤਾ' ਜਾਰੀ ਕੀਤਾ ਤੇ ਉਸ ਵਿਚ ਲੋਕਾਂ ਨੂੰ ਬਗਾਵਤ ਕਰਨ ਦਾ ਸੱਦਾ ਦਿੱਤਾ। ਬੰਬਈ ਵਿਚ ਇਕ ਕਰੋੜ 50 ਲੱਖ ਮਜ਼ਦੂਰ ਹੜਤਾਲ 'ਤੇ ਗਏ ਅਤੇ 500 ਕਮਿਊਨਿਸਟ ਗਰਿਫ਼ਤਾਰ ਕੀਤੇ ਗਏ ਜਿਹਨਾਂ ਵਿਚ ਐਸ. ਏ. ਡਾਂਗੇ, ਬੀ. ਟੀ. ਰੰਦੀਵੇ ਸ਼ਾਮਿਲ ਸਨ। ਪੀ. ਸੀ. ਜੋਸ਼ੀ ਅੰਡਰ ਗਰਾਊਂਡ ਚਲੇ ਗਏ। ਇਸੇ ਦੌਰਾਨ ਸੋਸ਼ਲਿਸਟਾਂ ਨੇ ਕਮਿਊਨਿਸਟਾਂ ਨੂੰ ਆਪਣੀਆਂ ਸਫ਼ਾਂ ਵਿਚੋਂ ਬਾਹਰ ਕੱਢ ਦਿੱਤਾ ਤੇ ਉਹ ਜਾਣ ਗਏ ਕਿ ਇਹਨਾਂ ਮਹਿਮਾਨਾਂ ਨੇ ਉਹਨਾਂ ਦਾ ਹੁਣ ਤੱਕ ਕਾਫੀ ਨੁਕਸਾਨ ਕਰ ਦਿੱਤਾ ਹੈ।

ਪਹਿਲਾਂ ਸੋਵੀਅਤ ਨਾਜ਼ੀ ਸਮਝੌਤਾ, ਦੋਹਾਂ ਵੱਲੋਂ ਮਿਲ ਕੇ ਪੋਲੈਂਡ ਉਪਰ ਹਮਲਾ ਤੇ ਫਿਰ ਹਿਟਲਰ ਵੱਲੋਂ ਸੋਵੀਅਤ ਯੂਨੀਅਨ ਉਪਰ ਹਮਲਾ। ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਬਦਲਦੀਆਂ ਨੀਤੀਆਂ ਦੱਸਦੀਆਂ ਸਨ ਕਿ ਕਮਿਊਨਿਸਟ ਕਿਵੇਂ ਗਿਰਗਿਟ ਵਾਂਗ ਰੰਗ ਬਦਲਣਾ ਜਾਣਦੇ ਹਨ। ਭਾਰਤੀ ਕਮਿਊਨਿਸਟ ਵੀ ਦੁਨੀਆ ਦੀ ਹਰ ਕਮਿਊਨਿਸਟ ਪਾਰਟੀ ਦੀ ਤਰ੍ਹਾਂ ਦੁਬਿਧਾ ਵਿਚ ਫਸ ਗਏ ਪਰ ਜਲਦੀ ਹੀ ਇਹਨਾਂ ਵਾਸਤੇ ਕੱਲ ਦੀ ਸਾਮਰਾਜੀ ਜੰਗ ਅੱਜ ਦੀ ਲੋਕਾਂ ਦੀ ਜੰਗ ਬਣ ਗਈ (Imperialist war of yesterday became the People's war of today)। ਲੜਾਈ ਦੇ ਮੁਢਲੇ ਦਿਨਾਂ ਵਿਚ ਜਪਾਨ ਦੀ ਚੜ੍ਹਤ ਤੇ ਉਸ ਦੇ ਹਿੰਦੁਸਤਾਨ ਵੱਲ ਨੂੰ ਵਧਦੇ ਕਦਮਾਂ ਕਰਕੇ ਕਮਿਊਨਿਸਟਾਂ ਨੂੰ ਇਸ ਦੀ ਹੰਗਾਮੀ ਜ਼ਰੂਰ ਆ ਪਈ ਕਿ ਉਹ ਨਾਜ਼ੀ ਖ਼ਤਰੇ ਬਾਰੇ ਸਾਂਝਾ ਫਰੰਟ ਉਸਾਰਨ ਦੀ ਦੁਹਾਈ ਪਾਉਣ। ਲੇਕਿਨ ਕਾਂਗਰਸ ਹਾਲਾਤ ਨੂੰ ਇਸ ਤਰ੍ਹਾਂ ਨਹੀਂ ਵੇਖ ਸਕਦੀ ਸੀ। ਉਸ ਦਾ ਲਗਾਤਾਰ ਕਹਿਣਾ ਸੀ ਕਿ ਜੰਗ ਵਿਚ ਕਿਸੇ ਕਿਸਮ ਦੇ ਸਹਿਯੋਗ ਦੀ ਗੱਲ ਕਰਨ ਤੋਂ ਪਹਿਲਾਂ ਸਰਕਾਰ ਤੋਂ ਆਜ਼ਾਦੀ ਦੇ ਐਲਾਨ ਦਾ ਇਕਰਾਰ ਹਾਸਲ ਕਰਨਾ ਚਾਹੀਦਾ ਹੈ। ਜਦੋਂ ਬ੍ਰਤਾਨੀਆ ਦੀ ਸਰਕਾਰ ਨੇ ਇਹ ਮੰਨਣ ਤੋਂ ਇਨਕਾਰ ਕੀਤਾ ਤਾਂ ਕਾਂਗਰਸ ਨੇ 'ਭਾਰਤ ਛੱਡੋ' ਦਾ ਅੰਦੋਲਨ ਸ਼ੁਰੂ ਕਰ ਦਿੱਤਾ। ਜੁਲਾਈ, 1942 ਨੂੰ ਭਾਰਤੀ ਕਮਿਊਨਿਸਟ ਪਾਰਟੀ ਕਾਨੂੰਨੀ ਕਰਾਰ ਦੇ ਦਿੱਤੀ,

ਇਸ ਦੇ ਲੀਡਰ ਜੇਲ ਵਿਚੋਂ ਰਿਹਾ ਕਰ ਦਿੱਤੇ। ਅਗਲੇ ਮਹੀਨੇ ਅਗਸਤ, 1942 ਨੂੰ ਗਾਂਧੀ ਤੇ ਉਸ ਦੇ ਸਾਥੀ ਜੇਲ ਵਿਚ ਕਰ ਦਿੱਤੇ ਤੇ ਕਾਂਗਰਸ ਪਾਰਟੀ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ।

ਹੁਣ ਰਾਜਨੀਤੀ ਦਾ ਮੈਦਾਨ ਕਮਿਊਨਿਸਟਾਂ ਸਾਹਮਣੇ ਖਾਲੀ ਪਿਆ ਸੀ। ਆਉਣ ਵਾਲੇ ਤਿੰਨਾਂ ਸਾਲਾਂ ਵਿਚ ਦੂਸਰੀ ਆਲਮੀ ਜੰਗ ਦੇ ਦੌਰਾਨ ਪੀ. ਸੀ. ਜੋਸ਼ੀ ਦੀ ਅਗਵਾਈ ਵਿਚ ਭਾਰਤੀ ਕਮਿਊਨਿਸਟ ਪਾਰਟੀ (C.P.I.) ਨੇ ਵੱਖ ਵੱਖ ਸੰਗਠਨਾਂ ਵਿਚ ਹਰ ਸੰਭਵ ਹੱਦ ਤੱਕ ਦੀ ਤਰੱਕੀ ਕਰ ਲਈ। ਇਸ ਨੇ ਕਿਸਾਨ ਸਭਾਵਾਂ ਤੇ ਵਿਦਿਆਰਥੀ ਜਥੇਬੰਦੀਆਂ ਤੋਂ ਇਲਾਵਾ ਆਲ ਇੰਡਿਆ ਟ੍ਰੇਡ ਯੂਨੀਅਨ ਕਾਂਗਰਸ ਉਪਰ ਵੀ ਕਬਜ਼ਾ ਕਰ ਲਿਆ ਜੋ ਉਸ ਵੇਲੇ ਦਾ ਇਕੋ ਇਕ ਕੇਂਦਰੀ ਮਜ਼ਦੂਰ ਸੰਗਠਨ ਸੀ। ਇਸ ਨੇ ਇੰਡਿਅਨ ਲੋਕ ਥੀਏਟਰ ਐਸੋਸੀਏਸ਼ਨ ਤੇ ਤਰੱਕੀ ਪਸੰਦ ਲੇਖਕ ਯੂਨੀਅਨ ਦਾ ਗਠਨ ਕੀਤਾ। ਮਹਿਲਾ ਸਭਾਵਾਂ, ਨੌਜਵਾਨ ਸਭਾਵਾਂ ਤੋਂ ਇਲਾਵਾ 'ਸੋਵੀਅਤ ਸੰਘ ਦੇ ਮਿੱਤਰ' ਨਾਮ ਦੀ ਸੰਸਥਾ ਵੀ ਕਾਇਮ ਕੀਤੀ। ਬਹੁਤ ਸਾਰੇ ਅਖ਼ਬਾਰ ਤੇ ਰਸਾਲੇ ਅੰਗਰੇਜ਼ੀ ਅਤੇ ਕਈ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਨਿਕਲਣੇ ਸ਼ੁਰੂ ਹੋ ਗਏ। ਪਾਰਟੀ ਦੀ ਮੈਂਬਰਸ਼ਿਪ ਜੋ 1942 ਵਿਚ 4500 ਸੀ 1945 ਤੱਕ ਵਧ ਕੇ 30,000 ਹੋ ਗਈ ਸੀ।

ਲੇਕਿਨ ਇਸ ਦੇ ਬਾਵਜੂਦ ਆਜ਼ਾਦੀ ਦੇ ਮੁੱਖ ਅੰਦੋਲਨ ਤੋਂ ਪਾਸੇ ਰਹਿਣ ਦੀ ਭਾਰਤੀ ਕਮਿਊਨਿਸਟ ਪਾਰਟੀ ਨੂੰ ਵੱਡੀ ਕੀਮਤ ਚੁਕਾਉਣੀ ਪਈ। ਇਹ ਆਮ ਲੋਕਾਂ ਤੋਂ ਕੱਟ ਚੁਕੀ ਸੀ ਜਿਹਨਾਂ ਵਿਚ ਅਜਿਹਾ ਪ੍ਰਚਾਰ ਵੀ ਸੀ ਕਿ ਪਾਰਟੀ ਅੰਗਰੇਜ਼ਾਂ ਕੋਲੋਂ ਪੈਸਾ ਲੈਂਦੀ ਰਹੀ। ਕੁਝ ਜਗ੍ਹਾ ਕਮਿਊਨਿਸਟਾਂ ਅਤੇ ਇਹਨਾਂ ਦੀਆਂ ਜਾਇਦਾਦਾਂ ਉਪਰ ਹਿੰਸਕ ਹਮਲੇ ਵੀ ਹੋਏ। ਆਮ ਚੋਣਾਂ ਜੋ 1945–46 ਵਿਚ ਹੋਈਆਂ ਪਾਰਟੀ ਦਾ ਹਾਲ ਬਹੁਤ ਮਾੜਾ ਰਿਹਾ, ਇਹਨਾਂ ਨੂੰ ਸਿਰਫ਼ 6 ਲੱਖ 60 ਹਜ਼ਾਰ ਲੋਕਾਂ ਨੇ ਵੋਟਾਂ ਪਾਈਆਂ ਤੇ ਸਿਰਫ਼ 8 ਸੀਟਾਂ ਹਾਸਲ ਕੀਤੀਆਂ।

ਇਸ ਘਬਰਾਹਟ ਵਿਚ ਹੀ ਕਮਿਊਨਿਸਟਾਂ ਨੇ ਹੁਣ 'ਹਥਿਆਰ ਬੰਦ ਸੰਘਰਸ਼' ਦਾ ਰਾਹ ਫੜਿਆ। ਇਸ ਆਪਰੇਸ਼ਨ ਵਾਸਤੇ ਇਹਨਾਂ ਨੇ ਤੇਲੰਗਾਨਾ ਨੂੰ ਚੁਣਿਆ ਜੋ ਹੁਣ ਆਂਧਰਾ ਪ੍ਰਦੇਸ਼ ਤੇ ਓਦੋਂ ਨਾਲਗੋਂਡਾ–ਵਾਰੰਗਲ ਇਲਾਕੇ ਦੇ 8 ਜਿਲ੍ਹਿਆਂ ਦਾ ਬਣਦਾ ਸੀ (*ਹੁਣ ਇਹੀ ਇਲਾਕਾ ਤੇਲੰਗਾਨਾਂ ਦਾ ਨਵਾਂ ਪ੍ਰਾਂਤ ਬਣ ਗਿਆ ਹੈ*)। ਹਥਿਆਰਬੰਦ ਕਾਰਵਾਈਆਂ ਦੀ ਨਿਗਰਾਨੀ ਯੂਗੋਸਲਾਵ ਦੇ ਕਮਿਊਨਿਸਟ ਸਲਾਹਕਾਰ ਕਰਦੇ ਸਨ। ਪੀ. ਸੀ. ਜੋਸ਼ੀ ਇਸ ਦੇ ਵਿਰੋਧ ਵਿਚ ਸੀ ਹਾਲਾਂਕਿ ਬਾਅਦ ਵਿਚ ਉਸ ਨੇ ਆਪਣੀ ਇਸ ਬੁਰਜੂਆ ਗ਼ਲਤੀ ਨੂੰ ਪ੍ਰਵਾਨ ਕਰ ਲਿਆ ਸੀ। ਆਜ਼ਾਦ ਭਾਰਤ ਦੀ ਸਰਕਾਰ ਨੇ ਇਸ ਹਥਿਆਰਬੰਦ ਬਗ਼ਾਵਤ ਨੂੰ ਸਖ਼ਤੀ ਨਾਲ ਕੁਚਲ ਦਿੱਤਾ। ਯੂਗੋਸਲਾਵ ਦੇ ਸਲਾਹਕਾਰਾਂ ਨੂੰ ਮੁਲਕ ਵਿਚੋਂ ਬਾਹਰ ਕੱਢ ਦਿੱਤਾ। ਕਮਿਊਨਿਸਟ ਪਾਰਟੀ ਨੂੰ ਬਹੁਤ ਸਾਰੇ ਸੂਬਿਆਂ ਵਿਚ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਤੇ ਇਸ ਦੇ ਲੀਡਰਾਂ ਨੂੰ ਜੇਲਾਂ ਵਿਚ ਡੱਕ ਦਿੱਤਾ। ਬੀ. ਟੀ. ਰੰਧੀਵੇ ਅੰਡਰ ਗਰਾਉਂਡ ਚਲਾ ਗਿਆ। ਤੇਲੰਗਾਨਾਂ ਵਿਚ ਫੌਜ ਦਾਖਲ ਹੋਈ ਤੇ ਕੁਝ ਦਿਨਾਂ ਦੀ ਗੋਲਾਬਾਰੀ ਤੋਂ ਬਾਅਦ ਹਾਲਾਤ ਆਮ ਵਰਗੇ ਹੋ ਗਏ।

ਤੇਲੰਗਾਨਾ ਦੀ ਮਾਅਰਕੇਬਾਜ਼ੀ (Telengana Adventure) ਦੀ ਹਾਰ ਤੋਂ ਬਾਅਦ ਪਾਰਟੀ ਵਿਚ ਫੁੱਟ ਦੇ ਆਸਾਰ ਪੈਦਾ ਹੋ ਗਏ। ਇਕ ਵਾਰ ਫਿਰ ਪਾਰਟੀ ਨੇ ਆਪਣੀ ਨੀਤੀ ਵਿਚ ਤਬਦੀਲੀ ਲਿਆਂਦੀ। ਬੀ. ਟੀ. ਰੰਧੀਵੇਂ ਦੀ ਬਜਾਏ 1951 ਵਿਚ ਰਾਜੇਸ਼ਵਰ ਰਾਓ ਨੂੰ ਜਨਰਲ ਸੈਕਟਰੀ ਬਣਾਏ ਜਾਣ ਦੇ ਬਾਵਜੂਦ ਤੇਲੰਗਾਨਾ ਲਗਾਤਾਰ ਬਹਿਸਾਂ ਦਾ ਵਿਸ਼ਾ ਰਿਹਾ। ਰਾਜੇਸ਼ਵਰ ਰਾਓ ਚੀਨ ਦੀ ਤਰਜ਼ ਦਾ ਕਿਸਾਨੀ ਇਨਕਲਾਬ ਲਿਆਉਣ ਦੀ ਪੈਰਵੀ ਕਰਦਾ ਸੀ। ਅਜੈ ਘੋਸ਼ ਨੇ ਪਾਰਟੀ ਦੀਆਂ ਨਵੀਆਂ ਨੀਤੀਆਂ ਦਾ ਵਿਰੋਧ ਕੀਤਾ। ਪਾਰਟੀ ਦੀ ਮੈਂਬਰਸ਼ਿਪ ਇਕ ਲੱਖ ਤੋਂ ਘੱਟ ਕੇ 20,000 ਤੱਕ ਆ ਗਈ। ਏਟਕ ਦੇ ਮੁਕਾਬਲੇ ਕਮਿਊਨਿਸਟ ਵਿਰੋਧੀ ਯੂਨੀਅਨਾਂ ਹੋਂਦ ਵਿਚ ਆਉਣ ਲੱਗੀਆਂ। ਪਾਰਟੀ ਆਪਣੇ ਵਿਦੇਸ਼ੀ ਕਾਮਰੇਡਾਂ ਤੋਂ ਲਗਾਤਾਰ ਰਹਿਨੁਮਾਈ ਲੈਂਦੀ ਰਹੀ, ਖਾਸ ਕਰਕੇ ਬ੍ਰਤਾਨੀਆਂ ਦੀ ਕਮਿਊਨਿਸਟ ਪਾਰਟੀ ਤੋਂ।

1951 ਦੇ ਸ਼ੁਰੂ ਵਿਚ ਰਜਨੀ ਪਾਮ ਦੱਤ ਨੇ ਭਾਰਤ ਦੀ ਰਾਜਨੀਤੀ ਬਾਰੇ ਲੰਬਾ ਲੇਖ 'ਸਥਾਈ ਅਮਨ ਤੇ ਲੋਕ ਜਮਹੂਰੀਅਤ ਵਾਸਤੇ' ਦੇ ਸਿਰਲੇਖ ਹੇਠ ਸਪਤਾਹਕ 'ਕੌਮਿਨਫਾਰਮ' ਵਿਚ ਲਿਖਿਆ। ਉਹ ਭਾਰਤ ਦੇ ਪਹਿਲੀ ਲੜੀ ਦੇ ਸਿਵਲ ਅਫਸਰਾਂ ਵਿਚੋਂ ਇਕ ਆਰ. ਸੀ. ਦੱਤ ਦਾ ਪੋਤਰਾ ਸੀ। ਉਹ ਇੰਗਲੈਂਡ ਵਿਚ ਹੀ ਭਾਰਤੀ ਪਿਤਾ ਤੇ ਸਵੀਡਿਸ਼ ਮਾਤਾ ਦੇ ਘਰ ਜੰਮਿਆ ਪਲਿਆ ਤੇ ਗ੍ਰੇਟ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ ਦਾ ਮੁੱਖ ਬੁਲਾਰਾ ਸੀ। ਉਸ ਨੇ ਆਪਣੇ ਲੇਖ ਵਿਚ ਅਮਰੀਕਾ-ਇੰਗਲੈਂਡ ਸਾਮਰਾਜੀ ਗੱਠ ਜੋੜ ਦੇ ਖਿਲਾਫ਼ ਭਾਰਤ ਦੀ ਕਮਿਊਨਿਸਟ ਪਾਰਟੀ ਨੂੰ ਹੋਰ ਲੋਕ ਰਾਜੀ ਤਾਕਤ ਨਾਲ ਤਾਲਮੇਲ ਦੀ ਸਲਾਹ ਦਿੱਤੀ ਸੀ। ਉਸ ਨੇ ਇਹ ਵੀ ਸਪਸ਼ਟ ਕੀਤਾ ਕਿ 'ਹਥਿਆਰਬੰਦ ਸੰਘਰਸ਼ਾਂ' ਦਾ ਹੁਣ ਕੋਈ ਸਕੋਪ ਨਹੀਂ ਰਹਿ ਗਿਆ। ਪਾਰਟੀ ਦੀ ਨੀਤੀ ਵਿਚ ਤਬਦੀਲੀ ਦਾ ਪ੍ਰਤੀਕ ਪਾਰਟੀ ਦੀ ਲੀਡਰਸ਼ਿਪ ਵਿਚ ਤਬਦੀਲੀ ਵੀ ਬਣ ਗਿਆ। ਰਾਜੇਸ਼ਵਰ ਰਾਓ ਦੀ ਥਾਂ 'ਤੇ ਅਜੈ ਘੋਸ਼, ਜੋ ਕੁਝ ਨਰਮ ਖਿਆਲੀ ਸਮਝਿਆ ਜਾਂਦਾ ਸੀ, ਪਾਰਟੀ ਦਾ ਜਨਰਲ ਸੈਕਟਰੀ ਬਣਿਆ ਤੇ ਪਾਰਟੀ ਨੇ 1952 ਦੀ ਪਾਰਲੀਮੈਂਟ ਦੀ ਆਮ ਚੋਣ ਤੇ ਸੂਬਿਆਂ ਦੀਆਂ ਚੋਣਾਂ ਵਿਚ ਹਿਸਾ ਲੈਣ ਦਾ ਫੈਸਲਾ ਕੀਤਾ।

1952 ਦੀਆਂ ਚੋਣਾਂ ਵੇਲੇ ਐਸ. ਏ. ਡਾਂਗੇ ਮੋਹਰੀ ਰਿਹਾ। ਉਸ ਨੇ ਪਾਰਟੀ ਨੂੰ ਦੇਸ਼ ਦੇ ਸੰਵਿਧਾਨ ਦੇ ਦਾਇਰੇ ਵਿਚ ਚਲਾਉਣ ਦੀ ਕੋਸ਼ਿਸ਼ ਕੀਤੀ। ਚੋਣਾਂ ਵਿਚ ਪਾਰਟੀ ਨੇ ਸਾਰੇ ਮੁਲਕ ਵਿਚ ਸਿਰਫ਼ 70 ਉਮੀਦਵਾਰ ਉਹਨਾਂ ਸੀਟਾਂ ਉਪਰ ਖੜ੍ਹੇ ਕੀਤੇ ਜੋ ਦੂਜਿਆਂ ਦੇ ਮੁਕਾਬਲੇ ਮਜ਼ਬੂਤ ਸਨ। ਪਾਰਟੀ ਨੂੰ 50 ਤੋਂ 60 ਲੱਖ ਦੇ ਦਰਮਿਆਨ ਵੋਟਾਂ ਪਈਆਂ ਤੇ ਇਹ ਸਿਰਫ਼ 5.4 ਫੀ ਸਦੀ ਬਣਦੀਆਂ ਸਨ ਪਰ ਪਾਰਟੀ 27 ਸੀਟਾਂ ਜਿੱਤ ਗਈ ਜਿਸ ਨਾਲ ਕਾਂਗਰਸ ਦੀ ਮੁੱਖ ਵਿਰੋਧੀ ਪਾਰਟੀ ਬਣ ਗਈ।

ਉਸ ਵਕਤ ਦੀ ਇਸ ਚੰਗੀ ਕਾਮਯਾਬੀ ਦੇ ਬਾਵਜੂਦ ਕਮਿਊਨਿਸਟਾਂ ਸਾਹਮਣੇ ਫਿਰ ਉਹ ਪੁਰਾਣੀ ਹੀ ਬੀਮਾਰੀ ਲੱਗੀ ਹੋਈ ਸੀ ਕਿ ਉਹ ਕਿਸ ਨੂੰ ਦੁਸ਼ਮਣ ਨੰਬਰ ਇਕ ਸਮਝਣ। ਹੁਣ ਫਾਸ਼ਿਜ਼ਮ ਖ਼ਤਮ ਹੋ ਚੁਕਾ ਸੀ। ਸਾਮਰਾਜ ਦੇ ਦੋ ਵੱਡੇ ਕੈਂਪ ਸਨ, ਅਮਰੀਕਾ

ਤੇ ਇੰਗਲੈਂਡ। ਇਹਨਾਂ ਵਿਚ ਕਿਸ ਨੂੰ ਵੱਡਾ ਦੁਸ਼ਮਣ ਸਮਝਿਆ ਜਾਵੇ, ਇੰਗਲੈਂਡ ਕਿ ਅਮਰੀਕਾ ਕਿ ਦੋਵੇਂ। ਇਸ ਦੇ ਨਾਲ ਹੀ ਦੂਜੀ ਉਲਝਣ ਇਹ ਸੀ ਕਿ ਮੁਲਕ ਦੇ ਅੰਦਰ ਕਿਸ ਨੂੰ ਆਪਣਾ ਦੋਸਤ ਤੇ ਨਜ਼ਦੀਕੀ ਸਮਝਿਆ ਜਾਵੇ, ਕਾਂਗਰਸ ਕਿ ਸੋਸ਼ਲਿਸਟ ਪਾਰਟੀ। ਇਹਨਾਂ ਤੋਂ ਵੀ ਉਪਰਲਾ ਸਵਾਲ ਇਹ ਸੀ ਕਿ ਪਾਰਟੀ ਇਨਕਲਾਬ ਵੱਲ ਕਿਸ ਤਰ੍ਹਾਂ ਵਧੇ ਪਾਰਲੀਮੈਂਟ ਦੀਆਂ ਵੋਟਾਂ ਦੇ ਤਰੀਕੇ ਨਾਲ ਕਿ ਹਥਿਆਰਬੰਦ ਸੰਘਰਸ਼ ਦਾ ਰਸਤਾ ਅਖਤਿਆਰ ਕੀਤਾ ਜਾਵੇ?

ਕਮਿਊਨਿਸਟ ਅਜੇ ਵਿਚਾਰਾਂ ਹੀ ਕਰ ਰਹੇ ਸਨ ਕਿ ਨਹਿਰੂ ਨੇ ਮੁਲਕ ਨੂੰ ਸਮਾਜਵਾਦੀ ਲੀਹਾਂ 'ਤੇ ਚਲਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਉਸ ਨੇ 1954 ਵਿਚ ਚਾਊ ਐਨ ਲਾਈ ਨੂੰ ਭਾਰਤ ਦੇ ਦੌਰੇ ਵਾਸਤੇ ਸੱਦਿਆ ਤੇ 1955 ਵਿਚ ਖਰੂਸ਼ਚੇਵ ਤੇ ਬਲਗਾਨਿਨ ਨੂੰ। ਕਮਿਊਨਿਸਟਾਂ ਨੇ ਇਹਨਾਂ ਦੌਰਿਆਂ ਨੂੰ ਆਪਣੇ ਲਾਭ ਵਾਸਤੇ ਵਰਤਣ ਦੀ ਕੋਸ਼ਿਸ਼ ਕੀਤੀ। ਨਹਿਰੂ ਦੀ ਘਰੇਲੂ ਨੀਤੀ ਦੀ ਨੁਕਤਾਚੀਨੀ ਕਰਦੇ ਹੋਇਆਂ ਉਹਨਾਂ ਨੇ ਉਸ ਦੀ ਵਿਦੇਸ਼ ਨੀਤੀ ਦੀ ਪ੍ਰਸ਼ੰਸਾ ਕੀਤੀ। ਨਤੀਜਾ ਦੋਹਾਂ ਧਿਰਾਂ ਵਾਸਤੇ ਬਰਾਬਰ ਦਾ ਰਿਹਾ। ਇਕ ਪਾਸੇ ਨਹਿਰੂ ਨੇ ਅੰਤਰਰਾਸਟਰੀ ਕਮਿਊਨਿਸਟਾਂ ਨਾਲ ਤਾਲਮੇਲ ਕਰਕੇ ਭਾਰਤੀ ਕਮਿਊਨਿਸਟਾਂ ਤੋਂ ਇਕ ਮੁੱਦਾ ਖੋਹ ਲਿਆ ਤੇ ਦੂਜੇ ਪਾਸੇ ਨਹਿਰੂ ਦੀ ਪ੍ਰਸ਼ੰਸਾ ਕਰਕੇ ਕਰਕੇ ਕਮਿਊਨਿਸਟਾਂ ਨੇ ਵੀ ਆਪਣੇ ਵਾਸਤੇ ਚੰਗਾ ਨਾਮ ਕਮਾਇਆ।

1956 ਵਿਚ ਸੰਸਾਰ ਕਮਿਊਨਿਸਟ ਕੈਂਪ ਵਿਚ ਵੀ ਤਰੇੜ ਪੈ ਗਈ। ਖਰੂਸ਼ਚੋਵ ਨੇ ਸਟਾਲਿਨ ਦੀ ਨਿੰਦਾ ਕਰ ਦਿੱਤੀ ਤੇ ਰੂਸੀ ਟੈਂਕਾਂ ਦੀ ਮਦਦ ਨਾਲ ਹੰਗਰੀ ਵਿਚ ਆਜ਼ਾਦੀ ਦੀ ਲੜਾਈ ਨੂੰ ਦਬਾ ਦਿੱਤਾ। ਯੂਗੋਸਲਾਵੀਆ ਦਾ ਮਾਰਸ਼ਲ ਟੀਟੋ ਰੂਸੀਆਂ ਨਾਲ ਨਾਰਾਜ਼ ਚੱਲ ਰਿਹਾ ਸੀ।

ਨਹਿਰੂ ਨੂੰ ਹੁਣ ਵੱਖਰੀ ਕਿਸਮ ਦੀ ਪਰੇਸ਼ਾਨੀ ਹੋਣ ਲੱਗੀ। ਸੋਵੀਅਤ ਯੂਨੀਅਨ ਤੇ ਚੀਨ ਦੇ ਲੀਡਰਾਂ ਦੀ ਆਓ ਭਗਤ ਕਰਨ ਤੇ ਉਹਨਾਂ ਨਾਲ ਏਕਤਾ ਵਧਾਉਣ ਨਾਲ ਮੁਲਕ ਦੇ ਅੰਦਰ ਕਮਿਊਨਿਸਟਾਂ ਦੀ ਨੁਕਤਾਚੀਨੀ ਕਰਨ ਵਿਚ ਮੁਸ਼ਕਿਲ ਆ ਰਹੀ ਸੀ। ਦੂਸਰੀਆਂ ਆਮ ਚੋਣਾਂ, 1957 ਵਿਚ ਕਮਿਊਨਿਸਟਾਂ ਨੇ ਹੋਰ ਵੀ ਚੰਗੀਆਂ ਕਾਮਯਾਬੀਆਂ ਹਾਸਿਲ ਕੀਤੀਆਂ। ਉਹਨਾਂ ਕੇਂਦਰ ਤੇ ਰਾਜਾਂ ਵਿਚ ਵੀ, ਇਕ ਤਾਮਿਲ ਨਾਡੂ ਨੂੰ ਛੱਡ ਕੇ, ਆਪਣੀਆਂ ਸਫਾਂ ਵਿਚ ਵਾਧਾ ਕੀਤਾ। ਕੇਰਲਾ ਵਿਚ ਇਹ ਸਭ ਤੋਂ ਵੱਡੀ ਪਾਰਟੀ ਬਣ ਕੇ ਆਈ ਤੇ ਇਸ ਤਰ੍ਹਾਂ ਆਪਣੀ ਸਰਕਾਰ ਬਣਾ ਲਈ। ਇਹ ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਕਿ ਵੋਟਾਂ ਦੇ ਰਾਹੀਂ ਕਮਿਊਨਿਸਟ ਰਾਜ ਸਥਾਪਤ ਹੋਇਆ ਹੋਵੇ। ਕਮਿਊਨਿਸਟਾਂ ਨੇ ਮੁਲਕ ਵਿਚ ਆਪਣੀਆਂ ਵੋਟਾਂ ਦੀ ਗਿਣਤੀ ਇਕ ਕਰੋੜ ਦਸ ਲੱਖ ਤੇ ਫੀ ਸਦੀ 9 ਤੱਕ ਵਧਾ ਲਈ ਸੀ।

ਚੋਣਾਂ ਵਿਚ ਜਿੱਤ ਨੇ ਕਮਿਊਨਿਸਟਾਂ ਨੂੰ ਅਹਿੰਸਕ ਲੋਕਰਾਜੀ ਤਰੀਕਾ ਅਪਣਾਉਣ ਵਾਸਤੇ ਉਤਸ਼ਾਹਿਤ ਕੀਤਾ ਤੇ 1958 ਦੇ ਅੰਮ੍ਰਿਤਸਰ ਇਜਲਾਸ ਵਿਚ ਪਾਰਟੀ ਵਾਸਤੇ ਨਵਾਂ ਸੰਵਿਧਾਨ ਤੇ ਪ੍ਰੋਗਰਾਮ ਪਾਸ ਕੀਤਾ। ਪ੍ਰੋਗਰਾਮ ਦੇ ਮੁੱਖ ਬੰਦ

ਵਿਚ ਲਿਖਿਆ, "ਪਾਰਟੀ ਸਭ ਦੇਸ਼ ਭਗਤ ਤੇ ਲੋਕ ਤੰਤਰ ਸ਼ਕਤੀਆਂ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਦੀ ਰੱਖਿਆ ਤੇ ਇਸ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਘਾਲਣਾ ਕਰੇਗੀ"। ਬੇਸ਼ੱਕ 'ਮਾਰਕਸਵਾਦ ਲੈਨਿਨਵਾਦ ਨੂੰ ਭਾਰਤੀ ਹਾਲਾਤ ਵਿਚ ਲਾਗੂ ਕਰਨ ਦੇ ਤਰੀਕੇ ਅਪਣਾਉਣ' ਦੀਆਂ ਗੱਲਾਂ ਤਾਂ ਕੀਤੀਆਂ ਗਈਆਂ ਪਰ ਹਿੰਸਕ ਇਨਕਲਾਬ ਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਜ਼ਿਕਰ ਨਹੀਂ ਕੀਤਾ।

ਸੈਂਟਰਲ ਕਮੇਟੀ ਦੀ ਥਾਂ ਤੇ 101 ਮੈਂਬਰਾਂ ਦੀ ਨੈਸ਼ਨਲ ਕੌਂਸਲ ਦਾ ਚੁਣਾਵ ਕੀਤਾ ਅਤੇ 25 ਕਾਮਰੇਡਾਂ ਦੀ ਐਗਜ਼ੈਕਟਿਵ ਕਮੇਟੀ ਚੁਣ ਕੇ 'ਪੋਲਿਟ ਬਿਊਰੋ' ਦੀ ਰਿਵਾਇਤ ਵੀ ਬਦਲ ਦਿੱਤੀ। ਲੇਕਿਨ ਸੈਕਟਰੀ ਜਨਰਲ ਦਾ ਅਹੁਦਾ ਓਸੇ ਤਰ੍ਹਾਂ ਰਿਹਾ ਤੇ ਸਭ ਤੋਂ ਵੱਧ ਸ਼ਕਤੀ ਵੀ ਉਸੇ ਕੋਲ ਰਹਿਣੀ ਸੀ।

ਰੂਸੀ ਤੇ ਚੀਨੀ ਕਮਿਊਨਿਸਟਾਂ ਦੀਆਂ ਅਨੈਤਿਕ ਕਾਰਵਾਈਆਂ ਦਾ ਭਾਵੇਂ ਦੇਰ ਨਾਲ ਹੀ ਪਰ ਭਾਰਤੀ ਕਮਿਊਨਿਸਟਾਂ ਉਪਰ ਅਸਰ ਜ਼ਰੂਰ ਪੈਂਦਾ ਰਿਹਾ। ਰੂਸ ਵੱਲੋਂ ਹੰਗਰੀ ਤੇ ਚੈਕੋਸਲੋਵਾਕੀਆ ਵਿਚ ਦਖਲ ਦੇਣ ਨਾਲ ਭਾਰਤ ਦੇ ਕਈ ਕਮਿਊਨਿਸਟ ਆਪਣੀ ਪਾਰਟੀ ਛੱਡ ਗਏ। ਚੀਨ ਦਾ ਤਿੱਬਤ ਉਪਰ ਕਬਜ਼ਾ ਵੀ ਕਈ ਪਾਰਟੀ ਮੈਂਬਰਾਂ ਨੂੰ ਪਸੰਦ ਨਹੀਂ ਆਇਆ। ਸਰਕਾਰ ਦੀ ਵਿਦੇਸ਼ ਨੀਤੀ ਦਾ ਸੀ. ਪੀ. ਆਈ ਲਗਾਤਾਰ ਸਮਰਥਨ ਕਰਦੀ ਆਈ। ਤੀਸਰੇ ਆਮ ਚੁਣਾਵ ਜੋ 1962 ਵਿਚ ਹੋਏ ਵੀ ਕਮਿਊਨਿਸਟ ਪਾਰਟੀ ਨੇ ਆਪਣੀ ਮੁੱਖ ਵਿਰੋਧੀ ਹੋਣ ਦੀ ਸਥਿਤੀ ਨੂੰ ਬਰਕਰਾਰ ਰੱਖਿਆ। ਲੋਕ ਸਭਾ ਦੀਆਂ 29 ਸੀਟਾਂ ਜਿੱਤ ਕੇ ਇਸ ਨੇ 10 ਪ੍ਰਤੀਸ਼ਤ ਵੋਟ ਹਾਸਿਲ ਕੀਤੇ। ਲੇਕਿਨ ਇਸ ਚੁਣਾਵ ਵਿਚ ਸੱਜੇ ਪੱਖੀ ਪਾਰਟੀਆਂ ਦੀ ਹੋਂਦ ਵੀ ਸਾਹਮਣੇ ਆਈ। ਸਤੰਤਰ ਪਾਰਟੀ ਨੇ 22 ਸੀਟਾਂ ਜਿੱਤ ਕੇ 7 ਪ੍ਰਤੀਸ਼ਤ ਵੋਟ ਹਾਸਿਲ ਕੀਤੇ ਤੇ ਜੰਨ ਸੰਘ ਨੇ 6 ਪ੍ਰਤੀਸ਼ਤ ਵੋਟ ਹਾਸਿਲ ਕਰਕੇ 14 ਸੀਟਾਂ ਜਿੱਤੀਆਂ। ਸੋਸ਼ਲਿਸਟਾਂ ਦੀ ਕੋਈ ਸੀਟ ਨਹੀਂ ਆਈ।

1962 ਦੀ ਪਤਝੜ ਦੀ ਰੁੱਤੇ ਭਾਰਤ ਤੇ ਚੀਨ ਦੀ ਲੜਾਈ ਨੇ ਭਾਰਤ ਵਿਚ ਕਮਿਊਨਿਸਟਾਂ ਦੀ ਤਰੱਕੀ ਉਪਰ ਵੱਡੀ ਸੱਟ ਮਾਰੀ। ਇਹਨਾਂ ਦਾ ਵਕਾਰ ਖਰਾਬ ਹੋ ਗਿਆ ਤੇ ਬਹੁਤ ਜਗ੍ਹਾ ਗੁੱਸੇ ਦੀਆਂ ਭੜਕੀਆਂ ਭੀੜਾਂ ਨੇ ਇਹਨਾਂ ਦੇ ਦਫ਼ਤਰਾਂ ਉਪਰ ਹਮਲੇ ਕੀਤੇ। ਸਭ ਤੋਂ ਵੱਧ ਸੱਟ ਪਾਰਟੀ ਸਫਾਂ ਵਿਚ ਪੈ ਗਈ ਫੁੱਟ ਨੇ ਮਾਰੀ। ਡਾਂਗੇ ਦੀ ਅਗਵਾਈ ਵਿਚ ਸੀ. ਪੀ. ਆਈ. ਨੇ ਚੀਨ ਦੇ ਹਮਲੇ ਦੀ ਨਿੰਦਾ ਕੀਤੀ। ਹੋਰ ਕਈ ਲੀਡਰਾਂ, ਨੰਬੂਦਰੀਪਾਦ ਸਮੇਤ, ਨੇ ਫੌਜੀ ਮੁੱਠ ਭੇੜ ਵਾਸਤੇ ਭਾਰਤ ਦੀ ਸਰਕਾਰ ਨੂੰ ਦੋਸ਼ੀ ਠਹਿਰਾਇਆ। ਓਧਰ ਚੀਨ ਤੇ ਰੂਸ ਵਿਚ ਵੀ ਤਨਾਵ ਪੈਦਾ ਹੋ ਗਿਆ ਤੇ ਨੰਬੂਦਰੀਪਾਦ ਗਰੁੱਪ ਨੇ ਮਾਓਵਾਦੀ ਧਾਰਨਾ ਕਿ 'ਤਾਕਤ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ' (Power grows out of the barrel of a gun) ਦਾ ਸਮਰਥਨ ਕੀਤਾ ਤੇ ਰੂਸ ਨੂੰ ਸੋਧਵਾਦੀ (revisionists) ਕਹਿ ਕੇ ਭੰਡਿਆ। ਆਖਰ 1964 ਵਿਚ ਪਾਰਟੀ ਬਾਕਾਇਦਾ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੀ ਗਈ। ਇਕ ਰੂਸ ਪੱਖੀ ਰਹਿ ਗਈ ਜਿਸ ਨੂੰ ਸੀ. ਪੀ. ਆਈ. ਹੀ ਕਿਹਾ ਗਿਆ ਤੇ ਦੂਸਰੀ ਚੀਨ ਪੱਖੀ, ਸੀ. ਪੀ. ਆਈ ਮਾਰਕਸਵਾਦੀ ਬਣ ਗਈ। ਇਸ ਤਰ੍ਹਾਂ 1967 ਦੀਆਂ ਚੋਣਾਂ ਵਿਚ ਕਮਿਊਨਿਸਟਾਂ

ਦੀ ਕਾਰਗੁਜ਼ਾਰੀ ਬਹੁਤ ਮਾੜੀ ਰਹੀ। ਪਾਰਲੀਮੈਂਟ ਦੀਆਂ 520 ਲੋਕ ਸਭਾ ਸੀਟਾਂ ਵਿਚੋਂ ਕਮਿਊਨਿਸਟਾਂ ਨੂੰ 41 ਸੀਟਾਂ ਮਿਲੀਆਂ ਜਿਹਨਾਂ ਵਿਚੋਂ 22 ਰੂਸ ਪੱਖੀਆਂ ਦੀਆਂ ਸਨ ਤੇ 19 ਚੀਨ ਪੱਖੀਆਂ ਦੀਆਂ। ਹੁਣ ਪਾਰਟੀ ਦੂਜੇ ਨੰਬਰ ਦੀ ਬਜਾਏ ਤੀਜੇ 'ਤੇ ਚਲੇ ਗਈ। ਸਤੰਤਰ ਪਾਰਟੀ 44 ਸੀਟਾਂ ਲੈ ਕੇ ਮੁੱਖ ਵਿਰੋਧੀ ਪਾਰਟੀ ਬਣ ਗਈ ਸੀ।

1968 ਵਿਚ ਪਾਰਟੀ ਨੇ ਇਕ ਹੋਰ ਫੁੱਟ ਦਾ ਸਾਹਮਣਾ ਕੀਤਾ, ਇਕ ਤੀਜਾ ਗਰੁੱਪ ਵੀ ਪੈਦਾ ਹੋ ਗਿਆ ਸੀ। ਪੱਛਮੀ ਬੰਗਾਲ ਦੇ ਸੀਮਾਵਤੀ ਜ਼ਿਲ੍ਹੇ 'ਨਕਸਲਬਾੜੀ' ਵਿਚ ਹਥਿਆਰਬੰਦ ਬਾਗੀ ਇਨਕਲਾਬੀਆਂ ਦਾ ਜਥਾ ਪੈਦਾ ਹੋ ਗਿਆ। ਕਾਨੂ ਸਾਨਿਆਲ ਤੇ ਚਾਰੂ ਮਜ਼ੂਮਦਾਰ ਇਹਨਾਂ ਦੇ ਲੀਡਰ ਸਨ। ਨਕਸਲਬਾੜੀ ਤਰੀਕੇ ਦਾ ਗੁਰੀਲਾ ਯੁੱਧ ਆਂਧਰਾ ਪ੍ਰਦੇਸ਼ ਦੇ ਕੁਝ ਕਾਮਰੇਡਾਂ ਨੂੰ ਦਿਲਕੱਸ਼ ਲਗਿਆ। ਉਹਨਾਂ ਦਾ ਲੀਡਰ ਨਾਗੀ ਰੈਡੀ ਸੀ। ਇਕ ਤੀਸਰੀ ਕਮਿਊਨਿਸਟ ਪਾਰਟੀ ਸੀ. ਪੀ. ਆਈ (ਮਾਰਕਸਿਸਟ ਲੈਨਿਨਿਸਟ), C.P.I.(ML) ਬਣ ਗਈ। ਸਰਕਾਰ ਨੇ ਸੁਰੱਖਿਆ ਦਸਤਿਆਂ ਨੂੰ ਲਗਾ ਕੇ ਬੰਗਾਲ, ਆਂਧਰਾ ਤੇ ਕੇਰਲਾ ਵਿਚ ਨਕਸਲਬਾੜੀ ਲਹਿਰ ਕੁਚਲ ਦਿੱਤੀ। ਨਕਸਲਬਾੜੀ ਲਹਿਰ ਤਾਂ ਦਬਾ ਦਿੱਤੀ ਗਈ ਪਰ ਗਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਦੁਰਦਸ਼ਾ ਜ਼ਰੂਰ ਲੋਕਾਂ ਸਾਹਮਣੇ ਆ ਗਈ। ਸਰਕਾਰ ਨੂੰ ਜ਼ਿਮੀਦਾਰਾ ਪ੍ਰਥਾ ਖ਼ਤਮ ਕਰਨ ਤੇ ਜ਼ਮੀਨ ਉਸੇ ਨੂੰ ਦੇਣੀ ਜੋ ਖੇਤੀ ਕਰ ਰਿਹਾ ਹੋਵੇ ਦੇ ਵਾਅਦੇ ਨੂੰ ਜਲਦੀ ਪੂਰਾ ਕਰਨ ਦਾ ਖਿਆਲ ਆ ਗਿਆ।

ਕਮਿਊਨਿਸਟ ਲਹਿਰ ਭਾਰਤ ਵਿਚ ਆਪਣੀ ਚੜ੍ਹਤ ਕਿਉਂ ਨਹੀਂ ਬਣਾ ਸਕੀ? ਇਕ ਖੱਬੇ ਪੱਖੀ ਹਫ਼ਤਾਵਾਰੀ ਅਖਬਾਰ 'ਲਿੰਕ' ਜਿਹੜਾ ਸੀ. ਪੀ. ਆਈ. ਦੀ ਹਿਮਾਇਤ ਕਰਦਾ ਸੀ ਦੇ ਐਡੀਟਰ ਨੇ 1958 ਤੋਂ 1968 ਤੱਕ ਦੇ ਪਾਰਟੀ ਦੀ ਹਿਸਟਰੀ ਦੀ ਪੜਚੋਲ ਕੀਤੀ ਤੇ ਇਸ ਦੀ ਨਾਕਾਮਯਾਬੀ ਦੇ ਕਾਰਣਾਂ ਦੀ ਖੋਜ ਕੀਤੀ। 'ਫੁੱਟਾਂ, ਦਫੇੜਾਂ, ਦਿਸ਼ਾ ਹੀਣਤਾਵਾਂ ਤੇ ਵੱਖਰੀ ਹੋਂਦ ਦਾ ਖੁੱਸਣਾ' ਨਾਮ ਦੇ ਸਿਰਲੇਖ ਹੇਠ ਐਡੀਟਰ ਰਾਏ ਨੇ ਲਿਖਿਆ ਕਿ "ਭਾਰਤ ਦੇ ਕਮਿਊਨਿਸਟ ਦੁਨੀਆ ਦੇ ਹੋਰ ਕਮਿਊਨਿਸਟਾਂ ਨਾਲੋਂ ਵੱਖਰੇ ਨਹੀਂ ਹਨ। ਸਿਰਫ ਇਤਨੀ ਗੱਲ ਹੈ ਕਿ ਹੋਰਨਾਂ ਨਾਲੋਂ ਜ਼ਿਆਦਾ ਭੰਬਲ ਭੂਸੇ ਵਿਚ ਹਨ, ਹੋਰਨਾਂ ਨਾਲੋਂ ਜ਼ਿਆਦਾ ਗਲਤੀਆਂ ਕਰਨ ਵਾਲੇ ਹਨ ਤੇ ਇਹ ਕਿਸੇ ਵੀ ਹੋਰ ਮੁਲਕ ਦੀ ਕਮਿਊਨਿਸਟ ਪਾਰਟੀ ਨਾਲੋਂ ਜ਼ਿਆਦਾ ਕਲਾਬਾਜ਼ੀਆਂ (turnabouts and somersaults) ਮਾਰਦੇ ਰਹੇ।"

ਖੈਰ ਇਹਨਾਂ ਦੀ ਨਾਕਾਮਯਾਬੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਭਾਰਤ ਦੀ ਮਜ਼ਦੂਰ ਜਮਾਤ ਕਦੇ ਵੀ ਆਪਣੇ ਵਿਚੋਂ ਕੋਈ ਲੀਡਰ ਨਹੀਂ ਪੈਦਾ ਕਰ ਸਕੀ। ਭਾਰਤੀ ਕਮਿਊਨਿਸਟਾਂ ਦੇ ਲੀਡਰ ਹਮੇਸ਼ਾ ਦਰਮਿਆਨੀ ਜਾਂ ਉਪਰਲੀ ਜਮਾਤ ਦੇ ਪੜ੍ਹੇ ਲਿਖੇ ਤੇ ਬੁੱਧੀਜੀਵੀ ਕਿਸਮ ਦੇ ਲੋਕ ਰਹੇ। ਇਸ ਤਰ੍ਹਾਂ ਉਹ ਪ੍ਰੋਲੋਤਾਰੀਆਂ ਦਾ ਵਿਸ਼ਵਾਸ ਨਹੀਂ ਜਿੱਤ ਸਕੇ ਤੇ ਉਹਨਾਂ ਨੂੰ ਉਹਨਾਂ ਦੀ ਹੀ ਭਾਸ਼ਾ ਵਿਚ ਨਹੀਂ ਸਮਝਾ ਸਕੇ।

ਭਾਰਤੀ ਕਮਿਊਨਿਸਟਾਂ ਦਾ ਵਿਸ਼ਵਾਸ ਰਿਹਾ ਕਿ ਜਿਸ ਤਰ੍ਹਾਂ ਰੂਸ ਵਿਚ ਸੰਗਠਤ ਉਦਯੋਗਿਕ ਮਜ਼ਦੂਰਾਂ ਰਾਹੀਂ ਕਮਿਊਨਿਸਟ ਇਨਕਲਾਬ ਆਇਆ, ਭਾਰਤ ਵਿਚ ਵੀ

ਇਸੇ ਤਰ੍ਹਾਂ ਆਵੇਗਾ। ਉਹਨਾਂ ਨੇ ਆਪਣੀ ਸ਼ਕਤੀ ਮਾਰਕਸਵਾਦੀ ਟ੍ਰੇਡ ਯੂਨੀਅਨਾਂ ਕਾਇਮ ਕਰਨ ਵਿਚ ਲਗਾਈ। ਬਹੁਤ ਲੰਮੇ ਸਾਲਾਂ ਤੱਕ ਉਹ ਕੱਪੜਾ ਉਦਯੋਗ, ਰੇਲਵੇ ਤੇ ਖਾਦਾਨਾਂ ਦੀਆਂ ਯੂਨੀਅਨਾਂ ਦੀ ਲੀਡਰਸ਼ਿੱਪ ਉਪਰ ਕਾਬਜ਼ ਰਹੇ। ਲੇਕਿਨ ਹੌਲੀ ਹੌਲੀ ਹੋਰਨਾਂ ਰਾਜਨੀਤਕ ਪਾਰਟੀਆਂ ਵੱਲੋਂ ਟ੍ਰੇਡ ਯੂਨੀਅਨਾਂ ਵਿਚ ਸਰਗਰਮ ਦਖਲ ਦੇ ਨਾਲ ਇਹਨਾਂ ਦਾ ਰਸੂਖ ਘਟਦਾ ਗਿਆ। ਕਾਂਗਰਸ ਨੇ ਇੰਟਕ ਕਾਇਮ ਕੀਤੀ ਤੇ ਇਸੇ ਤਰ੍ਹਾਂ ਸੋਸ਼ਲਿਸਟ ਪਾਰਟੀ ਦੀ ਆਪਣੀ ਟ੍ਰੇਡ ਯੂਨੀਅਨ ਬਣ ਗਈ। ਕੁਝ ਹੋਰ ਸਾਲਾਂ ਬਾਅਦ ਸੱਜੇ ਪੱਖੀ ਪਾਰਟੀਆਂ ਜੰਨ ਸੰਘ ਤੇ ਬੰਬਈ ਵਿਚ ਸ਼ਿਵ ਸੈਨਾ ਦੀਆਂ ਵੀ ਟ੍ਰੇਡ ਯੂਨੀਅਨਾਂ ਬਣ ਗਈਆਂ।

ਹੁਣ ਵਿਦਿਆਰਥੀ ਵੀ ਕਮਿਊਨਿਸਟਾਂ ਦੀ ਖਿੱਚ ਤੋਂ ਬਾਹਰ ਹੋ ਗਏ ਸਨ। ਕੋਈ ਵਕਤ ਸੀ ਕਿ ਬਹੁਤੇ ਰਾਜਨੀਤਕ ਖਿਆਲਾਂ ਵਾਲੇ ਵਿਦਿਆਰਥੀ ਕਮਿਊਨਿਸਟ ਹੀ ਹੁੰਦੇ ਸਨ। ਮਾਰਕਸਵਾਦ ਨੇ ਨੌਜਵਾਨ ਹਿੰਦੁਸਤਾਨੀਆਂ ਵਿਚ ਆਪਣਾ ਅਸਰ ਗੰਵਾ ਲਿਆ ਹੈ। ਰੂਸ ਵੱਲੋਂ ਹੰਗਰੀ ਅਤੇ ਚੈਕੋਸਲੋਵਾਕੀਆ ਉਪਰ ਹਮਲਾ, ਚੀਨ ਵੱਲੋਂ ਤਿੱਬਤ 'ਤੇ ਕਬਜ਼ਾ ਤੇ ਫਿਰ ਭਾਰਤ ਵਿਰੁੱਧ ਲੜਾਈ ਨਾਲ ਨੌਜਵਾਨਾਂ ਦੇ ਦਿਲਾਂ ਵਿਚ ਕਮਿਊਨਿਸਟ ਬਣਨ ਦਾ ਉਤਸ਼ਾਹ ਪਤਲਾ ਪੈ ਗਿਆ ਸੀ। ਭਾਰਤ ਦੀਆਂ ਯੂਨੀਵਰਸਿਟੀਆਂ ਦੇ ਜ਼ਿਆਦਾ ਵਿਦਿਆਰਥੀ ਗੈਰ ਰਾਜਨੀਤਕ ਹਨ। ਉਤਰੀ ਭਾਰਤ ਦੀਆਂ ਕੁਝ ਯੂਨੀਵਰਸਿਟੀਆਂ ਵਿਚ ਜੰਨ ਸੰਘ ਆਪਣਾ ਅਸਰ ਬਣਾ ਰਹੀ ਹੈ।

ਕਮਿਊਨਿਸਟਾਂ ਨੇ ਕੁਝ ਪੈਰ ਧਰਾਵਾ ਕਿਸਾਨਾਂ ਵਿਚ ਜ਼ਰੂਰ ਕੀਤਾ ਸੀ। ਇਹ ਵੀ ਬੰਗਾਲ, ਕੇਰਲਾ ਤੇ ਆਂਧਰਾ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਤੇ ਪੰਜਾਬ ਦੇ ਕੁਝ ਜਿਲਿਆਂ ਵਿਚ, ਕੁਝ ਇਤਿਹਾਸਕ ਕਾਰਨਾਂ ਕਰਕੇ, ਪਾਰਟੀ ਆਪਣਾ ਜਨ ਆਧਾਰ ਬਣਾਉਣ ਵਿਚ ਕਾਮਯਾਬ ਹੋਈ। ਜੋ ਕੁਝ ਇਹ ਆਪਣੇ ਅੰਦੋਲਨਾਂ ਤੇ ਜ਼ਮੀਨਾਂ ਉਪਰ ਕਬਜ਼ਿਆਂ ਨਾਲ ਕਰਦੇ ਹਨ ਇਹੀ ਕੰਮ ਸਰਕਾਰ ਕਾਨੂੰਨ ਬਣਾ ਕੇ, ਜ਼ਮੀਨ ਦੀ ਮਾਲਕੀ ਦੀ ਹੱਦ ਬੰਦੀ ਤੈਅ ਕਰਕੇ ਤੇ ਮੁਜ਼ਾਹਰਿਆਂ ਨੂੰ ਜ਼ਮੀਨਾਂ ਆਲਾਟ ਕਰਕੇ ਕਰਦੀ ਰਹੀ।

ਇੰਦਰਾ ਗਾਂਧੀ ਨੇ ਉਦਯੋਗਾਂ ਤੇ ਬੈਂਕਾਂ ਦਾ ਰਾਸ਼ਟਰੀਕਰਣ ਕਰਕੇ, ਭੂਮੀ ਸੁਧਾਰਾਂ ਨੂੰ ਤੇਜ਼ੀ ਨਾਲ ਲਾਗੂ ਕਰਕੇ ਅਤੇ ਬਹੁਤ ਸਾਰੇ ਖੱਬੇ ਪੱਖੀਆਂ ਨੂੰ ਆਪਣੀਆਂ ਸਫਾਂ ਵਿਚ ਸ਼ਾਮਿਲ ਕਰਕੇ ਕਮਿਊਨਿਸਟਾਂ ਕੋਲੋ ਪਹਿਲਕਦਮੀਆਂ ਖੋਹ ਲਈਆਂ ਹਨ। ਭਾਰਤ ਨੂੰ ਸੋਵੀਅਤ ਬਲਾਕ ਨਾਲ ਜੋੜ ਕੇ ਇੰਦਰਾ ਗਾਂਧੀ ਨੇ ਕਮਿਊਨਿਸਟ ਪਾਰਟੀ ਦੀ ਜ਼ਰੂਰਤ ਹੀ ਖ਼ਤਮ ਕਰ ਦਿੱਤੀ। ਉਸ ਨੇ ਸੀ. ਪੀ. ਐਮ ਤੇ ਨਕਸਲਾਈਟ ਲਹਿਰ ਨੂੰ ਖੇਰੂੰ ਖੇਰੂੰ ਕਰ ਦਿੱਤਾ। ਭਾਰਤ ਪੂਰੀ ਤਰ੍ਹਾਂ ਇਕ ਕਮਿਊਨਿਸਟ ਮੁਲਕ ਬਣਨ ਵੱਲ ਵਧ ਰਿਹਾ ਹੈ ਪਰ ਇਸ ਤਰ੍ਹਾਂ ਦਾ ਠੱਪਾ ਲਗਵਾਏ ਦੇ ਬਗੈਰ ਹੀ (India is well on the way to become a communist country without a label describing it as such)।

ਚੈਪਟਰ 20

ਕਲਾ ਤੇ ਸਾਹਿਤ
(ART AND LITRATURE)

ਇਕ ਭਾਰਤੀ ਕਹਾਵਤ ਅਨੁਸਾਰ, "ਜਿਹੜਾ ਵਿਅਕਤੀ ਸਾਹਿਤ, ਸੰਗੀਤ ਜਾਂ ਕਲਾ ਬਾਰੇ ਕੁਝ ਨਹੀਂ ਜਾਣਦਾ ਉਹ ਇਕ ਜਾਨਵਰ ਦੀ ਤਰ੍ਹਾਂ ਹੈ, ਸਿੰਗਾਂ ਤੋਂ ਬਗੈਰ ਵਾਲਾ ਜਾਨਵਰ"।

ਆਜ਼ਾਦ ਭਾਰਤ ਦੇ ਲੀਡਰ ਕਲਾ ਤੇ ਸਾਹਿਤ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਦੇ ਸਨ। ਉਹਨਾਂ ਮਹਿਸੂਸ ਕੀਤਾ ਕਿ ਭਾਰਤੀ ਕਲਾ, ਸੰਗੀਤ ਤੇ ਨਾਚ ਨੂੰ ਜੋ ਸਹੂਲਤਾਂ ਤੇ ਮਾਨਤਾਵਾਂ ਰਾਜਿਆਂ ਮਹਾਰਾਜਿਆਂ ਦੇ ਰਾਜ ਵਿਚ ਮਿਲਦੀਆਂ ਰਹੀਆਂ ਸਨ, ਉਹ ਨਵੇਂ ਸਿਰੇ ਤੋਂ ਜਾਰੀ ਹੋਣੀਆਂ ਚਾਹੀਦੀਆਂ ਹਨ। ਇਸ ਦਾ ਪਹਿਲਾ ਕਦਮ 1950 ਵਿਚ ਸਭਿਆਚਾਰ ਸੰਬੰਧਾਂ ਦੀ ਭਾਰਤੀ ਕੌਂਸਲ (Indian Council for Cultural Relations) ਦੇ ਗਠਨ ਨਾਲ ਚੁੱਕਿਆ ਜੋ ਭਾਰਤ ਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਸਭਿਆਚਾਰਕ ਆਦਾਨ ਪ੍ਰਦਾਨ ਦੇ ਮੰਤਵ ਨਾਲ ਬਣਾਈ ਗਈ ਸੀ। ਇਸ ਤੋਂ ਅਗਲਾ ਕਦਮ 1953 ਵਿਚ 'ਸੰਗੀਤ ਨਾਟਕ ਅਕੈਡਮੀ' ਦੇ ਗਠਨ ਨਾਲ ਚੁੱਕਿਆ ਗਿਆ। ਇਕ ਸਾਲ ਬਾਅਦ ਹੀ 1954 ਵਿਚ ਦੋ ਹੋਰ ਮਹੱਤਵਪੂਰਣ ਅਕੈਡਮੀਆਂ ਦਾ ਗਠਨ ਕੀਤਾ ਗਿਆ। ਇਕ 'ਸਾਹਿਤ ਅਕਾਦਮੀ' ਸੀ ਜਿਸ ਦਾ ਮਹੱਤਵ ਸਾਹਿਤ ਦਾ ਚੰਗਾ ਮਿਆਰ ਬਣਾਉਣਾ, ਵੱਖ ਵੱਖ ਭਾਸ਼ਾਵਾਂ ਦੇ ਸਾਹਿਤ ਦਾ ਆਪਸੀ ਤਾਲਮੇਲ ਬਣਾ ਕੇ ਮੁਲਕ ਦੀ ਸਭਿਆਚਾਰਕ ਏਕਤਾ ਉਸਾਰਨੀ ਸੀ। ਦੂਸਰੀ ਅਕੈਡਮੀ ਦਾ ਨਾਮ 'ਲਲਿਤ ਕਲਾ ਅਕੈਡਮੀ' ਸੀ ਜਿਸ ਦਾ ਮਕਸਦ ਦ੍ਰਿਸ਼ਟੀ ਤੇ ਪਲਾਸਟਿਕ ਕਲਾ ਨੂੰ ਤਰੱਕੀ ਦੇਣਾ ਤੇ ਦੇਸ਼ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਠੋਸ ਆਧਾਰ ਦੇਣਾ ਸੀ। ਇਹਨਾਂ ਚਾਰਾਂ ਅਕੈਡਮੀਆਂ ਦਾ ਮੁੱਖ ਦਫਤਰ ਦਿੱਲੀ ਵਿਚ ਸੀ। ਇਹਨਾਂ ਵਾਸਤੇ ਲੋੜੀਂਦਾ ਫੰਡ ਰੱਖਿਆ ਗਿਆ ਸੀ ਜੋ ਆਉਣ ਵਾਲੇ ਸਾਲਾਂ ਵਿਚ ਵਧਦਾ ਗਿਆ ਤੇ 1972 ਤੱਕ 100 ਲੱਖ ਰੁਪਈਆ ਸਾਲਾਨਾ ਬਣ ਗਿਆ ਸੀ। ਜਿਹਨਾਂ ਰਾਜਾਂ ਨੂੰ ਆਪਣੀਆਂ ਅਕਾਡਮੀਆਂ ਸਥਾਪਤ ਕਰਨ ਵਾਸਤੇ ਉਤਸ਼ਾਹਤ ਕੀਤਾ ਗਿਆ ਸੀ ਉਹਨਾਂ ਨੇ ਵੀ ਇਹਨਾਂ ਵਾਸਤੇ 124 ਲੱਖ ਖਰਚਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਅੱਜ ਮੁਲਕ ਵਿਚ ਸਲਾਨਾ 2 ਕਰੋੜ 14 ਲੱਖ ਰੁਪਈਆ ਇਹਨਾਂ ਅਕੈਡਮੀਆਂ ਵਾਸਤੇ ਖਰਚ ਕੀਤਾ ਜਾਂਦਾ ਹੈ, ਜੋ ਚੰਗੀ ਗੱਲ ਹੈ।

ਸਭਿਆਚਾਰਕ ਸੰਬੰਧਾ ਦੀ ਭਾਰਤੀ ਕੌਂਸਲ ਦਾ ਮੁੱਖ ਕੰਮ ਦੂਜੇ ਮੁਲਕਾਂ ਤੋਂ 'ਸਭਿਆਚਾਰਕ ਦੂਤਾਂ' ਦਾ ਸੁਆਗਤ ਕਰਨਾ, ਉਹਨਾਂ ਨੂੰ ਸਮਝਣਾ ਤੇ ਆਪਣੇ ਅਜਿਹੇ ਦੂਤ ਦੂਸਰਿਆਂ ਮੁਲਕਾਂ ਵਿਚ ਭੇਜਣਾ ਰਿਹਾ। ਇਸੇ ਤਰ੍ਹਾਂ ਬਾਕੀ ਅਕੈਡਮੀਆਂ ਵੀ

ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਉਹਨਾਂ ਦੇ ਪ੍ਰੋਗਰਾਮ ਕਰਵਾਉਂਦੀਆਂ ਤੇ ਉਹਨਾਂ ਨੂੰ ਲੋੜੀਂਦੀ ਆਰਥਕ ਸਹਾਇਤਾ ਵੀ ਦਿੱਤੀ ਜਾਂਦੀ। ਚੰਗੇ ਕਲਾਕਾਰਾਂ ਨੂੰ ਉਤਸ਼ਾਹਤ ਕਰਨ ਵਾਸਤੇ ਇਨਾਮ ਵੀ ਰੱਖੇ ਗਏ ਤੇ ਅਕਾਡਮੀਆਂ ਦੀਆਂ ਆਪਣੀਆਂ ਪੱਤਰਕਾਵਾਂ ਵੀ ਜਾਰੀ ਕੀਤੀਆਂ ਗਈਆਂ।

ਜਲਦੀ ਹੀ ਸਰਕਾਰ ਨੂੰ ਅਹਿਸਾਸ ਹੋਇਆ ਕਿ ਸਭਿਆਚਾਰ ਤੇ ਕਲਾ ਦੇ ਮਾਮਲੇ ਵਿਚ ਇਹ ਸਰਕਾਰੀ ਦਖਲ ਦਾ ਕੰਮ ਕਾਜ ਉਹ ਲਾਭ ਨਹੀਂ ਪਹੁੰਚਾ ਰਿਹਾ ਜੋ ਪਹੁੰਚਣਾ ਚਾਹੀਦਾ ਸੀ। ਇਸ ਵਾਸਤੇ 1964 ਵਿਚ ਇਕ ਕਮੇਟੀ ਨਿਊਕਲਰ ਸਾਂਇਸਦਾਨ ਡਾਕਟਰ ਹੋਮੀ ਭਾਬਾ ਦੀ ਪ੍ਰਧਾਨਗੀ ਵਿਚ ਬਣਾਈ ਜੋ ਖੁਦ ਇਕ ਚੰਗੇ ਪੇਂਟਰ ਤੇ ਸੰਗੀਤਕਾਰ ਸਨ। ਇਸ ਕਮੇਟੀ ਨੇ ਅਕੈਡਮੀਆਂ ਦੇ ਕੰਮਾਂ ਦੀ ਨੁਕਤਾਚੀਨੀ ਕੀਤੀ ਤੇ ਕਈ ਸਾਰੇ ਸੁਝਾਵ ਵੀ ਦਿੱਤੇ ਲੇਕਿਨ ਸਰਕਾਰ ਨੇ ਇਸ ਉਤੇ ਅਮਲ ਕਰਨ ਵਾਸਤੇ ਕੋਈ ਉਤਸ਼ਾਹ ਨਹੀਂ ਵਿਖਾਇਆ।

ਇਕ ਵਾਰ ਪਾਰਲੀਮੈਂਟ ਵਿਚ ਇਹ ਮਸਲਾ ਸਾਹਮਣੇ ਆਇਆ। ਸਰਕਾਰ ਨੇ ਇਕ ਹੋਰ ਕਮੇਟੀ ਜੀ. ਡੀ. ਖੋਸਲਾ, ਪੰਜਾਬ ਹਾਈ ਕੋਰਟ ਦੇ ਰੀਟਾਇਰਡ ਚੀਫ਼ ਜਸਟਿਸ, ਜੋ ਕਾਨੂੰਨ ਤੇ ਸਾਹਿਤ ਦੀਆਂ ਕਈ ਕਿਤਾਬਾਂ ਦੇ ਲੇਖਕ ਵੀ ਹਨ, ਦੀ ਪ੍ਰਧਾਨਗੀ ਵਿਚ ਬਣਾਈ ਗਈ। ਖੋਸਲਾ ਕਮੇਟੀ ਨੇ 1972 ਵਿਚ ਰੀਪੋਰਟ ਪੇਸ਼ ਕੀਤੀ ਜੋ ਅਫਸੋਸਨਾਕ ਤਸਵੀਰ ਪੇਸ਼ ਕਰਦੀ ਹੈ। ਦੱਸਿਆ ਗਿਆ ਕਿ ਕਮੇਟੀਆਂ ਦਾ ਮੁੱਖ ਖਰਚਾ ਆਪਣੇ ਕਰਮਚਾਰੀਆਂ ਦੀਆਂ ਤਨਖਾਹਾਂ ਤੇ ਦਫਤਰੀ ਇੰਤਜ਼ਾਮਾਂ ਉਪਰ ਹੀ ਹੋ ਰਿਹਾ ਹੈ। ਇਕ ਸਾਹਿਤ ਕਮੇਟੀ ਨੇ ਸਾਰੇ ਇਨਾਮ ਆਪਣੇ ਮੈਂਬਰਾਂ ਨੂੰ ਹੀ ਦਿੱਤੇ। ਇਸੇ ਤਰਾਂ ਆਰਥਕ ਸਹਾਇਤਾ ਤੇ ਅਨੁਵਾਦ ਵਗੈਰਾ ਦੇ ਕੰਮ ਵੀ ਸਿਫਾਰਸ਼ੀ ਦਿੱਤੇ ਜਾਂਦੇ ਪਾਏ ਗਏ। ਖੈਰ ਕਮੇਟੀ ਨੇ ਨਿਗਰਾਨੀ ਤੇਜ਼ ਕਰਨ ਤੇ ਅਕੈਡਮੀਆਂ ਦੇ ਫੰਡ ਵਿਚ ਵਾਧਾ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ।

ਸਭਿਆਚਾਰ ਦੀ ਉੱਨਤੀ ਦੀ ਮਿਣਤੀ ਕਰਨ ਦਾ ਕੋਈ ਯੰਤਰ ਨਹੀਂ। ਫਿਰ ਵੀ ਅਸੀਂ ਬਿਨਾਂ ਝਿਜਕ ਕਹਿ ਸਕਦੇ ਹਾਂ ਕਿ ਆਜ਼ਾਦੀ ਤੋਂ ਬਾਅਦ ਇਸ ਖੇਤਰ ਵਿਚ ਦੇਸ਼ ਨੇ ਕਾਫ਼ੀ ਕੰਮ ਕੀਤਾ ਤੇ ਕਾਮਯਾਬੀਆਂ ਹਾਸਿਲ ਕੀਤੀਆਂ ਹਨ। ਸੰਗੀਤ, ਪੇਂਟਿੰਗ ਤੇ ਬੁੱਤ ਘੜਨ ਦੀ ਕਲਾ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਲੋਕਾਂ ਦੀ ਦਿਲਚਸਪੀ ਦਾ ਵਿਸ਼ਾ ਬਣਦੀ ਜਾ ਰਹੀ ਹੈ। ਹਾਲਾਂਕਿ ਇਹ ਵੀ ਕਹਿਣਾ ਪੈ ਰਿਹਾ ਹੈ ਅਸੀਂ ਸੰਸਾਰ ਪੱਧਰ ਉਪਰ ਕੋਈ ਚੋਟੀ ਦਾ ਕਲਾਕਾਰ ਨਹੀਂ ਪੈਦਾ ਕਰ ਸਕੇ।

ਸੰਗੀਤ, ਨਾਚ, ਚਿੱਤਰ ਕਲਾ ਤੇ ਬੁੱਤ ਕਲਾ ਬਾਰੇ ਜ਼ਬਾਨੀ ਕੁਝ ਵੀ ਦੱਸਿਆ ਨਹੀਂ ਜਾ ਸਕਦਾ, ਇਹਨਾਂ ਨੂੰ ਤਾਂ ਵੇਖ ਕੇ ਤੇ ਸੁਣ ਕੇ ਹੀ ਸਮਝਿਆ ਜਾ ਸਕਦਾ ਹੈ ਤੇ ਮਾਣਿਆ ਜਾ ਸਕਦਾ ਹੈ। ਇਸ ਵਾਸਤੇ ਅਸੀਂ ਹੁਣ ਇਹਨਾਂ ਕਲਾਵਾਂ ਬਾਰੇ ਜ਼ਿਆਦਾ ਕੁਝ ਨਹੀਂ ਕਹਿ ਸਕਾਂਗੇ। ਚੰਗਾ ਇਹੀ ਹੋਵੇ ਕਿ ਤੁਸੀਂ ਵੱਖ ਵੱਖ ਆਰਟ ਗੈਲਰੀਆਂ ਤੇ ਪ੍ਰਦਰਸ਼ਨੀਆਂ ਵਿਚ ਜਾਓ, ਸੰਗੀਤ ਤੇ ਨਾਚ ਦੇ ਪ੍ਰੋਗਰਾਮਾਂ ਵਿਚ ਜਾਓ ਤੇ ਆਪਣੇ ਨਿਰਣੇ ਆਪ ਕਰੋ। ਅਸੀਂ ਹੁਣ ਲਿਖਤੀ ਕਲਾ ਵੱਲ ਆਵਾਂਗੇ ਜੋ ਕਵਿਤਾ, ਡਰਾਮੇ ਤੇ ਨਾਵਲ ਕਹਾਣੀਆਂ ਦੇ ਰੂਪ ਵਿਚ ਸਾਹਮਣੇ ਹਨ।

ਇਕ ਮੁਲਕ ਜਿੱਥੇ 15 ਭਾਸ਼ਾਵਾਂ ਸੰਵਿਧਾਨ ਮੁਤਾਬਕ ਮਾਨਤਾ ਪ੍ਰਾਪਤ ਹਨ (*ਅੱਜ ਇਹ 22 ਹਨ*) ਅਤੇ 300 ਦੇ ਕਰੀਬ ਬੋਲੀਆਂ ਜਾਂਦੀਆਂ ਹਨ ਸਮੁੱਚੇ ਸਾਹਿਤ ਬਾਰੇ ਇਕ ਬੰਦੇ ਵੱਲੋਂ ਪੜਚੋਲ ਕਰਨੀ ਸੰਭਵ ਨਹੀਂ ਹੋ ਸਕਦੀ। ਫਿਰ ਵੀ ਸਾਹਿਤ ਦੇ ਕੁਝ ਪੱਖ ਸਾਰੀਆਂ ਭਾਸ਼ਾਵਾਂ ਵਿਚ ਸਾਂਝੇ ਹਨ ਤੇ ਉਹਨਾਂ ਦੇ ਆਧਾਰ ਉਪਰ ਕੁਝ ਵਿਚਾਰ ਕੀਤਾ ਜਾ ਸਕਦਾ ਹੈ।

ਸਾਡੇ ਸਾਹਿਤਿਕ ਮੰਚ ਦੀ ਸਭ ਤੋਂ ਅਹਿਮ ਤੇ ਪਹਿਲੀ ਗੱਲ ਇਸ ਦੀ ਪੈਦਾਵਾਰ ਵਿਚ ਹੋਇਆ ਬੇਸ਼ੁਮਾਰ ਵਾਧਾ ਹੈ। ਕਿਤਾਬਾਂ ਤਿਆਰ ਕਰਨ ਤੇ ਛਾਪਣ ਦੇ ਮਾਮਲੇ ਵਿਚ ਅਸੀਂ ਪਿਛਲੇ 25 ਸਾਲਾਂ ਵਿਚ ਇਤਨਾ ਕੰਮ ਕੀਤਾ ਹੈ ਜਿਤਨਾ ਆਜ਼ਾਦੀ ਤੋਂ ਪਹਿਲਾਂ ਦੇ 250 ਸਾਲਾਂ ਵਿਚ ਵੀ ਨਹੀਂ ਹੋਇਆ ਸੀ। ਪੜ੍ਹੇ ਲਿਖੇ ਲੋਕਾਂ ਦੀ ਗਿਣਤੀ 10 ਫੀਸਦੀ ਤੋਂ ਵਧ ਕੇ 30 ਫੀਸਦੀ ਹੋਣ ਨਾਲ ਸ਼ਬਦਾਂ ਤੇ ਬੋਲਾਂ ਦੇ ਲਿਖਤੀ ਰੂਪ ਦੀ ਜ਼ਰੂਰਤ ਵਧ ਗਈ। ਜਦੋਂ ਅਸੀਂ 30 ਫੀਸਦੀ ਪੜ੍ਹੇ ਲੋਕਾਂ ਦੀ ਗਿਣਤੀ ਕਰਦੇ ਹਾਂ ਤਾਂ ਇਹ ਕੁਝ ਵੀ ਨਹੀਂ ਲਗਦਾ ਪਰ 55 ਕਰੋੜ ਦੀ ਆਬਾਦੀ ਵਿਚ ਕਿਤਾਬਾਂ ਦੀ ਬਣੀ ਜ਼ਰੂਰਤ ਬਹੁਤ ਵੱਡੀ ਹੋ ਜਾਂਦੀ ਹੈ (*ਅੱਜ 2011 ਦੀ ਜਨਗਣਨਾ ਮੁਤਾਬਕ ਆਬਾਦੀ 121 ਕਰੋੜ ਤੇ ਪੜ੍ਹੇ ਲਿਖਿਆਂ ਦੀ ਫੀ ਸਦੀ 74.04 ਹੋ ਗਈ ਹੈ ਅਨੁ:*)। ਸ਼ਹਿਰਾਂ ਕਸਬਿਆਂ ਵਿਚ ਬਹੁਤ ਸਾਰੀਆਂ ਲਾਇਬ੍ਰੇਰੀਆਂ ਵੀ ਖੁੱਲ੍ਹੀਆਂ। ਇਸ ਤੋਂ ਇਲਾਵਾ ਸਾਡੇ ਕੋਲ ਆਲ ਇੰਡਿਆ ਰੇਡੀਓ ਹੈ ਜੋ ਸੰਸਾਰ ਦਾ ਸਭ ਤੋਂ ਵੱਡਾ ਪ੍ਰਸਾਰਨ ਯੂਨਿਟ ਬਣ ਗਿਆ ਹੈ। ਇਹ 70 ਫੀਸਦੀ ਆਬਾਦੀ ਨੂੰ ਕਵਰ ਕਰਦਾ ਹੈ। ਅਗਲੇ ਦਸਾਂ ਸਾਲਾਂ ਤੱਕ ਇਸ ਮੁਲਕ ਵਿਚ ਟੈਲੀਵੀਜ਼ਨ ਵੀ ਲੋਕਾਂ ਤੱਕ ਪਹੁੰਚੇਗਾ। ਪੜ੍ਹਾਈ ਸ਼ੁਰੂ ਹੋਣ ਦਾ ਇਕ ਵਿਸਫੋਟ ਹੋ ਗਿਆ ਹੈ ਜੋ ਕਈ ਸਾਲਾਂ ਤੱਕ ਚੱਲੇਗਾ।

ਦੂਜਾ ਅਹਿਮ ਨੋਟ ਕਰਨ ਵਾਲਾ ਪੱਖ ਸਾਹਿਤ ਦੇ ਖੇਤਰ ਵਿਚ ਸਰਕਾਰ ਦੀ ਭੂਮਿਕਾ ਹੈ, ਜਿਸ ਦਾ ਆਕਾਰ ਬਹੁਤ ਵੱਡਾ ਹੈ। ਸੰਸਾਰ ਦੇ ਕਿਸੇ ਵੀ ਲੋਕਤੰਤਰ ਦੇਸ਼ ਵਿਚ ਸਰਕਾਰ ਵੱਲੋਂ ਛਪਾਈ ਤੇ ਪ੍ਰਕਾਸ਼ਨ ਦੇ ਖੇਤਰ ਵਿਚ ਇਤਨਾ ਵੱਡਾ ਕੰਮ ਨਹੀਂ ਕੀਤਾ ਜਾ ਰਿਹਾ ਜਿਤਨਾ ਭਾਰਤ ਵਿਚ ਹੋ ਰਿਹਾ ਹੈ।

ਅਸੀਂ ਸਾਹਿਤ ਅਕਾਦਮੀਆਂ ਦੀ ਗੱਲ ਕਰ ਰਹੇ ਸਾਂ। ਬਹੁਤ ਸਾਰੇ ਰਾਜਾਂ ਨੇ ਆਪਣੀਆਂ ਸਥਾਨਕ ਭਾਸ਼ਾਵਾਂ ਦੀਆਂ ਸਾਹਿਤ ਅਕਾਦਮੀਆਂ ਵੀ ਕਾਇਮ ਕੀਤੀਆਂ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਆਪਣਾ ਪ੍ਰਕਾਸ਼ਨ ਦਾ ਕੰਮ ਵੀ ਤੇਜ਼ੀ ਨਾਲ ਹੋਇਆ ਹੈ। ਜਿਵੇਂ ਕਿ ਪ੍ਰਕਾਸ਼ਨ ਵਿਭਾਗ, ਨੈਸ਼ਨਲ ਬੁੱਕ ਟਰੱਸਟ ਤੇ ਚਿਲਡਰਨ ਬੁੱਕ ਟਰੱਸਟ ਵਗੈਰਾ ਦੀ ਸਥਾਪਨਾ। ਸਾਹਿਤਕਾਰਾਂ ਨੂੰ ਰਾਜਾਂ ਦੇ ਇਨਾਮਾਂ ਦੇ ਨਾਲ ਨਾਲ ਰਾਸ਼ਟਰਪਤੀ ਐਵਾਰਡ ਵੀ ਲਾਗੂ ਕੀਤਾ ਹੈ। ਵੱਖ ਵੱਖ ਭਾਸ਼ਾਵਾਂ ਵਿਚਕਾਰ ਅਨੁਵਾਦ ਦੇ ਕੰਮ ਹੋਏ ਹਨ ਤੇ ਸਰਕਾਰ ਵੱਲੋਂ ਲੇਖਕਾਂ ਦੀਆਂ ਕਾਨਫਰੰਸਾਂ ਦਾ ਪ੍ਰਬੰਧ ਕੀਤਾ ਗਿਆ। ਬਹੁਤ ਸਾਰੇ ਲੇਖਕਾਂ ਨੂੰ ਪਾਰਲੀਮੈਂਟ ਤੇ ਰਾਜ ਵਿਧਾਨ ਸਭਾਵਾਂ ਵਿਚ ਨਾਮਜ਼ਦ ਕੀਤਾ ਜਾਂਦਾ ਹੈ। ਇਹਨਾਂ ਨੂੰ ਪਦਮ ਸ਼੍ਰੀ, ਪਦਮਾ ਭੂਸ਼ਣ ਤੇ ਰਾਜ ਕਵੀ ਦੇ ਖਿਤਾਬ ਵੀ ਦਿੱਤੇ ਜਾਂਦੇ ਹਨ। ਅੰਗਰੇਜ਼ੀ ਰਾਜ ਦੇ 150 ਸਾਲਾਂ ਵਿਚ ਸਿਰਫ਼ ਦੋ ਹੀ ਲੇਖਕ ਰਬਿੰਦਰਾ

ਨਾਥ ਟੈਗੋਰ ਤੇ ਮੁਹੰਮਦ ਇਕਬਾਲ ਨੂੰ ਸਨਮਾਨਤ ਕੀਤਾ ਗਿਆ ਸੀ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਹਿਤਕਾਰ ਸਨ ਜਿਵੇਂ ਮਧੂ ਸੂਦਨ, ਮੁਨਸ਼ੀ ਪ੍ਰੇਮ ਚੰਦ, ਬੰਕਮ ਚੰਦਰ ਚੈਟਰਜੀ, ਭਾਈ ਵੀਰ ਸਿੰਘ ਤੇ ਨੀਲਕੰਠ ਵਗੈਰਾ ਪਰ ਅੰਗਰੇਜ਼ ਸਰਕਾਰ ਨੇ ਇਹਨਾਂ ਨੂੰ ਇਕ ਖੋਟਾ ਰੁਪਈਆ ਵੀ ਨਹੀਂ ਦਿੱਤਾ।

ਆਜ਼ਾਦ ਭਾਰਤ ਦੀ ਸਰਕਾਰ ਦੀਆਂ ਨੀਤੀਆਂ ਦਾ ਤੀਸਰਾ ਨਤੀਜਾ ਇਹ ਨਿਕਲਿਆ ਕਿ ਸਾਡਾ ਲੇਖਕ ਵਰਗ ਖਾਂਦੇ ਪੀਂਦਿਆਂ ਵਿਚ ਆ ਗਿਆ। ਅੱਜ ਦਾ ਇਕ ਚੰਗਾ ਲੇਖਕ ਗਿਆਨਪੀਠ ਤੋਂ ਇਕ ਲੱਖ ਰੁਪਈਏ ਤੱਕ ਦਾ ਇਨਾਮ ਹਾਸਿਲ ਕਰ ਸਕਦਾ ਹੈ। ਸਾਹਿਤ ਅਕਾਦਮੀਆਂ ਇਨਾਮਾਂ ਤੋਂ ਬਿਨਾਂ ਲੇਖਕਾਂ ਨੂੰ ਕਿਤਾਬਾਂ ਛਪਵਾਉਣ ਵਾਸਤੇ ਵੀ ਮਾਇਕ ਮਦਦ ਕਰਦੀਆਂ ਹਨ। ਅੱਜ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਇਕ ਲੇਖਕ ਆਪਣੀ ਲੇਖਣੀ ਦੇ ਸਿਰ ਤੇ ਹੀ ਰੋਟੀ ਖਾ ਸਕਦਾ ਹੈ। ਜੋ ਕਾਲੀਦਾਸ, ਭਾਵਭੂਤੀ, ਖੁਸਰੋ, ਦਾਗ਼, ਮੀਰ ਤੇ ਗ਼ਾਲਿਬ ਨੂੰ ਆਪਣੇ ਵਕਤ ਦੇ ਰਾਜੇ ਮਹਾਰਾਜੇ ਤੇ ਸ਼ਹਿਨਸ਼ਾਹਾਂ ਤੋਂ ਬਖ਼ਸ਼ੀਸ਼ ਵਿਚ ਭੋਰਾ ਮਿਲਦਾ ਸੀ ਅੱਜ ਭਾਰਤ ਦੇ ਮੱਧ ਵਰਗੀ ਹਾਕਮ ਉਹਨਾਂ ਨੂੰ ਉਹਨਾਂ ਦਾ ਹੱਕ ਮੰਨ ਕੇ ਦੇ ਰਹੇ ਹਨ। ਜਿਹੜੇ ਲੇਖਕ ਕੁਝ ਦੇਰ ਪਹਿਲਾਂ ਦੋ ਜੂਨ ਦੀ ਰੋਟੀ ਮਸਾਂ ਬਣਾਉਂਦੇ ਸਨ ਅੱਜ ਮਜ਼ੇ ਦੀ ਜ਼ਿੰਦਗੀ ਜੀ ਰਹੇ ਹਨ। ਬਹੁਤਿਆਂ ਕੋਲ ਆਪਣੇ ਬੰਗਲੇ ਤੇ ਕਾਰਾਂ ਹਨ। ਇਕ ਸਦੀ ਤੇ ਇਕ ਚੌਥਾਈ ਦੇ ਛੋਟੇ ਜਿਹੇ ਵਕਤ ਵਿਚ ਹੀ ਅੱਜ ਇਸ ਮੁਲਕ ਵਿਚ ਲੇਖਕ ਦਾ ਮਾਣ ਸਨਮਾਨ ਹੈ।

ਪਰ ਕੀ ਇਸ ਮਾਨ ਸਨਮਾਨ ਤੇ ਚੰਗੀ ਰਹਿਣੀ ਬਹਿਣੀ ਨੇ ਵਧੀਆ ਸਾਹਿਤ ਪੈਦਾ ਕੀਤਾ ਹੈ? ਪੜ੍ਹਨ ਵਿਚ ਵੀ ਖਾਣ ਦੀ ਤਰ੍ਹਾਂ ਸਭ ਦੇ ਸੁਆਦ ਵੱਖਰੇ ਵੱਖਰੇ ਹੋ ਸਕਦੇ ਹਨ ਪਰ ਇਹ ਮੰਨਣਾ ਪਵੇਗਾ ਕਿ ਪਿਛਲੇ 25 ਸਾਲਾਂ ਵਿਚ ਭਾਰਤ ਨੇ ਇਕ ਵੀ ਅਜਿਹਾ ਲੇਖਕ ਨਹੀਂ ਪੈਦਾ ਕੀਤਾ ਤੇ ਇਕ ਵੀ ਅਜਿਹੀ ਕਿਤਾਬ ਜਾਂ ਲਿਖਤ ਨਹੀਂ ਪੈਦਾ ਕੀਤੀ ਜੋ ਇਸ ਸਦੀ ਦੇ ਅੰਤ ਤੱਕ ਵੀ ਕੰਮ ਦੀ ਰਹੇ। ਹਾਂ ਕਵਿਤਾਵਾਂ ਵਿਚ ਕੁਝ ਚੰਗੀਆਂ ਰਚਨਾਵਾਂ ਹਨ ਪਰ ਬਾਕੀ ਦੇ ਸਾਹਿਤ ਵਿਚ ਕੁਝ ਵੀ ਜ਼ਿਕਰਯੋਗ ਕਾਮਯਾਬੀਆਂ ਨਹੀਂ ਮਿਲੀਆਂ। ਆਖਰੀ ਗੱਲ ਇਹ ਕਿ ਸਾਡੇ ਨਾਵਲਕਾਰ, ਕਵੀ ਅਤੇ ਨਾਟਕਕਾਰ ਵਧੀਆ ਜੀਵਨ ਬਤੀਤ ਕਰਦੇ ਹਨ ਪਰ ਉਹ ਕੁਝ ਵੀ ਵਿਲੱਖਣੀ, ਸਦਾਬਹਾਰ ਜਾਂ ਖ਼ੂਬਸੂਰਤ ਚੀਜ਼ ਨਹੀਂ ਪੈਦਾ ਕਰ ਸਕੇ (they have not brought forth anything outstanding, lasting or beautiful)।

ਇਸ ਦਰਮਿਆਨੀ ਜਿਹੀ ਹਾਲਤ ਦੇ ਚੌਖਟੇ ਵਿਚ ਹੀ ਅਸੀਂ ਅੱਜ ਦੇ ਸਾਹਿਤਿਕ ਦ੍ਰਿਸ਼ ਬਾਰੇ ਕੋਈ ਨਿਰਣਾ ਕਰ ਸਕਦੇ ਹਾਂ। ਇਸ ਚੌਖਟੇ ਵਿਚ ਹੀ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਵੱਲੋਂ ਜੋ ਪੇਸ਼ ਕਰਨ ਦਾ ਢੰਗ ਹੁੰਦਾ ਹੈ, ਉਸ ਵਿਚ ਸ਼ਾਨਦਾਰ ਪ੍ਰਾਪਤੀ ਹੋਈ ਹੈ। ਇਸ ਮਾਮਲੇ ਵਿਚ ਸਾਡਾ ਪ੍ਰਾਚੀਨ ਵਿਰਸਾ ਮਦਦ ਨਹੀਂ ਕਰਦਾ, ਅਸਾਂ ਬਹੁਤ ਕੁਝ ਪੱਛਮ ਤੋਂ ਪ੍ਰਾਪਤ ਕੀਤਾ ਹੈ। ਕਵਿਤਾ ਤੇ ਛੋਟੀ ਕਹਾਣੀ ਹੋਰਨਾਂ ਵਿਧੀਆਂ, ਨਾਵਲ ਤੇ ਡਰਾਮਾ ਵਗੈਰਾ ਨਾਲੋਂ ਤਰੱਕੀ ਵਾਲੇ ਪਾਸੇ ਹੈ।

ਕਵਿਤਾ ਸਾਡੇ ਕੋਲ ਉਤਨੀ ਹੀ ਪੁਰਾਣੀ ਹੈ ਜਿਤਨੀ ਭਾਸ਼ਾ। ਕਿਉਂਕਿ ਲਿਖਤੀ ਸਾਧਨ ਬਹੁਤ ਬਾਅਦ ਵਿਚ ਆਏ ਇਸ ਵਾਸਤੇ ਪੁਰਾਣੇ ਜ਼ਮਾਨੇ ਵਿਚ ਯਾਦ ਰੱਖਣ ਵਾਸਤੇ ਤਰੰਨਮ ਵਿਚ ਪਰੋਏ ਸ਼ਬਦ ਹੀ ਸੌਖੇ ਹੁੰਦੇ ਸਨ। ਇਸ ਭੌਤਿਕ ਕਾਰਨ ਤੋਂ ਬਿਨਾਂ ਇਸ ਦਾ ਇਕ ਕੁਦਰਤੀ ਕਾਰਨ ਵੀ ਹੈ। ਕਵਿਤਾ ਸਾਡੀ ਸਿਖਲਾਈ ਜਾਂ ਪੜ੍ਹਾਈ ਉਪਰ ਨਿਰਭਰ ਨਹੀਂ, ਇਹ ਆਪਣੇ ਆਪ ਹੀ ਜ਼ਿਹਨ ਵਿਚੋਂ ਨਿਕਲਦੀ ਹੈ ਜਿਵੇਂ ਪੱਥਰੀਲੀ ਜ਼ਮੀਨ ਵਿਚੋਂ ਪਾਣੀ ਦਾ ਝਰਨਾ ਫੁੱਟ ਨਿਕਲਦਾ ਹੈ। ਇਸ ਸੰਸਾਰ ਦੇ ਵੱਡੀ ਗਿਣਤੀ ਦੇ ਮਹਾਨ ਕਵੀ ਅਨਪੜ੍ਹ ਸਨ। ਅੱਜ ਵੀ ਅਜਿਹੀ ਸਾਹਿਤਕ ਵਿਧੀ ਜਿਸ ਦਾ ਨਾਜ਼ੁਕ ਸ਼ਹਿਰੀ ਬਿਰਤੀ ਦੇ ਲੋਕ ਤੇ ਪੇਂਡੂ ਅਨਪੜ੍ਹ ਬਰਾਬਰ ਦਾ ਆਨੰਦ ਲੈ ਸਕਦੇ ਹਨ, ਉਹ ਕਵਿਤਾ ਦੀ ਵਿਧੀ ਹੈ। ਮੁਸ਼ਾਇਰੇ ਤੇ ਕਵੀ ਦਰਬਾਰ ਸਭ ਨੂੰ ਖਿਚਦੇ ਹਨ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਵਾਰਤਕ ਦੇ ਸਾਹਿਤਕ ਭੰਡਾਰ ਜਿਹੜੇ ਯੂਰਪ ਵਿਚ ਨਹੀਂ ਵਿਕਦੇ, ਭਾਰਤ ਵਿਚ ਆਪਣੀ ਮੰਗ ਬਣਾ ਰਹੇ ਹਨ।

ਕਵਿਤਾ ਦੀ ਰਿਵਾਇਤ, ਖਾਸ ਕਰਕੇ ਉੱਤਰੀ ਭਾਰਤ ਵਿਚ, ਕਦੀਮ ਦਿਨ ਤੋਂ ਚੱਲ ਰਹੀ ਹੈ। ਇਸ ਦੀ ਅੱਗੋਂ ਇਕ ਵਿਸ਼ੇਸ਼ ਵਿਧੀ 12 ਮਹੀਨਿਆਂ ਦੇ ਜ਼ਿਕਰ ਦੀ 'ਬਾਰਾਂ ਮਾਸੀ' ਹੈ ਜਿਸ ਉਪਰ ਹਰ ਕਵੀ ਨੇ ਆਪਣੀ ਕਲਮ ਚਲਾ ਕੇ ਅਜ਼ਮਾਈ ਹੈ। (*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦੋ ਵਾਰ 'ਬਾਰਾਂ ਮਾਂਹ' ਆਉਂਦੇ ਹਨ, ਇਕ ਗੁਰੂ ਨਾਨਕ ਦੇਵ ਜੀ ਦੀ ਲਿਖਤ ਹੈ ਤੇ ਦੂਸਰੀ ਪੰਜਵੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ-ਅਨੁ:*)

ਭਾਰਤੀ ਕਵੀਆਂ ਨੇ ਹਰ ਭਾਸ਼ਾ ਵਿਚ ਹੀ ਉੱਚੇ ਮਿਆਰ ਦੀਆਂ ਕਵਿਤਾਵਾਂ ਤੇ ਗੀਤ ਲਿਖੇ ਹਨ। ਉਤਰੀ ਤੇ ਪੂਰਬੀ ਭਾਰਤ ਵਿਚ ਦੋ ਮਹਾਨ ਕਵੀਆਂ ਦਾ ਨਾਮ ਬਹੁਤ ਵੱਡਾ ਹੈ। ਇਹ ਨਾਮ ਹਨ ਰਬਿੰਦਰਾ ਨਾਥ ਟੈਗੋਰ ਤੇ ਮੁਹੰਮਦ ਇਕਬਾਲ। ਕਿਸੇ ਵੀ ਹੋਰ ਵਿਧੀ ਦੇ ਮੁਕਾਬਲੇ ਇਹ 'ਕਵਿਤਾ' ਹੈ ਜਿਸ ਦਾ ਅਨੁਵਾਦ ਵਿਚ ਬਹੁਤ ਨੁਕਸਾਨ ਹੁੰਦਾ ਹੈ। ਇਸ ਦੇ ਬਾਵਜੂਦ ਅਨੁਵਾਦ ਤੋਂ ਬਾਅਦ ਵੀ ਬਹੁਤ ਸਾਰੀਆਂ ਕਵਿਤਾਵਾਂ ਅਸਲੀ ਰਸ ਤੇ ਭਾਵਨਾ ਪ੍ਰਗਟਾਵਾ ਦੇ ਦਿੰਦੀਆਂ ਹਨ। ਮੁਹੰਮਦ ਇਕਬਾਲ ਦਾ ਇਕ ਸ਼ੇਅਰ ਹੈ:

ਇਸ ਨੂੰ ਵਕਤ ਦੇ ਗਲਾਸਾਂ ਵਿਚ ਨਾ ਮਿਣੋ
ਕੱਲ ਨੂੰ ਜਾਣ ਦਿਓ, ਭਲਕ ਨੂੰ ਆਉਣ ਦਿਓ
ਜ਼ਿੰਦਗੀ ਸਦੀਵੀ ਹੈ, ਹਮੇਸ਼ਾ ਆਪਣੇ ਰੂਪ ਬਦਲਦੀ ਹੈ,
ਹਮੇਸ਼ਾ ਜਵਾਨੀ ਦੀ ਰੰਗਤ ਨੂੰ ਨਵੇਂ ਸਿਰੇ ਤੋਂ ਤਾਜ਼ਗੀ ਦੇਂਦੀ ਹੈ।

(*ਲੇਖਕ ਨੇ ਉਪਰਲੇ ਪੈਰੇ ਵਿਚ ਠੀਕ ਹੀ ਕਿਹਾ ਹੈ ਕਿ ਕਵਿਤਾ ਦਾ ਅਨੁਵਾਦ ਵਿਚ ਬਹੁਤ ਨੁਕਸਾਨ ਹੁੰਦਾ ਹੈ। ਇਸ ਦਾ ਸਬੂਤ ਇਹੀ ਸਤਰਾਂ ਹਨ। ਲੇਖਕ ਨੇ ਪਹਿਲਾਂ ਮੁਹੰਮਦ ਇਕਬਾਲ ਦੇ ਸ਼ੇਅਰ ਦਾ ਅੰਗਰੇਜ਼ੀ ਤਰਜਮਾ ਕੀਤਾ ਤੇ ਫਿਰ ਇਸ ਅਨੁਵਾਦਕ ਨੇ ਪੰਜਾਬੀ ਵਿਚ, ਫਰਕ ਤੇ ਸੁਆਦ ਦਾ ਪਤਾ ਹੁਣ ਖੁਦ ਲੱਗ ਜਾਵੇਗਾ।*

ਲੱਗਦਾ ਇਹ ਹੈ ਕਿ ਲੇਖਕ ਨੇ ਕਵੀ ਦੀਆਂ ਹੇਠ ਲਿਖੀਆਂ ਮਸ਼ਹੂਰ ਸਤਰਾਂ ਦਾ ਤਰਜਮਾ ਕੀਤਾ ਹੈ:

ਤੂ ਇਸੇ ਪੈਮਾਨਾ ਏ ਇਮਰੋਜ਼ ਓ ਫਰਦ ਸੇ ਨਾ ਨਾਪ
ਜਵਿਦਾਂ, ਪੈਹਮ ਰਵਾਂ ਹਰ ਦਮ ਜਵਾਂ ਹੈ ਜ਼ਿਦਗੀ

ਇਮਰੋਜ਼-ਅੱਜ, ਫਰਦਾ-ਭਲਕ, ਜਵਿਦਾਂ-ਹਮੇਸ਼ਾ, ਪੈਹਮ-ਲਗਾਤਾਰ, ਰਵਾਂ-ਜਾਰੀ

ਲੇਖਕ ਵੱਲੋਂ ਕੀਤਾ ਅੰਗਰੇਜ਼ੀ ਤਰਜਮਾ ਇਸ ਤਰ੍ਹਾਂ ਹੈ:

Do not measure this in the hour glass of time
Of yesterday and in the morrow to come
Life is eternal, ever changing,
forever renewing its youthfulness)

ਜੇ ਉਰਦੂ ਸਤਰਾਂ ਦਾ ਸਿੱਧਾ ਪੰਜਾਬੀ ਤਰਜਮਾ ਕਰਾਂਗੇ ਤਾਂ ਉਹ ਇਸ ਤਰ੍ਹਾਂ ਬਣੇਗਾ:

ਤੂੰ ਇਸ ਨੂੰ ਅੱਜ ਤੇ ਭਲਕ ਦੇ ਪੈਮਾਨਿਆਂ ਨਾਲ ਨਾ ਮਿਣ
ਜ਼ਿੰਦਗੀ ਤਾਂ ਅਮਰ ਹੈ, ਲਗਾਤਾਰ ਚੱਲਦੀ ਤੇ ਹਰ ਪਲ ਜਵਾਨ *-ਅਨੁਵਾਦਕ*)

ਟੈਗੋਰ ਨੂੰ ਸਮਝਣ ਤੇ ਜਾਨਣ ਵਾਸਤੇ ਇਕ ਨਜ਼ਮ ਦਾ ਹਵਾਲਾ ਜ਼ਰੂਰੀ ਹੈ ਜਿਸ ਨਾਲ ਬਹੁਤ ਸਾਰੇ ਵਹਿਮ ਦੂਰ ਹੁੰਦੇ ਹਨ:

ਮੈਂ ਇਕ ਸੁਨਹਿਰੀ ਹਿਰਨ ਦਾ ਸ਼ਿਕਾਰ ਕਰਦਾ ਹਾਂ
ਤੁਸੀਂ ਮੇਰੇ 'ਤੇ ਹੱਸੋਗੇ, ਮੇਰੇ ਦੋਸਤ
ਪਰ ਮੈਂ ਉਸ ਸੁਪਨੇ ਦਾ ਪਿੱਛਾ ਕਰਦਾ ਹਾਂ
ਜੋ ਮੇਰੇ ਹੱਥ ਆਉਣ ਵਾਲਾ ਨਹੀਂ।
ਮੈਂ ਪਹਾੜਾਂ ਤੇ ਖਾਈਆਂ ਨੂੰ ਪਾਰ ਕਰ ਰਿਹਾ ਹਾਂ
ਮੈਂ ਅਣਜਾਣ ਰਾਹਾਂ 'ਤੇ ਘੁੰਮਦਾ ਹਾਂ, ਕਿਉਂਕਿ
ਮੈਂ ਸੁਨਹਰੀ ਹਿਰਨ ਦਾ ਸ਼ਿਕਾਰ ਕਰਦਾ ਹਾਂ।
ਤੁਸੀਂ ਬਾਜ਼ਾਰ ਆਉਂਦੇ ਹੋ, ਖਰੀਦਦੇ ਹੋ
ਤੇ ਆਪਣੇ ਘਰ ਚਲੇ ਜਾਂਦੇ ਹੋ
ਰਾਸ਼ਨ ਤੇ ਸੌਦਿਆਂ ਦੇ ਝੋਲੇ ਭਰ ਕੇ
ਪਰ ਬੇ ਘਰ ਹਵਾਵਾਂ ਨੇ ਮੈਨੂੰ ਛੋਹਿਆ ਹੈ
ਮੈਨੂੰ ਨਹੀਂ ਪਤਾ ਕਦੋਂ ਤੇ ਕਿੱਥੇ
ਮੇਰੇ ਦਿਲ ਅੰਦਰ ਕੋਈ ਗੁਫਾ ਨਹੀਂ ਹੈ
ਜੋ ਕੁਝ ਮੇਰੇ ਕੋਲ ਹੈ, ਸਭ ਪਿੱਛੇ ਛੱਡ ਦਿੱਤਾ ਹੈ,

ਬਹੁਤ ਪਿੱਛੇ, ਬਹੁਤ ਦੂਰ
ਮੈਂ ਪਹਾੜ ਤੇ ਖਾਈਆਂ ਪਾਰ ਕਰਦਾ ਹਾਂ
ਮੈਂ ਅਣਜਾਣ ਰਾਹਾਂ 'ਤੇ ਘੁੰਮਦਾ ਹਾਂ ਕਿਉਂਕਿ
ਮੈਂ ਸੁਨਹਿਰੀ ਹਿਰਨ ਦਾ ਸ਼ਿਕਾਰ ਕਰ ਰਿਹਾ ਹਾਂ।

ਭਾਰਤ ਦੀ ਛੋਟੀ ਕਹਾਣੀ ਵੀ ਸਾਡਾ ਧਿਆਨ ਖਿੱਚਦੀ ਹੈ। ਪੱਛਮ ਵਿਚ ਇਹ ਕਲਾ ਕਾਫੀ ਹੱਦ ਤੱਕ ਲੁਪਤ ਹੋ ਚੁਕੀ ਹੈ ਪਰ ਭਾਰਤ ਵਿਚ ਇਹ ਆਪਣੀ 'ਲਤੀਫ਼ਾ' ਦੀ ਰਿਵਾਇਤ ਵਿਚ ਅਜੇ ਵੀ ਚੱਲ ਰਹੀ ਹੈ ਜਿਸ ਵਿਚ ਕੁਝ ਮਨੋਵਿਗਿਆਨਕ ਰੰਗਤ ਦਿੱਤੀ ਜਾਂਦੀ ਹੈ। ਚੰਗੀਆਂ ਛੋਟੀਆਂ ਕਹਾਣੀਆਂ ਦੇ ਲੇਖਕ ਇਤਨੇ ਹਨ ਕਿ ਉਹਨਾਂ ਦਾ ਨਾਮ ਲੈਣਾ ਬਹੁਤ ਮੁਸ਼ਕਿਲ ਹੈ। ਪੰਜਾਬ ਬਾਰੇ ਇਕ ਕਿਤਾਬ 'ਪੰਜ ਦਰਿਆਵਾਂ ਦੀ ਧਰਤੀ' (The Land of the Five Rivers) ਜੈਕੋ ਦੀ ਪ੍ਰਕਾਸ਼ਤ ਕੀਤੀ ਹੋਈ ਇਕ ਉਦਾਹਰਣ ਹੈ ਜਿਸ ਦੀ ਸਿਫ਼ਾਰਸ਼ ਕੀਤੀ ਜਾ ਸਕਦੀ ਹੈ।

ਭਾਰਤੀ ਨਾਵਲ, ਨਾਟਕ ਜਾਂ ਨਿਰੋਲ ਸਾਹਿਤਕ ਰਚਨਾਵਾਂ (*belles-letters*) ਕਿਸੇ ਵਿਚਾਰ ਚਰਚਾ ਦੇ ਯੋਗ ਹੀ ਨਹੀਂ ਹਨ। ਨਾਵਲ ਨੂੰ ਸਾਹਿਤਕ ਸਿਨਫ਼ ਦੇ ਤੌਰ 'ਤੇ ਭਾਰਤ ਵਿਚ ਜਾਣ ਪਹਿਚਾਣ ਪੱਛਮ ਤੋਂ ਮਿਲੀ ਤੇ ਇਸ ਦੀ ਹੀ ਇਥੇ ਨਕਲ ਕਰ ਲਈ ਗਈ। ਰਬਿੰਦਰ ਨਾਥ ਟੈਗੋਰ ਵਰਗੇ ਮਹਾਨ ਕਵੀ ਤੇ ਉਚ ਕੋਟੀ ਦੇ ਕਹਾਣੀ ਲੇਖਕ ਵੀ ਕੋਈ ਪੜ੍ਹਨਯੋਗ ਨਾਵਲ ਨਹੀਂ ਲਿਖ ਸਕੇ। ਪ੍ਰੇਮ ਚੰਦ ਨੂੰ ਵੀ ਇਸ ਬਾਰੇ ਕੋਈ ਖਾਸ ਕਾਮਯਾਬੀ ਨਹੀਂ ਮਿਲੀ। ਇਹੀ ਤੱਥ ਭਾਰਤ ਦੇ ਰੰਗ ਮੰਚ ਬਾਰੇ ਹੈ। ਭਾਰਤ ਦੀ ਵਿਰਾਸਤ ਲੋਕ ਗੀਤ ਹਨ ਜਾਂ ਬਹੁਤ ਜੋਸ਼ੀਲੇ ਕਾਵ ਨਾਟਕ। ਭਾਰਤ ਦਾ ਨਾਟਕ ਮੰਚ ਲਗਾਤਾਰ ਗੁਣ ਰਹਿਤ (characterless) ਚੱਲ ਰਿਹਾ ਹੈ।

ਭਾਰਤ ਦੀ ਸਾਹਿਤਿਕ ਤਸਵੀਰ ਇਤਨੀ ਧੁੰਦਲੀ ਕਿਉਂ ਹੈ? ਇਕ ਮੁਲਕ ਜਿਥੇ ਆਬਾਦੀ ਦਾ ਵੱਡਾ ਹਿਸਾ ਅਨਪੜ੍ਹ ਹੋਵੇ, ਚੰਗੇ ਪਾਠਕ ਤੇ ਲੇਖਕ ਨਹੀਂ ਪੈਦਾ ਕਰ ਸਕਦਾ। ਜੇ ਪਾਠਕਾਂ ਦਾ ਭਾਸ਼ਾ ਦਾ ਗਿਆਨ ਬਹੁਤ ਹੇਠਲੀ ਪੱਧਰ ਦਾ ਹੋਵੇ ਤਾਂ ਲੇਖਕ ਵੀ ਆਪਣੀ ਭਾਸ਼ਾ ਦੀ ਕਾਂਟ ਛਾਂਟ ਕਰਕੇ ਆਪਣੇ ਗ੍ਰਾਹਕਾਂ ਦੀ ਪਸੰਦ ਦੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਗੱਲ ਭਾਰਤੀ ਫਿਲਮਾਂ ਉਪਰ ਵੀ ਲਾਗੂ ਹੈ। ਭਾਰਤ ਦੀਆਂ ਫਿਲਮਾਂ ਇਸ ਕਰਕੇ ਨੀਵੇਂ ਪੱਧਰ ਦੀਆਂ ਹਨ ਕਿਉਂਕਿ ਦਰਸ਼ਕ ਜਾਂ ਜਿਸ ਨੂੰ 'ਬਾਕਸ ਆਫਿਸ' ਕਿਹਾ ਜਾਂਦਾ ਹੈ ਉਸੇ ਪੱਧਰ ਦੀਆਂ ਫਿਲਮਾਂ ਸਮਝਦਾ ਤੇ ਪਸੰਦ ਕਰਦਾ ਹੈ। ਇਹੀ ਮਾਮਲਾ ਲੇਖਣੀ ਦਾ ਹੈ। ਤੁਸੀਂ ਕੀ ਸਮਝਦੇ ਹੋ ਕਿ ਹਿੰਦੀ ਦੇ ਨਾਵਲਕਾਰਾਂ ਵਿਚੋਂ ਕਿਹੜਾ ਨਾਵਲਕਾਰ ਸਭ ਤੋਂ ਵੱਧ ਪੜ੍ਹਿਆ ਜਾਂਦਾ ਤੇ ਸਭ ਤੋਂ ਵੱਧ ਪੈਸਾ ਕਮਾਉਂਦਾ ਹੈ। ਕੀ ਉਹ ਕ੍ਰਿਸ਼ਨ ਚੰਦਰ, ਯੱਸ਼ਪਾਲ, ਅਸ਼ੋਕ, ਵਾਤਸਿਆਨ, ਰਾਕੇਸ਼, ਯਾਦਵ, ਭਾਰਤੀ ਜਾਂ ਕਮਲੇਸ਼ਵਰ ਹੈ? ਨਹੀਂ ਉਹ ਗੁਲਸ਼ਨ ਨੰਦਾ ਹੈ ਜਿਸ ਦੇ ਨਾਵਲ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿਚ ਛਪਦੇ ਹਨ। ਨੰਦਾ ਕੋਲ ਹਿੰਦੀ ਜਾਂ ਹਿੰਦੁਸਤਾਨੀ ਸ਼ਬਦਾਂ ਦੀ ਕੋਈ ਮਹਾਰਤ ਨਹੀਂ। ਬਿਲਕੁੱਲ ਇਹੀ ਗੱਲ ਭਾਰਤ ਵਿਚ ਛਪਦੇ ਅੰਗਰੇਜ਼ੀ ਸਾਹਿਤ ਉਪਰ ਲਾਗੂ ਹੈ। ਸ਼ਾਇਦ ਪਿਛਲੇ ਸਮੇਂ ਵਿਚ ਸਭ ਤੋਂ ਵੱਧ ਵਿਕਣ ਵਾਲੀ

ਕਿਤਾਬ ਜਰਮਨੀ ਦਾਸ ਦੀ ਲਿਖੀ 'ਮਹਾਰਾਜਾ' ਰਹੀ ਹੈ। ਇਹ ਬਿਲਕੁੱਲ ਝੂਠੀ ਤੇ ਬਦਜ਼ਬਾਨ ਭਾਸ਼ਾ ਵਿਚ ਖ਼ੁਦ ਨੂੰ ਔਰਤਾਂ ਦਾ ਦੱਲਾ ਮੰਨਦੇ ਹੋਏ ਬੰਦੇ ਨੇ ਲਿਖੀ ਹੈ।

ਚੰਗੇ ਲਿਟਰੇਚਰ ਦੀ ਮੰਗ ਨਾ ਹੋਣ ਦਾ ਇਕ ਨਤੀਜਾ ਇਹ ਨਿਕਲਿਆ ਕਿ ਕੁਝ ਲੋਕ ਜੋ ਚੰਗਾ ਲੇਖਕ ਬਣ ਸਕਦੇ ਸਨ, ਜਿਹਨਾਂ ਵਿਚ ਅਜਿਹੀ ਯੋਗਤਾ ਸੀ, ਉਹਨਾਂ ਨੇ ਹੋਰ ਕਿੱਤਾ ਚੁਣ ਲਿਆ ਜਿਸ ਵਿਚ ਜ਼ਿਆਦਾ ਲਾਭ ਮਿਲਦਾ ਹੋ ਸਕਦਾ ਹੈ। ਭਾਰਤ ਦੇ ਸਭ ਤੋਂ ਵਧੀਆ ਦਿਮਾਗ ਹਮੇਸ਼ਾ ਨੌਕਰੀਆਂ ਜਾਂ ਬਿਜ਼ਨੈਸ ਵੱਲ ਜਾਂਦੇ ਹਨ। ਸਿਰਫ਼ ਦੂਜੇ ਨੰਬਰ ਦੇ ਜਾਂ ਤੀਜੇ ਨੰਬਰ ਦੇ ਹੀ ਵਧੀਆ ਦਿਮਾਗ ਲੇਖਣੀ ਵੱਲ ਜਾਂਦੇ ਹਨ। ਇਹ ਹੈਰਾਨੀ ਵਾਲੀ ਗੱਲ ਹੈ ਕਿ ਜਦੋਂ ਇਕ ਲੇਖਕ ਲਿਖਣ ਦਾ ਕੰਮ ਛੱਡ ਦੇਂਦਾ ਹੈ ਤਾਂ ਉਸ ਦੀ ਲਿਖਣ ਕਲਾ ਜੰਗਾਲੀ ਜਾਂਦੀ ਹੈ। ਕੁਝ ਲੋਕ ਜਦੋਂ ਵਿਦਿਆਰਥੀ ਹੁੰਦੇ ਬਹੁਤ ਚੰਗੀ ਲੇਖਣੀ ਲਿਖਦੇ ਰਹਿੰਦੇ ਹਨ ਪਰ ਨੌਕਰੀਆਂ 'ਤੇ ਲੱਗ ਕੇ ਇਹ ਯੋਗਤਾ ਗਵਾ ਦੇਂਦੇ ਹਨ ਤੇ ਫਿਰ ਬਸ ਸਰਕਾਰੀ ਚਿੱਠੀਆਂ ਤੇ ਮੀਟਿੰਗਾਂ ਦੀਆਂ ਕਾਰਵਾਈਆਂ ਹੀ ਲਿਖਣ ਜੋਗੇ ਰਹਿ ਜਾਂਦੇ ਹਨ।

ਸਾਡੀਆਂ ਸਾਰੀਆਂ ਦੇਸੀ ਭਾਸ਼ਾਵਾਂ ਦੇ ਸਾਹਮਣੇ ਸ਼ਬਦ ਭੰਡਾਰ ਦੀ ਕਮੀ ਵੀ ਇਕ ਵੱਡੀ ਪਰੇਸ਼ਾਨੀ ਹੈ। ਜਦੋਂ ਤੋਂ ਇਥੇ ਅੰਗਰੇਜ਼ੀ ਦਾਖਲ ਹੋਈ ਹੈ, ਸਾਡੀਆਂ ਭਾਸ਼ਾਵਾਂ ਨੇ ਆਪਣੀਆਂ ਡਿਕਸ਼ਨਰੀਆਂ ਵਿਚ ਵਾਧਾ ਕਰਨਾ ਹੀ ਛੱਡ ਦਿੱਤਾ ਹੈ। ਵਿਗਿਆਨ, ਰਾਜਨੀਤੀ ਤੇ ਸਮਾਜਕ ਵਿਗਿਆਨ ਦੇ ਤਕਨੀਕੀ ਸ਼ਬਦਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਹੀ ਕਰ ਦਿੱਤਾ। ਫਿਰ ਸ਼ੁੱਧੀਕਰਣ ਵਾਲੇ ਆਏ ਜਿਹਨਾਂ ਨੇ ਆਪਣੀਆਂ ਭਾਸ਼ਾਵਾਂ ਵਿਚੋਂ ਅੰਗਰੇਜ਼ੀ ਦੇ ਰਚੇ ਮਿਚੇ ਸ਼ਬਦ ਕੱਢਣੇ ਸ਼ੁਰੂ ਕੀਤੇ। ਭਾਰਤੀ ਭਾਸ਼ਾਵਾਂ ਨੂੰ ਆਪਣਾ ਸ਼ਬਦ ਭੰਡਾਰ ਬਣਾਉਣ ਵਿਚ ਅਜੇ ਕਈ ਦਹਾਕੇ ਲੱਗ ਜਾਣਗੇ।

ਸਰਕਾਰੀ ਸਹਾਰੇ ਨੇ ਵੀ ਇਸ ਮੁਲਕ ਦੀ ਸਾਹਿਤਿਕ ਲਹਿਰ ਉਪਰ ਮਾੜਾ ਅਸਰ ਪਾਇਆ ਹੈ। ਇਸ ਨਾਲ ਸਾਡੇ ਬਹੁਤ ਸਾਰੇ ਲੇਖਕਾਂ ਦਾ ਧਿਆਨ ਚੰਗੇ ਮਿਆਰ ਦਾ ਸਾਹਿਤ ਰਚਣ ਦੀ ਬਜਾਏ ਸਰਕਾਰੀ ਸਹੂਲਤਾਂ ਤੇ ਇਨਾਮ ਲੈਣ ਵੱਲ ਜਾਂਦਾ ਹੈ। ਇਸ ਵਾਸਤੇ ਕਈ ਵਾਰ ਉਹ ਸਿਫਾਰਸ਼ਾਂ ਕਰਦੇ ਹਨ ਤੇ ਵੱਡੇ ਅਹੁਦੇਦਾਰਾਂ ਦੀ ਚਾਪਲੂਸੀ ਵੀ। ਪਦਮ ਭੂਸ਼ਣ ਤੇ ਪਦਮ ਸ਼੍ਰੀ ਬਣਨ ਦੀ ਲਾਲਸਾ ਪ੍ਰਬਲ ਹੋ ਗਈ ਹੈ। ਪਿਛਲੇ ਸਾਲਾਂ ਵਿਚ ਸਾਡੇ ਦੋ ਲੇਖਕਾਂ ਵਾਤਸਿਆਨ ਤੇ ਗੋਪਾਲ ਸਿੰਘ ਦਰਦੀ ਨੇ ਇਹ ਅਫ਼ਵਾਹ ਫੈਲਾਈ ਕਿ ਉਹਨਾਂ ਨੇ ਨੋਬਲ ਪ੍ਰਾਈਜ਼ ਹਾਸਿਲ ਕੀਤਾ ਹੈ। ਸੈਂਕੜੇ ਲੋਕ ਜੋ ਹਰ ਸਾਲ ਇਸ ਵਾਸਤੇ 'ਦਰਖਾਸਤਾਂ ਦੇਂਦੇ' ਹਨ, ਭਾਰੀ ਗਿਣਤੀ ਭਾਰਤੀਆਂ ਦੀ ਹੁੰਦੀ ਹੈ।

ਅਮਰੀਕਨ ਯੂਨੀਵਰਸਿਟੀ ਦੇ ਇਕ ਕਵੀ ਪ੍ਰੋਫੈਸਰ ਨੇ ਕਿਹਾ ਕਿ ਵਿਦਿਆਰਥੀਆਂ ਵਿਚ ਲੇਖਕ ਬਣਨ ਦੀ ਕੋਚਿੰਗ ਦੇਣ ਵਿਚ ਕਈ ਮੁਸ਼ਕਿਲਾਂ ਹਨ। ਇਸ ਕਿੱਤੇ ਦਾ ਅਸੂਲ ਇਹ ਹੋਣਾ ਚਾਹੀਦਾ ਹੈ ਕਿ ਘਟੀਆ ਲਿਖਣ ਵਾਲੇ ਨਿਰ ਉਤਸ਼ਾਹਿਤ ਹੋਣ ਤੇ ਚੰਗਾ ਲਿਖਣ ਵਾਲਿਆਂ ਨੂੰ ਉਤਸ਼ਾਹ ਮਿਲੇ ਤਾਂ ਜੋ ਘਟੀਆ ਲਿਖਣ ਵਾਲੇ ਪਿੱਛੇ ਹੱਟ ਜਾਣ ਤੇ ਸਿਰਫ਼ ਚੰਗਾ ਲਿਖਣ ਵਾਲੇ ਹੀ ਮੈਦਾਨ ਵਿਚ ਰਹਿ ਜਾਣ। ਉਸ ਨੇ ਕਿਹਾ ਕਿ ਸਭ ਲੇਖਕਾਂ ਨੂੰ ਉਤਸ਼ਾਹ ਦੇਣ ਦਾ ਮਤਲਬ ਉਸ ਬਾਗ ਨੂੰ ਰੂੜੀ ਪਾਉਣਾ ਹੈ ਜਿਹੜਾ ਘਾਹ ਫੂਸ ਤੇ ਝਾੜੀਆਂ ਨਾਲ ਭਰਿਆ ਪਿਆ ਹੈ।

ਵਰਤਮਾਨ ਯੁੱਗ ਦੇ ਭਾਰਤੀ ਸਾਹਿਤ ਬਾਰੇ ਚਰਚਾ ਉਹਨਾਂ ਭਾਰਤੀ ਲੇਖਕਾਂ ਦਾ ਜ਼ਿਕਰ ਕੀਤੇ ਬਗੈਰ ਨਹੀਂ ਪੂਰੀ ਹੋ ਸਕਦੀ ਹੈ ਜਿਹੜੇ ਅੰਗਰੇਜ਼ੀ ਵਿਚ ਲਿਖਦੇ ਹਨ। ਜਦੋਂ ਇਕ ਲਿਖਤ ਬਾਰੇ ਕਿਹਾ ਜਾਂਦਾ ਹੈ ਕਿ ਇਹ ਲੇਖਕ ਤੇ ਪਾਠਕ ਦੇ ਵਿਚਕਾਰ ਵਾਰਤਾਲਾਪ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਕ ਭਾਰਤੀ ਲੇਖਕ ਕਿਉਂ ਅਜਿਹੀ ਭਾਸ਼ਾ ਵਿਚ ਲਿਖਦਾ ਹੈ ਜਿਹੜੀ ਉਸ ਦੀ ਆਪਣੀ ਨਹੀਂ ਹੈ। ਕੀ ਉਹ ਆਪਣੇ ਦੇਸ਼ ਬਾਰੇ ਵਿਦੇਸ਼ਾਂ ਵਿਚ ਅੰਗਰੇਜ਼ੀ ਬੋਲਦੇ ਉਹਨਾਂ ਲੋਕਾਂ ਨੂੰ ਕੁਝ ਦੱਸਣਾ ਚਾਹੁੰਦਾ ਹੈ ਜਿਹਨਾਂ ਬਾਰੇ ਉਹ ਜ਼ਿਆਦਾ ਨਹੀਂ ਜਾਣਦੇ? ਜਾਂ ਕੀ ਉਹ ਇਸ ਬਾਰੇ ਚੇਤੰਨ ਹੈ ਕਿ ਉਸ ਦੇ ਪਾਠਕ ਜੀਵਨ ਦੀ ਜਾਣਕਾਰੀ, ਰਸਮੋ ਰਿਵਾਜ ਅਤੇ ਆਪਣੇ ਦੇਸ਼ ਦੇ ਲੋਕਾਂ ਦੀਆਂ ਆਦਤਾਂ ਤੋਂ ਬਿਨਾਂ ਹੋਰ ਵੀ ਕਈ ਕੁਝ ਜਾਨਣਾ ਚਾਹੁੰਦੇ ਹੋਣਗੇ।

ਸਾਡਾ ਸਵਾਲ ਇਹ ਸੀ ਕਿ ਇਕ ਭਾਰਤੀ ਲੇਖਕ ਕਿਉਂ ਉਸ ਭਾਸ਼ਾ ਵਿਚ ਲਿਖਦਾ ਹੈ ਜਿਹੜੀ ਉਸ ਦੀ ਆਪਣੀ ਨਹੀਂ ਜਿਸ ਨੂੰ ਅਸੀਂ ਆਮ ਤੌਰ ਤੇ ਮਾਂ-ਬੋਲੀ ਜਾਂ ਮਾਤਰੀ ਭਾਸ਼ਾ ਕਹਿੰਦੇ ਹਾਂ। ਜਵਾਬ ਬਹੁਤ ਸਿੱਧਾ ਹੈ। ਕਈ ਲੋਕਾਂ ਵਾਸਤੇ ਅੰਗਰੇਜ਼ੀ ਅੱਜ ਵਿਦੇਸ਼ੀ ਭਾਸ਼ਾ ਨਹੀਂ, ਭਾਰਤ ਦੀ ਹੀ ਇਕ ਭਾਸ਼ਾ ਹੈ। ਘੱਟੋ ਘੱਟ ਇਹ ਇਤਨੀ ਵਿਦੇਸ਼ੀ ਨਹੀਂ ਜਿਤਨੀ ਫਾਰਸੀ ਤੇ ਅਰਬੀ ਜਾਂ ਆਰੀਅਨ ਹਮਲਾਵਰਾਂ ਨਾਲ ਆਈ ਸੰਸਕ੍ਰਿਤ ਵਰਗੀਆਂ ਵਿਦੇਸ਼ੀ ਭਾਸ਼ਾਵਾਂ ਹਨ। ਫਰਕ ਸਿਰਫ਼ ਇਤਨਾ ਹੈ ਕਿ ਭਾਰਤ ਵਿਚ ਭਾਸ਼ਾਵਾਂ ਦੇ ਦਰਖਤ ਨੂੰ ਲੱਗਣ ਵਾਲੀਆਂ ਵਿਦੇਸ਼ੀ ਪਿਓਂਦਾਂ ਵਿਚੋਂ ਅੰਗਰੇਜ਼ੀ ਸਭ ਤੋਂ ਨਵੀਂ ਹੈ। ਇਸ ਤੋਂ ਇਲਾਵਾ ਇਹ ਭਾਰਤੀਆਂ ਵਿਚ ਵੀ ਸੰਪਰਕ ਦੀ ਭਾਸ਼ਾ ਬਣ ਗਈ ਜਿਹੜਾ ਸਥਾਨ ਇਥੋਂ ਕੀ ਰਾਸ਼ਟਰੀ ਭਾਸ਼ਾ ਹਿੰਦੀ ਵੀ ਨਹੀਂ ਲੈ ਸਕੀ। ਆਜ਼ਾਦੀ ਦੇ ਸੰਗਰਸ਼ ਵਿਚ ਸਭ ਮੀਟਿੰਗਾਂ ਤੇ ਬਹਿਸਾਂ ਵਿਚ ਇਹੀ ਵਰਤੀ ਜਾਂਦੀ ਰਹੀ ਹੈ। ਇਹ ਭਾਰਤੀਆਂ ਵਾਸਤੇ ਬਾਹਰਲੀ ਦੁਨੀਆ ਵੱਲ ਦੀ ਖਿੜਕੀ ਹੈ। ਸੰਖੇਪ ਵਿਚ ਇਕ ਭਾਰਤੀ ਅੰਗਰੇਜ਼ੀ ਵਿਚ ਇਸ ਕਰਕੇ ਲਿਖਦਾ ਹੈ ਕਿ ਉਹ ਇਸ ਨੂੰ ਭਾਰਤੀ ਭਾਸ਼ਾ ਹੀ ਸਮਝਦਾ ਹੈ ਅਤੇ ਇਸੇ ਵਿਚ ਲਿਖਣ ਵਿਚ ਸੌਖ ਮਹਿਸੂਸ ਕਰਦਾ ਹੈ। ਉਹ ਇਹ ਵੀ ਸਮਝਦਾ ਹੈ ਕਿ ਭਾਰਤ ਦੇ ਸਾਰੇ ਇਲਾਕੇ ਦੇ ਅੰਦਰ ਤੇ ਬਾਹਰਲੀ ਦੁਨੀਆ ਤੱਕ ਪਹੁੰਚਣ ਵਾਸਤੇ ਵੀ ਅੰਗਰੇਜ਼ੀ ਸਭ ਤੋਂ ਚੰਗਾ ਸਾਧਨ ਹੈ ਜੋ ਸਾਰੀਆਂ ਭਾਰਤੀ ਭਾਸ਼ਾਵਾਂ ਮਿਲ ਕੇ ਵੀ ਨਹੀਂ ਬਣਾ ਸਕਦੀਆਂ।

ਇਹ ਪੱਕੀ ਤਰ੍ਹਾਂ ਕਹਿਣ ਤੋਂ ਬਾਅਦ ਕਿ ਅੱਜ ਅੰਗਰੇਜ਼ੀ ਭਾਰਤੀਆਂ ਦੀ ਆਪਣੀ ਭਾਸ਼ਾ ਬਣ ਚੁਕੀ ਹੈ, ਕਹਿਣਾ ਪਵੇਗਾ ਕਿ ਉਤਨੇ ਲੋਕ ਇਹ ਭਾਸ਼ਾ ਨਹੀਂ ਜਾਣਦੇ ਜਿਤਨਿਆਂ ਨੂੰ ਜਾਨਣੀ ਚਾਹੀਦੀ ਹੈ। ਬਹੁਤ ਸਾਰੇ ਭਾਰਤੀ ਅੰਗਰੇਜ਼ੀ ਦਾ ਗਿਆਨ ਹੋਣ ਉਪਰ ਮਾਣ ਕਰਦੇ ਹਨ। ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਜਿਹਨਾਂ ਲੋਕਾਂ ਦੀ ਮਾਤਰੀ ਭਾਸ਼ਾ ਅੰਗਰੇਜ਼ੀ ਹੈ ਉਹਨਾਂ ਤੋਂ ਬਾਅਦ ਅਸੀਂ ਹੀ ਸਭ ਤੋਂ ਚੰਗੀ ਤਰ੍ਹਾਂ ਅੰਗਰੇਜ਼ੀ ਜਾਣਦੇ ਹਾਂ। ਅਤੇ ਇਹ ਸੱਚ ਵੀ ਹੈ। ਭਾਰਤੀ ਲੋਕ ਯੂਰਪੀਨਾਂ, ਅਫਰੀਕਨਾਂ ਤੇ ਏਸ਼ੀਆਂ ਦੇ ਕਈ ਲੋਕਾਂ ਨਾਲੋਂ ਚੰਗੀ ਅੰਗਰੇਜ਼ੀ ਬੋਲਦੇ ਹਨ। ਕਾਰਨ ਸਾਫ ਹੈ, ਭਾਰਤੀਆਂ ਦਾ ਬਚਪਨ ਤੋਂ ਹੀ ਅੰਗਰੇਜ਼ੀ ਨਾਲ ਵਾਹ ਪੈਂਦਾ ਰਿਹਾ ਹੈ। ਛੋਟੀ ਉਮਰ ਤੋਂ ਹੀ ਬੱਚੇ

ਅੰਗਰੇਜ਼ੀ ਵਿਚ ਕਹਾਣੀਆਂ ਪੜ੍ਹਨ ਲੱਗ ਪੈਂਦੇ ਹਨ। ਕਿਸੇ ਵੀ ਭਾਸ਼ਾ ਦਾ ਆਧਾਰ ਉਸ ਦੇ ਲੋਕ ਗੀਤ, ਕਹਾਣੀਆਂ ਤੇ ਧਰਮਿਕ ਸਿੱਖਿਆ ਹੁੰਦੀ ਹੈ। ਇਸਾਈਆਂ ਨੂੰ ਛੱਡ ਕੇ ਬਹੁਤ ਥੋੜੇ ਹਿੰਦੁਸਤਾਨੀ ਹਨ ਜਿਹਨਾਂ ਬਾਈਬਲ ਪੜ੍ਹੀ ਹੋਵੇਗੀ। ਜੇ ਤੁਸੀਂ ਬਾਈਬਲ ਨਹੀਂ ਜਾਣਦੇ ਤਾਂ ਤੁਹਾਡਾ ਕੋਈ ਕੰਮ ਨਹੀਂ ਅੰਗਰੇਜ਼ੀ ਵਿਚ ਲਿਖਣ ਦਾ (If you do not know Bible, you have no business to write English)।

ਇਹ ਅਕਸਰ ਕਿਹਾ ਜਾਂਦਾ ਹੈ ਕਿ ਭਾਰਤੀ ਅੰਗਰੇਜ਼ਾਂ (Anglican Indians) ਨੇ ਭਾਰਤੀ ਕਿਸਮ ਦੀ ਅੰਗਰੇਜ਼ੀ ਇਜ਼ਾਦ ਕਰ ਲਈ ਹੈ। ਇਸ 'ਭਾਰਤੀਕ੍ਰਿਤ-ਅੰਗਰੇਜ਼ੀ' ਨੂੰ ਐਂਗਲੋ ਇੰਡੀਅਨ ਭਾਸ਼ਾ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ ਜਿਸ ਨੂੰ 'ਹੋਬਸਨ-ਜੋਬਸਨ' ਕਿਹਾ ਗਿਆ ਹੈ। ਇਹ ਬੁਨਿਆਦੀ ਤੌਰ 'ਤੇ ਭਾਰਤੀ ਸ਼ਬਦ ਹਨ ਜੋ ਅੰਗਰੇਜ਼ੀ ਵਿਚ ਦਾਖਲ ਹੋ ਗਏ ਹਨ। ਇਸ ਤਰ੍ਹਾਂ ਦੇ ਕਈ ਅੰਗਰੇਜ਼ੀ ਸ਼ਬਦ ਹਨ ਜਿਵੇਂ ਕਿ ਚਿੱਪਸ (chips) ਰੁਪਈਏ ਨੂੰ ਕਿਹਾ ਗਿਆ ਹੈ ਤੇ ਵਿਲਾਇਤੀ ਨੂੰ ਬਲਾਈਟੀ (Blighty)। ਸਾਡੀਆਂ ਭਾਸ਼ਾਵਾਂ ਦੇ ਹੋਰ ਬਹੁਤ ਸਾਰੇ ਸ਼ਬਦ ਅੰਗਰੇਜ਼ੀ ਦੇ ਸ਼ਬਦ ਭੰਡਾਰ ਵਿਚ ਦਾਖਲ ਹੋ ਚੁਕੇ ਹਨ ਜਿਵੇਂ ਕਿ 'ਬੰਦੋਬਸਤ, ਬੈਂਗਲੋ, ਪੱਕਾ, ਚੁੱਕਾ, ਚਾਏ, ਚਟਨੀ, ਜੰਗਲ (Bandobast, banglow, pucca, chukka, chai, chutney, jungle) ਵਗੈਰਾ ਹਜ਼ਾਰਾਂ ਹੀ। ਠਾਕਰੇ ਤੇ ਕਿਪਲਿੰਗ ਵਰਗੇ ਲੇਖਕਾਂ ਨੇ ਇਸ ਸ਼ਬਦਾਵਲੀ ਦਾ ਵੱਡਾ ਪ੍ਰਯੋਗ ਕੀਤਾ ਹੈ। ਲੇਕਿਨ ਇਹ ਖਿਆਲ ਰੱਖਣਾ ਚਾਹਦਾ ਹੈ ਕਿ ਜਦੋਂ ਅੰਗਰੇਜ਼ ਲੋਕ ਇਹਨਾਂ ਸ਼ਬਦਾਂ ਨੂੰ ਵਰਤਦੇ ਹਨ ਤਾਂ ਵਾਕ ਬਣਾਉਣ ਵੇਲੇ ਆਪਣਾ ਵਿਆਕਰਣ ਨਹੀਂ ਬਦਲਦੇ। ਸਾਡੇ ਕਈ ਦੇਸੀ ਅੰਗਰੇਜ਼ ਦੋ ਭਾਸ਼ਾਵਾਂ ਨੂੰ ਰਲਾਉਂਦੇ ਜ਼ਰੂਰ ਹਨ ਪਰ ਅਕਸਰ ਦੋਹਾਂ ਦੀ ਵਿਆਕਰਣ ਦੀ ਪ੍ਰਵਾਹ ਨਹੀਂ ਕਰਦੇ। ਆਮ ਤੌਰ 'ਤੇ ਵਿਚਾਰ ਪ੍ਰਗਟਾਵਾ ਭਾਰਤੀ ਹੁੰਦਾ ਹੈ, ਸ਼ਬਦ ਅੰਗਰੇਜ਼ੀ ਤੇ ਵਿਆਕਰਣ ਦੋਹਾਂ ਦੀ ਰਲਗੱਡ ਕੀਤੀ ਜਾਂਦੀ ਹੈ। ਇਕ ਨੌਜਵਾਨ ਵਿਅਕਤੀ ਦੂਜੇ ਤੋਂ ਪੁੱਛਦਾ ਹੈ, ('yar, who was there at the station) ਅਤੇ ਉਸ ਨੂੰ ਇਸ ਤਰ੍ਹਾਂ ਦਾ ਜਵਾਬ ਮਿਲਦਾ ਹੈ (Big big crowd there was the train was already hee at the station. Why all did not you come? Joshi was there even)।, ਉਹ ਇਸ ਦੀ ਸਫਾਈ ਵਿਚ ਬੋਲਦਾ ਹੈ (Arrey I forgot to give key to my alarm clock)। ਇਸ ਤੋਂ ਇਲਾਵਾ ਅਸੀਂ ਬਹੁਤ ਸਾਰੇ ਅੰਗਰੇਜ਼ੀ ਸ਼ਬਦਾਂ ਦੇ ਨਾਲ ਆਪਣੀ ਭਾਸ਼ਾ ਦਾ ਪਿਛੋਕੜ ਜੋੜ ਦੇਂਦੇ ਹਾਂ ਜਿਵੇਂ ਪਾਪਾਜੀ, ਮੰਮੀਜੀ, ਮਾਸਟਰਜੀ, ਵਗੈਰਾ। ਇਸ ਤਰ੍ਹਾਂ ਅਸੀਂ ਬਾਦਸ਼ਾਹ ਦੀ ਅੰਗਰੇਜ਼ੀ ਨੂੰ ਰਾਣੀ ਦੀ ਭਾਸ਼ਾ ਬਣਾ ਦੇਂਦੇ ਹਾਂ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਅੰਗਰੇਜ਼ੀ ਵਿਚ ਲਿਖਣ ਵਾਲਾ ਭਾਰਤੀ ਲੇਖਕ ਕੀ ਕਹਿਣਾ ਚਾਹੁੰਦਾ ਹੈ ਅਤੇ ਕਿਸ ਨੂੰ ਕਹਿਣਾ ਚਾਹੁੰਦਾ ਹੈ।

ਭਾਰਤ ਦੀ ਆਜ਼ਾਦੀ ਵੇਲੇ ਤੱਕ ਚਾਰ ਭਾਰਤੀ ਲੇਖਕ ਸਨ ਜਿਹਨਾਂ ਨੇ ਅੰਗਰੇਜ਼ੀ ਦੀ ਲੇਖਣੀ ਵਿਚ ਚੰਗਾ ਨਾਮ ਬਣਾਇਆ ਸੀ। ਇਹ ਸਨ ਮੁਲਕ ਰਾਜ ਆਨੰਦ, ਰਾਜਾ ਰਾਓ, ਅਹਿਮਦ ਅਲੀ ਤੇ ਖਵਾਜਾ ਅਹਿਮਦ ਅੱਬਾਸ। ਹਾਂ ਪਰਦੇ ਪਿੱਛੋਂ ਇਕ ਆਰ.

ਕੇ. ਨਰਾਇਨ ਵੀ ਆ ਰਿਹਾ ਸੀ। ਪਹਿਲੇ ਤਿੰਨਾਂ ਦਾ ਮੁਖ ਵਿਸ਼ਾ ਆਜ਼ਾਦੀ ਦਾ ਸੰਘਰਸ਼ ਸੀ। ਆਨੰਦ ਤੇ ਅੱਬਾਸ ਨੇ ਸਾਹਿਤ ਰਚਨਾ ਨੂੰ ਪ੍ਰਾਪੇਗੰਡਾ ਦਾ ਜ਼ਰੀਆ ਬਣਾਉਣ ਦੀ ਕਮਿਊਨਿਸਟ ਤਕਨੀਕ ਵਰਤੀ। ਉਹਨਾਂ ਦੇ ਪਾਤਰ ਚੰਗੇ ਤੇ ਮਾੜੇ ਲੋਕਾਂ ਵਿਚ ਪੂਰੀ ਤਰ੍ਹਾਂ ਵੰਡੇ ਹੁਦੇ ਸਨ। ਭਾਰਤੀ ਗਰੀਬ, ਇਮਾਨਦਾਰ ਤੇ ਧਰਤੀ ਦੇ ਲੁੱਟੇ ਜਾ ਰਹੇ ਪੁੱਤਰ ਸਨ ਅਤੇ ਅੰਗਰੇਜ਼ ਬਘਿਆੜ, ਸ਼ਰਾਬੀ ਤੇ ਖਲਨਾਇਕ ਸਨ। ਉਹਨਾਂ ਦੇ ਨਾਵਲ ਦੋ ਨਸਲਾਂ ਦੇ ਇਹ ਭੇਦ ਉਜਾਗਰ ਕਰਦੇ ਸਨ। ਰਾਜਾ ਰਾਓ ਦਾ ਇਸ ਮਾਮਲੇ ਵਿਚ ਸੂਖਮ ਨਜ਼ਰੀਆ ਸੀ। ਇਸ ਵਾਸਤੇ ਆਨੰਦ ਤੇ ਅੱਬਾਸ ਹੀ ਸਮਰਪਤ ਲੇਖਕ (committed writers) ਗਿਣੇ ਗਏ ਸਨ। ਇਕ ਲੇਖਕ ਅਹਿਮਦ ਅਲੀ ਸੀ ਜਿਸ ਦਾ ਇਕ ਹੀ ਅੰਗਰੇਜ਼ੀ ਨਾਵਲ 'ਟਵਾਈਲਾਈਟ ਇਨ ਦੇਹਲੀ' ਭਾਵ ਦਿੱਲੀ ਦੀਆਂ ਸੰਝ ਸਵੇਰਾਂ ਬਹੁਤ ਮਕਬੂਲ ਹੋਇਆ ਸੀ। ਉਸ ਨੇ ਅੰਗਰੇਜ਼ੀ ਵਿਚ ਲਿਖਣ ਵਾਲੇ ਭਾਰਤੀਆਂ ਵਿਚ ਚੰਗਾ ਨਾਮ ਬਣਾ ਲੈਣਾ ਸੀ ਪਰ ਉਹ ਇਕ ਹੀ ਕਾਮਯਾਬੀ ਨਾਲ ਨਸ਼ਿਆਇਆ ਗਿਆ ਤੇ ਫਿਰ ਸ਼ਰਾਬ ਦੇ ਵਹਿਣ ਵਿਚ ਵਗ ਪਿਆ। ਉਹ ਆਪਣੀ ਪਿਆਰੀ ਦਿੱਲੀ ਨੂੰ ਧੋਖਾ ਦੇ ਕੇ ਪਾਕਿਸਤਾਨ ਚਲਾ ਗਿਆ। ਉਥੋਂ ਦੇ ਵਿਦੇਸ਼ ਵਿਭਾਗ ਵਿਚ ਉਹ ਡਿਪਲੋਮੈਟ ਬਣ ਗਿਆ ਜਿਸ ਨਾਲ ਸਸਤੇ ਰੇਟ ਉਪਰ ਸ਼ਰਾਬ ਦਾ ਕੋਟਾ ਤਾਂ ਹਾਸਿਲ ਕਰ ਲਿਆ ਪਰ ਲਿਖਣ ਵਾਲੀ ਸਿਆਹੀ ਖ਼ਤਮ ਹੋ ਗਈ। ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਪਰ ਫਿਰ ਵੀ ਉਹ ਪਹਿਲੀ ਵਾਲੀ ਲੇਖਕ ਅਗਨੀ ਨਹੀਂ ਮਘਾ ਸਕਿਆ ਤੇ ਉਸ ਦੀਆਂ ਆਖਰੀ ਲਿਖਤਾਂ ਬਹੁਤ ਘਟੀਆ ਰਹੀਆਂ।

ਆਰ ਕੇ ਨਰਾਇਣ ਬਾਕੀ ਦੇ ਤਿੰਨ ਲੇਖਕਾਂ ਦੀ ਤਰ੍ਹਾਂ ਕਿਸੇ ਰਾਜਨੀਤੀ ਵਾਸਤੇ ਸਮਰਪਿਤ ਨਹੀਂ ਸੀ। ਉਹ ਨਿਰਪੱਖ ਕਹਾਣੀਕਾਰ ਸੀ। ਮੁਲਕ ਦੀ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੇ ਕੁਝ ਸਾਲਾਂ ਤੱਕ ਆਰ ਕੇ ਨਰਾਇਣ ਦੀਆਂ ਲਿਖਤਾਂ ਵੱਲ ਲੋਕਾਂ ਦਾ ਧਿਆਨ ਨਹੀਂ ਗਿਆ ਪਰ ਜਿਓਂ ਪ੍ਰਾਪੇਗੰਡਾ ਕਰਨ ਵਾਲਿਆਂ ਦੇ ਲਾਊਡਸਪੀਕਰਾਂ ਦੀ ਆਵਾਜ਼ ਕੁਝ ਮੱਧਮ ਹੋਈ, ਨਰਾਇਣ ਦੀਆਂ ਗੱਲਾਂ ਸੁਣੀਆਂ ਜਾਣ ਲੱਗੀਆਂ। ਉਹ ਭਾਰਤੀ-ਅੰਗਰੇਜ਼ੀ (Indo Anglian) ਲੇਖਕਾਂ ਦੀਆਂ ਮੋਹਰਲੀਆਂ ਸਫ਼ਾ ਵਿਚ ਆ ਗਿਆ।

ਨਰਾਇਣ ਬਾਰੇ ਵਿਚਾਰ ਕਰਨਾ ਬਣਦਾ ਹੈ। ਉਹ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਭਾਰਤੀ-ਅੰਗਰੇਜ਼ੀ ਦਾ ਲੇਖਕ ਹੈ। ਉਸ ਦੇ ਪ੍ਰਸ਼ੰਸਕ ਉਸ ਦੀ ਸਧਾਰਣਤਾ ਤੇ ਕੋਮਲਤਾ ਨੂੰ ਪਸੰਦ ਕਰਦੇ ਹਨ। ਜਿਹੜੇ ਲੋਕ ਦੱਖਣੀ ਭਾਰਤ ਨੂੰ ਜਾਣਦੇ ਹਨ, ਉਹ ਤਾਮਿਲ ਸਮਾਜ ਦੇ ਮੱਧ ਵਰਗੀ ਲੋਕਾਂ ਦੀਆਂ ਉਲਝਣਾਂ ਦਾ ਇਕ ਅਹਿਮ ਵਰਨਣ ਨਰਾਇਣ ਦੇ ਵਸਾਏ ਇਕ ਫਰਜ਼ੀ ਸ਼ਹਿਰ 'ਮਾਲਗੁਡੀ' (Malgudi) ਵਿਚੋਂ ਲੱਭਣਗੇ। ਉਸ ਦੇ ਅਲੋਚਕਾਂ ਦਾ ਕਹਿਣਾ ਹੈ ਕਿ ਉਸ ਦੀਆਂ ਲਿਖਤਾਂ ਬਹੁਤ ਜਜ਼ਬਾਤੀ ਤੇ ਦੂਹਰਾ ਨਾਲ ਭਰੀਆਂ ਹੁੰਦੀਆਂ ਹਨ। ਨਰਾਇਣ ਦੀ ਉੱਚ ਕੋਟੀ ਦੀ ਲਿਖਤ 'ਮਾਇਕ ਮਾਹਰ' (The Financial Expert) ਤੇ 'ਗਾਈਡ' (Guide) ਹੈ ਜਿਸ ਕਰਕੇ ਉਸ ਨੂੰ ਸਾਹਿਤ ਅਕੈਡਮੀ ਐਵਾਰਡ ਮਿਲਿਆ ਹੈ।

1950 ਤੋਂ ਬਾਅਦ ਅੰਗਰੇਜ਼ੀ ਵਿਚ ਬਹੁਤ ਸਾਰੇ ਭਾਰਤੀ ਲੇਖਕਾਂ ਨੂੰ ਬਾਹਰਲੇ ਮੁਲਕਾਂ ਵਿਚ ਆਪਣੇ ਸਮਰਥਕ ਵੀ ਲੱਭੇ ਤੇ ਪ੍ਰਕਾਸ਼ਕ ਵੀ। ਸਾਂਥਾ ਰਾਮਾ ਰਾਓ, ਨਿਆਨਤਾਰਾ, ਸਹਿਗਲ ਤੇ ਅਨੀਤਾ ਦੇਸਾਈ ਨੇ ਅੰਗਰੇਜ਼ਾਂ ਤੇ ਭਾਰਤੀਆਂ ਦੇ ਉਪਰਲੇ ਤਬਕੇ ਬਾਰੇ ਲਿਖਿਆ। ਮਾਰਕੰਡਿਆ ਦੇ ਪਾਤਰ ਗਰੀਬ ਕਿਸਾਨਾਂ ਵਿਚੋਂ ਸਨ ਜੋ ਸ਼ਹਿਰਾਂ ਵਿਚ ਘੁੰਮਦੇ ਸਨ। ਝਾਬਵਾਲਾ ਦਿੱਲੀ ਦੇ ਮੱਧ ਵਰਗੀ ਪੰਜਾਬੀ ਸਮਾਜ ਤੱਕ ਸੀਮਤ ਰਿਹਾ। ਇਹਨਾਂ ਨਾਵਲਾਂ ਵਿਚੋਂ ਬਹੁਤੇ ਸਮਾਜ ਵਿਗਿਆਨ ਦੇ ਪੱਖ ਤੋਂ ਭਾਰਤ ਦੀ ਯਾਤਰਾ ਕਰਨ ਆਏ ਲੋਕਾਂ ਨੂੰ ਬਹੁਤ ਜਾਣਕਾਰੀ ਦੇਂਦੇ ਸਨ। ਸਾਂਝੇ ਪਰਿਵਾਰਾਂ ਦੇ ਪਿਛੋਕੜ ਤੇ ਫਿਰ ਉਹਨਾਂ ਦੇ ਟੁੱਟਣ ਦੇ ਅਮਲ, ਹਿੰਦੂ ਮੁਸਲਿਮ ਖਿੱਚੋਤਾਣ ਜੋ ਭਾਰਤ ਦੀ ਤਕਸੀਮ ਦਾ ਕਾਰਨ ਬਣੀ ਦੇ ਵਿਸ਼ੇ ਦੇ ਨਾਵਲ ਵਿਦੇਸ਼ੀਆਂ ਨੂੰ ਖਿੱਚਦੇ ਸਨ। ਝਾਬਵਾਲਾ ਤਾਂ ਹੋਰ ਵੀ ਅੱਗੇ ਲੰਘ ਗਈ। ਆਪਣੇ ਨਾਵਲ 'ਅੰਮ੍ਰਿਤਾ' ਵਿਚ ਭਾਰਤੀ ਖਾਣਿਆ ਦਾ ਜ਼ਿਕਰ ਕਰਕੇ ਆਖਰ ਵਿਚ ਕੁਝ ਚੰਗੇ ਖਾਣੇ ਬਣਾਉਣ ਦੀ ਰਸੋਈ ਸਿੱਖਿਆ ਵੀ ਜੋੜ ਦਿੱਤੀ।

ਇਹ ਵੀ ਵੇਖਣ ਵਾਲੀ ਗੱਲ ਹੈ ਕਿ ਅੰਗਰੇਜ਼ੀ ਵਿਚ ਲਿਖਣ ਵਾਲੀਆਂ ਔਰਤ ਲੇਖਕਾਵਾਂ ਦੂਜੀਆਂ ਭਾਸ਼ਾਵਾਂ ਵਿਚ ਲਿਖਣ ਵਾਲੀਆਂ ਆਪਣੀਆਂ ਭੈਣਾਂ ਨਾਲੋਂ ਅੱਗੇ ਵਧ ਗਈਆਂ। ਇਹ ਸਾਰੀਆਂ ਅਮੀਰ ਖਾਨਦਾਨਾਂ ਵਿਚੋਂ ਸਨ ਤੇ ਇੰਗਲੈਂਡ ਜਾਂ ਅਮਰੀਕਾ ਵਿਚ ਪੜ੍ਹੀਆ ਸਨ। ਇਹਨਾਂ ਦੀ ਭਾਸ਼ਾ ਉਪਰ ਚੰਗੀ ਪਕੜ ਸੀ ਤੇ ਬਹੁਤ ਵੱਡੀ ਵੇਹਲ ਵੀ। ਏਸੇ ਸਮਾਜ ਦੇ ਮਰਦਾਂ ਸਾਹਮਣੇ ਨੌਕਰੀਆਂ, ਬਿਜ਼ਨੈਸ ਤੇ ਰਾਜਨੀਤੀ ਵਰਗੇ ਕਈ ਕੰਮ ਸਨ ਜੋ ਓਦੋਂ ਔਰਤਾਂ ਦੇ ਨਹੀਂ ਹੁੰਦੇ ਸਨ। ਇਸ ਵਰਗ ਦੀਆਂ ਔਰਤਾਂ ਦੇ ਸਾਹਮਣੇ ਘਰ ਦੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਵੀ ਨਹੀਂ ਹੁੰਦੀਆਂ ਸਨ। ਇਸ ਵਾਸਤੇ ਉਹ ਲਿਖਣ ਵਾਸਤੇ ਖੁੱਲ੍ਹਾ ਵਕਤ ਹਾਸਿਲ ਕਰ ਸਕਦੀਆਂ ਸਨ।

ਅੰਗਰੇਜ਼ੀ ਵਿਚ ਲਿਖਣ ਵਾਲੇ ਭਾਰਤ ਦੇ ਕਵੀਆਂ ਦੀ ਚਰਚਾ ਕਰਨੀ ਵੀ ਬਹੁਤ ਜ਼ਰੂਰੀ ਹੈ। ਉਹਨਾਂ ਵਿਚੋਂ ਕੁਝ ਜਿਹਨਾਂ ਨੇ ਇੰਗਲੈਂਡ ਤੇ ਅਮਰੀਕਾ ਵਿਚ ਵੀ ਨਾਮ ਕਮਾਇਆ ਹੈ, ਉਹ ਹਨ 'ਨਿਸਿਮ ਐਜ਼ੀਕੀਲ' (Nissim Ezekeil) ਤੇ 'ਦੌਮ ਮੋਰਾਏਸ' (Dom Moraes) ਜਿਸ ਨੇ ਭਾਰਤੀ ਰਾਸ਼ਟ੍ਰੀਅਤਾ ਛੱਡ ਦਿੱਤੀ ਸੀ ਅਤੇ ਰਾਮਾਨੂਜਮ (Ramanujam)। ਇਹਨਾਂ ਤੋਂ ਇਲਾਵਾ ਆਦਿਲ ਜ਼ੁੱਸਾਵਾਲੀਆ, ਕੋਲ੍ਹਾਤਕਾਰ, ਕਾਤਰਕ, ਦਾਰੂਵਾਲਾ, ਕਮਲਾ ਦਾਸ ਤੇ ਅਰਵਿੰਦ ਮਹਿਰੋਤਰਾ ਜਿਹੜੇ ਭਾਰਤ ਵਿਚ ਹੀ ਛਪੇ ਪਰ ਕਾਮਯਾਰ ਅੰਗਰੇਜ਼ੀ ਕਵੀ ਗਿਣੇ ਜਾਂਦੇ ਹਨ। ਨਿਸਿਮ ਐਜ਼ੀਕੀਲੀ ਨੂੰ ਭਾਰਤੀ-ਅੰਗਰੇਜ਼ੀ ਕਵੀਆਂ ਦਾ ਸਰਗਣਾ ਕਿਹਾ ਜਾਂਦਾ ਹੈ। ਆਪਣੇ ਖ਼ੁਦ ਦੇ ਬਾਰੇ ਉਸ ਦਾ ਕਹਿਣਾ ਹੈ:

ਮੈਂ ਸਮਝੌਤਾ ਕਿਉਂ ਕਰਾਂ
ਮੱਧ ਕਾਲ ਦੇ ਖਿੰਡਰੇ ਊਟ ਪਟਾਂਗ ਨਾਲ?
ਜੇ ਹੋਰ ਕੁਝ ਨਹੀਂ ਤਾਂ ਮੈਂ ਆਪਣੇ ਵੱਲੋਂ
ਪੁਜਾਰੀ, ਪ੍ਰੋਫੈਸਰ, ਟੀਕਾਕਾਰਾਂ ਤੇ ਦਾਨਸ਼ਵਰਾਂ

ਦੇ ਸਾਥ ਤੋਂ ਇਨਕਾਰ ਕਰਾਂਗਾ
ਮੈਂ ਆਪਣਾ ਮਹਿਮਾਨ ਆਪ ਹੀ ਹੋਵਾਂਗਾ
ਆਪਣੀ ਇਕ ਬੰਦੇ ਜੋਗੀ ਸ਼ਰਨਗਾਹ ਵਿਚ

ਉਸ ਦੀ ਇਕ ਮਸ਼ਹੂਰ ਕਵਿਤਾ 'ਪਿਛੋਕੜ' ਹੈ ਜਿਸ ਵਿਚ ਉਸ ਨੇ ਆਪਣੇ ਮੁਢਲੇ ਜੀਵਨ ਬਾਰੇ ਲਿਖਿਆ ਹੈ। ਉਸ ਦੀ ਬਹੁਤ ਸਾਰੀਆਂ ਕਵਿਤਾਵਾਂ ਦੀ ਭਾਸ਼ਾ ਨੂੰ 'ਭਾਰਤੀਕ੍ਰਿਤ-ਅੰਗਰੇਜ਼ੀ' (Inidan English) ਕਿਹਾ ਜਾਂਦਾ ਹੈ ਪਰ ਉਹ ਸਮਝ ਵਿਚ ਅਉਂਦੀਆਂ ਰਹੀਆਂ। ਉਸ ਭਾਸ਼ਾ ਦੀ ਆਪਣੀ ਇਕ ਅਮੀਰੀ ਤੇ ਲਿੱਜ਼ਤ ਹੈ। (*ਇਸ ਕਵਿਤਾ ਦੇ ਬੋਲ ਨਹੀਂ ਭਾਸ਼ਾ ਦੀ ਬਣਤਰ ਹੀ ਹੈ ਜਿਸ ਨੇ ਲੇਖਕ ਨੂੰ ਖਿੱਚਿਆ ਤੇ ਜਿਸ ਦੀ ਜਾਣਕਾਰੀ ਉਹ ਪਾਠਕਾਂ ਨੂੰ ਦੇਣੀ ਚਾਹੁੰਦਾ ਹੈ। ਇਸ ਕਰਕੇ ਇਸ ਨੂੰ ਉਲੱਥਾ ਕੀਤੇ ਬਗੈਰ ਹੀ ਪੇਸ਼ ਕਰਨਾ ਉਚਿਤ ਸਮਝਿਆ ਹੈ-ਅਨੁ:*)

(I am standing for peace and non violence
Why world is fighting fighting
Why all people of world
Are not following Mahatma Gandhi
I am simply not understanding
Ancient Indian wisdom is 100 percent correct
I would say even 200 percent correct
But modern generation is neglecting)

ਉਸ ਦੀ ਇਕ ਹੋਰ ਕਵਿਤਾ ਬਿੱਛੂ ਦੀ ਰਾਤ (Night of the Scorpio) ਇਕ ਰੁਮਾਂਟਿਕ ਵੰਨਗੀ ਹੈ। ਕਵਿਤਾ ਦੇ ਬੋਲ ਹਨ:

ਮੈਨੂੰ ਉਹ ਰਾਤ ਯਾਦ ਹੈ, ਮਾਂ
ਜਦੋਂ ਮੈਨੂੰ ਬਿੱਛੂ ਨੇ ਕੱਟਿਆ ਸੀ
ਦਸ ਦਿਨਾਂ ਦੇ ਲੰਮੇ ਮੀਂਹਾਂ ਨੇ
ਉਸ ਨੂੰ ਘਸੀਟ ਦਿੱਤਾ ਸੀ
ਸਾਡੀ ਚੌਲਾਂ ਦੀ ਬੋਰੀ ਹੇਠ
ਤੇ ਅਖੀਰ ਆਪਣੀ ਇਕੋ ਇਕ ਪੂੰਜੀ
ਜ਼ਹਿਰੀਲੇ ਡੰਗ ਨੂੰ ਗਵਾ ਕੇ
ਫਿਰ ਚਲਾ ਗਿਆ ਮੀਂਹ ਦੇ
ਪਾਣੀ ਵਿਚ ਰਿਸਕ ਲੈਂਦਾ ਹੋਇਆ।

ਅਖੀਰ ਵਿਚ ਅਰਵਿੰਦ ਮੈਹਰੋਤਰਾ ਦੀਆਂ ਕਵਿਤਾਵਾਂ ਦੀ ਗੱਲ ਕਰਦੇ ਹਾਂ ਜਿਹਨਾਂ ਵਿਚ ਉਸ ਨੇ ਭਾਸ਼ਾ ਦੇ ਸੁੰਦਰ ਰਲੇਵੇ ਦੇ ਨਾਲ ਮੁਲਕ ਬਾਰੇ ਚੁਭਵੇਂ ਵਿਅੰਗ ਪੇਸ਼ ਕੀਤੇ ਹਨ। ਉਹ 'ਭਾਰਤ ਮਾਤਾ - ਇਕ ਪ੍ਰਾਰਥਨਾ' (Bharat Mata – a

prayer) ਵਿਚ ਲਿਖਦਾ ਹੈ:

ਭਾਰਤਮਾਤਾ
ਸੋਸ਼ਲਿਸਟ ਮਦਰ ਇੰਡੀਆ
ਚਮਕਦਾ ਤਾਰਾ
ਮੋਰਾਂ ਤੇ ਸ਼ੇਰਾਂ ਦੀ ਧਰਤੀ
ਬ੍ਰਹਮ ਪੁੱਤਰ ਤੇ ਹਿਮਾਲੀਆ ਦੀ ਧਰਤੀ
ਬਹਾਦਰ ਜਵਾਹਰ ਦੀ
ਮਹਾਨ ਗਾਂਧੀ ਦੀ
ਤੈਨੂੰ ਪ੍ਰਣਾਮ ਹੈ
ਭਾਰਤ
ਮੇਰਾ ਪਿਆਰਾ ਦੇਸ਼, ਮੇਰੀ ਮਾਤਰ ਭੂਮੀ
ਤੂੰ ਹੈਂ ਸੰਸਾਰ ਦੀ ਇਕ ਝੌਂਪੜ ਪੱਟੀ
ਇਕ ਪੈਖਾਨਾ
ਇਕ ਸੈਪਟਿੱਕ ਟੈਂਕ, ਜਿਸ ਵਿਚ ਡਿੱਗਦੇ ਨੇਂ
ਮਾਰਕ, ਰੂਬਲ, ਡਾਲਰ, ਪੌਂਡ, ਯੈਨ, ਲਿਆਰ ਤੇ ਫਰਾਂਕਸ
ਫਿਰ ਵੀ ਸਾਡੇ ਢਿੱਡ ਖੜਕਦੇ ਰਹਿੰਦੇ
ਮੈਂ ਤੇਰੇ ਸ਼ਹਿਰਾਂ ਨੂੰ ਜਾਣਦਾ ਹਾਂ,
ਭਰੇ ਪਏ ਨੇ ਝੌਂਪੜ ਪੱਟੀਆਂ ਨਾਲ
ਜਿੱਥੇ ਸਾਰਾ ਟੱਬਰ ਰਹਿੰਦਾ ਹੈ
ਇਕ ਗੁਸਲਖਾਨੇ ਵਿਚ।

ਸਾਹਿਤ ਦਾ ਅਸਲੀ ਪਾਰਖ ਤਾਂ ਪਾਠਕ ਹੀ ਹੋ ਸਕਦਾ ਹੈ। ਇਸ ਵਾਸਤੇ ਉਹ ਖੁਦ ਹੀ ਪੜ੍ਹ ਕੇ ਤੇ ਸਮਝ ਕੇ ਭਾਰਤੀ ਸਾਹਿਤ ਬਾਰੇ ਆਪਣੀ ਰਾਏ ਬਣਾ ਸਕਦਾ ਹੈ।

*****



ਭਾਰਤ ਇਕ ਪ੍ਰਾਚੀਨ ਸਭਿਅਤਾ ਹੈ। ਇਸ ਦਾ ਇਤਿਹਾਸ ਤੇ ਮਿਥਿਹਾਸ ਵੀ ਬਹੁਤ ਗੁੰਝਲਦਾਰ ਤੇ ਡੂੰਘਾ ਹੈ। ਦੋਹਾਂ ਦਾ ਆਪਣਾ ਤੇ ਵੱਡਾ ਮਹੱਤਵ ਹੈ। ਇਸ ਦਾ ਆਜ਼ਾਦੀ ਅੰਦੋਲਨ, ਉਸ ਦੀ ਪ੍ਰਾਪਤੀ ਤੇ ਅਗਲਾ ਸਫ਼ਰ ਵੀ ਬਹੁਤ ਗੁੰਝਲਦਾਰ ਤੇ ਵਿਲੱਖਣਾ ਹੈ। ਇਸ ਸਭ ਕੁਝ ਦੀ ਮੁਕੰਮਲ ਜਾਣਕਾਰੀ ਇੰਨੀ ਛੋਟੀ ਕਿਤਾਬ ਵਿਚ ਪੇਸ਼ ਕਰਨੀ ਖੁਸ਼ਵੰਤ ਸਿੰਘ ਦੀ ਹੀ ਮਹਾਰਤ ਹੋ ਸਕਦੀ ਹੈ। ਕਿਤਾਬ ਪੜ੍ਹ ਕੇ ਲੱਗਦਾ ਹੈ ਕਿ ਅਸੀਂ ਭਾਰਤ ਬਾਰੇ ਬਹੁਤ ਕੁਝ ਜਾਣ ਗਏ ਹਾਂ ਜੋ ਪਹਿਲਾਂ ਨਹੀਂ ਜਾਣਦੇ ਸਾਂ।

Forever Learning

ISBN 978-93-5204-249-4

9 789352 042494

www.unistarbooks.com ₹ 200/-